ੴ ਸਤਿ ਗੁਰਪ੍ਰਸਾਦਿ ॥

ਗੁਰਮਤਿ ਵਿਆਖਿਆਨ

ਪ੍ਰਿੰ: ਹਰਿਭਜਨ ਸਿੰਘ

ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ

ਏਸੇ ਕਲਮ ਤੋਂ :

੧. ਸਾਚੀ ਪ੍ਰੀਤਿ (ਗ਼ਜ਼ਲਾਂ ਭਾਈ ਨੰਦ ਲਾਲ ਜੀ), ੨. ਜੈਮਜ਼ ਆਫ਼ ਥਾਟਸ ਫ਼ਰਾਮ ਗੁਰੂ ਨਾਨਕ (ਪੰਜਾਬੀ, ਹਿੰਦੀ, ਅੰਗਰੇਜ਼ੀ), ੩. ਦਸ ਗੁਰ ਰਤਨਾਵਲੀ, ੪. ਵਿਸ਼ੇਸ਼ ਗੁਰਮਤਿ ਲੇਖ, ੫. ਅੰਮ੍ਰਿਤ ਤੇ ਆਤਮਾ, ੬. ਗੁਰਬਾਣੀ ਦੀ ਲੋਅ ਵਿਚ, ੭. ਟੈਗੋਰ ਫ਼ਰਮਾਏ (ਅਨੁਵਾਦ), ੮. ਗੁਰਬਾਣੀ ਸੰਪਾਦਨ ਨਿਰਣੈ, ੯. ਸਿਖੀ ਤੇ ਸਮਾਜਵਾਦ (ਟ੍ਰੈਕਟ), ੧੦. ਗੁਰਮਤਿ ਤੇ ਵਰਣ ਆਸ਼ਰਮ ਧਰਮ (ਟ੍ਰੈਕਟ)।

ਤੀਜੀ ਵਾਰ ਦਸੰਬਰ ੧੯੮੫

ਮੁੱਲ ੨੦-੦੦

ਪ੍ਰਕਾਸ਼ਕ

ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ

ਪ੍ਰਿੰਟਰ

[illegible] ਪ੍ਰਿੰਟਰਜ਼, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ

ਸਮਰਪਣ

ਧੁਰੋਂ ਪਠਾਏ ਅਰਸ਼ੀ ਬਾਬੇ

ਦੀ

ਧੁਰ ਕੀ ਬਾਣੀ ਨੂੰ

ਜਿਸ ਦੀ ਲਗਨ ਦਾ ਸਦਕਾ ਹੀ ਅੱਜ ਤੋਂ ਤੇਈ ਸਾਲ ਪਹਿਲਾਂ

ਮੈਂ ਸ਼ਹੀਦ ਸਿਖ ਮਿਸ਼ਨਰੀ ਕਾਲਜ ਵਿਚ ਬਤੌਰ ਅਧਿਆਪਕ ਸੇਵਾ ਆਰੰਭੀ

ਤੇ

ਜੋ ਮੈਨੂੰ ਮੁੜ ਸ਼੍ਰੋ: ਗੁ: ਪ੍ਰ: ਕਮੇਟੀ ਦੀ ਐਡੀਸ਼ਨਲ ਸਕੱਤਰੀ ਦੀ ਸੇਵਾ ਤੋਂ ਪ੍ਰੇਰ ਕੇ

ਵਰਤਮਾਨ

ਅਤਿ ਉੱਤਮ ਕਾਰੇ ਲਾਉਣ ਦਾ ਕਾਰਨ ਬਣੀ।

—o—

ਹਰਿਭਜਨ ਸਿੰਘ

ਤਤਕਰਾ

ਮੁਖ-ਬੰਧ

ਪ੍ਰੋ: ਦੀਵਾਨ ਸਿੰਘ ਜੀ ਐਮ. ਏ. (ਅੰਗਰੇਜ਼ੀ, ਫ਼ਾਰਸੀ, ਪੰਜਾਬੀ), ਪੀ-ਐਚ. ਡੀ.
ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ

ਇਹ ਪੁਸਤਕ 'ਗੁਰਮਤਿ ਵਿਆਖਿਆਨ' ਪ੍ਰਿੰ: ਹਰਿਭਜਨ ਸਿੰਘ ਦੇ ਧਾਰਮਕ ਲੇਖਾਂ ਦਾ ਸੰਗ੍ਰਹਿ ਹੈ। ਇਸ ਵਿਚ ਗੁਰਮਤਿ ਅਤੇ ਸਿਖ ਧਰਮ ਦੇ ਕਈ ਮਹੱਤਵ-ਪੂਰਨ ਸਿਧਾਂਤਾਂ ਅਤੇ ਉਦੇਸ਼ਾਂ ਦੀ ਬੜੀ ਖੁਲ੍ਹੀ ਚਰਚਾ ਅਤੇ ਭਰਪੂਰ ਵਿਆਖਿਆ ਕੀਤੀ ਗਈ ਹੈ। ਪ੍ਰਿੰਸੀਪਲ ਸਾਹਿਬ ਦੇ ਬੜੇ ਲੰਮੇ ਅਤੇ ਦੀਰਘ ਧਾਰਮਕ ਤਜਰਬੇ ਤੇ ਅਧਿਐਨ ਦਾ ਨਿਚੋੜ ਇਨ੍ਹਾਂ ਲੇਖਾਂ ਵਿਚ ਵਿਦਮਾਨ ਹੈ। ਇਸ ਤਰ੍ਹਾਂ ਇਹ ਪੁਸਤਕ ਸਿਖ ਧਰਮ ਬਾਰੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ ਦੇ ਚਾਹਵਾਨ ਪ੍ਰਾਣੀਆਂ ਲਈ ਇਕ ਅਤਿ ਲਾਭਕਾਰੀ ਸੋਮਾ ਤੇ ਸਾਧਨ ਬਣ ਗਈ ਹੈ।

ਪ੍ਰਿੰਸੀਪਲ ਸਾਹਿਬ ਨਾ-ਕੇਵਲ ਸਿੱਖਾਂ ਦੇ ਸ਼ਰੋਮਣੀ ਧਰਮ-ਪ੍ਰਚਾਰ-ਕੇਂਦਰ "ਸ਼ਹੀਦ ਸਿਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ" ਦੇ ਕਾਫ਼ੀ ਸਮੇਂ ਤੋਂ ਅਧਿਆਪਕ ਅਤੇ ਪ੍ਰਿੰਸੀਪਲ ਦੀ ਉੱਚੀ ਪਦਵੀ ਦੇ ਸਵਾਮੀ ਚਲੇ ਆ ਰਹੇ ਹਨ, ਸਗੋਂ ਸਿੱਖਾਂ ਦੇ ਸਭ ਤੋਂ ਸੁ-ਪ੍ਰਸਿਧ ਤੇ ਸੁਵਕਤਾ (eloquent) ਪ੍ਰਚਾਰਕ (ਮਿਸ਼ਨਰੀ) ਤੇ ਵਿਆਖਿਆਕਾਰ ਮੰਨੇ ਗਏ ਹਨ। ਇਨ੍ਹਾਂ ਲੇਖਾਂ ਵਿਚ ਵੀ ਉਨ੍ਹਾਂ ਦੇ ਅਦੁੱਤੀ ਵਿਆਖਿਆ-ਕਾਰੀ ਗੁਣਾਂ ਅਤੇ ਉੱਤਮ ਭਾਸ਼ਨਕਾਰੀ-ਢੰਗਾਂ ਦੀ ਝਲਕ ਮਿਲ ਜਾਂਦੀ ਹੈ। ਉਨ੍ਹਾਂ ਦੇ ਲਿਖਣ-ਢੰਗ ਦੀ ਵਿਲੱਖਣ ਵਿਸ਼ੇਸ਼ਤਾ ਵੀ ਇਸੇ ਕਾਰਨ ਭਾਸ਼ਨਕਾਰੀ (Daclamatory) ਕਲਾ-ਜੁਗਤੀਆਂ ਨਾਲ ਸਬੰਧਤ ਕੀਤੀ ਜਾ ਸਕਦੀ ਹੈ। ਇਕ ਅਸਲੋਂ ਮੌਲਿਕ ਤੇ ਉਪਯੋਗੀ ਲੇਖ 'ਅਨੰਦ-ਵਿਵਾਹ' ਦਾ ਪਹਿਲਾ ਵਾਕ ਲੇਖਕ ਦੀ ਸੁੰਦਰ ਸ਼ੈਲੀ ਦਾ ਸੂਚਕ ਹੈ :

"ਜਿਵੇਂ ਮਾਲਣ ਫੁੱਲਾਂ ਦਾ ਹਾਰ ਗੁੰਦਣ ਸਮੇਂ ਅਖ਼ੀਰ ਉੱਤੇ ਇਕ ਵੱਡਾ ਸਾਰਾ ਫੁੱਲ ਗੁੰਦਦੀ ਅਤੇ ਉਸ ਨੂੰ ਮੇਰ (ਸ਼ਰੋਮਣੀ) ਫੁੱਲ ਆਖਦੀ ਹੈ, ਤਿਵੇਂ ਹੀ ਮਨੁੱਖ ਦੀ ਜੀਵਨ-ਤੋਰ ਵਿਚ ਜਿਨੀਆਂ ਵੀ ਧਾਰਮਿਕ ਜਾਂ ਸਮਾਜਕ ਰਸਮਾਂ ਆਉਂਦੀਆਂ ਹਨ, ਵਿਆਹ ਦੀ ਰੀਤ ਉਹਨਾਂ ਸਭਨਾਂ

'ਚੋਂ ਉੱਤਮ, ਸੁਭਾਵਕ ਅਤੇ ਸਰੋਮਣੀ ਮੰਨੀ ਗਈ ਹੈ।'

ਲੇਖਕ ਨੇ ਗੁਰਮਤਿ ਦੀ ਵਿਆਖਿਆ ਕਰਦੇ ਹੋਏ ਅੰਨ-ਧਰਮ (ਹਿੰਦੂ ਧਰਮ, ਬੁੱਧ ਧਰਮ, ਇਸਲਾਮ, ਈਸਾਈ ਧਰਮ ਆਦਿ) ਸੰਸਾਰ ਦੇ ਪ੍ਰਮੁੱਖ ਧਰਮਾਂ ਦੇ ਤੁਲਨਾਤਮਕ ਅਧਿਐਨ ਤੇ ਬਹੁ-ਪੱਖੀ ਗਿਆਨ ਦੀ ਬਾ-ਪਰ-ਵਾ ਸਹਾਇਤਾ ਲਈ ਹੈ। ਨਾਲ ਹੀ ਕਾਫ਼ੀ ਮਾਤਰਾ ਵਿਚ ਹੋਰ ਬੋਲੀਆਂ (ਅੰਗਰੇਜ਼ੀ, ਫ਼ਾਰਸੀ, ਉਰਦੂ ਆਦਿ) ਵਿਚੋਂ ਪ੍ਰਮਾਣ ਤੇ ਪੁਸ਼ਟੀ ਵਜੋਂ ਸੰਕੇਤ ਤੇ ਟੂਕਾਂ ਸ਼ਾਮਲ ਕਰ ਕੇ ਇਨ੍ਹਾਂ ਲੇਖਾਂ ਦੀ ਵਿਸ਼ੇਗਤ ਕੀਮਤ ਬਹੁਤ ਵਧਾ ਦਿਤੀ ਹੈ।

ਲੇਖ '੧ਓ ਸਤਿ' ਲੇਖਕ ਦੇ ਮੌਲਿਕ ਚਿੰਤਨ ਅਤੇ ਨਿੱਜੀ ਅਨੁਭਵ ਦੀ ਉਦਾਹਰਣ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਭਾਵੇਂ ਸੰਪਰਦਾਈ ਤੇ ਪਰੰਪਰਾਗਤ ਵਿਚਾਰ '੧ਓ ਸਤਿਨਾਮ' ਪਾਠ-ਕ੍ਰਮ ਦੇ ਹੱਕ ਵਿਚ ਹੈ, ਫਿਰ ਵੀ ਲੇਖਕ ਨੇ ਦਲੇਰੀ ਤੇ ਸਵੈ-ਵਿਸ਼ਵਾਸ ਨਾਲ ਆਪਣਾ ਨਵਾਂ ਮੱਤ ਇਸ ਵਿਸ਼ੇ ਸੰਬੰਧੀ ਪੇਸ਼ ਕੀਤਾ ਹੈ।

ਕੁਝ ਲੇਖ 'ਮਿੱਤਰ', 'ਸੁਆਰਥ' ਆਦਿ ਪੁਸਤਕ ਵਿਚ (ਪ੍ਰਿੰਸੀਪਲ ਸਾਹਿਬ ਸਿੰਘ ਦੇ ਕੁਝ ਧਾਰਮਕ ਲੇਖਾਂ ਤੋਂ ਇਲਾਵਾ ਸਰਵ-ਸਧਾਰਨ ਲੇਖਾਂ ਵਾਂਗ) ਅਜਿਹੇ ਹਨ ਜੋ ਧਾਰਮਕ ਪ੍ਰਸੰਗ ਤੋਂ ਵਖਰੇ ਕਰ ਕੇ ਵੀ ਪੜ੍ਹੇ ਤੇ ਵਿਚਾਰੇ ਜਾ ਸਕਦੇ ਹਨ। ਅਜਿਹੇ ਲੇਖਾਂ ਦੀ ਅੱਜ ਕਲ੍ਹ ਦੇ ਲੌਕਿਕ (Secular) ਰੁਚੀ ਵਾਲੇ ਸਮੇਂ ਵਿਚ ਬੜੀ ਭਾਰੀ ਅਵੱਸ਼ਕਤਾ ਹੈ। ਇਨ੍ਹਾਂ ਲੇਖਾਂ ਤੋਂ ਇਹ ਵੀ ਸਿੱਧ ਹੋ ਜਾਂਦਾ ਹੈ ਕਿ ਲੇਖਕ ਕੇਵਲ ਇਕ ਧਾਰਮਕ ਵਿਦਵਾਨ ਤੇ ਪ੍ਰਚਾਰਕ ਹੀ ਨਹੀਂ ਸਗੋਂ ਨਿਰੋਲ ਸਾਹਿੱਤਕ ਯੋਗਤਾ ਅਤੇ ਰੁਚੀ ਦਾ ਵੀ ਧਾਰਨੀ ਹੈ।

ਮੈਂ ਪ੍ਰਿੰਸੀਪਲ ਸਾਹਿਬ ਨੂੰ ਇਸ ਪੁਸਤਕ ਦੇ ਪ੍ਰਕਾਸ਼ਿਤ ਕਰਨ ਤੇ ਧੰਨਤਾ ਦਾ ਪਾਤਰ ਸਮਝਦਾ ਹਾਂ, ਕਿਉਂਕਿ ਉਨ੍ਹਾਂ ਨੇ ਪੰਜਾਬੀ ਪਾਠਕਾ ਲਈ ਬੜੀ ਨਿੱਗਰ ਤੇ ਸੁਚੱਜੀ ਧਾਰਮਕ-ਸਦਾਚਾਰਕ ਅਗਵਾਈ ਦਾ ਇਕ ਅਮੁੱਲਾ ਭੰਡਾਰਾ ਤੇ ਸੁੰਦਰ ਲੇਖਣੀ ਦਾ ਇਕ ਮਹਿਕਦਾ ਗੁਲਦਸਤਾ ਪ੍ਰਸਤੁਤ ਕਰ ਦਿਤਾ ਹੈ।

ਦੀਵਾਨ ਸਿੰਘ

ਦੋ ਸ਼ਬਦ

(ਪਹਿਲੀ ਐਡੀਸ਼ਨ)

ਗੁਰਸਿੱਖੀ ਅਥਵਾ ਗੁਰਮਤਿ ਮਾਰਗ ਨੂੰ ਸੁਵੈਦ ਸਤਿਗੁਰ ਨਾਨਕ ਦੇਵ ਜੀ ਦਾ ਗਾਡੀ-ਰਾਹ ਕਰਕੇ ਵੀ ਦਰਸਾਇਆ ਗਿਆ ਹੈ ਅਤੇ ਖੰਨਿਓਂ ਤਿੱਖਾ ਤੇ ਵਾਲੋਂ ਨਿੱਕਾ, ਬਿਖਮ ਮਾਰਗ ਕਰਕੇ ਵੀ। ਪੰਥ-ਪਿਆਰਿਆਂ ਤੇ ਸਤਿਵਾਦੀ ਮਰਜੀਵੜਿਆਂ ਦਾ ਹੋਣ ਕਰਕੇ ਇਹ ਬਿਖਮ ਵੀ ਹੈ; ਪਰੰਤੂ ਸਰਲ, ਸਾਦਾ, ਗੈਰ-ਰਸਮੀ ਤੇ ਕਰਮ-ਕਾਂਡ-ਰਹਿਤ ਪ੍ਰੇਮ-ਪੰਧ ਹੋਣ ਕਰਕੇ ਜੀਵਨ-ਮੰਜ਼ਲ ਉਤੇ ਪਹੁੰਚਣ ਦਾ ਸਾਹ-ਰਾਹ ਵੀ। ਇਸ ਭਾਇ-ਭਗਤੀ ਮਾਰਗ ਦੀ ਸਭ ਤੋਂ ਵੱਡੀ ਖੂਬੀ ਇਸ ਦੇ ਇੱਕ ਲੋਕ-ਧਰਮ ਹੋਣ ਵਿਚ ਹੈ।

ਐਸੇ ਸੰਗਤਿ-ਧਰਮ ਦੀ ਵਿਆਖਿਆ ਸਤਿਗੁਰਾਂ ਤੋਂ ਛੁੱਟ ਉਹਨਾਂ ਦੇ ਨਿਕਟ-ਵਰਤੀਆਂ, ਗੁਰਮੁਖਾਂ ਤੇ ਅੱਨ-ਵਿਦਵਾਨ ਵਿਅਕਤੀਆਂ ਵਲੋਂ "ਆਪੁ ਆਪਨੀ ਬੁਧਿ ਹੈ ਜੇਤੀ ॥ ਬਰਨਤ ਭਿੰਨ ਭਿੰਨ ਤੋਹਿ ਤੇਤੀ ॥" ਦੇ ਗੁਰਵਾਕ ਅਨੁਸਾਰ ਹੁੰਦੀ ਆਈ ਹੈ ਅਤੇ ਅਗੇ ਨੂੰ ਹੋਂਦੀ ਰਹੇਗੀ।

'ਗੁਰਮਤਿ ਵਿਆਖਿਆਨ' ਲੇਖ-ਸੰਗ੍ਰਹਿ ਪਾਠਕਾਂ ਦੀ ਸੇਵਾ ਵਿਚ ਭੇਟ ਕਰਨ ਸਮੇਂ ਲੇਖਕ ਆਪਣੇ ਆਪ ਨੂੰ ਉਪਰੋਕਤ ਸ਼ਰੇਣੀਆਂ ਵਿਚੋਂ ਕੋਈ ਇਕ ਹੋਣ ਦਾ ਦਾਅਵੇਦਾਰ ਨਹੀਂ ਸਮਝਦਾ। ਅਜਿਹਾ ਸੋਚਣਾ ਵੀ ਮੇਰੇ ਲਈ 'ਹਉਮੈ-ਭਰਪੂਰ ਢੀਠਤਾ' ਤੁਲ ਹੋਵੇਗਾ।

ਹਾਂ, ਇਹਨਾਂ ਲੇਖਾਂ ਬਾਰੇ ਮੈਂ ਸੁਜਾਨ ਪਾਠਕਾਂ ਤੋਂ ਕੇਵਲ ਇਤਨੀ ਹੀ ਬਿਨੈ ਦੀ ਆਗਿਆ ਮੰਗਦਾ ਹਾਂ ਕਿ ਉਹਨਾਂ ਨੂੰ ਮੇਰੇ ਇਹ ਕੁਛ ਵਿਚਾਰ ਆਮ ਕਰਕੇ ਮੰਤਕੀ ਹੋਣ ਦੀ ਥਾਂ ਵਧੇਰੇ ਕਰਕੇ ਸੋਜ਼-ਭਰਪੂਰ ਤੇ ਦਿਲੀ-ਵੇਦਨਾ ਨਾਲ ਗੁੰਧੇ ਭਾਸਣਗੇ। ਇਹ ਮੇਰੇ ਦਿਲ ਦੀਆਂ ਗਹਿਰਾਈਆਂ ਵਿਚੋਂ, ਗੁਰੂ-ਬਾਣੀ ਦੇ ਓਟ ਆਸਰੇ, ਪੂਰਨ ਸ਼ਰਧਾ, ਸਿਦਕ ਤੇ ਵਿਸ਼ਵਾਸ ਨਾਲ ਭਿੱਜ ਕੇ ਬਾਹਰ ਆਏ ਹਨ, ਅਤੇ ਮੈਨੂੰ ਆਸ ਹੈ ਕਿ

ਸੁਹਿਰਦ ਪਾਠਕ ਜੀ ਦੀ ਆਤਮਾ ਨੂੰ ਵੀ ਅਵੱਸ਼ ਟੁੰਬਣਗੇ ਤੇ ਉਸ ਨੂੰ "ਆਪੇ ਦੀ ਖੋਜ", ਸਵੈ-ਪੜਚੋਲ ਤੇ 'ਗੁਰਮੁਖਿ ਗਾਡੀ-ਰਾਹ' ਦੇ ਪੰਧਾਊ ਬਣਨ ਲਈ ਭਰਪੂਰ ਪ੍ਰੇਰਨਾ ਦੇਣਗੇ।

'ਗੁਰਮਤਿ ਵਿਆਖਿਆਨ' ਵਿਚ ਆਏ ਲੇਖ ਉਹਨਾਂ ਬਹੁਤ ਸਾਰੇ ਲੇਖਾਂ ਦਾ ਇਕ ਭਾਗ ਹੈ, ਜੋ ਸਮੇਂ ਸਮੇਂ 'ਗੁਰਮਤਿ ਪ੍ਰਕਾਸ਼' ਅਥਵਾ ਹੋਰ ਮਾਸਕ ਪੱਤਰਾਂ ਤੇ ਪੱਤ੍ਰਕਾਵਾਂ ਵਿਚ ਛਪਦੇ ਰਹੇ। ਹਕੀਕਤ ਇਹ ਹੈ ਕਿ ਇਹਨਾਂ ਦਾ ਪੁਸਤਕ ਰੂਪ ਵਿਚ ਛਪਣਾ ਵੀ ਸੁਹਿਰਦ ਪਾਠਕਾਂ ਦੀ ਪ੍ਰੇਰਨਾ ਦਾ ਸਦਕਾ ਹੀ ਸੰਭਵ ਹੋ ਸਕਿਆ ਹੈ। ਇਉਂ ਪ੍ਰਾਪਤ ਹੋਏ ਉਤਸ਼ਾਹ ਲਈ ਮੈਂ ਉਨ੍ਹਾਂ ਦਾ ਰਿਣੀ ਹਾਂ ਅਤੇ ਵਿਸ਼ਵਾਸ ਦਿਵਾਉਂਦਾ ਹਾਂ ਕਿ ਗੁਰਮਤਿ-ਲੇਖਾਂ ਦਾ ਦੂਜਾ ਸੰਗ੍ਰਹਿ ਵੀ ਸ਼ੀਘਰ ਹੀ ਉਨ੍ਹਾਂ ਦੀ ਸੇਵਾ ਵਿਚ ਪੁੱਜ ਜਾਵੇਗਾ।


ਅੰਤ ਵਿਚ ਮੈਂ ਪ੍ਰਕਾਸ਼ਕਾਂ—ਸਿੰਘ ਬ੍ਰਦਰਜ਼—ਦਾ ਵੀ ਦਿਲੀ ਧੰਨਵਾਦੀ ਹਾਂ, ਜਿਨ੍ਹਾਂ ਦੇ ਪੁਰਸ਼ਾਰਥ, ਪ੍ਰੇਰਨਾ ਤੇ ਸਹਿਯੋਗ ਦਾ ਸਦਕਾ ਇਹ ਕਾਰਜ ਨੇਪਰੇ ਚੜ੍ਹਨ ਦੀ ਖੁਸ਼ੀ ਮਾਨਣ ਤੇ ਅਕਾਲ ਪੁਰਖ ਦਾ ਧੰਨਵਾਦ ਕਰਨ ਦਾ ਅਵਸਰ ਇਸ ਕੀਟ ਨੂੰ ਪ੍ਰਾਪਤ ਹੋ ਸਕਿਆ।

ਸ੍ਰੀ ਅੰਮ੍ਰਿਤਸਰ — ਹਰਿਭਜਨ ਸਿੰਘ
੧ ਜਨਵਰੀ, ੧੯੭੪
(ਪੋਹ ਸੁਦੀ ਸਪਤਮੀ)

ਦੂਜੀ ਐਡੀਸ਼ਨ—

ਪੁਸਤਕ ਨੂੰ ਆਦਿ ਤੋਂ ਅੰਤ ਤੱਕ ਗਹੁ ਨਾਲ ਪੜ੍ਹਿਆ ਤੇ ਸੋਧਿਆ ਗਿਆ ਹੈ। ਕੁਝ ਲੇਖਾਂ ਵਿਚ ਵਾਧਾ ਵੀ ਹੋਇਆ ਹੈ। ਆਸ ਹੈ ਕਿ ਪਾਠਕ ਜੀ ਲਾਭ ਪ੍ਰਾਪਤ ਕਰਨਗੇ।

੧੬ ਜੁਲਾਈ, ੧੯੭੯ — ਹਰਿਭਜਨ ਸਿੰਘ



ਲੇਖਕ ੧੯੫੨ ਵਿੱਚ

ਤੀਜੀ ਐਡੀਸ਼ਨ

ਐਤਕੀਂ, ਫੇਰ, ਪੁਸਤਕ ਨੂੰ ਡਾਢੇ ਗਹੁ ਤੇ ਪ੍ਰੀਸ਼ਰਮ ਨਾਲ ਵਾਚ ਵੀਚਾਰ ਕੇ ਕਈ ਥਾਈਂ, ਲਾਭਦਾਇਕ ਵਾਧੇ ਕੀਤੇ ਗਏ ਹਨ। "ਰੱਬ ਦੀ ਹੋਂਦ" ਲੇਖ ਸ਼ਾਮਿਲ ਹੋ ਜਾਣ ਨਾਲ ਹੁਣ ਲੇਖਾਂ ਦੀ ਗਿਣਤੀ ੨੪ ਹੋ ਗਈ ਹੈ। ਲੇਖ ਵਾਚਦਿਆਂ, ਮੈਂ ਕਈ ਵੇਰ, "ਰੱਬੀ ਸ਼ੁਕਰਾਨੇ" ਤੇ ਗੁਰੂ-ਕ੍ਰਿਤੱਗਯਤਾ ਦੇ ਮਫ਼ੁੱਟ ਜਜ਼ਬੇ ਹੇਠ ਨੇਤਰ ਸਜੱਲ ਹੋਇਆ ਤੇ "ਆਲਮ ਬੇਖ਼ੁਦੀ" ਵਿੱਚ ਗਵਾਚਾ। ਬਾਰ ਬਾਰ ਇਹੀ ਸੱਧਰ ਅੰਦਰੋਂ ਪ੍ਰਬਲ ਹੋ ਉਠਦੀ ਸੀ ਕਿ ਕਿਵੇਂ ਪਿਆਰੇ ਗੁਰੂ ਨਾਨਕ ਦੀ ਅਜ਼ਮਤ-ਪ੍ਰਗਟਾਊ ਤੇ ਗੁਰਮਤ-ਗਿਆਨ-ਦਖਸ਼ੂ ਮੇਰੀਆਂ ਵੀਚਾਰ ਤੇ ਸਿਦਕ-ਭਿੰਨੀਆਂ ਇਹ ਰਚਨਾਵਾਂ ਦੇਸ਼ ਪ੍ਰਦੇਸ਼ ਦੀਆਂ ਵੱਧ ਤੋਂ ਵੱਧ ਬੋਲੀਆਂ ਵਿਚ ਛਪਣ ਅਤੇ ਧਰਮ-ਭੁੱਖੀਆਂ ਅਸ਼ਾਂਤ ਰੂਹਾਂ ਨੂੰ "ਸਹਜ" ਭਿੱਜੇ ਜੀਵਨ ਦੀ ਰਮਜ਼ ਸਮਝਾਉਣ।

ਮੈਂ ਜੀਵਨ ਦੇ ੭੬ ਉਨ੍ਹਾਲ ਸਿਆਲ ਹੰਢਾ ਚੁੱਕਾ ਹਾਂ। ਪਤਾ ਨਹੀਂ ਪੌਣ ਦਾ ਬੁੱਲਾ ਕਦ ਏਧਰੋਂ ਆਵੇ ਤੇ "ਹਯਾਤਿ ਜਾਵਦਾਂ ਦੀ ਤਜਦੀਦ" ਲਈ, ਓਧਰ ਉਡਾ ਕੇ ਲੈ ਜਾਵੇ, ਪਰ, ਮੈਨੂੰ ਪੂਰਨ ਵਿਸ਼ਵਾਸ ਹੈ ਕਿ ਇਕ ਦਿਨ ਐਸਾ ਅਵੱਸ਼ ਆਵੇਗਾ, ਜਦ ਇਹਨਾਂ ਲਿਖਤਾਂ ਵਿਚ ਸਮੋਏ ਸੱਚ ਨੂੰ, ਜੋ ਕਦੀ ਵੀ ਪੁਰਾਣਾ ਤੇ ਮੈਲਾ ਨਹੀਂ ਹੁੰਦਾ, ਵਿਸ਼ਵ ਭਰ ਦੇ ਹੱਕ-ਪ੍ਰਸਤ ਲੋਕ ਸ਼ੌਕ ਤੇ ਸ਼ਰਧਾ ਨਾਲ ਪੜ੍ਹਨਗੇ ਅਤੇ ਨਿਰੰਕਾਰੀ ਬਾਬੇ ਦੇ ਅਬਦੀ ਗਿਆਨ ਤੋਂ ਫ਼ੈਜ਼ਯਾਬ ਹੋਣਗੇ। ਸੋ, ਇਹ ਫ਼ਰਜ਼ ਤੇ ਪੁੰਨ ਕਰਮ, ਮੈਂ ਵਸੀਅਤ ਦੇ ਰੂਪ ਵਿਚ ਆਪਣੇ ਸਪੁੱਤਰ ਸਤਿਨਾਮ ਸਿੰਘ ਅਤੇ ਮਹਿੰਗੇ ਮੁਲ ਵਿਹਾਝੇ, ਪਿਆਰੇ ਸ਼ਿਸ਼

(ਵਿਦਿਆਰਥੀਆਂ) ਉੱਤੇ ਆਇਦ ਕਰਦਾ ਹਾਂ ਕਿ ਉਹ, ਇਸ "ਗਿਆਨ-ਭੰਡਾਰ" ਨੂੰ ਜੇ ਸੂਰਜ ਨ ਬਣਾ ਸੱਕਣ ਤਾਂ "ਸ਼ਮ੍ਹਾ ਰਾਹ-ਗੁਜ਼ਰ" ਬਣਾਉਣ ਲਈ ਹੀ ਹੰਭਲਾ ਮਾਰਦੇ ਰਹਿਣ।

ਅੰਤ ਵਿਚ। ਮੈਂ ਆਪਣੇ ਸੁਹਿਰਦ ਤੇ ਕਦਰ-ਦਾਨ ਪਾਠਕਾਂ ਦਾ ਦਿਲੋਂ ਵਜੋਂ ਰਿਣੀ ਹਾਂ, ਜਿਨ੍ਹਾਂ ਦੇ ਸਨੇਹ-ਭਰਪੂਰ ਸਹਿਯੋਗ ਤੇ ਅਰਦਾਸ ਦਾ ਸਦਕਾ, ਮੈਂ; ਸਦਾ "ਗੁਰੂ ਦੀ ਗੱਲ" ਖੋ-ਖੋਜ ਕਹਿਣ ਤੇ ਅੰਕਿਤ ਕਰਨ ਲਈ ਉਤਸਾਹਤ ਰਿਹਾ ਹਾਂ।

ਮਿਤੀ ੧੬-੮-੮੫ ਗੁਰੂ-ਚਰਨਨ-ਰੰਜ
੧੧੮੪/੧੮-ਸੀ ਹਰਿਭਜਨ ਸਿੰਘ
ਚੰਡੀਗੜ੍ਹ-੧੬੦੦੧੮

ਗੁਰਿ ਪੂਰੈ ਹਰਿਨਾਮ ਸਿਧਿ ਪਾਈ

ਕੋ

ਵਿਰਲਾ

ਗੁਰਮਤਿ

ਚਲੈ

ਜੀਉ ॥

ਪਵਹੁ ਚਰਣਾ ਤਲਿ ਊਪਰਿ ਆਵਹੁ
ਐਸੀ ਸੇਵ ਕਮਾਵਹੁ ॥
ਆਪਸ ਤੇ ਊਪਰਿ ਸਭ ਜਾਣਹੁ
ਤਉ ਦਰਗਹ ਸੁਖੁ ਪਾਵਹੁ ॥੧॥
ਸੰਤਹੁ ਐਸੀ ਕਥਹੁ ਕਹਾਣੀ ॥
ਸੁਰ ਪਵਿਤ੍ਰ ਨਰ ਦੇਵ ਪਵਿਤ੍ਰਾ
ਖਿਨੁ ਬੋਲਹੁ ਗੁਰਮੁਖਿ ਬਾਣੀ ॥੧॥ਰਹਾਉ॥
ਪਰਪੰਚੁ ਛੋਡਿ ਸਹਜ ਘਰਿ ਬੈਸਹੁ
ਝੂਠਾ ਕਹਹੁ ਨ ਕੋਈ ॥
ਸਤਿਗੁਰ ਮਿਲਹੁ ਨਵੈ ਨਿਧਿ ਪਾਵਹੁ
ਇਨ ਬਿਧਿ ਤਤੁ ਬਿਲੋਈ ॥੨॥
ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ
ਆਤਮੁ ਚੀਨਹੁ ਭਾਈ ॥
ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜਰੁ
ਕਿਸੁ ਸਿਉ ਕਰਹੁ ਬੁਰਾਈ ॥੩॥
ਸਤਿਗੁਰਿ ਮਿਲਿਐ ਮਾਰਗੁ ਮੁਕਤਾ
ਸਹਜੇ ਮਿਲੇ ਸੁਆਮੀ ॥
ਧਨੁ ਧਨੁ ਸੇ ਜਨ
ਜਿਨੀ ਕਲਿ ਮਹਿ ਹਰਿ ਪਾਇਆ
ਜਨ ਨਾਨਕ ਸਦ ਕੁਰਬਾਨੀ ॥੪॥੨॥

ਵਿਸ਼ਵ ਵਿਆਪੀ ਧਰਮ ਸੰਕਟ

ਤੇ

ਗੁਰੂ ਨਾਨਕ-ਨਿਰਮਲ ਪੰਥ

ਸੰਸਾਰਕ ਮਨੁੱਖ, ਆਮ ਕਰਕੇ, ਤਿੰਨਾਂ ਹਾਲਤਾਂ—ਰਜੁ ਗੁਣ, ਤਮੁ ਗੁਣ ਤੇ ਸਤਿ ਗੁਣ—ਵਿਚ ਵਰਤਦਾ ਹੈ। ਗੁੱਸੇ ਤੇ ਹੰਕਾਰ ਆਦਿ ਕਾਰਨ ਮਨੁੱਖ ਜਦ ਅਗਿਆਨੀ ਹੋ, ਹਨੇਰੇ (ਅਗਿਆਨਤਾ) ਵਿਚ ਵਿਚਰਦਾ ਹੈ ਤਾਂ ਉਸ ਵਿਚ ਤਾਮਸ ਗੁਣ ਪ੍ਰਧਾਨ ਹੁੰਦਾ ਹੈ; ਜਦ ਖ਼ਾਹਸ਼ਾਂ ਤੇ ਭੋਗਾਂ ਦੀ ਪ੍ਰਬਲਤਾ ਹੁੰਦੀ ਹੈ ਤਾਂ ਮਨੁੱਖ ਰਜੋ ਗੁਣੀ ਅਖਵਾਉਂਦਾ ਹੈ; ਪਰੰਤੂ, ਜਦ ਉਪਰੋਕਤ ਦੋਹਾਂ ਹਾਲਤਾਂ ਤੋਂ ਉਚੇਰਾ ਵੈਰਾਗਵਾਨ ਹੋ, ਨੇਕੀ ਤੇ ਉਪਕਾਰ ਲਈ ਕਮਰਬਸਤਾ ਹੁੰਦਾ ਹੈ, ਤਾਂ ਉਸ ਵਿਚ ਸਤੋ ਗੁਣ ਦੀ ਪਰਧਾਨਤਾ ਹੁੰਦੀ ਹੈ। ਇਹਨਾਂ ਤਿੰਨਾਂ ਅਵਸਥਾ ਤੋਂ ਉਪਰ ਸਹਿਜ ਅਥਵਾ ਤੁਰੀਆ ਅਵਸਥਾ ਜਾਂ ਪਰਮ ਪਦ ਹੈ। ਇਸ ਅਵਸਥਾ ਨੂੰ ਪਹੁੰਚਿਆ ਮਨੁੱਖ ਬ੍ਰਹਮ ਗਿਆਨੀ ਹੁੰਦਾ ਹੋਇਆ, ਇਕ-ਰਸ, ਅਡੋਲ ਤੇ ਸੰਤੁਲਤ ਜੀਵਨ ਜੀਉਂਦਾ ਹੈ।

'ਜ਼ਿੰਦਗੀ' ਕਸ਼ਮਕਸ਼ ਅਥਵਾ ਸੰਘਰਸ਼ ਦਾ ਦੂਜਾ ਨਾਂ ਹੈ ਤੇ ਇਹ ਸੰਘਰਸ਼ ਹੈ ਮਾਇਆ ਦੇ ਇਹਨਾਂ ਤਿੰਨਾਂ ਗੁਣਾਂ ਉੱਤੇ ਆਸ਼ਰਿਤ। ਭਗਤ ਕਬੀਰ ਜੀ ਨੇ ਰਜੋ, ਤਮੋ ਤੇ ਸਤੋ ਗੁਣਾਂ ਨੂੰ ਕਰਤਾਰ ਦੀ ਮਾਇਆ ਅਥਵਾ ਰਚਨਾ ਕਰਕੇ ਬਿਆਨਿਆ ਹੈ :—

ਰਜ ਗੁਣ, ਤਮ ਗੁਣ, ਸਤਿ ਗੁਣ ਕਹੀਐ, ਇਹ ਤੇਰੀ ਸਭ ਮਾਇਆ ॥

ਕੇਦਾਰਾ ਕਬੀਰ ਜੀ, ਪੰਨਾ ੧੧੨੩

ਵਾਸਤਵ ਵਿਚ ਸੰਸਾਰ ਦੇ ਇਸ ਵਚਿਤਰ ਨਾਟਕ ਦੀ ਇਹ ਖੇਡ ਹੈ ਹੀ ਇਹਨਾਂ ਗੁਣਾਂ ਰੂਪੀ ਪਾਤਰਾਂ, ਅਥਵਾ ਮਾਇਆ ਦੀ ਹੋਂਦ ਕਰਕੇ। ਕਿਸੇ ਇਕ ਗੁਣ ਦਾ ਕਤੱਈ ਗਲਬਾ ਜਾਂ ਅਣਹੋਂਦ ਤਾਂ ਜੀਵਨ-ਖੇਡ ਨੂੰ ਖ਼ਤਮ ਕਰ ਦੇਵੇਗੀ, ਜਾਂ ਬੇ-ਜਾਨ ਤੇ ਬੇ-ਰੱਸ ਬਣਾ ਦੇਵੇਗੀ। ਜਗਤ ਵਿਚ ਜਦ ਸਤੋ ਗੁਣ ਦਾ ਬੋਲਬਾਲਾ ਹੁੰਦਾ ਹੈ ਤਾਂ ਇਸ ਨੂੰ ਸਤਿਜੁਗ ਦਾ ਨਾਂ ਦਿੱਤਾ ਜਾਂਦਾ ਹੈ ਅਤੇ ਜਦ ਲੋਕ ਵਧੇਰੇ ਤਮੋ ਜਾਂ ਰਜੋ ਗੁਣੀ ਹੋ ਜਾਂਦੇ ਹਨ ਤਾਂ ਕਲਜੁਗ ਦਾ। ਇਤਿਹਾਸ ਸ਼ਾਹਿਦ ਹੈ ਕਿ ਨਾ ਤਾਂ ਸਤਿਜੁਗ ਵਿਚ ਰਜੋ ਜਾਂ ਤਮੋ ਗੁਣ ਦਾ ਮਨੁੱਖੀ ਸੁਭਾਵ 'ਚੋਂ ਕਦੀ ਪੂਰਨ ਅਭਾਵ ਹੋ ਸਕਿਆ ਹੈ ਅਤੇ ਨਾ ਹੀ ਕਲਜੁਗ ਵਿਚ ਸਤੋ ਗੁਣ ਦਾ ਅਭਾਵ ਸੰਭਵ ਹੈ।

ਇਥੇ ਇਕ ਗੱਲ ਹੋਰ ਵੀ ਸਪੱਸ਼ਟ ਕਰਨੀ ਉਚਿਤ ਰਹੇਗੀ ਕਿ ਪ੍ਰਚੱਲਤ ਪੌਰਾਣਿਕ ਮਨੌਤ ਦੇ ਐਨ ਵਿਰੁੱਧ, ਗੁਰਮਤਿ ਵਿਚ ਕਿਸੇ ਜੁੱਗ ਦੀ ਆਮਦ ਨਾਲ ਜੀਵਾਂ ਦੇ ਸੁਭਾਵ ਸੁਤੇ ਸਿਧ ਉਸ ਜੁਗ ਦੇ ਅਨੁਕੂਲ ਹੋਣੇ ਨਹੀਂ ਮੰਨੇ ਗਏ।ਹਕੀਕਤ ਇਹ ਹੈ ਕਿ ਜਦ ਜੀਵ ਚੰਗੇ ਜਾਂ ਮੰਦੇ ਸੁਭਾਵ ਅਧੀਨ ਭਲੇ ਜਾਂ ਬੁਰੇ ਕੰਮ ਕਰਦੇ ਹਨ ਤਾਂ ਉਹਨਾਂ ਦੇ ਕਰਮਾਂ ਅਨੁਸਾਰ ਉਸ ਸਮੇਂ ਨੂੰ ਸਤਿਜੁਗ ਜਾਂ ਕਲਜੁਗ ਦੀ ਸੰਗਿਆ ਦਿਤੀ ਜਾਂਦੀ ਹੈ। ਇਸ ਅਤਿ ਅਹਿਮ ਨੁਕਤੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਇਉਂ ਸਪੱਸ਼ਟ ਕਰਨ ਦਾ ਉਪਕਾਰ ਕਰਦੇ ਹਨ :-

ਸੋਈ ਚੰਦੁ, ਚੜਹਿ ਸੇ ਤਾਰੇ, ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ, ਸੋ ਪਉਣੁ ਝੁਲਾਰੇ, ਜੁਗ ਜੀਅ ਖੇਲੇ ਥਾਵ ਕੈਸੇ ॥੧॥
ਜੀਵਨ ਤਲਬ ਨਿਵਾਰਿ ॥
ਹੋਵੈ ਪਰਵਾਣਾ ਕਰਹਿ ਧਿਙਾਣਾ,ਕਲਿ ਲਖਣ ਵੀਚਾਰਿ ॥੧॥ਰਹਾਉ॥
ਕਿਤੈ ਦੇਸਿ ਨ ਆਇਆ ਸੁਣੀਐ, ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ, ਮਹਲ ਉਸਾਰਿ ਨ ਬੈਠਾ ॥੨॥
ਜੇ ਕੋ ਸਤੁ ਕਰੇ ਸੋ ਛੀਜੈ, ਤਪ ਘਰਿ ਤਪੁ ਨ ਹੋਈ ॥
ਜੇ ਕੋ ਨਾਉ ਲਏ ਬਦਨਾਵੀ, ਕਲਿ ਕੇ ਲਖਣ ਏਈ ॥੩॥...

(ਰਾਮਕਲੀ ਮ: ੧, ਪੰਨਾ ੯੦੨)

ਪ੍ਰਭੂ ਵਲੋਂ ਪਠਾਏ ਤੇ ਵਰੋਸਾਏ ਮਹਾਂ ਪੁਰਸ਼ਾਂ ਦਾ ਸਦਾ ਇਹ *ਜਤਨ ਅਵੱਸ਼ ਰਿਹਾ ਹੈ ਕਿ ਸੰਸਾਰ ਵਧ ਤੋਂ ਵਧ ਸਤੋ ਗੁਣੀ ਹੋਵੇ; ਲੋਕ ਸਬਰ, ਸੰਤੋਖ ਦੇ ਧਾਰਨੀ ਹੋਣ, ਹੱਕ ਹਲਾਲ ਦੀ ਕਿਰਤ ਕਰਨ, ਵੰਡ ਕੇ ਛਕਣ ਤੇ ਧਰਮੀ ਹੋਣ।

ਹਾਂ, ਜਿਸ ਧਰਮ ਦੇ ਧਾਰਨੀ ਹੋਣ ਉਤੇ ਆਮ ਕਰਕੇ ਇਤਨਾ ਜ਼ੋਰ ਦਿਤਾ ਜਾਂਦਾ ਹੈ ਉਸ ਦੀ ਵਾਸਤਵਿਕਤਾ ਤੋਂ ਜਾਣੂ ਹੋਣਾ ਭੀ ਜ਼ਰੂਰੀ ਹੈ। ਧਰਮ ਅੰਗ੍ਰੇਜ਼ੀ ਦੇ ਰਿਲੀਜਨ (Religion) ਸ਼ਬਦ ਤੋਂ ਕਿਤੇ ਵਿਸ਼ਾਲ ਖੇਤਰ ਦਾ ਸੂਚਕ ਹੈ। 'ਰਿਲੀਜਨ' ਲਾਤੀਨੀ ਦੇ ਸ਼ਬਦ 'ਰਿਲੀਗਿਓ' (Religio) ਤੋਂ ਬਣਿਆ ਹੈ। ਇਸ ਦੇ ਅਰਥ ਹਨ : 'ਮੁੜ ਕੇ ਰੱਬ ਨਾਲ ਜੋੜਨਾ ਜਾਂ ਜੁੜਨਾ' ਅਥਵਾ ਇਹ ਕੁਝ ਕਰਨ ਦੇ ਸਾਧਨ, ਪਰੰਤੂ, ਧਰਮ ਸੰਸਕ੍ਰਿਤ ਦੇ 'ਧ੍ਰੀ' ਧਾਤੂ ਤੋਂ ਬਣਿਆ ਹੈ ਤੇ ਇਸ ਦੇ ਅਰਥ ਹਨ :—ਜੋ ਸੰਸਾਰ ਨੂੰ ਧਾਰਨ ਕਰਦਾ ਹੈ; ਸ਼ੁਭ ਕਰਮ, ਮਜ਼ਹਬ, ਦੀਨ ਪੁੰਨ, ਰਿਵਾਜ, ਰੀਤ, ਫ਼ਰਜ਼, ਪ੍ਰਕ੍ਰਿਤੀ ਸੁਭਾਵ ਅਤੇ ਤੱਤਾਂ ਦੇ ਸ਼ਬਦ ਸਪੱਰਸ਼, ਗੰਧ ਆਦਿ ਗੁਣ।†

ਵੀਚਾਰਵਾਨਾਂ ਨੇ ਧਰਮ ਦੇ ਦਸ ਮੁੱਖ ਅੰਗ ਇਉਂ ਵੀ ਮੰਨੇ ਹਨ :—

ਧੀਰਜ, ਖਿਮਾ, ਮਨ ਦਾ ਵੱਸ ਕਰਨਾ, ਚੋਰੀ ਦਾ ਤਿਆਗ,

---

* ਦਰ ਦਹਰ, ਮਰਦਾਨਿ ਖ਼ੁਦਾ ਆਮਦ: ਅੰਦ॥
ਬਰ ਗੁਮ ਸ਼ੁਦਗਾਂ, ਰਾਹਨੁਮਾ ਆਮਦ: ਅੰਦ॥
ਗੋਇਆ, ਅਗਰ ਈਂ ਜਾਮਿ ਤੇ, ਮੁਸ਼ਤਾਕਿ ਖ਼ੁਦਾਸਤ,
ਮਰਦਾਨਿ ਖ਼ੁਦਾ, ਖ਼ੁਦਾਨੁਮਾ ਆਮਦ: ਅੰਦ॥
(ਭਾ: ਨੰਦ ਲਾਲ 'ਗੋਯਾ')

(ਭਾਵ—ਦੁਨੀਆ ਵਿਚ ਭੁੱਲੇ ਭਟਕੇ ਮਨੁੱਖਾਂ ਨੂੰ ਸੱਚ ਦਾ ਮਾਰਗ ਦੱਸਣ ਲਈ ਸਦਾ ਰੱਬ-ਰੂਪ ਮਹਾਂਪੁਰਸ਼ ਆਉਂਦੇ ਰਹਿੰਦੇ ਹਨ।)

† ਸੰਸਕ੍ਰਿਤ ਕੋਸ਼ ਵਿੱਚ 'ਧਰਮ' ਪਦ ਦੇ ੧੦੮ ਦੇ ਕਰੀਬ ਅਰਥ ਹਨ।

ਪਵਿੱਤਰਤਾ, ਇੰਦ੍ਰੀਆਂ ਨੂੰ ਕੁਕਰਮਾਂ ਤੋਂ ਰੋਕਣਾ, ਨਿਰਮਲ ਬੁੱਧ, ਵਿਦਿਆ ਦਾ ਅਭਿਆਸ, ਸੱਤਿ ਅਤੇ ਦਸਵਾਂ ਕ੍ਰੋਧ ਦਾ ਤਿਆਗ।

ਮੰਨੂ ਸਿਮ੍ਰਿਤੀ ਅਨੁਸਾਰ ਧਰਮ ਦੇ ਦਸ ਅੰਗ ਹਨ :-

ਧ੍ਰਿਤਿ, ਛਮਾ, ਦਮੋ ਅਸਤੇਯੰ, ਸ਼ੌਚ, ਇੰਦ੍ਰਿਯ, ਨਿਗ੍ਰਹਿ: ॥
ਧੀਰ, ਵਿਦਿਆ, ਸਤਯਮੱਕ੍ਰੋਧੋ, ਦਸਕਮ ਧ੍ਰਮ ਲਕਸ਼ਣਮ ॥
(ਮਨੂ ਅ: ੬, ਸ: ੯੨)

(ਸੰਤੋਖ, ਖਿਮਾ, ਮਨ ਤੇ ਕਾਬੂ ਰਖਣਾ, ਪਵਿੱਤਰਤਾ, ਕੁਝ ਗ੍ਰਹਿਣ ਨਾ ਕਰਨਾ, ਇੰਦ੍ਰੀਆਂ ਦਾ ਕਾਬੂ, ਧੀਰਜ, ਧਰਮ ਵਿਦਿਆ, ਸਚਾਈ, ਕ੍ਰੋਧ ਨ ਕਰਨਾ–ਧਰਮ ਦੇ ਇਹ ਦਸ ਲਛਣ ਹਨ।)

ਸਾਰਕੁਤਾਵਲੀ ਅਨੁਸਾਰ ਇਹ ਅੰਗ ਹਨ :-

ਖਿਮਾ, ਅਹਿੰਸਾ, ਦਯਾ, ਮ੍ਰਿਦੁ, ਸਤ ਬਚਨ, ਤਪ, ਦਾਨ ॥
ਸ਼ੀਲ, ਸੰਤੋਖ, ਤ੍ਰਿਸਨਾ ਬਿਨਾ, ਧਰਮ ਲਿੰਗ ਦਸ ਜਾਨ ॥

ਜੈਮਨੀ ਦਾ ਵੀਚਾਰ ਹੈ ਕਿ ਵੇਦ ਦਾ ਹੁਕਮ ਹੀ ਧਰਮ ਹੈ–

ਨੋਦਨਾ ਲਕਸ਼ਣੋ ਅਰਥੋ ਧਰਮ: (ਪੂਰਬ ਮੀਮਾਂਸਾ ਸੂਤ੍ਰ ੧)

ਜੈਨੀ ਲੋਕ "ਅਹਿੰਸਾ ਪਰਮੋ ਧਰਮਾ" ਸਿਧਾਂਤ ਦੇ ਧਾਰਨੀ ਹਨ, ਜਦ ਕਿ ਮਹਾਤਮਾ ਬੁੱਧ ਅਨੁਸਾਰ ਧਰਮ ਦੇ ਅਸ਼ਟ ਅੰਗ ਇਸ ਪਰਕਾਰ ਹਨ :

ਸਦ ਵਿਸ਼ਵਾਸ, ਸਦ ਵਿਚਾਰ, ਸਦ ਵਾਕ, ਸਤਿ ਕਰਮ,
ਸਦ ਜੀਵਨ,ਸਤ ਪ੍ਰਯਤਨ, ਸਤਚਿੰਤਨ ਅਤੇ ਸਦ ਧਿਆਨ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰਿਆਂ ਧਰਮਾਂ ਵਿਚੋਂ ਸ੍ਰੇਸ਼ਟ ਧਰਮ ਨੂੰ ਇਉਂ ਦਰਸਾਇਆ ਹੈ :-

(ੳ) ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ (ਸੁਖਮਨੀ ਸਾਹਿਬ)
(ਅ) ਸਗਲ ਮਤਾਂਤ, ਕੇਵਲ ਹਰਿ ਨਾਮ ॥* (॥੨੪॥ ਸੁਖਮਨੀ)

---

* ਹਰੀ ਦੇ ਨਾਮ ਵਿਚ ਹੀ ਸਾਰੇ ਮਤ ਮਤਾਂਤਰ ਆ ਜਾਂਦੇ ਹਨ; ਜਿਵੇਂ ਹਾਥੀ ਦੇ ਪੈਰ ਵਿਚ ਸਭ ਪੈਰ।

ਧਰਮ ਦੇ ਉਪਰੋਕਤ ਵਖ ਵਖ ਲਛਣਾਂ ਦੀ ਵੀਚਾਰ, ਹੱਕ ਦੇ ਮੁਤਲਾਸ਼ੀਆਂ ਲਈ, ਇਸ ਤਤ ਨੂੰ ਉਜਾਗਰ ਕਰਦੀ ਹੈ ਕਿ ਧਰਮ ਜੀਵ ਦੀਆਂ ਉਚੇਰੀਆਂ ਬਿਰਤੀਆਂ, ਸ਼ੁਭ ਕਾਮਨਾਵਾਂ ਤੇ ਦੈਵੀ ਸਾਂਝਾਂ ਦਾ ਲਖਾਇਕ ਹੈ। ਅਸਲੀ ਧਰਮ ਕਦਾਚਿਤ ਸੰਪ੍ਰਦਾਇਕ ਨਹੀਂ ਹੋ ਸਕਦਾ, ਅਤੇ ਜੋ ਸੰਪ੍ਰਦਾਇਕਤਾ ਦੇ ਤੰਗ ਦਾਇਰੇ ਵਿਚ ਬੱਝ ਕੇ, ਸਭ ਲਈ ਸਮਾਨ ਅਤੇ ਸਰਬ-ਦੇਸੀ ਤੇ ਸਰਬ-ਕਾਲੀ ਨਹੀਂ ਰਹਿੰਦਾ, ਉਹ ਧਰਮ ਨਹੀਂ। ਹਰੇਕ ਮਜ਼ਹਬ ਦੇ ਉੱਪਰ ਦੱਸੇ ਉਚੇਰੇ ਧਾਰਮਕ ਅੰਗ ਹੀ ਮਨੁੱਖ ਨੂੰ ਉਚੇਰੀ ਸੇਧ ਦੇ ਸਕਦੇ ਹਨ ; ਪਰੰਤੂ ਇਸ ਦੇ ਦੂਸਰੇ ਅੰਗ, ਜਿਨ੍ਹਾਂ ਵਿਚੋਂ ਸ਼ਰ੍ਹਾ, ਰੀਤਾਂ ਰਸਮਾਂ ਤੇ ਬਾਹਰ-ਮੁਖੀ ਕਾਇਦਿਆਂ-ਕਾਨੂੰਨਾਂ ਦਾ ਦਖ਼ਲ ਹੈ, ਆਪਸ ਵਿਚ ਦੀ ਵਖੇਵਾਂ ਪੈਦਾ ਕਰਦੇ ਹਨ। ਸੰਸਾਰ ਵਿਚ ਵਧੇਰੇ ਕਰਕੇ ਝਗੜਾ, ਇਹਨਾਂ ਵਿਤਕਰਿਆਂ ਕਾਰਨ ਹੀ ਵਾਪਰਦਾ ਰਿਹਾ ਹੈ।

ਜਿਹਾ ਕਿ ਇਸ ਲੇਖ ਦੇ ਅਰੰਭ ਵਿਚ ਮੰਨਿਆ ਗਿਆ ਹੈ, ਧਰਮ ਅਥਵਾ ਮਜ਼ਹਬ ਨੂੰ ਥੋੜਾ ਬਹੁਤ ਸੰਕਟ ਤਾਂ ਹਰੇਕ ਯੁਗ ਵਿਚ ਹੀ ਰਿਹਾ ਹੈ, ਪਰੰਤੂ ਜੋ ਸੰਕਟ ਇਸ ਉੱਤੇ ਅੱਜ ਦੇ ਚਤੁਰ ਤੇ ਵਿਗਿਆਨਕ ਜੁੱਗ ਵਿਚ ਵਿਆਪ ਰਿਹਾ ਹੈ, ਇਸ ਦੀ ਉਦਾਹਰਣ ਪਹਿਲਾਂ ਘਟ ਹੀ ਮਿਲਦੀ ਹੈ। ਧਰਮ ਨੂੰ ਵਰਤਮਾਨ ਜੁੱਗ ਦੇ ਵਿਸ਼ੇਸ਼ ਖ਼ਤਰੇ ਹਨ :—

(ੳ) ਵਿਗਿਆਨ ਦੀ ਬ੍ਰਿੱਧੀ।

(ਅ) ਇਲਮ, ਅਕਲ ਤੇ ਤਰਕਵਾਦ ਦੀ ਪ੍ਰਧਾਨਤਾ ਅਤੇ ਸੱਚਾਈ ਦੀ ਖੋਜ ਲਈ ਕੇਵਲ ਯੁਕਤੀ ਤੇ ਦਲੀਲ ਉਤੇ ਆਧਾਰਤ ਪਰਖ-ਪੜਚੋਲ।

(ੲ) ਕਮਿਊਨਿਜ਼ਮ, ਮਾਦਾ ਪ੍ਰਸਤੀ, ਨਾਸਤਕਤਾ।

(ਸ) ਨਸ਼ਿਆਂ ਦੀ ਵਧ ਰਹੀ ਵਰਤੋਂ।

(ਹ) ਅਸਭਯ ਤੇ ਕਾਮ-ਭੜਕਾਊ ਸਾਹਿੱਤ, ਫ਼ੈਸ਼ਨ-ਪ੍ਰਸਤੀ, ਸਟੇਜ ਤੇ ਸਕਰੀਨ।

(ਗ) ਸਬਰ, ਸਿਦਕ ਤੇ ਸ਼ਰਧਾ ਦਾ ਅਭਾਵ ਅਤੇ ਸਵਾਰਥ ਤੇ ਭ੍ਰਿਸ਼ਟਾਚਾਰ ਦੀ ਪਰਧਾਨਤਾ ।

(ਘ) ਧਰਮ ਦੇ ਪਰਦੇ ਹੇਠ ਅਧਰਮ, ਢੌਂਗ ਤੇ ਪਖੰਡ ।

ਆਓ, ਹੁਣ ਉਪਰੋਕਤ ਕਾਰਨਾਂ ਦਾ ਸੰਖੇਪ ਵਿਸ਼ਲੇਸ਼ਣ ਕਰੀਏ ਤੇ ਵੇਖੀਏ ਕਿ ਸਿਖ-ਧਰਮ ਇਸ ਸੰਕਟ ਵਿੱਚ ਕਿਵੇਂ ਸਹਾਈ ਹੋ ਸਕਦਾ ਹੈ :—

(ੳ) ਵਿਗਿਆਨਕ ਖੋਜ ਤੇ ਪ੍ਰਾਪਤੀਆਂ—

ਸਾਇੰਸ ਦੇ ਖੇਤਰ ਵਿਚ, ਬੁੱਧੀ ਨੂੰ ਚਕ੍ਰਿਤ ਕਰਨ ਵਾਲੀ ਜੋ ਉੱਨਤੀ ਅਜੋਕੇ ਯੁੱਗ ਵਿਚ ਹੋਈ ਹੈ, ਉਸ ਨੇ ਜਿਥੇ ਪੁਰਾਣੀਆਂ ਗਲਤ ਮਨੌਤਾਂ, ਵਹਿਮਾਂ ਤੇ ਭਰਮਾਂ ਨੂੰ ਤਾਰ ਤਾਰ ਕਰਨ ਦਾ ਉਪਕਾਰ ਕੀਤਾ ਹੈ, ਉਥੇ ਕਈ ਇੱਕ ਸਦੀਵੀ ਸੱਚਾਈਆਂ ਨੂੰ ਵੀ ਮੰਨਣੋਂ ਇਨਕਾਰ ਕਰਨ ਦੀ ਭੁਲ ਵੀ ਕੀਤੀ ਹੈ । ਹੁਣ, ਮਨੁੱਖ ਹਰ ਵਸਤੂ ਦੇ ਕਾਰਜ ਦਾ ਕਾਰਨ ਲਭ ਲੈਣ ਲਈ ਬੇਸਬਰਾ ਹੈ । ਹੁਣ ਤਕ ਹੋਈ ਸਫਲਤਾ ਲਈ, ਉਹ ਬਜਾ ਤੌਰ ਉਤੇ ਮਾਣ ਨਾਲ ਕਹਿ ਸਕਦਾ ਹੈ ਕਿ :—

ਰਾਜ਼, ਕੁਦਰਤ ਨੇ ਇਨਸਾਂ ਸੇ ਛੁਪਾਏ ਥੇ ਬਹੁਤ,
ਮਗਰ, ਅਹਿਲਿ ਬਸੀਰਤ ਸੇ ਛੁਪਾਏ ਨ ਗਏ ।

[ਭਾਵ—ਕੁਦਰਤ ਨੇ ਮਨੁੱਖ ਤੋਂ ਬਹੁਤ ਭੇਤ ਲੁਕੋ ਰੱਖੇ, ਪ੍ਰੰਤੂ, ਉਹ ਡੂੰਘੀ ਨਜ਼ਰ (ਸੋਚ ਵਿਚਾਰ) ਵਾਲੇ ਲੋਕਾਂ ਪਾਸੋਂ ਲੁਕਾਏ ਨ ਜਾ ਸਕੇ ।]

ਪਰੰਤੂ, ਇਤਨਾ, ਕੁਝ ਜਾਣ ਲੈਣ ਉਪਰੰਤ ਵੀ ਇਸ ਸੱਚਾਈ ਤੋਂ ਵਿਗਿਆਨੀਆਂ ਨੂੰ ਵੀ ਇਨਕਾਰ ਨਹੀਂ ਕਿ ਜਾਣੇ ਗਏ ਨਾਲੋਂ ਅਣਜਾਣਿਆ, ਕਰੋੜਾਂ ਗੁਣਾ ਵੱਧ ਹੈ । ਇਹ ਵੀ ਹਕੀਕਤ ਹੈ ਕਿ ਸਾਇੰਸਦਾਨ ਅਥਵਾ ਹੋਰ ਵਿਦਿਅਕ ਪ੍ਰਣਾਲੀਆਂ ਦੇ ਮਹਾਨ ਖੋਜੀ ਕੁਦਰਤ ਵਿਚ ਵਰਤ ਰਹੇ ਨੇਮਾਂ ਦਾ ਹੀ ਪਤਾ ਲਾ ਰਹੇ ਹਨ, ਆਪਣੇ

ਪਾਸੋਂ ਕੋਈ ਨਵਾਂ ਕਾਨੂੰਨ ਕਾਇਦਾ ਨ ਹੀ ਉਹ ਬਣਾ ਸਕੇ ਹਨ ਅਤੇ ਨ ਹੀ ਬਣਾ ਸਕਣਗੇ। ਕਾਦਰ ਦੀ ਕੁਦਰਤ ਅਕੱਥ ਹੈ ਤੇ ਅਕੱਥ ਹੀ ਰਹੇਗੀ।

ਕਥਨਾ ਕਥੀ ਨ ਆਵੈ ਤੋਟਿ॥
ਕਥਿ ਕਥਿ ਕਥੀ, ਕੋਟੀ ਕੋਟਿ ਕੋਟਿ ॥ (ਜਪੁਜੀ)

ਵਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਥਨ ਹੀ ਅਟੱਲ ਤੇ ਅੰਤਮ ਹੈ। ਇਸ ਸੱਚਾਈ ਨੂੰ ਹੋਰ ਹੱਕ-ਪ੍ਰਸਤ ਲੋਕ ਵੀ ਇਵੇਂ ਹੀ ਮੰਨਦੇ ਹਨ :—

ਹਮ ਨੇ ਯੇ ਜਾਨਾ ਥਾ, ਕਿ ਇਲਮ ਸੇ ਕੁਛ ਜਾਨੇਂਗੇ,
ਜਾਨਾ ਤੋ ਯੇਹ ਜਾਨਾ, ਕਿ ਨਾ ਜਾਨਾ ਕੁਛ ਭੀ।

ਅੱਲਾਮਾ ਇਕਬਾਲ ਅਕਲ (ਗਿਆਨ, ਇਲਮ) ਅਤੇ ਦਿਲ (ਭਾਵੁਕਤਾ, ਪ੍ਰੇਮ, ਜਜ਼ਬਾ) ਦੇ ਸੰਵਾਦ ਸਮੇਂ ਦਿਲ ਤੋਂ ਅਕਲ ਨੂੰ ਇਉਂ ਸੰਬੋਧਨ ਕਰਾਉਂਦਾ ਹੈ :—

ਹੈ ਤੁਝੇ ਵਾਸਤਾ ਮਜ਼ਾਹਰ ਸੇ,
ਔਰ *ਬਾਤਨ ਸੇ ਆਸ਼ਨਾ ਹੂੰ ਮੈਂ।

ਇਲਮ ਤੁਝ ਸੇ, ਤੋ ਮਾਰਫ਼ਤ ਮੁਝ ਸੇ,
ਤੂ †ਖ਼ੁਦਾ-ਜੂ, ਖ਼ੁਦਾ-ਨੁਮਾ ਹੂੰ ਮੈਂ।......
ਇਲਮ ਕੀ ਇੰਤਹਾ ਹੈ ਬੇਤਾਬੀ,
ਇਸ ਮਰਜ਼ ਕੀ ਮਗਰ ਦੁਆ ਹੂੰ ਮੈਂ।

ਜਦ ਪਹਿਲੇ ਪਹਿਲ ਵਿਗਿਆਨ ਦਾ ਜ਼ੋਰ ਸ਼ੁਰੂ ਹੋਇਆ ਤਾਂ ਵਿਗਿਆਨੀਆਂ ਵਲੋਂ ਬੇ-ਅਰਥ ਤੇ ਕਲਪਤ ਧਰਮ-ਵਿਸ਼ਵਾਸ ਕਾਰਨ, ਰੱਬ ਦੀ ਹੋਂਦ ਤੋਂ ਇਨਕਾਰ ਦਾ ਦੌਰ ਵੀ ਨਾਲ ਹੀ ਅਰੰਭ ਹੋ ਗਿਆ। ਉਹਨਾਂ ਨੂੰ ਇਹ ਗੁਮਾਨ ਹੋ ਗਿਆ ਕਿ ਉਹ ਤਜਰਬੇ ਨਾਲ ਹਰੇਕ ਕਾਰਜ ਦਾ ਕਾਰਣ ਲੱਭਣ ਦੇ ਸਮਰੱਥ ਹੋ ਗਏ ਹਨ ਅਤੇ ਜੋ ਸਿਧਾਂਤ

---

* ਛੁਪਿਆ ਹੋਇਆ, ਸੂਖਮ।

† ਖ਼ੁਦਾ ਨੂੰ ਢੂੰਡਣ ਵਾਲੀ।

ਉਹਨਾਂ ਦੀ ਖੋਜ ਤੇ ਪ੍ਰਯੋਗ ਉੱਤੇ ਪੂਰਾ ਨਹੀਂ ਉੱਤਰਦਾ, ਉਹ ਨਿਰਮੂਲ ਹੈ, ਇਕ ਵਹਿਮ ਹੈ; ਪ੍ਰੰਤੂ, ਜਦ ਉਹਨਾਂ ਦੀ ਅੱਜ ਦੀ ਖੋਜ, ਕਲ੍ਹ ਦੀ ਖੋਜ ਦੇ ਆਧਾਰ ਉੱਤੇ ਕੱਢੇ ਸਿੱਟਿਆਂ ਦਾ ਆਪ ਹੀ ਖੰਡਨ ਕਰਨ ਲੱਗੀ ਅਤੇ ਨਿੱਤ ਦੀਆਂ ਨਵੀਆਂ ਲਭਤਾਂ ਨੇ ਇਹ ਸਿੱਧ ਕਰ ਦਿੱਤਾ ਕਿ ਖੋਜੇ ਜਾਣ ਵਾਲੇ ਸਿਧਾਂਤਾਂ, ਰਚਨਾ ਤੇ ਉਸ ਦੇ ਗਿਆਨ ਦਾ ਕੋਈ ਅੰਤ ਨਹੀਂ ਤਾਂ ਉਹਨਾਂ ਦੇ ਮਾਦਾ-ਪ੍ਰਸਤੀ ਤੇ ਨਾਸਤਕਤਾ ਵਲੋਂ ਫਿਰ ਆਸਤਕਤਾ ਵਲ ਮੋੜਾ ਪਾਇਆ। ਅੱਜ ਵਿਗਿਆਨੀ ਇਸ ਸਿੱਟੇ ਉੱਤੇ ਪੁੱਜੇ ਹਨ ਕਿ ਅਸਲੀ ਧਰਮ ਤੇ ਸਾਇੰਸ ਇਕ ਦੂਜੇ ਦੇ ਵਿਰੋਧੀ ਨਹੀਂ, ਸਗੋਂ ਸਹਾਇਕ ਹਨ। ਅਜਿਹੇ ਆਸਤਕ ਵਿਗਿਆਨੀਆਂ ਦੀ ਲਿਸਟ ਵਿੱਚ ਸਰ ਆਲਿਵਰ ਲਾਜ, ਸਰ ਵਿਲੀਅਮ ਟਾਮਸਨ, ਐਲਬਰਟ ਆਈਨਸਟਨ, ਲਾਰਡ ਕੈਲਵਿਨ, ਲਾਰਡ ਏਵਬਰੀ ਦੇ ਨਾਮ ਵਿਸ਼ੇਸ਼ ਤੌਰ ਤੇ ਵਰਨਣ ਯੋਗ ਹਨ।

ਹੁਣ ਤਾਂ ਸਾਇੰਸਦਾਨਾਂ ਨੇ ਵੀ ਸੰਨ ੧੯੮੪ ਵਿਚ ਹੋਈ ਵਿਸ਼ਵ ਸਾਇੰਸ-ਕਾਂਗਰਸ ਵਿਚ ਟੈਲੀਪੈਥੀ (ਦਿਲ ਦੀ ਸਾਇੰਸ) ਨੂੰ ਵੀ ਬਾਕਾਇਦਾ ਇਕ ਸਾਇੰਸ ਮੰਨ ਲਿਆ ਹੈ। ਸਿਖ ਸਤਿਗੁਰੂ ਸਦੀਆਂ ਪਹਿਲਾਂ, ਗੁਰਬਾਣੀ ਵਿੱਚ, ਨ-ਕੇਵਲ ਹੋਰ ਅਨੇਕ ਧਰਤੀਆਂ ਦਾ ਹੀ ਜ਼ਿਕਰ ਕਰਦੇ ਹਨ, ਸਗੋਂ ਕਰੋੜਾਂ ਸੂਰਜਾਂ ਤੇ ਖੰਡਾਂ ਬ੍ਰਹਿਮੰਡਾਂ ਆਦਿ ਦਾ ਵੀ। ਇਹੋ ਕਾਰਨ ਹੈ ਕਿ ਸਿੱਖ ਮਤ ਨੂੰ ਹੱਕੀ ਤੌਰ ਉਤੇ ਸਾਇੰਸ ਤੇ ਸਪੇਸ ਯੁਗ ਦਾ ਧਰਮ ਮੰਨਿਆ ਗਿਆ ਹੈ। ਸਿਖੀ ਵਿਚ ਵਹਿਮ, ਭਰਮ, ਜੰਤਰਾਂ ਮੰਤਰਾਂ ਤੇ ਅੰਧ-ਵਿਸ਼ਵਾਸ ਦੀ ਕੋਈ ਥਾਂ ਨਹੀਂ। ਇਹ ਇੱਕ ਵਿਚਾਰ-ਸ਼ੀਲ ਮੱਤ ਹੈ।

(ਅ) ਤਰਕਵਾਦ, ਯੁਕਤੀ ਤੇ ਪਰਖ-ਪੜਚੋਲ—

ਕਿਸੇ ਗੱਲ ਨੂੰ ਸਿੱਧ ਕਰਨ ਲਈ ਵੀਚਾਰਵਾਨਾਂ ਨੇ ਅੱਠਾਂ ਵਿਚੋਂ ਇਹ ਚਾਰ ਪ੍ਰਕਾਰ ਦੇ ਪ੍ਰਮਾਣ ਵਿਸ਼ੇਸ਼ ਮੰਨੇ ਹਨ: ਪ੍ਰਤੱਖਸ਼ ਪ੍ਰਮਾਣ, ਅਨੁਮਾਨ ਪ੍ਰਮਾਣ, ਉਪਮਾ ਪ੍ਰਮਾਣ ਤੇ ਸ਼ਬਦ ਪ੍ਰਮਾਣ। ਗੁਰਮਤਿ,

ਜਗਿਆਸਾ-ਭਰਪੂਰ-ਖੋਜ, ਦਲੀਲ ਤੇ ਪਰਖ ਦੀ ਹਾਮੀ ਹੈ। ਪ੍ਰੰਤੂ, ਸਾਡੀ ਗਿਆਨ-ਸਮਰੱਥਾ, ਪ੍ਰਭੂ ਦੀ ਬੇਅੰਤਤਾ ਦੇ ਸਾਹਮਣੇ, ਅਤਿ ਨਿਗੂਣੀ ਤੇ ਹੇਚ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਸਤਕਵਾਦ, ਵਧੇਰੇ ਕਰਕੇ, ਪ੍ਰਭੂ ਦੀ ਬੇਅੰਤਤਾ ਦੇ ਵਿਸਮਾਦ ਵਿਚ ਗੁਆਚ ਜਾਣ ਉੱਤੇ ਆਧਾਰਤ ਹੈ। ਇਸ ਬੇਅੰਤਤਾ ਬਾਰੇ ਵੰਨਗੀ ਵਜੋਂ ਆਪਣੇ ਸੂਰਜ-ਮੰਡਲ ਤੇ ਬ੍ਰਹਿਮੰਡ ਦੀ ਗੱਲ ਹੀ ਲੈ ਲਵੋ। ਸਾਡਾ ਸੂਰਜ ਕਰੋੜਾਂ ਤਾਰਿਆਂ (ਸੂਰਜਾਂ) ਦੇ ਜਮਘਟੇ, ਜਿਸ ਨੂੰ ਅਸੀਂ ਰੱਬ ਦਾ ਪਹਿਆ (The Milky way, the galaxy of stars) ਕਰਕੇ ਆਖਦੇ ਹਾਂ, ਦੇ ਸਿਰੇ ਤੇ ਇਕ ਨਿੱਕਾ ਜਿਹਾ ਤਾਰਾ ਹੈ। ਇਕ ਲਖ ਛਿਆਸੀ ਹਜ਼ਾਰ ਦੋ ਸੌ ਇੱਕਾਸੀ ਮੀਲ ਪ੍ਰਤਿ ਸੈਕਿੰਡ ਦੀ ਰਫ਼ਤਾਰ ਨਾਲ ਇਸ ਦੀ ਰੋਸ਼ਨੀ ਅੱਠਾਂ ਮਿੰਟਾਂ ਵਿਚ ਧਰਤੀ ਤਕ ਪਹੁੰਚਦੀ ਹੈ। ਸੂਰਜ-ਮੰਡਲ ਵਿਚ ਵਡੇ ਨੌਂ ਸੱਯਾਰੇ (ਗ੍ਰਹਿ) ਤੇ ਇਕ ਹਜ਼ਾਰ ਦੇ ਕਰੀਬ ਛੋਟੇ ਗ੍ਰਹਿ ਹਨ। ਜੂਪੀਟਰ, ਜੋ ਸੂਰਜ ਤੋਂ ਦੂਰੀ ਦੇ ਹਿਸਾਬ ਨਾਲ ਪੰਜਵੇਂ ਥਾਂ ਹੈ, ਸਾਡੀ ਧਰਤੀ ਨਾਲੋਂ ੧੩੦੦ ਗੁਣਾ ਵੱਡਾ ਹੈ। ਸੂਰਜ-ਮੰਡਲ ਦੇ ਬਾਕੀ ਸਾਰੇ ਗ੍ਰਹਿਆਂ ਦਾ ਆਕਾਰ ਮਿਲ ਕੇ ੦.੧੩ ਬਣਦਾ ਹੈ, ਜਦ ਕਿ ਇਕੱਲੇ ਸੂਰਜ ਦਾ ੯੯.੮੭। ਇਹ ਗ੍ਰਹਿ, ਸੂਰਜ ਦੀ ਖਿੱਚ ਤੇ ਆਪਣੀ ਰਫ਼ਤਾਰ ਦੇ ਕਾਰਨ ਆਪਣੀ ਆਪਣੀ ਥਾਂ ਬੱਝੇ ਫਿਰ ਰਹੇ ਹਨ। ਜਿਤਨਾ ਕੋਈ ਗ੍ਰਹਿ ਸੂਰਜ ਦੇ ਨੇੜੇ ਹੈ ਉਤਨਾ ਹੀ ਉਹ ਤੇਜ਼ੀ ਨਾਲ ਘੁੰਮ ਰਿਹਾ ਹੈ। ਸਭ ਤੋਂ ਨੇੜੇ ਦਾ ਗ੍ਰਹਿ ਮਰਕਰੀ, ਜੋ ਤਿੰਨ ਕ੍ਰੋੜ ੬੦ ਲੱਖ ਮੀਲ ਦੀ ਦੂਰੀ ਉਤੇ ਘੁੰਮ ਰਿਹਾ ਹੈ, ੩੦ ਮੀਲ ਫ਼ੀ ਸੈਕਿੰਡ ਦੀ ਰਫ਼ਤਾਰ ਨਾਲ, ੮੮ ਦਿਨਾਂ ਵਿਚ ਸੂਰਜ ਦੇ ਦੁਆਲੇ ਦਾ ਚੱਕਰ ਸੰਪੂਰਨ ਕਰਦਾ ਹੈ। ਪਰੰਤੂ, ਧਰਤੀ, ਜੋ ਸੂਰਜ ਤੋਂ ਤੀਜੇ ਨੰਬਰ ਉਤੇ ੯ ਕਰੋੜ ੩੦ ਲੱਖ ਮੀਲ ਦੇ ਫ਼ਾਸਲੇ ਉਤੇ ਹੈ, ੧੮.੫ ਮੀਲ ਫ਼ੀ ਸੈਕਿੰਡ ਦੀ ਚਾਲ ਨਾਲ ੩੬੫ ਕੁ ਦਿਨਾਂ ਵਿਚ ਸੂਰਜ ਦੁਆਲੇ ਇੱਕ ਚੱਕਰ ਪੂਰਾ ਕਰਦੀ ਹੈ। ਪਲੂਟੋ, ਜੋ ਸਭ ਤੋਂ ਦੂਰ ਹੈ, ਕੇਵਲ ਤਿੰਨ ਮੀਲ ਫ਼ੀ ਸੈਕਿੰਡ ਦੀ ਚਾਲ ਨਾਲ ੨੪੮ ਸਾਲ ਵਿਚ ਸੂਰਜ ਦੇ ਗਿਰਦ ਇੱਕ ਚੱਕਰ ਸੰਪੂਰਨ ਕਰਦਾ ਹੈ। ਸੂਰਜ ਫ਼ੀ ਸੈਕਿੰਡ

੪੦ ਲੱਖ ਟੱਨ ਘਟਦਾ ਹੈ। ਪਰੰਤੂ ਘਾਟੇ ਦੇ ਇਸ ਰੇਟ ਅਨੁਸਾਰ ਵੀ ਸੂਰਜ ਅੱਠ ਅਰਬ ਸਾਲ ਤੱਕ ਤੁਰਿਆ ਰਹੇਗਾ। ਦੱਖਣ ਖੰਡ ਵਿਚ, ਜੋ ਧਰਤੀ ਤੋਂ ਨੇੜੇ ਦਾ ਸੂਰਜ, ਪ੍ਰੌਕਸੀਮਾ ਸੈਂਟੌਰੀ ਹੈ, ਉਸ ਦੀ ਰੋਸ਼ਨੀ ਨੂੰ ਧਰਤੀ ਤਕ ਪੁਜਦਿਆਂ ੪.੩੪ ਰੋਸ਼ਨੀ, ਸਾਲ ਲਗਦੇ ਹਨ, ਕਿਉਂਕਿ ਉਹ ਧਰਤੀ ਤੋਂ ੩ ਅਰਬ ਮੀਲ ਤੋਂ ਵਧ ਦੀ ਦੂਰੀ ਉਤੇ ਹੈ। ਜਿਸ ਬ੍ਰਹਿਮੰਡ ਦਾ ਇਕ ਨਿੱਕਾ ਜਿਹਾ ਹਿੱਸਾ ਸਾਡਾ ਸੂਰਜ-ਮੰਡਲ ਹੈ, ਉਸ ਵਿਚ ਇਕ ਅਰਬ ਦੇ ਕਰੀਬ ਹੋਰ ਸੂਰਜ-ਮੰਡਲ ਹਨ ਅਤੇ ਅਜਿਹੇ ਅਰਬਾਂ ਹੀ ਬ੍ਰਹਿਮੰਡ ਮਨੁੱਖ ਦੇ ਖੋਜ-ਖੇਤਰ ਵਿਚ ਆ ਚੁਕੇ ਹਨ। ਇੱਕ ਬ੍ਰਹਿਮੰਡ ਦਾ ਆਕਾਰ ਏਨਾ ਵੱਡਾ ਹੈ ਕਿ ਜੇ ਸੂਰਜ ਦੀ ਰੋਸ਼ਨੀ ਇਕ ਸਿਰੇ ਤੋਂ ਦੂਜੇ ਸਿਰੇ ਤਕ ਜਾਵੇ ਤਾਂ ਇਸ ਨੂੰ, ੯੦,੦੦੦ (ਨੱਬੇ ਹਜ਼ਾਰ) ਰੋਸ਼ਨੀ ਸਾਲਾਂ ਦਾ ਸਮਾਂ ਲਗੇਗਾ।

ਕੇਵਲ ਅਕਾਸ਼-ਮੰਡਲ ਦੀ ਨਿਤ ਦੀ ਨਵੀਂ ਖੋਜ ਤੇ ਲਭਤ ਦਾ ਇਹ ਹਾਲ ਹੈ ਕਿ ਕੁਝ ਸਮਾਂ ਪਹਿਲਾਂ ਸੂਰਜਾਂ ਦਾ ਇੱਕ ਨਵਾਂ ਜਮਘਟਾ ਲਭਿਆ ਗਿਆ ਸੀ, ਜਿਸ ਦੀ ਰੋਸ਼ਨੀ ਸਾਡੀ ਧਰਤੀ ਤੱਕ ਪੁਜਦਿਆਂ ਪੰਜ ਅਰਬ ਰੋਸ਼ਨੀ-ਸਾਲ ਲਗਦੇ ਹਨ। ਪ੍ਰੰਤੂ, ਹੁਣੇ ਹੁਣੇ ਅਮ੍ਰੀਕਾ ਨੇ ਇਕ ਹੋਰ ਐਸੀ Galaxy of Stars (ਸੂਰਜਾਂ ਦਾ ਜਮਘਟਾ) ਲਭਿਆ ਹੈ, ਜਿਸ ਦੀ ਰੋਸ਼ਨੀ ਏਥੇ ਅੱਠ ਅਰਬ ਰੋਸ਼ਨੀ-ਸਾਲਾਂ ਵਿਚ ਪਹੁੰਚੇਗੀ।

ਕੌਣ ਜਾਣ ਸਕਦਾ ਹੈ ਕਿ ਕਲ੍ਹ ਦੀ ਖੋਜ ਸਾਨੂੰ ਕਿੱਥੇ ਲੈ ਜਾਵੇ!

ਹੁਣ ਵੇਖੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਸਤਿਗੁਰਾਂ ਦੇ ਇਹ ਬਚਨ (ਸ਼ਬਦ) ਕਿਤਨੇ ਯਥਾਰਥ ਤੇ ਸਾਇੰਸ ਦੀ ਲਭਤ ਨਾਲ ਮੇਲ ਖਾਂਦੇ ਹਨ :—

(ੳ) ਧਰਤੀ ਹੋਰੁ ਪਰੈ ਹੋਰੁ ਹੋਰੁ ॥ (ਜਪੁਜੀ)

(ਅ) ਕੇਤੇ ਇੰਦ, ਚੰਦ, ਸੂਰ ਕੇਤੇ, ਕੇਤੇ ਮੰਡਲ ਦੇਸ ॥ (ਜਪੁਜੀ)

(ੲ) ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ,
ਸਰਬ ਜੀਆ ਕਾ ਦਾਤਾ ਰੇ ॥ (ਸੋਰਠਿ ਮ: ੫, ਪੰ: ੬੧੨)

(ਹ) ਥਿਤਿ ਵਾਰੁ ਨਾ ਜੋਗੀ ਜਾਣੈ, ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ,ਆਪੇ ਜਾਣੈ ਸੋਈ॥੨੧॥(ਜਪੁਜੀ)

ਗੁਰਦੇਵ, ਸਿਖ ਨੂੰ, ਇਸ ਗੱਲ ਤੋਂ ਵੀ ਸਾਵਧਾਨ ਕਰਦੇ ਹਨ ਕਿ ਉਹ ਪ੍ਰਭੂ-ਵਿਸ਼ਵਾਸ ਅਥਵਾ ਨਾਮ ਰੂਪੀ ਵੱਖਰ ਖ਼ਰੀਦਣ ਤੋਂ ਪਹਿਲਾਂ, ਪੂਰੀ ਪੂਰੀ ਪਰਖ ਪੜਚੋਲ ਕਰੇ । ਫ਼ੁਰਮਾਨ ਹੈ :—

ਸੁਣਿ ਮੁੰਧੇ ਹਰਣਾਖੀਏ, ਗੂੜਾ ਵੈਣੁ ਅਪਾਰੁ ॥
ਪਹਿਲਾ ਵਸਤੁ ਸਿਞਾਣਿ ਕੈ, ਤਾਂ ਕੀਚੈ ਵਾਪਾਰੁ ॥੨॥
(ਮ: ੧, ਪੰਨਾ ੧੪੧੦)

ਹੋਰ ਫ਼ੁਰਮਾਨ ਹੈ :—
ਅਕਲੀ ਸਾਹਿਬੁ ਸੇਵੀਐ, ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ, ਅਕਲੀ ਕੀਚੈ ਦਾਨੁ ॥੧॥(੨੦)
(ਸਾਰੰਗ ਵਾਰ ਮ: ੧, ਪੰਨਾ ੧੨੪੫)

ਤਥਾ—"ਵਿਦਿਆ ਵੀਚਾਰੀ, ਤਾਂ ਪਰਉਪਕਾਰੀ ॥"

ਹਾਂ ਜੀ, ਗੁਰਦੇਵ ਕੇਵਲ ਉਸ ਗਿਆਨ, ਦਲੀਲ ਤੇ ਵਿਦਿਆ ਦੇ ਹੀ ਹਾਮੀ ਹਨ ਜੋ ਮਨੁੱਖ ਨੂੰ ਨਿਰਮਲ ਅਥਵਾ ਬਿਬੇਕ ਬੁੱਧੀ ਬਖਸ਼ੇ ਅਤੇ ਹਉਮੈ, ਲਬ, ਲੋਭ ਤੇ ਬੇ-ਸਿਦਕੀ ਤੋਂ ਬਚਾਵੇ; ਨਹੀਂ ਤਾਂ "ਪੜਿਆ ਮੂਰਖੁ ਆਖੀਐ, ਜਿਸੁ ਲਬੁ ਲੋਭੁ ਅਹੰਕਾਰਾ" ਵਾਲੀ ਗੱਲ ਹੋਵੇਗੀ। ਉਪਨਿਸ਼ਦਾਂ ਅਨੁਸਾਰ, ਈਸ਼ਵਰ ਨੂੰ ਦਲੀਲ ਨਾਲ ਸਿਧ ਨਹੀਂ ਕੀਤਾ ਜਾ ਸਕਦਾ—ਈਸ਼ਵਰਾਸਿੱਧੇ । ਨਿਰਗੁਣ ਸਰੂਪ ਵਿਚ ਉਸ ਦਾ ਕੋਈ ਚਕਰ ਚਿਹਨ, ਰੇਖ ਭੇਖ ਨ ਹੋਣ ਕਰਕੇ ਉਹ ਇਹਨਾਂ ਅੱਖਾਂ ਨਾਲ ਵੇਖ ਸਕਣਾ ਵੀ ਸੰਭਵ ਨਹੀਂ । ਹਾਂ, ਕੁਦਰਤ ਦੇ ਬਚਿਤ੍ਰ ਚਿੱਤਰ ਦੇ ਇਸ ਚਿਤੇਰੇ (ਹਰੀ) ਨੂੰ ਕੇਵਲ ਅੰਦਰੂਨੀ ਅੱਖਾਂ ਨਾਲ ਹੀ ਮਹਿਸੂਸਿਆ ਤੇ ਮਾਣਿਆ ਜਾ ਸਕਦਾ ਹੈ । ਉਹਨਾਂ ਅੱਖਾਂ ਦਾ ਜ਼ਿਕਰ ਕਰਦੇ ਹੋਏ ਗੁਰਦੇਵ ਫ਼ੁਰਮਾਉਂਦੇ ਹਨ :

ਨਾਨਕ ਸੇ ਅਖੜੀਆਂ ਬਿਅੰਨਿ, ਜਿਨੀ ਡਿਸੰਦੋ ਮਾ ਪਿਰੀ ॥(੧੧੦੦)
ਤਥਾ—ਅਖੀਂ ਬਾਝਹੁ ਵੇਖਣਾ, ਵਿਣੁ ਕੰਨਾ ਸੁਨਣਾ ॥

ਭਾਈ ਨੰਦ ਲਾਲ ਜੀ ਗੋਯਾ ਇਸੇ ਹਕੀਕਤ ਦਾ ਪ੍ਰਗਟਾ ਇਉਂ ਕਰਦੇ ਹਨ :

ਗੋਯਾ, ਗਰ ਆਂ ਜਮਾਲ, ਦੀਦਨ ਦਾਰੀ।
ਅਜ਼ ਖ਼ੁਦ, ਹਵਸਿ ਮੈਲ, ਰਮੀਦਨ ਦਾਰੀ।
ਅਜ਼ੀਂ ਦੀਦ: ਮਬੀਂ ਕਿ ਹਜਾਬਸਤ ਤੁਰਾ।
ਬੇ ਦੀਦ: ਬਬੀਂ, ਹਰ ਆਂਚਿ: ਦੀਦਨ ਦਾਰੀ।

(ਭਾਵ : ਹੇ ਗੋਇਆ, ਜੇ ਤੂੰ ਪ੍ਰਭੂ ਦਾ ਜਲਵਾ ਵੇਖਣ ਦੀ ਚਾਹ ਰਖਦਾ ਹੈਂ ਤਾਂ ਆਪਣੇ ਆਪ ਤੋਂ ਖ਼ਾਹਸ਼ਾਂ ਦੇ ਸਮੂਹ ਨੂੰ ਦੌੜਦਾ ਕਰ, ਭਾਵ ਦੂਰ ਭਜਾ ਦੇ। ਇਨ੍ਹਾਂ ਅੱਖਾਂ ਨਾਲ ਨਾ ਵੇਖ, ਇਹ ਤਾਂ ਤੇਰੇ ਤੇ ਪ੍ਰਭੂ ਵਿਚਕਾਰ ਪਰਦਾ ਹਨ। ਤੂੰ ਉਸ ਨੂੰ ਬਿਨਾਂ ਅੱਖਾਂ ਦੇ ਵੇਖ, ਜਿਸ ਨੂੰ ਕਿ ਤੂੰ ਵੇਖਣ ਦੀ ਤਮੰਨਾ ਰਖਦਾ ਹੈਂ।)

ਇਸ ਨੁਕਤੇ ਦੀ ਹੋਰ ਪੁਸ਼ਟੀ ਲਈ ਡਾਕਟਰ ਇਕਬਾਲ ਦੇ ਨਜ਼ਰੀਏ ਨੂੰ ਵੀ ਇਥੇ ਬਿਆਨ ਕਰਨਾ ਵਾਜਬ ਰਹੇਗਾ :

ਜ਼ਾਹਰ ਕੀ ਆਂਖ ਸੇ ਨ ਤਮਾਸ਼ਾ ਕਰੇ ਕੋਈ,
ਹੋ ਦੇਖਨਾ, ਤੋ *ਦੀਦਾਇ ਦਿਲ, †ਵਾ ਕਰੇ ਕੋਈ।
ਹੈ ਦੀਦ ਕਾ ਜੋ ਸ਼ੌਕ, ਤੋ ਆਂਖੇਂ ਕੋ ਬੰਦ ਕਰ,
ਹੈ ਦੇਖਨਾ ਯਹੀ, ਕਿ ਨਾ ਦੇਖਾ ਕਰੇ ਕੋਈ।

ਸੋ, ਪ੍ਰਮਾਤਮਾ ਅਰੂਪ, ਅਗੰਮ, ਅਗੋਚਰ, ਲਾ-ਸ਼ਰੀਕ ਤੇ ਅਦੁੱਤੀ ਹੋਣ ਕਰਕੇ ਪਰਤੱਖ ਪ੍ਰਮਾਣ, ਉਪਮਾ ਪ੍ਰਮਾਣ, ਜਾਂ ਅਨੁਮਾਨ ਪ੍ਰਮਾਣ ਨਾਲ ਸਿਧ ਨਹੀਂ ਹੋ ਸਕਦਾ। ਉਸ ਦੀ ਹੋਂਦ ਕੇਵਲ ਸ਼ਬਦ ਪ੍ਰਮਾਣ ਦੁਆਰਾ ਹੀ ਸਿਧ ਕੀਤੀ ਜਾ ਸਕਦੀ ਹੈ। ਅਸਾਂ ਰੱਬ ਤਾਂ ਨਹੀਂ ਦੇਖਿਆ, ਪਰੰਤੂ ਰੱਬ-ਰੂਪ, ਸ੍ਰੀ ਗੁਰੂ ਨਾਨਕ ਦੇਵ ਜੀ, ਜੋ ਪੰਜ-ਭੂਤਕ ਸਰੀਰ ਵਿਚ ਇਸ ਧਰਤੀ ਉਤੇ ਵਿਚਰੇ, ਦੀ ਹੋਂਦ ਤੇ ਹਸਤੀ ਬਾਰੇ ਸਾਨੂੰ ਕੋਈ ਕਿੰਤੂ ਨਹੀਂ।

---

* ਦਿਲ ਦੀਆਂ ਅੱਖਾਂ। † ਖੋਲ੍ਹੇ।

ਸੁਵੈਦ ਸਤਿਗੁਰੂ ਫੁਰਮਾਉਂਦੇ ਹਨ ਕਿ ਰੱਬ ਹੈ ; ਉਹਨਾਂ ਨੇ ਜਦ ਉਸ ਨੂੰ ਅੰਤਰ-ਆਤਮੇ ਜਾਣਿਆ, ਕੁਦਰਤ ਵਿਚ ਅਨੁਭਵ ਕੀਤਾ ਤਾਂ ਬੇਸਾਖ਼ਤਾ ਪੁਕਾਰ ਉਠੇ :

"ਕਰਤੇ ਕੁਦਰਤੀਂ ਮੁਸਤਾਕ ॥"

ਤਥਾ—"ਵਿਚਿ ਕੁਦਰਤਿ ਹਰਿ ਪ੍ਰਭੁ ਵਸੈ ਜੀਉ ॥"

ਉਹਨਾਂ ਦੀ ਜੋਤਿ-ਗੁਰਬਾਣੀ—ਪੁਕਾਰ ਪੁਕਾਰ ਉਸ ਦੀ ਇਕਾਈ, ਸਤਿਅਤਾ, ਨਿਰਵੈਰਤਾ ਤੇ ਨਿਰਭੈਤਾ ਆਦਿ ਗੁਣਾਂ ਦਾ ਹੋਕਾ ਦਿੰਦੀ ਹੈ।

ਇਹ ਸਾਖੀ, ਇਸ ਨੁਕਤੇ ਨੂੰ ਵਧੇਰੇ ਸਪੱਸ਼ਟ ਕਰਨ ਵਿਚ ਸਹਾਈ ਹੋਵੇਗੀ :

ਕਹਿੰਦੇ ਹਨ : ਇੱਕ ਵੇਰ ਸ੍ਰੀ ਅੱਡਣ ਸ਼ਾਹ ਜੀ ਸੇਵਾ-ਪੰਥੀ, ਦੀ ਸਰਬੱਤ ਦੇ ਭਲੇ ਦੀ ਲੋਚਾ ਤੇ ਸੇਵਾ ਤੋਂ ਪ੍ਰਭਾਵਤ ਹੋ ਕੇ, ਲਾਹੌਰ ਦੇ ਹਾਕਮ ਜ਼ਕਰੀਆ ਖ਼ਾਨ ਨੇ ਉਹਨਾਂ ਨੂੰ ਕਿਹਾ, "ਆਪ ਤਾਂ ਸੁਲਹ-ਕੁਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੋ, ਮੁਰੀਲੇ ਗੁਰੂ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨਾਲ ਤਾਂ ਤੁਹਾਡਾ ਕੋਈ ਸੰਬੰਧ ਨਹੀਂ", ਆਦਿ, ਆਦਿ।" ਭਾਈ ਸਾਹਿਬ ਹਾਕਮ ਦੇ ਇਹ ਬਚਨ ਸੁਣ ਕੇ ਬੜੀ ਗੰਭੀਰਤਾ ਨਾਲ ਬੋਲੇ, "ਕੌਣ ਗੁਰੂ ਨਾਨਕ ? ਮੈਂ ਤਾਂ ਉਸ ਨੂੰ ਨਹੀਂ ਜਾਣਦਾ, ਮੈਂ ਤਾਂ ਮੁਰੀਲੇ ਗੁਰੂ ਦਾ ਹੀ ਸਿੱਖ ਹਾਂ। ਹਾਂ, ਮੇਰਾ ਮੁਰੀਲਾ ਗੁਰੂ ਇਹ ਕਿਹਾ ਕਰਦਾ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਉਹਨਾਂ ਦੇ ਗੁਰੂ ਹਨ।" ਇਹ ਹੈ ਸਿੱਖ ਦੇ ਪ੍ਰਭੂ-ਸਿਦਕ, ਵਿਸ਼ਵਾਸ, ਗੁਰ-ਪ੍ਰਤੀਤ ਤੇ ਸ਼ਬਦ ਪ੍ਰਮਾਣ ਨੂੰ ਸਤਿ ਕਰਕੇ ਮੰਨਣ ਦੀ ਸਿਖਰ !

(ੲ) ਨਾਸਤਕਤਾ—

ਅਜੋਕੇ ਯੁਗ ਵਿਚ ਕਮਿਊਨਿਜ਼ਮ ਤੇ ਮਾਦਾ-ਪ੍ਰਸਤੀ ਦਾ ਦੌਰ-ਦੌਰਾ ਹੈ। ਕਮਿਊਨਿਜ਼ਮ ਜਾਂ ਮਾਦਾ-ਪ੍ਰਸਤੀ ਦੇ ਮੁਦੱਈਆਂ ਨੂੰ ਵੀ ਆਖ਼ਰ ਕੁਝ ਨਿਯਮਾਂ ਦਾ ਪਾਬੰਦ ਹੋਣਾ ਪੈਂਦਾ ਹੈ। ਅਜਿਹਾ ਕੋਈ 'ਇਜ਼ਮ' ਨਹੀਂ ਜਿਸ ਦੇ ਕੋਈ ਨੇਮ ਨਾ ਹੋਣ ਅਤੇ ਜਿਨ੍ਹਾਂ ਦੀ

ਪਾਲਣਾ ਜ਼ਰੂਰੀ ਨਾ ਮਿਥੀ ਗਈ ਹੋਵੇ। ਫੇਰ ਧਰਮ ਦੇ ਨੇਮਾਂ ਦੀ ਪਾਬੰਦੀ ਤੋਂ ਅਵਾਜ਼ਾਰੀ ਕਿਉਂ? ਜਿਵੇਂ "ਨਿਰਭਉ" ਤੇ "ਜੂਨੀ ਬਾਹਰਾ" (ਅਜੂਨੀ) ਕੇਵਲ ਇਕ ਪ੍ਰਮਾਤਮਾ ਹੀ ਹੈ, ਇਸੇ ਤਰ੍ਹਾਂ ਪਾਬੰਦੀ ਰਹਿਤ ਵੀ ਕੇਵਲ, ਤੇ ਕੇਵਲ ਉਹੀ ਇੱਕੋ-ਇੱਕ ਹਸਤੀ ਹੈ। ਵੇਖੋ, ਇੱਕ ਸ਼ਾਇਰ, ਕੈਦੀ ਬੁਲਬੁਲ ਦੀ ਮਿਸਾਲ ਦੇ ਕੇ ਇਸ ਹਕੀਕਤ ਨੂੰ ਕਿਤਨੀ ਖ਼ੂਬਸੂਰਤੀ ਨਾਲ ਬਿਆਨਦਾ ਹੈ :

ਮੈਂ ਹੂੰ ਗ੍ਰਿਫ਼ਤਾਰਿ *ਕਫ਼ਸ, ਯੇ ਮੇਰੀ ਕਿਸਮਤ ਹੈ,
ਜੋ ਹੈਂ ਪਾਬੰਦਿ ਚਮਨ, ਵੁਹ ਭੀ ਤੋ ਆਜ਼ਾਦ ਨਹੀਂ।

ਸੋ, ਜੇ ਮਨੁੱਖ ਨੇ ਪਾਬੰਦੀ ਵਿਚ ਰਹਿਣਾ, ਜਾਂ ਦੂਜੇ ਅੱਖਰਾਂ ਵਿਚ ਕਿਸੇ ਨ ਕਿਸੇ ਰਹਿਤ ਜਾਂ ਜ਼ਬਤ ਦੇ ਧਾਰਨੀ ਹੋਣਾ ਹੀ ਹੈ ਤਾਂ ਠੀਕ ਪਾਸੇ ਕੂਲ ਕਰਨ ਦੇ ਸਿਧਾਂਤ ਅਨੁਸਾਰ, ਗੋਬਿੰਦ-ਰੂਪ ਜੀਅ-ਦਾਨ ਤੇ ਸਰਬ ਸੁੱਖਾਂ ਦੇ ਦਾਤੇ, ਮਖ਼ਲੂਕ ਲਈ ਬੇ-ਪਨਾਹ ਪਿਆਰ ਤੇ ਤੜਪ ਰਖਣ ਵਾਲੇ ਜਗਤ ਗੁਰੂ ਨਾਨਕ ਦੇਵ ਜੀ ਤੇ ਉਹਨਾਂ ਦੇ ਜੋਤਿ ਸਰੂਪ ਬਾਕੀ ਗੁਰੂ ਸਾਹਿਬਾਨ ਵਲੋਂ ਦੱਸੀ ਤਨ ਤੇ ਮਨ ਦੀ ਰਹਿਤ (ਪਾਬੰਦੀ, ਜ਼ਬਤ) ਦੇ ਧਾਰਨੀ ਕਿਉਂ ਨਾ ਹੋਇਆ ਜਾਵੇ? ਐਸੀ ਪਾਬੰਦੀ ਵਿਚ ਹੀ ਸਹੀ ਸੁਤੰਤਰਤਾ ਦਾ ਭੇਦ ਬੰਦ ਹੈ। ਸੁਣੋ :—

"ਸ਼ਰਤਿ ਆਜ਼ਾਦੀ ਹੈ, ਆਜ਼ਾਦੀ ਕੁਛ ਪਾਬੰਦੀਆਂ।
ਇਨ ਕਾ ਜੋ ਪਾਬੰਦ ਹੈ, ਵੁਹ ਅਸਲ ਮੇਂ ਆਜ਼ਾਦ ਹੈ।"

(ਸ) ਨਸ਼ਿਆਂ ਦੀ ਵਧ ਰਹੀ ਵਰਤੋਂ—

ਅਨੇਕਾਂ ਮਨੁੱਖ ਸੁਖ ਦੀ ਭਾਲ ਵਿਚ ਦੁਖ ਨੂੰ ਭੁਲਾਉਣ ਹਿਤ ਆਰਜ਼ੀ ਮਸਤੀ ਲਈ ਮੌਤ ਨੂੰ ਮਾਰਨ ਵਾਲੇ ਨਸ਼ਿਆਂ ਦੀ ਵਰਤੋਂ ਕਰਦਾ ਹੈ। ਹਿੱਪੀਆਂ ਨੂੰ ਤਾਂ ਆਖ਼ਰ ਹੀ ਆ ਗਈ ਹੈ। ਜੋਗੀ ਵੀ ਨਸ਼ੇ ਵਰਤਦੇ ਆਏ ਹਨ। ਭਰਥਰੀ ਜੋਗੀ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੋਈ

* ਪਿੰਜਰਾ।

ਵਾਰਤਾਲਾਪ ਵਾਚਣ ਜੋਗ ਹੈ। ਇਸ ਲਈ, ਭਰਥਰੀ ਪ੍ਰਤੀ ਸਤਿਗੁਰੂ ਜੀ ਵਲੋਂ ਉਚਾਰੇ ਗਏ ਸਾਰੇ ਦੇ ਸਾਰੇ ਸ਼ਬਦ ਨੂੰ ਹੀ ਏਥੇ ਅੰਕਿਤ ਕਰਨਾ ਉਚਿੱਤ ਜਾਤਾ ਹੈ–ਵੇਖੋ, ਬਾਬਾ ਜੀ, ਕੈਸਾ ਨਸ਼ਾ ਤਜਵੀਜ਼ ਕਰਦੇ ਹਨ :

ਗੁੜੁ ਕਰਿ ਗਿਆਨੁ, ਧਿਆਨੁ ਕਰਿ ਧਾਵੈ, ਕਰਿ ਕਰਣੀ ਕਸੁ ਪਾਈਐ ॥
ਭਾਠੀ ਭਵਨੁ, ਪ੍ਰੇਮ ਕਾ ਪੋਚਾ, ਇਤੁ ਰਸਿ ਅਮਿਉ ਚੁਆਈਐ ॥੧॥
ਬਾਬਾ, ਮਨੁ ਮਤਵਾਰੋ, ਨਾਮ ਰਸੁ ਪੀਵੈ, ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ, ਸਬਦੁ ਅਨਾਹਦ ਗਹਿਆ॥੧॥ਰਹਾਉ॥
ਪੂਰਾ ਸਾਚੁ ਪਿਆਲਾ ਸਹਜੇ, ਤਿਸਹਿ ਪਿਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ, ਕਿਆ ਮਦਿ ਛੂਛੈ ਭਾਉ ਧਰੇ ॥੨॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ, ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ, ਮੁਕਤਿ ਬੈਕੁੰਠੈ ਕਰੈ ਕਿਆ ॥੩॥
ਸਿਫਤੀ ਰਤਾ ਸਦ ਬੈਰਾਗੀ, ਜੂਐ ਜਨਮੁ ਨ ਹਾਰੈ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ, ਖੀਵਾ ਅੰਮ੍ਰਿਤ ਧਾਰੈ ॥੪॥੪॥
(ਆਸਾ ਮ: ੧, ਪੰਨਾ ੩੬੦)

ਗੁਰਦੇਵ ਕੈਸੇ ਯੁਕਤੀ-ਸ਼ੀਲ ਢੰਗ ਤੇ ਗਿਆਨ ਨਾਲ ਭੈੜੇ ਨਸ਼ਿਆਂ ਤੋਂ ਹੋੜਦੇ ਤੇ ਨਾਮ ਦਾ ਨਸ਼ਾ ਪੀਣ ਦੀ ਤਾਕੀਦ ਕਰਦੇ ਹਨ।

ਨਸ਼ਿਆਂ ਦੀ ਲਾਹਨਤ ਤੋਂ ਬਚਾਉਣ ਹਿਤ ਗੁਰਦੇਵ ਹੋਰਥੇ ਫੁਰਮਾਉਂਦੇ ਹਨ :

ਦੁਰਮਤਿ ਮਦੁ ਜੋ ਪੀਵਤੇ, ਬਿਖਲੀਪਤਿ ਕਮਲੀ ॥
ਰਾਮ ਰਸਾਇਣਿ ਜੋ ਰਤੇ, ਨਾਨਕ ਸਚ ਅਮਲੀ ॥
(ਆਸਾ ਮ: ੫, ਪੰਨਾ ੩੯੯)

ਤਥਾ—ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ ॥੧॥੧੬॥
(ਮ: ੩, ਬਿਹਾਗੜੇ ਕੀ ਵਾਰ, ਪੰ: ੫੫੪)

ਬਦਕਿਸਮਤੀ ਇਹ ਹੈ ਕਿ ਝੂਠਾ ਤੇ ਹੋਛਾ ਮਦ ਪੀ ਕੇ ਆਪਣੇ ਤਨ ਤੇ ਮਨ ਨੂੰ ਧੋਖਾ ਦੇਣ ਵਾਲੇ ਮਨੁੱਖ, ਸੁਗੰਧੀ ਤਿਆਗ, ਦੁਰਗੰਧ ਵਲ ਜਾਣ ਵਾਲੀ ਮੱਖੀ ਵਾਂਗ, ਨਾਮ-ਅੰਮ੍ਰਿਤ ਪੀ ਕੇ ਖੀਵਾ ਹੋਣ ਵਾਲੇ ਪਾਸੇ ਪੈਰ ਹੀ ਨਹੀਂ ਪਾਉਂਦੇ। ਫਿਰ ਉਹਨਾਂ ਨੂੰ ਨਾਮ ਦੀ ਖੁਮਾਰੀ ਦੀ ਕੀ ਸਾਰ ?

ਗੁਰੂ ਸਾਹਿਬਾਨ ਦੀ ਕਿਤਨੀ ਬਖਸ਼ਿਸ਼ ਹੈ ਕਿ ਸਿੱਖ ਧਰਮ ਦੇ ਧਾਰਨੀ ਹੀ ਸਹੀ ਅਰਥਾਂ ਵਿਚ ਇਹਨਾਂ ਮਾਰੂ ਨਸ਼ਿਆਂ ਦੀ ਮਾਰ ਤੋਂ ਆਪ ਬੱਚ ਤੇ ਸੰਸਾਰ ਨੂੰ ਇਹਨਾਂ ਦੀ ਬਰਬਾਦੀ ਤੋਂ ਬਚਾਅ ਸਕਦੇ ਹਨ। ਰਹਿਤਨਾਮਿਆਂ ਵਿਚ ਸਿੱਖ ਨੂੰ ਅਮਲ, ਕੇਵਲ ਪਰਸ਼ਾਦੇ ਦਾ ਹੀ ਰੱਖਣ ਦਾ ਆਦੇਸ਼ ਹੈ। ਗੁਰਸਿਖ ਨੇ ਸ਼ਰਾਬ ਦੇ ਨਸ਼ੇ ਨੂੰ ਤਿਆਗ ਕੇ 'ਸ਼ਬਦ' ਦੇ ਨਸ਼ੇ ਵਿੱਚ ਮਖ਼ਮੂਰ ਰਹਿਣਾ ਹੈ।

(ਹ) ਕਾਮ-ਭੜਕਾਊ ਸਾਹਿੱਤ, ਫ਼ੈਸ਼ਨ-ਪ੍ਰਸਤੀ ਤੇ ਸਕਰੀਨ–

ਕਿਤਨੀ ਅਜੀਬ ਤੇ ਹਾਸੋ-ਹੀਣੀ ਗੱਲ ਹੈ ਕਿ ਅੱਜ ਮਨੁੱਖ ਗੱਲਾਂ ਤਾਂ ਹਰ ਪਹਿਲੂ ਤੋਂ ਉੱਚੇਰੇ ਆਚਾਰ ਤੇ ਵਿਗਿਆਨਕ ਪ੍ਰਗਤੀ ਦੀਆਂ ਕਰਦਾ ਹੈ, ਪਰੰਤੂ, ਅਮਲ ਇਸ ਦੇ ਐਨ ਉਲਟ ਕਰ ਰਿਹਾ ਹੈ। ਸ਼ੇਖ਼ ਸਾਅਦੀ ਦਾ ਇਹ ਕਥਨ :

"ਈਂ ਰਾਹ ਕਿ ਮੇ ਰਵੀ, ਬਤੁਰਕਿਸਤਾਨ ਅਸਤ।"

[ਭਾਵ–ਜਿਸ ਰਾਹ ਤੂੰ ਪਿਆ ਹੋਇਆ ਹੈਂ, ਇਹ ਤੁਰਕਿਸਤਾਨ (ਉਜਾੜ, ਤਬਾਹੀ) ਵਲ ਜਾਂਦਾ ਹੈ।]

ਤੇ ਸ਼ੇਖ਼ ਫ਼ਰੀਦ ਜੀ ਦਾ ਇਹ ਸਲੋਕ :–

ਫਰੀਦਾ, ਲੋੜੈ ਦਾਖ ਬਿਜਉਰੀਆਂ, ਕਿਕਰਿ ਬੀਜੈ ਜਟੁ ॥
ਹੰਢੈ ਉਂਨ ਕਤਾਇਦਾ, ਪੈਧਾ ਲੋੜੈ ਪਟੁ ॥੨੩॥ (ਪੰਨਾ ੧੩੭੯)

ਵੀ ਆਦਮੀ ਦੀ ਅੱਜ ਦੀ ਉਲਟੀ ਮਤ ਉੱਤੇ ਠੀਕ ਢੁਕਦੇ ਹਨ। ਵਿਸ਼ਿਆਂ ਵਿਕਾਰਾਂ ਦੇ ਕੰਡੇ ਬੀਜ ਕੇ ਸਦੀਵੀ ਅਨੰਦ-ਮਈ ਫੁੱਲਾਂ ਤੇ ਫਲਾਂ ਦੀ ਆਸ ਕੀਤੀ ਜਾ ਰਹੀ ਹੈ। ਏਸ ਜਿੱਲ੍ਹਣ ਵਿਚੋਂ ਅਜੋਕੇ ਇਨਸਾਨ ਨੂੰ ਸਿੱਖ ਧਰਮ ਦੀਆਂ ਸਰਲ, ਸਾਦੀਆਂ ਤੇ ਭਾਵ-ਪੂਰਤ ਰੀਤਾਂ-ਰਸਮਾਂ ਤੇ ਪਹਿਰਾਵੇ ਦੀ ਸਾਦਗੀ ਹੀ ਕੱਢ ਸਕਦੀ ਹੈ। ਸਰੀਰ ਦੇ ਨੰਗੇਪਨ ਦੀ ਪਰਦਰਸ਼ਨੀ ਤੇ ਲਚਰ ਸਾਹਿਤ ਕਦੀ ਸਾਦਗੀ ਤੇ ਸੁਚਾ ਆਚਾਰ ਪੈਦਾ ਨਹੀਂ ਕਰ ਸਕਦੇ। ਸਿਆਣਿਆਂ ਦਾ ਕਥਨ ਹੈ :—

> What is dangerous to be convinced of, it is dangerous to hear; for, our ears are so much of a machine that it becomes impossible to resist when once they are perpetually assailed.

(ਭਾਵ—ਜਿਹੜੀ ਗੱਲ ਮੰਨਣੀ ਖ਼ਤਰਨਾਕ ਹੈ, ਉਹ ਸੁਣਨੀ ਹੀ ਖ਼ਤਰਨਾਕ ਹੈ; ਕਿਉਂ, ਜੁ ਸਾਡੇ ਕੰਨ ਇੱਕ ਮਸ਼ੀਨ ਸਮਾਨ ਹਨ, ਇਨ੍ਹਾਂ ਵਿਚ ਬਾਰ ਬਾਰ ਜੇ ਚੀਜ਼ ਪਾਈ ਜਾਵੇ, ਉਹ ਅਸਰ ਕੀਤੇ ਬਿਨਾਂ ਨਹੀਂ ਰਹਿ ਸਕਦੀ।)

*ਸਿੱਖੀ ਸਾਦੇ ਜੀਵਨ ਤੇ ਉੱਚੇ ਆਚਾਰ ਵਿਚ ਵਿਸ਼ਵਾਸ ਰਖਦੀ ਹੈ। ਫ਼ੈਸ਼ਨ, ਜਿਸ ਨੂੰ ਅੱਜ ਭੇਡ-ਚਾਲ ਦੀ ਤਰ੍ਹਾਂ ਅਪਣਾਇਆ ਜਾ ਰਿਹਾ ਹੈ, ਵੀਚਾਰਵਾਨਾਂ ਦੇ ਦ੍ਰਿਸ਼ਟੀਕੋਣ ਤੋਂ ਇੱਕ ਕੁਹਜਾਪਨ ਹੈ, ਬਦਸੂਰਤੀ ਹੈ। ਜੇ ਇਹ ਸਹੀ ਸੁਹੱਪਣ ਹੋਵੇ ਤਾਂ ਹਰ ਛੇ ਮਹੀਨੇ ਬਾਅਦ ਪੁਰਾਣਾ ਤੇ ਕੁਹਜਾ ਸਮਝ ਕੇ ਬਦਲਿਆ ਕਿਉਂ ਜਾਵੇ ? ਅਸਲੀ ਖ਼ੂਬਸੂਰਤੀ ਨੂੰ ਤਾਂ ਅੰਗਰੇਜ਼ੀ ਦੇ ਸ਼ਾਇਰ, ਕੀਟਸ, ਨੇ ਸਦੀਵੀ ਖੇੜੇ ਦਾ ਸੋਮਾ ਦੱਸਿਆ ਹੈ : "A thing of beauty, is joy for ever," ਅਤੇ ਇਹ, ਕਿਸੇ ਤਰ੍ਹਾਂ ਵੀ, ਬਾਹਰੀ, ਬਿਨਸਣਹਾਰ ਸੁੰਦਰਤਾ ਨਹੀਂ, ਸਗੋਂ ਅੰਦਰੂਨੀ, ਆਤਮਕ ਅਤੇ ਸੀਰਤ ਦੀ ਸੁੰਦਰਤਾ ਹੀ ਹੈ

---

* (a) Simple living and high thinking.
(b) I am as simple as truth's simplicity.
(ਸ਼ੇਕਸਪੀਅਰ)

ਸਕਦੀ ਹੈ। ਗੁਰਬਾਣੀ ਵਿਚ ਵਾਰ ਵਾਰ ਉਤਮ ਗੁਣਾਂ ਦਾ ਸ਼ਿੰਗਾਰ ਤੇ ਚੱਜ-ਆਚਾਰ ਸਿੱਖਣ ਦਾ ਮਸ਼ਵਰਾ ਦਿੱਤਾ ਗਿਆ ਹੈ, ਜਿਵੇਂ :–

(ੳ) ਭੈ ਕੀਆ ਦੇਹਿ ਸਲਾਈਆ ਨੈਣੀ, ਭਾਵ ਕਾ ਕਰਿ ਸੀਗਾਰੋ ॥
(ਤਿਲੰਗ ਮ: ੧, ਪੰਨਾ ੭੨੨)

(ਅ) ਨਾਨਕ, ਬਿਨੁ ਨਾਵੈ ਕਰੂਪਿ, ਕੁਸੋਹਣੀ, ਪਰਹਰਿ ਛੋਡੀ ਭਤਾਰਿ ॥
(ਮ: ੩, ਪੰਨਾ ੮੯)

(ੲ) ਮੁੰਧੇ, ਪਿਰ ਬਿਨੁ ਕਿਆ ਸੀਗਾਰੁ ? (ਸਿਰੀਰਾਗ ਮ: ੧, ਪੰਨਾ ੧੯)

ਏਸੇ ਤਰ੍ਹਾਂ, ਸਟੇਜ ਤੇ ਸਕਰੀਨ : ਪਰਚਾਰ ਦੇ ਅਜੋਕੇ ਸਾਧਨ ਤਾਂ ਹਨ, ਪ੍ਰੰਤੂ, ਇਹਨਾਂ ਦੀ ਯੋਗ, ਅਯੋਗ ਵਰਤੋਂ ਕਰਨੀ ਮਨੁੱਖ ਦੀਆਂ ਪਰਬਲ ਰੁਚੀਆਂ ਉਤੇ ਨਿਰਭਰ ਹੈ। ਜਿਵੇਂ ਅੰਗੂਰ ਦਾ ਬਲ-ਉਪਜਾਊ ਰਸ ਵਿਗੜ ਕੇ ਸ਼ਰਾਬ ਬਣ ਜਾਂਦਾ ਹੈ, ਇਹੋ ਹਾਲ ਅੱਜ ਫਿਲਮਾਂ ਤੇ ਸਕਰੀਨ ਦੇ ਦੁਰ-ਵਰਤੋਂ ਕਾਰਨ ਹੋ ਰਿਹਾ ਹੈ।

(ਕ) ਸਬਰ, ਸਿਦਕ, ਸ਼ਰਧਾ ਤੇ ਕਰਣੀ ਦਾ ਅਭਾਵ –

ਸਿਆਣਿਆਂ ਦਾ ਕਥਨ ਹੈ ਕਿ ਜਿਥੇ ਦਲੀਲ ਮੁਕਦੀ ਹੈ, ਉਥੋਂ ਮਜ਼ਹਬ ਅਰੰਭ ਹੁੰਦਾ ਹੈ; (Religion begins, where reason ends)। ਸਿਖ ਨੇ ਗੁਰੂ ਆਗਿਆ ਅਨੁਸਾਰ ਤੁਰਨਾ ਹੈ। ਸਬਰ ਸਿਦਕ ਬਾਰੇ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

ਸਿਦਕੁ ਸਬੂਰੀ ਸਾਦਿਕਾ, ਸਬਰੁ ਤੋਸਾ ਮਲਾਇਕਾਂ ॥

(ਭਾਵ–ਪ੍ਰਭੂ-ਲੋਕ ਸਬਰ ਤੇ ਸਿਦਕ ਵਾਲੇ ਹੁੰਦੇ ਹਨ। ਸਬਰ, ਸੰਤੋਖ ਫਰਿਸ਼ਤਿਆਂ ਦੀ ਖੁਰਾਕ ਹੈ।)

ਭਾਈ ਗੁਰਦਾਸ ਜੀ ਨੇ ਸਿਦਕੀ ਮੁਰੀਦ ਦੇ ਲੱਛਣ ਦਸਦਿਆਂ ਫੁਰਮਾਇਆ ਹੈ –

ਮੁਰਦਾ ਹੋਇ ਮੁਰੀਦ, ਨ ਗਲੀਂ ਹੋਵਣਾ ॥
ਸਾਬਰ ਸਿਦਕ, ਸ਼ਹੀਦ, ਭਰਮ ਭਉ ਖੋਵਣਾ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਬਰ, ਸੰਤੋਖ ਦੇ ਨਾਲ "ਕਰਣੀ" ਨੂੰ ਵੀ ਸ਼ਾਮਿਲ ਕਰ ਕੇ ਬੜੀ ਸਪੱਸ਼ਟ ਸੇਧ ਦਿੱਤੀ ਹੈ ਕਿ —

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ (ਸੁਖਮਨੀ)

ਸਬਰ, ਸਿਦਕ ਤੇ ਸ਼ਰਧਾ ਨੂੰ ਫਲਧਰ-ਦਾਤਾ ਬਣਾਉਣ ਲਈ 'ਕਰਣੀ' (ਅਮਲ) ਦੀ ਲੋੜ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਤੁੱਕ ਵਿਚ ਅੰਤਾਂ ਦੀ ਸੱਚਾਈ ਦਾ ਪ੍ਰਗਟਾਅ ਕੀਤਾ ਹੈ :—

ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥੩॥੩੦॥
(ਸਿਰੀ ਰਾਗ ਮ: ੧, ਪੰਨਾ ੨੫)

ਪ੍ਰੰਤੂ—ਮਨਮੁਖ ਕਥਨੀ ਹੈ, ਪਰੁ ਰਹਤ ਨ ਹੋਈ।
(ਬਿਲਾਵਲ ਮ: ੧, ਪੰਨਾ ੮੩੧)

ਸਵਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ ਜੀ ਦੇ ਸ਼ਬਦਾਂ ਵਿਚ "ਸਿੱਖੀ ਕੀ ਹੈ ? ਮਨੁੱਖਤਾ ਨੂੰ ਚਲਣ ਦੀ ਖਾਤਰ ਦੁਆਰਾ ਉਚਾ ਚੁੱਕਣ ਦਾ ਇਕ ਵਸੀਲਾ ਹੈ" : (Human uplift based on character.)

ਸਦ-ਚਿੰਤਨ ਤੇ ਸਦ-ਕਰਮ ਨਾਲ ਘੜਿਆ ਤੇ ਘਟਿਆ ਚਲਣ ਹੀ ਮਨੁੱਖ ਨੂੰ ਅਚਾਨਕ ਆ ਪਈ ਗਿਰਾਵਟ ਦੇ ਖ਼ਤਰਿਆਂ ਤੋਂ ਬਚਾ ਸਕਦਾ ਹੈ। ਏਸੇ ਲਈ ਸਿੱਖ ਸਤਿਗੁਰੂਆਂ ਨੇ ਜਦ ਸਫਲ ਜੀਵਨ ਜੀਉਣ ਦੀ ਜਾਚ ਦੱਸੀ ਤਾਂ ਸਿੱਖੀ ਨੂੰ ਇੱਕ ਜੀਵਨ-ਪੰਧ (Way of life) ਕਰਕੇ ਦਰਸਾਇਆ। ਡਾਕਟਰ ਇਕਬਾਲ ਨੇ ਇੱਕ ਸ਼ੇਅਰ ਵਿੱਚ ਜੋ ਸਿਦਕੀ ਸੂਰਿਆਂ ਮਰਦਾਂ ਦੇ ਲੱਛਣ ਬਿਆਨੇ ਹਨ, ਉਹ, ਜੇ ਗਿਣੋ, ਸੌ ਫੀ ਸਦੀ ਢੁਕਦੇ ਹਨ, ਤਾਂ ਉਹ ਗੁਰਸਿੱਖ ਦਾ ਹੀ ਜੀਵਨ ਹੋ ਸਕਦਾ ਹੈ :

ਯਕੀਂ ਮੋਹਕਮ, ਅਮਲ ਪੈਹਮ, ਮੁਹੱਬਤ ਫ਼ਾਤਹ ਆਲਮ।
ਜਹਾਦਿ ਜ਼ਿੰਦਗਾਨੀ ਮੇਂ, ਯੇ ਹੈਂ ਮਰਦੋਂ ਕੀ ਸ਼ਮਸ਼ੀਰੇਂ।

(ਭਾਵ–ਪੂਰਨ ਪ੍ਰਤੀਤ, ਲਗਾਤਾਰ ਉੱਦਮ ਤੇ ਸਰਬੱਤ ਨਾਲ ਪਿਆਰ–ਜੀਵਨ-ਸੰਘਰਸ਼ ਲਈ ਇਹੀ ਮਰਦਾਂ ਦੀਆਂ ਤਲਵਾਰਾਂ ਹਨ।)

(ਖ) ਧਰਮ ਦੇ ਪਰਦੇ ਹੇਠ ਪਖੰਡ–

ਧਰਮ ਨੂੰ ਉਤਨਾ ਖ਼ਤਰਾ ਨਾਸਤਕਾਂ ਤੋਂ ਨਹੀਂ ਹੈ, ਜਿੰਨਾ ਧਰਮ ਦੇ ਨਾਂ ਨੂੰ ਨਿੱਜੀ ਲਾਭਾਂ ਤੇ ਸਵਾਰਥਾਂ ਲਈ ਵਰਤਣ ਵਾਲਿਆਂ ਢੋਂਗੀਆਂ ਤੇ ਪਖੰਡੀਆਂ ਤੋਂ। ਸੰਸਾਰ ਵਿਚ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਨਾਸਤਕਾਂ ਤੇ ਮਾਦਾ-ਪ੍ਰਸਤਾਂ ਨਾਲੋਂ ਕਈ ਗੁਣਾ ਵਧ ਹੈ, ਉਵੇਂ ਹੀ ਜਿਵੇਂ ਜੇਲ੍ਹ-ਬੰਦੀਆਂ ਨਾਲੋਂ, ਜੇਲ੍ਹੋਂ ਬਾਹਰ ਵਾਲਿਆਂ ਦੀ ਬਹੁ-ਸੰਖਿਆ। ਜੇ ਕਿਤੇ ਇਹ ਧਰਮ-ਅਵਲੰਬੀ ਲੋਕ ਮਨ, ਬਚਨ, ਕਰਮ ਕਰਕੇ ਧਰਮੀ ਹੋ ਜਾਣ, ਸੱਚੇ ਤੇ ਦਰਦ-ਮੰਦ ਦਿਲਾਂ ਵਾਲੇ ਇਨਸਾਨ ਬਣ ਜਾਣ, ਤਾਂ ਕਿਸੇ ਦੇ ਨਾਸਤਕ ਹੋਣ ਦੀ ਕੋਈ ਸੰਭਾਵਨਾ ਨਹੀਂ ਰਹਿੰਦੀ। ਦੁਖ ਇਹ ਹੈ ਕਿ ਧਰਮ ਨੂੰ ਕੇਵਲ ਦਿਮਾਗੀ ਤੌਰ ਤੇ ਮੰਨਿਆ ਜਾਂਦਾ ਹੈ। ਪੂਜਾ ਪਾਠ ਦਾ ਵਿਖਾਵਾ ਤਾਂ ਕੀਤਾ ਜਾਂਦਾ ਹੈ, ਪਰੰਤੂ ਦਿਲੋਂ ਵਜੋਂ ਕਮਾਇਆ ਤੇ ਰੱਬ ਦੇ ਰਾਹ ਉੱਤੇ ਤੁਰਿਆ ਨਹੀਂ ਜਾਂਦਾ। ਜਦ ਸਤਵਾਦੀਆਂ ਤੇ ਧਰਮੀਆਂ ਦੀ ਹੇਠੀ ਹੁੰਦੀ ਹੈ ਅਤੇ ਚੋਰ-ਉਚੱਕੇ, ਚੌਧਰੀ ਬਣ ਬੈਠਦੇ ਹਨ ਤਾਂ ਸਾਧਾਰਨ ਲੋਕਾਂ ਦਾ ਉਲਾਰ ਨਾਸਤਕਤਾ ਵਲ ਹੋ ਜਾਣਾ ਕੁਦਰਤੀ ਹੈ।

ਅਜਿਹੇ ਲੋਕਾਂ ਦਾ ਨਕਸ਼ਾ, ਜੋ ਪਰਮਾਰਥ ਦੇ ਨਾਂ ਉਤੇ ਪਾਪ ਕਮਾਉਂਦੇ ਤੇ ਧਰਮ ਦੀ ਹਾਨੀ ਕਰਦੇ ਹਨ, ਦਸਵੇਂ ਗੁਰਦੇਵ ਜੀ ਇਉਂ ਖੋਲ੍ਹਦੇ ਹਨ :

> ਪਾਪ ਕਰੈ ਪਰਮਾਰਥ ਕੈ, ਜਿਹ ਪਾਪਨ ਤੇ ਅਤਿ ਪਾਪ ਡਰਾਈਂ ॥
> (ਚਰਿਤ੍ਰ ੨੬੬, ੧੨-੩)

ਗੁਰਮਤਿ-ਮਾਰਗ ਸਾਫ਼, ਤੇ ਸਿਧੇ ਸਾਦੇ ਜੀਵਨ ਦਾ ਦਾਅਵੇਦਾਰ ਤੇ ਫੰਦਾ-ਬਰਬਾਦ ਹੈ। ਇਹ ਨਾਮ ਦਾਨ ਇਸ਼ਨਾਨ ਦਾ ਪੰਧ ਹੈ। "ਧਰਮ ਦੀ ਕਿਰਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ" ਦਾ ਮਾਰਗ ਹੈ। ਇਹ ਰੱਬ

ਨੂੰ ਅੰਦਰ ਵਸਾਉਣ ਤੇ ਵਿਸਮਾਦਤ ਹੋ ਅਨੰਦ ਮਾਨਣ ਦਾ ਰਾਹ ਹੈ : ਪ੍ਰਭੂ ਦੀ ਪ੍ਰੇਮਾ-ਭਗਤੀ, ਸਿਫ਼ਤ ਸਲਾਹ ਤੇ ਕੀਰਤੀ ਦੁਆਰਾ । ਫ਼ੁਰਮਾਨ ਹੈ :

ਸਦਾ ਅਨੰਦਿ ਰਹਹਿ ਦਿਨੁ ਰਾਤੀ, ਗੁਣ ਕਹਿ ਗੁਣੀ ਸਮਾਵਣਿਆ ॥

(ਮਾਝ ਮ: ੩, ਪੰਨਾ ੧੨੨)

ਅੰਤ ਵਿਚ ਮੈਂ ਸਤਕਾਰਿਤ ਐਚ. ਐਲ. ਬ੍ਰਾਡਸ਼ਾ (ਅਮ੍ਰੀਕਾ) ਦੇ ਉਹ ਵਿਚਾਰ ਪੇਸ਼ ਕਰਦਾ ਹਾਂ ਜਿਨ੍ਹਾਂ ਵਿਚ ਉਹ ਸਿਖੀ, ਤੇ ਕੇਵਲ ਸਿੱਖੀ ਨੂੰ ਹੀ ਵਰਤਮਾਨ ਸਾਇੰਸ ਤੇ ਸਪੇਸ ਯੁਗ ਦਾ ਧਰਮ ਦਸਦਾ ਤੇ ਇਸ ਵਿਚ ਹੀ ਸਮੱਸਤ ਸੰਸਾਰ ਦੀ ਕਲਿਆਣ ਵੇਖਦਾ ਹੈ । ਉਹ ਲਿਖਦਾ ਹੈ :—

"Sikhism is a Universal World-faith with a message for all men. This is amply illustrated in the writings of the Gurus. Sikhs must cease to think of their faith, as just another religion and must begin to think in terms of Sikhism being the religion for the new age ………. The religion preached by Guru Nanak, is the faith of the New Age. It completely supplants and fulfils all the former dispensations of older religions. Books must be written proving this. The other religions contain truth, but Sikhism contains fullness of truth ………………

Guru Granth Sahib, of all the world religious scriptures, alone states that there are innumerable worlds and universes, other than our own. The previous scriptures were all concerned with this world and its spiritual counterpart. To imply that they spoke of other worlds, as does the Guru Granth Sahib, is to stretch their obvious meanings out of context.

The Sikh Religion is truly the answer to the problems of modern man."

(ਸ਼੍ਰੋ: ਗੁ: ਪ੍ਰ: ਕਮੇਟੀ ਨਾਲ ੧੯੫੯-੬੦ ਵਿਚ ਹੋਈ ਲਿਖਾ ਪੜ੍ਹੀ ਵਿਚੋਂ)*

---

*ਉਸ ਵੇਲੇ ਸ. ਪ੍ਰੇਮ ਸਿੰਘ ਜੀ ਲਾਲਪੁਰਾ ਪ੍ਰਧਾਨ ਸਨ ਤੇ ਦਾਸ ਐਡੀਸ਼ਨਲ ਸਕੱਤਰ ।

ਉਲਥਾ—"ਸਿੱਖੀ ਇਕ ਸਰਬ-ਵਿਆਪਕ ਅਥਵਾ ਸੰਪੂਰਨ ਜਗਤ-ਧਰਮ ਹੈ, ਅਤੇ ਮਨੁੱਖ ਮਾਤ੍ਰ ਨੂੰ ਸਮਾਨ ਸੰਦੇਸ਼ ਦਿੰਦਾ ਹੈ। ਇਸ ਗੱਲ ਦੀ ਗੁਰਬਾਣੀ ਵਿਚ ਰੱਜ ਕੇ ਵਿਆਖਿਆ ਕੀਤੀ ਗਈ ਹੈ। ਸਿੱਖਾਂ ਨੂੰ ਇਉਂ ਸੋਚਣਾ ਬੰਦ ਕਰ ਦੇਣਾ ਚਾਹੀਦਾ ਹੈ ਕਿ ਸਿੱਖੀ ਇਕ ਹੋਰ ਚੰਗਾ ਧਰਮ ਹੈ। ਸਗੋਂ, ਇਸ ਦੇ ਉਲਟ ਇਉਂ ਸੋਚਣਾ ਚਾਹੀਦਾ ਹੈ ਕਿ ਸਿੱਖੀ ਹੀ ਨਵੇਂ ਯੁਗ ਦਾ ਧਰਮ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਪਰਚਾਰਿਆ ਧਰਮ ਹੀ ਨਵੇਂ ਯੁੱਗ ਦਾ ਧਰਮ ਹੈ। ਇਹ ਪੂਰਨ ਤੌਰ ਤੇ ਪੁਰਾਣੇ ਮੱਤਾਂ ਦੀ ਥਾਂ ਮਲਦਾ ਹੈ। ਇਹ ਗੱਲ ਸਿੱਧ ਕਰਨ ਲਈ ਪੁਸਤਕਾਂ ਲਿਖਣ ਦੀ ਸਖ਼ਤ ਲੋੜ ਹੈ। ਦੂਜੇ ਮੱਤ ਸਚਾਈ ਰਖਦੇ ਹਨ, ਪਰੰਤੂ ਸਿੱਖ ਮੱਤ ਭਰਪੂਰ ਸਚਾਈ ਹੈ।

"ਗੁਰੂ ਗ੍ਰੰਥ ਸਾਹਿਬ ਜੀ ਹੀ ਇੱਕ ਐਸਾ ਧਰਮ-ਗ੍ਰੰਥ ਹੈ, ਜੋ ਇਹ ਦਸਦਾ ਹੈ ਕਿ ਸਾਡੀ ਧਰਤੀ ਤੋਂ ਬਿਨਾਂ ਹੋਰ ਵੀ ਧਰਤੀਆਂ ਤੇ ਮੰਡਲ ਆਦਿ ਹਨ। ਪਹਿਲੀਆਂ ਧਰਮ-ਪੁਸਤਕਾਂ ਬਸ ਇਸ ਲੋਕ ਅਤੇ ਪਰਲੋਕ (ਸੁਰਗ) ਨਾਲ ਹੀ ਵਾਸਤਾ ਰਖਦੀਆਂ ਸਨ। ਇਹ ਕਹਿਣਾ ਕਿ ਉਹਨਾਂ ਪੁਸਤਕਾਂ ਵਿਚ ਹੋਰਨਾਂ ਧਰਤੀਆਂ ਦਾ ਵਰਨਣ ਹੈ, ਉਹਨਾਂ ਦੇ ਅਰਥਾਂ ਨੂੰ ਖਿੱਚਣ ਅਥਵਾ ਧੂ-ਘਸੀਟ ਕਰਨ ਵਾਲੀ ਗੱਲ ਹੈ।

"ਸਚਾਈ ਇਹ ਹੈ ਕਿ ਸਿਖ ਧਰਮ ਵਰਤਮਾਨ ਮਨੁੱਖ ਦੀਆਂ ਉਲਝਣਾਂ ਤੇ ਉਪਜੇ ਪ੍ਰਸ਼ਨਾਂ ਦਾ ਵਾਜਿਬ ਉੱਤਰ ਹੈ।"

ਜੋਦੜੀ : ਐ ਗੁਰਸਿੱਖ! ਵੇਖ ਗਫ਼ਲਤ ਤੇ ਹੀਣਤਾ-ਭਾਵ ਤੋਂ ਬੇਦਾਗ ਹੋ ਕੇ ਵੇਖ, ਕਿਤਨੀ ਸਚਾਈ ਹੈ ਉਪਰੋਕਤ ਬਿਆਨ ਵਿਚ। ਇਹ ਮਾਣ ਕੇਵਲ ਸਿੱਖ ਧਰਮ ਦੇ ਧਾਰਨੀ ਨੂੰ ਹੀ ਹੋ ਸਕਦਾ ਹੈ ਜੋ ਉਹ ਸਾਂਝੇ ਰੱਬ, ਸਾਂਝੇ ਗੁਰੂ, ਸਾਂਝੇ ਧਰਮ ਗ੍ਰੰਥ, ਸਾਂਝੇ ਉਪਦੇਸ਼, ਸਾਂਝੇ ਧਰਮ ਮੰਦਰ, ਸਾਂਝੇ ਸਮਾਜ ਤੇ ਰਾਜ, ਅਤੇ ਸਾਂਝੀ ਸੰਗਤ ਤੇ ਪੰਗਤ ਦਾ ਕਾਇਲ ਤੇ ਵਾਕਿਫ ਹੈ।

ਸੋ, ਜੇ ਤੂੰ ਐਸੀਆਂ ਸਾਂਝਾਂ ਤੇ ਸਮਾਨਤਾ ਵਾਲੇ ਨਿਰਮਲ-ਪੰਥ ਨਾਲ ਸਾਂਝ ਅਥਵਾ ਪ੍ਰੀਤ ਪਾਈ ਹੈ, ਤਾਂ ਫੇਰ ਉਸ ਦੀ ਲਾਜ ਰੱਖ, ਲੱਗੀਆਂ ਤੋੜ ਨਿਭਾ, ਅਤੇ ਸੁਪਨੇ ਵਿਚ ਵੀ ਕੋਈ ਅਵੱਗਿਆ ਕਰ ਕੇ

ਆਪਣੇ ਅਸਲੀ ਪਿਆਰ ਦੀ ਤੌਹੀਨ ਜਾਂ ਸਿੱਖੀ ਨੂੰ ਦਾਗ਼ਦਾਰ ਨਾ ਕਰ।
ਫੇਰ ਚਿਤਾਵਨੀ ਦੂ ;

ਕਰ ਇਸ਼ਕ ਕੀਆ ਹੈ, ਤੋ ਇਸ਼ਕ ਕੀ ਤੌਹੀਨ ਨਾ ਕਰ,
ਯਾ ਤੋ ਬੇਹੋਸ਼ ਨਾ ਹੋ, ਹੋ ਤੋ ਫਿਰ ਨਾ ਹੋਸ਼ ਮੇਂ ਆ।

ਤੁਬਾ—ਯਾ ਨਾਮ ਨ ਲੇ ਮੈਖ਼ਾਨੇ ਕਾ,
ਯਾ ਗ਼ਰਕ ਮਏ ਗੁਲਗੂੰ ਹੋ ਜਾ।

ਪੀਨੇ ਮੇਂ ਰਹੇ ਕੁਛ ਹੋਸ਼ ਅਗਰ,
ਤੌਹੀਨ ਹੈ ਯਿ: ਮਏ ਖ਼ਾਨੇ ਕੀ।

(ਮਏ ਗੁਲਗੂੰ-ਲਾਲ-ਰੰਗ ਦੀ ਸ਼ਰਾਬ, ਭਾਵ—ਨਾਮ ਖੁਮਾਰੀ)

ਉਠ! ਸਾਵਧਾਨ ਹੋ, ਤੇ ਵੇਖ ਕਿ ਭਾਈ ਨੰਦ ਲਾਲ ਜੀ "ਗੋਯਾ' ਕਿਵੇਂ, ਤੈਨੂੰ ਕੂਚ ਕਰ ਗੁਜ਼ਰਨ ਲਈ, ਗੁਰਮਤਿ ਦੀ ਨਵੀਂ ਬਹਾਰ ਦਾ, ਨਵਾਂ ਪੈਗ਼ਾਮ ਦੇ ਰਹੇ ਹਨ :

ਬਹੋਸ਼ ਬਾਸ਼, ਕਿ ਹੰਗਾਮਿ ਨੌ ਬਹਾਰ ਆਮਦ।
ਬਹਾਰ ਆਮਦੋ, ਯਾਰ ਆਮਦੋ, ਕਰਾਰ ਆਮਦ।

[ਭਾਵ—ਉਠ ! ਹੋਸ਼ ਕਰ : (ਗੁਰਮਤਿ ਦੀ) ਨਵੀਂ ਬਹਾਰ ਆਈ ਹੈ। ਇਸ ਬਹਾਰ ਦੀ ਆਮਦ ਨਾਲ ਸਤਿਗੁਰੂ ਸੱਜਣ ਆਇਆ ਹੈ ਅਤੇ ਉਸ ਦੀ ਆਮਦ ਨਾਲ, ਭਟਕਣ ਤੇ ਧਾਵਨਾ ਮੁੱਕ ਕੇ, ਦਿਲੀ ਚੈਨ ਤੇ ਸ਼ਾਂਤੀ ਪ੍ਰਾਪਤ ਹੋਈ ਹੈ।]

ਗੁਰੂ

ਗੁਰੂ ਸੰਸਕ੍ਰਿਤ ਦਾ ਸ਼ਬਦ ਹੈ। ਇਹ "ਗ੍ਰੀ" ਧਾਤੂ ਤੋਂ ਬਣਿਆ ਹੈ ਅਤੇ ਇਸ ਦੇ ਅਰਥ ਹਨ : ਨਿਗਲ ਜਾਣਾ; ਖਾ ਜਾਣਾ ਜਾਂ ਸਮਝਾਉਣਾ। ਭਾਵ, ਗੁਰੂ ਉਹ ਹੈ, ਜੋ ਅਗਿਆਨ ਰੂਪੀ ਹਨੇਰੇ ਨੂੰ, ਗਿਆਨ-ਰੂਪੀ ਪ੍ਰਕਾਸ਼ ਦੁਆਰਾ ਖਾ ਜਾਂਦਾ ਹੈ ਅਤੇ ਸਿੱਖ ਨੂੰ ਤੱਤ-ਗਿਆਨ ਦੀ ਸੋਝੀ ਕਰਾਉਂਦਾ ਹੈ। ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨੇ 'ਗੁਰਮਤਿ ਮਾਰਤੰਡ' ਵਿਚ ਗੁਰੂ-ਪਦ ਦੇ ਜੋ ਅਰਥ ਕੀਤੇ ਹਨ ਉਹ ਬੜੇ ਹੀ ਸਰਲ, ਸਾਦੇ ਅਤੇ ਭਾਵ-ਪੂਰਤ ਹਨ। ਆਪ ਲਿਖਦੇ ਹਨ –

"ਅਗਿਆਨ ਵਿਨਾਸ਼ਕ, ਸੱਤ ਅਤੇ ਚਿੱਤ ਉਪਦੇਸ਼ਟਾ ਦਾ ਨਾਉਂ, ਗੁਰੂ ਹੈ, ਪਰ ਇਸ ਸ਼ਬਦ ਦੀ ਗੁਰੂ ਨਾਨਕ ਦੇਵ ਵਿਚ ਰੂਢੀ (ਪਰਸਿੱਧ ਸ੍ਰੇਸ਼ਟ) ਸ਼ਕਤਿ ਹੈ, ਜੋ ਕਰਤਾਰ ਵਲੋਂ ਸੰਸਾਰ ਮਾਤ੍ਰ ਦੇ ਉਧਾਰ ਵਾਸਤੇ ਜਗਤ-ਗੁਰੂ ਥਾਪੇ ਗਏ ਹਨ।"

ਗੁਰੂ ਸ਼ਬਦ ਦੀ ਵਰਤੋਂ 'ਉਪਨਿਸ਼ਦ ਕਾਲ' ਤੋਂ ਹੁੰਦੀ ਆਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰ, ਗੁਰਿ, ਸਤਿਗੁਰੂ, ਗੁਰੁ ਤੇ ਗੁਰੂ ਪਦ ਸਮਾਨ ਅਰਥਾਂ ਵਿਚ ਵਰਤੇ ਗਏ ਹਨ। ਇਹ ਅਰਥ ਹਨ : ਧਰਮ ਦੀ ਸਿੱਖਿਆ ਅਥਵਾ ਆਤਮ-ਗਿਆਨ ਦੇਣ ਵਾਲਾ ਆਚਾਰੀਆ, ਕਿਸੇ ਮੱਤ ਦਾ ਚਾਲਕ, ਵੱਡਾ ਜਾਂ ਭਾਰੀ, ਪੂਜਣ ਜੋਗ ਅਤੇ ਸ੍ਰੇਸ਼ਟ ਖੁਬੀ ਵਾਲਾ। ਇਸ ਦੀ ਵਰਤੋਂ ਵਿਸ਼ੇਸ਼ ਕਰਕੇ ਸ੍ਰੀ ਗੁਰੂ ਨਾਨਕ ਦੇਵ ਅਤੇ ਉਹਨਾਂ ਦੀ ਜੋਤਿ ਅਨ-ਗੁਰੂ ਸਾਹਿਬਾਨ ਲਈ ਵੀ ਕੀਤੀ ਗਈ ਹੈ। ਕਿਤੇ ਕਿਤੇ ਇਹ ਪਦ, ਅਕਾਲ ਪੁਰਖ ਵਾਹਿਗੁਰੂ ਲਈ ਵੀ ਵਰਤਿਆ ਗਿਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂਆਂ ਨੂੰ ਚਾਰ ਪ੍ਰਕਾਰ ਦੀਆਂ ਸ਼੍ਰੇਣੀਆਂ ਵਿਚ ਵੰਡਿਆ ਹੈ —

ਪਹਿਲੀ—ਭ੍ਰਿੰਗੀ ਗੁਰੂ : ਜਿਵੇਂ ਭ੍ਰਿੰਗੀ ਆਪਣੀ ਭੀਂ ਭੀਂ ਦੀ ਆਵਾਜ਼ ਨਾਲ ਖ਼ਾਸ ਕਿਸਮ ਦੇ ਕੀੜੇ ਨੂੰ ਆਪਣੇ ਜਿਹਾ ਭ੍ਰਿੰਗੀ ਕਰ ਲੈਂਦਾ ਹੈ, ਪਰ ਹਰੇਕ ਕ੍ਰਿਮ ਨੂੰ ਨਹੀਂ; ਇਵੇਂ ਹੀ ਭ੍ਰਿੰਗੀ ਗੁਰੂਆਂ ਦਾ ਉਪਦੇਸ਼ ਮਨੁੱਖ ਮਾਤ੍ਰ ਲਈ ਨਹੀਂ ਹੁੰਦਾ, ਸਗੋਂ ਵਿਸ਼ੇਸ਼ ਜਾਤੀਆਂ ਅਥਵਾ ਸ਼੍ਰੇਣੀਆਂ ਲਈ ਹੀ ਮਖ਼ਸੂਸ ਹੁੰਦਾ ਹੈ।

ਦੂਜੀ—ਪਾਰਸ ਗੁਰੂ : ਪਾਰਸ ਆਪਣੀ ਛੋਹ ਨਾਲ ਲੋਹੇ ਨੂੰ ਸੋਨਾ ਤਾਂ ਕਰ ਦੇਂਦਾ ਹੈ; ਪਰੰਤੂ, ਆਪਣੇ ਜਿਹਾ ਪਾਰਸ ਨਹੀਂ ਕਰ ਸਕਦਾ। ਸੋ, ਅਜਿਹੇ ਗੁਰੂ, ਸਿਖ ਨੂੰ ਆਪਣੀ ਛੁਹ ਨਾਲ ਅਵੱਸ਼ ਉੱਚਾ ਤਾਂ ਕਰਦੇ ਹਨ, ਪਰੰਤੂ, ਉਹਨਾਂ ਵਿਚ ਅਜਿਹਾ ਬਲ ਨਹੀਂ ਭਰ ਸਕਦੇ, ਜੋ ਉਹ ਵੀ ਅੱਗੇ ਆਪਣੀ ਛੁਹ ਨਾਲ ਹੋਰਨਾਂ ਨੂੰ ਗੁਰੂਆਂ ਵਾਂਗ, ਉਠਿਆਂ ਸੱਕਣ।

ਤੀਜੀ—ਬਾਵਨ ਚੰਦਨ ਗੁਰੂ : ਬਾਵਨ ਚੰਦਨ ਖ਼ਾਸ ਰੁੱਤ ਵਿੱਚ ਆਸੇ ਪਾਸੇ ਦੇ ਰੁੱਖਾਂ ਨੂੰ ਸੁਗੰਧੀ ਵਾਲੇ ਕਰ ਦਿੰਦਾ ਹੈ, ਪਰੰਤੂ ਸਾਰੀਆਂ ਰੁੱਤਾਂ ਵਿਚ ਅਜਿਹਾ ਨਹੀਂ ਕਰ ਸਕਦਾ ਅਤੇ ਬਾਂਸ ਨੂੰ ਤਾਂ ਕਿਸੇ ਰੁੱਤ ਵਿੱਚ ਵੀ ਸੁਗੰਧਤ ਨਹੀਂ ਕਰਦਾ। ਸੋ, ਜੋ ਅਚਾਰੀਆ ਵਿਸ਼ੇਸ਼ ਹਾਲਤਾਂ ਤੇ ਵਾਤਾਵਰਣ ਵਿਚ ਹੀ, ਖ਼ਾਸ ਖ਼ਾਸ ਸ਼੍ਰੇਣੀਆਂ ਤੇ ਜਗਿਆਸੂਆਂ ਨੂੰ ਤਾਂ ਉਪਦੇਸ਼ ਕਰੇ; ਪਰੰਤੂ, ਹਰ ਸਮੇਂ ਹਰੇਕ ਨੂੰ ਨਾ ਕਰੇ, ਅਜਿਹਾ ਵਿਤਕਰੇ-ਭਰਪੂਰ ਗੁਰੂ 'ਬਾਵਨ ਚੰਦਨ ਗੁਰੂ' ਅਖਵਾਂਦਾ ਹੈ।

ਚੌਥੀ—ਦੀਪਕ ਗੁਰੂ : ਜਿਵੇਂ ਦੀਪਕ ਹੋਰਨਾਂ ਦੀਪਾਂ ਨੂੰ ਆਪਣੇ ਤੁਲ ਜੋਤਿ ਵਾਲਾ ਕਰ ਦਿੰਦਾ ਹੈ, ਅਤੇ ਉਸਦੀ ਆਪਣੀ ਜੋਤਿ ਵੀ ਬ-ਦਸਤੂਰ ਕਾਇਮ ਰਹਿੰਦੀ ਹੈ; ਤਿਵੇਂ ਹੀ ਦੀਪਕ ਗੁਰੂ ਦੀ ਛੁਹ ਨਾਲ ਸਿਖ ਗੁਰੂ-ਰੂਪ ਹੋ ਨਿਬੜਦਾ ਹੈ। ਭਾਈ ਨੰਦ ਲਾਲ ਜੀ 'ਗੋਯਾ' ਅਜਿਹੇ ਗੁਰੂ ਤੇ ਸਿਖ ਦੇ ਮਿਲਾਪ ਅਤੇ ਇਕ ਮਿਕ ਹੋਣ ਦੀ ਅਵਸਥਾ ਨੂੰ ਦੀਵਾਨਿ ਗੋਯਾ ਵਿਚ ਇਉਂ ਬਿਆਨ ਕਰਦੇ ਹਨ—

ਦਿਲਿ ਆਸ਼ਿਕ, ਬ-ਅੰਦਰਿ ਹੁਰਮਤੇ, ਮਾਸ਼ੂਕ ਮੇ ਗਰਦਦ।
ਸਰਾ ਪਾ ਜਾਂ ਬ-ਵਦ, ਹਰ ਕਸ, ਕਿ ਬਾ ਜਾਨਾਨਾ ਮੇ-ਸਾਜ਼ਦ।
(ਗ਼ਜ਼ਲ ੨੧)

[ਭਾਵ—ਪ੍ਰੇਮੀ ਦਾ ਦਿਲ ਥੋੜੇ ਸਮੇਂ ਬਾਅਦ ਪ੍ਰੀਤਮ ਦੇ ਦਿਲ ਵਿਚ ਬਦਲ ਜਾਂਦਾ ਹੈ ਅਤੇ ਪ੍ਰੀਤਮ ਦਾ ਪ੍ਰੇਮੀ ਦੇ ਦਿਲ ਵਿੱਚ। ਜੋ ਵੀ ਆਪਣੇ ਪ੍ਰੀਤਮ, ਭਾਵ ਸਤਿਗੁਰੂ ਨਾਲ ਪ੍ਰੇਮ ਪਾਉਂਦਾ ਹੈ ਉਹ ਸਿਰ ਤੋਂ ਪੈਰਾਂ ਤੱਕ ਪ੍ਰੀਤਮ (ਗੁਰੂ) ਦਾ ਰੂਪ ਹੀ ਹੋ ਕੇ ਥੀਂਦਾ ਹੈ।]

ਗੁਰੂ ਤੇ ਸਿਖ ਦੀ ਇਸ ਇਕ-ਰੂਪਤਾ, ਇੱਕ-ਸੁਰਤੀ ਤੇ ਅਦੁੱਤੀ ਸਾਂਝ ਨੂੰ ਭਾਈ ਗੁਰਦਾਸ ਜੀ ਅਤੇ ਕਵਿ ਗੁਰਦਾਸ ਸਿੰਘ ਜੀ ਇਉਂ ਨਿਰੂਪਨ ਕਰਦੇ ਹਨ :—

ਗੁਰ ਚੇਲਾ, ਚੇਲਾ ਗੁਰ ਹੋਈ ॥ (ਭਾ: ਗੁਰਦਾਸ, ਵਾਰ ੩੬)
ਤਥਾ—ਵਾਹ ! ਵਾਹ ! ਗੋਬਿੰਦ ਸਿੰਘ, ਆਪੇ ਗੁਰ ਚੇਲਾ ॥
(ਗੁਰਦਾਸ ਕਵਿ)

''ਦੀਪਕ ਤੇ ਦੀਪਕ ਪ੍ਰਗਾਸਿਆ'' ਵਾਲੀ ਖੇਡ ਹੈ ਇਹ।

ਇਕ ਅੰਗ੍ਰੇਜ਼ ਵਿਦਵਾਨ ਇਸ ਸਚਾਈ ਨੂੰ ਇਉਂ ਰੂਪਮਾਨ ਕਰਦਾ ਹੈ: Just as a lamp enkindles other lamp, nor grows the less; so nobleness enkindles nobleness.

ਗੁਰੂ ਨਾਨਕ ਅਥਵਾ ਬਾਕੀ ਸਿਖ ਗੁਰੂ ਸਾਹਿਬਾਨ ਦੀਪਕ-ਗੁਰੂ ਹਨ।

ਗੁਰੂ ਦੀ ਲੋੜ—

ਜਿਵੇਂ, ਸੰਸਾਰ ਦੇ ਹਰ ਖੇਤਰਾਂ ਵਿਚ ਸਿਖਲਾਈ ਜਾਂ ਟਰੇਨਿੰਗ ਆਦਿ ਲਈ ਉਸਤਾਦ ਜਾਂ ਸਿੱਖਿਆ-ਦਾਤਾ ਦੀ ਲੋੜ ਹੈ ਤਿਵੇਂ ਹੀ ਅਧਿਆਤਮਿਕ ਖੇਤਰ ਵਿਚ ਵੀ ਆਤਮ-ਉੱਨਤੀ ਲਈ ਗੁਰੂ ਅਥਵਾ ਮੁਰਸ਼ਦ ਦੀ ਅਵੱਸ਼ਕਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ

ਦੀ ਛੇਵੀਂ ਪਉੜੀ ਵਿਚ ਇਸ ਨੁਕਤੇ ਨੂੰ ਸਪੱਸ਼ਟ ਕਰਦੇ ਹੋਏ ਫ਼ੁਰਮਾਉਂਦੇ ਹਨ ਕਿ ਪੂਰਨ ਗੁਰੂ ਦੀ ਸਹਾਇਤਾ ਤੋਂ ਬਿਨਾਂ ਪ੍ਰਭੂ ਦੀ ਲੱਖਤਾ ਸੰਭਵ ਨਹੀਂ। ਹੋਵੇ ਵੀ ਕਿਵੇਂ, ਜਦ ਕਿ ਸ਼ੇਰਨੀ ਦਾ ਦੁੱਧ ਜਮਾਉਣ ਲਈ ਸੋਨੇ ਦੇ ਭਾਂਡੇ ਦੀ ਅਵੱਸ਼ਕਤਾ ਵਾਂਗ ਪ੍ਰਭੂ ਦੇ ਨਿਵਾਸ ਤੇ ਪ੍ਰਕਾਸ਼ ਦਾ ਤੇਜ ਝੱਲਣ ਲਈ ਪੂਰਨ ਸਤਿਗੁਰੂ ਦੇ ਰੱਬ-ਵਰਗੇ ਵਿਸ਼ਾਲ ਹਿਰਦੇ ਦੀ ਲੋੜ ਹੈ। ਸਤਿਗੁਰੂ ਦੀ ਲੋੜ ਤੇ ਮਹਾਨਤਾ ਬਾਰੇ ਨਿਰੰਕਾਰੀ ਸਤਿਗੁਰੂ ਜੀ ਦਾ ਆਪਣਾ ਫ਼ੁਰਮਾਨ ਹੈ—

ਬਿਨੁ ਸਤਿਗੁਰਿ ਕੀਨੈ ਨ ਪਾਇਓ, ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ, ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ, ਜਿਨਿ ਵਿਚਹੁ ਮੋਹੁ ਚੁਕਾਇਆ ॥
ਉਤਮੁ ਏਹੁ ਬੀਚਾਰੁ ਹੈ, ਜਿਨਿ ਸਚੇ ਸਿਉ ਚਿਤੁ ਲਾਇਆ ॥
ਜਗ ਜੀਵਨੁ ਦਾਤਾ ਪਾਇਆ ॥੬॥ (ਆਸਾ ਦੀ ਵਾਰ)

ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਦੀ ਲੋੜ ਤੇ ਮਹਾਨਤਾ ਨੂੰ ਦਰਸਾਂਦੇ ਹੋਏ ਸਤਿਗੁਰੂ ਨੂੰ ਪ੍ਰਮੇਸ਼ੁਰ ਨਾਲ ਤੁਲਨਾ ਦੇਣ ਤਕ ਜਾਂਦੇ ਹਨ :

(ੳ) ਮਤ ਕੋ ਭਰਮਿ ਭੁਲੈ ਸੰਸਾਰਿ ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ਰਹਾਉ॥ ...
ਗੁਰੁ ਕਰਤਾ ਗੁਰੁ ਕਰਣੈ ਜੋਗ ॥
ਗੁਰੁ ਪਰਮੇਸਰੁ ਹੈ ਭੀ ਹੋਗੁ ॥
ਕਹੁ ਨਾਨਕ ਪ੍ਰਭਿ ਇਹੈ ਜਨਾਈ ॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪॥੫॥੭॥
(ਰਾਗ ਗੋਂਡ ਮ: ੫, ਪੰਨਾ ੮੬੪)

ਸੰਸਾਰ ਵਿਚ ਪਸਰਿਆ ਭਰਮ, ਸੰਸਾ ਅਥਵਾ ਬੇ-ਪ੍ਰਤੀਤੀ ਹੀ ਸਾਰੇ ਦੁਖਾਂ ਕਲੇਸ਼ਾਂ ਤੇ ਅਧੋਗਤੀ ਦਾ ਮੂਲ ਕਾਰਨ ਮੰਨੇ ਗਏ ਹਨ। ਗੁਰਮਤਿ ਅਨੁਸਾਰ ਗੁਰੂ ਤੋਂ ਬਿਨਾਂ ਨਾਮ ਅਥਵਾ ਨਿਰੰਕਾਰ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਨਾ ਹੀ ਨਾਮ ਤੋਂ ਬਿਨਾਂ ਭਰਮ ਦੀ ਨਿਵਿਰਤੀ। ਅਰਸ਼ੀ ਅਰਸ਼ਾਦ ਹੈ :—

ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ,
ਬਿਨੁ ਨਾਮੈ ਭਰਮੁ ਨ ਜਾਈ ॥... ...੩॥

ਗੁਰ ਸੇਵੇ ਸੋ ਬੂਝੈ ਭਾਈ,
ਗੁਰ ਬਿਨੁ ਮਗੁ ਨ ਪਾਈ॥੪॥ (ਸੋਰਠਿ ਮ: ੧, ਪੰ: ੬੩੫)

ਮਨੁੱਖ ਦਾ ਮਨ ਬੜਾ ਚੰਚਲ ਤੇ ਅਵੈੜਾ ਹੈ। ਇਸ ਨੂੰ ਅਤੇ ਇਸ ਦੇ ਸਾਥੀ ਪੰਜਾਂ ਦੂਤਾਂ—ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ—ਦੀ ਮੁਹਕਮ ਤੇ ਹੱਠੀ ਫ਼ੌਜ ਨੂੰ ਵੱਸ ਕੀਤੇ ਬਗ਼ੈਰ ਸੁਖ ਅਤੇ ਸ਼ਾਂਤੀ ਨਹੀਂ ਮਿਲਦੀ। ਪਰੰਤੂ, ਇਹ ਵਸ ਹੁੰਦੇ ਹਨ, ਗੁਰੂ ਦੀ ਸ਼ਰਨ ਲਿਆਂ—

ਜਬ ਗੁਰੁ ਮਿਲਿਆ, ਤਬ ਮਨੁ ਵਸਿ ਆਇਆ॥
ਧਾਵਤ ਪੰਚ ਰਹੇ, ਹਰਿ ਧਿਆਇਆ॥੨॥੫੩॥
(ਗਉੜੀ ਮ: ੪, ਪੰਨਾ ੧੬੫)

ਪਰਮਾਰਥ ਦੇ ਮਾਰਗ ਵਿਚ ਗੁਰੂ ਦੀ ਲੋੜ ਬਾਰੇ ਭਾਈ ਨੰਦ ਲਾਲ ਜੀ ਦਾ ਇਹ ਮਿਸਰਾ ਬੜਾ ਭਾਵ-ਪੂਰਤ ਹੈ —

ਬਗ਼ੈਰ ਬਦਰੱਕਾ-ਇ ਇਸ਼ਕ, ਕੈ ਰਸੀ ਬਾ ਦੋਸਤ॥ (ਗ਼ਜ਼ਲ ੨੦)

[ਭਾਵ—ਪਿਆਰ ਦੇ ਮਾਰਗ ਵਿਚ ਰਹਿਬਰ (ਗੁਰੂ) ਤੋਂ ਬਿਨਾ ਕੋਈ ਵੀ ਹਰੀ-ਮੰਜ਼ਰ ਤੱਕ ਨਹੀਂ ਪਹੁੰਚ ਸੱਕਿਆ।]

ਗੁਰੂ ਦੇ ਗੁਣ ਤੇ ਕਰਤੱਵ—

ਸੰਸਾਰ ਵਿਚ ਹਰ ਅਸਲ ਦੀ ਨਕਲ ਪੈਦਾ ਹੋ ਜਾਂਦੀ ਹੈ। ਜਿਤਨੀ ਕੋਈ ਵਸਤੂ ਵਧੇਰੇ ਕੀਮਤੀ ਹੋਵੇਗੀ, ਉਤਨੀ ਹੀ ਉਸ ਦੀ ਨਕਲ ਵੀ ਵੱਧ ਵੱਜੇਗੀ। ਇਸ ਲਈ ਮਨੁੱਖੀ ਕਲਿਆਨ ਲਈ ਅਗਿਆਨ ਵਿਨਾਸ਼ਕ, ਗਿਆਨ-ਪ੍ਰਕਾਸ਼ਕ, ਸੱਚ ਉਪਦੇਸ਼ਟਾ, ਪਰਉਪਕਾਰੀ ਅਤੇ ਸੇਵਕ ਦੇ ਹਿੱਤਾਂ ਲਈ ਤੱਤਪਰ ਰਹਿਣ ਵਾਲੇ ਕਾਮਲ ਸਤਿਗੁਰਾਂ ਦੇ ਨਾਲ ਨਾਲ ਨਕਲੀ, ਲੋਭੀ, ਸੁਆਰਥੀ, ਪਾਖੰਡੀ, ਕੱਚੇ ਤੇ ਢੋਂਗੀ ਗੁਰੂਆਂ ਦੀ ਵੀ ਸਦਾ ਭਰਮਾਰ ਰਹੀ ਹੈ। ਜੋ, ਜਗਿਆਸੂ ਦੀ ਅਗਵਾਈ ਲਈ,

ਗੁਰਬਾਣੀ ਵਿਚ, ਅਸਲੀ ਤੇ ਨਕਲੀ ਗੁਰੂ ਦੇ ਲੱਛਣ ਤੇ ਕਰਤੱਵ ਆਦਿ ਅੰਕਤ ਕਰਨ ਦਾ ਉਪਕਾਰ ਵੀ ਕੀਤਾ ਗਿਆ ਹੈ।

ਸਤਿਗੁਰੂ ਦਾ ਪਹਿਲਾ ਲੱਛਣ ਤਾਂ ਇਹ ਹੈ ਕਿ ਉਸ ਨੂੰ ਆਪ ਨਿਰੰਕਾਰ ਦੀ ਸੋਝੀ ਹੋਵੇ ਤੇ ਉਹ ਸਦਾ ਵਾਹਿਗੁਰੂ ਨਾਲ ਅਭੇਦ ਤੇ ਇਕ-ਸੁਰ ਵਰਤੇ। ਐਸਾ ਗੁਰੂ ਦੀ ਸੰਗਤ ਵਿਚ ਸਿਖ ਹਰੀ ਦੇ ਗੁਣ ਗਾਉਂਦਾ ਤੇ ਅਨੰਦਤ ਹੁੰਦਾ ਹੈ। ਗੁਰਵਾਕ ਹੈ –

ਸਤਿ ਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ, ਨਾਨਕ ਹਰਿ ਗੁਨ ਗਾਉ ॥੧॥

(ਗਉੜੀ ਸੁਖਮਨੀ, ਪੰਨਾ ੨੮੬)

ਸਤਿਗੁਰੂ ਦੇ ਹੋਰ ਵਡੇ ਗੁਣ ਲੱਛਣ ਇਹ ਹਨ ਕਿ ਉਹ ਸਭ ਨੂੰ ਇਕ ਸਮਾਨ ਆਪਣੀ ਪਿਆਰ-ਨਿੱਘ ਦੇਂਦਾ ਤੇ ਸਭ ਦਾ ਭਲਾ ਲੋਚਦਾ ਹੈ। ਉਹ ਆਪ ਅੰਦਰੋਂ ਬਾਹਰੋਂ ਸੱਚਾ ਤੇ ਸੱਚੇ ਆਚਾਰ ਵਾਲਾ ਹੁੰਦਾ ਹੈ, ਅਤੇ ਫੇਰ, ਇਹ ਸੱਚ ਉਹ ਸਿਖ ਨੂੰ ਦ੍ਰਿੜ੍ਹ ਕਰਾਉਂਦਾ ਹੈ। ਸਤਿਗੁਰੂ ਦਾ ਇਕ ਵਡਾ ਗੁਣ ਇਹ ਹੈ ਕਿ ਉਸ ਦੇ ਦਰਸਨਾਂ ਨਾਲ ਦੂਜਾ ਭਾਉ ਦੂਰ ਹੋਵੇ ਅਤੇ ਤਨ ਮਨ ਸੀਤਲ ਤੇ ਅਨੰਦਤ ਹੋਣ। ਉਹ, ਉਸਤਤ ਤੇ ਨਿੰਦਿਆ ਦੇ ਭਾਵਾਂ ਤੋਂ ਉਚੇਰਾ ਵਿਚਰੇ ਅਤੇ ਉਸ ਤੋਂ 'ਨਾਮ' ਅਥਵਾ ਪਰਮ-ਪਦ ਦੀ ਪ੍ਰਾਪਤੀ ਹੋਵੇ। ਵੇਖੋ, ਐਸੇ ਆਦਰਸ਼ਕ ਸਤਿਗੁਰੂ ਤੋਂ ਚੌਥੇ ਗੁਰਦੇਵ ਕਿਵੇਂ ਕੁਰਬਾਨ ਜਾਂਦੇ ਹਨ–

ਵਾਹੁ ਵਾਹੁ, ਸਤਿਗੁਰੁ ਪੁਰਖੁ ਹੈ, ਜਿਨਿ ਸਚੁ ਜਾਤਾ ਸੋਇ ॥
ਜਿਤੁ ਮਿਲਿਐ ਤਿਖ ਉਤਰੈ, ਤਨੁ ਮਨੁ ਸੀਤਲੁ ਹੋਇ॥......
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ,
ਜਿਸੁ ਨਿੰਦਾ ਉਸਤਤਿ ਤੁਲਿ ਹੋਇ ॥ .....
ਵਾਹੁ ਵਾਹੁ ਸਤਿਗੁਰੂ ਹੈ, ਜਿ ਸਚੁ ਦ੍ਰਿੜਾਏ ਸੋਇ ॥
ਨਾਨਕ, ਸਤਿਗੁਰ, ਵਾਹੁ ਵਾਹੁ, ਜਿਸ ਤੇ ਨਾਮੁ ਪਰਾਪਤਿ ਹੋਇ ॥੨॥

(ਸਲੋਕ ਵਾਰਾਂ ਤੇ ਵਧੀਕ ਮ: ੪, ਪੰਨਾ ੧੪੨੧)

ਤਥਾ—ਜਿਸੁ ਮਿਲਿਐ ਮਨਿ ਹੋਇ ਅਨੰਦੁ, ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ, ਹਰਿ ਪਰਮ ਪਦੁ ਲਹੀਐ ॥੧॥
(ਗਉੜੀ ਮ: ੪, ਪੰਨਾ ੧੬੮)

ਹੋਰ—ਸੋ ਸਤਿਗੁਰੁ, ਜਿਸੁ ਰਿਦੈ ਹਰਿ ਨਾਉ ॥ (ਸੁਖਮਨੀ ਸਾਹਿਬ)

ਸੱਚਾ ਗੁਰੂ, ਸਿਖ ਤੋਂ ਠੱਗੀ ਠੋਰੀ ਦੇ ਢੰਗ ਪਖੰਡ ਦੁਆਰਾ ਮਾਇਆ ਠੱਗਣ ਦੀ ਥਾਂ, ਉਸ ਨੂੰ ਇਵੇਂ ਪਾਲਦਾ ਤੇ ਉਸ ਦੀ ਸੰਭਾਲ ਕਰਦਾ ਹੈ, ਜਿਵੇਂ ਮਾਤਾ ਆਪਣੇ ਪੁੱਤਰ ਦੇ ਮੂੰਹ ਪਾ ਕੇ ਪ੍ਰਸੰਨ ਹੁੰਦੀ ਹੈ। ਗੁਰੂ, ਸਿਖ ਦੇ ਲੋਕ ਤੇ ਪ੍ਰਲੋਕ ਸਵਾਰਦਾ, ਨਾਮ ਧਨ ਬਖਸ਼ਦਾ, ਅਤੇ ਸਿਖ ਨੂੰ ਆਪਣੇ ਦਿਲ ਨਾਲ ਲਾ ਕੇ ਰੱਖਦਾ ਹੈ। ਗੁਰਵਾਕ ਹਨ :—

[ੳ] ਜਿਉ ਜਨਨੀ ਸੁਤੁ ਜਣਿ ਪਾਲਤੀ, ਰਾਖੈ ਨਦਰਿ ਮਝਾਰਿ ॥ ..
ਤਿਉ ਸਤਿਗੁਰੁ ਗੁਰਸਿਖ ਰਾਖਤਾ, ਹਰਿ ਪ੍ਰੀਤਿ ਪਿਆਰਿ ॥੧॥
(ਗਉੜੀ ਮ: ੪, ਪੰਨਾ ੧੬੮)

[ਅ] ਮਾਤਾ ਪ੍ਰੀਤਿ ਕਰੇ, ਪੁਤੁ ਖਾਇ ॥
ਮੀਨੇ ਪ੍ਰੀਤਿ ਭਈ, ਜਲਿ ਨਾਇ ॥
ਸਤਿਗੁਰ ਪ੍ਰੀਤਿ, ਗੁਰਸਿਖ ਮੁਖਿ ਪਾਇ ॥੧॥
(ਗਉੜੀ ਗੁਆਰੇਰੀ ਮ: ੪, ਪੰਨਾ ੧੬੪)

[ੲ] ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ, ਦੁਰਮਤਿ ਮਲੁ ਹਿਰੈ ॥
ਗੁਰ ਬਚਨੀ ਹਰਿ ਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥
ਗੁਰ ਕਾ ਸਿਖੁ ਵਡਭਾਗੀ ਹੇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ, ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥
(ਸੁਖਮਨੀ ਸਾਹਿਬ, ਪੰਨਾ ੨੮੬)

ਸਿਖ ਸਤਿਗੁਰਾਂ ਅਤੇ ਅਨ-ਮਹਾਂਪੁਰਖਾਂ ਨੇ ਜਗਿਆਸੂ ਲਈ ਅਸਲੀ ਗੁਰੂ ਦੇ ਗੁਣ ਤੇ ਕਰਤੱਵ ਇਤਨੀ ਸਪੱਸ਼ਟਤਾ ਤੇ ਵਿਸਥਾਰ ਨਾਲ ਬਿਆਨ ਕਰ ਕੇ, ਜਿਥੇ ਉਸ ਨੂੰ ਸਹੀ ਜੀਵਨ-ਸੇਧ ਦਿਤੀ ਹੈ, ਓਥੇ ਨਾਲ ਹੀ ਕੱਚੇ, ਪਖੰਡੀ, ਅੰਧੇ, ਅਗਿਆਨੀ ਤੇ ਅਖੌਤੀ ਗੁਰੂਆਂ ਦੇ ਫਹੇ ਚੜ੍ਹਨੋਂ ਵੀ ਸਾਵਧਾਨ ਕੀਤਾ ਹੈ*। ਪਰੰਤੂ, ਦੁਖ ਦੀ ਗੱਲ ਇਹ ਹੈ ਕਿ ਨਕਲੀ ਗੁਰੂਆਂ ਦੀ ਇਤਨੀ ਭਰਮਾਰ ਤੇ ਵਿਖਾਵਾ ਇਤਨਾ ਲਿਸ਼ਕ ਪੁਸ਼ਕ ਵਾਲਾ ਹੈ, ਅਤੇ ਜਨਤਾ ਇਤਨੀ ਭੋਲੀ ਹੈ ਕਿ 'ਮਰਜ਼ ਬੜ੍ਹਤਾ ਗਿਆ ਜੂੰ ਜੂੰ ਦਵਾ ਕੀ' ਵਾਲੀ ਗੱਲ ਹੋ ਰਹੀ ਹੈ। ਜਦ ਇਕ ਨਕਲੀ ਗੁਰੂ ਦੀ ਦੁਕਾਨ ਚਲ ਪੈਂਦੀ ਹੈ, ਤਾਂ ਮਕਰ ਨਾਲ ਦੁਨੀਆ ਲੁੱਟ ਕੇ 'ਸ਼ੱਕਰ ਨਾਲ ਰੋਟੀ ਖਾਣ' ਲਈ ਹੋਰ ਚਤੁਰ, ਢੋਂਗੀ, ਸੁਆਰਥੀ ਤੇ ਅਧਰਮੀ ਲੋਕਾਂ ਦੇ ਮੂੰਹ ਵੀ ਪਾਣੀ ਭਰ ਆਉਂਦਾ ਹੈ। ਸਹੀ ਤੇ ਸੱਚਾ ਗੁਰੂ ਬਣਨ ਲਈ ਕੋਈ ਪ੍ਰੀਖਿਆ ਦਾ ਸਰਟੀਫ਼ੀਕੇਟ ਤਾਂ ਹੈ ਨਹੀਂ, ਜੋ ਇਹਨਾਂ ਲਈ ਲੈਣਾ ਜ਼ਰੂਰੀ ਹੋਵੇ।

ਸੋ, ਇਹ ਦੁੱਧ-ਪੀਣੇ ਮਜਨੂੰ ਲੋਕਾਈ ਦੀ ਪੀੜਾ ਹਰਨ ਹਿਤ ਧਰਮ, ਸਚਾਈ ਤੇ ਨੇਕੀ ਦੀ ਖ਼ਾਤਰ ਤੱਤੀਆਂ ਤਵੀਆਂ ਉੱਤੇ ਬੈਠਣ, ਸੀਸ ਬਲੀਦਾਨ ਕਰਨ, ਸਰਬੰਸ ਵਾਰਨ ਤੇ ਖੰਡਾ ਖੜਕਾਉਣ, ਆਰਿਆਂ ਨਾਲ ਚੀਰੇ ਜਾਣ ਅਤੇ ਬੰਦ ਬੰਦ ਕਟਾਉਣ ਆਦਿ ਦੀ ਪ੍ਰੀਖਿਆ ਵਿਚ ਪੈਣੋਂ ਤਾਂ ਰਹੇ। ਨਿਆਂ ਦੀ ਗੱਲ ਤਾਂ ਇਹ ਹੈ ਕਿ ਜੇ ਇਹਨਾਂ ਨਕਲੀ ਗੁਰੂਆਂ ਨੇ ਜਗਤ-ਗੁਰੂ ਨਾਨਕ ਦੇਵ ਜੀ ਦੇ ਸਰੂਪ ਹੋਣ, ਸਗੋਂ ਉਨ੍ਹਾਂ ਨੂੰ ਪਿੱਛੇ ਪਾ ਕੇ ਆਪਣੇ ਆਪ ਨੂੰ ਉਹਨਾਂ ਤੋਂ ਵੀ ਉਚੇਰਾ ਹੋਣ ਦਾ ਦਾਅਵਾ ਕਰਨਾ ਤੇ ਦਮ ਮਾਰਨਾ ਹੈ ਤਾਂ ਨਿਤਰਨ ਉਹਨਾਂ ਦੀ ਜੋਤਿ ਤੇ ਜੁਗਤੀ ਵਾਲੇ ਗੁਰੂ ਸਾਹਿਬਾਨ ਵਾਂਗ; ਅਧਰਮ ਤੇ ਧੱਕੇ ਦੇ ਟਾਕਰੇ ਲਈ। ਕੀ ਅੱਜ ਰਾਜੇ ਸ਼ੀਂਹ ਤੇ ਕਸਾਈ ਅਤੇ ਮੁਕੱਦਮ ਕੁੱਤੇ ਨਹੀਂ ?

*ਜੋ ਸਿਖ ਖ਼ਾਲਸੇ ਸ੍ਰੀ ਅਕਾਲ ਪੁਰਖ ਕੇ ਹੋਵੇਂਗੇ, ਸੋ ਸਿਵਾਇ ਸ੍ਰੀ ਅਕਾਲ ਪੁਰਖ, ਦੂਸਰੇ ਮਨੁਖ ਕੇ ਸਾਮੇ ਕੋ ਨਾ ਜਾਵੇਂਗੇ। ਕਈ ਗੁਰੂ ਝੂਠੇ ਸਦਾਵਹਿੰਗੇ, ਪਰ ਓਇ ਨਹੀਂ ਮੰਨੀਂਗੇ। (ਪ੍ਰੇਮ ਸੁਮਾਰਗ)

ਕੀ ਸੱਚ ਦੇ ਚੰਦਰਮਾ ਦਾ, ਕੂੜ ਦੀ ਅਮਾਵਸ ਦੇ ਕਾਰਨ, ਅਲੋਪ ਨਹੀਂ ? ਕੀ ਅੱਜ ਕੌਮੀਅਤ, ਦੇਸ਼, ਜਾਤੀ, ਰੂਪ ਰੰਗ ਤੇ ਨਸਲ ਦੇ ਵਿਤਕਰੇ ਮਨੁੱਖੀ ਸਮਾਨਤਾ ਨੂੰ ਲੀਰੋ ਲੀਰ ਨਹੀਂ ਕਰ ਰਹੇ ? ਇਹ ਤੇ ਹੋਰ ਬਹੁਤ ਕੁਝ ਅਣ-ਸੁਖਾਵਾਂ ਵਾਪਰ ਰਿਹਾ ਹੈ, ਸੱਚੇ-ਆਚਾਰ ਦੀ ਅਣਹੋਂਦ ਕਾਰਨ, ਪ੍ਰੰਤੂ, ਇਹ ਢੌਂਗੀ, ਪਾਖੰਡੀ ਤੇ ਦੰਭ-ਪੀੜੇ ਮਨਹੂੰ-ਗੁਰੂ, ਮਸਤ ਹਨ ਆਪਣੀ ਪੂੰਤਰਤਾ ਤੇ ਐਸ਼-ਪ੍ਰਸਤੀ ਵਿਚ; ਸੁੱਤੇ ਪਏ ਹਨ ਮਾਨ ਵਡਿਆਈ ਤੇ ਹਉਮੈ ਦੇ ਦੀਰਘ ਰੋਗ ਦੀ ਨੀਂਦ ਵਿੱਚ। ਸਿਖ ਸਤਿਗੁਰੂਆਂ ਦਾ ਜੀਵਨ ਤਾਂ ਸੇਵ, ਤੜਪ, ਕੁਰਬਾਨੀ ਤੇ ਬੇਕਰਾਰੀ ਦਾ ਜੀਵਨ ਸੀ, ਜਦ ਕਿ ਇਹਨਾਂ ਡੰਦਰ-ਪੁਰਸ਼ਾਂ ਦਾ ਚੇਲਿਆਂ ਸ਼ਰਧਾਲੂਆਂ ਤੋਂ ਮਾਣੀ ਮਾਇਆ ਨਾਲ ਮੌਜਾਂ ਮਾਣਣ ਤੇ ਐਸ਼ ਬਹਾਰਾਂ ਕਰਨ ਦਾ। ਇਹ ਤਾਂ :— 'ਖ਼ਾਕ ਰਾ ਚਿ ਨਿਸਬਤ ਅਸਤ ਬਾ ਆਲਿਮਿ ਪਾਕ' ਵਾਲੀ ਹਕੀਕਤ ਹੈ, ਇਨ੍ਹਾਂ ਧਰਮ, ਸੱਚਾਈ ਤੇ ਨੇਕਾਈ ਦੇ ਵੈਰੀਆਂ ਦੀ।

ਅੰਤ ਵਿਚ, ਅਸੀਂ ਸ਼ਬਦ ਤੇ ਦੇਹ-ਧਾਰੀ ਗੁਰੂ ਦੇ ਸੰਬੰਧ ਵਿਚ ਵੀ, ਇਸ਼ਾਰੇ ਮਾਤ੍ਰ, ਇਤਨਾ ਹੀ ਕਹਿਣਾ ਹੈ ਕਿ ਆਖ਼ਰ ਸਾਨੂੰ ਆਪਣੇ ਭਾਵ ਪਰਗਟ ਕਰਨ ਲਈ ਬੋਲੀ, ਸ਼ਬਦ ਜਾਂ ਬਾਣੀ ਦਾ ਹੀ ਆਸਰਾ ਲੈਣਾ ਪੈਂਦਾ ਹੈ। ਦੇਹਾਂ ਤਾਂ ਸਦਾ ਬਿਨਸਦੀਆਂ ਹੀ ਰਹਿਣਗੀਆਂ, ਪਰੰਤੂ ਸ਼ਬਦ ਜਾਂ ਬਾਣੀ ਨਿਹਚਲ ਹੈ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਜ ਵੀ ਸ਼ਬਦ ਰੂਪ ਵਿਚ ਮਨੁੱਖਤਾ ਦੀ ਅਗਵਾਈ ਕਰ ਰਹੇ ਹਨ, ਜਦ ਕਿ ਇਨ੍ਹਾਂ ਦੇ ਰਚਣਹਾਰ ਦੇਹ ਕਰ ਕੇ ਸਾਡੇ ਵਿਚੋਂ ਅਲੋਪ ਹਨ।

ਅੰਜੀਲ, ਕੁਰਾਨ, ਗੀਤਾ ਆਦਿ ਸਭ ਧਾਰਮਿਕ ਗ੍ਰੰਥ ਕੀ ਹਨ ? ਸ਼ਬਦਾਂ ਦਾ ਸੰਗ੍ਰਹਿ। ਸ਼ਬਦ ਨਿਹਚਲ ਹੈ। ਸ਼ਬਦ, ਨਾਮ, ਸੱਚ ਤੇ ਗੁਰਬਾਣੀ ਸਮ-ਅਰਥਕ ਹਨ। ਸਾਡੇ ਖ਼ਿਆਲ ਵਿਚ ਹੈ, ਦੇਹਾਂ ਤਾਂ ਸਭ ਦੀਆਂ ਇਕ ਸਮਾਨ ਪੰਜਾਂ ਤੱਤਾਂ ਦੀਆਂ ਹਨ।

ਸੋ, ਜੀਵਨ-ਸੰਗਰਾਮ ਵਿਚ ਪੂੰਗ ਚੁਕੇ ਅਤੇ ਸਫਲ ਚੜ੍ਹੇ ਅਕਾਲ ਰੂਪ ਸਤਿਗੁਰੂਆਂ ਦੀ ਸ਼ਬਦ-ਰੂਪ ਵਿਚ ਸਾਡੀ ਜੋਤਿ ਤੇ ਜੁਗਤੀ ਹੀ ਸਦਾ

ਸਦਾ ਲਈ ਭੁੱਲੀ ਭਟਕੀ ਲੋਕਾਈ ਦੀ ਸਫਲ ਅਗਵਾਈ ਕਰ ਸੱਕਣ ਦੀ ਸਮਰੱਥਾ ਰਖਦੀ ਹੈ। ਸਿੱਖ ਨੇ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਦੇ ਮਹਾਂ ਵਾਕ ਨੂੰ ਸਮਝਣਾ ਹੈ ਅਤੇ —

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥ (੯੮੨)

ਦੇ ਸਿਧਾਂਤ ਨੂੰ ਮਨ, ਬਚਨ ਤੇ ਕਰਮ ਕਰਕੇ ਅਪਨਾਉਣਾ ਹੈ।

ਬਸ, ਏਸੇ ਵਿਚ ਹੀ ਸਫਲ, ਸੁਖਦਾਈ ਤੇ ਸੰਤੁਸ਼ਟ ਜੀਵਨ ਦਾ ਭੇਦ ਬੰਦ ਹੈ।

ਗੁਰਬਾਣੀ

ਸ੍ਰੀ ਗੁਰੂ ਨਾਨਕ ਦੇਵ ਅਥਵਾ ਉਹਨਾਂ ਦੀ ਜੋਤਿ ਧਾਰੀ ਸਤਿਗੁਰੂ ਸਾਹਿਬਾਨ ਅਕਾਲ ਪੁਰਖ ਨਾਲ ਸਦਾ ਇਕ-ਸੁਰ ਹੋ ਵਿਚਰੇ। ਇਸ ਵਿਸਮਾਦਤ ਅਵਸਥਾ ਵਿਚ ਵਾਹਿਗੁਰੂ ਦੀ ਪ੍ਰੇਰਨਾ ਨਾਲ ਜੋ ਅਨੁਭਵੀ ਬਾਣੀ ਪਰਗਟ ਹੋਈ, ਉਸ ਨੂੰ ਗੁਰਬਾਣੀ ਦੀ ਸੰਗਿਆ ਦਿਤੀ ਗਈ। ਸਤਿਗੁਰਾਂ ਦੇ ਪਰਮ ਪਵਿੱਤਰ ਤੇ ਨਿਰਮਲ ਹਿਰਦੇ ਉਪਰ 'ਆਮਦ' ਉਤੇ ਉਤਰੀ ਇਸ ਬਾਣੀ ਨੂੰ ਨਿਰੰਕਾਰੀ ਬਾਬੇ ਨੇ 'ਬਾਣੀ ਆਈ' ਕਰਕੇ ਦੱਸਿਆ ਹੈ। ਗੁਰਮਤਿ ਦੇ ਇਸ ਬੁਨਿਆਦੀ ਨੁਕਤੇ ਨੂੰ ਸਪੱਸ਼ਟ ਕਰਨ ਲਈ ਕਿ ਦਸੋਂ ਸਤਿਗੁਰੂ ਇਕ ਜੋਤਿ ਹਨ, ਸਤਿਗੁਰੂਆਂ ਦੀ ਆਤਮਾ, ਪ੍ਰਮਾਤਮਾ ਨਾਲ ਅਭੇਦ ਸੀ, ਧੁਰ ਦਰਗਾਹੋਂ 'ਆਈ' ਇਹ ਗੁਰਬਾਣੀ ਸਤਿਗੁਰੂਆਂ ਦੀ ਆਤਮਾ ਨਾਲ ਅਭੇਦ ਹੈ, ਉਹਨਾਂ ਦੀ ਆਤਮਾ ਦਾ ਪ੍ਰਕਾਸ਼ ਹੈ, ਸੱਚੀ ਹੈ, ਅਤੇ ਉਨਮਨ ਤੇ ਇਕ-ਸੁਰਤਾ ਵਿਚ ਰਚਿਆ 'ਪਾਕ ਕਲਾਮ' ਹੈ, ਇਹ ਕੁਝ ਕੁ ਪ੍ਰਮਾਣ ਹਾਜ਼ਰ ਹਨ —

(ੳ) ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
(ਤਿਲੰਗ ਮ: ੧, ਪੰਨਾ ੭੨੨)

(ਅ) ਸਚ ਕੀ ਬਾਣੀ ਨਾਨਕੁ ਆਖੈ, ਸਚੁ ਸੁਣਾਇਸੀ ਸਚ ਕੀ ਬੇਲਾ ॥
(ਤਿਲੰਗ ਮ: ੧, ਪੰਨਾ ੭੨੩)

(ੲ) ਤਾ ਮੈ ਕਹਿਆ ਕਹਣੁ, ਜਾ ਤੁਝੈ ਕਹਾਇਆ ॥
(ਵਡਹੰਸ ਮ: ੧, ਪੰਨਾ ੫੬੬)

(ਸ) ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥
(ਸੋਰਠਿ ਮ: ੫, ਪੰਨਾ ੬੨੮)

(ੳ) ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
(ਨਟ ਮ: ੪, ਪੰਨਾ ੯੮੨)

(ਕ) ਹਉ ਆਪਹੁ ਬੋਲਿ ਨ ਜਾਣਦਾ, ਮੈ ਕਹਿਆ ਸਭੁ ਹੁਕਮਾਉ ਜੀਉ ॥
(ਸੂਹੀ ਮ: ੫, ਪੰਨਾ ੭੬੩)

(ਖ) ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ,
ਹਰਿ ਕਰਤਾ ਆਪਿ ਮੁਹਹੁ ਕਢਾਇ ॥੨॥ (੧੪)
(ਗਉੜੀ ਕੀ ਵਾਰ ਮ: ੪, ਪੰਨਾ ੩੦੮)

(ਗ) ਇਹ ਬਾਣੀ ਮਹਾ ਪੁਰਖ ਕੀ, ਨਿਜ ਘਰਿ ਵਾਸਾ ਹੋਇ ॥੪੮॥
(ਰਾਮਕਲੀ ਮ: ੧, ਪੰਨਾ ੯੩੫)

(ਘ) ਗੁਰ ਮੂਰਤਿ ਗੁਰ ਸਬਦ ਹੈ, ਸਾਧ ਸੰਗਤਿ ਵਿਚ ਪਰਗਟੀ ਆਇਆ॥
(ਭਾ: ਗੁ: ਵਾਰ ੨੪, ਪਉੜੀ ੨੫)

(ਙ) ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥
(ਵਾਰ ਸਤਾ ਬਲਵੰਡ, ਪੰਨਾ ੯੬੬)

(ਚ) ਗੁਰ ਨਾਨਕ ਅੰਗਦ ਕਰ ਜਾਨਾ ॥
ਅੰਗਦ ਅਮਰਦਾਸ ਪਹਿਚਾਨਾ ॥
ਅਮਰ ਦਾਸ ਰਾਮ ਦਾਸ ਕਹਾਇਓ ॥
ਸਾਧਨ ਲਖਾ ਮੂੜ ਨਹ ਪਾਇਓ ॥
ਜਿਨ ਜਾਤਾ ਤਿਨ ਹੀ ਸਿਧ ਪਾਈ ॥
ਬਿਨ ਜਾਨੇ ਸਿਧ ਹਾਥ ਨ ਆਈ ॥(ਪਾ:੧੦, ਬਚਿਤ੍ਰ ਨਾਟਕ)

(ਛ) ਗੁਰ ਮੈ ਸਬਦ ਹੈ ਸਬਦ ਮਾਹਿ ਸਤਿਗੁਰ,
ਨਿਰਗੁਨ ਸਗੁਨ ਗਯਾਨ ਧਯਾਨ ਸੁ ਬੁਝਾਵੈ ਜੀ ॥
(੬੦੮ ਕਬਿਤ ਭਾ: ਗੁ)

ਸੋ, ਗੁਰਬਾਣੀ-ਸਾਗਰ ਵਿਚ ਨਿਰਮਲ ਕਰਣੀ ਤੇ ਪ੍ਰਤੀਤ ਦੇ ਰਤਨ ਚੁਗਣ ਲਈ ਇਹ ਨਿਸਚਾ ਹੋਣਾ ਅਵੱਸ਼ਕ ਹੈ ਕਿ ਗੁਰਬਾਣੀ ਸਤਿਗੁਰਾਂ ਦਾ ਅਨੁਭਵ ਹੈ, ਉਹਨਾਂ ਦੀ ਆਤਮਾ ਹੈ, ਜੋਤਿ ਹੈ। ਜਿਵੇਂ ਸ੍ਰੀ ਅਕਾਲ ਪੁਰਖ, ਕਾਦਰ ਦੀ 'ਮਹਾ ਜੋਤਿ' ਅਥਵਾ ਪਰਮ-ਆਤਮਾ,

ਸੂਖਮ ਰੂਪ ਵਿੱਚ ਹੋ ਕੇ ਆਪਣੇ ਅਸਥੂਲ ਸਰੂਪ, 'ਕੁਦਰਤਿ', ਵਿਚ ਵਿਆਪ ਤੇ ਸਾਰੇ ਪਸਾਰੇ ਨੂੰ ਧਾਰ ਰਹੀ ਹੈ, ਇਸੇ ਤਰ੍ਹਾਂ ਨਿਰੰਕਾਰੀ ਬਾਬੇ ਦੀ ਨਿਰੰਕਾਰੀ ਜੋਤਿ ਵੀ ੧੪੬੯ ਚ ਸਾਜ ਸਰੀਰ ਧਾਰ ਕੇ ਗੁਰਬਾਣੀ ਵਿਚ ਦਰਸਾਏ ਅਮੁੱਲ ਸਿਧਾਂਤਾਂ ਨੂੰ ਜੀਵਨ ਲੀਲ੍ਹਾ ਦੁਆਰਾ ਪ੍ਰਕਾਸ਼ਦੀ ਤੇ ਜਲਵੇ ਪੈਦਾ ਕਰਦੀ, ਅੰਤ ਨੂੰ, ਮਨੁੱਖ ਦੀ ਸੰਪੂਰਨ ਜੀਵਨ-ਸੇਧ ਦੇ ਸਦੀਵੀ ਅਗਵਾਈ ਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਕਲਤ ਕਰ ਦਿੱਤੀ ਗਈ। ਪੰਥ ਇਸ ਦਾ ਅਸਥੂਲ ਰੂਪ ਹੈ। ਇਹ ਕਾਦਰ ਤੇ ਕੁਦਰਤ, ਸੂਖਮ ਤੇ ਅਸਥੂਲ ਅਤੇ ਜੋਤਿ ਤੇ ਸਰੀਰ ਦਾ ਮੇਲ ਅਜ਼ਲੀ (ਮੁੱਢ ਕਦੀਮੀ) ਅਤੇ ਇਕ ਦੂਜੇ ਦੇ ਪ੍ਰਸਪਰ ਪ੍ਰਗਟਾ ਲਈ ਜ਼ਰੂਰੀ ਹੈ। ਇਨ੍ਹਾਂ ਦੋਹਾਂ ਵਿਚੋਂ ਸਰਦਾਰੀ ਜੋਤਿ ਦੀ ਹੈ, ਜੋ ਆਤਮਾ, ਜੋਤਿ ਜਿੰਨੀ ਮਹਾਨ, ਅਨੁਭਵੀ ਤਨ ਆਤਮਾ ਨਾਲ ਇਕ-ਸੁਰ ਹੋਵੇਗੀ, ਉਸ ਦੀ ਬਾਣੀ ਉਨੀ ਹੀ ਪ੍ਰਭਾਵ-ਸ਼ਾਲੀ ਹੋਵੇਗੀ। ਚੇਤੇ ਰਹੇ, ਜੋਤਿ ਮੁਖ ਹੈ ਅਤੇ ਸਰੀਰ ਅਥਵਾ ਪਸਾਰਾ ਗੌਣ। ਪਰੰਤੂ, ਇਨ੍ਹਾਂ ਦੋਹਾਂ ਸਰੂਪਾਂ ਵਿਚ ਵਰਤਦਾ 'ਉਹ' ਆਪ ਹੀ ਹੈ :

(ੳ) ਨਿਰਗੁਨੁ ਆਪਿ, ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥
(ਗਉੜੀ ਸੁਖਮਨੀ, ਪੰਨਾ ੨੮੭)

(ਅ) ਤੂੰ ਪੇਡੁ, ਸਾਖ ਤੇਰੀ ਫੂਲੀ ॥
ਤੂੰ ਸੂਖਮ ਹੋਆ ਅਸਥੂਲੀ ॥੧॥
(ਮਾਝ ਮ: ੫, ਪੰਨਾ ੧੦੨)

ਇਕ ਸ਼ਾਇਰ ਨੇ ਸੂਖਮ ਤੇ ਅਸਥੂਲ ਦੇ ਇਸ ਅਦਭੁੱਤ ਤੇ ਕੁਦਰਤੀ ਮੇਲ ਨੂੰ ਇਉਂ ਕਲਮ-ਬੰਦ ਕੀਤਾ ਹੈ :—

ਲਤਾਫ਼ਤ, ਬੇਕਸਾਫ਼ਤ, ਜਲਵਾ ਪੈਦਾ ਨਹੀਂ ਕਰ ਸਕਤੀ।
ਚਮਨ ਜ਼ੰਗਾਰ ਹੈ, ਆਈਨਾ-ਏ ਬਾਦਿ ਬਹਾਰੀ ਕਾ।

(ਭਾਵ : ਅਸਥੂਲਤਾ ਤੋਂ ਬਿਨਾਂ ਸੂਖਮਤਾ ਲਈ ਆਪਣਾ ਪ੍ਰਗਟਾਅ ਕਰਨਾ ਅਸੰਭਵ ਹੈ; ਜਿਵੇਂ ਬਹਾਰ ਦੀ ਪੌਣ ਲਈ ਫੁਲਵਾੜੀ

ਦਾ ਹੋਣਾ ਉਸੇ ਤਰ੍ਹਾਂ ਜ਼ਰੂਰੀ ਹੈ, ਜਿਵੇਂ ਸ਼ੀਸ਼ੇ ਪਿਛਲਾ ਜੰਗਾਲ।)

ਗੁਰਬਾਣੀ (ਸ਼ਬਦ) ਦੀ ਇਸ ਮਹੱਤਤਾ ਬਾਰੇ ਸਾਦਿਕ ਸਿੱਖਾਂ, ਹੱਕ-ਪ੍ਰਸਤਾਂ ਤੇ ਮਨੋ-ਵਿਗਿਆਨੀਆਂ ਵਿਚ ਰਾਏ ਦਾ ਕੋਈ ਅੰਤਰ ਨਹੀਂ। ਮਹਾਂ ਪੁਰਖਾਂ ਦੀ ਬਾਣੀ ਜਗਿਆਸੂ ਨੂੰ ਅਵੱਸ਼ ਆਪਣੇ ਨਿੱਜ ਸਰੂਪ ਵਿਚ ਟਿਕਾ ਦੇਣ ਦੀ ਸਮਰੱਥਾ ਰਖਦੀ ਹੈ। ਸੰਸਾਰ ਵਿਚ ਜੋ ਵੀ ਕਲੇਸ਼, ਦੁੱਖ ਜਾਂ ਸੰਕਟ ਵਾਪਰ ਰਿਹਾ ਹੈ, ਉਸ ਦਾ ਕਾਰਨ ਕੇਵਲ ਗੁਰਬਾਣੀ-ਪ੍ਰਕਾਸ਼ ਹੀਣਤਾ, ਅਗਿਆਨਤਾ, ਅੰਧਕਾਰ*, ਭਰਮ ਜਾਂ ਭੁਲੇਖਾ ਹੈ, ਅਤੇ ਇਹ ਉਥੇ ਵਾਪਰਦਾ ਹੈ ਜਿਥੇ ਅੰਧਕਾਰ ਜਾਂ ਆਪੇ† ਤੇ ਮੂਲ ਦੀ ਸੂਝ ਬੂਝ ਦਾ ਅਭਾਵ ਹੋਵੇ। ਭਾਈ ਨੰਦ ਲਾਲ ਜੀ 'ਗੋਇਆ' ਐਸੇ ਇਨਸਾਨ ਉਤੇ ਇਹ ਪ੍ਰਸ਼ਨ ਹੀ ਨਹੀਂ ਕਰਦਾ ਕਿ "ਮੈਂ ਕੌਣ ਹਾਂ?" ਸਗੋਂ, ਇਉਂ ਅਫ਼ਸੋਸ ਵੀ ਕਰਦੇ ਹਨ :—

ਗਾਹੇ ਬਖ਼ੇਸ਼ ਰਾਹ ਨ ਬੁਰਦਮ, ਕਿ ਕੀਸਤਮ।
ਐ ਵਾਏ! ਨਕਦਿ ਜ਼ਿੰਦਗੀਅਮ, ਰਾਏਗਾਂ ਗੁਜ਼ਸ਼ਤ।

(ਭਾਵਾਰਥ–ਮੈਂ ਕਦੀ ਆਪਣੇ ਆਪ ਨੂੰ ਇਸ ਰਸਤੇ ਉਤੇ ਨਹੀਂ ਲਿਆਇਆ ਤੇ ਆਪਣੇ ਆਪ ਉਤੇ ਇਹ ਪ੍ਰਸ਼ਨ ਨਹੀਂ ਕੀਤਾ ਕਿ ਮੈਂ ਕੌਣ ਹਾਂ। ਅਫ਼ਸੋਸ! ਮੇਰੇ ਜੀਵਨ ਦੀ ਪੂੰਜੀ ਅਜਾਈਂ ਬਰਬਾਦ ਹੋ ਗਈ।)

ਸੋ, ਸਫਲ ਜੀਵਨ ਲਈ ਇਸ 'ਮੈਂ' ਨੂੰ ਜਾਨਣਾ, ਇਸ ਦਾ ਅਭਾਵ ਕਰ ਕੇ "ਆਪੇ ਦਾ" ਗਿਆਨ-ਦੀਪ ਜਗਾਉਣਾ ਜ਼ਰੂਰੀ ਹੈ, ਇਹ ਗੁਰਬਾਣੀ ਅਥਵਾ ਗੁਰੂ ਜੋਤਿ ਦੇ ਪ੍ਰਕਾਸ਼ ਤੋਂ ਹੀ ਹੋ ਸਕਦਾ ਹੈ। ਬੁਝਿਆਂ ਦੀਪਾਂ ਨੇ ਕਦੀ ਆਪਣੀ ਫੂਕ ਜਾਂ ਫੋਕੇ ਦਾਅਵਿਆਂ ਨਾਲ ਲੋਅ-ਹੀਨ ਦੀਪਾਂ ਨੂੰ ਰੋਸ਼ਨੀ ਨਹੀਂ ਦਿੱਤੀ। ਸਭ ਕੁਝ ਗਵਾ ਕੇ ਹੋਸ਼ ਵਿਚ ਆਉਣ ਅਤੇ ਅੰਤ ਨੂੰ ਪਸਚਾਤਾਪ ਕਰਨ ਵਾਲੇ ਭੋਲੇ ਜਗਿਆਸੂ-ਜਨਾਂ ਨੂੰ ਕਿਸ

* ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥ ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥ (੬੨੪

† ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ (੪੪੧)

ਧਾਰਮਕ ਆਗੂ ਅੱਗੇ, ਦਿਲ ਦਿਮਾਗ਼ ਤੇ ਆਪਾ ਸਮਰਪਣ ਕਰਨ ਤੋਂ* ਪਹਿਲਾਂ, "ਵਸਤ" ਸਿਞਾਣ ਕੇ ਜ਼ਿੰਦਗੀ ਦਾ ਵਣਜ ਕਰਨਾ ਉਚਿਤ ਹੈ। ਸਤਿਪੁਰਖ** ਨੂੰ ਜਾਨਣ ਵਾਲੇ ਸਤਿਗੁਰੂ ਦੀ ਬਾਣੀ ਹੀ ਸੱਚੀ ਤੇ ਕਲਿਆਣ-ਕਾਰੀ ਹੈ। ਜਿਨ੍ਹਾਂ ਦਾ ਚਿੱਤ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਅੰਮ੍ਰਿਤ ਬਚਨਾਂ ਅਨੁਸਾਰ, ਮਾਇਆ† ਨੇ ਚੁਰਾ ਅਥਵਾ ਠੱਗ ਲਿਆ ਹੈ, ਉਹ ਕੱਚੇ ਗੁਰੂ ਹਨ‡ ਹਨ ਤੇ ਉਨ੍ਹਾਂ ਦੀ ਬਾਣੀ ਵੀ ਕੱਚੀ ਹੈ। ਸੋ, ਸੱਚੀ ਬਾਣੀ, 'ਧੁਰ ਕੀ ਬਾਣੀ' ਜਾਂ 'ਸਚ ਕੀ ਬਾਣੀ' ਅਤੇ 'ਕੱਚੀ ਬਾਣੀ' ਦੀ ਕਸਵੱਟੀ, ਪਰਖ ਜਾਂ ਹਕੀਕਤ ਇਹ ਹੈ ਕਿ ਉਸ ਬਾਣੀ ਨੂੰ ਕਿਸ ਆਤਮਾ ਦੀ ਛੁਹ ਪ੍ਰਾਪਤ ਹੈ, ਅਥਵਾ ਉਹ ਕੈਸੀ ਆਤਮਾ ਦਾ ਪ੍ਰਕਾਸ਼ ਹੈ। ਸਤਿਗੁਰੂ ਜੀ ਜੈਸੇ ਉਨ੍ਹਾਂ ਦੇ ਸਮੇਂ ਵੀ ਕਚੂਤੇਰਿਆਂ ਨੇ ਕੱਚ ਪਿੱਚ ਬੋਲਿਆ, ਹੁਣ ਬੋਲਦੇ ਹਨ ਤੇ ਅਗੋਂ ਸਵਾਰਥ ਅਧੀਨ, ਠੱਗੀ ਠੋਰੀ ਹਿਤ ਬੋਲਦੇ ਰਹਿਣਗੇ। ਉਨ੍ਹਾਂ ਤੋਂ ਭਰਮ() ਦੀ ਨਿਵਿਰਤੀ ਨਹੀਂ ਹੋ ਸਕਦੀ, ਅੰਧੇ[] ਦੇ ਰਾਹ ਦਸਿਆਂ ਕਦੀ ਕਿਸੇ ਨੂੰ ਮੰਜ਼ਲ ਨਹੀਂ ਮਿਲੀ। ਜਗਿਆਸੂ ਜਨਾਂ ਪਾਸ ਇਕੋ ਹੀ ਪਰਖ ਹੈ ਕਿ

---

* ਪਹਿਲਾਂ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ (ਮ: ੧, ਪੰ: ੧੪੧੦)

** ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥ (ਸੁਖਮਨੀ ਸਾਹਿਬ)

† ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥......
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥......
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥੨੪॥
(ਅਨੰਦ ਸਾਹਿਬ)

‡ ਕੇਤੇ ਗੁਰ ਚੇਲੇ ਫੁਨਿ ਹੂਆ ॥
ਕਾਚੇ ਗੁਰ ਤੇ ਮੁਕਤਿ ਨ ਹੂਆ ॥ (ਰਾਮਕਲੀ ਮ: ੧, ਪੰਨਾ ੯੩੨)

() ਅੰਧੇ ਗੁਰੂ ਤੇ ਭਰਮੁ ਨ ਜਾਈ ॥ (ਗਉੜੀ ਮ: ੩, ਪੰਨਾ ੨੩੨)

[] ਨਾਨਕ ਅੰਧਾ ਹੋਇ ਕੈ ਦਸੇ ਰਾਹੈ, ਸਭਸੁ ਮੁਹਾਏ ਸਾਥੈ ॥
ਅਗੈ ਗਇਆ ਮੁਹੇ ਮੁਹਿ ਪਾਹਿ, ਸੁ ਐਸਾ ਆਗੂ ਜਾਪੈ ॥੨॥(ਛ)
(ਵਾਰ ਮਾਝ ਮ: ੧, ਪੰਨਾ ੧੪੦)

ਕੀ ਅਜਿਹੇ ਭੱਦਰ ਪੁਰਸ਼ ਉਸ ਕਸਵੱਟੀ ਉੱਤੇ ਪੂਰੇ ਉਤਰਦੇ ਹਨ, ਜੋ ਕਸਵੱਟੀ, ਸੱਚੇ ਸਤਿਗੁਰੂ ਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅਤੇ ਇਤਿਹਾਸ ਦੇ ਪੰਨਿਆਂ ਉੱਤੇ ਅਮਲੀ ਤੌਰ ਉੱਤੇ ਉਜਾਗਰ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਸ ਅਰਸ਼ੀ ਬਾਣੀ ਦੀ ਐਸੀ ਅਪਾਰ ਮਹਿਮਾ ਤੇ ਅਜਿਹਾ ਉੱਚ ਅਸਥਾਨ ਹੈ ਉਹ 'ਫਲ ਪਰਦਾਤਾ' ਕਿਵੇਂ ਹੋਵੇ? ਜਿਤਨੇ ਲੋਕ ਇਸ ਨੂੰ ਨਿਤਾਪ੍ਰਤਿ ਪੜ੍ਹਦੇ, ਸੁਣਦੇ ਜਾਂ ਗਾਉਂਦੇ ਵੇਖੀਦੇ ਹਨ, ਉਨ੍ਹਾਂ ਵਿਚੋਂ ਬਹੁਤੇ ਐਸੇ ਮਿਲਦੇ ਹਨ, ਜਿਨ੍ਹਾਂ ਉੱਤੇ 'ਗੁਰੂ ਕੇ ਸਿਖਾਂ‡ ਵਾਲੇ ਲੱਛਣ ਨਹੀਂ' ਘਟਦੇ। ਇਸ ਦਾ ਸਿੱਧਾ ਸਾਦਾ ਕਾਰਨ ਹੈ ਕਿ ਉਹ ਸਤਿਗੁਰਾਂ ਵਲੋਂ ਦੱਸੀ ਬਿਧੀ ਅਨੁਸਾਰ ਗੁਰਬਾਣੀ ਨੂੰ ਪੜ੍ਹਦੇ, ਸੁਣਦੇ, ਮੰਨਦੇ ਤੇ ਅਮਲਾਉਂਦੇ ਨਹੀਂ। ਸਤਿਗੁਰਾਂ ਵੱਲੋਂ ਸਪੱਸ਼ਟ ਸੇਧ ਹੈ ਕਿ :-

(ੳ) ਗੁਰੂ ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ।[1]
(ਨਟ ਮ: ੪, ਪੰਨਾ ੯੮੨)

(ਅ) ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥
(ਰਾਮਕਲੀ ਮ: ੧, ਪੰਨਾ ੯੩੫)

ਭਾਈ ਗੁਰਦਾਸ ਜੀ ਇਸ ਨੁਕਤੇ ਨੂੰ ਇਵੇਂ ਸਪੱਸ਼ਟ ਕਰਦੇ ਹਨ—

---

‡ (ੳ) ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
(ਸੋਰਠਿ ਮ: ੩, ਪੰਨਾ ੬੦੧)

(ਅ) ਸੋਈ ਸੇਵਕੁ ਜੋ ਸਤਿਗੁਰ ਸੇਵੇ ਚਾਲੈ ਸਤਿਗੁਰ ਭਾਏ ॥
ਸਾਚਾ ਸਬਦੁ ਸਿਫਤਿ ਹੈ ਸਾਚੀ, ਸਾਚਾ ਮੰਨਿ ਵਸਾਏ ॥
(ਸੂਹੀ ਮ: ੩, ਪੰਨਾ ੭੫੩)

(ੲ) ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੈ ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥
(ਰਾਮਕਲੀ ਮ: ੩, ਅਨੰਦ)

(ਓ) ਜੈਸੇ ਤੋ ਸਕਲ ਨਿਧਿ ਪੂਰਨ ਸਮੁਦ੍ਰ ਬਿਖੈ,
ਹੰਸ ਮਰਜੀਵ ਨਿਹਚੈ ਪ੍ਰਸਾਦ ਪਾਵਹੀ ।...
ਤੈਸੇ ਗੁਰਬਾਣੀ ਬਿਖੈ ਸਕਲ ਪਦਾਰਥ ਹੈਂ,
ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਹੀ ।

'ਰਹਤਨਾਮਾ (ਪ੍ਰਸ਼ਨ ਉਤਰ) ਭਾਈ ਨੰਦ ਲਾਲ' ਵਿਚ ਸ੍ਰੀ ਦਸਮੇਸ਼ ਜੀ ਫੁਰਮਾਉਂਦੇ ਹਨ :—

ਤੀਨ ਰੂਪ ਹੈਂ ਮੋਹਿ ਕੇ, ਸੁਨੋ ਨੰਦ ਚਿਤ ਲਾਇ ॥
ਨਿਰਗੁਣ, ਸਰਗੁਣ, ਗੁਰਸ਼ਬਦ, ਕਹੋਂ ਤੋਹਿ ਸਮਝਾਇ ॥
ਸ਼ਬਦ ਸੁਨੈ ਗੁਰ ਹਿਤ ਚਿਤ ਲਾਇ ॥
ਗਿਆਨ ਸ਼ਬਦ ਗੁਰ ਸੁਨੈ ਸੁਨਾਇ ॥
ਵਿਸ਼੍ਵਾਸ ਪ੍ਰੀਤਿ ਗੁਰਸ਼ਬਦ ਜੁ ਧਰੈ ॥
ਗੁਰ ਕਾ ਦਰਸ਼ਨ ਨਿਤ ਉਠ ਕਰੈ ॥

ਇਸ ਸਮੇਂ ਗੁਰੂ ਹਰਿ ਰਾਇ ਸਾਹਿਬ ਦੀ ਸੇਵਾ ਵਿਚ ਸੰਗਤਾਂ ਨੇ ਪ੍ਰਸ਼ਨ ਕੀਤਾ ਕਿ ਗੁਰਬਾਣੀ ਦਾ ਪਾਠ ਤਾਂ ਕਰੀਦਾ ਹੈ ਪਰੰਤੂ ਪ੍ਰਮਾਰਥ ਰੀਤਿ ਦੀ ਸਮਝ ਨਹੀਂ ਪੈਂਦੀ। ਸਤਿਗੁਰੂ ਜੀ ਨੇ ਕੋਈ ਉਤਰ ਨਾ ਦਿੱਤਾ; ਪਰੰਤੂ, ਉਸੇ ਸਮੇਂ ਘੋੜੇ ਉੱਤੇ ਸਵਾਰ ਹੋ ਕੇ ਸੰਗਤਾਂ ਨੂੰ ਨਾਲ ਲੈ ਕੇ, ਸ਼ਿਕਾਰ ਚੜ੍ਹ ਪਏ। ਬਾਰਸ਼ ਹੋ ਕੇ ਹਟੀ ਹੀ ਸੀ। ਇਕ ਥੇਹ ਤੋਂ ਘਿਉ ਨਾਲ ਭਿੰਨੀ ਪੁਰਾਣੀ ਹਾਂਡੀ ਦੀ ਚਮਕਦੀ ਠੀਕਰੀ ਹੱਥ ਵਿਚ ਲੈ ਕੇ ਬੋਲੇ:—

ਨਿਜ ਕਰ ਮਹਿ ਧਰਿ ਵਾਕ ਬਖਾਨਾ ॥
'ਬਾਨੀ ਪਾਠ ਪ੍ਰਸ਼ਨ ਤੁਮ ਠਾਨਾ ॥'
ਤਿਸ ਕੋ ਉੱਤਰ ਲੀਜਹਿ ਸਾਰੇ ॥
ਜੋ ਗੁਰੂ ਸ਼ਬਦ ਕਮਾਵਹਿ ਪਿਆਰੇ ॥
ਸੋ ਜਨ ਜੁਗਤ ਮੁਕਤਿ ਸੁਖ ਪਾਵੈ ॥
ਚਲਹਿ ਪੰਥ ਜੋ ਸ਼ਬਦ ਬਤਾਵੈ ॥
ਪਾਠ ਸਾਧਾਰਨ ਜੋ ਨਿਤ ਕਰੈ ॥
ਨੇਮ ਨਿਬਾਹਨ ਮੇਂ ਅਨੁਸਰੈ ॥......

ਰਹੀ ਚਿਕਨਤਾ ਠੀਕਰਿ ਮਾਹਿ ॥
ਤਯੋਂ ਬਾਨੀ ਗੁਨ ਰਹਿ ਮਨ ਮਾਹਿ ॥

(ਗੁ: ਪ੍ਰ: ਸੂਰਜ ਰਾਸ ੬, ਅਧਿ: ੮)

ਏਸੇ ਤਰ੍ਹਾਂ ਜਾਪਾ, ਮੇਧਾ, ਕਨੈਯਾ ਤੇ ਤੁਲਸਾ ਪ੍ਰਤੀ ਗੁਰੂ ਰਾਮਦਾਸ ਜੀ ਉਪਦੇਸ਼ ਕਰਦੇ ਹੋਏ ਫੁਰਮਾਉਂਦੇ ਹਨ :—

ਜਿਮਿ ਨਿਸ ਦਿਨ ਘਰ-ਕਾਜ ਸੁਧਾਰੇ ॥
ਤਿਆਗਹੁ ਕਬਹੂੰ ਨਾ, ਲਾਗਹਿ ਪਿਆਰੇ ॥
ਤਥਾ ਪਿਆਰ ਪਠਹੁ ਗੁਰਬਾਨੀ ॥
ਪਠਨ ਸੁਨਨ ਕੀਜਹਿ ਰੁਚਿ ਠਾਨੀ ॥
ਪਰਜੈ ਅਰਥ ਜੋ ਸ਼ਬਦ ਮਝਾਰਾ ॥
ਬਾਰ ਬਾਰ ਉਰ ਕਰਹੁ ਵਿਚਾਰਾ ॥
ਕਿਆ ਗੁਰੂ ਕਹੈਂ, ਕਰੈ ਹਮ ਕਹਾਂ ?
ਸਨੈ ਸਨੈ ਮੋੜੇਂ ਮਨ ਮਹਾਂ ॥

(ਗੁ: ਪ੍ਰ: ਸੂ: ਰਾਸਿ ੫, ਅਧਿ: ੪੧)

ਮਹਾਂ ਚਪਲ ਮਨ ਨੂੰ, ਜੋ ਛਿਨ ਵਿਚ ਅਕਾਸ਼ ਤੇ ਛਿਨ ਵਿਚ ਪਾਤਾਲ ਭਜਾ ਫਿਰਦਾ ਹੈ, ਥਿਰ ਕਰਨ ਦਾ ਸਹੀ ਤੇ ਆਜ਼ਮੂਦਾ ਨੁਸਖ਼ਾ ਇਹੀ ਹੈ ਕਿ ਗੁਰਬਾਣੀ ਦੇ ਅਰਥ ਵਿਚਾਰੇ, ਉਨ੍ਹਾਂ ਨੂੰ ਪਿਆਰ ਸਤਿਕਾਰ ਨਾਲ ਮੰਨੇ ਤੇ ਕਮਾਏ। ਨਿਵਲਾ ਤੇ ਨਿਹਾਲੂ ਸਿਖਾਂ ਦੇ ਇਸ ਪ੍ਰਸ਼ਨ ਦੇ ਉੱਤਰ ਵਿਚ ਕਿ ਉਨ੍ਹਾਂ ਨੂੰ ਆਤਮ-ਗਿਆਨ ਕਿਵੇਂ ਹੋਵੇ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਉਪਰੋਕਤ ਸਾਧਨਾ ਉੱਤੇ ਹੀ ਜ਼ੋਰ ਦਿੰਦੇ ਹਨ। ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ ਇਸ ਸਿਖਿਆ ਨੂੰ ਇਵੇਂ ਅੰਕਿਤ ਕੀਤਾ ਹੈ :—

ਸੁਨ ਕਰਿ ਸ੍ਰੀ ਹਰਿ ਗੋਬਿੰਦ ਕਹੈਂ ॥
ਸਭ ਕਾਸਟ ਮੇ ਅਗਨੀ ਰਹੈਂ ॥
ਬਿਨਾ ਮਥੇ ਨਹਿ ਨਿਕਸ ਪ੍ਰਕਾਸ਼ੈ ॥
ਕਾਰਜ ਕਰਹਿ ਨ ਸੀਤ ਬਿਨਾਸ਼ੈ ॥

ਜਥਾ ਦੁਗਧ ਮਹਿ ਘ੍ਰਿਤ ਮਿਲਿ ਰਹਯੋ ॥
ਮਥਨ ਕਰੇ ਬਿਨ ਕਿਨਹੁ ਨ ਲਹਯੋ ॥
ਤਿਮਿ ਸਤਿਗੁਰ ਕੇ ਸ਼ਬਦ ਮਝਾਰਾ ॥
ਆਤਮ ਗਿਆਨ ਬਸਹਿ ਸੁਖ ਸਾਰਾ ॥
ਪਾਠ ਕਰੇ, ਹੋਇ ਪੁੰਨ ਮਹਾਨਾ ॥
(ਪਰ) ਨਾਹਿਨ ਪ੍ਰਾਪਤ ਆਤਮ ਗਿਆਨਾ ॥
ਜਬ ਬੀਚਾਰ ਕਰਿ ਹਿਰਦੇ ਬਸਾਵੈ ॥
ਸਭ ਬਿਵਹਾਰਨ ਵਿਖੇ ਕਮਾਵੈ ॥
(ਤਬ) ਗਿਆਨ ਪ੍ਰਕਾਸੈ ਆਨੰਦ ਪਾਵੈ ॥
ਜਨਮ ਮਰਨ ਕੇ ਕਸ਼ਟ ਮਿਟਾਵੈ ॥
(ਰਾਸਿ ੫, ਅਧਿ: ੪੧)

ਗੁਰਬਾਣੀ ਅਦਬ ਬਾਰੇ ਗੁਰੂ ਹਰਿ ਰਾਇ ਜੀ ਦਾ ਫੁਰਮਾਨ—
ਭਕਤਿ ਪ੍ਰਤੀਤ ਨਹਿ ਜਿਸ ਤਨ ਮੈਂ ॥
ਤਿੰਹ ਗੁਰਬਾਣੀ ਭਯ ਨਹਿ ਮਨ ਮੈ ॥
ਬਿਨ ਭਯ ਭਕਤਿ ਨ ਪ੍ਰਾਪਤ ਹੋਇ ॥
ਭਕਤਿ ਬਿਨਾ ਕਲਯਾਨ ਨ ਅਵਲੋਇ ॥......
...ਜੋ ਗੁਰ ਭਕਤ ਸਿਖ ਹੈ ਮੇਰਾ ॥
ਗੁਰਬਾਣੀ ਭਯ ਤਿਸੈ ਘਨੇਰਾ ॥
ਜਿਨ ਭਯ ਅਦਬ ਨ ਬਾਣੀ ਧਾਰਾ ॥
ਜਾਨਹੁ ਸੋ ਸਿਖ ਨਹੀਂ ਹਮਾਰਾ ॥
ਗੁਰ ਉਪਦੇਸ਼ ਜਾਹਿ ਮਨ ਲਾਗਾ ॥
ਕੋਟਿ ਜਨਮ ਕੋ ਸੋਵਤ ਜਾਗਾ ॥
ਮਨ ਜਾਗੇ ਕੀ ਇਹੀ ਨਿਸ਼ਾਨੀ ॥
ਪ੍ਰਿਯ ਲਾਗਹਿ ਉਰ ਸਤਿਗੁਰ ਬਾਣੀ ॥
[ਸੂਰਜ ਪ੍ਰਕਾਸ਼, ਰਾਸਿ ੧੦; ਅਧਿ: ੩੧

ਗੁਰਬਾਣੀ ਜੁਗੋ ਜੁਗ ਅਟੱਲ ਤੇ ਮੁਕਤ ਭੁਗਤ ਦੀ ਦਾਤੀ ਹੈ।

ਜੇ ਅਸੀਂ ਇਸ ਨੂੰ ਪੜ੍ਹਦੇ ਸੁਣਦੇ ਤੇ ਇਸ ਦਾ ਆਸਰਾ ਲੈਂਦੇ ਹੋਏ ਉਸ ਮੰਜ਼ਲ ਉਤੇ ਨਹੀਂ ਪਹੁੰਚਦੇ ਜੋ ਗੁਰਬਾਣੀ ਦਾ ਦੇਸ਼ ਹੈ ਤਾਂ ਚੂਕ* ਅਸਾਡੇ ਵਿਚ ਹੈ। ਗੁਰਬਾਣੀ ਤਾਂ ਉਹੀ ਬਾਣੀ ਹੈ ਜਿਸ ਨੂੰ ਹਿਰਦੇ ਵਿਚ ਵਸਾਂ ਕੇ ਗੁਰੂ ਕਿਆਂ ਸਿਖਾਂ ਨੇ ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਆਰਿਆਂ ਨਾਲ ਚੀਰੇ ਗਏ, ਉਬਲਦੀਆਂ ਦੇਗਾਂ ਵਿਚ ਬੈਠੇ, ਚਰਖੜੀਆਂ ਉਤੇ ਚੜ੍ਹਾ ਕੇ ਤੂੰਬਾ ਤੂੰਬਾ ਕੀਤੇ ਗਏ, ਸ਼ਹੀਦੀਆਂ ਪ੍ਰਾਪਤ ਕੀਤੀਆਂ, ਪਰੰਤੂ ਸਿਖੀ ਸਿਦਕ ਨਾ ਹਾਰਿਆ।

ਸੱਚਾਈ ਇਹ ਹੈ ਕਿ ਗੁਰਬਾਣੀ ਨੂੰ ਅਸੀਂ ਕੇਵਲ ਰਸਮੀ ਤੌਰ ਤੇ ਪੜ੍ਹਦੇ, ਸੁਣਦੇ ਤੇ ਗਾਉਂਦੇ ਹਾਂ; ਪਰੰਤੂ, ਗੁਰੂਬਾਣੀ ਦੁਆਰਾ ਸਤਿਗੁਰੂ ਦੀ ਕੀਤੀ ਆਗਿਆ ਦਾ ਪਾਲਣ ਨਹੀਂ ਕਰਦੇ ਤੇ ਪਰਨਾਲਾ ਉਥੇ ਹੀ ਰਖਦੇ ਹਾਂ। ਗੁਰੂਦੇਵ ਦੇ ਇਹ ਮਹਾਂਵਾਕ ਸਿਖ ਨੂੰ ਕੁਝ ਇਸ ਤਰ੍ਹਾਂ ਦੀ ਸੇਧ ਦਿੰਦੇ ਹਨ :—

ਸੇਵਕ ਸਿਖ ਪੂਜਣ ਸਭਿ ਆਵਹਿ,
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥
(ਧਨਾਸਰੀ ਮ: ੪, ਪੰਨਾ ੬੬੯)

ਗੁਰੂ ਦੀ ਸਫਲ ਸੇਵਾ ਕੀ ਹੈ ? ਗੁਰਦੇਵ ਫੁਰਮਾਉਂਦੇ ਹਨ ਕਿ ਇਹ ਸ਼ਬਦ ਦੀ ਵੀਚਾਰ ਹੈ :—

"ਗੁਰ ਕੀ ਸੇਵਾ, ਸਬਦੁ ਵੀਚਾਰੁ ॥" (ਗਉੜੀ ਮ: ੧, ਪੰ: ੨੨੩)

ਭਾਈ ਨੰਦ ਲਾਲ ਜੀ ਆਪਣੀ ਬਾਣੀ ਵਿਚ ਜਦ ਸਫਲ ਜੀਵਨ-ਮਾਰਗ ਵਿਚ 'ਬਦਰੱਕੇ' (ਗੁਰੂ) ਦੀ ਲੋੜ ਉਤੇ ਜ਼ੋਰ ਦਿੰਦੇ ਹਨ ਤਾਂ ਨਾਲ ਹੀ ਇਹ ਵੀ ਸਪੱਸ਼ਟ ਕਰਦੇ ਹਨ ਕਿ ਜਦ ਸੇਵਕ ਦਾ ਭਰੋਸਾ

---

* ਕਬੀਰ ਸਾਚਾ ਸਤਿਗੁਰੁ ਕਿਆ ਕਰੈ, ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ, ਜਿਉ ਬਾਂਸੁ ਬਜਾਈਐ ਫੂਕ ॥੧੫੮॥
(ਪੰਨਾ ੧੩੭੨)

ਹੀ ਲੰਗੜਾ* ਹੋਵੇ ਤਾਂ ਰਾਹ ਵਿਖਾਉਣ ਵਾਲਾ (ਗੁਰੂ) ਕੀ ਕਰੇਗਾ। ਲਿਖਦੇ ਹਨ :—

ਬਗੈਰ ਬਦਰੱਕਾਹਿ ਇਸ਼ਕ, ਕੈ ਰਸੀ ਬਾਏਮਨ ॥
ਬਗੈਰ ਜਾਦਾਏ ਸ਼ੌਕਿ ਤੋ,ਰਹਨੁਮਾ ਚਿ: ਕੁਨੱਦ ॥(ਗ਼ਜ਼ਲ ੨੦)

ਤੀਜੇ ਗੁਰਦੇਵ ਕੇਵਲ ਦਰਸ਼ਨ ਮਾਤ੍ਰ ਨਾਲ ਨਿਹਾਲ ਹੋਣ ਵਾਲੇ ਲੋਕਾਂ ਨੂੰ ਇਉਂ ਸੂਚਤ ਕਰਦੇ ਹਨ :—

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ ॥੧॥ (੨੧)
(ਵਾਰ ਵਡਹੰਸ ਮ: ੩, ਪੰਨਾ ੫੯੪)

ਗੱਲ ਤਾਂ ਭਾਵਨਾ ਦੀ ਹੈ। ਸਤਿਗੁਰਾਂ ਦੇ ਦਰਸ਼ਨ ਤਾਂ ਲੋਖੀ ਵੀ ਕਰਦੇ ਰਹੇ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕੜਛੀ ਦੀ ਉਦਾਹਰਣ ਦੇ ਕੇ ਇਸ ਨੁਕਤੇ ਨੂੰ ਇਉਂ ਦ੍ਰਿੜ੍ਹਾਉਂਦੇ ਹਨ :—

ਕੜਛੀਆ ਫਿਰੰਨ੍ਹਿ ਸੁਆਉ ਨ ਜਾਣਨ੍ਹਿ ਸੁੰਞੀਆ ॥
ਸੇਈ ਮੁਖ ਦਿਸੰਨ੍ਹਿ, ਨਾਨਕ, ਰਤੇ ਪ੍ਰੇਮ ਰਸਿ ॥੧॥ (੧੨)
(ਸਲੋਕ ਮ: ੫, ਪੰਨਾ ੫੨੧)

(ਭਾਵ—ਪ੍ਰੇਮ-ਰਸੀਆ ਤੋਂ ਛੁੱਟ ਬਾਣੀ ਦੇ ਪਾਠੀ ਅਤੇ ਕਥੱਕੜ ਕੜਛੀ ਤੁਲ ਹਨ,ਜੋ ਸਭ ਰਸਾਂ ਵਿਚ ਫਿਰ ਕੇ ਵੀ ਰਸ ਨਹੀਂ ਲੈ ਸਕਦੀ।)

ਭਾਈ ਗੁਰਦਾਸ ਜੀ, ਗੁਰਮਤਿ-ਸਿਧਾਂਤਾਂ ਦੇ ਮਹਾਨ ਤੇ ਅਦੁੱਤੀ ਵਿਆਖਿਆਕਾਰ, ਇਸ ਵੀਚਾਰ ਨੂੰ ਇਉਂ ਸਪੱਸ਼ਟ ਕਰਦੇ ਹਨ :—

ਖਾਂਡ ਖਾਂਡ ਕਹੈ ਜਿਹਬਾ ਨ ਸੁਆਦਿ ਮੀਠੋ ਆਵੈ,
ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ ॥
ਬੈਦ ਬੈਦ ਕਹੈ ਰੋਗ ਮਿਟਤ ਨ ਕਾਹੂ ਕੋ,

---

*ਤਬੀਬ ! ਅਗਰ ਬੇਦਰਦ ਰਾ, ਦਵਾ ਚਿ: ਕੁ-ਨਦ ?
ਤੁਰਾ ਕਿ ਪਾਏ ਬ-ਦਸ਼ ਲੰਗ, ਰਹਨੁਮਾ ਚਿ: ਕੁ-ਨਦ ?
(ਗੋਇਆ ਜੀ, ਗ਼ਜ਼ਲ ੨੦)

ਦਰਬ ਦਰਬ ਕਹੀ ਕਹੂ ਦਰਬੈ ਨ ਬਿਲਾਸ ਹੈ ॥
ਚੰਦਨ ਚੰਦਨ ਕਹਿਤ, ਪ੍ਰਗਟੇ ਨ ਸੁਬਾਸ ਬਾਸ,
ਚੰਦ ਚੰਦ ਕਹੀ, ਉਜੀਆਰੋ ਨ ਪ੍ਰਗਾਸ ਹੈ ॥
ਤੈਸੇ ਗਿਆਨ ਗੋਸਟ ਕਹਿਤ, ਨ ਰਹਿਤ ਪਾਵੈ,
ਕਰਨੀ ਪ੍ਰਧਾਨ ਭਾਨ ਉਦਤ ਅਕਾਸ ਹੈ ॥

ਸੋ, ਉਪਰੋਕਤ ਸਾਰੀ ਵੀਚਾਰ ਦਾ ਤਾਤਪਰਜ ਇਹ ਨਿਕਲਿਆ ਕਿ :

(੧) ਗੁਰਬਾਣੀ ਸਤਿਗੁਰਾਂ ਦੀ ਆਤਮ-ਜੋਤਿ ਹੈ।

(੨) ਸਿਖ ਨੇ ਗੁਰੂ-ਬਾਣੀ ਦਾ ਪੂਰਨ ਪਿਆਰ, ਸਤਿਕਾਰ, ਸਰਧਾ ਤੇ ਸਿਦਕ ਨਾਲ ਸ਼ੁੱਧ ਪਾਠ ਕਰਨਾ ਹੈ।

(੩) ਸ਼ੁਧ ਪਾਠ ਤਾਂ ਹੀ ਸੰਭਵ ਹੋ ਸਕੇਗਾ ਜੇ ਗੁਰਬਾਣੀ-ਵਿਆਕਰਣ ਦਾ ਬੋਧ ਤੇ ਅਰਥ-ਵੀਚਾਰ ਹੋਵੇ।

(੪) ਉਪਰੰਤ ਗੁਰੂ-ਬਾਣੀ ਵਿਚ ਦਰਸਾਏ ਸਿਧਾਂਤਾਂ ਤੇ ਤੱਤਾਂ ਨੂੰ ਸਤਿ ਸਤਿ ਕਰ ਕੇ ਦਿਲੋਂ ਵਲੋਂ ਮੰਨਣਾ ਹੈ। ਸੰਸੇ ਉਤਪੰਨ ਨਹੀਂ ਹੋਣ ਦੇਣੇ, ਇਨ੍ਹਾਂ ਨਾਲ *ਜੀਅ ਮਲੀਨ ਹੁੰਦਾ ਹੈ ਤੇ ਮਲੀਨ ਹੋਏ ਮਨ ਨੂੰ ਮੁੜ ਕੇਵਲ ਗੁਰੂ ਦਾ ਸ਼ਬਦ ਹੀ ਧੋ ਸਕਦਾ ਹੈ।

(੫) ਗੁਰਬਾਣੀ ਆਤਮ-ਗਿਆਨ ਦਾ ਸੋਮਾ ਹੈ। ਸਿਖ ਨੂੰ ਹੋਰਥੇ ਭਟਕਣ ਦੀ ਲੋੜ ਨਹੀਂ। ਉਹ †ਪਿਉ ਦਾਦੇ ਦਾ ਇਹ ਪ੍ਰਗਟ ਖ਼ਜ਼ਾਨਾ ਗਹੁ ਨਾਲ ਵੇਖੇ ਤਾਂ ਸਹੀ।

(੬) ਉਪਰੋਕਤ ਸਾਰੀਆਂ ਗੱਲਾਂ ਤਾਂ ਹੀ ਸੰਭਵ ਹੋਣਗੀਆਂ ਜੇ ਅਸਾਡੇ ਅੰਦਰ ਗੁਰਬਾਣੀ ਦਾ ਪੂਰਨ ਅਦਬ ਸਤਿਕਾਰ ਹੋਵੇ। ਸ੍ਰੀ ਗੁਰ

---

* ਸਭਨਾਂ ਜੀਉ ਮਲੀਨੁ ਹੈ ਕਿਤੁ ਸੰਜਮਿ ਧੋਤਾ ਜਾਇ ॥
ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥੧੮॥ (ਅਨੰਦੁ)

† ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥
ਤਾ ਮੇਰੈ ਮਨਿ ਭਇਆ ਨਿਧਾਨਾ ॥ (ਗਉੜੀ ਮ: ੫, ਪੰਨਾ ੧੮੬)

ਹਰਿ ਰਾਇ ਸਾਹਿਬ ਦੀ ਗੁਰਬਾਣੀ ਦੇ ਅਦਬ ਵਿਚ ਕਾਹਲੀ ਵਿਚ ਉਠਣ ਕਾਰਨ ਗੋਡੇ ਉਤੇ ਸੱਟ ਲਗਣ ਦੀ ਸਾਖੀ ਇਸ ਸੰਬੰਧ ਵਿੱਚ ਸਾਡੀ ਅਗਵਾਈ ਕਰਦੀ ਹੈ।

(੭) ਗੁਰਬਾਣੀ ਤੋਂ ਪ੍ਰਾਪਤ ਸੁਖ, ਸ਼ਾਂਤੀ ਤੇ ਆਤਮਕ ਗਿਆਨ ਵਿਚ ਸਮੱਸਤ ਸੰਸਾਰ ਦੇ ਲੋਕਾਂ ਨੂੰ ਸਾਂਝੀਵਾਲ ਬਣਾਉਣ ਵਿਚ ਕੋਤਾਹੀ ਕਰਨਾ, ਵੱਡੀ ਅਕ੍ਰਿਤਘਣਤਾ ਤੇ ਨਾ ਖਿਮਾ ਕੀਤੀ ਜਾਣ ਵਾਲੀ ਅਣਗਹਿਲੀ ਹੈ। ਗੁਰਬਾਣੀ ਦੇ ਪਾਠ-ਵੀਚਾਰ ਆਦਿ ਲਈ ਥਾਂ ਪਰ ਥਾਂ, ਦੂਰ ਨੇੜੇ ਕੇਂਦਰਾਂ ਤੇ ਟਕਸਾਲਾਂ ਦਾ ਕਾਇਮ ਕਰਨਾ ਸਾਡਾ ਪਹਿਲਾ ਫ਼ਰਜ਼ ਹੈ।

(੮) ਗੁਰਬਾਣੀ ਦਸਦੀ ਹੈ ਕਿ ਅਸਲ ਵਿਚ ਜੀਉਂਦਾ ਉਹ ਹੈ ਜਿਸ ਦੇ ਮਨ ਵਿਚ ਪ੍ਰਭੂ ਵਸਦਾ ਹੈ। ਸੁਆਸਾਂ ਦੇ ਆਉਣ ਜਾਣ ਜਾਂ 'ਭਰਣ ਪੋਖਣ' ਵਿਚ ਉਮਰ ਬਿਤਾ ਦੇਣ ਦਾ ਨਾਮ ਜ਼ਿੰਦਗੀ ਨਹੀਂ :

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥੧॥ (੧੦)
(ਸਲੋਕੁ ਮ: ੧, ਪੰਨਾ ੧੪੨)

ਗੱਲ ਕੀ, ਗੁਰਬਾਣੀ ਸਾਡੇ ਜੀਵਨ ਦਾ ਉਹ ਧੁਰਾ ਹੈ, ਕੇਂਦਰ ਹੈ, ਮਰਕਜ਼ ਹੈ, ਜਿਸ ਨਾਲ ਸਦਾ ਜੁੜੇ ਰਹਿਣਾ ਹੀ ਸਾਦਿਕ ਸਿਖ ਦਾ ਆਦਰਸ਼ ਹੈ, ਜੀਵਨ-ਮਨੋਰਥ ਹੈ, ਸਾਹਿਬੀ ਹੈ; ਅਤੇ ਵਿਛੋੜਾ ਆਤਮਕ ਮੌਤ :

ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥
ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥੧॥ (੧੧)
(ਸਲੋਕੁ ਮ: ੧, ਪੰਨਾ ੧੪੨)

ਸਿਖ ਤੇ ਅਸਫਲਤਾ ਦੋ ਵਿਰੋਧੀ ਸ਼ਬਦ ਹਨ। ਜਦ ਕਦੀ ਵੀ ਆਪਣੇ ਅਥਵਾ ਕੌਮੀ ਜੀਵਨ ਵਿਚ ਢਹਿੰਦੀ ਕਲਾ ਦੀਆਂ ਨਿਸ਼ਾਨੀਆਂ ਵੇਖੀਏ ਤਾਂ ਸਮਝ ਲਈਏ ਕਿ ਅਸੀਂ ਆਪਣੇ ਜੀਵਨ-ਸੋਮੇ ਅਥਵਾ ਕੇਂਦਰ—ਗੁਰਬਾਣੀ—(ਮਰਕਜ਼) ਤੋਂ ਵਿਛੜ ਗਏ ਹਾਂ, ਦੂਰ ਹੋ ਗਏ ਹਾਂ।

ਫੇਰ ਅਸੀਂ ਕੋੜ੍ਹੀ* ਵਾਂਗ ਤੜਪਾਂਗੇ, ਵਿਲਲਾਵਾਂਗੇ। ਕੀ ਕੋਈ ਸਿਆਣਾ ਪੁਰਸ਼ ਜਾਣਦਾ ਬੁਝਦਾ ਕਦੀ ਅਜਿਹਾ ਦੁਖਦਾਈ ਤੇ ਸ੍ਵੈਘਾਤਕ ਰਸਤਾ ਅਪਣਾਏਗਾ ?

ਵੇਖੋ, ਇਕ ਵੀਚਾਰਵਾਨ ਸ਼ਾਇਰ ਕਿਵੇਂ ਸਾਨੂੰ ਇਹ ਨੁਕਤਾ ਸਪੱਸ਼ਟ ਕਰ ਕੇ ਸਮਝਾ ਰਿਹਾ ਹੈ :—

ਕੌਮੇਂ ਕੇ ਲੀਏ ਮੌਤ ਹੈ ਮਰਕਜ਼ ਸੇ ਜੁਦਾਈ।
ਹੋ ਸਾਹਿਬਿ ਮਰਕਜ਼, ਤੋ ਖ਼ੁਦੀ ਕਿਆ ਹੈ ? ਖ਼ੁਦਾਈ।

---

* ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥
(ਧਨਾਸਰੀ ਮ: ੧, ਪੰਨਾ ੬੬੧)

ਜੁਗੋ ਜੁਗ ਅਟੱਲ, ਜਾਗਦੀ ਜੋਤਿ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਵੈਸੇ ਤਾਂ ਮਨੁੱਖ ਨੂੰ ਜੀਵਨ-ਨਿਰਬਾਹ ਲਈ ਸਦਾ ਹੀ ਏਕੇ, ਮਿਲ-ਵਰਤਣ, ਰਵਾਦਾਰੀ ਤੇ ਸਹਿਨ-ਸ਼ੀਲਤਾ ਦੀ ਲੋੜ ਰਹੀ ਹੈ, ਪਰੰਤੂ, ਜਿਤਨੀ ਲੋੜ ਇਨਸਾਨੀ-ਬਰਾਦਰੀ ਦੇ ਇਨ੍ਹਾਂ ਦੈਵੀ ਗੁਣਾਂ ਦੀ ਅਜੋਕੇ ਵਿਗਿਆਨਕ ਜੁੱਗ ਵਿੱਚ ਪ੍ਰਤੀਤ ਹੋ ਰਹੀ ਹੈ, ਸ਼ਾਇਦ ਹੀ ਪਹਿਲਾਂ ਕਦੀ ਭਾਸੀ ਹੋਵੇ। ਅਜੋਕੀ ਬੋਲੀ ਵਿਚ ਇਹਨਾਂ ਗੁਣਾਂ ਨੂੰ 'ਭਾਵਕ-ਏਕਤਾ' (Emotional Integration) ਅਤੇ 'ਸਹਿਵਾਸ' (Co-existence) ਦੇ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।

ਸੂਝਵਾਨ ਤੇ ਦੂਰ-ਦਰਸ਼ੀ ਨੇਤਾਵਾਂ ਦੀ ਇਹ ਸੋਚੀ ਸਮਝੀ ਰਾਏ ਹੈ ਕਿ ਵਿਗਿਆਨਕ ਖੋਜ ਤੇ ਕਾਢਾਂ ਦੇ ਬਲ ਬੋਤੇ ਬਣੇ ਮਾਰੂ-ਹਥਿਆਰਾਂ ਦੇ ਭੰਡਾਰਾਂ ਦੀ ਹੋਂਦ ਵਿਚ ਸੰਸਾਰ ਸਰਵ-ਨਾਸ਼ ਦੇ ਦਹਾਨੇ ਉਤੇ ਆ ਖਲੋਤਾ ਹੈ। ਹਰੇਕ ਬਲਵਾਨ ਧੜੇ ਨੇ ਅਜਿਹੇ ਪਰਬੰਧ ਕਰ ਰੱਖੇ ਹਨ ਕਿ ਜੇ ਇੱਕ ਧੜਾ ਹਮਲੇ ਵਿਚ ਪਹਿਲ ਕਰ ਵੀ ਜਾਵੇ ਤਾਂ ਦੂਜੇ ਦੇ ਸ੍ਵੈ-ਚਾਲਕ ਯੰਤਰ ਉਧਰੋਂ ਮੌਤ ਤੇ ਬਰਬਾਦੀ ਦੀ ਅੱਗ ਦੂਜੇ ਪਾਸੇ ਵੱਲ, ਓਸੇ ਤਰ੍ਹਾਂ ਵਰ੍ਹਾਂ ਸੱਕਣ।

ਐਸੀ ਗੈਰ-ਯਕੀਨੀ, ਅਵਿਸ਼ਵਾਸ ਤੇ ਚਿੰਤਾ-ਭਰਪੂਰ ਸਥਿਤੀ ਵਿਚ ਇਨਸਾਨ ਨੂੰ ਭਲਾ ਸ਼ਾਂਤੀ, ਸੁਖ ਤੇ ਚੈਨ ਕਿਥੇ? ਪਤਾ ਨਹੀਂ ਕਦੋਂ ਕਿਸ ਪਾਗਲ ਮਨੁੱਖ ਨੇ ਇਕ ਬਟਨ ਦਬਾ ਕੇ ਇਹ ਵਿਗਿਆਨਕ ਖੇਡ, ਖੇਡ ਜਾਣੀ ਹੈ ਅਤੇ ਮਨੁੱਖ ਦੀ ਸਾਰੀ ਪ੍ਰਗਤੀ, ਸੁਹਾਵਣੇ ਸੁਪਨੇ ਤੇ ਸੁਖ

ਦੇ ਸਮੂਹ ਸਾਧਨ, ਸੁਆਹ ਦੀ ਢੇਰੀ ਵਿਚ ਬਦਲ ਜਾਣੇ ਹਨ ; ਕਿਤਨਾ ਅਭਾਗਾ ਹੈ ਇਹ ਮਨੁੱਖ, ਜੋ ਐਟਮ ਦੀ ਸ਼ਕਤੀ ਅਤੇ ਚੰਦ ਆਦਿ ਗ੍ਰਹਿਆਂ ਉਤੇ ਪਹੁੰਚਣ ਦੀ ਸਮਰੱਥਾ ਰਖਦਾ ਹੋਇਆ ਵੀ ਸੁਖ ਤੇ 'ਸਹਜ' ਦੇ ਜੀਵਨ ਤੋਂ ਦੂਰ ਹੈ, ਬਹੁਤ ਦੂਰ ਹੈ।

ਕਿਤਨੇ ਦੁਖ ਦੀ ਗੱਲ ਹੈ ਕਿ, ਬਜ਼ਾਹਰ, ਸੰਸਾਰਕ ਸੁਖਾਂ ਦੇ, ਸਾਰੇ ਸਾਮਾਨ, ਇਸ ਨੂੰ ਪ੍ਰਾਪਤ ਹਨ ; ਪਰੰਤੂ ਮੰਜ਼ਲੋਂ ਘੁਥੇ ਰਾਹੀ ਵਾਂਗ ਇਹ ਫਿਰ ਵੀ ਜੀਵਨ-ਜਾਚ ਦੇ ਤਾਲੋਂ, ਬੇਤਾਲ ਹੋਇਆ, ਭਟਕ ਰਿਹਾ ਹੈ।* ਇਹ ਚਤੁਰ ਹੈ, ਸੁੰਦਰ ਹੈ, ਗਿਆਨ ਦੇ ਭੰਡਾਰਾਂ ਦਾ ਮਾਲਕ ਹੈ, ਬਲਵਾਨ ਤੇ ਧਨਵਾਨ ਹੈ; ਪਰੰਤੂ, ਐਨਾ ਕੁਝ ਹੁੰਦਿਆਂ ਹੋਇਆਂ ਵੀ ਇਸ ਦੇ ਅੰਦਰ ਕੋਈ ਘਾਟ ਹੈ, ਜੋ ਇਸ ਨੂੰ ਟਿਕਣ ਨਹੀਂ ਦਿੰਦੀ। 'ਭਗਵੰਤ ਪ੍ਰੀਤਿ' ਤੋਂ ਸਖਣਾ 'ਖ਼ੁਦਾ ਦਾ ਬੇਟਾ' ਦੁਖੀ ਹੈ, ਉਦਾਸ ਹੈ, ਅਸ਼ਾਂਤ ਹੈ। ਇਸ ਅਸ਼ਾਂਤੀ ਦਾ ਅਸਲ ਕਾਰਨ ਲਭਣ, ਸਾਰੇ ਸੁਖਾਂ ਦਾ ਦਾਤਾ ਰਾਮ† ਨੂੰ ਜਾਣਨ ਤੇ ਪ੍ਰੇਮ ਦੀ ਸ਼ਰਨ ਲੈਣ ਦੀ ਥਾਂ, ਇਹ ਹੁਣ ਹਿੱਪੀ ਬਣ ਕੇ ਭੰਗ, ਸ਼ਰਾਬ ਤੇ ਚਰਸ ਆਦਿ ਮੱਤ-ਮਾਰਨ ਵਾਲੇ ਫੋਕੇ ਤੇ ਵਕਤੀ ਨਸ਼ਿਆਂ ਵਿਚ ਸਹੀ ਤੇ ਸਦੀਵੀ ਸੁਖ ਦੀ ਭਾਲ ਕਰ ਰਿਹਾ ਹੈ। ਨਸ਼ਿਆਂ ਦੀ ਵਰਤੋਂ ਤੇ ਦਿਲ-ਪਰਚਾਵੇ ਦੇ ਨਿਤ ਨਵੇਂ ਸਾਧਨਾਂ ਨਾਲ ਦੁਖ, ਅਸ਼ਾਂਤੀ ਨੂੰ ਭੁਲਾਣ ਦੀ ਨਾਕਾਮ ਕੋਸ਼ਿਸ਼ ਕਰ ਰਿਹਾ ਹੈ। "ਸ਼ਬਦ" ਦੇ ਸਦੀਵੀ ਨਸ਼ੇ ਤੋਂ, ਇਹ ਬਦਕਿਸਮਤ, ਉੱਕਾ ਹੀ ਬੇਖ਼ਬਰ ਹੈ। ਇਹ ਭੋਲਾ ਪਾਤਸ਼ਾਹ ਫਿਰ ਚਾਰ-ਵਾਕੀਆਂ ਤੇ ਚੋਲੀ-ਮਾਰਗੀਆਂ ਵਾਂਗ ਇਸੇ

---

* ਅਤਿ ਸੁੰਦਰ, ਕੁਲੀਨ, ਚਤੁਰ, ਮੁਖਿ ਙਿਆਨੀ, ਧਨਵੰਤ ॥
ਮਿਰਤਕ ਕਹੀਅਹਿ, ਨਾਨਕਾ, ਜਿਹ ਪ੍ਰੀਤਿ ਨਹੀ ਭਗਵੰਤ ॥੧॥੧੬॥
(ਗਉੜੀ ਮ: ੫, ਪੰਨਾ ੨੫੩)

† (ੳ) ਸਭ ਸੁਖ-ਦਾਤਾ ਰਾਮੁ ਹੈ, ਦੂਸਰ ਨਾਹਿਨ ਕੋਇ ॥੪੦॥
(ਸਲੋਕ ਮ: ੯, ਪੰ: ੧੪੨੮)

(ਅ) ਜਉ ਸੁਖ ਕਉ ਚਾਹੈ ਸਦਾ, ਸਰਨਿ ਰਾਮ ਕੀ ਲੇਹ ॥੨੩॥
(ਸਲੋਕ ਮ: ੯, ਪੰਨਾ ੧੪੨੭)

ਪੰਥ ਪੈਣ ਦੀ ਭੁਲ ਕਰ ਰਿਹਾ ਹੈ, ਜਿਸ ਨੂੰ ਮੰਜ਼ੀ ਵਾਂਗ ਚੱਟ ਕੇ ਓਹ ਕਿਸੇ ਸਮੇਂ ਵਾਪਸ ਪਰਤਿਆ, ਅਤੇ ਅਜ ਦੇ ਉੱਨਤ ਤੇ ਆਲਮ ਸਮਾਜ ਦਾ ਵਾਰਿਸ ਬਣਿਆ ਸੀ।

ਪਰੰਤੂ, ਇਸ ਦੀ ਇਹ ਬੀਮਾਰੀ ਲਾ-ਇਲਾਜ ਨਹੀਂ। ਬਹੁਤ ਪੁਰਾਣੀ, ਬਹੁਤ ਚਿਰ-ਕਾਲ ਦੀ ਗੱਲ ਨਹੀਂ, ਕੇਵਲ ੩੯੧ ਕੁ ਸਾਲ ਦੀ ਨਿਗੂਣੀ ਜਿਹੀ ਵਿੱਥ (ਸੰਨ ੧੬੦੪) ਦੀ ਗੱਲ ਹੈ, ਜਦ ਧੁਰੋਂ ਪਠਾਏ, ਨਿਰੰਕਾਰੀ ਬਾਬੇ ਨੇ, ਆਪਣੇ ਪੰਜਵੇਂ ਸਰੂਪ ਵਿਚ, ਜੱਗ ਨੂੰ ਇਕ ਅਜਿਹੀ ਪੱਕੀ, ਕਲਿਆਣਕਾਰੀ ਤੇ ਸਦੀਵੀ ਸੇਧ ਦਿਤੀ ਸੀ, ਜਿਸ ਨੂੰ ਪ੍ਰਬੀਨ ਪੁਰਸ਼ਾਂ ਨੇ 'ਗਾਡੀਰਾਹ' ਕਰਕੇ ਜਾਣਿਆ ਤੇ ਸਤਿਕਾਰਿਆ। ਉਨ੍ਹਾਂ ਨੇ 'ਭਾਵਕ ਏਕਤਾ' ਤੇ 'ਸਹਿਵਾਸ' ਦਾ ਇਕ ਐਸਾ ਪੂਰਨ ਪਾਇਆ, ਬਾਨ੍ਹਣੂੰ ਬੰਨ੍ਹਿਆ, ਜੋ ਮਨੁੱਖ ਦੇ ਧਾਰਮਿਕ ਇਤਿਹਾਸ ਵਿਚ ਅਦੁੱਤੀ ਸੀ, ਬੇ-ਮਿਸਾਲ ਸੀ। ਸਤਿਗੁਰਾਂ ਨੇ ਤਰੁੰਤ ਕੇ ਮਨੁੱਖੀ ਕਲਿਆਣ ਤੇ ਅਗਵਾਈ ਲਈ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਅਜਿਹਾ ਧਾਰਮਿਕ ਗ੍ਰੰਥ ਤਿਆਰ ਕੀਤਾ ਜੋ ਰੱਤ ਵਾਂਗ, ਹਵਾ ਵਾਂਗ ਤੇ ਸੂਰਜ ਦੀ ਧੁੱਪ ਵਾਂਗ ਸਭ ਦਾ ਸਾਂਝਾ ਹੈ, ਸਹੀ ਅਰਥਾਂ ਵਿਚ ਸਾਂਝਾ ਤੇ ਆਪਣਾ ਹੈ।* ਸਭੇ ਇਕ-ਸਮਾਨ ਭਾਈਵਾਲ ਹਨ ਇਸ ਦੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਤਿਗੁਰਾਂ ਦੀ ਆਤਮਕ ਜੋਤਿ—ਗੁਰਬਾਣੀ, ਦੇ ਨਾਲ, ਥਾਂ ਪਰ ਥਾਂ, ਭਗਤਾਂ ਤੇ ਭੱਟਾਂ ਦੇ ਰੱਬੀ ਕਲਾਮ ਨੂੰ ਵੀ ਸਮਾਨ ਥਾਂ ਦਿੱਤੀ। ਕਿਤਨਾ ਇਨਕਲਾਬ ਸੀ ਇਹ ਮੁਤਅੱਸਬੀ ਤੇ ਸੌੜੇ ਦਿਲ ਦਿਮਾਗ਼ ਵਾਲੇ ਉਸ ਜੁੱਗ ਵਿਚ, ਭ੍ਰਾਤਰ-ਏਕਤਾ, ਇਨਸਾਨੀ ਬਰਾਦਰੀ ਤੇ ਭੈਣਾਂ ਭਰਾਵਾਂ ਵਾਂਗ ਰਲ ਮਿਲ ਬੈਠਣ ਦਾ।

ਸਾਰੇ ਮੱਤਾਂ ਦੇ ਧਰਮ ਗ੍ਰੰਥ ਸਤਿਕਾਰ ਯੋਗ ਹਨ। ਸਭ ਵਿਚ ਸਮੇਂ ਸਮੇਂ ਆਪਣੇ ਆਪਣੇ ਢੰਗ ਅਤੇ ਆਪਣੀ ਆਪਣੀ ਪਹੁੰਚ ਤੇ ਸਮਰਥਾ

---

* ਸਭੇ ਸਾਂਝੀਵਾਲ ਸਦਾਇਨਿ, ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥
(ਮਾਝ ਮ: ੫, ਪੰ: ੯੭)

ਅਨੁਸਾਰ ਸਚਾਈ ਦਾ ਹੋਕਾ ਦਿਤਾ ਗਿਆ ਹੈ; ਪਰੰਤੂ, ਸਤਿਗੁਰਾਂ ਦੀ ਧੁਰ ਕੀ ਬਾਣੀ ਨਾਲ, ਜੋ ਅਟੁੱਟ ਸਾਂਝ ਕਬੀਰ ਜੀ, ਫਰੀਦ ਜੀ, ਰਵਿਦਾਸ ਜੀ, ਨਾਮਦੇਵ ਜੀ, ਤ੍ਰਿਲੋਚਨ ਜੀ, ਜੈਦੇਵ ਜੀ, ਰਾਮਾਨੰਦ ਜੀ, ਬੇਣੀ ਜੀ, ਸੈਣ ਜੀ, ਸਧਨਾ ਜੀ ਆਦਿ ਅਖੌਤੀ ਊਚੀਆਂ, ਨੀਵੀਆਂ ਜਾਤੀਆਂ ਦੇ ਭਗਤਾਂ ਤੇ ਭੱਟਾਂ ਦੀ ਬਾਣੀ ਦੀ ਪਾਈ ਗਈ ਹੈ, ਅਤੇ ਮਨੁੱਖ ਨੂੰ ਜਾਤਾਂ, ਵਰਨਾਂ, ਨਸਲਾਂ ਤੇ ਆਸ਼ਰਮਾਂ ਦੇ ਮਾਰੂ ਵਲਗਣ ਦੀ ਊਚ ਨੀਚ ਵਿਚੋਂ ਕਢ ਕੇ ਜੋ ਸਮਾਨਤਾ, ਪਿਆਰ-ਗਲਵਕੜੀ ਤੇ ਨਿੱਘ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੈ, ਇਹ ਹੋਰ ਕਿਸੇ ਮੱਤ ਦੇ ਗ੍ਰੰਥ ਵਿਚ ਨਹੀਂ ਲੱਭਦੀ। ਏਸੇ ਲਈ, ਗੁਰੂ ਨਾਨਕ ਨਾਮ ਲੇਵਾ ਗੁਰਸਿੱਖ, ਬਜਾਅ ਤੌਰ ਉਤੇ, ਇਹ ਫ਼ਖ਼ਰ ਕਰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਮਿਲਤ ਧਰਮ-ਵਿਸ਼ਵਾਸਾਂ ਦੀ ਆਪਣੀ ਕਿਸਮ ਦਾ ਪਹਿਲਾ, ਤੇ ਇੱਕੋ ਇੱਕ ਕਲਿਆਣਕਾਰੀ ਗ੍ਰੰਥ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੈਗ਼ਾਮ ਦੀ ਕੇਵਲ ਇਹੀ ਵਿਸ਼ੇਸ਼ਤਾ ਨਹੀਂ ਕਿ ਇਹ 'ਭਾਵਕ-ਏਕਤਾ', 'ਸਹਿਵਾਸ', ਇਨਸਾਨੀ ਬਰਾਦਰੀ ਤੇ ਮਨੁੱਖੀ ਸਮਾਨਤਾ ਦਾ ਇਕ ਅਦੁੱਤੀ ਕੇਂਦਰ ਤੇ ਸਰਚਸ਼ਮਾ ਹੈ; ਸਗੋਂ, ਇਹਦਾ ਵੱਡਾ ਗੁਣ ਇਹ ਵੀ ਹੈ ਕਿ ਇਸ ਵਿਚ ਅਜਿਹੇ ਅਮਰ ਸਿਧਾਂਤ ਤੇ ਸਿਖਿਆ ਰੂਪੀ ਅਮੋਲਕ ਰਤਨ ਹਨ, ਜੋ ਇਨਸਾਨ ਦੀ ਸਦੀਵੀ ਰਹਬਰੀ ਤੇ ਕਲਿਆਣ ਦੇ ਜ਼ਾਮਨ ਹਨ। ਉਦਾਹਰਣ ਵਜੋਂ :

ਪਹਿਲੇ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਸਰਬ-ਕਾਲੀ (ਸਦੀਵੀ) ਤੇ ਸਰਬ-ਦੇਸ਼ੀ ਹੈ। ਇਸ ਦਾ ਆਸ਼ਾ ਸੱਚ ਉਤੇ ਅਧਾਰਤ ਹੈ, ਅਤੇ ਇਹ ਸੱਚ *ਕਦੀ ਪੁਰਾਣਾ ਨਹੀਂ ਹੁੰਦਾ। ਸਚੁ †ਆਦਿ ਜੁਗਾਦਿ ਅਥਵਾ ਭੂਤ ਭਵਿਖ, ਭਵਾਨ ਵਿਚ ਸਦਾ ਅ-ਬਦਲ ਤੇ ਇਕ-ਰਸ ਰਹਿੰਦਾ ਹੈ। ਸਚੁ ਪ੍ਰਮਾਤਮਾ ਹੈ, ਅਤੇ ਪ੍ਰਮਾਤਮਾ ਸੱਚ। ਨਾਲ ਹੀ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਅਜਿਹੀਆਂ ਸਚਾਈਆਂ, ਹਕੀਕਤਾਂ ਤੇ ਤੱਤਾਂ ਦਾ

* ਸਚੁ ਪੁਰਾਣਾ ਨਾ ਥੀਐ, ਨਾਮੁ ਨ ਮੈਲਾ ਹੋਇ ॥ (ਮ: ੩, ਪੰ: ੧੨੪੮)

† ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥(ਜਪੁਜੀ)

ਗਿਆਨ ਹੈ, ਜੋ ਮਨੁੱਖੀ ਗਿਆਨ ਦਾ ਸੋਮਾ ਤੇ ਸਦਾ, ਹੈ ਤੇ ਥੇ ਰਹਨ, ਸਤਿ ਹਨ। ਗੁਰਬਾਣੀ ਫੁਰਮਾਉਂਦੀ ਹੈ :

(ੳ) ਥਾਪਿਆ ਨਾ ਜਾਇ, ਕੀਤਾ ਨਾ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥ (ਜਪੁਜੀ)

(ਅ) ਨਾਨਕ, ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ (ਜਪੁਜੀ)

(ੲ) ਕੂੜ ਨਿਖੁਟੇ ਨਾਨਕਾ, ਓੜਕਿ ਸਚਿ ਰਹੀ ॥੨॥੧੩॥
ਮ: ੧, ਰਾਮਕਲੀ ਕੀ ਵਾਰ, ਪੰ: ੯੫੩

(ਸ) ਮਿਠਤੁ ਨੀਵੀ ਨਾਨਕਾ, ਗੁਣ ਚੰਗਿਆਈਆ ਤਤੁ ॥੧॥੧੩॥
ਆਸਾ ਕੀ ਵਾਰ, ਪੰ: ੪੭੦

(ਹ) ਸੰਸਾਰੁ ਰੋਗੀ ਨਾਮੁ ਦਾਰੂ, ਮੈਲੁ ਲਾਗੈ ਸਚ ਬਿਨਾ ॥
ਧਨਾਸਰੀ ਮ: ੧ ਛੰਤ, ਪੰ: ੬੮੭

(ਕ) ਨਾਨਕ, ਮੂਰਖ ਏਹਿ ਗੁਣ, ਬੋਲੇ ਸਦਾ ਵਿਣਾਸੁ ॥੧॥੧੨॥
ਮਾਝ ਮ: ੧, ਮਾਝ ਕੀ ਵਾਰ ਪੰ: ੧੪੩

(ਖ) ਨਾਨਕ, ਜਿਨ੍ ਮਨਿ ਭਉ, ਤਿਨ੍ਾ ਮਨਿ ਭਾਉ ॥੨॥੫॥
ਆਸਾ ਕੀ ਵਾਰ, ਪੰਨਾ ੪੬੫

(ਗ) ਨਾਨਕ, ਫਿਕੈ ਬੋਲਿਐ, ਤਨੁ ਮਨੁ ਫਿਕਾ ਹੋਇ ॥
ਆਸਾ ਕੀ ਵਾਰ, ਪੰ: ੪੭੩

(ਘ) ਨਾਨਕ ਦੁਖੀਆ ਸਭੁ ਸੰਸਾਰੁ ॥੧॥੧੪॥
ਸਲੋਕੁ ਮ: ੧, ਰਾਮਕਲੀ ਕੀ ਵਾਰ, ਪੰ: ੯੫੪

(ਙ) ਨਾਨਕ, ਤੇ ਨਰ ਅਸਲਿ ਖਰ, ਜਿ ਬਿਨੁ ਗੁਣ ਗਰਬੁ ਕਰੰਤ ॥੧॥
ਮ: ੧, ਪੰ: ੧੪੧੧

(ਚ) ਪੜਿਆ ਮੂਰਖੁ ਆਖੀਐ, ਜਿਸੁ ਲਬੁ ਲੋਭੁ ਅਹੰਕਾਰਾ ॥੬॥
ਮਾਝ ਕੀ ਵਾਰ, ਮ: ੧, ਪੰਨਾ ੧੪੦

(ਛ) ਪੈਧਾ ਖਾਧਾ ਬਾਦਿ ਹੈ, ਜਾਂ ਮਨਿ ਦੂਜਾ ਭਾਉ ॥੧੧॥
ਮ: ੧, ਪੰਨਾ ੧੪੧੧

(ਜ) ਫਕੜ ਜਾਤੀ, ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥

ਸਲੋਕ ਮ: ੧, ਸਿਰੀਰਾਗ ਕੀ ਵਾਰ, ਪੰ: ੮੩

(ਝ) ਬਾਬਾ, ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ ॥

ਸਿਰੀਰਾਗ ਮ: ੧, ਪੰ: ੧੬

(ਞ) ਭੈ ਰਚਿ ਰਹੈ, ਸੁ ਨਿਰਭਉ ਹੋਇ ॥
ਜੈਸਾ ਸੇਵੈ ਤੈਸੋ ਹੋਇ ॥੪॥

ਗਉੜੀ ਮ: ੧, ਪੰ: ੨੨੩-੨੪

(ਟ) ਭੂਲ ਚੂਕ, ਤੇਰੈ ਦਰਬਾਰਿ ॥ ਨਾਮ ਬਿਨਾ, ਕੈਸੇ ਆਚਾਰ ॥੧॥੧੨॥

ਪ੍ਰਭਾਤੀ ਮ: ੧, ਪੰ: ੧੩੩੦

(ਠ) ਸੋ ਸਤਿਗੁਰ ਜਿਸੁ ਰਿਦੈ ਹਰਿ ਨਾਉ ॥੩॥੧੮॥

ਗਉੜੀ ਮ: ੫, ਪੰ: ੨੮੭

(ਡ) ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥੨॥੧੭॥

ਸੁਖਮਨੀ ਸਾਹਿਬ, ਪੰ: ੨੮੫

(ਢ) ਦੁਖੁ ਦਾਰੂ ਸੁਖੁ ਰੋਗੁ ਭਇਆ ॥ (ਆਸਾ ਕੀ ਵਾਰ)

(ਣ) ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ ॥੫॥

ਸਿਰੀ ਰਾਗੁ ਮ: ੧, ਪੰ: ੬੨

(ਤ) ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥
ਤਾ ਮੇਰੈ ਮਨਿ ਭਇਆ ਨਿਧਾਨਾ ॥੧॥
ਰਤਨ ਲਾਲ ਜਾ ਕਾ ਕਛੂ ਨ ਮੋਲੁ ॥
ਭਰੇ ਭੰਡਾਰ ਅਖੂਟ ਅਤੋਲ ॥੨॥

ਗਉੜੀ ਮ: ੫, ਪੰਨਾ ੧੮੬

ਜ਼ਰਾ ਵੇਖੋ ਨਾ, ਖੋਲ੍ਹ ਕੇ, ਪਿਊ ਦਾਦੇ ਦਾ ਖਜ਼ਾਨਾ—ਗੁਰਬਾਣੀ— ਜੋ ਬੇਅੰਤ, ਅਮੁਲੀਕ ਸ਼ਬਦ ਰੂਪੀ ਰਤਨਾਂ ਨਾਲ ਭਰਪੂਰ ਹੈ, ਤੇ ਜਿਸ ਵਿਚੋਂ ਵੰਨਗੀ ਮਾਤ੍ਰ ਕੁਝ ਕੁ ਸਤਿ ਤੇ ਸਾਰ ਬਚਨ ਉੱਪਰ ਅੰਕਿਤ ਕੀਤੇ

ਗਏ ਹਨ। ਕਿਤਨੀ ਸੱਚਾਈ, ਕਿਤਨੀ ਸਦੀਵਤਾ ਰਖਦੇ ਹਨ ਇਹ ਗੁਰਵਾਕ। ਸਭ ਕੁਛ† ਬਿਨਸ ਜਾਇਗਾ, ਪਰੰਤੂ ਮਹਾਂ ਪੁਰਸ਼ਾਂ ਦੇ ਇਹ ਬਚਨ ਜੁਗੋ ਜੁਗ ਅਟੱਲ ਰਹਿਣਗੇ।

ਇਸ ਤਰ੍ਹਾਂ ਵੀਚਾਰਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਵਨ ਦੇ ਅਬਦੀ ਸਿਧਾਂਤਾਂ ਦਾ ਇਕ ਅਜੋੜ ਗ੍ਰੰਥ ਹੈ, ਜ਼ਿੰਦਗੀ ਦੀਆਂ ਸਾਧਾਰਨ ਤੇ ਵਕਤੀ ਰੀਤਾਂ-ਰਸਮਾਂ ਦਾ ਨਹੀਂ। ਇਹ ਤਾਂ ਦੇਸ਼, ਕਾਲ ਅਨੁਸਾਰ ਸਦਾ ਬਦਲ-ਦੀਆਂ ਰਹੀਆਂ ਹਨ ਤੇ ਬਦਲਦੀਆਂ ਰਹਿਣਗੀਆਂ।

ਦੂਜੇ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੋਲੀ, ਦੇਸ਼ ਦੀਆਂ ੧੨ ਕੁ ਬੋਲੀਆਂ ਦਾ ਮਿਸ਼ਰਤ ਹੈ, ਲੋਕ-ਬੋਲੀ ਵਿਚ ਹੈ। ਅਲੰਕਾਰ, ਹਵਾਲੇ ਤੇ ਵਸਤਾਂ ਉਹ ਲਏ ਗਏ ਹਨ, ਜਿਨ੍ਹਾਂ ਨਾਲ ਲੋਕਾਂ ਦਾ ਨਿੱਤ ਦਾ ਸੰਬੰਧ ਹੈ। ਪਪੀਹਾ, ਚਾਤ੍ਰਿਕ, ਕੋਇਲ, ਮੋਰ, ਹਰਨੀ, ਵਣ, ਬਾਰ, ਭਉਰਾ, ਅੱਕ-ਟਿੱਡਾ, ਚੰਦਨ, ਚੰਦ, ਸੂਰਜ, ਤਾਰੇ, ਪਉਣ, ਪਾਣੀ, ਅਗਨੀ, ਮਾਤਾ, ਪਿਤਾ, ਪੁੱਤ, ਤ੍ਰਿਆ, ਕੁਟੰਬ, ਜਨਨੀ, ਸੂਤਕ, ਲੋਹਾਰ, ਭਾਂਡੇ, ਰਾਜਾ, ਪਰਜਾ, ਬੇਅੰਤ ਐਸੇ ਸ਼ਬਦ ਹਨ, ਜਿਨ੍ਹਾਂ ਨਾਲ ਇਨਸਾਨ ਦੀ ਨੇੜੇ ਦੀ ਜਾਣਕਾਰੀ ਹੈ। ਵੇਖੋ, ਹਰੀ ਦੀ ਹਰ ਥਾਂ ਵਿਆਪਕਤਾ ਨੂੰ, ਪਾਣੀ ਦੇ ਘੜੇ ਵਿਚ ਚੰਦ ਦੇ ਅਕਸ ਦਾ ਅਲੰਕਾਰ ਦੇ ਕੇ, ਇਕ ਗੰਭੀਰ ਗੱਲ ਨੂੰ ਗੁਰੂ ਜੀ ਕਿਵੇਂ ਸਹਿਲ ਢੰਗ ਨਾਲ ਸਮਝਾਉਂਦੇ ਤੇ ਸਪੱਸ਼ਟ ਕਰਦੇ ਹਨ :—

*ਹਰਿ ਸਮਾਣੀ ਜੋਤਿ, ਜਿਉ ਜਲ ਘਟਾਊ ਚੰਦ੍ਰਮਾ ॥੨॥੧੪॥

ਵਾਰ ਮਾਰੂ ਮ: ੫, ਪੰ: ੧੦੯੯

---

† ਅੰਡ ਬਿਨਾਸੀ, ਜੇਰ ਬਿਨਾਸੀ, ਉਤਭੁਜ, ਸੇਤ ਬਿਨਾਸਾ ॥
ਚਾਰਿ ਬਿਨਾਸੀ, ਖਟਹਿ ਬਿਨਾਸੀ, ਇਕਿ ਸਾਧ ਬਚਨ ਨਿਹਚਲਾਧਾ ॥੨॥
(ਮ: ੫, ਪੰ: ੧੨੦੪)

* ਹੋਰ ਪ੍ਰਮਾਣ :—
ਪੁਹਪ ਮਧਿ ਜਿਉ ਬਾਸੁ ਬਸਤੁ ਹੈ, ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੇ ਨਿਰੰਤਰਿ, ਘਟ ਹੀ ਖੋਜਹੁ ਭਾਈ ॥੧॥
ਧਨਾਸਰੀ ਮ: ੯, ਪੰ: ੬੮੪

ਤੀਜੇ : ਖ਼ਿਆਲ-ਢੰਗ ਬੜਾ ਵੀਚਾਰ-ਸ਼ੀਲ ਹੈ । ਇਸ ਵਿਚ ਭਰਮ, ਵਹਿਮ ਤੇ ਮਨੋ-ਕਲਪਿਤ ਗੱਲਾਂ ਨੂੰ ਕੋਈ ਥਾਂ ਨਹੀਂ । ਗੁਰਦੇਵ ਸੂਤਕ, ਪਾਤਕ, ਤਿੱਟ, ਛੂਤ-ਛਾਤ, ਜਾਤੀ ਭੇਦ, ਅਥਵਾ ਹੋਰ ਖਾਣ ਪੀਣ, ਪਹਿਨਣ ਦੇ ਵਿਤਕਰਿਆਂ ਤੇ ਪਾਬੰਦੀਆਂ ਨੂੰ ਕੋਈ ਥਾਂ ਨਹੀਂ ਦਿੰਦੇ । ਉਹਨਾਂ ਦਾ ਸਪਸ਼ਟ ਫ਼ੁਰਮਾਨ ਹੈ :—

(ੳ) ਬਾਬਾ, ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ ॥
ਸਿਰੀ ਰਾਗ ਮ: ੧, ਪੰਨਾ ੧੬

(ਅ) ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥
ਆਸਾ ਮ: ੫, ਪੰਨਾ ੪੦੧

(ੲ) ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥
ਤੰਤੁ ਮੰਤੁ ਨਹ ਜੋਹਈ,
ਤਿਤੁ ਚਾਖੁ (ਬਦ-ਨਜ਼ਰ) ਨ ਲਾਗੈ ॥੧॥੧੬॥
ਬਿਲਾਵਲ ਮ: ੫, ਪੰ: ੮੧੭-੧੮

ਵੇਖੋ, ਕੁਰਖੇਤਰ ਵਿਖੇ ਪੰਡਤਾਂ ਨਾਲ ਸੰਬਾਦ ਕਰਦਿਆਂ ਹੋਇਆਂ* ਮਾਸ ਸੰਬੰਧੀ ਕਿਤਨੀਆਂ ਜੁਗਤੀ-ਭਰਪੂਰ ਦਲੀਲਾਂ ਨਾਲ ਪੰਡਤਾਂ ਦੇ ਭਰਮ ਨੂੰ ਖੰਡਨ ਕੀਤਾ ਸੀ । ਗੁਰੂਦੇਵ ਇਸ ਸ਼ਬਦ ਵਿਚ ਕੋਈ ਮਾਸ ਖਾਣ ਦੀ ਵਕਾਲਤ ਜਾਂ ਪ੍ਰੇਰਨਾ ਨਹੀਂ ਕਰਦੇ । ਹਾਂ, 'ਅਹਿੰਸਾ ਪਰਮੋ ਧਰਮਾ' ਅਤੇ 'ਸੂਰਜ ਗ੍ਰਹਿਣ' ਸਮੇਂ ਖਾਣ, ਪੀਣ,

* (ੳ) ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥
ਜੀਉ ਪਾਇ ਮਾਸੁ ਮੁਹਿ ਮਿਲਿਆ, ਹਡੁ ਚੰਮੁ ਤਨੁ ਮਾਸੁ ॥
ਮਾਸਹੁ ਬਾਹਰਿ ਕਢਿਆ, ਮੰਮਾ ਮਾਸੁ ਗਿਰਾਸੁ ॥
ਮੁਹੁ ਮਾਸੈ ਕਾ, ਜੀਭ ਮਾਸੈ ਕੀ, ਮਾਸੈ ਅੰਦਰਿ ਸਾਸੁ ॥੨॥ (੨੪)
ਸਲੋਕ ਮ: ੧, ਮਲਾਰ ਕੀ ਵਾਰ, ਪੰ: ੧੨੮੯

(ਅ) ਮਾਸੁ ਮਾਸੁ ਕਰਿ ਮੂਰਖੁ ਝਗੜੇ, ਗਿਆਨੁ ਧਿਆਨੁ ਨਹੀ ਜਾਣੈ ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ, ਕਿਸੁ ਮਹਿ ਪਾਪ ਸਮਾਣੇ ॥
(ਸਾਰਾ ਸ਼ਬਦ ਪੰ: ੧੨੮੯)

ਵਿਸ਼ਨੂੰ ਆਦਿ ਬਾਰੇ ਧਮਰੇ ਵਹਿਮਾਂ ਭਰਮਾਂ ਬਾਰੇ, ਜਿਨ੍ਹਾਂ ਕਰਕੇ ਆਤਮ-ਅਣਖ ਤੇ ਮਨੁੱਖਤਾ ਦਾ ਅਭਾਵ ਹੋ ਚੁੱਕਾ ਸੀ, ਸਹੀ ਅਥਵਾ ਯਥਾਰਥ ਗੱਲ ਪੂਰੀ ਬੇਬਾਕੀ ਨਾਲ ਦਰਸਾਉਂਦੇ ਹਨ।

ਇਸੇ ਤਰ੍ਹਾਂ *'ਸੋਈ ਚੰਦੁ ਚੜਹਿ ਸੇ ਤਾਰੇ... ' ਵਾਲੇ ਸ਼ਬਦ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਜੁੱਗਾਂ ਦੇ ਬਦਲਣ ਨਾਲ ਮਨੁੱਖੀ ਸੁਭਾਵ ਸੁਤੇ ਸਿੱਧ ਹੀ ਨਹੀਂ ਬਦਲ ਜਾਂਦੇ। ਕਿਸੇ ਕਲਜੁਗ ਆਉਣ ਦੇ ਕਾਰਨ ਜੀਵ ਕਲਜੁਗੀ ਨਹੀਂ ਹੋ ਜਾਂਦੇ, ਸਗੋਂ ਜੀਵਾਂ ਦਾ ਜਦ ਚਲਣ ਡਿੱਗ ਜਾਂਦਾ ਹੈ, ਰਸਾਤਲ ਚਲਾ ਜਾਂਦਾ ਹੈ, ਉਸ ਸਮੇਂ ਨੂੰ ਕਲਜੁਗ ਦੀ ਸੰਗਿਆ ਦੇ ਦਿੱਤੀ ਜਾਂਦੀ ਹੈ। ਕਿਸੇ ਕਲਜੁਗ ਦੇ ਆਉਣ ਤੇ ਉਸ ਦੇ ਪ੍ਰਭਾਵ ਨਾਲ ਜੀਵ ਮੰਦ-ਚਲਣ ਵਾਲੇ ਨਹੀਂ ਹੁੰਦੇ। ਵਾਹ! ਕੈਸਾ ਯਥਾਰਥ ਨਿਰਣਾ ਹੈ, ਬਾਬਾਏ ਮਿੱਲਤ ਦਾ।

ਕਬੀਰ ਸਾਹਿਬ ਦਾ †'ਗਰਭ ਵਾਸ ਮਹਿ ਕੁਲੁ ਨਹੀ ਜਾਤੀ .....'

---

* ਸੋਈ ਚੰਦੁ ਚੜਹਿ ਸੇ ਤਾਰੇ, ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ, ਜੁਗ ਜੀਅ ਖੇਲੇ ਥਾਵ ਕੈਸੇ ॥੧॥
ਜੀਵਨ ਤਲਬ ਨਿਵਾਰਿ ॥
ਹੋਵੈ ਪਰਵਾਣਾ ਕਰਹਿ ਧਿਙਾਣਾ, ਕਲਿ ਲਖਣ ਵੀਚਾਰਿ ॥ਰਹਾਉ॥
ਰਾਮਕਲੀ ਮ: ੧, ਪੰ: ੯੦੨
(ਸਾਰਾ ਸ਼ਬਦ ਪੜ੍ਹਨ ਯੋਗ ਹੈ)

† ਗਰਭਵਾਸ ਮਹਿ ਕੁਲੁ ਨਹੀ ਜਾਤੀ ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥
ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ਰਹਾਉ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥੨॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥੩॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥ ਗਉੜੀ, ਪੰਨਾ ੩੨੪

ਵਾਲਾ ਸ਼ਬਦ ਵੀ ਕਿਤਨਾ ਸਤਿ ਤੇ ਜੁਗਤੀ-ਭਰਪੂਰ ਹੈ, ਅਤੇ ਜਨਮ ਤੋਂ ਜਾਤੀ ਮੰਨਣ ਵਾਲੇ ਅਭਿਮਾਨੀ ਬ੍ਰਾਹਮਣ ਨੂੰ ਕਿਵੇਂ ਨਿਰੁੱਤਰ ਕਰਦਾ ਹੈ।

ਚੌਥੇ : ਆਦਿ ਗੁਰੂ ਗ੍ਰੰਥ ਜੀ, ਜੀਵਨ ਦੇ ਹਰ ਪੱਖ ਦੀਆਂ ਬੁਰਾਈਆਂ ਦੀ ਪੂਰੀ ਬੇਬਾਕੀ ਨਾਲ ਅਲੋਚਨਾ ਕਰਦੇ ਹਨ। ਕੀ ਧਾਰਮਿਕ, ਕੀ ਸਮਾਜਿਕ, ਕੀ ਰਾਜਨੀਤਕ ਅਤੇ ਕੀ ਆਰਥਿਕ ਬੁਰਾਈਆਂ—ਸਭ ਨੂੰ, ਇਕ ਸਮਾਨ ਭੰਡਦੇ ਹਨ । *ਰਾਜਿਆਂ ਨੂੰ ਸ਼ੀਂਹ, ਮੁਕੱਦਮਾਂ ਨੂੰ ਕੁੱਤੇ, ਰਯੱਤ ਨੂੰ ਅੰਧੀ, ਕਾਜ਼ੀ ਨੂੰ ਵੱਢੀ-ਖੋਰ ਤੇ ਬਾਬਰ ਦੀ ਫ਼ੌਜ ਨੂੰ 'ਪਾਪ ਕੀ ਜੰਞ' ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਵਰਗਾ ਬੇ-ਖ਼ੌਫ਼ ਤੇ 'ਖ਼ੁਦਾ ਦਾ ਦੀਵਾਨਾ' ਹੀ ਕਹਿ ਸਕਦਾ ਸੀ। ਸਿਕੰਦਰ ਤੇ ਇਬਰਾਹੀਮ ਲੋਧੀ ਵਰਗੇ ਮੁਤਅੱਸਬ, ਨਿਰਦਈ ਤੇ ਜਾਬਰ ਬਾਦਸ਼ਾਹਾਂ ਦੇ ਇਸਲਾਮੀ ਰਾਜ ਵਿਚ ਗੁਰਬਾਣੀ ਦੁਆਰਾ ਮਸੀਤ, ਨਮਾਜ਼, †ਸੁੰਨਤ, ਰੋਜ਼ੇ ਤੇ ਕਲਮੇ ਦੀ ਨਵੀਂ ਤੇ ਨਰੋਈ ਪਰਿਭਾਸ਼ਾ ਉੱਤੇ ਟਿੱਪਣੀ, ਗੁਰਬਾਣੀ ਵਿਚੋਂ ਹੀ ਪ੍ਰਾਪਤ ਹੋ ਸਕਦੀ ਹੈ। ਫੋਕਟ ਧਰਮ ਤੇ ਸਮਾਜਿਕ ਪਖੰਡ ਦੇ ਬਖੀਏ ਉਧੇੜਨ ਲਈ ਤਾਂ 'ਆਸਾ ਕੀ ਵਾਰ' ਦੇ ਸਲੋਕ ਹੀ ਕਾਫ਼ੀ ਹਨ। ਗੁਰਬਾਣੀ ਨੇ ਕੇਵਲ ਬ੍ਰਾਹਮਣ ਜਾਂ ਜੋਗੀਆਂ ਨੂੰ ਹੀ ਖਰੀਆਂ ਖਰੀਆਂ ਨਹੀਂ ਸੁਣਾਈਆਂ, ਸਗੋਂ ਸ਼ਰ੍ਹਾ ਤੇ ਫ਼ਤਵੇ ਦੇ ਮਾਲਿਕ ਝੂਠੇ ਕਾਜ਼ੀ ਨੂੰ ਵੀ ਕੂੜ ਤੇ ਵਢੀ ਦੀ ਮੈਲ

---

* ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥
[ਮਲਾਰ ਮ: ੧, ਪੰਨਾ ੧੨੮੮

† ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥੩॥
(ਮ: ੧, ਮਾਝ ਕੀ ਵਾਰ, ਪੰਨਾ ੧੪੧)

(ਗੰਦਗੀ) ਖਾਣ ਵਾਲਾ ਤਕ ਕਹਿਣ ਦੀ ਦਲੇਰੀ ਕੀਤੀ ਹੈ। ਗੁਰੂ ਵਾਕ ਹੈ :—

ਕਾਦੀ ਕੂੜੁ ਬੋਲਿ ਮਲੁ ਖਾਇ ॥
ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥੨॥

(ਧਨਾਸਰੀ ਮ: ੧, ਪੰ: ੬੬੨)

ਪੰਜਵੇਂ : ਆਰਥਿਕ ਪਹਿਲੂ, ਜੋ ਅੱਜ ਕਲ੍ਹ ਦਾ ਭੱਖਵਾਂ ਮਸਲਾ ਹੈ, ਦਾ ਵੀ ਸਪੱਸ਼ਟ ਹਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਪ੍ਰਾਪਤ ਹੁੰਦਾ ਹੈ। ਗੁਰੂ ਬਾਣੀ, ਬਿਨਾਂ ਕਿਸੇ ਲਪਟ-ਝਪੇਟ ਦੇ, ਸਪੱਸ਼ਟ ਤੌਰ ਤੇ ਕਿਰਤ ਦੀ ਮਹਾਨਤਾ ਤੇ ਉੱਦਮ, ਸੇਵਾ ਤੇ ਸੰਤੋਖ ਦਾ ਮਾਰਗ ਇਉਂ ਦਸਦੀ ਹੈ :—

(੧) ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥੧॥

ਸਲੋਕ ਮ: ੧, ਵਾਰ ਸਾਰੰਗ, ਪੰਨਾ ੧੨੪੫

(੨) ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ ॥੩॥

ਆਸਾ ਮ: ੧, ਪੰਨਾ ੪੧੭

(੩) ਸੇਵ ਕੀਤੀ ਸੰਤੋਖੀਈ, ਜਿਨ੍ਹੀ ਸਚੋ ਸਚੁ ਧਿਆਇਆ ॥੭॥

ਆਸਾ ਦੀ ਵਾਰ, ਪੰਨਾ ੪੬੬-੬੭

(੪) ਹਕੁ ਪਰਾਇਆ ਨਾਨਕਾ ਉਸੁ ਸੂਅਰੁ, ਉਸੁ ਗਾਇ ॥

ਮ: ੧, ਮਾਝ ਕੀ ਵਾਰ, ਪੰਨਾ ੧੪੧

(੫) ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ, ਨਾਨਕ ਉਤਰੀ ਚਿੰਤ ॥੧॥੧੭॥

ਸਲੋਕੁ ਮ: ੫, ਵਾਰ ਗੂਜਰੀ, ਪੰਨਾ ੫੨੨

ਇਥੋਂ ਹੀ ਇਹ ਵੀ ਦਸਿਆ ਗਿਆ ਹੈ ਕਿ ਵਣਜ ਵਾਪਾਰ,

ਵਾਹੀ ਖੇਤੀ ਤੇ ਚਾਕਰੀ ਆਦਿ ਕਿਰਤਾਂ ਨੂੰ ਕਿਵੇਂ ਸੱਚੇ ਤੇ ਸੁੱਚੇ ਢੰਗ ਨਾਲ ਜੀਵਨ ਵਿਚ ਕਰਨਾ ਤੇ ਨਿਭਾਉਣਾ ਹੈ।*

ਪਾਵਨ ਗੁਰਬਾਣੀ ਦੀ ਛੇਵੀਂ ਸਿਫ਼ਤ ਇਹ ਹੈ ਕਿ ਉਪਰੋਕਤ ਅਤੇ ਹੋਰ ਅਨਿਕ ਵੀਚਾਰਾਂ ਨੂੰ ਸੰਗੀਤ ਦੇ ਜਾਮ ਵਿਚ ਪਾ ਕੇ ਪਿਲਾਇਆ ਗਿਆ ਹੈ। ਕਾਰਲਾਈਲ ਨੇ ਸੰਗੀਤ ਨੂੰ 'ਫਰਿਸ਼ਤਿਆਂ (ਦੇਵਤਿਆਂ) ਦੀ ਬੋਲੀ' ਕਿਹਾ ਹੈ। ਇਸ ਦੁਆਰਾ ਅਸੀਂ ਅਨੰਤ ਤੇ ਅਮਿੱਤ ਵਿਚ ਝਾਤੀ ਮਾਰ ਸੱਕਣ ਜੋਗ ਹੁੰਦੇ ਹਾਂ। ਸੰਗੀਤ ਦਾ ਭਾਵ ਨਾ ਕੇਵਲ ਮਨੁੱਖ ਸਗੋਂ ਪਸ਼ੂ, ਪੰਛੀ—ਸਭ ਕਬੂਲਦੇ ਹਨ। ਏਥੋਂ ਤੱਕ ਕਿ ਪੌਦਿਆਂ ਦੇ ਵਧਣ ਫੁੱਲਣ ਉਤੇ ਵੀ ਸੰਗੀਤ ਚੋਖਾ ਪ੍ਰਭਾਵ ਪਾਉਂਦਾ ਹੈ।

ਇਹੀ ਕਾਰਨ ਹੈ ਕਿ ਸਤਿਗੁਰਾਂ ਨੇ ਅਰਸ਼ੀ ਬਾਣੀ ਨੂੰ ਰਾਗਾਂ ਵਿਚ ਉਚਾਰਿਆ ਹੈ ਅਤੇ ਕੁਲ ੩੧ ਰਾਗ-ਰਾਗਣੀਆਂ ਚੁਣੇ ਹਨ। ਜੇ ਇਸ ਵਿਚ ਸੰਮਿਲਤ ਰਾਗਾਂ ਨੂੰ ਵੀ ਗਿਣਿਆ ਜਾਵੇ ਤਾਂ ਇਹ ਗਿਣਤੀ ੪੮ ਹੋ ਜਾਂਦੀ ਹੈ।

ਰਾਗ ਦੇ ਅਰਥ ਹਨ : ਪਿਆਰ, ਲਗਾਉ। ਇਹ 'ਦਵੇਸ਼' ਦਾ ਵਿਰੋਧੀ ਸ਼ਬਦ ਹੈ। ਗੁਰਬਾਣੀ-ਪ੍ਰੇਮ ਉਪਜਾਊ ਹੈ, ਪ੍ਰੇਮ-ਰੂਪ ਅਤੇ ਪ੍ਰੇਮ ਹੀ ਪ੍ਰਮਾਤਮਾ ਦਾ ਦੂਜਾ ਨਾਂਵ ਤੇ ਸਰੂਪ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਸਿਫ਼ਤ ਸਲਾਹ ਕੌਣ ਕਰ ਸਕਦਾ ਹੈ, ਅਤੇ ਕੌਣ ਅੰਤ ਪਾ ਸਕਦਾ ਹੈ, ਇਸ ਵਿਚ ਦਰਸਾਈਆਂ ਸਦੀਵੀ ਸਚਾਈਆਂ, ਸਿਧਾਂਤਾਂ ਤੇ ਗਿਆਨ ਨਾਲ ਭਰੇ ਭੰਡਾਰਾਂ ਦਾ?

ਉਪਰੋਕਤ ਲਿਖੀਆਂ ਕੁੱਝ ਸਤਰਾਂ ਅਥਵਾ ਅਧੂਰਾ ਜਿਹਾ ਬਿਆਨ ਤਾਂ ਇਕ ਅਤਿ ਨਿਮਾਣਾ ਜਿਹਾ ਤਰਲਾ ਹੈ ਮੱਛੀ ਸਮਾਨ, ਸਾਗਰ ਦੀ ਥਾਹ ਲੈਣ ਦਾ। ਹਾਂ ਜੀ, ਇਹ ਤਾਂ ਧੁਰ ਅੰਦਰ ਵੱਸੀ ਚਾਹ ਹੈ ਇਕ ਬੂੰਦ

---

* ਦੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੫੯੫ ਉਤੇ ਇਹ ਸ਼ਬਦ

ਮਨੁ ਹਾਲੀ ਕਿਰਸਾਣੀ ਕਰਣੀ...

ਦੀ, ਜੋ ਇਕ ਅੱਖ ਨਾਲ ਸਾਰੇ ਸੰਸਾਰ ਨੂੰ ਵੇਖਣ ਦਾ ਨਿਰਾਰਥ ਜਤਨ ਕਰਦੀ ਹੈ। ਫੇਰ ਵੀ, ਸ਼ਰਧਾ ਦੇ ਫੁੱਲਾਂ ਵਜੋਂ ਇਹ ਸ਼ਬਦ ਹਾਜ਼ਰ ਹਨ ਜੁਗੋ ਜੁਗ ਅਟੱਲ, ਅਬਚਲ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ, ਜਿਸ ਦਾ ਪਹਿਲਾ ਪ੍ਰਕਾਸ਼ ਸੰਨ ੧੬੦੪ ਈਸਵੀ ਵਿਚ, ਭਾਦੋਂ ਸੁਦੀ ਏਕਮ (ਸੰਮਤ ੧੬੬੧) ਨੂੰ, ਕੁਲ ਮਖਲੂਕ ਦੇ ਸਾਂਝੇ ਹਰਿਮੰਦਰ ਜੀ ਵਿਚ ਕੀਤਾ ਗਿਆ, ਅਤੇ ਇਸ ਦੇ ਪਹਿਲੇ ਗ੍ਰੰਥੀ, ਟਹਿਲੀਏ ਹੋਣ ਦਾ ਮਾਣ ਪ੍ਰਾਪਤ ਹੋਇਆ ਬਾਬਾ ਬੁੱਢਾ ਜੀ ਜਿਹੇ ਅਨਿੰਨ ਗੁਰਸਿਖ ਨੂੰ। ਮਹੱਤਤਾ, ਇਸ ਅਦੁੱਤੀ ਦੇਣ ਬਦਲ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਜਿਤਨੀ ਵੀ ਗਿਣੀ ਹੋਵੇ, ਥੋੜੀ ਹੈ।

ਹਰੇਕ ਹਕੀਕੀ ਗੁਰਸਿਖ ਦੀ ਇਹ ਰੀਝ ਹੈ ਕਿ ਉਹ ਵੀ ਜਗਤ-ਜਲੰਦੇ ਨੂੰ ਤਾਰਨ ਦੇ ਉੱਦੇਸ਼ ਦੀ ਪੂਰਤੀ ਲਈ ਨਿਰੰਕਾਰੀ ਸਤਿਗੁਰੂਆਂ ਦੇ ਪਾਕ ਕਲਾਮ—ਗੁਰਬਾਣੀ—ਨੂੰ ਉਸੇ ਤਰ੍ਹਾਂ ਸੰਸਾਰ ਦੇ ਕੋਨੇ ਕੋਨੇ ਤਕ ਪਹੁੰਚਾਉਣ ਲਈ ਹੰਭਲਾ ਮਾਰੇ, ਜਿਵੇਂ ਕਿ ਈਸਾਈ ਮੱਤ ਦੇ ਮਤਵਾਲੇ ਮਿਸ਼ਨਰੀਆਂ ਨੇ ਪਵਿੱਤਰ ਅੰਜੀਲ ਨੂੰ ਹੁਣ ਤੱਕ ੧੬੭੩ ਬੋਲੀਆਂ ਵਿਚ ਛਾਪ ਕੇ ਪਹੁੰਚਾਇਆ ਹੈ। ਇਸ ਹੰਭਲੇ ਲਈ ਉਹ ਮੁੜ ਘਿੜ ਕੇ ਵੇਖਦਾ ਹੈ ਸ਼੍ਰੋਮਣੀ ਧਾਰਮਿਕ ਸੰਸਥਾ—ਸ਼੍ਰੋਮਣੀ ਕਮੇਟੀ ਵਲ, ਅਤੇ ਉਹ ਹੈ ਗ੍ਰਸਤ ਮਾਰੂ ਨਿੰਦਰਾ ਤੇ ਗ਼ਫ਼ਲਤ ਦੇ ਗੁਨਾਹ ਵਿੱਚ

ਸੰਸਾਰ ਦੀ ਕਲਿਆਣ ਅਥਵਾ ਸਰਬ-ਨਾਸ਼ ਤੋਂ ਬਚਾ ਦਾ ਉਪਾ, ਜੇ ਕਿਸੇ ਗੱਲ ਵਿਚ ਹੈ, ਤਾਂ ਕੇਵਲ ਗੁਰਬਾਣੀ ਦੀ ਰੌਸ਼ਨੀ ਵਿਚ ਘੜੇ ਸੱਚੇ ਸੁੱਚੇ ਆਚਾਰ ਵਿੱਚ। ਇਸ ਹਕੀਕਤ ਨੂੰ ਜਿੰਨੀ ਛੇਤੀ ਸਮਝਿਆ ਸਮਝਾਇਆ ਤੇ ਅਮਲਾਇਆ ਜਾਵੇ, ਉਤਨੀ ਹੀ ਇਹ ਲੋਕਾਈ ਦੇ ਭਲੇ ਤੇ ਕ੍ਰਿਤੱਗਤਾ ਦੀ ਗੱਲ ਹੋਵੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਬਾਣੀ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :—

ਨਾਮ	ਕੁਲ ਛੰਦ	ਨਾਮ	ਕੁਲ ਛੰਦ
੧. ਸ੍ਰੀ ਗੁਰੂ ਨਾਨਕ ਦੇਵ ਜੀ	੯੭੪	੧੯. ਭਗਤ ਰਾਮਾ ਨੰਦ ਜੀ	੧
੨. ਸ੍ਰੀ ਗੁਰੂ ਅੰਗਦ ਦੇਵ ਜੀ	੬੨	੨੦. ਭਗਤ ਪਰਮਾ ਨੰਦ ਜੀ	੧
੩. ਸ੍ਰੀ ਗੁਰੂ ਅਮਰਦਾਸ ਜੀ	੯੦੭	੨੧. ਭਗਤ ਸੂਰਦਾਸ ਜੀ	੨
੪. ਸ੍ਰੀ ਗੁਰੂ ਰਾਮਦਾਸ ਜੀ	੬੭੯	੨੨. ਬਾਬਾ ਸੁੰਦਰ ਜੀ	੬
੫. ਸ੍ਰੀ ਗੁਰੂ ਅਰਜਨ ਦੇਵ ਜੀ	੨੨੧੮	੨੩. ਭਗਤ ਮਰਦਾਨਾ ਜੀ	੩
੬. ਸ੍ਰੀ ਗੁਰੂ ਤੇਗ ਬਹਾਦਰ ਜੀ	੧੧੬	੨੪. ਭਗਤ ਸੱਤਾ ਜੀ	੩
੭. ਭਗਤ ਕਬੀਰ ਜੀ	੫੪੧	੨੫. ਭਗਤ ਬਲਵੰਡ ਜੀ	੫
੮. ਭਗਤ ਨਾਮ ਦੇਵ ਜੀ	੬੦	੨੬. ਭੱਟ ਕਲਸਹਾਰ	੫੪
੯. ਭਗਤ ਰਵਿਦਾਸ ਜੀ	੪੧	੨੭. ਭੱਟ ਜਾਲਪ	੫
੧੦. ਸ਼ੇਖ ਫ਼ਰੀਦ ਜੀ	੧੩੪	੨੮. ਭੱਟ ਕੀਰਤ	੮
੧੧. ਭਗਤ ਤ੍ਰਿਲੋਚਨ ਜੀ	੪	੨੯. ਭੱਟ ਸਲ੍ਹ	੩
੧੨. ਭਗਤ ਬੇਣੀ ਜੀ	੩	੩੦. ਭੱਟ ਭਲ੍ਹ	੧
੧੩. ਭਗਤ ਧੰਨਾ ਜੀ	੪	੩੧. ਭੱਟ ਨਲ੍ਹ	੧੬
੧੪. ਭਗਤ ਜੈਦੇਵ ਜੀ	੨	੩੨. ਭੱਟ ਭਿਖਾ	੨
੧੫. ਭਗਤ ਭੀਖਨ ਜੀ	੨	੩੩. ਭੱਟ ਗਯੰਦ	੧੩
੧੬. ਭਗਤ ਸੈਣ ਜੀ	੧	੩੪. ਭੱਟ ਬਲ	੫
੧੭. ਭਗਤ ਪੀਪਾ ਜੀ	੧	੩੫. ਭੱਟ ਹਰਬੰਸ	੨
੧੮. ਭਗਤ ਸਧਨਾ ਜੀ	੧	੩੬. ਭੱਟ ਮਥਰਾ	੧੪

ਕੁਲ ਜੋੜ — ੫੮੯੪

ਸ਼ੁੱਧ ਗੁਰਬਾਣੀ ਉਚਾਰਨ

(ਨੋਟ—ਇਹ ਲੇਖ ਰੂਪ ਵਿਚ ਮੇਰੀ ਪੁਸਤਕ—ਗੁਰਮਤਿ ਵਿਆਖਿਆਨ ਦੀ—ਪਹਿਲੀ ਐਡੀਸ਼ਨ ਵਿਚ ਛਪਿਆ ਸੀ, ਪਰੰਤੂ ਇਸ ਵਿਸ਼ੇ ਦੀ ਅਹਿਮੀਅਤ ਅਤੇ ਪਾਠਕਾਂ ਦੇ ਲਾਭ ਨੂੰ ਮੁਖ ਰਖਦਿਆਂ ਹੋਇਆਂ ਇਸ ਨੂੰ ਹੁਣ ਵਿਸਤ੍ਰਿਤ ਰੂਪ ਵਿਚ ਛਾਪਿਆ ਜਾਂਦਾ ਹੈ।)

ਅਸੀਂ ਰੋਜ਼ ਅਰਦਾਸ ਵਿਚ ਜਿੱਥੇ ਵਾਹਿਗੁਰੂ ਜੀ ਅੱਗੇ ਸਿੱਖੀ ਸਿਦਕ, ਭਰੋਸਾ-ਦਾਨ, ਨਾਮ-ਦਾਨ ਆਦਿ ਦਾਤਾਂ ਲਈ ਝੋਲੀ ਅੱਡਦੇ ਹਾਂ, ਉਥੇ ਇਸ ਬਖਸ਼ਿਸ਼ ਲਈ ਵੀ ਜਾਚਕ ਹੁੰਦੇ ਹਾਂ ਕਿ ਉਹ ਆਪਣੇ ਸਿੱਖਾਂ ਸੇਵਕਾਂ ਨੂੰ ਸ਼ੁੱਧ-ਗੁਰਬਾਣੀ ਪੜ੍ਹਨ ਦੀ ਬੁੱਧੀ ਤੇ ਬਲ ਬਖਸ਼ਣ। ਇਸ ਦੇ ਨਾਲ ਹੀ ਇਹ ਤਰਲਾ ਵੀ ਮਾਰਦੇ ਹਾਂ ਕਿ ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ, ਗੁਰਬਾਣੀ ਦਾ ਭਾਵ ਸਾਡੇ ਹਿਰਦਿਆਂ ਵਿਚ ਵਸਾਉਣ ਦੀ ਮਿਹਰਾਮਤ ਕਰਨ। ਇਹ ਇਸ ਲਈ ਕਿ ਗੁਰਬਾਣੀ ਦਾ ਆਸ਼ਾ ਧੁਰ ਅੰਦਰ ਵੱਸੇ ਬਗੈਰ ਸਤ, ਸੰਤੋਖ, ਸਿਦਕ ਤੇ ਨਾਮ ਦੇ ਅਮਲੀ ਪੱਖ ਦੀ ਪ੍ਰਾਪਤੀ ਅਸੰਭਵ ਹੈ।

ਉਪਰੋਕਤ ਸੰਖੇਪ ਜਿਹੀ ਵਿਚਾਰ ਤੋਂ ਇਹ ਤੱਥ ਉੱਘੜ ਕੇ ਸਾਹਮਣੇ ਆ ਜਾਂਦਾ ਹੈ ਕਿ ਭਾਵੇਂ ਸਿੱਖੀ ਦੀ ਅੰਤਮ ਮੰਜ਼ਲ ਤਾਂ ਗੁਰੂ-ਮਤ ਅਨੁਸਾਰ ਸੁੱਚੇ ਆਚਾਰ ਵਾਲਾ ਜੀਵਨ ਢਾਲਣਾ ਅਥਵਾ ਸਿੱਖੀ-ਜੀਵਨ ਜੀਉਣਾ ਹੀ ਮੰਨੀ ਗਈ ਹੈ; ਪਰੰਤੂ ਇਸ ਟੀਚੇ ਵੱਲ ਵਧਣ ਲਈ ਮੁਖ ਸਾਧਨ, ਗੁਰੂ ਦਾ ਸ਼ਬਦ ਅਥਵਾ ਗੁਰਬਾਣੀ ਦੀ ਵੀਚਾਰ ਹੈ। ਇਸੇ ਲਈ, ਪਾਵਨ ਕਥਨ ਹੈ ਕਿ ਗੁਰਬਾਣੀ ਦੀ ਵੀਚਾਰ ਕੋਈ ਵਿਰਲਾ ਗੁਰਮੁਖ

ਹੀ ਕਰ ਸਕੇਗਾ :

ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥੪੦॥

ਰਾਮਕਲੀ ਦਖਣੀ ਓਅੰਕਾਰੁ, ਪੰਨਾ ੯੩੫

ਗੁਰਬਾਣੀ ਦੀ ਸਹੀ ਵੀਚਾਰ ਲਈ ਜ਼ਰੂਰੀ ਹੈ ਕਿ ਗੁਰਬਾਣੀ ਦੀ ਲਿਖਤ ਤੇ ਸ਼ੁੱਧ ਉਚਾਰਣ ਦੇ ਨੇਮਾਂ ਤੋਂ, ਭਲੀ ਭਾਂਤ ਜਾਣੂ ਹੋਇਆ ਜਾਵੇ। ਜਿਵੇਂ ਜਗਿਆਸੂ ਲਈ ਸੁਣਨ, ਮੰਨਣ ਤੇ ਨਿੱਧਿਆਸਨ ਦੇ ਤਿੰਨੇ ਪੱਖ, ਆਪਣੇ ਆਪਣੇ ਥਾਂ, ਵਿਸ਼ੇਸ਼ ਅਹਿਮੀਅਤ ਰਖਦੇ ਹੋਏ, ਪਰਸਪਰ ਸਹਾਇਕ ਹਨ, ਉਸੇ ਤਰ੍ਹਾਂ ਬੋਲੀ ਦਾ ਸ਼ੁੱਧ ਉਚਾਰਣ, ਬੋਲੀ ਅੰਦਰ ਪ੍ਰਗਟਾਏ ਭਾਵਾਂ ਨੂੰ ਸਮਝਣ, ਅਤੇ ਸਮਝ ਕੇ ਅਮਲਾਉਣ ਲਈ, ਅਹਿਮ ਅਸਥਾਨ ਰੱਖਦਾ ਹੈ। ਇਹੀ ਕਾਰਨ ਹੈ ਕਿ ਅਰਦਾਸ ਵਿਚ ਇਸ ਦੀ ਵਿਸ਼ੇਸ਼ ਤੌਰ ਉਤੇ ਜਾਚਨਾ ਕੀਤੀ ਜਾਂਦੀ ਹੈ।

ਲੇਖਕ ਦਾ ਇਸ ਲੇਖ ਵਿਚ, ਸ਼ੁੱਧ-ਗੁਰਬਾਣੀ ਉਚਾਰਣ ਦੇ ਬਿਖਮ ਵਿਸ਼ੇ ਬਾਰੇ, ਜੋ ਗੁਰਬਾਣੀ-ਵੀਚਾਰ ਦਾ ਹੀ ਇਕ ਅਨਿੱਖੜਵਾਂ ਅੰਗ ਹੈ, ਕੁਝ ਬਿਨੇ ਕਰਨ ਦਾ ਨਿਮਾਣਾ ਜਿਹਾ ਜਤਨ ਹੈ। ਇਹ ਵਿਸ਼ਾ, ਕੁਝ ਇੱਕ ਕਾਰਨਾਂ ਨੇ, ਗੁਰਬਾਣੀ-ਵੀਚਾਰ ਨਾਲੋਂ ਵੀ, ਬਿਖਮ ਤੇ ਭਾਵਕ ਬਣਾ ਛੱਡਿਆ ਹੈ। ਇਸ ਲਈ, ਪੂਰਨ ਆਸ ਹੈ ਕਿ ਪਾਠਕ ਜਨ ਭਾਵਕਤਾ, ਹੱਠ, ਹਉਮੈ ਅਤੇ ਹੋਰ ਵਿਕਾਰ ਤੋਂ ਉਚੇਰੇ ਉੱਠ ਕੇ, ਪੂਰੇ ਗਹੁ ਤੇ ਠਰੰਮੇ ਨਾਲ, ਇਸ ਅਤਿ ਅਹਿਮ ਸਮੱਸਿਆ ਨੂੰ ਵਿਚਾਰਨ ਦੀ ਕਿਰਪਾਲਤਾ ਕਰਨਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਆਦਿ ਬੀੜ ਗੁਰਮੁਖੀ ਲਿਪੀ ਵਿਚ ਲਿਖੀ ਜਾ ਕੇ, ਸੰਮਤ ੧੬੬੧, ਭਾਦੋਂ ਵਦੀ ਇਕ (ਸੰਨ ੧੬੦੪) ਨੂੰ ਤਿਆਰ ਹੋਈ। ਪਵਿੱਤਰ ਬੀੜ ਵਿਚ ਪੰਜਾਬੀ ਤੋਂ ਛੁੱਟ, ਫਾਰਸੀ, ਅਰਬੀ, ਹਿੰਦੀ, ਮਰਹਟੀ, ਬੰਗਾਲੀ ਤੇ ਸੰਸਕ੍ਰਿਤ ਆਦਿ ਬੋਲੀਆਂ ਦੇ ਸ਼ਬਦਾਂ ਦੀ ਭੀ ਭਰਮਾਰ ਹੈ। ਗੁਰਬਾਣੀ ਦੇ ਭਾਵਾਂ ਨੂੰ ਨਿਖੇੜਨ ਅਤੇ ਸਮਝਣ ਲਈ ਇਸ ਦੇ ਆਪਣੇ ਲਿਖਣ-ਨੇਮ ਹਨ, ਅਤੇ ਆਪਣਾ ਵਿਆਕਰਣ। ਵਿਆਕਰਣ ਦਾ ਸੰਬੰਧ ਇਸ ਦੇ "ਵਰਣਾਤਮਕ ਰੂਪ"

(ਉਚਾਰਣਕ ਰੂਪ) ਅਥਵਾ ਬੋਲੀ ਨਾਲ ਹੈ, ਪ੍ਰੰਤੂ, ਬਾਣੀ ਦੇ "ਭਾਵਾਤਮਕ" ਪੱਖ ਦਾ ਸੰਬੰਧ ਇਸ ਦੀ ਅਧਿਆਤਮਕ ਡੂੰਘਾਈ, ਅਗਾਧਤਾ, ਅਰਸ਼ੀ ਵਲਵਲੇ, ਪ੍ਰਭੂ ਗਿਆਨ ਤੇ ਇਕ-ਸੁਰਤਾ ਨਾਲ। ਸੋ, ਗੁਰਬਾਣੀ ਦੀ ਸਹੀ ਵੀਚਾਰ ਹੀ, ਜਿਸ ਦਾ 'ਅਧਾਰ' ਬੋਲੀ ਦੀ ਸੂਝ ਤੇ ਸਹੀ ਉਚਾਰਣ ਹਨ, ਜਗਿਆਸੂ ਨੂੰ ਵੀ ਪ੍ਰਭੂ-ਲੀਨਤਾ ਦੀ ਉਨਮਤ ਅਵਸਥਾ ਤਕ ਪਹੁੰਚਾ ਸਕਣ ਦੀ ਜ਼ਾਮਨ ਹੈ।

ਗੁਰਬਾਣੀ ਦੀਆਂ ਤੁਕਾਂ ਦੇ ਪੰਜ ਪੰਜ, ਸੱਤ ਸੱਤ ਅਰਥ ਕਰਨ ਵਾਲੇ ਗਿਆਨੀ ਸੱਜਣ, ਹੁਣ ਪਹਿਲੇ ਨਾਲੋਂ ਬਹੁਤ ਘੱਟ ਮਿਲਣਗੇ; ਪ੍ਰੰਤੂ ਲਗਾਂ-ਮਾਤਰਾਂ ਨੂੰ ਨਜ਼ਰ-ਅੰਦਾਜ਼ ਕਰ ਕੇ, ਮਨ-ਮਰਜ਼ੀ ਦੇ ਅਰਥ ਕਰਨ ਵਾਲੇ ਬਹੁਤ, ਅਤੇ ਬੋਲੀ ਦੇ ਵਿਆਕਰਣਕ ਨੇਮਾਂ ਦੀ ਪ੍ਰਵਾਹ ਕੀਤੇ ਬਿਨਾਂ ਅਸ਼ੁੱਧ ਉਚਾਰਣ ਕਰਨ ਵਾਲੇ ਬੇਅੰਤ। ਅਨਜਾਣ-ਪੁਣੇ ਵਿਚ ਅਸ਼ੁੱਧ ਉਚਾਰਣ ਕਰਨ ਵਾਲੇ ਪਾਠੀ ਆਪਣੇ ਵਲੋਂ ਸ਼ੁੱਧਤਾ ਦੇ ਖ਼ਿਆਲ ਨਾਲ ਸ਼ਬਦਾਂ ਦਾ ਅਜਿਹਾ ਬੇ-ਢੰਗਾ ਤੇ ਅਸ਼ੁੱਧ ਉਚਾਰਣ ਕਰਦੇ ਅਤੇ ਨਿਰਾਰਥਕ ਸ਼ਬਦ ਘੜਦੇ ਹਨ, ਜੋ ਕਿਸੇ ਬੋਲੀ ਦੇ ਸ਼ਬਦ ਅਥਵਾ ਉਚਾਰਣ ਨਾਲ ਦੂਰ ਦਾ ਸੰਬੰਧ ਵੀ ਨਹੀਂ ਰੱਖਦੇ। ਵੰਨਗੀ ਵਜੋਂ ਕੁੱਝ ਉਦਾਹਰਣਾਂ ਹਾਜ਼ਰ ਹਨ:

ਸ੍ਰੀ ਜਪੁ ਸਾਹਿਬ ਦੇ ਅੰਤ ਵਿਚ "ਪਵਣੁ ਗੁਰੂ ਪਾਣੀ ਪਿਤਾ" ਸਲੋਕ ਆਇਆ ਹੈ। ਇਸ ਵਿਚ ਪੰਜਵੀਂ ਤੁੱਕ ਹੈ:

"ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ॥"

ਇਸ ਤੁੱਕ ਵਿਚ ਆਇਆ ਪਦ "ਮਸਕਤਿ" ਵਾਸਤਵ ਵਿਚ ਫ਼ਾਰਸੀ ਦਾ ਸ਼ਬਦ "ਮਸ਼ੱਕਤ" ਹੈ, ਅਤੇ ਇਸ ਦਾ ਸਹੀ ਉਚਾਰਣ 'ਸ' ਹੇਠ ਬਿੰਦੀ ਤੇ ਉਪਰ ਅੱਧਕ ਲਾ ਕੇ ਹੀ ਕੀਤਾ ਜਾ ਸਕਦਾ ਹੈ। ਹਾਂ, "ਮਸਕਤ" ਤਾਂ ਨਹੀਂ, ਪ੍ਰੰਤੂ, "ਮਸਕਤ" ਸ਼ਬਦ ਅਰਬੀ ਜ਼ਬਾਨ ਵਿਚ ਜ਼ਰੂਰ ਆਉਂਦਾ ਹੈ, ਜਿਥੇ ਇਸ ਦੇ ਅਰਥ ਹਨ, "ਗਿਰਨੇ ਕੀ ਜਗਹ" (ਹੇਠਾਂ ਡਿੱਗਣ ਦੀ ਥਾਂ)। ਇਸ ਤੋਂ ਅਰਬੀ ਦਾ ਸ਼ਬਦ "ਮਸਕ਼ਤ-

ਅਲਰਾਸ" ਬਣਿਆ ਹੈ, ਜਿਸ ਦੇ ਅਰਥ ਹਨ : ਜਾਏ ਪੈਦਾਇਸ਼, ਜਨਮ-ਭੂਮੀ, ਸਿਰ ਦੇ ਡਿੱਗਣ ਦੀ ਥਾਂ। ਕਿਉਂਕਿ, ਬੱਚੇ ਦੇ ਪੈਦਾ ਹੋਣ ਸਮੇਂ ਉਸ ਦਾ ਸਿਰ ਪਹਿਲਾਂ ਹੇਠਾਂ ਧਰਤੀ ਉੱਤੇ ਆਉਂਦਾ ਹੈ, ਇਸ ਲਈ ਇਹ ਸ਼ਬਦ ਵਿਸ਼ੇਸ਼ ਕਰਕੇ ਜਨਮ-ਭੂਮੀ ਜਾਂ ਆਪਣੇ ਵਤਨ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ।

ਗੁਰਬਾਣੀ ਵਿੱਚ ਆਇਆ "ਮਸਕਤ" ਪਦ ਕਿਸੇ ਤਰ੍ਹਾਂ ਵੀ ਅਰਬੀ ਸ਼ਬਦ "ਮਸਕਤ" ਨਾਲ ਸੰਬੰਧਤ ਨਹੀਂ, ਨ ਹੀ ਇਹ ਉਸ ਦਾ ਵਿਗੜਿਆ ਰੂਪ ਹੈ, ਅਤੇ ਨਾ ਹੀ ਉਪਰੋਕਤ ਅਰਥ, ਏਥੇ, ਕਿਸੇ ਤਰ੍ਹਾਂ ਵੀ, ਢੁਕ ਸਕਦੇ ਹਨ। ਜਪੁਜੀ ਦੇ ਇਸ ਸਲੋਕ ਵਿੱਚ ਆਏ "ਮਸਕਤਿ" ਪਦ ਦਾ ਸਹੀ ਤੇ ਠਿੱਕ ਠਿੱਕ ਉਚਾਰਣ ਹੈ—ਮਸ਼ੱਕਤ, ਅਤੇ ਇਸ ਦੇ ਅਰਥ ਹਨ-ਘਾਲਿ ਕਮਾਈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਾਰ ਸੂਹੀ, ਪੰਨਾ ੭੯੮ ਵਿੱਚ ਆਈ ਇਸ ਤੁਕ ਤੋਂ ਇਸ ਪਦ ਦੀ ਵਰਤੋਂ ਤੇ ਅਰਥ ਹੋਰ ਵੀ ਸਪੱਸ਼ਟ ਹੋ ਜਾਂਦੇ ਹਨ :—

ਮਸਕਤਿ ਲਹਹੁ ਮਜੂਰੀਆ, ਮੰਗਿ ਮੰਗਿ ਖਸਮ ਦਰਾਹੁ ॥

ਇਸ ਤੁੱਕ ਦਾ ਸ਼ੁੱਧ ਉਚਾਰਣ ਹੋਵੇਗਾ :—

ਮਸ਼ੱਕਤਿ ਲਹਹੁ ਮਜੂਰੀਆਂ, ਮੰਗਿ ਮੰਗਿ ਖਸਮ ਦਰਾਹੁ ॥

ਇਥੇ 'ਮਸ਼ੱਕਤ' ਨਾਂਵ ਹੈ। ਇਸ ਦੇ 'ਤ' ਨਾਲ ਸਿਹਾਰੀ ਹੈ। ਇਸ ਲਈ, ਇਹ "ਕਰਣ ਕਾਰਕ" ਵਿਚ ਹੋਣ ਕਰਕੇ ਅਰਥ ਹੋਏ : "ਨਾਨਕ, ਖਸਮ (ਵਾਹਿਗੁਰੂ) ਦੇ ਦਰ ਤੋਂ ਮਿਹਨਤ ਵਾਲੀ ਕਮਾਈ ਦੁਆਰਾ, ਮੰਗ ਮੰਗ ਕੇ, ਮਜੂਰੀਆਂ (ਮਿਹਨਤਾਨਾ) ਲਈ ਦੀਆਂ ਹਨ।"

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਇਸ ਪਦ ਦੀ ਵਰਤੋਂ ਉਪਰੋਕਤ ਅਰਥਾਂ ਵਿਚ ਹੀ ਕੀਤੀ ਹੈ :—

ਸਾਧੂ ਸੰਗੁ ਮਸਕਤੇ (ਮਸ਼ੱਕਤੇ), ਤੂਠੈ ਪਾਵਾ, ਦੇਵ ॥

(ਸਿਰੀ ਰਾਗੁ ਮ: ੫, ਪੰ: ੪੪)

(ਅਰਥ—ਮੈਂ, ਸਾਧ ਸੰਗਤ ਅਤੇ ਉਸ ਵਿਚ ਸੇਵਾ ਘਾਲਣ ਦੀ ਦਾਤਿ, ਹੇ ਪ੍ਰਕਾਸ਼ਮਾਨ ਵਾਹਿਗੁਰੂ ! ਤੇਰੀ ਮਿਹਰ ਨਾਲ ਹੀ ਪਾ ਸਕਦਾ ਹਾਂ।)

ਡਾਕਟਰ ਇਕਬਾਲ ਨੇ ਵੀ ਇਸ ਪਦ ਦੀ ਵਰਤੋਂ ਇਹਨਾਂ ਅਰਥਾਂ ਵਿਚ ਹੀ ਇਉਂ ਕੀਤੀ ਹੈ :—

"ਨਾਮੀ ਕੋਈ ਬਗੈਰ ਮਸ਼ੱਕਤ ਨਹੀਂ ਹੁਆ।
ਸੌ ਬਾਰ ਜਬ ਅਕੀਕ (ਹੀਰਾ) ਕਟਾ, ਤੋ ਨਗੀਂ ਹੁਆ।"

ਉਪਰੋਕਤ ਸੰਖੇਪ ਜਿਹੀ ਵਿਆਖਿਆ ਉਪਰੰਤ ਕਿਸੇ ਪ੍ਰਕਾਰ ਦਾ ਸੰਸਾ ਨਹੀਂ ਰਹਿ ਜਾਂਦਾ ਕਿ "ਮਸਕਤ" ਦਾ ਸ਼ੁੱਧ-ਉਚਾਰਣ ਮਸ਼ੱਕਤ, ਤੇ ਕੇਵਲ "ਮਸ਼ੱਕਤ" ਹੈ ਅਤੇ ਇਸ ਦੇ ਅਰਥ ਹਨ—

ਘਾਲ ਘਾਲਣਾ, ਕਰੜੀ ਕਮਾਈ, ਮਿਹਨਤ।

ਇਸ ਨੁਕਤੇ ਨੂੰ ਵਧੇਰੇ ਸਪੱਸ਼ਟ ਕਰਨ ਲਈ ਅਸੀਂ ਕੁਝ ਹੋਰ ਉਦਾਹਰਣਾਂ ਲੈਂਦੇ ਹਾਂ :—

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤਿਲੰਗ ਰਾਗ ਵਿਚ ਇਕ ਸ਼ਬਦ ਹੈ :—

"ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ, ਕਰਤਾਰ ॥

ਏਥੇ ਵਰਤੇ ਪਦਾਂ—ਅਰਜ਼, ਪੇਸ, ਗੋਸ ਦਾ ਸਹੀ ਉਚਾਰਣ ਹੋਵੇਗਾ : ਅਰਜ਼, ਪੇਸ਼, ਗੋਸ਼। ਇਉਂ ਸ਼ੁੱਧ ਵਾਚਿਆਂ ਹੀ ਇਹਨਾਂ ਤਿੰਨਾਂ ਪਦਾਂ ਦੇ ਸਹੀ ਅਰਥ ਬਣਦੇ ਹਨ :

"ਪੇਸ਼" ਦਾ ਅਰਥ ਹੈ—ਸਾਹਮਣੇ, "ਅਰਜ਼" ਦਾ ਬੇਨਤੀ, ਤੇ "ਗੋਸ਼" ਦਾ ਕੰਨ।

"ਅਰਜ" ਤਾਂ ਭਲਾ "ਅਰਜ਼" (ਫ਼ਾਰਸੀ) ਦਾ ਬਦਲਿਆ ਪੰਜਾਬੀ ਰੂਪ ਮੰਨਿਆ ਤੇ ਸਮਝਿਆ ਜਾ ਸਕਦਾ ਹੈ; ਪਰੰਤੂ, ਪੇਸ, ਗੋਸ ਬਿਲਕੁਲ ਮੁਹਮਲ (ਨਿਰਾਰਥਕ) ਸ਼ਬਦ ਹਨ। ਇਹੋ ਗੱਲ ਇਸ ਸ਼ਬਦ

ਵਿਚ ਆਏ ਪਦ, *"ਜ਼ਨ" (ਔਰਤ) ਦੀ ਹੈ। "ਜ਼ਨ" (ਫ਼ਾਰਸੀ) ਦੇ ਅਰਥ ਹਨ : ਔਰਤ, ਇਸਤ੍ਰੀ; ਪਰੰਤੂ "ਜਨ" (ਪੰਜਾਬੀ) ਦੇ ਸੇਵਕ ਜਾਂ ਦਾਸ।

ਸੋ, ਜੋ, ਜਿਵੇਂ ਲਿਖਿਆ ਦਿਸਦਾ ਹੈ ਉਸ ਨੂੰ "ਸ਼ੁੱਧਤਾਈ" ਦੇ ਖਿਆਲ ਨਾਲ ਉਵੇਂ ਹੀ ਪੜ੍ਹਨਾ, ਭਾਵੇਂ ਅਰਥ ਦਾ ਅਨਰਥ ਹੋ ਜਾਵੇ, ਬਾਣੀ ਦਾ ਆਦਰ, ਸਤਿਕਾਰ ਨਹੀਂ ਅਖਵਾ ਸਕਦਾ। ਅਸ਼ੁੱਧ ਉਚਾਰਣ ਨਾਲ ਜਦ 'ਬਾਣੀ' ਦਾ ਠੀਕ ਭਾਵ ਹੀ ਸਮਝ ਵਿਚ ਨਾ ਆਇਆ ਤਾਂ ਹਿਰਦੇ ਵਿਚ ਦਰੁਸਤ ਭਾਵ ਕਿਵੇਂ ਵੱਸੇਗਾ ਅਤੇ ਗੁਰਬਾਣੀ ਦਾ "ਸੱਚਾ ਆਚਾਰ" ਘੜਨ ਦਾ ਆਦਰਸ਼ ਤੇ ਅਮਲੀ ਜੀਵਨ ਪਰਦਾਨ ਕਰਨ ਦਾ ਆਸ਼ਾ ਕਿਵੇਂ ਪੂਰਾ ਹੋਵੇਗਾ?

ਉਪਰੋਕਤ ਵੀਚਾਰ ਤੋਂ ਕਦਾਚਿਤ ਇਹ ਭਾਵ ਨਾ ਲਿਆ ਜਾਵੇ ਕਿ ਮਸਕਤ, ਪੇਸ, ਗੋਸ, ਜਨ (ਮਸ਼ੱਕਤ, ਪੇਸ਼, ਗੋਸ਼, ਜ਼ਨ) ਆਦਿ ਪਦ ਪਾਵਨ ਬੀੜ ਵਿਚ ਅਸ਼ੁੱਧ ਅੰਕਤ ਹਨ। ਅਸਲ ਗੱਲ ਇਹ ਹੈ ਕਿ 'ਸ਼' 'ਖ਼' 'ਗ਼' 'ਜ਼' ਤੇ 'ਫ਼' ਦੀਆਂ ਅਵਾਜ਼ਾਂ ਦਾ ਗੁਰਮੁਖੀ ਲਿੱਪੀ ਵਿਚ ਬਜ਼ਾਹਰ ਅਭਾਵ ਹੋਣ ਕਰਕੇ, ਫ਼ਾਰਸੀ ਬੋਲੀ ਦੇ ਉਪਰੋਕਤ ਸ਼ਬਦ, ਲਿਖੇ ਹੀ ਇਸ ਰੂਪ ਵਿੱਚ ਜਾ ਸਕਦੇ ਸਨ। ਹਕੀਕਤ ਇਹ ਹੈ ਕਿ ਉਸ ਸਮੇਂ ਅੱਖਰ "ਸ" ਤੋਂ "ਸ਼" (ਸੀਨ ਤੇ ਸ਼ੀਨ) ਦੀਆਂ ਦੋਵੇਂ ਅਵਾਜ਼ਾਂ ਕੱਢੀਆਂ ਜਾਂਦੀਆਂ ਸਨ। ਗੁਰਦੇਵ ਤਾਂ ਤੁਰਕੀ (ਫ਼ਾਰਸੀ) ਅੱਖਰਾਂ ਤੇ ਫ਼ਾਰਸੀ ਬੋਲੀ ਤੋਂ ਭਲੀ ਭਾਂਤ ਜਾਣੂ ਸਨ। ਭਾਈ ਗੁਰਦਾਸ ਜੀ ਨੇ ਪਾਵਨ "ਆਦਿ ਬੀੜ" ਨੂੰ ਲਿਖਣ ਵੇਲੇ ਇਹਨਾਂ ਪਦਾਂ ਨੂੰ ਅਸ਼ੁੱਧ ਤੌਰ ਉੱਤੇ "ਪੇਫ" "ਗੋਜ਼" "ਮਫ਼ਕਤ" ਜਾਂ "ਯਨ" ਕਰਕੇ ਨਹੀਂ ਲਿਖਿਆ। ਗੁਰਮੁਖੀ ਲਿਪੀ ਦੀ ਮਜਬੂਰੀ ਕਾਰਨ ਇਹ ਉਸ ਸਮੇਂ ਵਰਤਮਾਨ ਰੂਪ ਵਿੱਚ ਹੀ ਸ਼ੁੱਧ ਲਿਖੇ ਜਾ ਸਕਦੇ ਸਨ। "ਬਾਣੀ" ਦੇ ਪਾਠੀ ਸੱਜਣ ਨੇ

* ਜਨ (ਜ਼ਨ = ਔਰਤ, ਇਸਤ੍ਰੀ) ਪਿਸਰ, ਪਦਰ, ਬਿਰਾਦਰਾਂ, ਕਸ ਨੇਸਤ ਦਸਤੰਗੀਰ ॥......ਨਾਨਕੁ ਬੁਗੋਯਦ ਜਨੁ (ਦਾਸ) ਤੁਰਾ, ਤੇਰੇ ਚਾਕਰਾਂ ਪਾਖਾਕ ॥ (ਏਥੇ ਜਨੁ ਇਕ ਵਚਨ, ਪੁਲਿੰਗ ਹੈ) (ਮ: ੧, ਪੰ: ੭੨੧)

ਸਾਵਧਾਨ ਹੋ ਕੇ ਅਜਿਹੇ ਪਦਾਂ ਨੂੰ ਤੱਤ ਸਮ ਰੂਪ ਵਿਚ ਲਿਖੇ ਜਾਣ ਕੇ, ਸ਼ੁੱਧ ਪਾਠ ਕਰਨਾ ਹੈ। ਸੁਚੇਤ ਜਾਂ ਅਚੇਤ ਸ਼ੁੱਧ ਉਚਾਰਣ ਨਾ ਕਰਨਾ, ਪਾਠ ਸੁਣਨ ਵਾਲਿਆਂ ਨਾਲ ਬੇ-ਇਨਸਾਫ਼ੀ, ਗੁਰਬਾਣੀ ਦੀ ਨਿਰਾਦਰੀ ਅਤੇ ਸਤਿਗੁਰਾਂ ਦੀ ਅਵੱਗਿਆ ਹੈ, ਗੁਰਬਾਣੀ ਦੇ ਆਸ਼ੇ ਦੀ ਪੂਰਤੀ ਤੇ ਪ੍ਰਭੁਤਾ ਨੂੰ ਉਜਾਗਰ ਕਰਨਾ ਨਹੀਂ।

ਬਿੰਦੀ ਦੀ ਵਰਤੋਂ :-

ਗੁਰਬਾਣੀ ਵਿਚ "ਬਿੰਦੀ" ਤੇ ਅੱਧਕ ਦੀ ਵਰਤੋਂ ਦਾ ਮਸਲਾ ਅਤਿ ਅਹਿਮ ਹੈ। ਕਿਤੇ ਕਿਤੇ ਸੰਕੇਤ ਵਜੋਂ, ਬਿੰਦੀ ਦੀ ਵਰਤੋਂ ਤਾਂ ਕੀਤੀ ਗਈ ਹੈ; ਪਰੰਤੂ ਅੱਧਕ ਦੀ ਕਿਤੇ ਵੀ ਨਹੀਂ।

ਬਿੰਦੀ ਦੀ ਕੀਤੀ ਵਰਤੋਂ ਦੇ ਇਹ ਕੁਝ ਕੁ ਪ੍ਰਮਾਣ ਨੋਟ ਕਰਨ ਯੋਗ ਹਨ :-

(੧) ਤੂ ਕਰਤਾ ਸਚਿਆਰੁ ਮੈਡਾ ਸਾਂਈ ॥ (ਆਸਾ ਮ: ੪, ਪੰ: ੧੧)

(੨) ਗਲ੍ਹੀ ਅਸੀ ਚੰਗੀਆ ਆਚਾਰੀ ਬੁਰੀਆਹ ॥
(ਮ: ੧, ਵਾਰ ਸਿਰੀ ਰਾਗ, ਪੰਨਾ ੮)

(੩) ਭਉ ਤੇਰਾ ਭਾਂਗ, ਖਲੜੀ ਮੇਰਾ ਚੀਤੁ ॥
(ਤਿਲੰਗ ਮ: ੧, ਪੰਨਾ ੭੨੧)

(੪) ਜੇ ਭੁਲੀ ਜੇ ਚੁਕੀ ਸਾਂਈ.........॥
(ਸੂਹੀ ਮ: ੫, ਪੰਨਾ ੭੬੧)

(੫) ਕੀਮਤਿ ਕਉਣੁ ਕਰੇ ਤੁਧੁ ਭਾਂਵਾਂ, ਚੋਖਿ ਦਿਖਾਵੈ ਢੋਲੇ ॥੬॥
(ਤੁਖਾਰੀ ਮ: ੧, ਪੰਨਾ ੧੧੦੯)

(੬) ਆਠ ਪਹਰ ਅਪਨਾ ਪ੍ਰਭੁ ਸਿਮਰਨੁ, ਵਡਭਾਗੀ ਹਰਿ ਪਾਂਈ
(ਨੂੰ ਪਾਈਂ) (ਪੰਨਾ ੧੨੦੨)

(੭) ਆਖੂੰ ਆਖਾਂ ਸਦਾ ਸਦਾ, ਕਹਣਿ ਨ ਆਵੈ ਤੋਟਿ ॥੨॥ (੧੦)
(ਵਾਰ ਸਾਰੰਗ ਮ: ੧, ਪੰ: ੧੨੪੧)

(੮) ਅਖੀ ਪਰਣੈ ਜੇ ਫਿਰਾ, ਦੇਖਾਂ ਸਭੁ ਆਕਾਰੁ ॥੨॥ (੧੧)
(ਸਾਰੰਗ, ਮ: ੧, ਪੰਨਾ ੧੨੪੧)

(੯) ਪੂੜਾ ਗਿਆਨੀ ਪੰਡਿਤਾਂ, ਪੂੜਾ ਬੇਦ ਬੀਚਾਰ ॥
ਪੂੜਾ ਦੇਵਾਂ ਮਾਣਸਾਂ, ਜੋਧ ਕਰਹਿ ਅਵਤਾਰ ॥੨॥(੧੧)
(ਸਾਰੰਗ, ਮ: ੧, ਪੰ: ੧੨੪੧)

(੧੦) ਆਖਹਿ ਬਰਕਹਿ ਆਖਿ ਆਖਿ, ਕਰਿ ਸਿਫਤੀ ਵੀਚਾਰ॥੧॥੧੧॥
(ਸਾਰੰਗ ਸਲੋਕ ਮ: ੧, ਪੰਨਾ ੧੨੪੧)

(੧੧) ਕੂਠ ਨ ਰਾਗੀ, ਕੂਠਿ ਨ ਵੇਦੀ ॥੧॥ (੭)
(ਸਾਰੰਗ, ਸਲੋਕ ਮ: ੧, ਪੰ: ੧੨੩੭)

(੧੨) ਨਾਂਗੇ ਆਵਣਾ ਨਾਂਗੇ ਜਾਣਾ...॥੨॥(੨੪)
(ਸਾਰੰਗ, ਮ: ੩, ਪੰ: ੧੨੪੬)

(੧੩) ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ ਤਾਰ ॥੧੦੩॥
(ਸਲੋਕ ੧੦੩, ਪੰ: ੧੩੬੯)

(੧੪) ਗਲੀਂ ਸੁ ਸਜਣ ਵੀਹ, ਇਕੁ ਢੂੰਢੇਦੀ ਨ ਲਹਾਂ ॥
ਧੁਖਾਂ ਜਿਉ ਮਾਂਲੀਹ, ਕਾਰਣਿ ਤਿੰਨਾ ਮਾ ਪਿਰੀ ॥੮੭॥
(ਸਲੋਕ ਫਰੀਦ ਜੀ, ਪੰ: ੧੩੮੨)

(੧੫) ਨਾਨਕ, ਨਾਮੁ ਮਿਲੈ ਤਾਂ ਜੀਵਾਂ, ਤਨੁ ਮਨੁ ਥੀਵੈ ਹਰਿਆ ॥੧॥
(ਸਲੋਕ ਮ: ੫, ਪੰ: ੧੪੨੫)

(੧੬) ਦੇਂਦਾ ਨਰਕਿ, ਸੁਰਗਿ ਲੈਂਦੇ, ਦੇਖਹੁ ਏਹੁ ਧਿਙਾਣਾ ॥੨॥(੨੫)
(ਮਲਾਰ ਮ: ੧, ਪੰ: ੧੨੯੦)

ਉਪਰੋਕਤ ਪਰਮਾਣਾਂ ਨੂੰ ਗਹੁ ਨਾਲ ਵਿਚਾਰਿਆਂ ਪਤਾ ਲਗਦਾ ਹੈ ਕਿ ਕਈ ਥਾਈਂ ਇੱਕੋ ਸਲੋਕ ਵਿੱਚ ਹੀ ਇਕ ਥਾਂ ਬਿੰਦੀ ਦੀ ਵਰਤੋਂ ਕੀਤੀ ਗਈ ਹੈ, ਪਰੰਤੂ, ਦੂਜੀ ਥਾਂ ਇਸ ਦਾ ਅਭਾਵ ਹੈ। ਜਿਵੇਂ :

(ੳ) ਅੰਕ (੨) ਵਿਚ "ਗਲੀਂ" ਨਾਲ ਤਾਂ ਹੈ, ਪਰੰਤੂ "ਚੰਗੀਆ" (ਚੰਗੀਆਂ) ਤੇ "ਆਚਾਰੀ" (ਆਚਾਰੀਂ) ਨਾਲ ਨਹੀਂ।

(ਅ) ਅੰਕ (੯) ਵਿਚ "ਪੰਡਿਤਾ", "ਵੇਖਾ" ਤੇ "ਮਾਣਸਾ" ਨਾਲ ਤਾਂ ਹੈ, ਪਰੰਤੂ "ਪੁਛਾ" (ਪੁੱਛਾਂ, ਮੈਂ ਪੁੱਛਾਂ) ਅਤੇ "ਕਰਹਿ" (ਕਰਹਿਂ) ਨਾਲ ਨਹੀਂ।

(ੲ) ਅੰਕ (੧੨) ਵਿਚ ਪਹਿਲੇ "ਨਾਂਵੇ" ਪਦ ਨਾਲ ਵੀ ਹੈ ਅਤੇ ਦੂਜੀ ਵੇਰ ਵਰਤੇ "ਨਾਂਵੇ" ਪਦ ਨਾਲ ਵੀ।

(ਸ) ਅੰਕ (੧੬) ਵਿਚ "ਦੇਦਾ" ਨਾਲ ਹੈ, ਪਰੰਤੂ "ਲੈਦੇ" (ਲੈਂਦੇ) ਦੀ ਦੁਲਾਵਾਂ ਨਾਲ ਨਹੀਂ।

ਇਸ ਤੋਂ ਪਹਿਲਾਂ ਕਿ ਅਸੀਂ ਬਿੰਦੀ ਦੀ ਉਪਰੋਕਤ ਵਰਤੋਂ ਦੇ ਫਰਕ ਉੱਤੇ ਵੀਚਾਰ ਕਰੀਏ, ਕੁਝ ਪਰਮਾਣ ਅਜਿਹੇ ਹੋਰ ਵਾਚ ਲੈਣੇ ਜ਼ਰੂਰੀ ਹਨ, ਜਿੱਥੇ ਬਿੰਦੀ ਦੇ ਉਚਾਰਣ ਦਾ ਅਭਾਵ, ਸੰਬੰਧਤ ਪਦ ਤੇ ਤੁੱਕ ਦੇ ਅਰਥਾਂ ਵਿਚ ਵੱਡਾ ਅੰਤਰ ਪੈਦਾ ਕਰਦਾ ਹੈ :—

(੧) ਨਾਨਕ, ਭਗਤਾ ਸਦਾ ਵਿਗਾਸੁ ॥ (ਜਪੁ)

ਟਿੱਪਣੀ :—ਏਥੇ ਸ਼ੁੱਧ ਪਾਠ "ਭਗਤਾਂ" ਹੈ, "ਭਗਤਾ" ਨਹੀਂ।

ਭਗਤਾਂ :—ਨਾਂਵ, ਬਹੁ ਵਚਨ ਹੈ। ਅਰਥ ਹਨ:—ਹੇ ਨਾਨਕ, ਪ੍ਰਭੂ ਦੇ ਭਗਤਾਂ ਨੂੰ ਸਦਾ ਖੁਸ਼ੀ ਤੇ ਖੇੜਾ ਹੈ।

ਭਗਤਾ :—ਨਾਂਵ, ਇਕ ਵਚਨ, ਸੰਬੋਧਨ ਕਾਰਕ ਹੈ ਤੇ ਅਰਥ ਹਨ :—ਹੇ, ਜਾਂ, ਓਏ ਭਗਤਾ ?......ਇਹ ਅਰਥ ਏਥੇ ਨਹੀਂ ਲਗ ਸਕਦੇ।

(੨) ਮਤੁ ਦੇਖਿ ਭੂਲਾ, ਵੀਸਰੈ, ਤੇਰਾ ਚਿਤਿ ਨ ਆਵੈ ਨਾਉ ॥

(ਸਿਰੀ ਰਾਗ, ਪੰ: ੧੪)

ਸ਼ੁੱਧ ਉਚਾਰਣ :—

ਮਤੁ ਦੇਖਿ ਭੂਲਾਂ, ਵੀਸਰੈ, ਤੇਰਾ ਚਿਤਿ ਨਾ ਆਵੈ ਨਾਉਂ ॥

ਅਰਥ ਹੋਇਆ—ਮਤਾਂ ਮੈਂ (ਮੋਤੀਆਂ ਦੇ ਮੰਦਰ ਆਦਿ ਵੇਖ ਕੇ) ਭੁੱਲ ਜਾਵਾਂ, ਤੇ ਤੇਰਾ ਨਾਮ ਵਿਸਰ ਜਾਵੇ ਅਤੇ (ਮੁੜ) ਚਿੱਤ ਵਿਚ ਨਾ ਆਵੇ।

(੩) ਮੇਰੀ ਰੁਣ ਝੁਣ ਲਾਇਆ, ਭੈਣੇ ਸਾਵਣੁ ਆਇਆ ॥

(ਵਡਹੰਸ ਮ: ੧, ਪੰ: ੫੫੭)

ਏਥੇ ਸ਼ੁੱਧ ਪਾਠ ਹੈ ਮੋਰੀਂ' (ਮੋਰਾਂ ਨੇ) : ਨਾਂਵ, ਬਹੁ ਵਚਨ, ਕਰਤਾ ਕਾਰਕ ਹੈ, "ਮੋਰੀ" ਨਹੀਂ। "ਮੋਰੀ" ਦਾ ਅਰਥ ਹੈ–ਛੇਕ, ਸੁਰਾਖ। ਇਸ ਦਾ ਇੱਥੇ ਕੀ ਕੰਮ ?

(੪) ਏਤੇ ਕੂਕਰ, ਹਉ ਬੇਗਾਨਾ, ਭਉਕਾ ਇਸੁ ਤਨ ਤਾਈ ॥
(ਤਾਈ = ਤਾਂਈ) (ਬਿਲਾਵਲੁ ੧, ਪੰ: ੭੯੫)

ਵਿਚਾਰ–"ਭਉਕਾ" ਦੇ ਅਰਥ ਹਨ : ਭੌਂਕਣ ਵਾਲਾ, ਵਾਧੂ ਗੱਲਾਂ ਕਰਨ ਵਾਲਾ। ਪ੍ਰੰਤੂ, ਇਹ ਅਰਥ ਏਥੇ ਨਹੀਂ ਲਗਦੇ। ਪਾਠ ਭਉਕਾਂ ਹੈ ਤੇ ਅਰਥ ਹਨ–ਮੈਂ ਭੌਂਕਦਾ ਹਾਂ।

ਸਾਰੀ ਤੁਕ ਦੇ ਅਰਥ ਹਨ–ਏਨੇ ਕੁੱਤੇ (ਨਿਮਾਣੇ, ਨਿਰਗੁਣ ਮਨੁੱਖ) ਹਨ। ਮੈਂ ਉਹਨਾ ਵਿੱਚੋਂ ਓਪਰਾ ਜਿਹਾ ਇਕ ਹਾਂ, ਅਤੇ ਇਸ ਸਰੀਰ ਦੀ ਖ਼ਾਤਰ ਕੂਕਦਾ ਹਾਂ।

(੫) ਜਿਥੈ ਜਾਈਐ ਜਗਤ ਮਹਿ, ਤਿਥੈ ਹਰਿ ਸਾਈ ॥
(ਬਿਲਾਵਲੁ ਮ: ੪, ਪੰ: ੮੫੧)

ਸ਼ੁੱਧ ਉਚਾਰਣ ਹੈ :–ਜਿੱਥੈ ਜਾਈਐ ਜਗਤ ਮਹਿ, ਤਿੱਥੈ ਹਰਿ ਸਾਈਂ ॥ ਵਿਚਾਰ :—ਏਥੇ ਪਦ "ਸਾਈ" (ਭਾਵ "ਉਹ") ਨਹੀਂ, "ਸਾਈਂ" ਹੈ ਅਤੇ ਅਰਥ ਹਨ–ਮਾਲਿਕ।

(੬) ਪੁਤ੍ਰੀ ਕਉਲੁ ਨ ਪਾਲਿਓ, ਕਰਿ ਪੀਰਹੁ ਕੰਨ ਮੁਰਟੀਐ ॥
(ਵਾਰ ਰਾਮ: ਪੰ: ੯੬੭)

ਵਿਚਾਰ :—ਵੇਖੋ ਜੇ ਏਥੇ "ਪੁਤ੍ਰੀ" ਪਦ ਨੂੰ ਉੱਪਰ ਅੱਧਕ ਤੇ ਅਖੀਰ ਵਿਚ ਬਿੰਦੀ ਨਾ ਲਾਈਏ ਤਾਂ ਇਸ ਦੇ, ਇੱਕੋ ਇਕ ਤੇ ਸਪੱਸ਼ਟ ਅਰਥ ਹੋਣਗੇ : ਪੁੱਤਰੀ, ਬੇਟੀ, ਧੀ। ਪ੍ਰੰਤੂ ਅੱਧਕ ਤੇ ਬਿੰਦੀ ਲਾ ਕੇ "ਪੁੱਤ੍ਰੀਂ" ਉਚਾਰਣ ਕਰਨ ਨਾਲ ਇਸ ਦੇ ਅਰਥ ਹੋਣਗੇ–ਪੁੱਤਰਾਂ ਨੇ, ਤੇ ਇਹੀ ਸ਼ੁੱਧ ਅਰਥ ਏਥੇ ਲਗਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੋਈ ਪੁੱਤਰੀ ਨਹੀਂ ਸੀ, ਜਿਸ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਮੂੰਹ ਮੋੜਿਆ ਹੋਵੇ। ਹਾਂ, ਦੋਹਾਂ ਪੁੱਤਰਾਂ ਨੇ ਅਵੱਸ਼ ਅਜਿਹਾ ਕੀਤਾ, ਜਿਸ ਦਾ

ਵਰਨਣ ਏਥੇ ਕੀਤਾ ਗਿਆ ਹੈ।

ਸਾਰੀ ਤੁਕ ਦੇ ਅਰਥ ਹਨ :—"ਪੁੱਤਰਾਂ" (ਸ੍ਰੀ ਚੰਦ ਜੀ ਤੇ ਲਖਮੀ ਚੰਦ ਜੀ) ਨੇ ਹੁਕਮ ਨਾ ਮੰਨਿਆ, ਕਿਉਂਕਿ ਉਹਨਾਂ ਨੇ ਥਾਪੇ ਹੋਏ ਪੀਰ–ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਕੰਨ (ਪਾਸਾ) ਮੋੜ ਲਿਆ।

ਸ: ਰਣਜੀਤ ਸਿੰਘ ਖੜਗ (ਸੁਰਗਵਾਸੀ) ਨੇ "ਗੁਰਮਤਿ ਪ੍ਰਕਾਸ਼" ਦੇ "ਗੁਰੂ ਨਾਨਕ ਬਾਣੀ ਅੰਕ" (ਸਤੰਬਰ ੧੯੬੯) ਦੇ ਪੰਨਾ ੨੦ ਉੱਤੇ ਇਸ ਨੁਕਤੇ ਦੀ ਵਿਆਖਿਆ ਇਉਂ ਕੀਤੀ ਹੈ :–

੧ ਓ ਸਤਿਗੁਰ ਪ੍ਰਸਾਦਿ ਸਚੁ ਨਾਮੁ ਕਰਤਾਰੁ ਅਕਾਲ ਮੂਰਤਿ ਅਜੂਨੀ ਸੰਭਹਿ
ਗੁਰ ਪੂਰੇ ਪਰਸਾਦੁ ਰਾਗ ਰਾਮਕਲੀ......

("ਗੁਰਮਤਿ ਪ੍ਰਕਾਸ਼", ਅੰਮ੍ਰਿਤਸਰ, ਜਨਵਰੀ ੧੯੬੯ ਸਫਾ ੪੦)

"ਮਹਾਜਨੀ" ਲਿੱਪੀ ਵਿੱਚ ਲੰਡਿਆਂ ਵਾਂਗ, ਗੁਰਮੁਖੀ ਲਿਖਤਾਂ ਵਿਚ ਕੁਝ ਲਗਾਂ ਮਾਤਰਾਂ ਦੀ ਅਣਹੋਂਦ ਦਾ ਕਾਰਨ ਇਹ ਹੈ ਕਿ ਪੁਰਾਤਨ ਗੁਰਮੁਖੀ-ਲਿਖਾਰੀ, ਬਿੰਦੀ ਆਦਿ ਲਗਾਂ ਦੀ ਵਰਤੋਂ ਘੱਟ ਕਰਦੇ ਸਨ, ਜਿਹਾ ਕਿ, ਗੁਰੂ ਗ੍ਰੰਥ ਸਾਹਿਬ ਦੀ ਲਿਖਤ-ਸ਼ੈਲੀ ਤੋਂ ਪਰਤੱਖ ਹੈ :—

"ਪਾਤਾਲਾਂ ਪਾਤਾਲ ਲਖ ਆਗਾਸਾਂ ਆਗਾਸ" ਦੀ ਥਾਂ :—

"ਪਾਤਾਲਾ ਪਤਾਲ ਲਖ ਆਗਾਸਾ ਆਗਾਸ" ਬਿੰਦੀ ਤੋਂ ਬਿਨਾਂ ਹੀ ਲਿਖਿਆ ਗਿਆ ਹੈ।

"ਭਾਈ ਸੰਤੋਖ ਸਿੰਘ ਜੀ ਨੇ "ਗਰਬ ਗੰਜਨੀ" (ਜਪੁਜੀ ਦੇ ਟੀਕੇ) ਵਿਚ, ਇਸ ਦਾ ਭਾਵ ਦੱਸਿਆ ਹੈ ਕਿ ਜਦ ਗੁਰੂ ਅਰਜਨ ਦੇਵ ਜੀ ਪਾਸੋਂ, ਆਦਿ ਬੀੜ ਦੀ ਸੰਕਲਨਤਾ ਬਾਅਦ ਇਸ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਫੁਰਮਾਇਆ :—

"ਇਸ ਸਰੂਪ ਵਿਚ ਹੁਣ ਕੋਈ ਅਦਲਾ ਬਦਲੀ ਨਹੀਂ ਹੋ ਸਕਦੀ। ਜੋ ਸਿੱਖ ਵਿਚਾਰ ਕੇ ਧਿਆਨ ਨਾਲ ਪੜ੍ਹਨਗੇ ਉਹ ਬਿੰਦੇ ਸਹਿਤ ਸ਼ੁੱਧ ਪਾਠ ਕਰਨਗੇ।"

"ਗੁਰਮੁਖੀ ਲਿੱਪੀ ਦੇ ਵਿਕਾਸ ਦੇ ਇਕ ਪੜਾਅ ਉਤੇ ਪੁੱਜ ਕੇ ਗੁਰਮੁਖੀ ਲਿਖਾਰੀ ਕੰਨੇ ਦੀ ਥਾਂ ਬਿੰਦੀ ਦੀ ਵਰਤੋਂ ਕਰਨ ਲਗ ਪਏ ਸਨ, ਜੋ ਕਿ ਗੁਰੂ ਸਾਹਿਬਾਨ ਦੇ ਨੀਸਾਣਾਂ ਤੋਂ ਪ੍ਰਤੱਖ ਹੈ। ਕਰਤਾਰਪੁਰ (ਜ਼ਿਲਾ ਜਲੰਧਰ) ਵਿਚ ਵਿਦਮਾਨ ਆਦਿ ਬੀੜ ਵਿਚ ਪੰਜਵੇਂ ਤੇ ਛੇਵੇਂ ਪਾਤਸ਼ਾਹ ਦੇ ਹਸਤ-ਕੰਵਲਾਂ ਦੁਆਰਾ ਅੰਕਤ ਮੂਲ ਮੰਤ੍ਰ ਵਿਚ ਕੰਨੇ ਦੀ ਥਾਂ ਬਿੰਦੀਆਂ ਵਰਤੀਆਂ ਗਈਆਂ ਹਨ...।"

ਉਪ੍ਰੋਕਤ ਲੰਮੀ ਟੂਕ ਦੇਣ ਤੋਂ ਸਾਡਾ ਭਾਵ ਇਹ ਹੈ ਕਿ ਪਾਠਕਾਂ ਨੂੰ ਲਗਾਂ ਮਾਤਰਾਂ ਬਾਰੇ ਪਾਵਨ ਬੀੜ ਦੀ ਲਿਖਣ-ਸ਼ੈਲੀ ਤੇ ਨੇਮ ਸਪੱਸ਼ਟ ਹੋ ਸੱਕਣ, ਅਤੇ ਇਹ ਪਤਾ ਲਗ ਸਕੇ ਕਿ ਇਸ ਵਿੱਚ ਟਿੱਪੀ ਦੀ ਵਰਤੋਂ ਵਾਂਗ ਬਿੰਦੀ ਤੇ ਅੱਧਕ ਦੀ ਵਰਤੋਂ ਕਰਨ ਨਾਲ ਹੀ ਗੁਰਬਾਣੀ ਦੇ ਅਰਥ ਤੇ ਗੂਹਜ ਭਾਵ ਸਮਝੇ ਜਾ ਸਕਦੇ ਹਨ।

ਅਸਲ ਵਿੱਚ, ਹਰੇਕ ਸ਼ਬਦ ਜਿਵੇਂ ਲਿਖਿਆ ਦਿਸਦਾ ਹੈ, ਉਸ ਦਾ ਐਨ ਤਿਵੇਂ ਦਾ ਤਿਵੇਂ ਪਾਠ ਕਰਨ ਦੇ ਹਾਮੀ ਸਜਨ ਵੀ ਅਜਿਹਾ ਨਹੀਂ ਕਰਦੇ, ਜਾਂ ਨਹੀਂ ਕਰ ਸਕਦੇ। ਪਵਿੱਤਰ ਬੀੜ ਵਿੱਚ ਸ਼ਬਦ "ਮਹਲਾ" ਅੰਕਿਤ ਹੈ, ਪ੍ਰੰਤੂ ਇਹ ਸੱਜਣ ਇਸ ਨੂੰ ਉਚੇਚੇ ਤੌਰ ਉੱਤੇ ਅੱਧਕ ਲਾ ਕੇ "ਮਹੱਲਾ" ਵਾਚਦੇ ਹਨ। ਕਿਉਂ? ਉਪ੍ਰੰਤ, ਇਸ ਨਾਲ ਅੰਕ ੧, ੨, ੩, ੪, ੫, ਜਾਂ ੯ ਲਿਖਿਆ ਗਿਆ ਹੈ, ਜਿਵੇਂ—"ਸਿਰੀ ਰਾਗੁ ਮਹਲਾ ੧"। ਹੁਣ ਇਸ ਅੰਕ "੧" ਨੂੰ ਸਭ ਪਾਠੀ "ਪਹਿਲਾ" ਕਰਕੇ ਹੀ ਉਚਾਰਦੇ ਹਨ ਅਤੇ ਦਰੁਸਤ ਵੀ ਇਹੀ ਹੀ ਹੈ। "ਮਹਲਿਆ" ਨਾਲ ਲੱਗੇ ਇਹ ੧, ੨, ੩, ੪, ੫ ਤੇ ੯ ਦੇ ਅੰਕ "ਕ੍ਰਮਵਾਚਕ ਸੰਖਿਆਕ ਵਿਸ਼ੇਸ਼ਣ" ਹਨ, ਨਾ ਕਿ "ਸਾਧਾਰਣ ਸੰਖਿਅਕ ਵਿਸ਼ੇਸ਼ਣ"।

ਹੋਰ ਸੁਣੋ, ਐਸੇ ਸੱਜਣ "ਮਹਲਾ ੫ ਤੇ ੯" ਨੂੰ ਮਹੱਲਾ ਪੰਜਵਾ ਜਾਂ ਨੌਵਾ" ਉਚਾਰਣ ਦੀ ਖੁਲ੍ਹ ਤਾਂ ਲੈ ਲੈਂਦੇ ਹਨ, ਪ੍ਰੰਤੂ, ਅੰਕ ੫ ਜਾਂ ੯ ਦਾ ਦਰੁਸਤ ਉਚਾਰਣ, ਬਿੰਦੀ ਲਾ ਕੇ ਪੰਜਵਾਂ ਜਾਂ ਨੌਵਾਂ ਕਰਨ ਲਈ ਤਿਆਰ ਨਹੀਂ ਹੁੰਦੇ। ਅਜਿਹਾ ਕਰਨਾ ਕਿਵੇਂ ਵਾਜਬ ਹੈ? ਪਾਠਕ ਜਨ ਆਪ ਹੀ ਨਿਰਣਾ ਕਰ ਲੈਣ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜ ਪ੍ਰਕਾਰ ਦੇ ਮੰਗਲ, ਪਹਿਲਾ ਫੇਰ ਰਾਗਾਂ ਦੇ ਸਿਰਲੇਖਾਂ ਦੇ ਆਦਿ ਵਿਚ ਆਏ ਹਨ। ਪਵਿੱਤਰ ਬੀੜ ਵਿਚ ਕੁਝ ਕੁ ਥਾਈਂ ਸਪੱਸ਼ਟ ਤੌਰ ਉੱਤੇ ਇਹ ਸੰਕੇਤ ਦਿੱਤਾ ਗਿਆ ਹੈ ਕਿ "ਮਹਲੇ" ਨਾਲ ਆਏ ਅੰਕਾਂ ਦਾ ਉਚਾਰਣ ਪਹਿਲਾ, ਦੂਜਾ, ਤੀਜਾ ਆਦਿ ਕਰਨਾ ਹੈ। ਦੋ ਉਦਾਹਰਣਾਂ ਹਾਜ਼ਰ ਹਨ :—

(ੳ) ਰਾਗੁ ਸਿਰੀਰਾਗੁ, ਮਹਲਾ ਪਹਿਲਾ ੧ ਘਰੁ ੧ (ਪੰਨਾ ੧੪ ਸਿਰੀ ਰਾਗ ਦੇ ਅਰੰਭ ਵਿਚ ਹੀ)।

(ਅ) ਵਡਹੰਸੁ ਮਹਲਾ ੩ ਮਹਲਾ ਤੀਜਾ। (ਪੰਨਾ ੫੮੨)

ਜਿਥੇ ਉਪ੍ਰੋਕਤ ਸੰਕੇਤ ਨੂੰ ਮੁਖ ਰੱਖ ਕੇ ਸਮੂੰਹ ਵਿਦਵਾਨ ਪਾਠੀ ਸੱਜਣ ਸਿਰਲੇਖਾਂ ਵਿਚ ਲਿਖੇ ਅੰਕਾਂ ਨੂੰ ੧, ੨, ੩, ਦੀ ਥਾਂ ਪਹਿਲਾ, ਦੂਜਾ, ਤੀਜਾ ਕਰਕੇ ਉਚਾਰਨਾ ਦਰੁਸਤ ਸਮਝਦੇ ਹਨ, ਐਨ ਏਵੇਂ ਹੀ ਪਾਵਨ ਬੀੜ ਵਿਚ ਕਈ ਥਾਈਂ ਬਿੰਦੀ ਦੀ ਵਰਤੋਂ ਕਰ ਕੇ ਸਤਿਗੁਰਾਂ ਵਲੋਂ ਇਹ ਸੰਕੇਤ ਦੇ ਦਿੱਤਾ ਗਿਆ ਕਿ ਹੋਰਥੇ ਵੀ, ਜਿੱਥੇ ਬਿੰਦੀ ਲਾਇਆਂ ਉਚਾਰਣ ਸ਼ੁੱਧ ਤੇ ਭਾਵ ਸਪੱਸ਼ਟ ਹੁੰਦਾ ਹੋਵੇ, ਓਥੇ ਇਸ ਦੀ ਵਰਤੋਂ ਕਰਨੀ ਵਰਜਿਤ ਨਹੀਂ। ਹਾਂ, ਆਪੋਂ ਕਲਪਣਾ ਕੀਤੀ ਤੇ ਮੰਨੀ ਸੁਵਿਧਤਾਈ ਦੇ ਖ਼ਿਆਲ ਨਾਲ ਬਿੰਦੀ ਤੇ ਅੱਧਕ ਨੂੰ ਸ਼ੁੱਧ ਪਾਠ ਲਈ ਨਾ ਉਚਾਰਣਾ ਅਵੱਗਿਆ ਤੇ ਮਨਮੱਤ ਜ਼ਰੂਰ ਹੈ।

ਯੋਗ ਸ਼ਾਸਤਰ ਦੇ ਕਰਤਾ ਪਾਤੰਜਲਿ ਮੁਨੀ ਨੇ "ਪਾਣਨਿ ਦੀ ਅਸ਼ਟਾਧਿਆਏ" ਦਾ ਮਹਾਂ ਭਾਸ਼ ਕੀਤਾ ਹੈ। ਉਹ ਲਿਖਦੇ ਹਨ ਕਿ "ਉਚਾਰਨ" ਤੋਂ "ਅਰਥ" ਅਧਿਕ ਪ੍ਰਬਲਤਾ ਰੱਖਦਾ ਹੈ।" ਭਾਵ ਇਹ ਹੈ ਕਿ ਅਰਥ ਅਨੁਸਾਰ ਉਚਾਰਣ ਹੋਣਾ ਚਾਹੀਦਾ ਹੈ।

ਜਿਹਾ ਕਿ ਪਹਿਲੇ ਦੱਸਿਆ ਗਿਆ ਹੈ, "ਜਿਵੇਂ ਲਿਖਿਆ, ਤਿਵੇਂ ਪਾਠ" ਕਰਨ ਵਾਲੇ ਸੱਜਣ ਜਦ "ਮਹਲਾ" ਦੇ ਪਾਠ ਉੱਤੇ ਆਉਂਦੇ ਹਨ ਤਾਂ ਉਹ ਆਪਣਾ ਨੇਮ, ਇਸ ਦਾ ਪਾਠ ਉਚੇਚੇ ਤੌਰ ਉੱਤੇ "ਮਹੱਲਾ" ਕਰ ਕੇ, ਆਪ ਹੀ ਤੋੜ ਦੇਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ

ਸ਼ਬਦ ਚਹੁੰ ਅਰਥਾਂ ਵਿਚ ਵਰਤਿਆ ਗਿਆ ਹੈ, ਜਿਸ ਦੀ ਵਿਆਖਿਆ ਪ੍ਰੋ: ਸਾਹਿਬ ਸਿੰਘ ਜੀ 'ਗੁਰਬਾਣੀ ਵਿਆਕਰਣ' ਵਿਚ ਇਉਂ ਕਰਦੇ ਹਨ :

(੧) ਮਹਲ—ਇਸਤ੍ਰੀ

ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ ॥

(ਮਹਲਾ ੧, ਮਾਰੂ, ਪੰ: ੧੦੮੮)

(੨) ਮਹਲੁ—ਘਰ, ਟਿਕਾਣਾ, ਨਿਵਾਸ-ਅਸਥਾਨ, ਉਹ ਅਵਸਥਾ ਜਿਥੇ ਅਕਾਲ ਪੁਰਖ ਸਾਖਿਆਤ ਹੋ ਜਾਂਦਾ ਹੈ।

(ੳ) ਖੋਜਤ ਖੋਜਤ ਦੁਆਰੇ ਆਇਆ ॥
ਤਾ ਨਾਨਕ ਜੋਗੀ 'ਮਹਲੁ' ਘਰੁ ਪਾਇਆ ॥੪॥

(ਰਾਮਕਲੀ ਮ: ੫, ਪੰ: ੮੮੬)

(ਅ) ਖੋਲਿ ਕਿਵਾਰਾ ਮਹਲਿ ਬੁਲਾਇਆ ॥
ਮਹਲਿ—ਮਹਲ ਵਿਚ। (ਰਾਮਕਲੀ ਮ: ੫, ਪੰਨਾ ੮੮੭)

(ੲ) ਗੁਰ ਪ੍ਰਸਾਦਿ ਕੋ ਇਹੁ ਮਹਲੁ ਪਾਵੈ ॥

(ਰਾਮਕਲੀ ਮ: ੫, ਪੰ: ੮੮੯)

(੩) ਮਹਲ, ਮਹਲਾ : ਵੱਡੀਆਂ ਵੱਡੀਆਂ ਇਮਾਰਤਾਂ, ਪੱਕੇ ਘਰ

(ੳ) ਦਾਤਾ ਦਾਨੁ ਕਰੈ ਤਹ ਨਾਹੀ, 'ਮਹਲ' ਉਸਾਰਿ ਨ ਬੈਠਾ ॥੩॥

(ਰਾਮਕਲੀ, ਪੰਨਾ ੭੦੨)

(ਅ) ਗੜ ਮੰਦਰ "ਮਹਲਾ" ਕਹਾ, ਜਿਉ ਬਾਜੀ ਦੀਬਾਣੁ ॥੪੨॥

(ਓਅੰਕਾਰ ਮ: ੧, ਪੰ: ੯੩੬)

(੪) ਮਹਲਾ—ਕਾਇਆ, ਸਰੀਰ

ਓਹੁ ਅਬਿਨਾਸੀ ਰਾਇਆ ॥
ਨਿਰਭਉ ਸੰਗਿ ਤੁਮਾਰੇ ਬਸਤੇ, ਇਹੁ ਡਰਨੁ ਕਹਾ ਤੇ ਆਇਆ ॥
੧ ॥ ਰਹਾਉ ॥

ਏਕ "ਮਹਲਿ" ਤੂੰ ਹੋਹਿ ਅਫਾਰੋ, ਏਕ "ਮਹਲਿ" ਨਿਮਾਨੋ ॥
ਏਕ "ਮਹਲਿ" ਤੂੰ ਆਪੇ ਆਪੇ, ਏਕ "ਮਹਲਿ" ਗਰੀਬਾਨੋ ॥

ਏਕ "ਮਹਲਿ" ਤੂੰ ਪੰਡਿਤੁ ਬਕਤਾ, ਏਕ "ਮਹਲਿ" ਖਲੁ ਹੋਤਾ ॥
ਏਕ "ਮਹਲਿ" ਤੂੰ ਸਭੁ ਕਿਛੁ ਗ੍ਰਾਹਜੁ, ਏਕ "ਮਹਲਿ" ਕਛੂ ਨ ਲੇਤਾ ॥
(ਗਉੜੀ ਮ: ੫, ਪੰਨਾ ੨੦੬)

ਉੱਪਰ ਦਿੱਤੇ ਸਾਰੇ ਪ੍ਰਮਾਣਾਂ ਨੂੰ ਗਹੁ ਨਾਲ ਵਿਚਾਰਿਆਂ ਸ਼ਬਦ "ਮਹਲਾ" ਦਾ ਅਰਥ ਸਾਫ਼ ਹੋ ਜਾਂਦਾ ਹੈ। ਸਤਿਗੁਰੂ ਜੀ ਦੀ ਉਚਾਰੀ ਹੋਈ ਬਾਣੀ ਵਿੱਚ ਨਾਮ ਕੇਵਲ "ਨਾਨਕ" ਹੀ ਆਉਂਦਾ ਹੈ। ਇਹ ਨਿਰਣਾ ਕਰਨ ਲਈ ਕਿ ਅਮੁਕੀ ਬਾਣੀ ਕਿਸ ਗੁਰ-ਵਿਅਕਤੀ ਦੀ ਹੈ, ਸ਼ਬਦ "ਮਹਲ" ਵਰਤਿਆ ਗਿਆ ਹੈ; ਜਿਸ ਦਾ ਅਰਥ ਹੈ "ਵਿਅਕਤੀ", ਕਾਇਆ, ਸਰੂਪ, ਸਰੀਰ......"

ਨਿਰਸੰਦੇਹ ਸਤਿਗੁਰੂਆਂ ਵਿਚ ਜੋਤਿ ਤਾਂ ਇੱਕ ਸੀ, ਕੇਵਲ ਕਾਇਆਂ ਹੀ ਬਦਲਦੀ ਰਹੀ :—

(੧) ਜੋਤਿ ਓਹਾ, ਜੁਗਤਿ ਸਾਇ, ਸਹਿ "ਕਾਇਆ" ਫੇਰਿ ਪਲਟੀਐ ॥
(ਰਾਮਕਲੀ, ਵਾਰ ਸਤੇ ਬਲਵੰਡ ਕੀ, ਪੰ: ੯੬੬)

(੨) *ਅਰਜਨ "ਕਾਇਆ" ਪਲਟ ਕੇ ਮੂਰਤਿ ਹਰਿਗੋਬਿੰਦ ਸਵਾਰੀ ॥
(ਭਾਈ ਗੁਰਦਾਸ ਵਾਰ ੧, ਪਉੜੀ ੪੮)

ਗੁਰਬਾਣੀ ਵਿਚ ਦੋ ਤਿੰਨ ਵੇਰ ਸ਼ਬਦ "ਮਹਲੁ" ਵੀ ਆਇਆ ਹੈ, ਜੋ ਇੱਕ ਵਚਨ, ਪੁਲਿੰਗ ਵਾਚਕ ਹੈ। ਇਸ ਦੇ ਅਰਥ ਇਸਤ੍ਰੀ ਨਹੀਂ ਹੋ ਸਕਦੇ। (ਦੇਖੋ ਸਿਰੀ ਰਾਗ, ਪੰ: ੧੬ ਤੇ ੧੯)

ਹੁਣ ਜੇ "ਮਹਲਾ" ਦਾ ਪਾਠ "ਮਹੱਲਾ" ਹੋਵੇ ਤਾਂ ਏਥੇ ਵੀ ਪਾਠ "ਮਹੱਲੁ" ਪੜ੍ਹਨਾ ਪਵੇਗਾ, ਜੋ ਕਿਸੇ ਤਰ੍ਹਾਂ ਵੀ ਸ਼ੁੱਧ ਨਹੀਂ ਅਤੇ ਨਾ ਹੀ ਕਦੇ ਕਿਸੇ ਪਾਠੀ ਨੇ ਅਜਿਹਾ ਪਾਠ ਕੀਤਾ ਹੈ। ਏਥੇ "ਮਹਲੁ" ਇਕ

*"ਮਹਲਾ" ਜਾਂ "ਮਹਲੁ" ਦਾ ਉਚਾਰਣ ਮਹੱਲਾ ਜਾਂ ਮਹੱਲੁ ਕਰਨਾ ਵਰਤਮਾਨ ਅਸ਼ੁੱਧ ਹੈ। ਵਾਰੋਂ ਇਸ ਦਾ ਸਹੀ ਉਚਾਰਣ ਇੰਜ ਪ੍ਰਾਚੀਨ ਕੀ ਪੰਜਾਬੀ ਰੂਪ ਵਿਚ—
"ਪੁਹਨਿ ਸਿਖ ਅਰਦਾਸਿ ਕਰਿ, ਕਿਆ "ਮਹਿਲਾ" ਤੀਜ ਚਰਨੁ ਨਿਹਾਰੀ ॥

ਵਚਨ, ਪੁਲਿੰਗ ਵਾਚਕ ਹੈ, ਇਸਤ੍ਰੀ ਲਿੰਗ ਵਾਚਕ ਨਹੀਂ। ਇਸ ਦਾ "ਲ" ਔਂਕੜ-ਅੰਤ ਹੋਣ ਕਰਕੇ 'ਲ' ਨਾਲੋਂ ਕੰਨਾ ਰਹਿ ਜਾਣ ਦਾ ਗੁਮਾਨ ਵੀ ਨਹੀਂ ਕੀਤਾ ਜਾ ਸਕਦਾ।

ਇਹ ਵੀ ਚੇਤੇ ਰੱਖਣ ਵਾਲੀ ਗੱਲ ਹੈ ਕਿ ਸਿਰਲੇਖਾਂ ਵਿਚ ਸ਼ਬਦ "ਮਹਲਾ" ਨਾਲ ਪਹਿਲਾ, ਦੂਜਾ, ਤੀਜਾ, ਪੁਲਿੰਗ ਵਾਚਕ ਵਿਸ਼ੇਸ਼ਣ ਆਏ ਹਨ; ਪਹਿਲੀ, ਦੂਜੀ, ਤੀਜੀ, ਇਸਤ੍ਰੀ ਲਿੰਗ ਨਹੀਂ। ਇਸ ਲਈ "ਮਹਲਾ" ਸ਼ਬਦ ਪੁਲਿੰਗ ਵਾਚਕ ਹੋਇਆ, ਨਾ ਕਿ ਇਸਤ੍ਰੀ ਵਾਚਕ।

ਖ-ਜ਼ਾਹਰ, ਵਾਧੂ ਲੱਗੀਆਂ ਦਿੱਸਦੀਆਂ ਲਗਾਂ-ਮਾਤ੍ਰਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਵਿਚ ਆਈਆਂ ਲਗਾਂ ਮਾਤਰਾਂ, ਵਿਸ਼ੇਸ਼ ਕਰਕੇ ਸ਼ਬਦਾਂ ਦੇ ਅੰਤ ਵਿਚ ਆਈ ਸਿਹਾਰੀ ਤੇ ਔਂਕੜ, ਬਹੁਤ ਵੇਰ, ਉਚਾਰਣ ਵਿਚ ਆਉਣ ਦੀ ਥਾਂ, ਅਰਥ-ਭਾਵ ਸਪੱਸ਼ਟ ਕਰਨ ਹਿਤ ਲਾਈਆਂ ਗਈਆਂ ਹਨ। ਪਾਵਨ ਬੀੜ ਦੇ ਪੰਨਾ ੯੬੫ ਉਤੇ ਪੰਜਵੇਂ ਗੁਰਦੇਵ ਜੀ ਦਾ, ਏਹਨੀ ਮਾਤਰ, ਲਿਆ ਕੇਵਲ ਇਕ ਫ਼ੁਰਮਾਨ, ਇਸ ਨੁਕਤੇ ਨੂੰ ਸਾਫ਼ ਸਪੱਸ਼ਟ ਕਰ ਦੇਂਦਾ ਹੈ :—

ਆਹਰ ਸਭਿ ਕਰਦਾ ਫਿਰੈ, ਆਹਰੁ ਇਕੁ ਨ ਹੋਇ ॥
ਨਾਨਕ, ਜਿਤੁ ਆਹਰਿ ਜਗੁ ਉਧਰੈ, ਵਿਰਲਾ ਬੂਝੈ ਕੋਇ ॥੨॥(੧੮)

ਉਪਰੋਕਤ ਸਲੋਕ ਵਿਚ ਪਦ 'ਆਹਰ' (ਨਾਂਵ), ਤਿੰਨਾਂ ਰੂਪਾਂ ਵਿਚ ਵਰਤਿਆ ਗਿਆ ਹੈ। ਇਸ ਦੇ ਅਰਥ (ਉੱਦਮ, ਧੰਧਾ) ਤੇ ਉਚਾਰਣ ਤਾਂ ਇੱਕੋ ਹੈ, ਪ੍ਰੰਤੂ 'ਵਚਨ' ਤੇ 'ਕਾਰਕ' ਵੱਖ ਵੱਖ ਹੋਣ ਕਰਕੇ ਵਰਤੋਂ ਇਕ ਸਮਾਨ ਨਹੀਂ। ਪਹਿਲੇ ਆਹਰ ਦੇ ਬਾਅਦ 'ਸਭਿ' (ਅਨਿਸਚਿਤ ਸੰਖਿਅਕ ਵਿਸ਼ੇਸ਼ਣ) ਆਇਆ ਹੈ। ਇਸ ਲਈ ਇਹ ਬਹੁ-ਵਚਨ ਹੈ ਅਤੇ ਇਸ ਦਾ 'ਰ' ਮੁਕਤਾ-ਅੰਤ ਹੈ। ਅਰਥ ਹੈ—"ਸਾਰੇ ਧੰਧੇ"। ਦੂਜੀ ਵੇਰ ਲਿਖੇ 'ਆਹਰੁ' ਦੇ 'ਰ' ਹੇਠ ਔਂਕੜ, ਤੇ ਪਹਿਲਾਂ 'ਇਕੁ' (ਸੰਖਿਅਕ ਵਿਸ਼ੇਸ਼ਣ) ਹੋਣ ਕਰਕੇ ਇਹ ਇੱਕ-ਵਚਨ ਹੈ। ਅਰਥ

ਹਨ—'ਇੱਕ ਧੰਧਾ, ਇੱਕ ਕੰਮ' (ਵਾਹਿਗੁਰੂ ਨਾਮ ਜਪਣ ਦਾ ਧੰਧਾ)। ਤੀਜੇ 'ਆਹਰਿ' ਦੇ 'ਰ' ਨੂੰ 'ਸਿਹਾਰੀ' ਹੈ। ਇਹ ਇੱਕ ਵਚਨ, ਕਰਣ ਕਾਰਕ ਹੈ, ਅਤੇ ਅਰਥ ਹਨ—ਜਿਸ ਆਹਰ ਰਾਹੀਂ ਜਾਂ ਦੁਆਰਾ। ਸਾਰੀ ਤੁਕ ਦੇ ਅਰਥ ਹੋਏ: 'ਮਨੁੱਖ ਹੋਰ ਸਾਰੇ ਧੰਧੇ ਤਾਂ ਪਿੱਟਦਾ ਫਿਰਦਾ ਹੈ; ਪਰੰਤੂ ਨਾਮ ਸਿਮਰਨ ਦਾ ਇਕ ਧੰਧਾ ਨਹੀਂ ਸਾਧਦਾ। ਹੇ ਨਾਨਕ! ਜਿਸ ਕੰਮ, ਉੱਦਮ ਦੁਆਰਾ ਸੰਸਾਰ ਦੇ ਜੀਵਾਂ ਦਾ ਪਾਰ-ਉਤਾਰਾ ਹੁੰਦਾ ਹੈ, ਉਹ ਕਾਰ ਕੋਈ ਵਿਰਲਾ ਸਮਝਦਾ ਤੇ ਕਮਾਉਂਦਾ ਹੈ।"

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੀਆਂ ਲਗਾਂ ਮਾਤ੍ਰਾਂ ਬਾਰੇ ਵਰਤੇ ਨੇਮ ਇਤਨੇ ਸਪੱਸ਼ਟ ਤੇ ਭਾਵਪੂਰਤ ਹਨ ਕਿ ਸਾਧਕ ਤੇ ਸੂਝਵਾਨ ਸੱਜਣ ਅੱਸ਼ ਅੱਸ਼ ਕਰ ਉਠਦਾ ਤੇ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹੈ। ਸੰਖੇਪ ਵਜੋਂ, ਇਹ ਪੰਜ ਸੱਤ ਉਦਾਹਰਣਾਂ ਹੀ ਇਸ ਖੂਬਸੂਰਤੀ ਨੂੰ ਉਜਾਗਰ ਕਰਨ ਲਈ ਕਾਫ਼ੀ ਹਨ:

੧. ਸਾਰੀ ਪਾਵਨ ਬੀੜ ਵਿਚ ਜਦ 'ਕਾਮਣਿ' ਪਦ ਦੇ "ਣ" ਨਾਲ ਸਿਹਾਰੀ ਆਈ ਹੈ ਤਾਂ ਅਰਥ ਹੈ—ਇਸਤ੍ਰੀ; ਪਰੰਤੂ ਜਦ ਇਹ ਮੁਕਤਾ ਜਾਂ ਔਂਕੜ-ਅੰਤ ਹੈ ਤਾਂ ਅਰਥ ਹੈ—ਟੂਣਾ।

(ੳ) ਕਾਮਣਿ (ਇਸਤ੍ਰੀ) ਤਉ ਸੀਗਾਰ ਕਰਿ,
ਜਾ ਪਹਿਲਾਂ ਕੰਤੁ ਮਨਾਇ ॥੧॥ (੯) (ਮ: ੩, ਪੰਨਾ ੭੮੮)

(ਅ) ਆਉ ਸਖੀ ਗੁਣ ਕਾਮਣ (ਟੂਣਾ) ਕਰੀਹਾ, ਜੀਉ ॥
(ਮ: ੪, ਪੰ: ੧੭੩)

੨. ਪਰਸਾਦੁ/ਪਰਸਾਦਿ

(ੳ) ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥
ਨਾਨਕ, ਪ੍ਰਭ ਸਰਣਾਗਤੀ, ਕਰਿ ਪ੍ਰਸਾਦੁ, ਗੁਰਦੇਵ ॥
(ਸੁਖਮਨੀ ਸਾਹਿਬ)

ਦੋਹਾਂ ਦਾ ਉਚਾਰਣ ਤਾਂ ਇੱਕ ਹੀ ਹੈ, ਪਰੰਤੂ, "ਪਰਸਾਦੁ"—ਨਾਂਵ, ਇਕ ਵਚਨ, ਕਰਮ ਕਾਰਕ ਹੈ ਤੇ ਅਰਥ ਹੈ "ਕ੍ਰਿਪਾ", "ਕਿਰਪਾ", "ਹੇ ਗੁਰਦੇਵ, ਕ੍ਰਿਪਾ ਕਰ"।

(ਅ) ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥

ਏਥੇ "ਪ੍ਰਸਾਦਿ" ਨਾਂਵ, ਇਕ ਵਚਨ, ਕਰਣ ਕਾਰਕ ਹੈ ਤੇ ਅਰਥ ਹਨ—ਕਿਰਪਾ ਦੁਆਰਾ। ਵੇਖੋ, ਇਸ ਅਸਟਪਦੀ ਵਿਚ "ਪ੍ਰਸਾਦਿ" ਪਦ ੨੭ ਵੇਰ ਏਸੇ ਰੂਪ ਤੇ ਅਰਥ ਵਿਚ ਆਇਆ ਹੈ।

ਨੋਟ—ਮੂਲ ਮੰਤ੍ਰ ਅਥਵਾ ਮੰਗਲਾਂ ਵਿਚ ਆਏ "ਗੁਰ ਪ੍ਰਸਾਦਿ" ਦਾ ਅਰਥ ਵੀ 'ਗੁਰੂ ਕੀ ਕਿਰਪਾ ਦੁਆਰਾ' ਹੀ ਸ਼ੁੱਧ ਹੈ।

੩. ਇਕ, ਇਕੁ, ਇਕਿ—(ਉਚਾਰਣ ਤਿੰਨਾਂ ਦਾ ਇਕ ਸਮਾਨ ਹੈ)

ਇਕ ਤੇ 'ਇਕੁ' ਇਕ-ਵਚਨ, ਸਾਧਾਰਨ ਸੰਖਿਅਕ ਵਿਸ਼ੇਸ਼ਣ ਹਨ, ਪ੍ਰੰਤੂ "ਇਕਿ" ਸਾਰੇ ਥਾਈਂ ਬਹੁਵਚਨ ਸੰਖਿਅਕ ਵਿਸ਼ੇਸ਼ਣ ਕਰਕੇ ਵਰਤਿਆ ਗਿਆ ਹੈ :—

ਇਕ—ਇਕ ਅਰਦਾਸਿ ਭਾਟ ਕੀਰਤਿ ਕੀ ॥ (ਪੰ: ੪੦੬)

ਇਕੁ (ਪੁਲਿੰਗ)—

ਇਕੁ ਸੰਸਾਰੀ, ਇਕੁ ਭੰਡਾਰੀ, ਇਕੁ ਲਾਏ ਦੀਬਾਣੁ ॥

(ਜਪੁਜੀ, ਪੰਨਾ ੭)

ਇਕਿ—ਇਕਿ ਹੁਕਮੀ ਸਦਾ ਭਵਾਈਅਹਿ ॥ (ਜਪੁਜੀ, ਪੰ: ੧)

ਤਥਾ—ਇਕਿ ਸੰਗਿ ਹਰਿ ਕੈ ਕਰਹਿ ਰਲੀਆ......

(ਆਸਾ ਮ: ੩ ਪੰ: ੪੩੬)

੪. ਓਅੰਕਾਰਿ ਬ੍ਰਹਮਾ ਉਤਪਤਿ ॥

ਓਅੰਕਾਰੁ ਕੀਆ ਜਿਨਿ ਚਿਤਿ ॥

(ਰਾਮਕਲੀ ਦਖਣੀ, ਪੰ: ੯੨੯)

(ੳ) ਓਅੰਕਾਰਿ (ਕਰਣ ਕਾਰਕ)—ਵਾਹਿਗੁਰੂ ਦੁਆਰਾ, ਰੱਬ-ਰਾਹੀਂ।

(ਅ) ਓਅੰਕਾਰੁ (ਕਰਮ ਕਾਰਕ)—ਵਾਹਿਗੁਰੂ ਨੂੰ।

ਅਰਥ ਹੋਏ—ਓਅੰਕਾਰ ਦੁਆਰਾ ਹੀ ਬ੍ਰਹਮਾ ਪੈਦਾ ਹੋਇਆ, ਜਿਸ ਨੇ ਓਅੰਕਾਰ ਨੂੰ ਚਿਤ ਵਿਚ ਧਾਰਨ ਕੀਤਾ।

੫. ਜਿਵੈ ਜਾਣਾਈਐ ਜਗਤ ਮਹਿ, ਤਿਵੈ ਹਰਿ "ਸਾਈ" ॥ (ਪੰ: ੯੫੧)

(ਜੇ ਉਚਾਰਣ "ਸਾਈ" ਕਰਨਾ ਹੈ ਤਾਂ "ਸਾਈ" ਦਾ ਅਰਥ "ਉਹ" ਬਣੇਗਾ। ਸਹੀ ਉਚਾਰਣ ਸਾਂਈ" ਹੈ ਤੇ ਅਰਥ ਧਨ-ਮਾਲਿਕ।)

੬. ਹਰਿ ਭਗਤਾ ਕਾ ਮੇਲੀ ਸਰਬਤ ਸਉ ਨਿਸੁਲ ਜਨ ਟੰਗ ਧਰਿ ॥
(ਬਿਲਾਵਲ ਕੀ ਵਾਰ, ਪੰਨਾ ੮੫੫)

(ਏਥੇ ਉਚਾਰਣ-"ਭਗਤਾਂ" "ਸਉਂ" (ਨੂੰ ਸੋਂ) ਤੇ "ਨਿਸੁਲ" ਹੀ ਸ਼ੁੱਧ ਹੈ।)

੭. ਇਸੁ ਜੁਗ ਮਹਿ "ਭਗਤੀ" ਹਰਿ ਧਨੁ ਖਟਿਆ.. ॥(ਪੰਨਾ ੯੫੮)

(ਏਥੇ ਉਚਾਰਣ "ਭਗਤੀਂ" ਹੋਵੇਗਾ ਤੇ ਅਰਥ ਹੋਣਗੇ "ਭਗਤਾਂ ਨੇ"।)

ਗੁਰਬਾਣੀ ਨੂੰ ਜਿਵੇਂ ਲਿਖਿਆ ਹੈ ਤਿਵੇਂ ਉਚਾਰਣ ਕਰਨ ਵਾਲੇ ਸੱਜਣ ਆਪਣੇ ਪੱਖ ਵਿਚ ਆਮ ਤੌਰ ਉੱਤੇ ਗੁਰਬਾਣੀ ਦੀ ਇਹ ਤੁੱਕ ਪੇਸ਼ ਕਰਿਆ ਕਰਦੇ ਹਨ :-

ਅਖਰ ਲਿਖੇ ਸੇਈ ਗਾਵਾ, ਅਵਰ ਨ ਜਾਣਾ ਬਾਣੀ ॥ (੧੧੭੧)

ਆਓ, ਜ਼ਰਾ ਇਸ ਬਾਰੇ ਵੀ ਸੰਖੇਪ ਜਿਹੀ ਵਿਚਾਰ ਕਰ ਲਈਏ :

ਇਸ ਸੰਬੰਧ ਵਿੱਚ ਨੋਟ ਕਰਨ ਵਾਲੀ ਪਹਿਲੀ ਗੱਲ ਤਾਂ ਇਹ ਹੈ ਕਿ ਇਹ ਸੱਜਣ "ਗਾਵਾ" ਨੂੰ, ਸੁਤੇ ਸਿੱਧ ਹੀ ਆਪਣੇ ਦਾਅਵੇ ਤੇ ਕਥਨ ਦੇ ਉਲਟ, "ਗਾਵਾਂ" (ਗਾਉਂਦੀ ਹਾਂ) ਪਾਠ ਕਰ ਜਾਂਦੇ ਹਨ। ਦੂਜੇ :

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਿਸ ਸ਼ਬਦ ਵਿਚੋਂ ਇਹ ਤੁੱਕ ਲਈ ਜਾਂਦੀ ਹੈ, ਉਹ ਬਸੰਤ ਰਾਗ ਵਿਚ ਪੰਨਾ ੧੧੭੧ ਉੱਤੇ ਵਿਦਮਾਨ ਹੈ, ਉਥੇ ਅਰਥ ਇਹ ਨਹੀਂ ਜੋ ਐਸੇ ਸੱਜਣ ਕਰਦੇ ਹਨ। ਸਾਰਾ ਸ਼ਬਦ ਹੈ :

ਬਸੰਤੁ ਮਹਲਾ ੧ ਹਿੰਡੋਲ

ਸਾਹੁਰੜੀ ਵਥੁ, ਸਭੁ ਕਿਛੁ ਸਾਝੀ, ਪੇਵਕੜੈ ਧਨ ਵਖੇ ॥
ਆਪਿ ਕੁਚਜੀ, ਦੋਸੁ ਨ ਦੇਊ, ਜਾਣਾ ਨਾਹੀ ਰਖੇ ॥੧॥
ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ ॥

ਆਖਰ ਲਿਖੇ ਸੇਈ ਗਾਵਾ, ਅਵਰ ਨ ਜਾਣਾ ਬਾਣੀ ॥੧॥ਰਹਾਉ॥
ਕਢਿ ਕਸੀਦਾ ਪਹਿਰਹਿ ਚੋਲੀ, ਤਾਂ ਤੁਮ੍ ਜਾਣਹੁ ਨਾਰੀ ॥
ਜੇ ਘਰੁ ਰਾਖਹਿ ਬੁਰਾ ਨ ਚਾਖਹਿ, ਹੋਵਹਿ ਕੰਤ ਪਿਆਰੀ ॥੨॥
ਜੇ ਤੂੰ ਪੜਿਆ ਪੰਡਿਤੁ ਬੀਨਾ, ਦੁਇ ਅਖਰ ਦੁਇ ਨਾਵਾ ॥
ਪ੍ਰਣਵਤਿ ਨਾਨਕੁ ਏਕੁ ਲੰਘਾਏ, ਜੇ ਕਰਿ ਸਚਿ ਸਮਾਵਾਂ ॥੩॥੨॥੧੦॥

ਨੋਟ–ਇਸ ਸ਼ਬਦ ਵਿਚ ਆਏ ਕੁਝ ਕੁ ਪਦਾਂ ਦਾ ਸ਼ੁੱਧ ਉਚਾਰਣ ਇਉਂ ਹੋਵੇਗਾ- ਸਾਂਝੀ, ਵੱਖੇ, ਕੁਚੱਜੀ, ਦਊਂ (ਮੈਂ ਦੇਂਦੀ ਹਾਂ), ਰੱਖੇ, ਅੱਖਰ, ਗਾਵਾਂ (ਮੈਂ ਗਾਵਾਂ), ਪਹਿਰਹਿਂ (ਤੂੰ ਪਾਵੇਂ), ਨਾਵਾਂ, ਸਚਿ ਸਮਾਵਾਂ (ਮੈਂ ਸੱਚ ਵਿਚ ਸਮਾਵਾਂ)।

੧. "ਸ੍ਰੀ ਗੁਰੂ ਗ੍ਰੰਥ ਦਰਪਣ" (ਪ੍ਰੋ: ਸਾਹਿਬ ਸਿੰਘ) ਅਨੁਸਾਰ 'ਰਹਾਉ' ਦੀਆਂ ਇਹਨਾਂ ਦੋਹਾਂ ਤੁਕਾਂ ਦੇ ਅਰਥ ਇਸ ਪ੍ਰਕਾਰ ਹਨ :

ਪਦ ਅਰਥ : ਅੱਖਰ–ਪਿਛਲੇ ਕੀਤੇ ਕਰਮਾਂ ਦੇ ਸੰਸਕਾਰ ਰੂਪ ਲੇਖ।

ਸੇਈ ਗਾਵਾ–ਉਹੀ ਅੱਖਰ ਮੈਂ ਗਾਂਦੀ ਹਾਂ, ਉਹਨਾਂ ਹੀ ਸੰਸਕਾਰਾਂ ਵਾਲੇ ਕੰਮ ਮੈਂ ਮੁੜ ਮੁੜ ਕਰਦੀ ਹਾਂ।

ਬਾਣੀ–ਬਣਤਰ, ਬਣਾਵਟ, ਘਾੜਤ।

ਅਰਥ–ਹੇ ਮੇਰੇ ਮਾਲਕ ਪ੍ਰਭੂ! ਮੈਂ ਆਪ ਹੀ (ਮਾਇਆ ਮੋਹ ਦੀ) ਭਟਕਣਾ ਵਿਚ ਪੈ ਕੇ ਜੀਵਨ ਦੇ ਸਹੀ ਰਸਤੇ ਤੋਂ ਖੁੰਝ ਗਈ ਹਾਂ। ਮਾਇਆ ਦੇ ਮੋਹ ਵਿਚ ਫੱਸ ਕੇ ਜਿਤਨੇ ਵੀ ਕਰਮ ਮੈਂ ਜਨਮ-ਜਨਮਾਂਤਰਾਂ ਤੋਂ ਕਰਦੀ ਆ ਰਹੀ ਹਾਂ, ਉਹਨਾਂ ਦੇ ਜੋ ਸੰਸਕਾਰ ਮੇਰੇ ਮਨ ਵਿਚ ਉੱਕਰੇ ਪਏ ਹਨ, ਮੈਂ ਉਨ੍ਹਾਂ ਨੂੰ ਹੀ ਗਾਂਦੀ ਚਲੀ ਜਾ ਰਹੀ ਹਾਂ। (ਉਹਨਾਂ ਦੀ ਹੀ ਪ੍ਰੇਰਨਾ ਹੇਠ ਮੁੜ ਮੁੜ ਉਹੋ ਜਿਹੇ ਕਰਮ ਕਰਦੀ ਚਲੀ ਜਾ ਰਹੀ ਹਾਂ)। ਮੈਂ (ਮਨ ਦੀ) ਕੋਈ ਹੋਰ ਘਾੜਤ ਘੜਨੀ ਨਹੀਂ ਜਾਣਦੀ ਹਾਂ। (ਮੈਂ ਕੋਈ ਐਸੇ ਕੰਮ ਕਰਨੇ ਨਹੀਂ ਜਾਣਦੀ, ਜਿਨ੍ਹਾਂ ਨਾਲ ਮੇਰੇ ਅੰਦਰੋਂ ਮਾਇਆ ਦੇ ਮੋਹ ਦੇ ਸੰਸਕਾਰ ਮੁੱਕ ਜਾਣ)।

੨. ਗੁਰ ਸੇਵਕ ਸਭਾ (ਬਾਵਾ ਹਰਿਕ੍ਰਿਸਨ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ: ਨਾਰਾਇਣ ਸਿੰਘ ਆਦਿ) ਵਲੋਂ ਛਾਪੇ "ਸ਼ਬਦਾਰਥ" ਅਨੁਸਾਰ ਇਹਨਾਂ ਤੁਕਾਂ ਦੇ ਅਰਥ ਹਨ—"ਜੋ ਮੇਰੇ ਸਿਰ ਤੇ ਤੇਰੇ ਵਲੋਂ ਹੁਕਮ ਦੀ ਲਿਖਤ ਲਿਖੀ ਹੈ, ਉਸੇ ਅਨੁਸਾਰ ਕਰਦੀ ਹਾਂ; ਹੋਰ ਕੋਈ ਆਪਣੇ ਵਲੋਂ ਬਣਾਵਟ ਨਹੀਂ ਬਣਾ ਸਕਦੀ।

੩. ਫਰੀਦਕੋਟੀ ਟੀਕੇ ਅਨੁਸਾਰ ਅਰਥ ਹਨ :

"ਹੇ ਮੇਰੇ ਸਵਾਮੀ ਪੰਡਤ ਜੀ ਹੈਂ ਤਾਂ ਕਰਕੇ ਮੈਂ ਭਰਮ ਮੈਂ ਭੂਲੀ ਹੋਈ ਰਾਮ ਨਾਮ ਰੂਪੀ ਅੱਖਰ ਜੋ ਵੇਦ ਸਾਸਤ੍ਰ ਮੇਂ ਮੁਖੀ ਲਿਖੇ ਹੈਂ, ਸੋਈ ਗਾਵਤੀ ਹੂੰ। ਔਰ ਬਾਣੀ ਮੈਂ ਨਹੀਂ ਜਾਣਤੀ ਹੂੰ।"

ਹੁਣ ਵੀਚਾਰਵਾਨ ਪਾਠਕ ਆਪ ਹੀ ਨਿਰਣਾ ਕਰ ਲੈਣ ਕਿ ਇਹਨਾਂ ਤੁੱਕਾਂ ਦੇ ਉਹ ਅਰਥ ਕਿਵੇਂ ਹੋਏ, ਜਿਨ੍ਹਾਂ ਦੇ ਆਧਾਰ ਤੇ ਪੰਜਵਾਂ, ਗਾਵਾਂ, ਹੰਗਿਆਈਆਂ, ਕੇਤੀਆਂ, ਛੇਦਾ ਆਦਿ ਅਸ਼ੁਧ ਪਾਠ ਕੀਤੇ ਜਾਂਦੇ ਹਨ। ਗੁਰੂ-ਬਾਣੀ ਦਾ ਯਥਾਰਥ ਅਰਥ-ਭਾਵ ਬਣੇ ਜਾਂ ਨਾ ਬਣੇ; ਪ੍ਰੰਤੂ, ਕੁਝ ਲੋਕ ਜਾਣੇ ਜਾਂ ਅਣਜਾਣੇ, ਐਸੇ ਨਿਰਾਰਥਕ ਪਾਠ ਕਰੀ ਕਰਾਈ ਜਾਣ ਦਾ ਹੱਠ ਤਿਆਗਣਾ ਆਪਣੇ ਹੱਕ ਵਕਾਰ ਉੱਤੇ ਸੱਟ ਅਤੇ ਹੇਠੀ ਸਮਝਦੇ ਹਨ। ਸਤਿਗੁਰੂ ਸੁਮੱਤ ਬਖਸ਼ਣ।

ਪਦ-ਛੇਦ ਤੇ ਬਿਸਰਾਮ ਚਿੰਨ੍ਹ—

ਸ਼ੁੱਧ ਪਾਠ ਲਈ ਇਹ ਜ਼ਰੂਰੀ ਹੈ ਕਿ ਸ਼ਬਦ ਦੇ ਹਰ ਪਦ ਨੂੰ ਨਿਖੇੜ ਕੇ, ਪਦ ਛੇਦ ਕਰ ਕੇ ਸਪੱਸ਼ਟ ਪੜ੍ਹਿਆ ਅਤੇ ਅਰਥ ਭਾਵ ਨੂੰ ਨਿਖੇੜਨ ਲਈ ਤੁਕਾਂ ਵਿੱਚ ਲੋੜੀਂਦੀਆਂ ਥਾਵਾਂ ਉੱਤੇ ਬਿਸਰਾਮ ਚਿੰਨ੍ਹ ਲਾਏ ਜਾਣ। ਸੁਭਾਗ ਦੀ ਗੱਲ ਹੈ ਕਿ ਹੁਣ ਬਹੁਤ ਸਾਰੀਆਂ ਸੰਪ੍ਰਦਾਵਾਂ, ਵਿਦਵਾਨਾਂ ਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਜਾਂ ਸੈਂਚੀਆਂ ਪਦ-ਛੇਦ ਰੂਪ ਵਿਚ ਛਾਪਣ, ਜਾਂ ਗੁਰਬਾਣੀ ਦੇ ਹਵਾਲੇ ਦੇਣ ਸਮੇਂ ਬਿਸਰਾਮ ਚਿੰਨ੍ਹਾਂ ਦੀ ਵਰਤੋਂ ਕਰਨ ਦਾ ਉਪਕਾਰ

ਕੀਤਾ ਹੈ। ਸਤਿਗੁਰਾਂ ਨੇ ਆਪ ਹੀ ਗੁਰਬਾਣੀ ਦੀਆਂ ਤੁਕਾਂ ਨੂੰ ਅੰਤ ਵਿੱਚ ਪੂਰਨ-ਬਿਸਰਾਮ ਚਿੰਨ੍ਹਾਂ (ਫੁਲ ਸਟਾਪ) ਦੁਆਰਾ ਵੱਖ ਵੱਖ ਲਿਖਵਾ ਕੇ, ਹੋਰ ਅਰਧ-ਬਿਸਰਾਮ ਚਿੰਨ੍ਹ ਲਾ ਲਏ ਜਾਣ ਦਾ ਸੰਕੇਤ ਕੀਤਾ ਹੋਇਆ ਹੈ। ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨੇ "ਗੁਰਮਤਿ ਮਾਰਤੰਡ" ਗ੍ਰੰਥ (ਸ਼ਰੋਮਣੀ ਗੁ. ਪ੍ਰ. ਕਮੇਟੀ) ਵਿੱਚ ਇਸ ਦੀ ਬੜੀ ਖੁੱਲ੍ਹੀ ਤੇ ਸੁਚੱਜੀ ਵਰਤੋਂ ਕੀਤੀ ਹੈ। ਏਸੇ ਤਰ੍ਹਾਂ, ਸੰਤ ਕਰਤਾਰ ਸਿੰਘ ਜੀ "ਖਾਲਸਾ" ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਪਹਿਲੀ ਪੋਥੀ) ਵਿੱਚ ਜਪੁਜੀ ਸਾਹਿਬ ਦਾ ਮੂਲ ਲਿਖਣ ਵੇਲੇ ਅਰਥ-ਸਪੱਸ਼ਟਤਾ ਹਿਤ ਕੌਮੇ (,) ਤੇ ਸੈਮੀ ਕੋਲਨ (;) ਦੀ ਰੱਜ ਕੇ ਵਰਤੋਂ ਕੀਤੀ ਹੈ।

ਪੁਰਾਣੇ ਸਮਿਆਂ ਵਿਚ ਸਣੇ ਸਣੇ ਹੋਰ ਪੋਥੀਆਂ ਤੋਂ ਸੰਥਾ ਲੈਣ ਉਪ੍ਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸਿੱਖਿਆ ਜਾਂਦਾ ਸੀ। ਅੱਜ ਰਫ਼ਤਾਰ ਦਾ ਯੁੱਗ ਹੈ। ਇਨਸਾਨ ਹਰ ਕੰਮ ਲਈ ਕਾਹਲਾ ਹੈ। ਸਾਡੀ ਪੁਜ਼ੀਸ਼ਨ ਕਿਤਨੀ ਹਾਸੋ-ਹੀਣੀ ਹੈ ਕਿ ਅਸੀਂ ਪਾਠ ਤਾਂ ਪਦਾਂ ਨੂੰ ਵੱਖ ਵੱਖ ਉਚਾਰ ਕੇ ਕਰਦੇ ਹਾਂ, ਪ੍ਰੰਤੂ, ਕੀਤੇ ਉਚਾਰਣ ਅਨੁਸਾਰ ਛਾਪਣਾ ਵਰਜਤ ਸਮਝਦੇ ਹਾਂ। *ਅਜਿਹੀ ਆਪਾ-ਵਿਰੋਧੀ ਮਨੌਤ ਤੇ ਵਰਤੋਂ ਸ਼ਾਇਦ ਹੀ, ਕਿਸੇ ਹੋਰ ਮਜ਼ਹਬ, ਪੁਜਾਰੀ-ਸ਼੍ਰੇਣੀ, ਪ੍ਰਚਾਰਕ-ਧਰਮ ਵਿੱਚ ਹੋਵੇ। ਬਿਸਰਾਮ ਚਿੰਨ੍ਹਾਂ ਤੇ ਪਦ-ਛੇਦ ਦੀ ਅਣਹੋਂਦ ਵਿੱਚ ਅਣਜਾਣ ਪਾਠੀ ਸ਼ੁੱਧ ਗੁਰਬਾਣੀ ਉਚਾਰਣ ਨਾਲ ਕਿੰਨਾ ਅੱਨਿਆਏ ਤੇ ਕਦੀ ਕਦੀ ਪਾਪ ਕਰ ਸਕਦਾ ਹੈ, ਇਹ ਗੱਲ ਇਹਨਾਂ ਉਦਾਹਰਣਾਂ ਤੋਂ ਸਪੱਸ਼ਟ ਹੋ ਜਾਵੇਗੀ :—

(ੳ) ਅੱਨਿਆਂ :—ਖਿੰਥਾ ਕਾਲੁ, ਕੁਆਰੀ ਕਾਇਆ,
ਜੁਗਤਿ ਡੰਡਾ ਪਰਤੀਤਿ ॥ (ਜਪੁਜੀ)
ਨਿਆਂ :—ਖਿੰਥਾ ਕਾਲੁ,ਕੁਆਰੀ ਕਾਇਆ ਜੁਗਤਿ,ਡੰਡਾ ਪਰਤੀਤਿ ॥

(ਅ) ਅੱਨਿਆਂ :—ਕੇਤੀਆ ਕਰਮ ਭੂਮੀ ਮੇਰ, ਕੇਤੇ ਕੇਤੇ ਧੂ ਉਪਦੇਸ ॥
(ਜਪੁਜੀ)

---

* ਪੰਥਕ ਪਧਰ ਤੇ ਜਦ ਤਕ ਅਨੇਕਾਂ ਪਾਠਾਂ ਦੇ ਮਤ-ਭੇਦ ਦੂਰ ਨਹੀਂ ਕੀਤੇ ਜਾ ਸਕਦੇ ਓਦੋਂ ਤਕ ਸਹੀ ਪਦ-ਛੇਦ ਕਿਹੜਾ ਕਿਹਾ ਜਾ ਸਕਦਾ ਹੈ ?—ਪ੍ਰਕਾਸ਼ਕ

ਨਿਆਂ :—ਕੇਤੀਆ ਕਰਮ ਭੂਮੀ, ਮੇਰ ਕੇਤੇ, ਕੇਤੇ ਧੂ ਉਪਦੇਸ ॥

(ਦ) ਅੱ ਨਿਆਂ :—ਕਰਮਿ ਮਿਲੈ ਨਾਹੀ, ਠਾਕਿ ਰਹਾਈਆ ॥

(ਆਸਾ ਮ: ੧, ਪੰ: ੯)

ਨਿਆਂ :—ਕਰਮਿ ਮਿਲੈ, ਨਾਹੀ ਠਾਕਿ ਰਹਾਈਆ ॥

(ਸ) ਅੱ ਨਿਆਂ :—ਗੁਰਾ ਇਕ ਦੇਹਿ ਬੁਝਾਈ ॥ (ਜਪੁਜੀ)

ਨਿਆਂ :—ਗੁਰਾ, ਇਕ ਦੇਹਿ ਬੁਝਾਈ ॥ (ਹੇ ਸਤਿਗੁਰ !......)

ਸ਼ੁੱਧ ਅਰਥ, "ਗੁਰਾ" (ਸੰਬੋਧਨ ਕਾਰਕ) ਨਾਲ ਹੀ ਬਣਦੇ ਹਨ।

(ਹ) ਅਸ਼ੁਧ ਪਦ-ਛੇਦ—ਭਿਸਤੁ ਨਜੀਕ ਰਾਖੁ ਰਹਮਾਨਾ ॥

ਸ਼ੁਧ—ਭਿਸਤੁ, ਨਜੀਕਿ ਰਾਖੁ ਰਹਮਾਨਾ ॥ (ਕਬੀਰ ਜੀ, ੧੧੬੧)

(ਕ) ਅਸ਼ੁੱਧ :—ਗੁਰੁ ਅਰਜੁਨੁ ਘਰਿ, ਗੁਰ ਰਾਮਦਾਸ ਭਗਤ ਉਤਰਿ ਆਯਉ ॥ (ਪੰ: ੧੪੦੭)

ਸ਼ੁਧ:—ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ॥

ਗੁਰਬਾਣੀ ਦੇ ਅਰਥਾਂ ਤੋਂ ਅਨਜਾਣ ਤੇ ਪਾਠ ਦੀ ਸਰਲਤਾ ਵਿਚ ਕੱਚੇ ਪਾਠੀਆਂ ਤੋਂ ਪਦ-ਛੇਦ ਬੀੜ ਤੋਂ ਬਿਨਾਂ, ਸ਼ੁੱਧ ਪਾਠ ਕਰ ਸਕਣਾ ਅਸੰਭਵ ਹੈ। ਇੰਜ ਇੱਕ ਤੁੱਕ ਦੇ ਬਹੁਤ ਬਹੁਤੇ ਅਰਥ ਕਰਨ ਵਾਲਿਆਂ ਵਾਂਗ, ਉਹ ਬਿਨਾਂ ਲਗ ਮਾਤਰ ਦੇ ਅਰਥ ਵੀਚਾਰੇ, ਅੱਖਰਾਂ ਨੂੰ ਸੰਜੇ ਖੱਬੇ, ਜਿਧਰ ਚਾਹੁਣ, ਜੋੜ ਲੈਂਦੇ ਅਤੇ ਅਰਥ ਦਾ ਅਨਰਥ ਕਰ ਮਾਰਦੇ ਹਨ।

ਏਥੇ, ਸੰਖੇਪ ਵਿਚ ਨਮੂਨੇ ਵਜੋਂ ਕੇਵਲ ਤਿੰਨ ਪਾਠ ਸ਼ੁੱਧ ਅਤੇ ਅਸ਼ੁੱਧ ਰੂਪ ਵਿਚ ਪਾਠਕ ਜੀ ਦੀ ਦ੍ਰਿਸ਼ਟੀ ਗੋਚਰ ਕੀਤੇ ਜਾਂਦੇ ਹਨ :—

ਪਹਿਲਾ ਪਾਠ :—ਗਉੜੀ ਕੀ ਵਾਰ (ਪੰਨਾ, ੩੨੩) ਵਿਚ ਪੰਜਵੇਂ ਗੁਰਦੇਵ ਦੇ ਇਕ ਸਲੋਕ ਦੀ ਦੂਜੀ ਤੁੱਕ ਹੈ :—

ਜੋੜਵਾਂ ਪਾਠ—ਜਿਵੈਛਿਠਾਮਿਰਤਕੰਇਲਕਹਿਠੀਆਇ ॥

ਹੁਣ ਪਾਠ ਕਰਨ ਲੱਗਿਆਂ ਪਦਾਂ ਦਾ ਉਚਾਰਣ ਕਿਉਂਕਿ ਵੱਖ ਵੱਖ ਕਰਨਾ ਪੈਂਦਾ ਹੈ, ਇਸ ਲਈ ਅਨਜਾਣ ਪਾਠੀ ਇਉਂ ਵੀ ਪਾਠ ਕਰ

ਜਾਂਦੇ ਹਨ : "ਜਿਥੈ ਤਿਨਾ ਮਿਰਤਕ, ਕੈਇਲ ਰਹਿਨੀ ਆਹਿ ॥ ਪ੍ਰੂਫ਼-ਸ਼ੁੱਧ ਤੇ ਅਸਲ ਪਾਠ ਹੈ : "ਜਿਥੈ ਤਿੰਨਾ ਮਿਰਤਕੇ, ਇੱਲ ਰਹਿਨੀ ਆਹਿ ॥"

ਦੂਜਾ ਪਾਠ—੧੩੭੮ ਪੰਨੇ ਉੱਤੇ ਸ਼ੇਖ ਫ਼ਰੀਦ ਦੇ ੧੮ਵੇਂ ਸਲੋਕ ਦੀ ਪਹਿਲੀ ਤੁਕ ਹੈ :

ਜੁੜਵਾਂ ਪਾਠ—ਫਰੀਦਾਜਾਲਬੁਤਾਨੇਹੁਕਿਆਲਬੁਤਕੂੜਾਨੇਹੁ.. ॥

ਹਰੇਕ ਪਾਠੀ ਨੇ ਉਪ੍ਰੋਕਤ ਪਾਠ ਆਪਣੀ ਆਪਣੀ ਬੁੱਧੀ ਅਨੁਸਾਰ ਪਦ-ਛੇਦ ਕਰ ਕੇ ਵਾਚਣਾ ਹੈ। ਬੁੱਧੀਮਾਨ ਤਾਂ ਇਸ ਦਾ ਸ਼ੁੱਧ ਪਾਠ ਇਉਂ ਕਰੇਗਾ :—

ਫਰੀਦਾ, ਜਾ ਲੱਬੁ ਤਾ ਨੇਹੁ ਕਿਆ ? ਲੱਬੁ, ਤ ਕੂੜਾ ਨੇਹੁ ॥

ਅਣਜਾਣ ਪਾਠੀ ਇਸ ਨੂੰ ਇਉਂ ਵੀ ਪੜ੍ਹ ਜਾਂਦੇ ਹਨ—

ਜਾ ਲਬ ਤਾਨੇ ਹੁਕਿਆ ......

ਤੀਜਾ ਪਾਠ—(ਜੁੜਵਾਂ)—

ਪਾਪਕੀਜੰਞ ਲੈਕਾਬਲਹੁਧਾਇਆਜੋਰੀਮੰਗੈਦਾਨੁਵੇਲਾਲੋ ॥

(ਤਿਲੰਗ ਮ: ੧, ਪੰ: ੭੨੨)

ਬੇਸਮਝ ਪਾਠੀ ਇਸ ਤੁਕ ਦਾ ਅਸ਼ੁੱਧ ਪਾਠ ਇਉਂ ਵੀ ਕਰਦੇ ਵੇਖੇ ਗਏ ਹਨ :

ਪਾ ਪੱਕੀ (ਪਾਪ ਕੀ) ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ ॥ (ਤਿਲੰਗ ਮ: ੧, ਪੰ: ੭੨੨)

ਸੋ, ਉਪ੍ਰੋਕਤ ਸੰਖੇਪ, ਪ੍ਰੰਤੂ, ਅਤਿ ਅਹਿਮ ਤੇ ਬੁਨਿਆਦੀ ਵੀਚਾਰ ਦਾ ਸਿੱਟਾ ਇਹ ਨਿਕਲਿਆ ਕਿ ਗੁਰਬਾਣੀ ਦੇ ਸ਼ੁੱਧ ਉਚਾਰਣ ਲਈ ਸਹੀ ਪਦ-ਛੇਦ ਤੇ ਬਿਸਰਾਮ ਚਿੰਨ੍ਹਾਂ ਦੀ ਸਹੀ ਵਰਤੋਂ ਦਾ ਅਤਿ ਨੇੜੇ ਦਾ ਸੰਬੰਧ ਹੈ। ਸ਼ੁੱਧ ਉਚਾਰਣ ਵੀ ਤਾਂ ਹੀ ਸੰਭਵ ਹੈ, ਜੇ ਗੁਰਬਾਣੀ ਸ਼ੁੱਧ ਪਦ-ਛੇਦ ਰੂਪ ਵਿਚ ਛੱਪੇ ਅਤੇ ਇਸ ਦੇ ਅਰਥ-ਭਾਵ ਦੀ ਡੂੰਘੀ ਸੂਝ ਬੂਝ ਹੋਵੇ। ਅਰਥ-ਭਾਵ ਦੇ ਬੋਧ ਦਾ ਨਿਰਭਰ ਹੈ ਸ਼ੁੱਧ-ਉਚਾਰਣ ਤੇ ਗੁਰਬਾਣੀ ਵਿਆਕਰਣ ਦੇ ਨੇਮਾਂ ਤੇ ਲਿਖਣ-ਸ਼ੈਲੀ ਤੋਂ ਜਾਣੂ ਹੋਣ ਉੱਤੇ। ਏਸੇ ਲਈ ਸਿਆਣਿਆਂ ਨੇ ਸ਼ੁੱਧ-ਉਚਾਰਣ ਨੂੰ ਬੋਲੀ ਦੀ ਜਾਨ ਮੰਨਿਆ

ਹੈ। ਰੂਸੋ (Rousseau) ਦਾ ਕਥਨ ਹੈ ਕਿ ਸ਼ੁੱਧ ਉਚਾਰਣ ਬੋਲੀ ਦੀ ਆਤਮਾ ਹੈ, ਇਹ ਇਸਨੂੰ ਦੋਵੇਂ–ਭਾਵ ਤੇ ਸਚਾਈ–ਬਖਸ਼ਦਾ ਹੈ।

(Accent is the soul of language, it gives to it. both feeling and truth.)

ਹਾਂ, ਇਸ ਸਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਗੁਰਬਾਣੀ ਦਾ ਸ਼ੁੱਧ-ਪਾਠ ਕੀ ਤਾਂ ਆਖਰ ਇਕ ਸਾਧਨ ਤੇ ਵਸੀਲਾ ਹੈ, ਮੰਤਵ ਨਹੀਂ। ਮੰਤਵ ਗੁਰਬਾਣੀ ਦੀ ਵਿਚਾਰ ਨੂੰ ਧੁਰ ਅੰਦਰ ਵਸਾਉਣਾ ਤੇ ਅਮਲਾਉਣਾ ਹੈ। ਫੁਰਮਾਨ ਹੈ:

ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥੪੦॥
(ਰਾਮਕਲੀ ਓਅੰਕਾਰੁ, ਪੰਨਾ ੯੩੫)

ਵਿਚਾਰ-ਹੀਨ ਪਠਨ ਪਾਠ ਨੂੰ ਤਾਂ ਸਤਿਗੁਰਾਂ ਨੇ ਪਾਣੀ ਰਿੜਕਣ ਅਤੇ ਹਉਮੈਂ ਨੂੰ ਹੋਰ ਪੱਠੇ ਪਾਉਣ ਤੁੱਲ ਕਿਹਾ ਹੈ। ਗੁਰਬਾਣੀ ਦੀ ਵੀਚਾਰ ਕਿਉਂਕਿ ਅੱਖਰਾਂ ਤੇ ਬੋਲੀ ਵਿਚ ਅੰਕਿਤ ਹੋਈ ਗੁਰਬਾਣੀ ਰਾਹੀਂ ਪ੍ਰਾਪਤ ਹੋਣੀ ਹੈ, ਇਸ ਲਈ ਗੁਰੂ ਕੇ ਸਿੱਖ ਨਿਤਾਪ੍ਰਤਿ ਅਰਦਾਸ ਵਿਚ ਖਸ਼ਾਸ ਤੌਰ ਉੱਤੇ ਅਰਜ਼ੋਈ ਕਰਦੇ ਹਨ ਕਿ "ਅਕਾਲ ਪੁਰਖ ਵਾਹਿਗੁਰੂ ਉਨ੍ਹਾਂ ਨੂੰ ਸ਼ੁੱਧ ਗੁਰਬਾਣੀ ਪੜ੍ਹਨ ਦਾ ਬਲ ਬਖਸ਼ਣ।"

ਹਾਂ, ਸ਼ੁੱਧ ਉਚਾਰਣ ਤੋਂ ਲੇਖਕ ਦਾ ਕਦਾਚਿਤ ਇਹ ਭਾਵ ਨਹੀਂ ਕਿ "ਤੱਤ ਸਮ ਰੂਪ" ਵਿਚ ਵਰਤੇ ਸ਼ਬਦਾਂ (ਗੋਸ, ਪੋਸ, ਸਬ, ਆਸਕ, ਕੁਦਰਤ, ਸਾਈਂ, ਮਸੱਕਤ, ਆਦਿ ਆਦਿ) ਦੇ ਨਾਲ ਨਾਲ, "ਤੱਦ ਭਾਵ ਰੂਪ" ਵਿਚ ਵਰਤੇ ਸ਼ਬਦਾਂ ਨੂੰ ਵੀ ਉਹਨਾਂ ਦੇ ਅਸਲੀ ਰੂਪਾਂ ਵਿਚ ਉਚਾਰਣ ਦੀ ਖੁਲ੍ਹ ਲੈ ਲੈਣੀ ਹੈ। ਉਦਾਹਰਣ ਵਜੋਂ–ਖਿਜਮਤ (ਪੰ: ੨੯੦), ਪਰਵਦਗਾਰ (ਪੰ: ੭੨੧), ਭਿਸਤਿ ਤੇ ਪੁਰਸਲਾਤ (ਪੰ ੭੯੩) ਨੂੰ ਖ਼ਿਦਮਤ, ਪਰਵਰਦਗਾਰ, ਬਹਿਸ਼ਤ ਤੇ ਪੁੱਲਿਸਰਾਤ ਉਚਾਰਣ ਦੀ ਖੁਲ੍ਹ ਨਹੀਂ ਲੈਣੀ। ਜਿਵੇਂ ਲਿਖੇ ਹਨ, ਤਿਵੇਂ ਹੀ ਉਚਾਰਣ ਕਰਨਾ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਇਕ ਸਿਖ–ਭਾਈ ਗੋਪਾਲਾ ਜੀ–ਪਾਸੋਂ ਸ੍ਰੀ ਜਪੁਜੀ ਸਾਹਿਬ ਦਾ ਸ਼ੁੱਧ ਪਾਠ ਸਰਵਣ ਕਰਨ ਅਤੇ ਉਸ ਦੇ ਇਤਵਨ ਅਨੁਸਾਰ ਉਸ ਨੂੰ ਸਭ ਤੋਂ ਵਧੀਆ ਘੋੜਾ ਤੇ ਖ਼ਿਲਅਤ

ਬਖਸ਼ਿਸ਼ ਕਰਨ ਦੀ ਸਾਖੀ, ਸ਼ੁੱਧ ਗੁਰਬਾਣੀ-ਉਚਾਰਣ ਦੀ ਮਹੱਤਤਾ ਨੂੰ ਹੋਰ ਵੀ ਸਪਸ਼ਟ ਤੇ ਉਜਾਗਰ ਕਰਦੀ ਹੈ। ਜੇ ਕਿਤੇ ਭਾਈ ਸਾਹਿਬ ਨਿਸ਼ਕਾਮ ਹੋ ਕੇ ਸਾਰਾ ਪਾਠ ਕਰੀ ਜਾਂਦੇ ਤਾਂ ਉਨ੍ਹਾਂ ਨੂੰ ਸਤਿਗੁਰਾਂ ਨੇ ਆਪਣੇ ਨਾਲ ਗੱਦੀ ਉਤੇ ਬਿਠਾ ਕੇ ਸਨਮਾਨਤ ਕਰਨਾ ਸੀ।

ਸ਼ੁੱਧ-ਗੁਰਬਾਣੀ ਉਚਾਰਣ ਦਾ ਇਹ ਅਤਿ ਅਹਿਮ ਮਸਲਾ ਤੇ ਗੁਰਬਾਣੀ ਦੀ ਵੀਚਾਰ, ਗੁਰੂ ਤੇ ਪੰਥ ਦੀ ਯੱਕ-ਜਹਿਤੀ ਤੇ ਬਿਰਧੀ ਨਾਲ ਸੰਬੰਧਤ ਹੋਣ ਕਰਕੇ, ਹਰੇਕ ਦੂਰ-ਅੰਦੇਸ਼ ਪੰਥ-ਦਰਦੀ ਦੇ ਧਿਆਨ ਦਾ ਮੁਥਾਜ ਹੈ। ਸੋ, ਗੁਰੂ ਕੇ ਸਿੱਖਾਂ ਨੇ ਪੰਥ ਦੀ ਏਕਤਾ, ਮਜ਼ਬੂਤੀ, ਚੜ੍ਹਦੀ ਕਲਾ, ਬੋਲ-ਬਾਲੇ ਤੇ ਪ੍ਰਚਾਰ ਹਿਤ ਬਖਸ਼ੀ ਗਈ ਸੇਧ ਨੂੰ ਕਦਾਚਿਤ ਅੱਖੋਂ ਪਰੋਖੇ ਨਹੀਂ ਕਰਨਾ, ਅਤੇ ਵਖੇਵੇਂ ਤੇ ਮਨ-ਮਤ ਛਡ ਕੇ ਨਿੱਯਤ ਨੇਮਾਂ ਅਨੁਸਾਰ ਇੱਕੋ ਤਰ੍ਹਾਂ ਸ਼ੁੱਧ ਪਾਠ ਕਰਨਾ ਹੈ।

ਯਾਦ ਰੱਖੋ, ਸਤਿਗੁਰਾਂ ਨੇ, ਗੁਰੂ ਕੇ ਸਿਖਾਂ ਦੀ ਬਿਰਧੀ ਤੇ ਗੁਰਮਤਿ ਪ੍ਰਚਾਰ ਦੇ ਭੇਤ ਦੀ ਗੱਲ ਅਤਿ ਸੰਖੇਪਤਾ, ਪ੍ਰੰਤੂ ਪੁਰ-ਮਾਇਨੀ (ਸਾਰਥਕ) ਢੰਗ ਨਾਲ, ਇਉਂ ਸਪੱਸ਼ਟ ਆਖ ਸੁਣਾਈ ਹੈ:

ਇਕਾ ਬਾਣੀ, ਇਕੁ ਗੁਰੁ, ਇਕੋ ਸਬਦੁ ਵੀਚਾਰਿ ॥

(ਸੋਰਠਿ ਮ: ੩, ਪੰਨਾ ੬੪੬)

ਨੋਟ—ਗੁਰਬਾਣੀ ਦਾ ਅਸ਼ੁੱਧ ਪਾਠ ਕਰਨ ਦੇ ਅਨਰਥ ਦੀ ਗੱਲ ਪਾਠੀਆਂ, ਰਾਗੀਆਂ ਤੇ ਹੋਰ ਆਮ ਸਿੱਖਾਂ ਵਿੱਚ ਏਨੀ ਫੈਲ ਚੁੱਕੀ ਹੈ ਕਿ ਇਹ ਹੁਣ ਇੱਕ-ਅੱਧੇ ਲੇਖ ਜਾਂ ਵਿਅਕਤੀ ਦੇ ਵਸ ਦਾ ਰੋਗ ਨਹੀਂ ਰਿਹਾ। ਗੁਰਬਾਣੀ ਦੀ ਸ਼ੁੱਧਤਾ ਤੇ ਸਤਿਕਾਰ ਵਿਚ ਸਾਖੀ ਤਾਂ ਰਾਮ ਰਾਏ ਦੇ ਜਾਣ ਬੁੱਝ ਕੇ ਇੱਕ ਸ਼ਬਦ ਬਦਲਣ ਦੇ ਗੁਨਾਹ ਦੀ ਪੜ੍ਹਦੇ ਹਾਂ, ਪ੍ਰੰਤੂ, ਆਪ ਰੋਜ਼ ਸੈਂਕੜੇ "ਸ਼ਬਦਾਂ" ਦਾ ਪਾਠ ਅਸ਼ੁੱਧ ਕਰਦੇ ਜਾਂ ਸੁਣਦੇ ਹਾਂ; ਅਤੇ ਫੇਰ ਆਸ ਰਖਦੇ ਹਾਂ ਕਿ ਸਤਿਗੁਰਾਂ ਦੇ ਦਰਬਾਰ ਵਿਚ ਸਨਮੁਖ ਤੇ ਸੁਰਖਰੂ ਥੀਵਾਂਗੇ।

ਯਾਦ ਰੱਖੋ, ਗੁਰੂ ਰੂਪ ਬਾਣੀ ਦਾ ਨਿੱਤ, ਕੂਕਣ ਤੇ ਅਰਜੋਈਆਂ ਕਰਨ ਦੇ ਬਾਵਜੂਦ, ਨਿਰਾਦਰ ਕਰਨਾ, ਜੋਂ ਬੀਜ ਕੇ ਕਣਕ ਵੱਢਣ ਦੀ ਨਿਰਮੂਲ ਆਸ ਕਰਨ ਤੁਲ ਹੈ।

ਅਖੰਡ ਪਾਠ

ਅਖੰਡ ਪਾਠ ਦੀ ਮਰਯਾਦਾ ਸੰਬੰਧੀ ਪੁੱਛੇ ਜਾਂਦੇ ਪ੍ਰਸ਼ਨ ਆਮ ਕਰਕੇ ਇਸ ਭਾਵ ਦੇ ਹੁੰਦੇ ਹਨ :—

੧. ਇਹ ਮਰਯਾਦਾ ਕਦ ਤੇ ਕਿਥੋਂ ਆਰੰਭ ਹੋਈ ?

੨. ਇਸ ਵਿਚ ਕਿਤਨੇ ਪਾਠੀ ਸਿੰਘ ਲਏ ਜਾਂਦੇ ਹਨ ਅਤੇ ਉਹਨਾਂ ਨੂੰ ਸੇਵਾ ਵਜੋਂ ਕਿਤਨੀ ਮਾਇਆ ਦੇਣੀ ਉਚਿਤ ਹੈ ?

੩. ਪਾਠ ਕਿਤਨੇ ਸਮੇਂ ਵਿਚ ਸਮਾਪਤ ਹੋਣਾ ਜ਼ਰੂਰੀ ਹੈ ?

੪. ਕੀ ਅਖੰਡ ਪਾਠ ਦਾ ਮਹਾਤਮ ਸਹਜ ਪਾਠ ਨਾਲੋਂ ਵਧੇਰੇ ਹੈ ?

੫. ਕੀ ਇਹ ਪਾਠ, ਸੰਪਟ ਪਾਠ ਦੇ ਰੂਪ ਵਿਚ ਕਰਨਾ, ਗੁਰ-ਮਰਯਾਦਾ ਦੇ ਅਨਕੂਲ ਹੈ ?

੬. ਕੀ ਪਾਠ ਸਮੇਂ ਕੁੰਭ ਆਦਿ ਰਖਣਾ ਗੁਰਮਤਿ ਅਨੁਕੂਲ ਹੈ ?

੭. ਕੀ ਪਾਠ ਦੇ ਭੋਗ ਉਪਰੰਤ ਰਾਗਮਾਲਾ ਪੜ੍ਹਨੀ ਤੇ ਆਰਤੀ ਉਤਾਰਨੀ ਜ਼ਰੂਰੀ ਹੈ ?

੮. ਕੀ ਪਾਠ ਦੀ ਸਮਾਪਤੀ ਉਪਰੰਤ ਜਪੁਜੀ ਸਾਹਿਬ ਦਾ ਪਾਠ ਕੀਤਾ ਜਾਣਾ ਮਰਯਾਦਾ ਅਨਕੂਲ ਹੈ ? ਆਦਿ, ਆਦਿ।

ਉਪਰੋਕਤ ਪ੍ਰਸ਼ਨਾਂ ਵਿਚੋਂ ਬਹੁਤ ਸਾਰਿਆਂ ਦਾ ਉਤਰ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਲੋਂ ਸੰਗਤਾਂ ਦੇ ਲਾਭ ਹਿਤ ਛਾਪੀ ਗਈ 'ਸਿਖ ਰਹਿਤ ਮਰਯਾਦਾ' ਵਿਚ ਹੀ ਆ ਜਾਂਦਾ ਹੈ। ਮਰਯਾਦਾ ਦਾ ਇਹ ਖਰੜਾ ਪੰਥ ਦੇ ਮੁਖੀ ਵਿਦਵਾਨਾਂ ਨੇ ਪਰਸਪਰ ਵੀਚਾਰ ਉਪਰੰਤ ਪਰਵਾਨ ਕੀਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨੂੰ, ਪੰਥ ਦੀ ਰਹਿਤ ਮਰਯਾਦਾ ਵਿਚ "ਏਕਤਾ ਤੇ ਅਨੁਸਾਰਤਾ" ਰਖਣ ਹਿਤ, ਲੱਖਾਂ ਦੀ ਗਿਣਤੀ ਵਿਚ ਛਾਪ ਕੇ ਵੰਡਿਆ। ਦੇਸ ਪਰਦੇਸ ਦੇ ਹਰੇਕ ਗੁਰਦੁਆਰੇ ਨੂੰ ਇਸ ਦੀ ਇਕ ਇਕ ਕਾਪੀ ਭੇਜਣ ਦਾ ਉਪਰਾਲਾ ਵੀ ਕੀਤਾ ਗਿਆ। ਇਸ ਵੇਲੇ ਵੀ ਇਹ ਭੇਟਾ-ਰਹਿਤ ਜਾਂ ਮਮੂਲੀ ਲਾਗਤ ਨਾਲ ਪ੍ਰਾਪਤ ਹੋ ਸਕਦਾ ਹੈ।

ਕਿਸੇ ਵਿਅਕਤੀ ਦਾ ਇਸ ਟਰੈਕਟ ਵਿਚ ਦੱਸੀ ਰਹਿਤ ਮਰਯਾਦਾ ਤੋਂ ਭਿੰਨ ਕੋਈ ਹੋਰ ਨਵੀਂ ਰੀਤ ਰਸਮ ਤੋਰਨਾ ਜਾਂ ਨਿੱਜ-ਮੱਤ ਅਨੁਸਾਰ ਕੋਈ ਕਾਢ ਕੱਢ ਕੇ, ਨਵੀਂ ਪ੍ਰਪਾਟੀ ਪਾਉਣਾ, ਪੰਥਕ ਏਕਤਾ ਨੂੰ ਖੇਰੂੰ ਖੇਰੂੰ ਕਰਨ ਤੁਲ ਹੈ। ਅਜਿਹੇ ਲੋਕ, ਨਵੀਆਂ ਤੇ ਵਿਲੱਖਣ ਰੀਤਾਂ ਰਸਮਾਂ ਏਸ ਲਈ ਨਹੀਂ ਚਲਾਉਂਦੇ ਕਿ ਇਸ ਤਰ੍ਹਾਂ ਕਰਨ ਵਿਚ ਉਹ ਈਮਾਨਦਾਰੀ ਨਾਲ ਕੋਈ ਅਧਿਆਤਮਕ ਲਾਭ ਜਾਂ ਉਚੇਰਾ ਫਲ ਸਮਝਦੇ ਹਨ ਸਗੋਂ ਇਹ ਅਡੰਬਰ ਇਸ ਲਈ ਕੀਤਾ ਜਾਂਦਾ ਹੈ ਕਿ ਇਸ ਤਰ੍ਹਾਂ ਨਵੀਆਂ ਰੀਤਾਂ ਰਸਮਾਂ ਤੋਰਨ, ਜਾਂ ਪਰਚੱਲਤ ਗੁਰ-ਮਰਯਾਦਾ ਤੋਂ ਵਿਲੱਖਣ ਗੱਲਾਂ ਕਰਨ ਨਾਲ ਉਹ ਸਧਾਰਨ ਤੇ ਸ਼ਰਧਾਲੂ ਜਨਤਾ ਨੂੰ ਆਪਣੇ ਵਲ ਖਿੱਚ ਸਕਦੇ ਅਤੇ ਨਿੱਜੀ ਪੂਜਾ ਪ੍ਰਤਿਸ਼ਟਾ ਤੇ ਮਾਨ ਵਡਿਆਈ ਵਿਚ ਵਾਧਾ ਕਰ ਸਕਦੇ ਹਨ। ਕਈ ਤਰ੍ਹਾਂ ਦੇ ਸੰਪਟ ਪਾਠਾਂ ਦੀ ਵਿਧੀ ਇਸੇ ਲੜੀ ਦੀ ਹੀ ਇਕ ਕੜੀ ਹੈ ਅਤੇ ਇਕੋ ਥਾਂ ਕਈ ਕਈ ਪਾਠ ਰਖ ਲੈਣੇ ਵੀ ਉਹੋ ਜਿਹੀ ਹੀ ਮਨਮਤਿ ਹੈ। ਪਾਠ ਸਮੇਂ ਕਿਤੇ ਕੁੰਭ, ਉਤੇ ਨਾਰੀਅਲ, ਲਾਲ ਕਪੜਾ ਅਤੇ ਅੱਟਾ ਲਪੇਟ ਕੇ ਰੱਖ ਲਿਆ, ਤੇ ਕਿਤੇ ਦੀਵਿਆਂ ਨਾਲ ਆਰਤੀ ਉਤਾਰ ਲਈ ਜਾਂ ਪਾਠ ਦੇ ਭੋਗ ਉਪਰੰਤ, ਫਿਰ ਸੰਪੂਰਣ ਜਪੁਜੀ ਦਾ ਪਾਠ ਕਰਨਾ ਜ਼ਰੂਰੀ ਸਮਝ ਲਿਆ, ਇਹ ਏਕਤਾ ਵਿੱਚ ਅਨੇਕਤਾ ਤੇ ਖਿੰਡਾਰ ਪਾਉਣ ਵਾਲੀ ਰੁਚੀ ਦਾ ਹੀ ਪ੍ਰਗਟਾਅ ਹੈ। ਇਕ "ਨਾਨਕਸਰੀ ਸੰਪ੍ਰਦਾ" ਨੇ ਅਖੰਡ ਪਾਠ ਉਪ੍ਰੰਤ ਹਜ਼ਾਰੇ ਦੇ ਸ਼ਬਦ ਪੜ੍ਹਨ ਦੀ ਪ੍ਰਪਾਟੀ ਨੂੰ ਤੋਰ ਦਿੱਤਾ ਹੈ। ਕੌਣ ਰੋਕੇ ? ਏਸੇ ਤਰ੍ਹਾਂ, ਕਈ ਸੱਜਣ ਪਾਠ ਸਮੇਂ ਨਾਲ ਧੂਪੀਆ ਬਿਠਾ ਲੈਂਦੇ ਹਨ। ਉਹ ਮੂੰਹ ਵਿਚ ਪਾਠ ਕਰਦਾ ਤੇ ਧੂਪ ਨੂੰ ਭਖਦੇ ਕੋਲਿਆਂ ਉਤੇ ਸੁੱਟੀ ਜਾਂਦਾ ਹੈ।

ਪਤਾ ਨਹੀਂ ਪੰਥ-ਪ੍ਰਵਾਣਿਤ, ਇਕ ਸਮਾਨ ਚਲ ਰਹੀ ਮਰਯਾਦਾ ਅਨੁਸਾਰ ਚੱਲਣ ਵਿਚ ਇਹਨਾਂ ਵੀਰਾਂ ਨੂੰ ਕੀ ਦਿੱਕਤ ਪੇਸ਼ ਆਉਂਦੀ ਤੇ ਘਾਟ ਦਿਸਦੀ ਹੈ, ਅਤੇ ਵਾਧਾ ਘਾਟਾ ਕਰ ਕੇ ਭਿੰਨਤਾ ਕਰਨ ਵਿਚ ਕੀ ਲਾਭ ਤੇ ਸੁਖਾਲ ? ਕਾਸ਼ ! ਮੇਰੇ ਇਹ ਸਤਿਕਾਰ ਯੋਗ ਸੱਜਣ ਗੁਰੂ ਬਾਣੀ

ਨੂੰ ਵੀਚਾਰਨ, ਸਮਝਣ ਤੇ ਅਮਲਾਉਣ ਦੀ ਮਹਾਨਤਾ ਨੂੰ ਲੱਖ ਸਕਦੇ ਅਤੇ ਇਸ ਨੂੰ ਕੇਵਲ ਮੰਤ੍ਰ ਰੂਪ ਸਮਝ ਕੇ ਅਜਿਹੀਆਂ ਬਾਹਰ-ਮੁਖੀ ਰਸਮਾਂ-ਰੀਤਾਂ ਵਿਚ ਨਾ ਪੈਂਦੇ।

ਪਾਠਕਾਂ ਦੀ ਵਾਕਫ਼ੀ ਅਤੇ ਲਾਭ ਲਈ ਅਸੀਂ "ਸਿਖ ਰਹਿਤ ਮਰਯਾਦਾ" (ਸ਼੍ਰੋ: ਕਮੇਟੀ) ਵਿਚੋਂ ਕੁਝ ਸੰਬੰਧਤ ਤੇ ਜ਼ਰੂਰੀ ਹਿੱਸੇ ਹੇਠਾਂ ਦੇਂਦੇ ਅਤੇ ਅਖੰਡ ਪਾਠ ਬਾਰੇ ਕੁਝ ਜ਼ਿਕਰ ਕਰਨ ਤੋਂ ਪਹਿਲਾਂ ਕੁਝਕੁ ਜ਼ਰੂਰੀ ਸੂਚਨਾਵਾਂ ਸਹਿਜ ਪਾਠ ਸੰਬੰਧੀ ਭੀ ਅੰਕਿਤ ਕਰਦੇ ਹਾਂ :—

"ਸਹਿਜ ਪਾਠ–

(ੳ) ਹਰ ਇਕ ਸਿਖ ਨੂੰ ਵੱਸ ਲਗੇ, ਆਪਣੇ ਘਰ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦਾ ਵੱਖਰਾ ਤੇ ਨਵੇਕਲਾ ਅਸਥਾਨ ਨਿਯਤ ਕਰਨ ਚਾਹੀਏ।

(ਅ) ਹਰ ਇੱਕ ਸਿੱਖ, ਸਿੱਖਣੀ, ਬੱਚੇ, ਬੱਚੀ ਨੂੰ ਗੁਰਮੁਖੀ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿਖਣਾ ਚਾਹੀਏ।

(ੲ) ਹਰ ਇੱਕ ਸਿੱਖ ਅੰਮ੍ਰਿਤ ਵੇਲੇ ਪ੍ਰਸ਼ਾਦ ਛਕਣ ਤੋਂ ਪਹਿਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਹੁਕਮ' ਲਵੇ, ਜੇ ਇਸ ਵਿਚ ਉਕਾਈ ਹੋ ਜਾਵੇ ਤਾਂ ਦਿਨ ਵਿਚ ਕਿਸੇ ਨ ਕਿਸੇ ਵੇਲੇ ਜ਼ਰੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੇ ਜਾਂ ਸੁਣੇ। ਸਫ਼ਰ ਆਦਿ ਔਕੜ ਵੇਲੇ ਦਰਸ਼ਨ ਕਰਨ ਤੋਂ ਅਸਮਰਥ ਹੋਵੇ ਤਾਂ ਸ਼ੰਕਾ ਨਹੀਂ ਕਰਨੀ।

(ਸ) ਚੰਗਾ ਤਾਂ ਇਹ ਹੈ ਕਿ ਹਰ ਸਿੱਖ ਆਪਣਾ ਸਧਾਰਨ ਪਾਠ ਜਾਰੀ ਰਖੇ ਅਤੇ ਮਹੀਨੇ, ਦੋ ਮਹੀਨੇ ਮਗਰੋਂ (ਜਾਂ ਜਿਤਨੇ ਸਮੇਂ ਵਿਚ ਸੰਭਵ ਹੋ ਸਕੇ) ਭੋਗ ਪਾਵੇ।

(ਹ) ਪਾਠ ਅਰੰਭ ਕਰਨ ਸਮੇਂ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ) ਦੇ ਪਾਠ ਮਗਰੋਂ ਅਰਦਾਸਾ ਕਰ ਕੇ ਹੁਕਮ ਲੈਣਾ ਚਾਹੀਏ, ਫਿਰ ਜਪੁ ਸਾਹਿਬ ਦਾ ਪਾਠ ਕਰਨਾ ਚਾਹੀਏ।

ਅਖੰਡ ਪਾਠ–

(ੳ) ਅਖੰਡ ਪਾਠ ਕਿਸੇ ਭੀੜ ਜਾਂ ਉਤਸਾਹ ਵੇਲੇ ਕੀਤਾ ਜਾਂਦਾ ਹੈ। ਇਹ ਕਰੀਬਨ ੪੮ ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ। ਇਸ ਪਾਠ ਵਿਚ ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ਼ ਤੇ ਸ਼ੁੱਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤ੍ਰ ਦਾ ਧਿਆਨ ਰਖ ਕੇ ਪਾਠ ਸ਼ੁੱਧ ਤੇ ਸਾਫ਼ ਕਰਨਾ ਚਾਹੀਏ, ਭਾਵੇਂ ਕੁਝ ਸਮਾਂ ਵਧੀਕ ਲਗ ਜਾਵੇ।

(ਅ) ਅਖੰਡ ਪਾਠ ਜਿਸ ਜਿਸ ਪਰਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦੇ ਆਦਮੀ, ਸਾਕ ਸੰਬੰਧੀ, ਮਿਤਰ ਆਦਿ ਮਿਲ ਕੇ ਕਰਨ। ਪਾਠੀਆਂ ਦੀ ਗਿਣਤੀ ਮੁਕੱਰਰ ਨਹੀਂ।

ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ ਤਾਂ ਕਿਸੇ ਚੰਗੇ ਪਾਠੀ ਤੋਂ ਸੁਣ ਲਵੇ, ਪਰ ਇਹ ਨਾ ਹੋਵੇ ਕਿ ਪਾਠੀ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਵੀ ਨਾ ਸੁਣਦਾ ਹੋਵੇ। ਪਾਠੀ ਦੀ ਯਥਾ ਸ਼ਕਤਿ ਭੋਜਨ, ਬਸਤਰ ਆਦਿ ਨਾਲ ਯੋਗ ਸੇਵਾ ਕੀਤੀ ਜਾਵੇ।

(ੲ) ਅਖੰਡ ਪਾਠ ਜਾਂ ਕਿਸੇ ਤਰ੍ਹਾਂ ਦੇ ਪਾਠ ਵੇਲੇ *ਕੁੰਭ, ਨਾਰੀਅਲ ਆਦਿ ਰੱਖਣਾ, ਜਾਂ ਨਾਲ ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰਖਣਾ ਮਨਮਤਿ ਹੈ।

---

* ਪੁਰਾਤਨ ਸਿੰਘ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਣ ਸਮੇਂ ਸ੍ਰੀ ਅਖੰਡ ਪਾਠ ਰਖ ਕੇ ਮੁਕਣ ਕਰਵਾਂਦੇ ਹਨ ਅਤੇ ਲਾਗੇ ਕੁੰਭ ਵਿਚ ਸਰਬੋਹ ਜਲ ਸਫੈਦ ਰੁਮਾਲੇ ਨਾਲ ਢੱਕ ਕੇ ਰਖ ਦਿੰਦੇ ਹਨ। ਇਸ ਪਵਿਤ੍ਰ-ਜਲ ਨਾਲ ਪੰਜ ਪਿਆਰੇ ਅੰਮ੍ਰਿਤ ਦਾ ਬਾਟਾ ਤਿਆਰ ਕਰ ਕੇ ਪ੍ਰਾਣੀਆਂ ਨੂੰ ਛਕਾਂਦੇ ਹਨ, ਜਿਸ ਨਾਲ ਅਲੌਕਿਕ ਕਲਾ ਵਰਤਦੀ ਹੈ। —ਪ੍ਰਕਾਸ਼ਕ

ਪਾਠ ਦਾ ਅਰੰਭ—

ਸਧਾਰਨ (ਸਹਜ) ਪਾਠ ਦੇ ਅਰੰਭ ਵੇਲੇ ਪ੍ਰਸ਼ਾਦ ਲਿਆ ਕੇ, ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ, ਅਰਦਾਸੇ ਮਗਰੋਂ ਹੁਕਮ ਲਿਆ ਜਾਵੇ।

ਅਖੰਡ ਪਾਠ ਵੇਲੇ ਕੜਾਹ ਪ੍ਰਸ਼ਾਦ ਹੋਵੇ, ਫਿਰ ਅਨੰਦ ਸਾਹਿਬ (ਛੇ ਪਉੜੀਆਂ) ਦੇ ਪਾਠ ਮਗਰੋਂ ਅਰਦਾਸ ਕਰ ਕੇ ਅਤੇ 'ਹੁਕਮ' ਲੈ ਕੇ ਪਾਠ ਦਾ ਅਰੰਭ ਕੀਤਾ ਜਾਵੇ ।

ਪਾਠ ਦਾ ਭੋਗ—

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ (ਸਹਜ ਜਾਂ ਅਖੰਡ) ਪਾਠ ਦਾ ਭੋਗ ਮੁੰਦਾਵਣੀ ਜਾਂ ਰਾਗਮਾਲਾ ਪੜ੍ਹ ਕੇ, ਚਲਦੀ ਸਥਾਨਕ ਰੀਤੀ ਅਨੁਸਾਰ, ਪਾਇਆ ਜਾਵੇ । (ਇਸ ਗੱਲ ਬਾਬਤ ਪੰਥ ਵਿਚ ਅਜੇ ਤਕ ਮਤਭੇਦ ਹੈ। ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)। ਇਸ ਤੋਂ ਉਪਰੰਤ ਅਨੰਦ ਸਾਹਿਬ ਦਾ ਪਾਠ ਕਰ ਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ ।

(ਅ) ਭੋਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੋੜ ਅਨੁਸਾਰ ਰੁਮਾਲ, ਚੌਰ, ਚਾਨਣੀ ਆਦਿ ਦੀ ਭੇਟਾ ਅਤੇ ਪੰਥਕ ਕਾਰਜਾਂ ਲਈ ਜਥਾ-ਸ਼ਕਤਿ ਅਰਦਾਸ ਕਰਾਈ ਜਾਵੇ ।"

ਸੁਰਗਵਾਸੀ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਸੰਬੰਧੀ 'ਗੁਰਮਤਿ ਸੁਧਾਕਰ' ਵਿਚ ਆਪਣੇ ਵੀਚਾਰ ਇਸ ਅਨੁਸਾਰ ਅੰਕਿਤ ਕਰਦੇ ਹਨ—

"ਸਭ ਸਿੱਖਾਂ ਨੂੰ ਲੋੜੀਦਾ ਹੈ ਕਿ ਨਿੱਤ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਕੇ ਅਥਵਾ ਸੁਣ ਕੇ ਫੇਰ ਸੰਸਾਰ ਦੇ ਵਿਹਾਰ ਕਰਨ; ਪਰੰਤੂ, ਪਾਠ ਜਿਤਨਾ ਭੀ ਹੋਵੇ, ਅਰਥ ਵੀਚਾਰ ਅਰ ਨਿਯਮਾਂ ਦੀ ਖੋਜ

ਹਿਤ ਹੋਵੇ। ਜੋ ਲੋਕ ਹਿੰਦੂਆਂ ਦੇ ਜੱਪ, ਵਰਣੀਆਂ, ਭਾਗਵਤ ਦੇ ਸਪਤਾਹ ਆਦਿਕ ਦੀ ਨਕਲ ਕਰ ਕੇ ਖਾਸ ਸਮੇਂ ਦੇ ਅੰਦਰ ਭੋਗ ਪਾਉਂਦੇ ਅਰ ਕਲਸ਼, ਨਾਲੇਰ, ਜਿਨ ਨੂੰ ਦੀਪਕ ਆਦਿਕ ਰਖਦੇ ਹਨ, ਅਰ ਪਾਠ ਦੀ ਉਜਰਤ ਮੁਕੱਰਰ ਕਰਦੇ ਹਨ, ਓਹ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਤੋਂ ਅਨਜਾਣ ਹਨ।

''ਅਖੰਡ ਪਾਠ ਦੀ ਰੀਤੀ ਸਤਿਗੁਰਾਂ ਦੇ ਸਮੇਂ ਨਹੀਂ ਸੀ। 'ਬ੍ਰਿਧ ਦਲ' (ਬੁੱਢਾ ਦਲ) ਨੇ ਏਹ ਮਰਯਾਦਾ ਤੋਰੀ ਹੈ। ਕਾਰਨ ਏਹ ਹੋਇਆ ਕਿ ਭਾਰੀ ਕਾਰਜ ਦੇ ਅਰੰਭ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਜਦ ਜ਼ਰੂਰਤ ਹੋਈ, ਤਦ ਬਹੁਤੇ ਪ੍ਰੇਮੀ ਸਿੰਘ ਮਿਲ ਕੇ ਅਖੰਡਪਾਠ ਕਰ ਕੇ ਭੋਗ ਪਾਉਂਦੇ ਅਰ ਆਵਾਜ਼ਾ (ਹੁਕਮ) ਲੈ ਕੇ ਚੜ੍ਹਾਈ ਕਰਦੇ।''

ਉਪਰੋਕਤ ਹਵਾਲੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੀ, ਮਰਯਾਦਾ ਦੇ ਅਰੰਭ ਹੋਣ ਦਾ ਇਤਿਹਾਸਕ ਤੌਰ ਉਤੇ ਨਿਸਚਿਤ ਸਮਾਂ ਸਿਖ ਮਿਸਲਾਂ ਤੋਂ ਪਹਿਲਾਂ ਹੋਣ ਦਾ ਅਨੁਮਾਨ ਹੈ। ਇਹ ਉਹ ਸਮਾ ਸੀ ਜਦ ਸਿਖਾਂ ਉਤੇ ਅੱਤਿ ਦਾ ਕਹਿਰ ਵਾਪਰ ਰਿਹਾ ਸੀ। ਓਦੋਂ ਸਿਖ ਪੰਜਾਬ ਦੇ ਜੰਗਲਾਂ, ਛੰਭਾਂ ਤੇ ਪਹਾੜੀ ਖੁਰਲਿਆਂ ਵਿਚ ਵੈਰੀ ਦੀ ਅੱਖ ਤੋਂ ਪਰੋਖੇ ਤੇ ਮਾਰ ਤੋਂ ਦੂਰ ਦਿਨ ਕਟਦੇ; ਪਰੰਤੂ, ਲੋੜ ਪੈਣ ਉਤੇ ਜ਼ਾਲਮਾਂ ਨੂੰ ਸੋਧਣ ਲਈ ਜਥੇਬੰਦ ਹੋ ਕੇ ਪੰਜਾਬ ਦੇ ਮੈਦਾਨਾਂ ਵਿਚ ਬਾਜਾਂ ਵਾਂਗ ਆ ਪੈਂਦੇ ਤੇ ਸੂਰਮਿਆਂ ਵਾਂਗ ਜੂਝਦੇ। ਇਹ ਜਥੇਬੰਦੀਆਂ ਹੀ ਪਿਛੋਂ ਆ ਕੇ ਬਾਰ੍ਹਾਂ ਮਿਸਲਾਂ ਦੇ ਨਾਵਾਂ ਨਾਲ ਪਰਗਟ ਤੇ ਪ੍ਰਸਿੱਧ ਹੋਈਆਂ।

ਐਸੇ ਬਿਖੜੇ ਸਮੇਂ ਵਿਚ ਇਹਨਾਂ ਸਿਖ ਸੂਰਮਿਆਂ ਨੂੰ ਆਪਣੇ ਆਤਮਿਕ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ—ਦੇ ਦਰਸ਼ਨ ਦੀਦਾਰਿਆਂ ਤੇ ਪਾਠ ਕਰਨ ਜਾਂ ਸੁਣਨ ਦੀ ਲੋੜ ਪੈਂਦੀ ਸੀ। ਪਰੰਤੂ, ਉਸ ਸਮੇਂ ਹੱਥ-ਲਿਖਤ ਗੁਰਬਾਣੀ ਦੇ ਗੁਟਕੇ ਤੇ ਪਵਿੱਤਰ ਬੀੜਾਂ, ਟਾਵੀਆਂ ਟਾਵੀਆਂ, ਤੇ ਖਾਸ ਖਾਸ ਥਾਵਾਂ ਤੋਂ ਪ੍ਰਾਪਤ ਹੋ ਸਕਦੀਆਂ ਸਨ। ਵਿਰਲੇ ਟਾਵੇਂ—ਨਿਰਮਲੇ, ਉਦਾਸੀ ਮਹਾਤਮਾਂ ਦੇ ਡੇਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਭੋਰਿਆਂ ਜਾਂ ਗੁਪਤ ਅਸਥਾਨਾਂ ਵਿਚ ਸਾਂਭ ਕੇ ਰਖੇ ਮਿਲਦੇ ਸਨ। ਇਹ

ਨਿਰਮਲੇ ਸੰਤ, ਉਦਾਸੀ ਸਾਧੂ ਜਾਂ ਹੋਰ ਧਰਮੀ ਲੋਕ, ਧਰਮ ਤੇ ਦੇਸ਼ ਤੋਂ ਜੂਝਣ ਵਾਲੇ ਸੂਰਮੇ ਸਿੰਘਾਂ ਨੂੰ ਵੇਲੇ ਕੁਵੇਲੇ ਰਾਤ-ਬਰਾਤੇ ਜੰਗਲਾਂ ਵਿਚ ਜਾ ਕੇ ਮਿਲਦੇ, ਰਸਦਾਂ ਪਹੁੰਚਾਂਦੇ, ਹੋਰ ਸੇਵਾ ਸਹਾਇਤਾ ਕਰਦੇ ਅਤੇ ਦੇਸ਼ ਵਿਚ ਹੋ ਰਹੇ ਅੱਤਿਆਚਾਰਾਂ ਦੀਆਂ ਦਾਸਤਾਨਾਂ ਤੇ ਨਵੀਆਂ ਵਾਪਰੀਆਂ ਘਟਨਾਵਾਂ ਤੋਂ ਜਾਣੂ ਕਰਾ ਆਉਂਦੇ।

ਜੰਗਲਾਂ, ਬੀਆਬਾਨਾਂ ਵਿਚ ਸਿਰ ਤਲੀ ਉੱਤੇ ਧਰ ਕੇ ਵਿਚਰਨ ਵਾਲੇ ਇਹ ਸਿੰਘ ਇਹਨਾਂ ਭਲੇ ਪੁਰਸ਼ਾਂ ਤੋਂ ਪੁੱਛ ਕੇ ਟੋਹਾਂ ਲਾਂਦੇ ਰਹਿੰਦੇ ਕਿ ਕਿਹੜੇ ਜਥੇ ਤੋਂ, ਕਿਹੜੇ ਅਸਥਾਨ ਅਥਵਾ ਕਿਹੜੇ ਡੇਰੇ ਤੋਂ, ਕਿਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਦਰਸ਼ਨ ਦੀਦਾਰ ਤੇ ਪਾਠ ਲਈ ਮਿਲ ਸਕਦੀ ਹੈ। ਪਤਾ ਲਗਣ ਉੱਤੇ ਇਸ ਧਰਮ ਪਰਮਾਰਥ ਦੇ ਲੋੜਵੰਦ ਸਿੰਘ, ਸੂਫੀ ਫਕੀਰਾਂ ਦਾ ਭੇਸ ਬਦਲ ਕੇ ਤੁਰ ਪੈਂਦੇ ਤੇ ਜਦੋਂ ਕਿਤਿਓਂ ਹਥ-ਲਿਖਤ ਪਵਿੱਤਰ ਬੀੜ ਪ੍ਰਾਪਤ ਹੋਣ ਦਾ ਅਵਸਰ ਬਣ ਜਾਂਦਾ ਤਾਂ ਨੇੜੇ ਤੇੜੇ ਦੇ ਸਾਰੇ ਖ਼ਾਲਸੇ ਨੂੰ ਖ਼ਬਰ ਕਰ ਦਿੱਤੀ ਜਾਂਦੀ। ਕਿਤੇ ਇੱਕ ਥਾਂ ਉੱਤੇ ਇਹ ਖ਼ਾਲਸਾ ਇਕੱਤ੍ਰ ਹੋਂਦਾ ਅਤੇ ਇਕ-ਚਿੱਤ, ਇਕ-ਰੱਸ, ਅਲਪ ਅਹਾਰ ਕਰ ਕੇ, ਪੂਰਨ ਸ਼ਰਧਾ ਨਾਲ, ਬਿਨਾਂ ਰੰਚਕ ਮਾਤ੍ਰ ਖੰਡਨ ਕੀਤੇ ਦੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦਾ ਪਾਠ ਕਰਨ, ਸੁਣਨ ਦੀ ਪ੍ਰਤਿੱਗਿਆ ਕਰ ਲਈ ਜਾਂਦੀ, ਓਥੋਂ ਹੀ ਇਸ ਸੁਭਾਗ ਅਵਸਰ ਦਾ ਨਾਮ 'ਅਖੰਡ ਪਾਠ' ਰੱਖਿਆ ਗਿਆ। ਏਥੋਂ ਹੀ ਸ੍ਰੀ ਅਖੰਡ ਪਾਠ ਕਰਨ ਦੀ ਮਰਯਾਦਾ ਦਾ ਅਰੰਭ ਹੋਇਆ। ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਜਦ ਅਬਦਾਲੀ ਦੇ ਹਮਲੇ ਉਪ੍ਰੰਤ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਦੋਬਾਰਾ ਅਰੰਭ ਕੀਤੀ ਤਾਂ ਖ਼ਾਲਸੇ ਵੱਲੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਕੀਤਾ ਗਿਆ।

ਅੱਜ ਸਿੱਖ ਲਈ ਅਖੰਡ ਪਾਠ ਭਾਵੇਂ ਇਕ ਆਮ ਮਰਯਾਦਾ ਤੇ ਰਸਮ ਜਿਹੀ ਬਣ ਗਈ ਹੈ, ਪਰੰਤੂ ਓਦੋਂ ਇਕ ਮਜਬੂਰੀ, ਲਾਚਾਰੀ ਕਰਕੇ, ਸ਼ੁੱਧ ਹਿਰਦੇ ਨਾਲ ਥੋੜੇ ਤੋਂ ਥੋੜੇ ਸਮੇਂ ਵਿਚ, ਸ੍ਰੀ ਗੁਰੂ ਗ੍ਰੰਥ

ਸਾਹਿਬ ਦੀ ਸਾਰੀ ਬਾਣੀ ਦਾ ਅਖੰਡ (ਲਗਾਤਾਰ) ਪਾਠ ਕਰ ਕੇ ਜਾਂ ਸੁਣ ਕੇ ਇਸ ਪਾਠ ਨੂੰ ਅਨੁਭਵੀ, ਆਤਮਿਕ ਗਿਆਨ ਪ੍ਰਾਪਤ ਕਰਨ ਦਾ ਵਸੀਲਾ ਬਣਾਇਆ ਜਾਂਦਾ ਸੀ।

ਉਪਰੋਕਤ ਵੀਚਾਰਾਂ ਤੋਂ ਇਹ ਗੱਲ ਵੀ ਸਪੱਸ਼ਟ ਹੋ ਜਾਂਦੀ ਹੈ ਕਿ ਬਾਣੀ ਦੇ ਅਖੰਡ ਪਾਠ ਨੂੰ ਪੂਰਨ ਸਤਿਕਾਰ ਤੇ ਸ਼ਰਧਾ ਨਾਲ, ਇੱਕ-ਚਿਤ ਹੋ ਕੇ ਕਰਨਾ ਅਤੇ ਗੁਰਬਾਣੀ ਰਾਹੀਂ ਸਤਿਗੁਰੂ ਜੀ ਵਲੋਂ ਕੀਤੀ ਆਗਿਆ ਨੂੰ ਸੱਤਿ ਸੱਤਿ ਕਰ ਕੇ ਮੰਨਣਾ ਹੈ। ਗੁਰਬਾਣੀ ਮੰਤਰ ਰੂਪ ਸਮਝ ਕੇ ਨਹੀਂ ਪੜ੍ਹੀ ਜਾਣੀ ਸਗੋਂ ਇਸ ਵਿਚ ਦੱਸੀ ਜੀਵਨ-ਜਾਚ ਦੇ ਧਾਰਨੀ ਹੋਣਾ ਹੈ। ਵੇਖੋ, ਗੁਰਦੇਵ 'ਸੱਚ' ਨੂੰ ਕੇਵਲ ਦਿਮਾਗੀ ਤੌਰ ਉੱਤੇ ਜਾਣਨ ਨਾਲੋਂ ਵਧੇਰੇ ਜ਼ੋਰ 'ਸੱਚੇ ਆਚਾਰ' ਉਤੇ ਦੇਂਦੇ ਹਨ। ਅਖੰਡ ਪਾਠ ਜੰਮ ਜੰਮ ਕਰੋ-ਕਰਾਵੋ, ਪਰੰਤੂ ਉਸ ਮਰਯਾਦਾ ਤੇ ਰੀਤੀ ਅਨੁਸਾਰ, ਜੋ ਉਪਰ ਬਿਆਨ ਕੀਤੀ ਗਈ ਹੈ। ਰਸਮੀ ਤੌਰ ਤੇ ਪਾਠੀਆਂ ਪਾਸੋਂ ਪਾਠ ਕਰਾਉਣਾ; ਪ੍ਰੰਤੂ, ਆਪ ਨਾ ਸੁਣਨਾ, ਨਾ ਕਰਨਾ, ਨਾ ਵਿਚਾਰਨਾ ਤੇ ਨਾ ਮੰਨਣ ਕਰਨਾ, ਜਾਂ ਦੂਰ ਦੁਰਾਡਿਓਂ ਮਾਇਆ ਦੇ ਗੱਫੇ ਭੇਜ ਕੇ ਪਾਠ ਦੇ ਪੁੰਨ-ਫੱਲ ਦੀ ਆਸ ਰਖਣੀ, ਗੁਰੂ ਆਸ਼ੇ ਦੇ ਬਿਪਰੀਤ ਹੈ।

ਐ, ਗੁਰੂ ਸਵਾਰੇ, ਗੁਰੂ ਪਿਆਰੇ ਤੇ ਗੁਰੂ ਦੁਲਾਰੇ ਸਿੱਖ! ਆਵੋ ਰਲ ਮਿਲ ਕੇ ਸੋਚੀਏ, ਵੀਚਾਰੀਏ ਕਿ ਗੁਰਬਾਣੀ ਦਾ ਪਾਠ ਤਾਂ ਹਰੇਕ ਗੁਰਦੁਆਰੇ ਵਿਚ ਹੁੰਦਾ ਹੈ; ਲੱਖਾਂ ਸਿਖ ਸ਼ਾਮ ਸਵੇਰੇ ਗੁਰਬਾਣੀ ਦਾ ਨਿਤਨੇਮ ਕਰਦੇ ਜਾਂ ਯਥਾ ਸ਼ਕਤਿ ਕੁਝ ਨ ਕੁਝ ਬਾਣੀ ਪੜ੍ਹਦੇ-ਸੁਣਦੇ ਹਨ; ਕਿਤਨੇ ਉਪਦੇਸ਼ਕ, ਸਾਧੂ, ਸੰਤ, ਮਹਾਤਮਾ, ਗੁਰਬਾਣੀ ਦੀ ਵਿਆਖਿਆ ਕਰਦੇ ਅਤੇ ਸੰਗਤਾਂ ਨੂੰ 'ਤਾਰਦੇ' ਫਿਰਦੇ ਹਨ, ਗੁਰਪੁਰਬਾਂ ਤੇ ਹੋਰ ਖੁਸ਼ੀ-ਗ਼ਮੀ ਦੇ ਦਿਨ ਦਿਹਾੜਿਆਂ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬੇਸ਼ੁਮਾਰ ਸਧਾਰਨ ਤੇ ਅਖੰਡ ਪਾਠ ਹੁੰਦੇ, ਦੀਵਾਨ ਸਜਦੇ ਅਤੇ ਕਥਾ ਵਖਿਆਨ ਹੁੰਦੇ ਹਨ; ਜੇ ਕਿਤੇ, ਗੁਰਬਾਣੀ ਪੜ੍ਹਨ, ਸੁਣਨ ਤੇ ਗਾਇਨ ਕਰਨ ਵਾਲੇ ਇਨ੍ਹਾਂ ਸਾਰਿਆਂ ਗੁਰੂ ਕੇ ਸਿੱਖਾਂ ਵਿਚੋਂ, ਦਸਵਾਂ ਨਹੀਂ, ਸੌਵਾਂ

ਜਿੰਨਾ ਵੀ ਗੁਰੂ ਬਾਣੀ ਨੂੰ ਦਿਲੋਂ ਵਸੇਂ, ਗੁਰੂ ਦਾ ਆਤਮਿਕ ਰੂਪ ਸਮਝ ਕੇ, ਇਸ ਵਿਚ ਦਸੇ ਅਮਰ ਸਿਧਾਂਤਾਂ ਨੂੰ ਮਨ, ਬਚ, ਕਰਮ ਕਰਕੇ ਅਪਣਾਅ ਸਕਦਾ ਤਾਂ ਸੰਸਾਰ ਦਾ ਨਕਸ਼ਾ ਅਵੱਸ਼ ਕੁਝ ਹੋਰ ਹੁੰਦਾ। ਪੂਰੀ ਮੱਤ ਦਾ ਤਾਂ ਪ੍ਰਕਾਸ਼ ਹੀ ਓਥੇ ਹੁੰਦਾ ਹੈ ਜਿਥੇ ਅਮਲ ਹੋਵੇ, ਕਰਣੀ ਹੋਵੇ :

ਜਹ ਕਰਣੀ, ਤਹ ਪੂਰੀ ਮਤਿ ॥
ਕਰਣੀ ਬਾਝਹੁ, ਘਟੇ ਘਟਿ ॥੩॥(ਸਿਰੀ ਰਾਗੁ ਮ: ੧, ਪੰ: ੨੫)

ਆਓ! ਸਰਬੱਤ ਸੰਗਤ ਰਲ ਕੇ ਗੁਰੂ ਬਾਬੇ ਦੇ ਚਰਨਾਂ ਵਿਚ ਜੋਦੜੀ ਕਰੀਏ ਕਿ ਦਾਤਾਰ ਪਾਤਸ਼ਾਹ, ਆਪੇ ਮਿਹਰੰਮਤ ਕਰ ਕੇ ਸਾਨੂੰ 'ਗੁਰਮੁਖ'* ਬਣਾ ਲਵੇ, 'ਸੇਵਕ' ਬਣਾ ਲਵੇ, ਐਵੇਂ ਰਸਮੀ ਤੌਰ ਉਤੇ ਗੁਰਬਾਣੀ ਸੁਣਨ, ਮੰਨਣ ਤੇ ਪੜਨ ਪਾਠ ਵਾਲੇ ਬਿਉਹਾਰੀ, †ਬਹੁਰੂਪੀਏ, ਤੇ ਠਗਾਊ ਸਿੱਖ ਨ ਬਣਾਵੇ। ਇਸ ਨਾਲ ਜਿਥੇ ਉਸ ਦੇ ਨਿਰਮਲ ਨਾਉਂ ਤੇ ਵਡੱਪਣ ਨੂੰ ਲਾਜ ਲਗਦੀ ਹੈ, ਉਥੇ ਸਾਨੂੰ ਵੀ ਇਹ ਮਨਮੁੱਖ-ਤਾਈ, ਅਕ੍ਰਿਤਘਣ ਬਣਾਉਂਦੀ ਹੈ, ਘੋਰ ਅਕ੍ਰਿਤਘਣ ਤੇ ਪਾਪੀ।

ਐ ਸਿਖ! ਤੈਨੂੰ ਵਾਸਤਾ ਈ ਸਿੱਖੀ ਪਿਆਰ (ਇਸ਼ਕ) ਦੇ ਸਤਿਗੁਰੂ ਬਾਬੇ ਦਾ, ਅਤੇ ਸੌਂਹ ਈ ਕਰਤਾਰ ਦੀ, ਕਿ—

ਅਗਰ ਇਸ਼ਕ ਕੀਆ ਹੈ, ਤੋ ਇਸ਼ਕ ਕੋ ਤੌਹੀਨ ਨ ਕਰ।
ਯਾ ਤੋ ਬੇਹੋਸ਼ ਨ ਹੋ, ਹੋ ਤੋ ਫਿਰ ਨ ਹੋਸ਼ ਮੇਂ ਆ।

---

* ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥
ਰਾਮਕਲੀ ਮ: ੧, ਓਅੰਕਾਰੁ, ਪੰਨਾ ੯੩੫

† ਕੋਟਿ ਮਧੇ ਕੋ ਵਿਰਲਾ ਸੇਵਕੁ, ਹੋਰਿ ਸਗਲੇ ਬਿਉਹਾਰੀ ॥੧॥ ਰਹਾਉ ॥
ਗੂਜਰੀ ਮ: ੫, ਪੰਨਾ ੪੯੫

ਅਲੌਕਿਕ ਵੈਸਾਖੀ

ਜੋ ਸਮਾਂ ਕਾਦਰ ਦੀ ਕੁਦਰਤ ਦੇ ਜ਼ਹੂਰ ਤੋਂ ਪਹਿਲਾਂ ਕੇਵਲ ਸ੍ਰੀ ਨਿਰੰਕਾਰ ਜੀ ਦੇ 'ਧੁੰਧੂਕਾਰ'* ਵਿਚ ਅਫੁਰ ਸਮਾਇਆ ਹੋਇਆ ਸੀ, ਉਸ ਦਾ ਮੁੱਢ †'ਕਰਤਾਰ' ਜੀ ਦੇ "ਉਦਕਰਖ" ਕਰਨ ਨਾਲ ਵਿਸੁਇਆਂ, ਚਸਿਆਂ, ਪਲਾਂ, ਘੜੀਆਂ, ਪਹਿਰਾਂ, ਥਿੱਤਾਂ, ਵਾਰਾਂ, ਮਾਹਾਂ, ਵਰ੍ਹਿਆਂ ਤੇ ਸਤਾਬਦੀਆਂ ਦੀ ਸਮੇਂ-ਵੰਡ ਵਿਚ ਬੱਝ ਗਿਆ। ਸਮੇਂ ਦੀ ਇਸ ਤੋਰ ਦੇ ਮੋਢੀਆਂ—ਚੰਦ ਤੇ ਸੂਰਜ—ਦੀ ਚਾਲ ਨਾਲ ਦਿਨ ਦਿਹਾਰ ਤੇ ਤਿਉਹਾਰ ਜੋੜ ਤੇ ਮਨਾਏ ਜਾਣ ਲਗੇ। ਵੈਸਾਖੀ, ਵੈਸਾਖ ਦੇ ਮਹੀਨੇ ਦੀ ਸੰਗਰਾਂਦ ਅਥਵਾ ਇਸ ਦਾ ਪਹਿਲਾ ਦਿਨ ਹੈ। ਵੈਸਾਖ ਨਛੱਤਰ ਵਾਲੀ ਪੂਰਨਮਾਸੀ, ਜੋ ਸਤਾਈ ਨਛੱਤਰਾਂ ਵਿਚੋਂ ਸੋਲ੍ਹਵਾਂ ਨਛੱਤਰ ਹੈ, ਇਸ ਮਾਹ ਵਿਚ ਆਉਣ ਕਾਰਨ ਇਸ ਦੀ ਸੰਗਿਆ ਵੈਸਾਖ ਪੈ ਗਈ।

ਆਦਿ ਕਾਲ ਤੋਂ ਇਹ ‡'ਵੈਸਾਖ ਭਲਾ' ਹਰ ਸਾਲ ਨਿਯਤ ਸਮੇਂ ਆਉਂਦਾ ਰਿਹਾ ਹੈ ਅਤੇ ਬਨਾਸਪਤੀ ਪੱਤ-ਝੜ ਉਪਰੰਤ ਨਵੀਆਂ ਪੱਤੀਆਂ ਤੇ ਕਰੂੰਬਲਾਂ ਦੀ ਸ਼ਕਲ ਵਿਚ ਨਵਾਂ ਵੇਸ (ਰੂਪ) ਧਾਰਦੀ ਤੇ ਮੌਲਦੀ ਰਹੀ ਹੈ। ਕਾਲ ਦੇ ਅਨੁਕਰਮੇਂ ਵੇਗ ਦਾ ਇਹ ਸਿਲਸਿਲਾ ਜਦ ਤਕ [ ]'ਕਰਤਾਰ'

---

* ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ, ਸੁੰਨ ਸਮਾਧਿ ਲਗਾਇਦਾ ॥ ੧ ॥
[ਮਾਰੂ ਮ: ੧, ਪੰਨਾ ੧੦੩੫

† ਜਬ ਉਦਕਰਖ ਕਰਾ ਕਰਤਾਰਾ ॥ ਪ੍ਰਜਾ ਧਰਤ ਤਬ ਦੇਹ ਅਪਾਰਾ ॥
[ਚੌਪਈ ਪਾ: ੧੦

‡ ਵੈਸਾਖੁ ਭਲਾ ਸਾਖਾ ਵੇਸ ਕਰੇ ॥ [ਤੁਖਾਰੀ ਮ: ੧, ਪੰਨਾ ੧੧੦੯

[ ] ਜਬ ਆਕਰਖ ਕਰਤ ਹੋ ਕਬਹੂੰ ॥ ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥
ਕਬਿਯੋ ਬਾਚ ਬੇਨਤੀ, ਚੌਪਈ ਪਾ: ੧੦

'ਆਕਰਖ ਕਰ ਕੇ' ਸਭ ਦਿਸਦੇ ਤੇ ਅਣਦਿਸਦੇ ਸੰਸਾਰ ਨੂੰ ਆਪਣੇ ਆਪ ਵਿਚ ਸਮੇਟ ਨਹੀਂ ਲੈਂਦਾ, ਜਾਰੀ ਰਹੇਗਾ।

ਜਿਵੇਂ ਰੁੱਤਾਂ ਦੀ ਬਦਲੀ ਨਾਲ ਬਨਸਪਤੀ ਵਿਚ ਪੱਤ-ਝੜ ਆਉਣ ਦਾ ਨੇਮ ਹੈ, ਕੁਝ ਇਵੇਂ ਹੀ ਮਨੁੱਖਤਾ ਦੇ ਮਨਾਂ ਦੀਆਂ ਕਿਆਰੀਆਂ ਵਿਚ ਵੀ ਇਹ ਵੀਰਾਨਾ-ਪਨ ਆਉਂਦਾ ਰਹਿੰਦਾ ਹੈ। ਜਦ ਕਦੀ ਵੀ ਮਨੁੱਖ ਵਿੱਚ ਈਰਖਾ, ਦ੍ਵੈਸ਼, ਹਉਮੈ, ਸਵਾਰਥ, ਜਬਰ, ਤਅੱਦੀ ਤੇ ਹਿੰਸਕ ਰੁੱਚੀਆਂ ਵੱਧੀਆਂ ਤੇ ਮਨਾਂ ਦੇ ਸਦਗੁਣਾਂ ਦੀ ਰਮਣੀਕ ਫੁਲਵਾੜੀ ਔਗੁਣਾਂ ਦੇ ਉਦਿਆਨ (ਬਨ) ਵਿਚ ਬਦਲੀ, ਤਾਂ ਉਦੋਂ ਹੀ ਮਨੁੱਖਤਾ ਦੀ ਬਹੁੜੀ ਕਰਨ ਲਈ ਕਰਤਾਰ ਕੌਤਕਹਾਰ ਨੇ ਬਹੁੜ ਕੇ, ਕਿਸੇ ਨਿਵਾਜੇ-ਵਿਅਕਤੀ ਨੂੰ ਥਾਪੜਾ ਦੇ ਕੇ ਸੰਸਾਰ ਉਤੇ ਭੇਜਿਆ, ਜਿਸ ਨੇ ਪਿਆਰਾਂ ਤੇ ਉਪਕਾਰਾਂ ਦੀ ਛਹਿਬਰ ਲਾ ਕੇ, ਤੇ ਮਨੁੱਖ ਨੂੰ ਆਪੇ ਦੀ ਸੋਝੀ ਦੁਆ ਕੇ, ਉਸ ਦੀ ਮਨ ਰੂਪੀ ਫੁਲਵਾੜੀ ਵਿਚ ਖੇੜੇ ਲਿਆਂਦੇ, ਜੀਵਨ-ਮਨੋਰਥ ਦੀਆਂ ਪੱਧਰਾਂ, ਉਚਿਆਈਆਂ ਤੇ ਕਿਸੇ ਦਾ ਸੁਖ ਖੋਹ ਲੈਣ ਦੀ ਥਾਂ ਸੁਖ ਤੇ ਦਰਦ-ਵੰਡਾਉਣ ਵਿਚ 'ਘਣਾ ਅਨੰਦ' ਪ੍ਰਤੀਤ ਕਰਨ ਦਾ ਭੇਤ ਸਮਝਾਇਆ।

ਮਨੁੱਖ ਦੇ ਇਤਿਹਾਸ ਦੀ ਤੋਰ ਵਿੱਚ ਇਕ ਵੇਰ, ਇੱਕ ਸਮਾਂ ਅਜਿਹਾ ਵੀ ਆਇਆ, ਜਿਸ ਦਾ ਜੀਵਨ ਏਥੋਂ ਤਕ ਨਿੱਘਰ ਗਿਆ ਕਿ ਰਾਜੇ ਜੋ ਪਰਜਾ ਦੇ ਰਾਖੇ ਤੇ ਸੇਵਕ ਸਨ,* ਸ਼ੀਂਹ ਵਾਂਗੂ ਖੂੰਖਾਰ ਹੋ ਗਏ ਤੇ 'ਮੁਕੱਦਮ' ਕੁੱਤਿਆਂ ਵਾਂਗ ਲੋਭੀ। †ਵਾੜ ਹੀ ਖੇਤ ਨੂੰ ਖਾਣ ਲਗੀ। ‡ਪਰਜਾ ਗਿਆਨ-ਹੀਣ ਹੋ ਦੂਜਿਆਂ ਦੇ ਹੱਕ ਉਤੇ ਛਾਪਾ ਮਾਰ

* ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥੨॥ (੨੨)
[ਮ: ੧, ਮਲਾਰ ਕੀ ਵਾਰ, ਪੰ: ੧੨੮੮

† ਰਾਜੇ ਪਾਪ ਕਮਾਵਦੇ, ਉਲਟੀ ਵਾੜ ਖੇਤ ਕਉ ਖਾਈ ॥
[ਭਾ: ਗੁ: ਵਾਰ ੧—੩੦

‡ ਅੰਧੀ ਰਯਤਿ ਗਿਆਨ ਵਿਹੂਣੀ, ਭਾਹਿ ਭਰੇ ਮੁਰਦਾਰੁ ॥੨॥ (੧੧)
[ਮ: ੧, ਆਸਾ ਕੀ ਵਾਰ

'ਮੁਰਦਾਰ' ਖਾਣ ਵਿਚ ਰੁੱਝ ਗਈ । *ਸੱਚ ਦਾ ਕਾਲ ਪੈ ਗਿਆ; ਤੇ ਹਰ ਪਾਸੇ ਕੂੜ ਹੀ ਕੂੜ ਪਰਧਾਨ ਹੋ ਆਇਆ । †ਨਿਆਂ-ਦਾਤੇ ਕਾਜ਼ੀ, ਵੱਢੀਆਂ ਲੈ ਕੇ ਹੱਕ-ਇਨਸਾਫ਼ ਦਾ ਖ਼ੂਨ ਕਰ ਕੇ, ਸੱਚ ਦਾ ਗਲਾ ਘੁੱਟਣ ਲੱਗੇ । ਧਾਰਮਿਕ ਆਗੂਆਂ ਨੇ ਸੱਚ-ਧਰਮ ਦੀ "ਇਕਾਈ" ਨੂੰ ਸਮਝਣ-ਸਮਝਾਉਣ ਦੀ ਥਾਂ ਆਪਣੇ ਆਪਣੇ ਅਨੁਯਾਈਆਂ ਦੇ ਲਾਉ-ਲਸ਼ਕਰਾਂ ਸਮੇਤ ਖਹਿ ਖਹਿ ਮਰਨ ਨੂੰ ਹੀ ਸਵਾਬ (ਪੁੰਨ) ਸਮਝ ਲਿਆ । ਗੱਲ ਕੀ, ਲੋਭ-ਲਹਿਰ ਦੀ ਤਿੱਖੀ ਮਾਰ ਹੇਠ ਆਈ ਮਨੁੱਖ ਮਨਾਂ ਦੀ ਫੁਲਵਾੜੀ ਦਾ, ਕੋਟਾਂ ਵਿਚੋਂ ਕੋਈ ਵਿਰਲਾ ਬੂਟਾ ਹੀ ਹਰਿਆ ਭਰਿਆ ਦਿਸਦਾ ਸੀ । ਹਰ ਪਾਸੇ ਵਰਤ ਰਹੇ ਸਹਿਮ, ਸੋਗ, ਤ੍ਰਿਸ਼ਨਾ, ਹਉਮੈ ਤੇ ਲੁਟ-ਖਸੁਟ ਦੇ ਕਾਰਨ ਸੰਸਾਰ ਵਿਚ ਇਕ ਅਜੀਬ ਕੁਹਰਾਮ ਮੱਚ ਰਿਹਾ ਸੀ ।

ਆਖ਼ਰ, ਮਨੁੱਖ ਦੀ ਪੀੜਤ ਆਤਮਾ ਦੀ ਪੁਕਾਰ ਪ੍ਰਭੂ ਪਿਤਾ ਦੇ ਦਰ ਪੁੱਜੀ । ਉਹ ਤਰੁੱਠਿਆ ਤੇ ਉਸ ਨੇ ਆਪਣੀ ਮੇਹਰ ਨੂੰ ਨਿਰੰਕਾਰੀ ਨਾਨਕ ਜੀ ਦੇ ਰੂਪ ਵਿਚ ਮੂਰਤੀਮਾਨ ਕੀਤਾ, ਜਿਨ੍ਹਾਂ ਨੇ ਕੂੜ ਦੀ ਪਾਲ (ਕੰਧ) ਨੂੰ ਤੋੜ ਕੇ, ਸਚਿਆਰੇ ਬਣਨ ਹਿਤ, ਰਜ਼ਾ ਵਾਲੇ ਪ੍ਰਭੂ ਦੇ ਹੁਕਮ ਵਿਚ ਚੱਲਣ ਦੀ ਵਿਧੀ ਸਮਝਾਈ । ਸੱਚੇ ਰੱਬ ਦੀ ਸੱਚੀ ਟਕਸਾਲ ਵਿਚ ਮਨੁੱਖ-ਚੱਲਣ ਨੂੰ ਘੜਨ ਹਿਤ ਇਕ ਨਹੀਂ, ਸਗੋਂ ਨੌਂ ਜਾਮੇ ਬਦਲੇ ।

੧ਓ ਦੇ ਉਪਾਸ਼ਕ, ਨਿਰੰਕਾਰੀ ਬਾਬੇ ਦਾ ਦਾਈਆ ਤੇ ਦਾਅਵਾ ਸੀ ਕਿ ਘਰ ਘਰ ਵਿਚ ‡ਧਰਮਸਾਲ ਹੋਵੇਗੀ, ਉਥੇ ਹਰੀ-ਕੀਰਤਨ ਦੀ ਧੁੰਨ

---

* ਸਚਿ ਕਾਲੁ ਕੂੜੁ ਵਰਤਿਆ, ਕਲਿ ਕਾਲਖ ਬੇਤਾਲ ॥੧॥ (੧੧)
[ਮ: ੧, ਆਸਾ ਦੀ ਵਾਰ

† ਕਾਜ਼ੀ ਹੋਏ ਰਿਸ਼ਵਤੀ ਵਢੀ ਲੈ ਕੈ ਹੱਕ ਗਵਾਈ ॥
[ਭਾ: ਗੁ: ਵਾਰ ੧—੩੦

‡ ਘਰ ਘਰ ਅੰਦਰਿ ਧਰਮਸਾਲ, ਹੋਵੈ ਕੀਰਤਨੁ ਸਦਾ ਵਿਸੋਆ ॥
[ਵਾਰ ੧—੨੭

ਉੱਠੇਗੀ ਅਤੇ ਹਰ ਸਵੇਰ, ਵਸੋਆ (ਵੈਸਾਖੀ, ਨੌ-ਰੋਜ਼, ਬਾਦ੍ਹੀਂ ਮਲ੍ਹਾਰਾਂ ਦਾ ਦਿਨ) ਹੋਵੇਗਾ।

ਸਮਾਂ ਬੀਤਦਾ ਗਿਆ, ਵੈਸਾਖੀ ਆਉਂਦੀ ਤੇ ਜਾਂਦੀ ਰਹੀ। ਬਾਬੇ ਦੇ ਸਾਦਿਕ ਸਿੱਖਾਂ ਦੇ ਘਰ ਧਰਮਸਾਲਾਂ ਵਿਚ ਬਦਲ ਗਏ, ਹਰੀ-ਕੀਰਤਨ ਦੀਆਂ ਗੂੰਜਾਂ ਪੈਣ ਲੱਗੀਆਂ, ਗਰੀਬ ਦਾ ਮੂੰਹ ਗੁਰੂ ਦੀ ਗੋਲਕ ਸਮਝਿਆ ਜਾਣ ਲੱਗਾ ਅਤੇ ਨਾਮ ਜਪਣ, ਧਰਮ ਦੀ ਕਿਰਤ ਦੇ ਨਾਲ ਨਾਲ ਵੰਡ ਕੇ ਛਕਣ ਦੀ ਮਰਯਾਦਾ ਪਰਪੱਕ ਹੁੰਦੀ ਗਈ। ਹਰੇਕ ਘਰ ਦਾ ਲੰਗਰ, ਗੁਰੂ ਕੇ ਲੰਗਰ ਵਿਚ ਬਦਲ ਗਿਆ। ਪਰੰਤੂ, ਅਜੇ ਉਹ ਅਨੋਖੀ, ਅਲੌਕਿਕ ਵੈਸਾਖੀ ਆਉਣੀ ਸੀ ਜਿਸ ਦੀ ਆਮਦ ਦੀ ਤਿਆਰੀ ਵਿਚ ਇੰਨਾ ਕੁਝ ਕਰਨਾ ਅਤੇ ੨੩੦ ਸਾਲ ਦਾ ਇਹ ਲੰਮਾ ਸਮਾਂ ਲਾਇਆ ਜਾ ਰਿਹਾ ਸੀ।

ਆਖਰ, ਮਨੁੱਖ ਦੇ ਸੁਭਾਗ ਨੂੰ ਉਹ ਅਲੌਕਿਕ ਵੈਸਾਖੀ ਆ ਗਈ, ਜਦ ਮਨੁੱਖ-ਆਚਰਨ ਦੇ ਉਸ ਮਹੱਲ ਦੀ ਸੰਪੂਰਨਤਾ ਹੋਣੀ ਸੀ, ਜਿਸ ਦੀ ਬੁਨਿਆਦ, ਅਗੰਮੀ ਨਾਨਕ ਨੇ ਹਾਰੀ ਦੇ ਬੋਲਿਆਂ, ਸੁਮੇਰ ਪਰਬਤ ਦੀਆਂ ਵਿਖਮ ਘਾਟੀਆਂ, ਅਰਬ ਦੇ ਮਾਰੂ ਥਲਾਂ ਤੇ ਭਿਆਨਕ ਜੰਗਲਾਂ-ਬੀਆਬਾਨਾਂ ਵਿਚ ਧੁਰੋਂ-ਆਈ ਬਾਣੀ ਨੂੰ, ਕਿਸੇ ਵਜਦ ਤੇ ਵਿਸਮਾਦ ਵਿਚ ਇਉਂ ਗਾਉਂਦਿਆਂ ਗਾਉਂਦਿਆਂ ਰੱਖੀ ਸੀ—

(੧) ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ, ਅਵਰੁ ਨਾਹੀ ਥਾਉ ॥ਰਹਾਉ॥
[ਸਿਰੀ ਰਾਗੁ ਮ: ੧, ਪੰਨਾ ੧੮

(੨) ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ ॥ ੫ ॥
[ਸਿਰੀ ਰਾਗੁ ਮ: ੧, ਪੰਨਾ ੬੨

(੩) ਸੰਸਾਰੁ ਰੋਗੀ, ਨਾਮੁ ਦਾਰੂ, ਮੈਲੁ ਲਾਗੈ ਸਚ ਬਿਨਾ ॥
[ਧਨਾਸਰੀ ਮ: ੧ ਛੰਤ, ਪੰਨਾ ੬੮੭

(੪) ਮਿਠਤੁ ਨੀਵੀ ਨਾਨਕਾ, ਗੁਣ ਚੰਗਿਆਈਆ ਤਤੁ ॥੧॥੧੩॥
[ਸਲੋਕ ਮ: ੧, ਆਸਾ ਕੀ ਵਾਰ

(੫) ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ ॥੨॥੭॥
[ਮ: ੧, ਮਾਝ ਕੀ ਵਾਰ, ਪੰਨਾ ੧੪੧

ਹਾਂ ਜੀ, ਜਿਸ ਦੀ ਆਮਦ ਲਈ ਬਾਬੇ ਨੇ ਪੰਜਵੇਂ ਤੇ ਨੌਵੇਂ ਜਾਮੇ ਵਿਚ ਅਦੁੱਤੀ ਸਹਾਇਤਾਂ ਦਿਤੀਆਂ ਤੇ ਫੇਰ ਮੀਰੀ ਤੇ ਪੀਰੀ ਦੀਆਂ ਤਲਵਾਰਾਂ ਪਹਿਨ ਕੇ ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ ਸੀ।

ਨਿਰੰਕਾਰੀ ਬਾਬੇ‡ ਦੀ 'ਓਹਾ' ਜੋਤਿ ਤੇ 'ਸਾਈ' ਜੁਗਤਿ ਵਿਚ ਵਿਚਰਨ ਵਾਲੇ ਸ੍ਰੀ ਦਸਮੇਸ਼ ਜੀ ਨੇ ਇਸ ਵਾਰੀ ਸੰਗਤਾਂ ਨੂੰ ਉਚੇਚੇ ਸੱਦੇ ਭੇਜੇ ਕਿ ਉਹ ਵੈਸਾਖੀ ਸਮੇਂ ਹੁਮ ਹੁਮਾ ਕੇ ਸ੍ਰੀ ਅਨੰਦਪੁਰ ਪੁੱਜਣ। ਸੋ, ਦੇਸ਼ ਭਰ 'ਚੋਂ ਹਜ਼ਾਰਾਂ ਗੁਰੂ ਕੇ ਸਿੱਖ ਲੰਮੇ ਪੈਂਡੇ ਝਾਗਦੇ, ਗੁਰੂ-ਦਰਸ਼ਨਾਂ ਲਈ ਪੁੱਜੇ। ਸ੍ਰੀ ਅਨੰਦਪੁਰ ਵਿਖੇ ਇਸ ਵਾਰੀ ਵਿਸ਼ੇਸ਼ ਉਤਸ਼ਾਹ ਤੇ ਰੌਣਕ ਸੀ।

ਆਖ਼ਰ, ਸੰਮਤ ੧੭੫੬ ਦੀ ਵੈਸਾਖੀ ਦੇ ਪਾਵਨ ਦਿਨ ਹੀ ਉਹ ਘੜੀ ਆਈ, ਜਦ ਮਾਨਵਤਾ ਦੀ ਜਿੱਤ ਦੀ ਜੈ-ਜੈਕਾਰ ਹੋਣੀ ਸੀ; ਜਦ ਇਕ, ਦੋ, ਤਿੰਨ ਦੀਆਂ ਵੰਡਾਂ ਤੇ ਵਿਤਕਰਿਆਂ ਦੇ ਸਭ ਆਹੀਣ ਮਨਸੂਖ਼ ਹੋਣੇ ਤੇ ਜੀਵਨ ਦੇ ਹਰ ਖੇਤਰ ਵਿਚ ਮਨੁੱਖੀ ਸਮਾਨਤਾ ਦਾ ਬੋਲ-ਬਾਲਾ ਹੋਣਾ ਸੀ; ਜਦ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੇ ਹੱਕੀ ਨਾਅਰੇ ਤੇ ਦੈਵੀ ਸਾਂਝੀਵਾਲਤਾ ਦਾ ਇਕ ਅਜਬ ਢੰਗ ਨਾਲ ਪ੍ਰਗਟਾਵਾ ਕੀਤਾ ਜਾਣਾ ਸੀ; ਜਦ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦਾ ਉਹ ਨਾਟਕ ਖੇਡਿਆ ਤੇ ਪਾਠ ਪੜ੍ਹਾਇਆ ਜਾਣਾ ਸੀ ਜਿਸ ਨੂੰ ਇਨਸਾਨ ਰਹਿੰਦੀ ਦੁਨੀਆ ਤਕ ਨਾ ਭੁੱਲੇ; ਜਦ ਪੂਰਨ ਮਨੁੱਖ ਖ਼ਾਲਸੇ ਨੇ ਜ਼ਹੂਰ ਵਿਚ ਆਉਣਾ, ਗੁਰੂ ਨੇ ਚੇਲਿਆਂ ਤੋਂ ਦੀਖਸ਼ਤ ਹੋਣਾ ਤੇ ਭਗਤੀ ਤੇ ਸ਼ਕਤੀ ਦਾ ਡੂੰਘਾ ਤੇ ਸਦੀਵੀ ਸੁਮੇਲ ਹੋਣਾ ਸੀ। ਇਨ੍ਹਾਂ ਦੈਵੀ ਕੀਮਤਾਂ ਤੋਂ ਬਿਨਾਂ ਜੀਵਨ ਥੋਥਾ, ਅਧੂਰਾ ਤੇ ਉਜਾੜ ਸੀ।

ਲਓ, ਵੇਖੋ, ਹੁਣ, ਇਸ ਅਦੁੱਤੀ ਨਾਟਕ ਦੇ ਖੇਡਣਹਾਰ—

‡ ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥
[ਰਾਮਕਲੀ ਵਾਰ, ਸਤਾ ਬਲਵੰਡ, ਪੰਨਾ ੯੬੬

ਕਲਗੀਆਂ ਤੇ ਬਾਜ਼ਾਂ ਵਾਲੇ ਗੁਰਦੇਵ—੧੧ ਮਹੀਨੇ, ੧੧ ਦਿਨ ਤੇ ੧੧ ਘੜੀਆਂ ਏਕਾਂਤ, ਇਕ-ਸੁਰ, ਸੋਚ ਤੇ ਵੈਰਾਗਮਈ ਅਵਸਥਾ ਵਿਚ ਰਹਿਣ ਉਪਰੰਤ ਨੰਗੀ ਸ੍ਰੀ ਸਾਹਿਬ ਹੱਥ ਵਿਚ ਫੜੀ, ਕਿਸੇ ਦਿਲਜ਼ੋਰ ਅਵਸਥਾ ਵਿਚ ਦੀਵਾਨ ਵਿਚ ਆਏ ਹਨ ਤੇ ਕਿਵੇਂ ਬੀਰ-ਰਸੀ ਤੇ ਕੜਕਵੀਂ ਆਵਾਜ਼ ਵਿਚ ਸਿੱਖਾਂ ਤੋਂ ਸਿਰਾਂ ਦੀ ਮੰਗ ਕੀਤੀ ਹੈ, ਅਤੇ ਉਹ ਵੀ ਬਿਨਾਂ ਕੋਈ ਕਾਰਨ ਦੱਸੇ। ਸਾਰੇ ਸੰਨਾਟਾ ਛਾ ਗਿਆ। ਸੰਗਤਾਂ ਹੱਕੀਆਂ ਬੱਕੀਆਂ ਰਹਿ ਗਈਆਂ ਤੇ ਸੋਚਿਆ ਕਿ ਪਹਿਲੇ ਸਤਿਗੁਰਾਂ ਤਾਂ ਕਦੀ ਅਜਿਹਾ ਬਿਖਮ ਪਰਚਾ ਨਹੀਂ ਸੀ ਪਾਇਆ। ਜਿਹੜੇ ਸਿੱਖ ਦਿਮਾਗੀ ਤੌਰ ਉਤੇ ਜਿਤਨੇ ਵਧੇਰੇ ਸਿਆਣੇ ਸਨ, ਉਹ ਉਤਨੇ ਹੀ ਵਧੇਰੇ ਘਬਰਾਏ। ਸ੍ਰੀ ਗੁਰੂ ਜੀ ਨੇ ਵਧੇਰੇ ਜਲਾਲ ਵਿਚ ਆ ਕੇ ਫੇਰ ਦੋ ਵੇਰ ਸਿਰ ਦੀ ਮੰਗ ਦੁਹਰਾਈ। ਆਖਰ ਲਾਹੌਰ ਦੇ ਭਾਈ ਦਯਾ ਰਾਮ ਜੀ ਖੱਤਰੀ ਨੇ ਗਲ ਵਿਚ ਪੱਲਾ ਪਾ ਕੇ ਜੋਦੜੀ ਕੀਤੀ, 'ਦਾਤਾ, ਇਹ ਸਿਰ ਤੇਰਾ ਹੈ, ਜਿਸ ਲੇਖੇ ਚਾਹੇ, ਲਾਵੇ ਤੇ ਸਫਲ ਕਰੇ।' ਗੁਰਦੇਵ ਉਸ ਨੂੰ ਨਾਲ ਦੀ ਠੇਰੀ ਉਤੇ ਲਗੇ ਤੰਬੂ ਵਿਚ ਲੈ ਗਏ, ਕੌਤਕ ਵਰਤਾਇਆ ਤੇ ਫੇਰ ਲਹੂ-ਭਿੱਜੀ ਤਲਵਾਰ ਹੱਥ ਵਿਚ ਲਈ ਆ ਕੜਕੇ ਤੇ ਕਿਹਾ ਕਿ ਇਕ ਹੋਰ ਸਿਰ ਦੀ ਲੋੜ ਹੈ। ਲਹੂ ਨਾਲ ਭਿੱਜੀ ਤਲਵਾਰ ਨੇ ਰਹਿੰਦਾ-ਖੂੰਹਦਾ ਸੰਸਾ ਵੀ ਕੱਢ ਦਿਤਾ ਕਿ ਸ਼ਾਇਦ ਸਤਿਗੁਰੂ ਜੀ ਦਾ ਭਾਵ ਸੱਚੀਂ ਮੁੱਚੀਂ ਸਿਰ ਲੈਣ ਤੋਂ ਨਾ ਹੋਵੇ। ਸਤਿਗੁਰਾਂ ਦੀ ਇਸ ਦੂਜੀ ਲਲਕਾਰ ਦੇ ਉੱਤਰ ਵਿਚ ਭਾਈ ਧਰਮ ਚੰਦ (ਜੱਟ), ਤੀਜੀ ਦੇ ਭਾ: ਹਿੰਮਤ ਰਾਇ (ਕਹਾਰ), ਚੌਥੀ ਦੇ ਭਾਈ ਮੁਹਕਮ ਚੰਦ (ਛੀਂਬੇ) ਅਤੇ ਪੰਜਵੀਂ ਦੇ ਭਾਈ ਸਾਹਿਬ ਚੰਦ ਜੀ (ਨਾਈ) ਨਿੱਤਰੇ ਤੇ ਸਿਰਾਂ ਨੂੰ ਸਤਿਗੁਰੂ ਜੀ ਦੇ ਹਵਾਲੇ ਕੀਤਾ। ਸਤਿਗੁਰੂ ਜੀ ਦੇ ਹਰ ਵਾਰ ਲਹੂ-ਭਿੱਜੀ ਤਲਵਾਰ ਲੈ ਕੇ ਦੀਵਾਨ ਵਿਚ ਆਉਣ ਨੇ, ਪ੍ਰੀਖਿਆ ਦੇ ਇਸ ਪਰਚੇ ਨੂੰ ਹਰ ਵਾਰੀ ਵਧੇਰੇ ਬਿਖਮ ਤੇ ਭਿਆਨਕ ਤੇ ਵਾਲਾ ਬਣਾ ਦਿੱਤਾ ਸੀ। ਸੋ, ਹੁਣ ਤਕ, ਦਿਲ ਹਾਰ ਜਾਣ ਵਾਲੇ ਸਿਦਕਹੀਨਾਂ ਦੇ ਖਿਸਕਣ ਦੇ ਕਾਰਨ, ਦੀਵਾਨ ਦੀ ਹਾਜ਼ਰੀ ਚੋਖੀ ਵਿਰਲੀ ਪੈ ਚੁਕੀ ਸੀ।

ਅੰਤਕੀਂ, ਗੁਰਦੇਵ, ਪਹਿਲੇ ਵਾਂਗ ਲੀਘਰ ਹੀ ਹੋਰ ਸਿਰ ਮੰਗਣ ਲਈ ਦੀਵਾਨ ਵਿਚ ਨਾ ਪਰਤੇ, ਸਗੋਂ, ਕੁਝ ਸਮੇਂ ਉਪਰੰਤ ਜਦ ਪਧਾਰੇ ਤਾਂ ਸੋਹਣੇ ਬਸਤਰਾਂ ਸ਼ਸਤਰਾਂ ਨਾਲ ਸਜੇ ਉਹ ਪੰਜ ਸਿਖ ਵੀ ਨਾਲ ਸਨ, ਜਿਨ੍ਹਾਂ ਨੇ ਕਿਨਾ ਕਿੰਤੂ ਕੀਤੇ ਜਾਂ ਇਹ ਪੁੱਛੇ ਦੇ ਕਿ ਸਿਰ ਕਿਉਂ ਤੇ ਕਾਹਦੇ ਲਈ ਚਾਹੀਦੇ ਹਨ, ਸੀਸ ਭੇਟ ਕੀਤੇ ਸਨ, ਆਪਾ ਵਾਰਿਆ ਸੀ। ਇਹ ਅਲੌਕਿਕ ਦ੍ਰਿਸ਼ ਵੇਖ, ਸਭ ਨੂੰ ਹੈਰਾਨੀ ਹੋਈ ਤੇ ਨਾਲ ਪਛਤਾਵਾ ਵੀ, ਜੁ ਉਹ ਸਤਿਗੁਰੂ ਨੂੰ ਸਿਰ ਭੇਟ ਕਰਨ ਵਿਚ ਕਿਉਂ ਪਿੱਛੇ ਰਹਿ ਗਏ! ਘਬਰਾ ਕੇ, ਡਰਦੇ ਮਾਰੇ ਨੱਸੇ ਲੋਕ ਵੀ, ਜਿਵੇਂ ਜਿਵੇਂ ਉਨ੍ਹਾਂ ਇਹ ਨਵੀਂ ਸੋਅ ਸੁਣੀ, ਦੀਵਾਨ ਵਿਚ ਪਰਤ ਆਏ।

ਸਤਿਗੁਰੂ ਜੀ ਨੇ ਸਭ ਨੂੰ ਦਿਲਾਸਾ ਦਿਤਾ। ਖੰਡਾ, ਬਾਟਾ ਆਦਿ ਵਸਤਾਂ ਮੰਗਵਾਈਆਂ। ਸ੍ਰੀ ਜਪੁਜੀ ਸਾਹਿਬ, ਜਾਪੁ ਸਾਹਿਬ ਆਦਿ ਪੰਜ‡ ਬਾਣੀਆਂ ਦਾ ਪਾਠ ਕਰਦਿਆਂ ਵਿਧੀ ਸੰਯੁਕਤ ਅੰਮ੍ਰਿਤ ਤਿਆਰ ਕੀਤਾ, ਪੰਜ ਪ੍ਰਵਾਨਿਆਂ ਨੂੰ ਛਕਾਇਆ ਤੇ ਹਰੇਕ ਦੇ ਨਾਮ ਪਿਛੇ ਸਿੰਘ ਪਦ ਲਾਉਣ ਉਪਰੰਤ, ਕੁਝ ਇਸ ਭਾਵ ਦੇ ਸ਼ਬਦਾਂ ਨਾਲ ਉਨ੍ਹਾਂ ਨੂੰ ਸੰਬੋਧਨ ਕੀਤਾ :—

"ਅਜ ਤੋਂ ਤੁਹਾਡਾ ਗੁਰੂ ਘਰ ਵਿਚ ਨਵਾਂ ਜਨਮ ਹੋਇਆ ਹੈ। ਪਿਛਲੀਆਂ ਜਾਤਾਂ, ਗੋਤਾਂ ਆਦਿ ਦੇ ਸਭ ਵਿਤਕਰੇ ਖ਼ਤਮ ਹੋਏ ਹਨ। ਅਜ ਤੋਂ ਤੁਸੀਂ 'ਵਾਹਿਗੁਰੂ ਜੀ ਕਾ ਖਾਲਸਾ', ਮੇਰੇ ਪਿਆਰੇ ਤੇ ਭਾਈ ਭਾਈ ਹੋ। ਸਦਾ, ਇਕ ਅਕਾਲ ਦੀ ਟੇਕ ਰਖਣੀ ਤੇ ਓਸੇ ਦੀ ਜਾਗਦੀ ()ਜੋਤਿ ਨੂੰ ਜਪਣਾ, ਕਿਸੇ ਦੇਵੀ ਦੇਵਤੇ, ਗੋਰ, ਮੜ੍ਹੀ, ਮਠ ਆਦਿ ਨੂੰ

‡ ਪੁਰਾਤਨ ਇਤਿਹਾਸ ਵਿੱਚ ਇਹਨਾਂ ਬਾਣੀਆਂ ਦੀ ਗਿਣਤੀ ਵਧ ਘੱਟ ਤੇ ਵੱਖ ਵੱਖ ਹੈ।

() ਜਾਗਰ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸਾ ਤਾਹਿ ਨਖਾਲਸ ਜਾਨੈ ॥
[ਸ੍ਰੀ ਦਸਮੇਸ਼ ਜੀ

ਭੁਲ ਕੇ ਵੀ ਨਹੀਂ ਮੰਨਣਾ। ਹੁਣ ਤੋਂ ਤੁਸੀਂ *ਮੇਰਾ 'ਖਾਸ ਰੂਪ ਖਾਲਸਾ ਹੈ।' ਮੇਰੀ ਰਹਿਣੀ, ਮੇਰੀ ਕਰਨੀ, ਤੁਹਾਡੀ ਕਰਨੀ ਤੇ ਰਹਿਣੀ ਹੋਵੇਗੀ। ਗੁਰੂ ਸਦਾ ਅੰਗ ਸੰਗ ਹੋਵੇਗਾ, ਇਤਿ ਆਦਿ।''

**"ਪ੍ਰੇਮ ਦੇ ਇਸ 'ਉਲਟੇ ਖੇਲ' ਵਿਚ ਇਕ ਹੋਰ ਅਤਿ ਬਚਿੱਤਰ ਝਾਕੀ ਓਦੋਂ ਵਾਪਰੀ ਜਦ ਅੰਮ੍ਰਿਤ-ਦਾਤਾ, ਸ੍ਰੀ ਦਸਮੇਸ਼ ਜੀ ਨੇ, ਜੋੜਿਆਂ ਪਰਨੇ ਹੋ, ਇਨ੍ਹਾਂ ਗੁਰੂ-ਰੂਪ ਹੋ ਚੁਕੇ ਪੰਜਾਂ ਪਿਆਰਿਆਂ ਅਗੇ ਹੱਥ ਜੋੜ ਜਾਚਨਾ ਕੀਤੀ ਕਿ ਹੁਣ ਇਸ ਅੰਮ੍ਰਿਤ ਦੀ ਦਾਤਿ ਉਨ੍ਹਾਂ ਨੂੰ ਵੀ ਬਖਸ਼ੀ ਜਾਵੇ। ਸਤਿਗੁਰਾਂ ਦੇ ਇਸ ਕਰਤੱਵ ਨੇ ਸਭ ਦੇ ਨੇਤਰ ਸਜਲ ਕਰ ਦਿੱਤੇ। ਸਭ ਪ੍ਰੇਮ-ਮੁਗਧ ਹੋ ਗੁਰਦੇਵ ਦੇ ਚਰਨ-ਕੰਵਲਾਂ ਤੋਂ ਵਾਰਨੇ ਜਾਣ ਲਗੇ। ਕੌਣ ਬਿਆਨ ਕਰੇ ਅਦੁੱਤੀ ਸਤਿਗੁਰੂ ਜੀ ਦੇ ਇਸ ਕਮਾਲ ਅਤੇ 'ਆਪੇ ਗੁਰ ਚੇਲਾ' ਹੋਣ ਦੇ ਲਾਸਾਨੀ ਜਲਸਏ ਤੇ ਪ੍ਰੀਤ-ਰੀਤ ਨੂੰ! ਭਾਈ ਨੰਦ ਲਾਲ ਜੀ ਨੇ ਸ਼ਾਇਦ ਕੁਝ ਅਜਿਹੇ ਦ੍ਰਿਸ਼ਾਂ ਤੋਂ ਹੀ ਪ੍ਰਭਾਵਤ ਹੋ; ਇਹ ਸ਼ੇਅਰ ਰਚੇ ਸਨ :—

(ੳ) ਤਾਲਬੋ ਮਤਲੂਬ ਗੁਰ ਗੋਬਿੰਦ ਸਿੰਘ।†
(ਅ) ਸਾਜਦੋ ਮਸਜੂਦ ਗੁਰ ਗੋਬਿੰਦ ਸਿੰਘ।‡
(ੲ) ਦਿਲਿ ਆਸ਼ਕ ਬਅੰਦਾਜ਼ ਫੁਰਸਤੇ, ਮਾਸ਼ੂਕ ਮੇ ਗਰਦਦ।
ਸਰਾ ਪਾ ਜੋ ਸ਼ਵਦ ਹਰ ਕਸ, ਕਿ ਬਾ ਜਾਨਾਨਾ ਮੇ ਸਾਜ਼ਦ।||
(ਗ਼ਜ਼ਲ ੩੨)

---

* ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮੈ ਹਉ ਕਰਉ ਨਿਵਾਸ॥ [ਰਹਿਤਨਾਮਾ

** ਉਲਟਾ ਖੇਲ ਪਿਰੰਮ ਦਾ, ਪੈਰਾਂ ਉਪਰਿ ਸੀਸੁ ਨਿਵਾਇਆ॥ [ਭਾਈ ਗੁਰਦਾਸ, ਵਾਰ ੩, ਪ. ੨੩

† ਗੁਰਦੇਵ ਆਪ ਚਾਹੁਣ ਵਾਲੇ ਵੀ ਹਨ ਤੇ ਆਪ ਚਾਹੇ ਜਾਣ ਵਾਲੇ ਵੀ।

‡ ਆਪ ਸਿਜਦਾ ਕਰਨ ਵਾਲੇ ਅਤੇ ਸਭ ਤੋਂ ਸਿਜਦਾ ਲੈਣ ਵਾਲੇ ਹਨ।

|| ਆਸ਼ਿਕ (ਪ੍ਰੇਮੀ) ਦਾ ਦਿਲ ਬੈਠੇ ਸਮੇਂ ਬਅਦ ਮਾਸ਼ੂਕ ਹੋ ਜਾਂਦਾ ਹੈ। ਜਿਹੜੇ ਪਿਆਰੇ ਪ੍ਰੇਮ ਕਰਦੇ ਹਨ ਉਹ ਸਿਰ ਤੋਂ ਪੈਰਾਂ ਤਕ ਇਸੇ ਦਾ ਰੂਪ ਹੋ ਜਾਂਦੇ ਹਨ।

(ਸ) ਆਸ਼ੁਫ਼ਤਾਇ ਆਨੇਮ ਕਿ ਆਸ਼ੁਫ਼ਤਾਇ ਮਾਸਤ ।
ਮਾ ਸ਼ਾਹ ਨ ਦਾਨੇਮ, ਗਦਾ ਰਾ ਨਾ ਸ਼ਨਾਸੇਮ ।†
(ਗ਼ਜ਼ਲ ੫੮)

ਇਸੇ ਤਰ੍ਹਾਂ ਸ੍ਰੀ ਅਨੰਦਪੁਰ ਦੀ ਪਾਵਨ ਧਰਤੀ ਉਤੇ ਸੰਮਤ ੧੭੫੬ ਦੀ ਵੈਸਾਖੀ ਦੇ ਦਿਨ ਮਨੁੱਖ ਦੇ ਇਤਿਹਾਸ ਵਿਚ ਉਹ ਇਨਕਲਾਬ ਆਇਆ ਜੋ ਸੂਰਜ ਦੀ ਅੱਖ ਨੇ ਨਾ ਕਦੀ ਪਹਿਲੇ ਵੇਖਿਆ ਸੀ ਅਤੇ ਨਾ ਹੀ ਸ਼ਾਇਦ ਕਦੇ ਫੇਰ ਵੇਖੇ । ਪ੍ਰੇਮ ਦੀ ਇਸ ਅਲੌਕਿਕ ਖੇਡ ਦਾ ਭੇਤ ਓਦੋਂ ਖੁਲ੍ਹਿਆ ਜਦ ਗੁਰੂ ਜੀ ਦੇ ਇਕ ਇਕ ਸਿੰਘ ਨੇ ਸਵਾ ਸਵਾ ਲੱਖ ਨਾਲ ਟਾਕਰਾ ਕੀਤਾ । ਚਮਕੌਰ ਦੀ ਕੱਚੀ ਗੜ੍ਹੀ ਵਿਚ ਚਾਲੀ ਭੁੱਖੇ ਭਾਣੇ ਸਿੰਘਾਂ ਨੇ ਦਸ ਦਸ ਲੱਖ ਨਾਲ ਸਫਲ ਜੁਧ ਕੀਤਾ ।‡ ਸ੍ਰੀ ਕਲਗੀਧਰ ਜੀ ਦੀ ਇਸ ਅਵਸਰ ਉੱਤੇ ਕੀਤੀ ਕਰਾਮਾਤ ਓਦੋਂ ਪ੍ਰਤੱਖ ਹੋ ਚਮਕੀ ਜਦ ਸਿੰਘਾਂ ਤੇ ਸਿੰਘਣੀਆਂ ਨੇ ਖੋਪਰੀਆਂ ਲੁਹਾ ਲਈਆਂ, ਤਨਾਂ ਨੂੰ ਆਰਿਆਂ ਨਾਲ ਚਿਰਵਾ ਲਿਆ, ਬੰਦ ਬੰਦ ਕਟਵਾ ਲਏ, ਚਰਖੜੀਆਂ ਉਤੇ ਤੂੰਬਾ ਤੂੰਬਾ ਉਡਣਾ ਪਰਵਾਨ ਕਰ ਲਿਆ, ਬੱਚਿਆਂ ਨੂੰ ਟੁਕੜੇ ਕਰਵਾ ਕੇ ਝੋਲੀਆਂ ਵਿਚ ਪੁਆਇਆ, ਪੂਰਾਂ ਦੇ ਪੂਰ ਪਰਵਾਨਿਆਂ ਨੇ ਖਿੜੇ ਮੱਥੇ ਸ਼ਹਾਦਤ ਦੇ ਜਾਮ ਪੀਤੇ, ਪਰੰਤੂ ੧੭੫੬ ਦੀ ਇਤਿਹਾਸਕ ਵੈਸਾਖੀ ਵਾਲੇ ਪਾਵਨ ਦਿਵਸ ਪ੍ਰਾਪਤ ਕੀਤੇ ਸਿੱਖੀ ਸਿਦਕ ਨੂੰ ਕੇਸਾਂ ਸਵਾਸਾਂ ਨਾਲ ਨਿਭਾਇਆ । ਸਾਰੇ ਸਿਖ ਇਤਿਹਾਸ ਵਿਚ ਇਕ ਵੀ ਘਟਨਾ ਅਜਿਹੀ ਨਹੀਂ ਮਿਲਦੀ ਜਦ ਗੁਰੂ ਦੇ ਸਿੰਘ ਦਾ ਸਿਦਕ ਡੋਲਿਆ ਹੋਵੇ ।

---

† ਅਸੀਂ ਓਹਦੇ ਮਤਵਾਲੇ ਹਾਂ ਜੋ ਸਾਡੇ ਲਈ ਪਰੇਸ਼ਾਨ (ਮਤਵਾਲਾ) ਹੈ । ਪ੍ਰੇਮ ਦੀ ਇਸ ਖੇਡ ਵਿਚ ਨਾ ਕਿਸੇ ਨੂੰ ਬਾਦਸ਼ਾਹ ਜਾਣਦੇ ਹਾਂ, ਨਾ ਹੀ ਮੰਗਤਾ । (ਦੋਹੀਂ ਪਾਸੀਂ ਪ੍ਰੇਮ ਦੀ ਇਕੋ ਜਿਹੀ ਖਿਚ ਤੇ ਅਗਨੀ ਪ੍ਰਜਵੱਲਤ ਹੈ) ।

‡ ਗੁਰਿਸਨਾ ਚਿ ਕਾਰੇ ਕੁਨਦ ਚਹਲ ਨਰ ।
ਕਿ ਦਹ ਉ ਬਰਆਇਦ ਦਹਲਕ ਬੇਖ਼ਬਰ ॥ [ਜ਼ਫ਼ਰਨਾਮਾ

ਸਿੱਖੀ ਦੇ ਬ੍ਰਿਛ ਨੂੰ ਸਿਦਕ ਦੇ ਲਗੇ ਫਲ ਦੇ ਸਿਖਰ ਦਾ ਇੱਕ ਅਲੌਕਿਕ ਦ੍ਰਿਸ਼ ਓਦੋਂ ਨਜ਼ਰੀਂ ਆਉਂਦਾ ਤੇ ਅੱਖਾਂ ਨੂੰ ਚੁੰਧਿਆਉਂਦਾ ਹੈ ਜਦ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਗ੍ਰਿਫਤਾਰ ਕੀਤੇ ਗਏ ਸਤ ਸੌ ਤੋਂ ਵਧੀਕ ਸਿੰਘਾਂ ਦੇ ਸੌ ਸੌ ਦੇ ਜੱਥੇ ਨੂੰ ਦਿੱਲੀ ਵਿਖੇ ਰੋਜ਼ ਕਤਲ ਕੀਤਾ ਜਾਂਦਾ ਸੀ। ਜਦ ਕਾਜ਼ੀ ਹਰੇਕ ਸਿੰਘ ਨੂੰ ਇਸਲਾਮ ਜਾਂ ਮੌਤ 'ਚੋਂ ਇੱਕ ਨੂੰ ਚੁਣਨ ਦੀ ਪੇਸ਼ਕਸ਼ ਕਰਦਾ ਤਾਂ ਕੀ ਮਜਾਲ ਜੇ ਤਸੀਹਾਂ ਨਾਲ ਵਾਲ ਵਾਲ ਵਿੰਨ੍ਹੇ, ਕਿਸੇ ਇੱਕ ਵੀ ਸਿੰਘ ਦੇ ਸਿਦਕ ਵਿਚ ਕਿਸੇ ਪਰਕਾਰ ਦੀ ਲਰਜ਼ਸ਼ (ਕਮਜ਼ੋਰੀ) ਆਈ ਹੋਵੇ। ਇਸ ਬਾਰੇ ਇਤਿਹਾਸਕਾਰ ਖ਼ਾਫ਼ੀ ਖ਼ਾਨ ਦੀ ਗਵਾਹੀ ਨੇ ਤਾਂ 'ਸਿੱਖੀ ਸਿਦਕ' ਨੂੰ ਉਹ ਉਜਾਗਰ ਕੀਤਾ ਹੈ ਕਿ ਵਰਤਮਾਨ ਜੁੱਗ ਦੇ ਸਿੱਖ ਗੱਭਰੂਆਂ ਦੀ ਸਿੱਖ ਰਹਿਤ ਮਰਯਾਦਾ ਵਿਚ ਪਰਪੱਕ ਨਾ ਰਹਿਣ ਦੀ ਅਰੁਚੀ ਨਾ-ਕੇਵਲ ਲੱਜਾ ਦਾ ਹੀ ਕਾਰਨ ਹੈ, ਸਗੋਂ ਨਾ-ਖਿਮਾ ਕੀਤੀ ਜਾਣ ਵਾਲੀ ਅਵੱਗਿਆ ਤੇ ਸਿੱਖਾਂ ਜਿਹੀ ਸਿਰਮੌਰ ਕੌਮ ਉੱਤੇ ਇਕ ਬਦ-ਨੁਮਾ ਧੱਬਾ ਵੀ। ਉਹ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਜੋ ਸਿੱਖ ਗ੍ਰਿਫਤਾਰ ਕੀਤੇ ਗਏ ਉਨ੍ਹਾਂ ਵਿਚ ਛੋਟੀ ਉਮਰ ਦਾ ਇਕ ਨਾਬਾਲਗ ਬੱਚਾ ਵੀ ਸੀ। ਇਸ ਬੱਚੇ ਦੀ ਬੁੱਢੀ ਮਾਂ ਨੇ ਕਿਸੇ ਤਰ੍ਹਾਂ ਦਿੱਲੀ ਪੁੱਜ ਕੇ ਤੇ ਇਹ ਕਹਿ ਕੇ ਕਿ ਉਸ ਦਾ ਨਾਬਾਲਗ ਬੱਚਾ ਸਿੱਖ ਨਹੀਂ, ਜਿਵੇਂ ਕਿਵੇਂ ਉਸ ਦੀ ਰਿਹਾਈ ਦਾ ਸ਼ਾਹੀ ਪਰਵਾਨਾ ਹਾਸਿਲ ਕਰ ਲਿਆ। ਜਿਸ ਦਿਨ ਤੇ ਜਿਸ ਸਮੇਂ ਉਹ ਬੀਰ ਬੱਚਾ ਕਤਲ ਹੋਣ ਲਈ ਅਗੇ ਵਧਿਆ, ਉਸ ਦੀ ਮਾਤਾ ਭੀੜ ਨੂੰ ਚੀਰਦੀ ਅਗੇ ਆਈ ਤੇ ਸੰਬੰਧਤ ਅਧਿਕਾਰੀ ਨੂੰ ਉਸ ਦੀ ਰਿਹਾਈ ਲਈ ਪ੍ਰਾਪਤ ਕੀਤਾ ਪਰਵਾਨਾ ਇਹ ਆਖ ਕੇ ਪੇਸ਼ ਕੀਤਾ ਕਿ ਉਸ ਦਾ ਬੱਚਾ ਸਿੱਖ ਨਹੀਂ, ਐਵੇਂ ਗਲਤੀ ਨਾਲ ਸਿੱਖਾਂ ਵਿਚ ਫੜਿਆ ਗਿਆ ਹੈ। ਮਮਤਾ ਦੀ ਮਾਰੀ ਮਾਤਾ ਦੀ ਇਸ ਲਿਲਕੜੀ ਉੱਤੇ ਜਦ ਮੁਫ਼ਤੀ ਨੇ ਉਸ ਬੱਚੇ ਦੀ ਰਿਹਾਈ ਦਾ ਹੁਕਮ ਦੇ ਦਿੱਤਾ ਤਾਂ ਸ੍ਰੀ ਕਲਗੀਧਰ ਦੀ ਸਿੱਖੀ ਤੇ ਸਿਦਕ ਨੂੰ ਰਹਿੰਦੀ ਦੁਨੀਆ ਤਕ ਚਾਰ ਚੰਦ ਲਾਉਣ ਵਾਲਾ ਉਹ ਬਹਾਦਰ ਬੱਚਾ ਅੱਗੋਂ ਬੜੇ ਰੋਹ ਤੇ

ਜਲਾਲ ਵਿਚ ਪੁਕਾਰ ਉਠਿਆ :—

'ਮਾਦਰਮ ਦਰੋਗ ਮੇ ਗੋਇਦ।
ਮਨ, ਬਦਿੱਲੋ ਜਾਨ, ਅਜ਼ ਮੋਅਤਕਿਦਾਂ।
ਵ ਜ਼ਿਦਾਯਾਨਿ, ਜਾਂ ਨਿਸਾਰਿ ਮੁਰਸ਼ਦਿ ਖ਼ੁਦਮ।
ਮਰਾ ਜ਼ੂਦ ਬਾ ਰਫ਼ੀਕਾਨਿ ਮਨ ਰਸਾਨੇਦ।'

(ਖ਼ਾਫ਼ੀ ਖ਼ਾਨ)

[ਭਾਵਾਰਥ—ਮੇਰੀ ਮਾਂ ਝੂਠ ਬੋਲਦੀ ਹੈ '(ਕਿ ਮੈਂ ਸਿੱਖ ਨਹੀਂ ਹਾਂ)। ਮੈਂ (ਸ੍ਰੀ ਗੁਰੂ ਗੋਬਿੰਦ ਸਿੰਘ ਉਤੇ) ਈਮਾਨ ਰਖਣ ਵਾਲਿਆਂ ਅਤੇ ਆਪਣੇ ਮੁਰਸ਼ਦ (ਗੁਰੂ) ਤੋਂ ਜਿੰਦ ਵਾਰਨ ਵਾਲਿਆਂ ਵਿੱਚੋਂ ਹੀ ਇੱਕ ਹਾਂ। (ਇਸ ਲਈ) ਮੈਨੂੰ ਛੇਤੀ ਮੇਰੇ (ਸ਼ਹੀਦ ਹੋ ਚੁਕੇ) ਸਾਥੀਆਂ ਪਾਸ ਪਹੁੰਚਾ ਦਿਓ।]

ਕਿਉਂ ਜੀ, ਕੀ ਇਹ ਸਿੱਖੀ ਸਿਦਕ ਤੇ ਸਤਿਗੁਰਾਂ ਲਈ ਪ੍ਰੀਤ ਤੇ ਪ੍ਰਤੀਤ, ੧੭੫੬ ਦੀ ਵੈਸਾਖੀ ਵਾਲੇ ਦਿਨ ਬਖ਼ਸ਼ੇ ਅੰਮ੍ਰਿਤ ਦੀ ਅਦੁੱਤੀ ਕਰਾਮਾਤ ਨਹੀਂ ? ਕੀ ਜੇ 'ਗੁਰੂ ਕੇ ਸਿੰਘਾਂ' ਨੂੰ ਆਪਣੇ ਅੰਮ੍ਰਿਤ-ਦਾਤੇ ਸਤਿਗੁਰੂ ਉਤੇ ਨਾਜ਼ ਹੈ ਤਾਂ ਸ੍ਰੀ ਸਤਿਗੁਰੂ ਨੂੰ ਆਪਣੇ ਅਜਿਹੇ ਦੂਲੇ, ਸ਼ਹੀਦ ਸਿੰਘਾਂ ਉਤੇ ਘਟ ਮਾਣ ਹੈ ? ਗੁਰੂ ਤੇ ਸਿੱਖ ਦੀ ਇਸ ਦੁਵੱਲੀ ਸਮਾਨ ਪ੍ਰੀਤ-ਖਿਚ ਨੂੰ ਵੇਖ ਕੇ ਭਾਈ ਗੁਰਦਾਸ ਜੀ (ਦੂਜੇ) ਬੇਸਾਖਤਾ ਪੁਕਾਰ ਉਠੇ ਸਨ :—

'ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰ ਚੇਲਾ॥"

ਅਤੇ ਏਸੇ ਲਈ ਇਨ੍ਹਾਂ ਸਤਰਾਂ ਦੇ ਲੇਖਕ ਨੇ ਪੂਰੇ ਸਤਿਕਾਰ ਤੇ ਮਾਣ ਨਾਲ ਇਹ ਦਾਅਵਾ ਕੀਤਾ ਹੈ ਕਿ ਮਨੁੱਖ ਦੇ ਇਤਿਹਾਸ ਵਿਚ ਸੰਮਤ ੧੭੫੬ ਦੀ ਪਵਿੱਤਰ ਵੈਸਾਖੀ ਅਦੁੱਤੀ ਤੇ ਅਲੌਕਿਕ ਹੈ। ਏਸ ਦਿਨ ਓਸ ਪੂਰਨ ਮਨੁੱਖ-ਖਾਲਸੇ ਦੀ ਸਿਰਜਨਾ ਹੋਈ ਸੀ, ਜਿਸ ਦੇ ਦੈਵੀ ਕਰਤੱਵ—ਸੇਵਾ, ਸਿਮਰਨ ਤੇ ਕੁਰਬਾਨੀ—ਉਤੇ ਮਾਨਵਤਾ, ਸਦਾ ਸਦਾ, ਜਤਨਾ ਵੀ ਨਾਜ਼ ਕਰੇ, ਥੋੜਾ ਹੈ।

ਅੰਤ ਦੇ ਸੁਝਾਵੇ ਵਿਚ ਮੇਰੀ ਖਾਲਸੇ ਨੂੰ ਸਨਿਮਰ ਚੇਤਾਵਨੀ ਹੈ ਕਿ :—

ਗੋਬਿੰਦ ਗੁਰੂ ਕਾ ਖਾਲਸਾ ਤੂ, ਹੈ ਸ਼ਾਹੀਂ ਕੀ ਪਰਵਾਹ ਤੇਰੀ।
ਹੱਕ-ਪਰਚਮ ਜੋ ਗੁਰੂ ਨਾਨਕ ਕਾ, ਤੁਝੇ ਕਸਮ ਹੈ ਵਿਸ਼ਵ ਝੁਲਾਨੇ ਕੀ।
(ਹਰਿਭਜਨ ਸਿੰਘ)

ਨੋਟ :—ਅਫ਼ਸੋਸ ਹੈ ਕਿ ਅਸੀਂ "ਖੰਡੇ ਦੇ ਅੰਮ੍ਰਿਤ" ਦੀ ਅਸਲੀ ਕਰਾਮਾਤ ਨੂੰ ਵਿਸਾਰ ਕੇ ਅਜ ਕਲ੍ਹ ਇਸ ਫੋਕੂ ਬਹਿਸ ਵਿਚ ਉਲਝ ਰਹੇ ਹਾਂ ਕਿ ਕਲਗੀਆਂ ਵਾਲੇ ਪਾਤਸ਼ਾਹ ਨੇ ਬੰਦੇ ਝਟਕਾਏ ਕਿ ਬੱਕਰੇ ? ਯਾਦ ਰੱਖੋ ਸਚੇ ਪਾਤਸ਼ਾਹ ਦਾ ਪ੍ਰੀਖਿਆ ਲਈ ਰਚਿਆ ਇਹ ਇਕ ਮਜਾਕ ਤੇ ਗੁਹਜ ਨਾਟਕ ਸੀ। ਜੋ ਕੁਝ ਤੰਬੂ ਦੇ ਪਰਦੇ ਵਿਚ ਹੋਇਆ, ਉਹ ਪਰਦੇ ਦੀ ਗੱਲ ਹੀ ਰਹਿਣੀ ਉਚਿਤ ਹੈ। ਇਤਿਹਾਸ ਇਕ ਗੱਲ ਦੀ ਗਵਾਹੀ ਭਰਦਾ ਅਤੇ ਸਰਕਾਰ ਦੂਜੇ ਪਾਸੇ ਦੀ ਗੱਲ ਕਰਦਾ ਹੈ। ਗੱਲ ਸਿੱਖਾਂ ਦੇ ਸਿਦਕ ਦੀ ਹੈ ਅਤੇ ਉਹ ਇਸ ਪਰਚੇ ਵਿਚ ਸੌ ਫੀ ਸਦੀ ਸਫਲ ਹੋਏ।

ਸ੍ਰੀ ਦਸਮੇਸ਼ ਜੀ ਦੀ ਅਮਰ ਤੇ ਅਦੁੱਤੀ ਦੇਣ

'ਖ਼ਾਲਸਾ'

ਵਾਹਿਗੁਰੂ ਅਕਾਲ ਪੁਰਖ ਸਤਿ ਹੈ, ਸੰਪੂਰਨ ਹੈ, ਸਰਬੱਗ ਹੈ, ਪਰੰਤੂ ਉਸ ਦੀ ਅੰਸ਼–ਜੀਵ–ਉਸ 'ਕੁਲ' ਦੀ ਇਕ ਜੁਜ਼ (ਹਿੱਸਾ) ਹੋਣ ਦੇ ਨਾਤੇ ਅਪੂਰਨ ਹੈ, ਅਲਪੱਗ ਹੈ। ਜਿਵੇਂ ਬੂੰਦ ਨਦੀ ਦਾ ਰੂਪ ਧਾਰ ਸਾਗਰ ਵਿਚ, ਅਤੇ ਸੂਰਜ ਦੀ ਕਿਰਨ ਸੂਰਜ ਵਿਚ ਸਮਾ ਕੇ ਜੁਜ਼ ਤੋਂ ਕੁਲ ਦਾ ਰੂਪ ਧਾਰਨ ਲਈ ਸਦਾ ਉਮਾਹ ਰਖਦੀ ਹੈ, ਤਿਵੇਂ ਹੀ ਜੀਵ-ਆਤਮਾ ਦੀ ਆਪਣੇ ਅਸਲੇ ਜਾਂ ਕੇਂਦਰ ਵਿੱਚ ਮਿਲਣ ਦੀ ਚਾਹ ਇੱਕ ਕੁਦਰਤੀ ਤੇ ਅਸਲੀ ਲੋਚਾ ਹੈ। ਪਰੰਤੂ, ਸਿਰਜਨਹਾਰ ਦਾਤਾਰ ਦੀ ਰਚਨਾ ਹੀ ਕੁਝ ਅਜਿਹੀ ਵਚਿੱਤਰ ਹੈ ਕਿ ਇਨਸਾਨ, ਮਾਇਆ–ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਦਵੈਖ, ਚੁਗਲੀ, ਨਿੰਦਾ, ਬਖੀਲੀ ਤੇ ਹਉਮੈ ਦੇ ਦੀਰਘ ਰੋਗਾਂ ਵਿਚ ਗ੍ਰਸਿਆ ਸੱਤ, ਸੰਤੋਖ, ਸਬਰ, ਸਿਦਕ ਤੇ ਪਰਮਾਰਥ ਵਰਗੇ ਸਦ ਗੁਣ, ਜੋ ਇਸ ਨੂੰ ਅਪੂਰਨਤਾ, ਅਸੰਤੋਸ਼, ਬੇਚੈਨੀ ਤੇ ਅੰਧਕਾਰ ਦੇ ਖੌਂਝਿਆਂ ਵਿਚੋਂ ਕਢ ਕੇ, ਅਨੰਦ-ਭਰਪੂਰ ਪੂਰਨਤਾ ਵਾਲੀ ਥਿਰ ਅਵਸਥਾ ਵਿਚ ਲੈ ਜਾਣ ਦੇ ਜ਼ਾਮਨ ਹਨ, ਦੀ ਹੋਂਦ ਤੋਂ ਹੀ ਮੁਨਕਰ ਤੇ ਨਾਬਰ ਹੋ ਬਹਿੰਦਾ ਹੈ।

ਮਨੁੱਖ ਨੂੰ ਅੰਧਕਾਰ ਦੀ ਅਜਿਹੀ ਦੁਖੀ ਤੇ ਦੀਨ ਦਸ਼ਾ ਤੋਂ ਉਭਾਰਨ ਲਈ, ਪੀੜਤ ਲੋਕਾਈ ਦੀ ਪੁਕਾਰ ਜੱਦ ਜੱਦ ਧੁਰ ਦਰਗਾਹ ਪੁੱਜਦੀ ਹੈ ਤਾਂ ਇਸ ਚਰਿਤਰ ਖੇਡ ਦਾ ਖੇਡਣਹਾਰ ਤਰੁੱਠ ਕੇ ਕਿਸੇ ਐਸੀ ਸੰਪੂਰਨ ਆਤਮਾ ਦੇ ਪ੍ਰਕਾਸ਼ ਦੀ ਲੋੜ ਅਨੁਭਵ ਕਰਦਾ ਹੈ ਜੋ ਪਿਆਰ, ਸੀਲ, ਸੰਜਮ, ਸੰਤੋਖ, ਸੇਵਾ, ਸਬਰ, ਪਰਸੁਆਰਥ ਆਦਿ ਦੈਵੀ ਗੁਣਾਂ ਵਾਲੇ ਜੀਵਨ ਦਾ ਸੋਮਾ ਹੁੰਦਾ ਹੈ ਅਤੇ ਸਮੱਸਤ ਸੰਸਾਰ ਨੂੰ ਇਕ-ਸਮਾਨ,

ਇਹ ਸੇਧ ਦਿੰਦਾ ਹੈ ਕਿ ਪ੍ਰਭੂ-ਪ੍ਰੇਰਿਤ ਜੀਵਨ, ਮਾਇਆ-ਭੇੜਤੇ ਤੇ ਛਿਨ-ਭੰਗਰ-ਸੁੱਖਾਂ-ਭਰੇ ਜੀਵਨ ਨਾਲੋਂ ਉਚੇਰਾ ਹੈ, ਅਨੰਦ (ਸਦੀਵੀ ਸੁਖ) ਦੀ ਪ੍ਰਾਪਤੀ ਹੋਰਨਾਂ ਨੂੰ ਸੁਖ ਦੇਣ ਵਿਚ ਹੈ, ਦੂਜਿਆਂ ਦਾ ਸੁਖ ਖੋਹ ਕੇ ਆਪ ਸੁਖੀ ਹੋਣ ਦੇ ਜਤਨਾਂ ਵਿਚ ਨਹੀਂ, ਜੋ ਭਰਪੂਰ ਪ੍ਰੇਰਨਾ ਦਿੰਦਾ ਹੈ ਕਿ *ਆਪਣੇ ਦਿਲ-ਸੋਮੇ ਵਿਚੋਂ ਪਿਆਰ ਦੀ ਇਕ ਨਿੱਕੀ ਜਿਹੀ ਆਡ ਵਗਾਓ, ਫੇਰ ਇਸ ਦੇ ਬਦਲੇ, ਪਿਆਰਾਂ ਦੀ ਇਕ ਠਾਠਾਂ ਮਾਰਦੀ ਨਦੀ ਤੁਹਾਡੇ ਦਿਲ ਵਲ ਧਾਹੇ-ਧਾਹੀ ਵੱਗ ਕੇ, ਉਸ ਨੂੰ ਕਈ ਗੁਣਾ ਭਰਪੂਰ ਕਰ ਦੇਵੇਗੀ, ਮਹਾਨ ਸੰਤ ਮਰਨ ਲਈ ਜੀਵੋ ਤੇ ਸਦੀਵੀ ਜੀਵਨ ਦੀ ਪ੍ਰਾਪਤੀ ਲਈ ਮਰਨਾ ਸਿੱਖੋ।

ਪੰਜ ਕੁ ਸੌ ਸਾਲ ਹੋਏ, "ਪਾਪ ਗ੍ਰਸੀ ਪ੍ਰਿਥਵੀ" ਨੇ ਜਦ ਦਾਤਾਰ ਪ੍ਰਭੂ ਦੇ ਦਰ ਪੁਕਾਰ ਕੀਤੀ ਤਾਂ ਉਸ ਨੇ ਤਰੁੱਠ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਗਤ-ਕਲਿਆਣ ਲਈ ਧਰਤੀ ਉਤੇ ਪਠਾਇਆ। ਮਨੁੱਖ ਨੂੰ ਉਧਾਰਨ, ਸਰਬ ਗੁਣ ਸੰਪੰਨ ਕਰਨ, ਸੰਤ-ਸਿਪਾਹੀ ਦੇ ਰੂਪ ਵਿਚ ਪਲਟਣ ਅਤੇ ਅੰਤ ਨੂੰ ਹਰ ਪ੍ਰਕਾਰ ਦੇ ਭਰਮ ਤੇ ਭੇਖ ਤੋਂ ਨਿਆਰਾ ਰਹਿ ਕੇ ਗੁਰੂ ਜੀ ਦਾ ਖ਼ਾਸ ਰੂਪ 'ਖ਼ਾਲਸਾ' ਹੋ ਕੇ ਪੂਰਨ ਮਨੁੱਖ ਵਿਚ ਪਰਗਟ ਕਰਨ ਦੀ ਇਹ ਜਦੋ-ਜਹਿਦ ਕੁਝ ਸਦੀਆਂ ਜਾਰੀ ਰਹੀ। ਆਖ਼ਰ ਦਸਵੇਂ ਨਾਨਕ— ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ੨੩੦ ਸਾਲ ਦੇ ਲੰਮੇ ਸਮੇਂ ਉਪਰੰਤ, ਖੰਡੇ ਦੀ ਪਾਹੁਲ ਪਾਨ ਕਰਾ ਕੇ ਮਨੁੱਖ ਦੀ ਅਪੂਰਨਤਾ ਨੂੰ ਪੂਰਨਤਾ ਵਿਚ ਬਦਲ ਕੇ ਨਵਾਂ ਜਨਮ ਦਿਤਾ। ਜਾਤ, ਕੁਲ, ਬਰਾਦਰੀ ਤੇ ਨਸਲ ਦੇ ਵਿਤਕਰਿਆਂ ਦਾ ਸਦਾ ਲਈ ਅਭਾਵ ਕਰ ਕੇ, ਗੁਰੂ ਗ੍ਰਿਹ ਜਨਮੇ ਮਨੁੱਖ ਨੂੰ 'ਖ਼ਾਲਸੇ' ਦੀ ਮਹਾਨ, ਅਮਰ ਤੇ ਦੈਵੀ ਪਦਵੀ ਬਖ਼ਸ਼ੀ।

ਪਰਮਾਤਮਾ ਅਜਾਤ ਹੈ, ਅਪਾਤ ਹੈ, ਨਿਰਭਉ ਹੈ, ਨਿਰਵੈਰ ਹੈ,

---

* Give love and love to your heart will flow,
A strength in your utmost need;
Have faith and a score of men
Will show their faith in your word and deed.

ਉਸ ਦੀ ਮੌਜ ਵਿਚ ਪ੍ਰਭੂ-ਨਿਵਾਜੇ ਸੁਤ ਸ੍ਰੀ ਕਲਗੀਧਰ ਜੀ ਰਾਹੀਂ ਪ੍ਰਗਟਿਆ ਖ਼ਾਲਸਾ ਵੀ ਰਾਰ-ਧਾਰ, ਭੈ ਤੇ ਵੈਰ ਰਹਿਤ ਹੈ। ਉਹ ਆਪਣੇ ਪ੍ਰਭੂ ਪਿਤਾ ਸਮਾਨ, ਸਾਰੀ ਮਖ਼ਲੂਕ ਦਾ ਹੈ; ਅਤੇ ਸਾਰੀ ਮਖ਼ਲੂਕ ਉਸ ਦੀ ਹੈ। ਅਜਿਹੇ, ਮਨੁੱਖਤਾ ਦੇ ਆਦਰਸ਼ ਤੇ ਅਦੁੱਤੀ 'ਖ਼ਾਲਸੇ' ਅਤੇ ਉਸ ਦੀ ਰਹਿਤ ਨੂੰ ਸ੍ਰੀ ਦਸਮੇਸ਼ ਜੀ ਨੇ ਆਪ ਤੇ ਅਨ-ਲਿਖਾਰੀਆਂ ਨੇ ਕਿਵੇਂ ਨਿਰੂਪਨ ਕੀਤਾ ਹੈ, ਆਓ, ਇਹਨਾਂ ਹਵਾਲਿਆਂ ਤੋਂ ਕਿਣਕਾ ਮਾਤਰ ਲੱਖੀਏ, ਅਤੇ ਅਨੰਦਤ ਹੋ ਵਸਾ ਲਈਏ ਹਿਰਦੇ ਦੀਆਂ ਡੂੰਘਾਈਆਂ ਵਿਚ। ਇਹ ਗੁਰੂ ਤੇ ਗੁਰੂ ਖ਼ਾਲਸੇ ਦੀ ਹੱਕੀ ਤੇ ਅਮਰ ਗਾਥਾ ਹੈ, ਪਿਆਰੀ ਤੇ ਸੁੰਦਰ ਤਸਵੀਰ ਹੈ।

ਵਹ ਪ੍ਰਗਟਿਓ ਪੁਰਖ ਭਗਵੰਤ ਰੂਪ, ਗੁਰ ਗੋਬਿੰਦ ਪੂਰਾ ॥
ਤਥਾ—ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥
(ਕਵਿ ਗੁਰਦਾਸ ਦੂਜਾ)

੧. (ੳ) ਖਾਲਸਾ ਕੇਵਲ ਪ੍ਰਭੂ ਦਾ ਉਪਾਸ਼ਕ ਹੈ—

ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸਾ ਤਾਹਿ ਨਖਾਲਸ ਜਾਨੈ ॥

(ਅ) ਖਾਲਸੇ ਦੀ ਮਹਿਮਾ, ਪਦਵੀ ਤੇ ਸਤਿਗੁਰੂ ਦੀ ਨਿਮਰਤਾ :

ਜੁਧ ਜਿਤੇ ਇਨ ਹੀ ਕੇ ਪ੍ਰਸਾਦਿ,
ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ।
ਅਘ ਓਘ ਟਰੈ ਇਨ ਹੀ ਕੇ ਪ੍ਰਸਾਦਿ,
ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ।

ਇਨ ਹੀ ਕੇ ਪ੍ਰਸਾਦਿ ਸੁਬਿਦਿਆ ਲਈ,
ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ।
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,
ਨਹੀਂ ਮੋ ਸੇ ਗਰੀਬ ਕਰੋਰ ਪਰੇ।

(ਵ) ਸੇਵ ਕਰੀ ਇਨ ਹੀ ਕੀ ਭਾਵਤ,
ਔਰ ਕੀ ਸੇਵ ਸੁਹਾਤ ਨ ਜੀ ਕੋ।
ਦਾਨ ਦਯੋ ਇਨ ਹੀ ਕੋ ਭਲੋ,
ਅਰੁ ਆਨ ਕੋ ਦਾਨ ਨ ਲਾਗਤ ਨੀਕੋ।
ਆਗੈ ਫਲੈ ਇਨ ਹੀ ਕੋ ਦਯੋ,
ਜਗ ਮੈ ਜਸੁ, ਅਉਰ ਦਯੋ ਸਭ ਫੀਕੋ।
ਮੋ ਗ੍ਰਿਹਿ ਮੈ ਤਨ ਤੇ, ਮਨ ਤੇ,
ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ।
[ਸ੍ਰੀ ਗੁਰੂ ਗੋਬਿੰਦ ਸਿੰਘ ਜੀ

੨. ਖਾਲਸਾ ਇਨ੍ਹਾਂ ਦਸਾਂ ਗੁਣਾਂ ਦਾ ਧਾਰਨੀ ਹੋਵੇ–

ਦਇਆ, ਦਾਨ, ਛਮਾ, ਸ਼ਨਾਨ, ਸੀਲ, ਸੁਚ, ਸਤ ਸੁਭਾਖਨ।
ਸਾਧਨ ਸਿਧ, ਸੂਰ, ਭਗਤ ਮਾਨੰ। ਦਸ ਗੁਣੀ ਆਸਤ ਪ੍ਰਮਾਨੰ।

੩. ਖਾਲਸਾ ਇਨ੍ਹਾਂ ਦਸਾਂ ਔਗੁਣਾਂ ਦਾ ਤਿਆਗੀ ਹੋਵੇ–

ਤਿਆਗੀ ਦਸ ਵਿਰੋਧਮਤ ਸਾਧਨ ਹਿੰਸਾ,
ਹੰਕਾਰ, ਆਲਸ, ਕਿਰਪਨ ਅਪ੍ਰਮਾਨੰ।
ਕਠੋਰਤਾ ਜੜਤਾ, ਕੁਚੀਲਤਾ ਅਸਉਚ,
ਕਲਮਾ ਸੁ ਅਭਗਤ ਮਾਨੰ।

੪. ਖਾਲਸਾ, ਸਤਿਗੁਰੂ ਦਾ ਆਪਣਾ ਖਾਸ ਰੂਪ ਹੈ–

ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਹਿ ਹਉ ਕਰਉਂ ਨਿਵਾਸ ॥
ਖਾਲਸਾ ਮੇਰੋ ਮੁਖ ਹੈ ਅੰਗਾ ॥ ਖਾਲਸੇ ਕੇ ਹਉ ਬਸਤ ਸਦ ਸੰਗਾ ।
ਖਾਲਸਾ ਮੇਰੋ ਇਸਟ ਸੁਹਿਰਦ ॥ ਖਾਲਸਾ ਮੇਰੋ ਕਹੀਅਤ ਬਿਰਦ ॥
ਖਾਲਸਾ ਮੇਰੋ ਪਖਛ ਅਰ ਪਾਦ ॥ ਖਾਲਸਾ ਮੇਰੋ ਸੁਖ ਅਹਿਲਾਦ ॥
ਖਾਲਸਾ ਮੇਰੋ ਮਿਤ੍ਰ ਸਖਾਈ ॥ ਖਾਲਸਾ ਮਾਤ ਪਿਤਾ ਸੁਖਦਾਈ ॥
ਖਾਲਸਾ ਮੇਰੀ ਸੋਭ ਅਰ ਸੀਲ ॥ ਖਾਲਸਾ ਬੰਧ ਸਖਾ ਸਦ ਡੀਲ ॥
ਖਾਲਸਾ ਮੇਰੀ ਜਾਤ ਅਰ ਪਤ ॥ ਖਾਲਸਾ ਸੋ ਮੋ ਕੌ ਉਤਪਤ ॥
ਖਾਲਸਾ ਮੇਰੋ ਭਵਨ ਭੰਡਾਰ ॥ ਖਾਲਸੇ ਕਰ ਮੇਰੋ ਸਤਕਾਰ ॥
ਖਾਲਸਾ ਮੇਰੋ ਸੁਜਨ ਪ੍ਰਵਾਰ ॥ ਖਾਲਸਾ ਮੇਰੋ ਕਰਤ ਉਧਾਰ ॥
ਖਾਲਸਾ ਮੇਰੋ ਪਿੰਡ ਪਰਾਨ ॥ ਖਾਲਸਾ ਮੇਰੀ ਜਾਨ ਕੀ ਜਾਨ ॥
ਮਾਨ ਮਹੱਤ ਮੇਰੋ ਖਾਲਸਾ ਸਹੀ ॥ ਖਾਲਸਾ ਮੇਰੋ ਸੁਆਰਥ ਕਹੀ ॥
ਖਾਲਸਾ ਮੇਰੋ ਕਰੇ ਨਿਰਵਾਹ ॥ ਖਾਲਸਾ ਮੇਰੋ ਦੇਹ ਅਰੁ ਸਾਹ ॥
ਖਾਲਸਾ ਮੇਰੋ ਧਰਮ ਅਰੁ ਕਰਮ ॥ ਖਾਲਸਾ ਮੇਰੋ ਭੇਦ ਨਿਜ ਮਰਮ ॥
ਖਾਲਸਾ ਮੇਰੋ ਸਤਗੁਰ ਪੂਰਾ ॥ ਖਾਲਸਾ ਮੇਰੋ ਸਜਣ ਸੂਰਾ ॥
ਖਾਲਸਾ ਮੇਰੋ ਬੁਧਿਅਰੁ ਗਿਆਨ ॥ ਖਾਲਸਾ ਕਾ ਹਉ ਧਰੋ ਧਿਆਨ ॥
ਉਪਮਾ ਖਾਲਸਾ ਜਾਤ ਨ ਕਹੀ ॥ ਜਿਹਵਾ ਏਕ ਪਾਰ ਨਹੀ ਲਹੀ ॥
ਸੇਸ ਰਸਨ ਸਾਰਸ ਸੀ ਬੁਧ ॥ ਤਦਪਿ ਨ ਉਪਮਾ ਬਰਨਤ ਸੁਧ ॥
ਯਾ ਮੈ ਰੰਚ ਨ ਮਿਥਿਆ ਭਾਖੀ ॥ ਪਾਰਬ੍ਰਹਮੁ ਗੁਰ ਨਾਨਕ ਸਾਖੀ ॥
ਰੋਮ ਰੋਮ ਰਸਨਾ ਜੇ ਪਾਵੈਂ ॥ ਤਦਪਿ ਖਾਲਸਾ ਜਸੁ ਤਹਿ ਗਾਵੈਂ ॥
ਹਉ ਖਾਲਸੇ ਕੋ ਖਾਲਸਾ ਮੇਰੋ ॥ ਓਤ ਪੋਤ ਸਾਗਰ ਬੂੰਦੇਰੋ ॥

... ...

ਖਾਲਸਾ ਅਕਾਲ ਪੁਰਖ ਕੀ ਫੌਜ ॥
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ॥

... ...

ਗਿਰੰਥਾਰੀ ਅਰ ਸਾਹਿਬੀ ਤਨ ਮਨ ਪਿੰਡ ਪਰਾਨ।
ਪ੍ਰਸਾਦਿ ਖਾਲਸੇ ਕਰ ਮਿਲਿਓ, ਦਾਨ ਮਾਨ ਸਨਮਾਨ।
ਕ੍ਰਿਪਾਵੰਤ ਖਾਲਸ ਸਕਲ, ਤਿਹ ਪ੍ਰਸਾਦਿ ਭਇਓ ਕਉਰ।
ਮੋ ਸੇ ਰੰਕ ਅਨਾਥ ਜਗ, ਭਟਕਤ ਫਿਰਤ ਕਰੋੜ।...
ਸਜਨ ਭਜਨ ਮਮ ਖਾਲਸਾ, ਖਾਲਸਾ ਪੂਜਬੋ ਜੋਗ॥
ਦਾਸ ਗੋਬਿੰਦ ਵਰੇ ਖਾਲਸਾ, ਦਰਸ ਪਰਸ ਮਿਟੇ ਸੋਗ॥

੫.ਖਾਲਸਾ ਬਾਬਾ ਸੁਮੇਰ ਸਿੰਘ ਦੇ ਰਹਿਤਨਾਮੇ ਅਨੁਸਾਰ–

ਆਤਮ ਰਸ ਜਿ ਜਾਨਹੀ, ਸੋ ਹੈ ਖਾਲਸਾ ਦੇਵ॥
ਪ੍ਰਭ ਮੇ, ਮੋ ਮੇ, ਤਾਸ ਮੇ ਰੰਚਕ ਨਾਹਨ ਭੇਵ॥

ਤਥਾ–ਖਾਲਸਾ ਖਾਸ ਕਹਾਵੈ ਸੋਈ॥ ਜਾ ਕੇ ਹਿਰਦੇ ਭਰਮ ਨ ਹੋਈ॥
ਭਰਮ ਭੇਖ ਤੇ ਰਹੈ ਨਿਆਰਾ॥ ਸੋ ਖਾਲਸਾ ਸਤਿਗੁਰੂ ਹਮਾਰਾ॥
(ਸਰਬ ਲੋਹ ਗ੍ਰੰਥ)

ਪਰੰਤੂ, ਐਸੇ ਪੂਜਨ ਖਾਲਸੇ ਦੀ ਪਦਵੀ ਕਿਸਨੂੰ ਪ੍ਰਾਪਤ ਹੈ–

ਗੁਰੂ ਗ੍ਰੰਥ ਬਾਣੀ ਵਿਖੇ, ਵਿਖਮ ਬੁਧਿ ਨਹ ਜਾਸ।
ਆਦਿ ਅੰਤ ਮੇ ਏਕ ਸਮ, ਸੋਇ ਖਾਲਸਾ ਖਾਸ॥
ਚਾਰ ਵਰਣ ਕੇ ਸਿਖ ਮੇਂ, ਸਮਤਾ ਸੁਮਤ ਪ੍ਰਕਾਸ਼।
ਸਿੰਘ ਸੁਮੇਰ ਅਕਾਲ ਪ੍ਰਿਯ, ਸੋਇ ਖਾਲਸਾ ਖਾਸ॥
ਕਛ ਕੇਸ ਕ੍ਰਿਪਾਨ ਪ੍ਰਿਯ, ਕੰਘਾ ਕੜਾ ਸਦੀਵ।
ਜੋ ਧਾਰਹਿ, ਟਾਰਤ ਨਹੀ, ਸੋ ਖਾਲਸਾ ਦਈਵ॥
ਗੁਰਬਾਣੀ ਬਿਨ, ਪ੍ਰੀਤ ਕੀ ਰੀਤ, ਨ ਰੁਚੀਐ ਔਰ।
ਸਿੰਘ ਸੁਮੇਰ ਅਕਾਲ ਪ੍ਰਿਯ, ਸੋ ਖਾਲਸਾ ਮੋਰ॥
ਦੇਖਤ ਹੀ ਜਾ ਕੇ ਸਦਾ, ਦੁਰਜਨ ਚਿਤ ਭੈ ਹੋਇ।
ਸਿੰਘ ਸੁਮੇਰ ਅਕਾਲ ਪ੍ਰਿਯ, ਕਹੀਏ ਖਾਲਸਾ ਸੋਇ॥
ਸਤਿਨਾਮ ਸ੍ਰੀ ਵਾਹਿਗੁਰੂ, ਜਾ ਕੇ ਸਦ ਹਿਰਦ ਮਾਹਿ,

ਸਿੰਘ ਸੁਮੇਰ ਅਕਾਲ ਪ੍ਰਿਜ, ਕਹੀਏ ਖਾਲਸਾ ਤਾਹਿ ॥
ਦੇਖਨ ਮੈ ਥਾਕੇ ਲਗੈ, ਕਾ ਕੋ ਚਿਤ ਨ ਦੁਖਾਇ।
ਸਿੰਘ ਸੁਮੇਰ ਅਕਾਲ ਪ੍ਰਿਜ, ਸੋ ਖਾਲਸਾ ਕਹਾਇ ॥

੬. ਖਾਲਸਾ—'ਗੁਰ ਪ੍ਰਤਾਪ ਸੂਰਜ' ਅਨੁਸਾਰ—

(ੳ) ਖਾਲਸਾ ਗੁਰੂ ਹੈ, ਗੁਰੂ ਖਾਲਸਾ ਕਹੂੰ ਮੈਂ ਅਬ,
ਜੈਸੇ ਗੁਰੂ ਨਾਨਕ ਜੀ ਅੰਗਦ ਕੋ ਕੀਨਿਓ।
ਸੰਕ ਨ ਕਰੀਜੈ, ਸਾਵਧਾਨ ਹੋਇ ਲੀਜੈ,
ਅਬ ਅੰਮ੍ਰਿਤ ਛਕਾਵੈ, ਜੈਸੇ ਤੁਮ ਲੀਨਿਓ।
ਕਾਲ ਹੂੰ ਕੇ ਕਾਲ, ਅਸਿਕੇਤ ਤੇ ਅਕਾਲ ਪ੍ਰਭੂ,
ਦੀਰਘ ਕ੍ਰਿਪਾਲ ਧੂੰ ਹੁਕਮ ਹਮੇ ਦੀਨਿਓ।
ਥਾਪਨ ਧਰਮ ਕੇ, ਉਥਾਪਨ ਭਰਮ ਕੇ,
ਕੁਕਰਮਨ ਕੇ ਖਾਪਨ, ਸਿਮਰ ਨਾਮ ਚੀਨਿਓ।

(ਅ) ਸਿੰਘ ਸੁ ਗਤ ਪੰਚ ਜੋ ਮਿਲਹਿ। ਮਮ ਸਰੂਪ ਸੋ ਦੇਖਹੁ ਭਲਹਿ।
ਮਨੋ ਕਾਮਨਾ ਤਿਨ ਤੇ ਪ੍ਰਾਪਤ। ਸਰਧਾ ਧਰੇ ਚਿਤ ਦੁਖ ਖਾਪਤ।
ਸਿਖ ਪੰਚਨ ਮੇ ਮੇਰੋ ਵਾਸਾ। ਪੂਰਨ ਕਰੇ ਪਰਹੁ ਜਿਹ ਆਸਾ।
ਗੁਰੂ ਖਾਲਸਾ, ਖਾਲਸਾ ਗੁਰੂ। ਅਬ ਤੇ ਹੋਇ ਐਸੀ ਬਿਧ ਸੁਰੂ।
ਆਪਨੀ ਜੋਤ ਖਾਲਸੇ ਵਿਖੇ। ਹਮ ਨੇ ਧਰੀ ਜੋ ਕਲਜੁਗ ਵਿਖੇ।

੭. ਖਾਲਸਾ—ਰਹਿਤਨਾਮਾ ਭਾਈ ਦੇਸਾ ਸਿੰਘ ਜੀ ਅਨੁਸਾਰ

ਪ੍ਰਥਮ ਰਹਿਤ ਯਹਿ ਜਾਨ ਖੰਡੇ ਕੀ ਪਾਹੁਲ ਛਕੇ।
ਸੋਇ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ।...
ਵਾਹਗੁਰੂ ਨਿਤ ਬਚਨ ਉਚਾਰੇ। ਵਾਹਗੁਰੂ ਕੋ ਹਿਰਦੇ ਧਾਰੇ।
ਆਗੇ ਆਵਤ ਸਿੰਘ ਜੁ ਪਾਵੈ। ਵਾਹਗੁਰੂ ਕੀ ਫਤਹ ਬੁਲਾਵੈ।
ਪਰ-ਬੇਟੀ ਕੋ ਬੇਟੀ ਜਾਨੈ। ਪਰ-ਇਸਤ੍ਰੀ ਕੋ ਮਾਤ ਬਖਾਨੈ।

ਆਪਨੀ ਇਸਤ੍ਰੀ ਸੇ ਰਤ ਹੋਈ । ਰਹਤਵਾਨ ਗੁਰ ਕਾ ਸਿਖ ਸੋਈ ।
ਨਾਮੁ ਸੁਭਾਵ ਨ ਕਬਹੂੰ ਤਜਾਗੈ । ਦੁਰਜਨ ਦੇਖ ਦੂਰ ਤੇ ਭਾਗੈ ।
ਧਨ,ਕੀਰਤਿ ਸੁਖਰਾਜ, ਬਡਾਈ ।ਜੁਵਤੀ,ਸੁਤ,ਵਿਦਿਆ,ਬਹੁਭਾਈ।
ਏ ਸਭ ਦਾਤ ਗੁਰੂ ਕੀ ਜਾਨੈ । ਤਾਤੇ ਨਹਿ ਅਭਮਾਨਹਿ ਠਾਨੈ ।...
ਜਗਤ ਮਾਹਿ ਹੈਂ, ਪੰਥ ਸੁ ਜੇਤੇ । ਕਰੈ ਨਿੰਦ ਨਹਿ ਕਬਹੂੰ ਤੇਤੇ ।...
ਜੋ ਕੋਈ ਸਿੰਘ ਪੁਜਾਰੀ ਅਹੈ । ਸੋ ਭੀ ਪੂਜਾ ਬਹੁਤ ਨ ਗਹੈ ।
ਤਨ ਨਿਰਬਾਹ ਮਾਤ੍ਰ ਸੋ ਲੇਵੈ । ਅਧਿਕ ਹੋਇ ਤੋ ਜਹਿੰ ਤਹਿੰ ਦੇਵੈ।
ਰਹਿਤਵਾਨ ਜਗ ਸਿੰਘ ਜੁ ਕੋਈ। ਗੁਰੂ ਕੇ ਲੋਕ ਬਸੈਗੋ ਤੋਈ ।
ਰਹਿਣੀ ਰਹੈ ਸੋਈ ਸਿਖ ਮੇਰਾ । ਓਹ ਠਾਕੁਰ ਮੈਂ ਉਸ ਕਾ ਚੇਰਾ ।
ਰਹਿਤ ਬਿਨਾ ਨਹਿੰ ਸਿਖ ਕਹਾਵੈ। ਰਹਿਤ ਬਿਨਾ ਦਰ ਚੋਟਾ ਖਾਵੈ ।
ਰਹਿਤ ਬਿਨ ਸੁਖ ਕਬਹੂੰ ਨ ਲਹੈ। ਤਾਤੇ ਰਹਿਤ ਸੁ ਦ੍ਰਿੜ ਕਰ ਗਹੈ।

੮. ਖਾਲਸਾ—ਭਾਈ ਨੰਦ ਲਾਲ ਦੀਆਂ ਨਜ਼ਰਾਂ ਵਿਚ—

ਕਰੇ ਬਚਨ ਜੋ ਪਾਲੈ ਨਾਹੀ । ਗੋਬਿੰਦ ਸਿੰਘ ਤਿਸ ਠੌਰ ਨਾ ਆਹੀ ।
ਖਾਲਸਾ ਸੋਇ ਜੁ ਨਿੰਦਾ ਤਿਆਗੈ । ਖਾਲਸਾ ਸੋਇ ਲੜੈ ਹੁਇ ਆਗੈ ।
ਖਾਲਸਾ ਸੋ ਪਰਦ੍ਰਿਸ਼ਟ ਤਿਆਗੈ।ਖਾਲਸਾ ਸੋਇ ਨਾਮ ਰਤ ਲਾਗੈ ।
ਖਾਲਸਾ ਸੋਇ ਗੁਰੂ ਹਿਤ ਲਾਵੈ । ਖਾਲਸਾ ਸੋਇ ਸਾਰ ਮੁਹਿ ਖਾਵੈ ।
ਖਾਲਸਾ ਸੋ ਨਿਰਧਨ ਕੋ ਪਾਲੈ । ਖਾਲਸਾ ਸੋਇ ਦੁਸ਼ਟ ਕੋ ਗਾਲੈ ।
ਖਲਕ ਖਾਲਿਕ ਕੀ ਜਾਣ ਕੈ, ਖਲਕ ਦੁਖਾਵੈ ਨਾਹਿ ।
ਖਲਕ ਦੁਖੈ ਨੰਦ ਲਾਲ ਜੀ, ਖਾਲਕ ਕੋਪੈ ਤਾਹਿ ॥

੯. ਖਾਲਸਾ—ਰਹਿਤ ਨਾਮਾ ਭਾਈ ਦੇਸਾ ਸਿੰਘ ਅਨੁਸਾਰ—

(ੳ) ਗੁਰੂ ਕਾ ਸਿਖ ਸ਼ਰਾਬ ਕਦੀ ਨਾ ਪੀਵੇ ।
(ਅ) ਗੁਰੂ ਕਾ ਸਿਖ ਗਰੀਬ ਕੀ ਰਸਨਾ ਕੋ ਗੁਰੂ ਕੀ ਗੋਲਕ ਜਾਣੇ ।
(ੲ) ਚੋਰੀ ਜਾਰੀ ਨ ਕਰੇ ।
(ਸ) ਜੂਆ ਨ ਖੇਡੇ ।

(ਹ) ਕਾਰਜਾਂ ਕੇ ਆਦਿ ਮੇਂ ਅਰਦਾਸ ਕਰੇ।
(ਕ) ਆਪਣੇ ਗੁਰੂ ਬਿਨਾ ਹੋਰ ਨ ਜਾਣੇ।
(ਖ) ਆਗਿਆ ਗੁਰੂ ਗ੍ਰੰਥ ਸਾਹਿਬ ਕੀ ਮੰਨਣੀ। ਅਮਲ ਪ੍ਰਸ਼ਾਦੇ ਕਾ ਰਖਣਾ।
(ਗ) ਸਿਖ ਜੇ ਕੁਰਹਿਤ ਹੋ ਜਾਏ–ਸਤ ਕੇ ਆਗੇ ਹਾਥ ਜੋੜ ਕਰ ਖੜਾ ਹੋਵੇ–ਤਨਖਾਹ ਲਗਾਵਾ ਕਰ ਬਖਸ਼ਾਵੇ।
(ਘ) (ਸੰਗਤਿ ਨੇ) ਸਿਖ ਨੂੰ ਬਖਸ਼ਣ ਵਕਤ ਅੜੀ ਨਹੀਂ ਕਰਨੀ।
(ਙ) ਸਿਖਾਂ ਦਾ ਮਾਮਲਾ ਸਿਖਾਂ ਵਿਚ ਨਿਬੜੇ। ਜੋ ਸਿਖਾਂ ਦੇ ਬਿਨਾ ਕਰੇ ਹਾਕਮ ਪਾਸ ਜਾਵੇ, ਸੋ ਤਨਖਾਹੀਆ।

੧੦. ਖਾਲਸਾ–ਭਾ: ਦਯਾਸਿੰਘਦੇ ਰਹਿਤਨਾਮੇ ਅਨੁਸਾਰ–

(ੳ) ਗੁਰੂ ਕਾ ਸਿਖ ਮਟ, ਬੁਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ, ਮੰਤ੍ਰ, ਪੀਰ, ਬ੍ਰਾਹਮਣ, ਪੁਛਣਾ, ਸੁਖਣਾ, ਤਰਪਨ, ਗਾਯਤ੍ਰੀ–ਕਿਤੇ ਵਲ ਚਿਤ ਦੇਵੇ ਨਾਹੀ।
(ਅ) ਖਾਲਸਾ ਸੋ ਜਿਨ ਤਨ, ਮਨ, ਧਨ ਅਕਾਲ ਪੁਰਖ ਨੂੰ ਸੌਂਪਿਆ ਹੈ।
(ੲ) ਕਿਸੇ ਕਾ ਕਾਰਜ ਹੋਵੇ, ਉਸ ਨੂੰ ਸਵਾਰੇ।
(ਸ) ਜਿਸ ਨੂੰ ਕੋਈ ਕੁੜਮਾਈ ਕਰੇ ਨਾਹੀ, ਤਿਸ ਨੂੰ ਲੋਚ ਕੇ ਕਰਾਵੇ। ਕੁਸਿਖ ਹੋਵੇ ਤਿਸ ਕੋ ਸਿਖ ਕਰੇ।
(ਹ) ਸਿੰਘਾਂ ਕੋ ਬਰਾਬਰ ਕਾ ਭਾਈ ਸਮਝੇ।
(ਕ) ਗੰਡੇ ਵਾਲੀ ਕਫ ਨ ਪਹਿਰੇ।
(ਖ) ਅਨੰਦ ਬਿਨਾ, ਵਿਵਾਹ ਨ ਕਰੇ।

੧੧. ਖਾਲਸਾ–'ਪ੍ਰੇਮ ਸੁਮਾਰਗ' ਅਨੁਸਾਰ–

[ੳ] ਜੋ ਸਿਖ ਖਾਲਸੇ ਸ੍ਰੀ ਅਕਾਲ ਪੁਰਖ ਕੇ ਹੋਵੇਂਗੇ, ਸੋ ਸਿਵਾਇ ਸ੍ਰੀ ਅਕਾਲ ਪੁਰਖ, ਦੂਸਰੇ ਮਾਨੁਖ ਕੇ ਜਾਮੇ ਕੋ ਨਾ ਜਾਣੇਂਗੇ। ਕਈ ਗੁਰੂ ਝੂਠੇ ਸਦਾਵਹਿਂਗੇ, ਪਰ ਓਇ ਨਹੀਂ ਮੰਨਹਿਂਗੇ।

[ਅ] ਸਭ ਤੇ ਵਡੀ ਰਹਿਤ ਇਹ ਹੈ ਜੋ ਮਿਥਯਾ ਨ ਬੋਲੈ, ਮਰਦ ਪਰਨਾਰੀ ਕਾ ਸੰਗ ਨ ਕਰੈ, ਇਸਤ੍ਰੀ ਬਿਗਾਨੇ ਮਰਦ ਕੋ ਨ ਦੇਖੈ, ਲੋਭ ਨ ਕਰੈ, ਕਰੋਧ ਨ ਕਰੈ, ਅਹੰਕਾਰ ਨ ਕਰੈ, ਬਹੁਤ ਮੋਹ ਨ ਕਰੈ, ਨਿੰਦਿਆ ਨ ਕਰੈ।

[ੲ] ਪਰਾਏ ਦਰਬ ਕਾ ਅੰਗੀਕਾਰ ਨ ਕਰੈ, ਧਰਮ ਦੀ ਕਿਰਤ ਕਰ ਵੰਡ ਖਾਏ, ਦਾਤਾ ਰਾਖਾ ਅਕਾਲ ਪੁਰਖ ਹੈ, ਹੋਰਤ ਵਲ ਕਿਤੇ ਦੇਖੈ ਨਾਹੀਂ, ਸ੍ਰੀ ਗੁਰੂ ਅਕਾਲ ਪੁਰਖ ਜੀ ਕੇ ਚਰਨਾਰਬਿੰਦ ਨਾਲ ਅਤੇ ਖਾਲਸੇ ਨਾਲ ਜੋ ਉਸ ਦਾ ਸੰਗੀ ਹੈ, ਲਗਾਈ ਰਖੈ।

[ਸ] ਜੋ ਕੋਈ ਸਿਖ ਖਾਲਸੇ ਕੇ ਹੋਣਗੇ ਸੁ ਆਪਸ ਮੇਂ ਪਿਆਰ ਕਰਨ ਅਰੁ ਨੇਕ ਬਦ ਨੋ ਇਕੱਠੇ ਹੋਇ ਜਾਣ ਅਰੁ ਜੋ ਇਕਸ ਸਿਖ ਉਪਰ ਆਇ ਬਣੇ ਤਾਂ ਸਭ ਇਕੱਠੇ ਜੋੜੀ ਹੋਣ ਨੂੰ ਤਿਆਰ ਹੋਣ, ਤਬ ਉਨ੍ਹਾਂ ਸਿਖਾਂ ਨੂੰ ਸਿਖੀ ਦਾ ਫਲ ਹੋਵੇ।

[ਹ] ਜੋ ਚਾਹੇ ਮੈਂ ਗੁਰੂ ਨਾਲ ਗੱਲਾਂ ਕਰਾਂ ਤਾਂ ਸ਼ਬਦ ਪੜ੍ਹੇ ਸਭ ਕਿਸਾ ਹੋਵਸੀ, ਅਰੁ ਜੋ ਚਾਹੇ ਕਿ ਦਰਸ਼ਨ ਕਰਾਂ, ਜਿਥੇ ਖਾਲਸੇ ਦਾ ਇਕੱਠ ਹੋਵੇ ਓਥੇ ਜਾਇ ਕੇ ਅਦਬ ਨਾਲ ਦਰਸ਼ਨ ਕਰੇ ਪ੍ਰਤੀਤਿ ਕਰਕੇ, ਦਰਸ਼ਨ ਗੁਰੂ ਕਾ ਪ੍ਰਾਪਤ ਹੋਵੇਗਾ।

ਹਾਂ ਜੀ, ਇਹੋ ਜਿਹਾ ਸੀ ਸਰਬ-ਗੁਣ ਸਪੰਨ ਖ਼ਾਲਸਾ, ਜੋ ਸ੍ਰੀ ਦਸਮੇਸ਼ ਜੀ ਨੇ ਆਪਣੇ ਨਿੱਜ-ਸਰੂਪ ਤੋਂ ਇਉਂ ਪ੍ਰਗਟਾਇਆ, ਜਿਵੇਂ ਪੁਰਾਣਿਕ ਵੀਚਾਰ ਅਨੁਸਾਰ ਸ਼ਿਵ ਜੀ ਦੀਆਂ ਜਟਾਂ ਵਿਚੋਂ ਗੰਗਾ ਪਰਗਟ ਹੋਈ ਮੰਨੀ ਜਾਂਦੀ ਹੈ। ਅਤੇ ਦੇਵਤਾ ਜੁਪੀਟਰ ਦੇ ਮਸਤਕ ਤੋਂ ਬੁੱਧ ਤੇ ਯੁੱਧ ਦੀ ਦੇਵੀ-ਮਿਨਰਵਾ। ਅਤੇ ਐਸੇ ਖਾਲਸੇ ਦੇ 'ਹਲੇਮੀ' ਰਾਜ ਦਾ ਸੁਪਨਾ, ਸ੍ਰੀ ਦਸਮੇਸ਼ ਜੀ ਦਾ 'ਸਰੂਪ' ਤੇ 'ਜਾਨ ਕੀ ਜਾਨ' ਖ਼ਾਲਸਾ ਅਜ ਵੀ ਰੋਜ਼-ਸਵੇਰੇ ਸ਼ਾਮ-''ਰਸਮੀ'' ਤੌਰ ਉਤੇ ਲੈਂਦਾ ਤੇ ਇਨ੍ਹਾਂ ਸ਼ਬਦਾਂ ਰਾਹੀਂ ਚੇਤਦਾ ਤੇ ਚਿਤ੍ਰਦਾ ਜਾ ਰਿਹਾ ਹੈ :—

''ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨ ਕੋਇ।''

ਖ਼ਾਲਸੇ ਦਾ ਹੋਲਾ

ਹੋਲੀ ਭਾਰਤ ਦਾ ਇੱਕ ਪ੍ਰਾਚੀਨ ਤਿਉਹਾਰ ਹੈ। ਹਿੰਦੂ ਮਿਥਿਹਾਸ ਵਿਚ ਆਈ ਪ੍ਰਹਿਲਾਦ ਦੀ ਸਾਖੀ ਕਿ ਕਿਵੇਂ ਇਕ ਦਿਨ ਉਹ, ਪਿਤਾ ਹਰਨਾਖਸ਼ ਦੇ ਉਸ ਨੂੰ ਅੱਗ ਵਿਚ ਸਾੜਨ ਦੇ ਮਨਸੂਬੇ ਵਿਚੋਂ, ਨਵਾਂ ਨਰੋਇਆ ਬਚ ਨਿਕਲਿਆ ਸੀ, ਜਦ ਕਿ ਉਸ ਦੀ ਭੂਆ ਹੋਲਕਾਂ ਉਸੇ ਅਗਨੀ ਵਿਚ ਸੜ ਮਰੀ ਸੀ, ਜੇ ਇਕ ਪਾਸੇ ਵੀ ਰੱਖ ਲਈਏ, ਤਾਂ ਵੀ ਹੋਲੀ ਬਸੰਤ ਰੁਤ ਦੇ ਖੇੜੇ ਤੇ ਖੁਸ਼ੀਆਂ ਦਾ ਤਿਉਹਾਰ ਹੋਣ ਦੇ ਨਾਤੇ ਸਾਡੇ ਜੀਵਨ ਵਿੱਚ ਵਿਸ਼ੇਸ਼ ਸਥਾਨ ਰਖਦੀ ਹੈ। ਪ੍ਰਾਚੀਨ ਕਾਲ ਤੋਂ, ਭਾਰਤੀ ਲੋਕ, ਹਰੇਕ ਰੁੱਤ ਦੇ ਪਲਟੇ ਉਤੇ, ਦਿਲੀ ਭਾਵ ਤੇ ਹੁਲਾਸ ਦੇ ਪ੍ਰਗਟਾਂ ਲਈ ਕੋਈ ਨ ਕੋਈ ਤਿਉਹਾਰ ਮਨਾਉਂਦੇ ਰਹੇ ਹਨ। ਪਰੰਤੂ, ਜਦ ਅਸਮਾਨਤਾ, ਈਰਖਾ, ਦਵੈਖ, ਫੁੱਟ ਤੇ ਚਲਨ ਦੀ ਗਿਰਾਵਟ ਦੇ ਕਾਰਨ ਭਾਰਤ ਦੇ ਅੰਤਰਕਰਨ ਦੀ ਆਕਾਸ਼ ਚੜ੍ਹੀ ਪੀਂਘ ਰਸਾਤਲ ਜਾ ਟੁੱਟੀ, ਤਾਂ ਇਹਨਾਂ ਤਿਉਹਾਰਾਂ ਦੇ ਜਿੰਦ-ਹੀਣ ਕਲਬੂਤ ਹੀ ਬਾਕੀ ਰਹਿ ਗਏ। ਪਹਿਲਾਂ 'ਚੰਗਿਆਈ' ਖੁੱਸ ਜਾਣ ਦੇ ਕਾਰਨ ਅਜ਼ਾਦੀ ਗਵਾਚੀ; ਉਪਰੰਤ, ਜੋ ਰਹਿੰਦੀ-ਖੂੰਹਦੀ ਕਸਰ ਸੀ, ਉਹ ਗ਼ੁਲਾਮੀ ਦੀ ਫੱਟ ਅਤੇ ਜਾਬਰ ਤੇ ਮੁਤਅੱਸਬ ਹਾਕਮਾਂ ਦੀਆਂ ਵਧੀਕੀਆਂ ਤੇ ਵਿਤਕਰਿਆਂ ਨੇ ਪੂਰੀ ਕਰ ਦਿਤੀ। ਕਪੜਿਆਂ ਉੱਤੇ ਬੇ-ਢਬਾ ਰੰਗ, ਘੱਟਾ-ਮਿੱਟੀ ਅਤੇ ਸੁਆਹ ਖੇਹ ਸੁੱਟਣ ਦੇ ਸ਼ੁਗ਼ਲ ਤੋਂ ਵਧ ਕਿਸੇ ਪਰਕਾਰ ਦੇ ਰਹੱਸ ਦੀ ਅੰਸ਼ ਇਸ ਤਿਉਹਾਰ ਵਿਚ ਨਾ ਰਹੀ। ਹਿਰਦੇ-ਰੂਪੀ ਸੇਜ, ਪ੍ਰੀਤ-ਕੰਤ ਤੋਂ ਸੱਖਣੀ ਹੋ ਜਾਣ ਉਤੇ, ਬਹਾਰ ਤੇ ਬਸੰਤ ਦੇ ਖੇੜੇ, ਹਾਵਿਆਂ ਤੇ ਹਉਕਿਆਂ ਵਿਚ ਬਦਲ ਗਏ। ਪ੍ਰੀਤ-ਕੰਤ ਬਿਹੀਨ ਤੇ ਵਿਜੋਗ-ਭਰਪੂਰ ਸਥਿਤੀ ਨੂੰ ਪੰਜਵੇਂ ਗੁਰਦੇਵ ਇਉਂ ਚਿਤਰਦੇ ਹਨ :—

ਨਾਨਕ, ਤਿਨਾ ਬਸੰਤੁ ਹੈ, ਜਿਨੑ ਘਰਿ ਵਸਿਆ ਕੰਤੁ ॥
ਜਿਨ ਕੇ ਕੰਤ ਦਿਸਾਪੁਰੀ, ਸੇ ਅਹਿਨਿਸਿ ਫਿਰਹਿ ਜਲੰਤ ॥੨॥(੧੮)

[ਮ: ੨, ਸੂਹੀ ਕੀ ਵਾਰ, ਪੰ: ੭੯੧

ਉੱਚੀ ਸੂਝ ਬੂਝ ਵਾਲੇ ਵੀਚਾਰਵਾਨਾਂ ਲਈ ਇਹ ਦ੍ਰਿਸ਼ ਦੁੱਖ, ਅਤੇ ਪਰਾਇਆਂ ਲਈ ਹਾਸੇ ਦਾ ਮੌਜ਼ੂਅ (ਵਿਸ਼ਾ) ਬਣ ਕੇ ਰਹਿ ਗਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਉੱਤਰ-ਅਧਿਕਾਰੀ ਗੁਰੂ ਸਾਹਿਬਾਨ ਨੇ ਜੀਵਨ ਦੇ ਹਰੇਕ ਖੇਤਰ ਵਿਚ ਨਰੋਆ ਪਰਿਵਰਤਨ ਲਿਆਂਦਾ। ਪੰਜਵੇਂ ਗੁਰਦੇਵ ਨੇ ਅਧਿਆਤਮਕ ਮੰਡਲਾਂ ਦੀ ਅਨੰਦ-ਮਈ ਹੋਲੀ ਖੇਡਣ ਦਾ ਮਸ਼ਵਰਾ ਦਿੰਦਿਆਂ ਫ਼ੁਰਮਾਇਆ ਸੀ —

ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥
ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥੧॥
ਆਜੁ ਹਮਾਰੈ ਗ੍ਰਿਹਿ ਬਸੰਤ॥ਗੁਨ ਗਾਏ ਪ੍ਰਭ ਤੁਮ੍ ਬੇਅੰਤ॥੧॥ਰਹਾਉ॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥

[ਬਸੰਤ ਮ: ੫, ਪੰ: ੧੧੮੦

ਵਾਸਤਵਿਕ ਵਿਚ 'ਗੁਰੂ ਤੇ ਗੋਬਿੰਦ ਭੇਟਣ, ਪ੍ਰਭੂ ਦੇ ਗੁਣ ਗਾਉਣ ਅਤੇ ਪ੍ਰਭੂ-ਲੋਕਾਂ ਦੀ ਸੰਗਤ' ਨਾਲ ਹੀ ਮੋਹ ਮਾਇਆ ਤੋਂ ਵਾਪਰੀ ਚਿੰਤਾ ਦੂਰ ਹੋਣੀ ਅਤੇ ਝੋਰੇ ਹਟਣੇ ਸਨ, ਅਤੇ ਬਸੰਤ ਤੇ ਹੋਲੀ ਨੇ ਮਹਾ ਅਨੰਦ ਦੇ ਮੂਜਬ ਬਨਣਾ ਸੀ; ਪਰੰਤੂ, ਜਦ ਸ਼ੁਭ ਕਰਮਾਂ ਦਾ ਹੀ ਅਭਾਵ ਸੀ ਤਾਂ ਰੀਤਾਂ, ਰਸਮਾਂ ਤੇ ਤਿਉਹਾਰਾਂ ਵਿਚ ਰਹੱਸ, ਜਿੰਦ-ਜਾਨ ਤੇ ਅਨੰਦਮਈ ਅਵਸਥਾ ਕਿਥੋਂ ਵਾਪਰਦੀ। ਗੁਰੂ ਸਾਹਿਬਾਨ ਨੇ ਜਿਥੇ ਲੋਕਾਂ ਨੂੰ ਮਨ ਅਤੇ ਆਤਮਾ ਕਰਕੇ ਬਲਵਾਨ ਕਰਨ ਲਈ ਅਦੁੱਤੀ ਉਪਰਾਲਾ ਕੀਤਾ, ਉਥੇ ਰਸਮਾਂ ਤੇ ਤਿਉਹਾਰਾਂ ਨੂੰ ਵੀ ਭਾਵ-ਪੂਰਤ ਤੇ ਰਹੱਸਮਈ ਬਣਾਇਆ। ਜਨਤਾ ਨੂੰ ਮਨੋ-ਬਲ ਰਾਹੀਂ ਉੱਚਿਆਉਣ ਦੇ ਨਾਲ ਨਾਲ ਸਰੀਰਕ ਤੌਰ ਉਤੇ ਵੀ ਬਲਵਾਨ ਕਰਨ ਦੇ ਨਵੇਂ ਸਾਧਨ ਸੋਤੇ ਤੇ ਢੰਗ

ਅਪਣਾਏ। ਸਰਲ ਜੀਵਨ-ਜਾਚ ਤੇ ਸੰਤੁਲਿਤ ਉੱਨਤੀ ਲਈ ਭਗਤੀ ਤੇ ਸ਼ਕਤੀ, ਦੋਹਾਂ ਦੀ, ਇੱਕ-ਸਮਾਨ ਲੋੜ ਪ੍ਰਤੀਤ ਕੀਤੀ ਗਈ।

ਭਗਤੀ ਤੇ ਸ਼ਕਤੀ ਦੇ ਇਸ ਆਦਰਸ਼ਕ ਸੁਮੇਲ ਲਈ ਸ੍ਰੀ ਦਸਮੇਸ਼ ਪਿਤਾ ਨੇ ਸ਼ਸਤਰਾਂ ਦੇ ਆਦਰ-ਸਤਿਕਾਰ ਤੇ ਸਹੀ ਪ੍ਰਯੋਗ ਉਤੇ ਜੋ ਬਲ ਦਿੱਤਾ, ਉਸ ਵਿਚ ਹੋਲੀ ਦੇ ਤਿਉਹਾਰ ਨੂੰ ਹੋਲੇ ਮਹਲੇ' ਵਿਚ ਬਦਲ ਦੇਣਾ ਵੀ ਇਕ ਮਹਾਨ ਘਟਨਾ ਸੀ। 'ਹੋਲਾ ਮਹੱਲਾ' ਬਾਰੇ ਭਾਈ ਸਾਹਿਬ ਕਾਹਨ ਸਿੰਘ ਜੀ ਨਾਭਾ ਲਿਖਦੇ ਹਨ :–

''ਯੁਧ ਵਿਦਿਆ ਦੇ ਅਭਿਆਸ ਨੂੰ ਨਿੱਤ ਨਵਾਂ ਰਖਣ ਵਾਸਤੇ ਕਲਗੀਧਰ ਸਵਾਮੀ ਦੀ ਚਲਾਈ ਹੋਈ ਰੀਤੀ ਅਨੁਸਾਰ ਚੇਤ ਵਦੀ ੧ ਨੂੰ ਸਿਖਾਂ ਵਿਚ ਹੋਲਾ ਮਹੱਲਾ ਹੋਂਦਾ ਹੈ, ਜਿਸ ਦਾ ਹੋਲੀ ਦੀ ਰਸਮ ਨਾਲ ਕੋਈ ਸਬੰਧ ਨਹੀਂ। ਮਹੱਲਾ ਇਕ ਪਰਕਾਰ ਦੀ ਮਸਨੂਈ ਲੜਾਈ (Manoeuvre) ਹੈ। ਪੈਦਲ ਅਰ ਅਸਵਾਰ ਸ਼ਸਤਰ-ਧਾਰੀ ਸਿੰਘ ਦੋ ਪਾਰਟੀਆਂ ਬਣਾ ਕੇ ਇਕ ਖ਼ਾਸ ਹਮਲੇ ਦੀ ਥਾਂ ਉਤੇ ਹਮਲਾ ਕਰਦੇ ਹਨ ਅਰ ਅਨੇਕ ਪ੍ਰਕਾਰ ਦੇ ਕਰਤਬ ਦਿਖਾਉਂਦੇ ਹਨ, ਪਰ ਅਸੀਂ ਸਾਲ ਪਿਛੋਂ ਕੇਵਲ ਇਹ ਰਸਮ ਨਾਮ ਮਾਤ੍ਰ ਕਰ ਛਡਦੇ ਹਾਂ, ਲਾਭ ਕੁਛ ਨਹੀਂ ਉਠਾਉਂਦੇ। ਸ਼ਸਤਰ-ਵਿਦਿਆ ਤੋਂ ਅਞਾਣ ਸਿਖ, ਖ਼ਾਲਸਾ ਧਰਮ ਦੇ ਨਿਯਮਾਂ ਅਨੁਸਾਰ, ਅਧੂਰਾ ਸਿਖ ਹੈ।

''ਕਲਗੀਧਰ ਜੀ ਆਪ ਇਸ ਬਨਾਉਟੀ ਲੜਾਈ ਨੂੰ ਵੇਖਦੇ ਅਤੇ ਦੋਹਾਂ ਦਲਾਂ ਨੂੰ ਲੋੜੀਂਦੀ ਸ਼ੁਭ ਸਿਖਿਆ ਦਿਆ ਕਰਦੇ ਸਨ। ਜਿਹੜਾ ਦਲ ਜੇਤੂ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪਾ ਬਖ਼ਸ਼ਦੇ ਸਨ।''

ਇਸ ਸਬੰਧ ਵਿਚ ਭਾਈ ਸਾਹਿਬ ਹੋਰ ਲਿਖਦੇ ਹਨ :–

'ਸ਼ੋਕ ਹੈ ਕਿ ਹੁਣ ਸਿੱਖਾਂ ਨੇ ਸ਼ਸਤਰ ਵਿਦਿਆ ਨੂੰ ਆਪਣੀ ਕੌਮੀ ਵਿਦਿਆ ਨਹੀਂ ਸਮਝਿਆ। ਸਿਰਫ਼ ਫ਼ੌਜੀਆਂ ਦਾ ਕਰਤਵ ਮੰਨ ਲਿਆ ਹੈ। ਦਸਮੇਸ਼ ਜੀ ਦਾ ਉਪਦੇਸ਼ ਹੈ ਕਿ ਹਰੇਕ ਸਿਖ ਪੂਰਾ ਸਿਪਾਹੀ ਹੋਵੇ ਅਤੇ ਸ਼ਸਤਰ ਵਿਦਿਆ ਦਾ ਅਭਿਆਸ ਕਰੇ।''

'ਹੋਲੇ ਮਹੱਲੇ' ਦਾ ਸ਼ਸਤਰਾਂ, ਸ਼ਸਤਰ-ਵਿਦਿਆ ਅਤੇ ਖ਼ਾਲਸੇ ਦੀ ਚੜ੍ਹਦੀ ਕਲਾ ਦਾ ਆਪਸ ਵਿਚ ਵੀ ਕਿਤਨਾ ਗੂੜ੍ਹਾ ਸੰਬੰਧ ਹੈ, ਇਹ ਗੱਲ 'ਕਵਿ ਨਿਹਾਲ ਸਿੰਘ' ਦੀ ਇਸ ਰਚਨਾ ਤੋਂ ਵੀ ਸਪੱਸ਼ਟ ਹੋ ਜਾਂਦੀ ਹੈ :–

ਬਰਛਾ, ਢਾਲ, ਕਟਾਰਾ, ਤੇਗ਼ਾ, ਕੜਛਾ ਦੇਗਾ ਗੋਲਾ ਹੈ।
ਛਕਾ ਪ੍ਰਸਾਦ, ਸਜਾ ਦਸਤਾਰਾ, ਅਰੁ ਕਰ ਦੋਨਾ ਟੋਲਾ ਹੈ।
ਸੁਭੱਟ ਸੁਚਾਲਾ, ਅਰ ਲਖ ਬਾਹਾਂ, ਕਲਗਾ ਸਿੰਘ ਸੁਚੋਲਾ ਹੈ।
ਅਪਰ ਮੁਛਹਿਰਾ ਦਾੜ੍ਹਾ ਜੈਸੇ ਤੈਸੇ ਬੋਲਾ ਹੋਲਾ ਹੈ।

ਸਪੱਸ਼ਟ ਹੈ ਕਿ ਹੋਲਾ ਮਹੱਲਾ ਦੀ ਰੀਤੀ ਦਾ ਵਿਸ਼ੇਸ਼ ਉਦੇਸ਼ ਸਿੰਘਾਂ ਵਿਚ ਸ਼ਸਤਰਾਂ ਦੀ ਪ੍ਰਿਯਤਾ ਪੈਦਾ ਕਰਨੀ ਤੇ ਭਗਤੀ ਦੀ ਰਖਿਆ ਲਈ ਸ਼ਕਤੀ ਦਾ ਸੰਚਾਰ ਕਰਨਾ ਸੀ। ਦਸਮੇਸ਼ ਜੀ ਦਾ ਖਾਲਸੇ ਨੂੰ ਉਪਦੇਸ਼ ਹੈ :–

ਸ਼ਸਤ੍ਰਨ ਕੇ ਅਧੀਨ ਹੈ ਰਾਜ।
ਜੋ ਨ ਧਰਹਿ, ਤਿਸ ਬਿਗ੍ਰਹਿ ਕਾਜ।
ਯਾ ਤੇ ਸਰਬ ਖ਼ਾਲਸਾ ਸੁਨੀਅਹਿ।
ਆਯੁਧ ਧਰਬੇ ਉੱਤਮ ਗੁਨੀਅਹਿ।
ਜਬ ਹਮਰੇ ਦਰਸਨ ਕੋ ਆਵਹੁ।
ਬਨ ਸੁਚੇਤ ਤਨ ਸ਼ਸਤ੍ਰ ਸਜਾਵਹੁ।
ਕਰਮਕਸਾ ਕਰ ਦੇਹੁ ਦਿਖਾਈ।
ਹਮਰੀ ਖ਼ੁਸ਼ੀ ਹੋਇ ਅਧਿਕਾਈ।

[ਗੁਰ ਪ੍ਰਤਾਪ ਸੂਰਜ, ਰੁਤ ੩, ਅਧਿ: ੨੩

ਤਥਾ–ਪੁਨੰ ਸੰਗ ਸਾਰੇ ਪ੍ਰਭੂ ਜੀ ਸੁਨਾਈ॥
ਬਿਨਾ ਤੇਗ ਭੀਰੇ ਰਹੋ ਨਾਹ ਭਾਈ॥
ਬਿਨਾ ਸ਼ਸਤ੍ਰ, ਕੇਸੰ, ਨਰੰ ਭੇਡ ਜਾਨੋ॥
ਗਹੇ ਕਾਨ ਤਾ ਕੋ, ਕਿਤੇ ਲੈ ਸਿਧਾਨੋ॥
ਇਹੈ ਮੋਰ ਆਗਿਆ ਸੁਨੋ ਹੇ ਪਿਆਰੇ॥

ਬਿਨਾ ਕੇਸ ਤੇਗੰ, ਫਿਰੈ ਨ ਦਿਦਾਰੇ ॥
ਇਹੋ ਮੋਰ ਬੈਨਾ ਮੰਨੇਗਾ ਸੁ ਜੋਈ ॥
ਤਿਸੈ ਇਛ ਪੂਰੀ ਸਭੇ ਜਾਨ ਹੋਈ ॥

[ਗੁਰਬਿਲਾਸ ਪਾਤਸ਼ਾਹੀ ੧੦, ਅਧਿ: ੨੩

ਰਹਿਤਨਾਮਾ ਭਾਈ ਦੇਸਾ ਸਿੰਘ ਵਿਚ ਆਦੇਸ਼ ਹੈ :—

ਕੱਛ ਕਿਰਪਾਣ ਨ ਕਬਹੂੰ ਤਿਆਗੈ ।
ਸਨਮੁਖ ਲਰੈ, ਨ ਰਣ ਤੇ ਭਾਗੈ ।

ਹੋਰ–ਸ਼ਸਤਰ ਹੀਨ ਇਹ ਕਬਹੂ ਨ ਹੋਈ ।
ਰਹਤਵੰਤ ਖਾਲਿਸ ਹੈ ਸੋਈ ।

[ਰਹਿਤਨਾਮਾ ਭਾ: ਨੰਦ ਲਾਲ

ਇਹੀ ਕਾਰਨ ਸੀ ਕਿ ਕਲਗੀਆਂ ਵਾਲੇ ਪਾਤਸ਼ਾਹ ਨੇ ਸ਼ਸਤਰਾਂ ਦੀ ਪ੍ਰਤਿਨਿਧਿ ਤੇਗ (ਕਿਰਪਾਨ) ਨੂੰ ਕਕਾਰਾਂ ਦੀ ਰਹਿਤ ਵਿਚ ਸ਼ਾਮਿਲ ਕੀਤਾ । ਖਾਲਸੇ ਦੀ ਤੇਗ ਸਵੈ-ਰਖਿਆ, ਦੀਨ ਦੁਖੀ ਦੀ ਰਖਿਆ, ਅਤੇ ਧਰਮ ਤੇ ਦੇਗ ਦੀ ਰਖਿਆ ਦੀ ਜ਼ਾਮਨ ਹੈ । ਤੇਗ਼ ਦੇ ਬਖਸ਼ਣਹਾਰ ਦਾ ਫ਼ੁਰਮਾਨ ਹੈ :

ਦੇਗ਼ ਤੇਗ਼ ਜਗ ਮੈ ਦੋਊ ਚਲੈ ।
ਰਾਖ ਆਪ ਮੋਹਿ ਅਵਰ ਨ ਦਲੈ ।

ਸ੍ਰੀ ਦਸਮੇਸ਼ ਜੀ ਦਾ ਸ਼ਸਤਰਾਂ ਦੇ ਸਤਿਕਾਰ ਦਾ ਇਹ ਆਲਮ ਹੈ ਕਿ ਆਪ ਸ਼ਸਤਰਾਂ ਨੂੰ ਆਪਣੇ ਪੀਰ ਕਰਕੇ ਸਨਮਾਨਣ ਤੱਕ ਜਾਂਦੇ ਹਨ:—

ਅਸਿ ਕ੍ਰਿਪਾਨ, ਖੰਡੋ, ਖੜਗ, ਤੁਪਕ, ਤਬਰ ਅਰ ਤੀਰ ।
ਸੈਫ, ਸਿਰੋਹੀ, ਸੈਹਥੀ, ਯਹੈ ਹਮਾਰੇ ਪੀਰ ।

ਫੇਰ ਆਪ ਜੀ ਤੇਗ਼ ਦੀ ਜੈ ਜੈ ਕਾਰ ਕਰਦੇ ਅਤੇ ਇਸ ਨੂੰ ਮੂਰਖਾਂ (ਦੁਸ਼ਟਾਂ) ਦੇ ਦਲਾਂ ਤੇ ਦੁਰਮਤਿ ਦਾ ਨਾਸ਼ ਕਰਨ ਵਾਲੀ ਅਤੇ ਨੇਕ ਪੁਰਸ਼ਾਂ ਤੇ ਸ੍ਰਿਸ਼ਟੀ ਨੂੰ ਉਭਾਰਨ ਵਾਲੀ ਦਰਸਾਉਂਦੇ ਹੋਏ ਫ਼ੁਰਮਾਉਂਦੇ ਹਨ :

ਖਗ ਖੰਡ ਬਿਹੰਡੰ, ਖਲ ਦਲ ਖੰਡੰ, ਅਤਿ ਰਣ ਮੰਡੰ, ਬਰਬੰਡੰ ॥

ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ, ਭਾਨ ਪ੍ਰਭੰ ॥
ਸੁਖ ਸੰਤਾਂ ਕਰਣੰ, ਦੁਰਮਤਿ ਦਰਣੰ, ਕਿਲਬਿਖ ਹਰਣੰ ਅਸਿ ਸਰਣੰ ॥
ਜੈ ਜੈ ਜਗ ਕਾਰਣ, ਸ੍ਰਿਸਟ ਉਬਾਰਣ, ਮਮ ਪ੍ਰਤਿਪਾਰਣ, ਜੈ ਤੇਗੰ ॥

ਸ਼ਸਤਰਾਂ ਦੇ ਉੱਪਰ ਲਿਖੇ ਨਾਵਾਂ ਤੋਂ ਕਦਾਚਿਤ ਇਹ ਭਾਵ ਨਹੀਂ ਕਿ ਖ਼ਾਲਸੇ ਨੂੰ ਕੇਵਲ ਇਹੋ ਪੁਰਾਣੇ ਸ਼ਸਤਰ ਵਰਤਣ ਦੀ ਹੀ ਤਾਕੀਦ ਹੈ। ਸਮੇਂ ਦੇ ਗੇੜ ਤੇ ਲੋੜ ਮੁਤਾਬਿਕ ਸ਼ਸਤਰਾਂ ਦੀਆਂ ਸ਼ਕਲਾਂ ਬਦਲਦੀਆਂ ਰਹਿਣਗੀਆਂ। ਸੋ, ਖ਼ਾਲਸੇ ਨੂੰ ਉਹੀ ਸ਼ਸਤਰ ਵਰਤਣੇ ਯੋਗ ਹਨ, ਜੋ ਵਿਸ਼ੇਸ਼ ਲਾਭਦਾਇਕ ਹੋਣ। ਇਹ ਨਹੀਂ ਕਿ ਉਸ ਨੇ ਅਜ ਦੇ ਮਾਰੂ ਹਥਿਆਰਾਂ ਦੀ ਥਾਂ ਤੀਰ ਕਮਾਨ ਜਾਂ ਤੋੜੇਦਾਰ ਬੰਦੂਕ ਦੀ ਹੀ ਵਰਤੋਂ ਕਰਨੀ ਹੈ। ਹਾਂ, ਸ਼ਸਤਰਾਂ ਦੀ ਪ੍ਰਤਿਨਿਧ ਤੇਗ਼ ਨੂੰ, ਜਿਹਾ ਕਿ ਰਹਿਤਨਾਮਿਆਂ ਵਿਚ ਅੰਕਿਤ ਹੈ, ਖੰਡੇ ਦੀ ਪਾਹੁਲ ਸਮੇਂ ਦਸੀ ਰਹਿਤ ਮੁਤਾਬਕ ਸਦਾ ਅੰਗ-ਸੰਗ ਰਖਣਾ ਹੈ।

ਵੇਖੋ ਕਲਗੀਧਰ ਜੀ ਤਾਂ ਸ਼ਸਤਰਾਂ ਨੂੰ ਸਨਮਾਨਣ ਵਿਚ ਇਥੋਂ ਤਕ ਗਏ ਹਨ :—

ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੈਸਾਰੁ ਉਪਾਇਆ ॥

ਸੋ, ਸ੍ਰੀ ਦਸਮੇਸ਼ ਜੀ ਦੇ ਖ਼ਾਸ-ਰੂਪ ਖ਼ਾਲਸੇ ਨੇ ਸ੍ਰੀ ਅਨੰਦਪੁਰ ਸਾਹਿਬ ਅਤੇ ਹੋਰ ਥਾਂ-ਪਰ-ਥਾਂ ਹੋਲਾ ਮਹੱਲਾ ਮਨਾਉਂਦਿਆਂ ਅਤੇ ਸੂਰਮਿਆਂ ਤੇ ਸ਼ਹੀਦਾਂ ਸਿੰਘਾਂ ਦੀਆਂ ਵਾਰਾਂ ਗਾਉਂਦਿਆਂ ਤੇ ਸੁਣਦਿਆਂ ਹੋਇਆਂ ਦੀਨ-ਦੁਖੀਆਂ ਦੀ ਸੇਵਾ ਲਈ ਭਗਤੀ ਅਤੇ ਸ਼ਕਤੀ ਦੇ ਇਕ ਸਮਾਨ ਪੁਜਾਰੀ ਹੋਣਾ ਹੈ। ਉਸ ਨੇ ਸ਼ਸਤਰ-ਧਾਰ ਹੋ ਚੜ੍ਹਦੀਆਂ ਕਲਾਂ ਵਿਚ ਵਿਚਰਨ ਲਈ ਖ਼ਾਲਸੇ ਦੇ ਲਾਹੌਰ ਫ਼ਤਹ ਕਰਨ ਉਪਰੰਤ ਚਲਾਏ ਸਿੱਕੇ ਉਤੇ ਉਕਰੀ ਇਹ ਇਬਾਰਤ ਸਦਾ ਚੇਤੇ ਰਖਣੀ ਹੈ :—

ਦੇਗੋ ਤੇਗੋ ਫ਼ਤਹ ਓ ਨੁਸਰਤ ਬੇਦਰੰਗ,
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

[ਖ਼ਾਲਸੇ ਨੇ ਦੇਗ, ਤੇਗ ਤੇ ਫ਼ਤਹ (ਅਤੇ), ਬਿਨਾ ਦੇਰੀ, ਸਹਾਇਤਾ, ਗੁਰੂ ਨਾਨਕ ਅਤੇ ਗੁਰੂ ਗੋਬਿੰਦ ਤੋਂ ਪਾਈ ਹੈ।]

ਧਰਮਸਾਲ (ਗੁਰਦੁਆਰਾ)

ਸਤਿਗੁਰੂ ਨਾਨਕ ਦੇਵ ਜੀ ਜਦ ਪ੍ਰਭੂ ਨਾਲ ਇਕ-ਸੁਰ ਹੋਏ ਤਾਂ ਉਨ੍ਹਾਂ ਨੇ ਜੀਵ ਦੀ ਸੁਖ-ਸ਼ਾਂਤੀ ਤੇ ਕਲਿਆਣ ਲਈ 'ਸਗਲੀ ਚਿੰਤਾ' ਮਿਟਾਂ ਦੇਣ ਵਾਲੀ 'ਧੁਰ ਕੀ ਬਾਣੀ' ਰਚੀ; ਇਸ ਬਾਣੀ ਦੇ ਪਠਨ ਪਾਠ ਤੇ ਵੀਚਾਰ ਲਈ ਸੰਗਤਾਂ ਕਾਇਮ ਕੀਤੀਆਂ। ਇਨ੍ਹਾਂ ਸੰਗਤਾਂ ਦੇ ਮਿਲ ਬੈਠਣ ਲਈ ਕਿਸੇ ਸਾਂਝੇ ਅਸਥਾਨ ਦੀ ਲੋੜ ਪਈ, ਜਿਸ ਨੂੰ ਧਰਮਸਾਲ ਅਥਵਾ ਗੁਰਦੁਆਰੇ ਦੀ ਸੰਗਿਆ ਦਿਤੀ ਗਈ।

ਸੋ, ਇਸ ਤਰ੍ਹਾਂ, ਗੁਰਬਾਣੀ, ਸੰਗਤਿ ਤੇ ਧਰਮਸਾਲ (ਗੁਰਦੁਆਰਾ) ਆਪੋ ਵਿਚ ਦੀ ਅਨਿਖੜਵੀਆਂ ਵਸਤਾਂ ਬਣ ਗਈਆਂ ਅਤੇ ਇਨ੍ਹਾਂ ਤਿੰਨਾਂ ਦੀ ਸਹੀ ਵਰਤੋਂ ਵਿਹਾਰ ਵਿਚ ਹੀ ਸਿੱਖ ਅਥਵਾ ਪ੍ਰਾਣੀ ਮਾਤਰ ਦੀ ਕਲਿਆਨ ਦਾ ਭੇਦ ਭਰ ਦਿੱਤਾ।

ਸਾਡੀ ਅਗਵਾਈ ਲਈ ਗੁਰਬਾਣੀ ਤਾਂ ਅਜ ਵੀ ਓਹੋ ਹੀ ਹੈ ਜੋ ਸਤਿਗੁਰਾਂ ਦੇ ਵੇਲੇ ਸਿੱਖਾਂ ਨੂੰ ਸੰਗਤਿ ਅਤੇ ਧਰਮ-ਸਾਲ ਵਿਚ ਵੀਚਾਰਨ ਤੇ ਅਮਲਾਉਣ ਲਈ ਪ੍ਰਾਪਤ ਸੀ। ਅੱਜ ਗੁਰਦੁਆਰੇ ਵੀ ਬੇਸ਼ੁਮਾਰ ਹਨ ਅਤੇ 'ਘਰ ਘਰ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ' ਵਾਲੀ ਪੇਸ਼ੀਨਗੋਈ ਵੀ ਬਹੁਤ ਹੱਦ ਤਕ ਸੱਚ ਸਾਬਤ ਹੋ ਰਹੀ ਹੈ; ਬੇਅੰਤ ਸੰਗਤਾਂ ਵੀ ਦਿਨ ਰਾਤ ਇਨ੍ਹਾਂ ਧਰਮ-ਅਸਥਾਨਾਂ ਵਿਚ ਜੁੜਦੀਆਂ ਹਨ; ਪਰੰਤੂ ਸੱਚੇ-ਆਚਾਰ ਦੀ ਘਾੜਤ ਦਾ ਸਿੱਟਾ ਉਹ ਨਹੀਂ ਨਿਕਲ ਰਿਹਾ ਜੋ ਇਨ੍ਹਾਂ ਤਿੰਨਾਂ ਅਮੁਲ ਵਸਤਾਂ ਦੇ ਮੇਲ ਨਾਲ ਨਿਕਲਣਾ ਚਾਹੀਦਾ ਸੀ।

ਇਹ ਅਵਸਥਾ ਚਿੰਤਾ-ਜਨਕ ਹੈ।

ਪੂਰੀ ਗੰਭੀਰਤਾ ਨਾਲ ਵੀਚਾਰਿਆਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰਬਾਣੀ, ਸੰਗਤਿ ਤੇ ਧਰਮ-ਸਾਲ ਤਿੰਨਾਂ ਦੇ ਮੇਲ ਤੋਂ, ਜੋ ਪੂਰਨ-

ਮਨੁੱਖ (ਖਾਲਸੇ) ਦੀ ਘਾੜਤ ਨਹੀਂ ਘੜੀਂਦੀ, ਤਾਂ ਕਸਰ ਸੰਗਤਿ ਦੀ ਮਾਨਸਕ ਅਵਸਥਾ ਜਾਂ ਧਰਮ-ਸਾਲ ਦੀ ਮਰਯਾਦਾ, ਰਹੁ-ਰੀਤੀ ਤੇ ਵਾਤਾਵਰਨ ਵਿਚ ਹੀ ਹੋ ਸਕਦੀ ਹੈ, ਗੁਰਬਾਣੀ ਤਾਂ ਅਮਰ ਹੈ, ਸਦਾ ਨਵੀਂ ਤੇ ਨਿਰਮਲ ਰਹਿਣ ਵਾਲੀ ਜਦੀਵੀ ਸਚਾਈ।

ਹਾਂ ਜੀ, ਗੁਰੂ ਤੇ ਗੁਰਬਾਣੀ ਦਾ ਇਹ ਖਜ਼ਾਨਾ ਤਾਂ ਸਤਿਗੁਰਾਂ ਵੇਲੇ ਵੀ *ਰਤਨੀ-ਭਰਪੂਰ ਸੀ, ਅਜ ਵੀ ਹੈ, ਤੇ ਅਗੋਂ ਵੀ ਸਦਾ ਲਈ ਭਰਪੂਰ ਰਹੇਗਾ।

ਸੰਗਤ ਦੀ ਸਿਫਤ ਬਾਰ ਗੁਰਦੇਵ ਫੁਰਮਾਉਂਦੇ ਹਨ :—

ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ† ॥
ਏਕ ਨਾਮੁ ਹੁਕਮੁ ਹੈ, ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥
[ਸਿਰੀ ਰਾਗੁ ਮ: ੧, ਪੰਨਾ ੭੨

ਵਾਹ! ਸਭ ਤੋਂ ਵੱਡੇ ਸਤਿਗੁਰ ਨਾਨਕ ਦੇਵ ਜੀ ਨੇ ਕਿਤਨੀ ਖੂਬਸੂਰਤੀ, ਸਪੱਸ਼ਟਤਾ ਤੇ ਸੰਖੇਪਤਾ ਵਿਚ ਸਾਡੀ ਅਗਵਾਈ ਕੀਤੀ ਹੈ। ਸਤਸੰਗਤਿ ਉਹ ਹੈ ਜਿਥੇ ਕੇਵਲ 'ਨਾਮ' ਦਾ ਚਰਚਾ ਹੋਵੇ। ਨਾਮ ਕੀ ਹੈ? ਪ੍ਰਭੂ ਦਾ ਹੁਕਮ। ਇਸ ਹੁਕਮ ਦੀ ਸਮਝ ਕਿਥੋਂ ਪੈਂਦੀ ਹੈ? ਸਤਿਗੁਰੂ ਤੋਂ। ਸਤਿਗੁਰੂ ਕੌਣ ਹੈ? ਉੱਤਰ ਹੈ :—

ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥ [ਸੁਖਮਨੀ

ਤਥਾ—ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥
[ਨਟ ਮ: ੪, ਪੰਨਾ ੯੮੨

---

* ਗੁਰ ਸਾਗਰੁ ਰਤਨੀ ਭਰਪੂਰੇ ॥ ਅੰਮ੍ਰਿਤੁ ਸੰਤ ਚੁਗਹਿ, ਨਹੀ ਦੂਰੇ ॥
[ਧਨਾਸਰੀ ਮ: ੧, ਪੰਨਾ ੬੮੫

† ਦਰਾਂਅਆਲਿ ਫਕੀਰਿ ਮਾ, ਜੁਜ਼ ਜ਼ਿਕਰੇ ਜਾਨਾਨਾ ਨੇਸਤ।
(ਭਾਵ—ਸਾਡੀ ਸੰਗਤ ਵਿਚ ਪ੍ਰਭੂ ਦੇ ਜ਼ਿਕਰ ਤੋਂ ਬਿਨਾ ਦੂਜੀ ਗੱਲ ਨਹੀਂ ਹੁੰਦੀ।) [ਭਾਈ ਨੰਦ ਲਾਲ ਗੋਇਆ

ਸਪੱਸ਼ਟ ਹੈ ਕਿ ਗੁਰਬਾਣੀ ਤੇ ਸੰਗਤਿ ਦੇ ਮੇਲ ਨਾਲ ਹੀ 'ਸਤ-ਸੰਗਤਿ' ਬਣਦੀ ਹੈ।

ਅਜਿਹੀ ਸਤ-ਸੰਗਤਿ ਦੇ ਮਿਲ ਬੈਠਣ, ਆਪ ਤਰਨ ਤੇ ਹੋਰਨਾਂ ਨੂੰ ਤਾਰਨ ਤੇ ਜਲੰਦੇ ਜਗਤ ਨੂੰ ਉਬਾਰਨ ਲਈ ਹੀ ਸਤਿਗੁਰਾਂ ਨੇ ਸੱਚ ਦੀ ਧਰਮ-ਸਾਲ ਬੱਧੀ ਸੀ, ਗੁਰੂ-ਦੁਆਰੇ ਸਥਾਪਿਤ ਕੀਤੇ ਸਨ। ਇਸ ਬਾਰੇ ਪੰਜਵੇਂ ਗੁਰਦੇਵ ਫੁਰਮਾਉਂਦੇ ਹਨ :—

ਮੈ ਬਧੀ ਸਚੁ ਧਰਮਸਾਲ ਹੈ ॥ ਗੁਰਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾ ਪਖਾ ਫੇਰਦਾ, ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥

[ਸਿਰੀ ਰਾਗ ਮ: ੫, ਪੰਨਾ ੭੩

ਆਪ ਜੀ ਦਾ ਤਰਲਾ ਸੀ :—

ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮਸਾਲੀਐ ॥੩॥

[ਗੁਜਰੀ ਵਾਰ ਮ: ੫, ਪੰਨਾ ੫੧੮

ਧਰਮ-ਸਾਲ ਅਥਵਾ ਗੁਰਦੁਆਰੇ ਵਿਚ ਹਾਜ਼ਰ ਹੋ ਕੇ ਸਾਨੂੰ ਕੀ ਕਰਨਾ ਲੋੜੀਏ, ਇਸ ਬਾਰੇ ਪੰਜਵੇਂ ਗੁਰੂ ਜੀ ਦਾ ਫ਼ੁਰਮਾਨ ਹੈ :—

ਗੁਰ ਦੁਆਰੈ ਹਰਿ ਕੀਰਤਨੁ ਸੁਣੀਐ ॥
ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥
ਕਲਿ ਕਲੇਸ ਮਿਟਾਏ ਸਤਿਗੁਰੁ, ਹਰਿ ਦਰਗਹ ਦੇਵੈ ਮਾਨਾਂ ਹੇ ॥੪॥

[ਮਾਰੂ ਮ: ੫, ਪੰਨਾ ੧੦੭੫

ਪਰੰਤੂ ਗੁਰਦੁਆਰੇ ਵਿਚ ਤਨੋਂ ਮਨੋਂ ਹਾਜ਼ਰ ਹੋ ਕੇ, ਨਾ ਅਸੀਂ ਇੱਕ-ਚਿੱਤ ਕੀਰਤਨ ਸੁਣਦੇ ਹਾਂ, ਨਾ ਆਪ ਸਤਿਗੁਰੂ ਦਾ ਜਸ ਉਚਰਦੇ ਹਾਂ, ਫੇਰ ਇਸ ਵਿਚ ਕੀ ਅਚੰਭਾ ਹੈ ਕਿ ਸਾਡੇ ਕਲਿ ਕਲੇਸ਼ ਨਹੀਂ ਮਿਟਦੇ। ਭਟਕਣਾ ਮਿਟਣ ਦੀ ਥਾਂ ਵਧਦੀ ਤੇ ਸਾਡੇ 'ਮਨਿ ਖੋਟੇ ਤਨਿ ਚੋਰ' ਹੋਣ ਕਰਕੇ ਅਸੀਂ ਹੋਰ, ਬੱਜਰ ਪਾਪਾਂ ਦੇ ਭਾਗੀ ਬਣਦੇ ਹਾਂ।

ਗੁਰਦੁਆਰੇ ਵਿਚ ਹਾਜ਼ਰ ਹੋ ਕੇ ਤਾਂ ਕੀ, ਗੁਰਦੁਆਰੇ ਦਾ ਧਿਆਨ ਧਰਦਿਆਂ ਹੀ ਸਿਖ ਦਾ ਮਨ 'ਉਨਮਨ' ਅਵਸਥਾ ਵਿਚ ਆ ਜਾਣਾ ਚਾਹੀਏ। ਰਸਤੇ ਵਿਚ ਕੇਵਲ ਗੁਰੂ ਦਾ ਹੀ ਧਿਆਨ ਹੋਵੇ।

ਭਾਈ ਦੇਸਾ ਸਿੰਘ ਜੀ ਰਹਿਤਨਾਮੇ ਵਿਚ ਲਿਖਦੇ ਹਨ—

'ਗੁਰਦੁਆਰੇ ਜਾਵੈ, ਮਾਰਗ ਮੇਂ ਬ੍ਰਹਮ-ਚਰਚਾ ਧਾਰੈ।'

'ਮਾਰਗ' ਵਿਚ ਬ੍ਰਹਮ-ਚਰਚਾ ਧਾਰਨਾ ਤਾਂ ਇਕ ਅਤਿ ਉਚੇਰੀ ਅਵਸਥਾ ਦਾ ਲਖਾਇਕ ਹੈ, ਜੇ ਕਿਤੇ ਗੁਰਦੁਆਰੇ ਹਾਜ਼ਰ ਹੋ ਕੇ ਵੀ ਮਨ ਵਿਕਾਰਾਂ ਤੇ 'ਪਰ ਤ੍ਰਿਆ ਰੂਪ' ਦੇ ਸੂਤਕ* ਤੋਂ ਬਚਿਆ ਰਹੇ ਤਾਂ ਵੀ ਧੰਨ ਭਾਗ ਹਨ। ਜੇ ਕਿਤੇ ਧਰਮ-ਸਾਲ ਦੇ ਸੇਵਕਾਂ, ਮੁਖੀਆਂ ਤੇ ਪ੍ਰਬੰਧਕਾਂ ਦੀ ਅਵਸਥਾ ਗੁਰਦੁਆਰੇ ਦੀ ਸੇਵਾ ਵਿਚ ਹਰ ਸਮੇਂ ਹਾਜ਼ਰ ਰਹਿਣ ਦੇ ਸੁਭਾਗ ਕਰਕੇ, ਜਤ, ਸਤ ਤੇ ਸੇਵਾ ਭਾਵ ਵਾਲੀ ਹੋ ਜਾਵੇ ਤਾਂ ਵੀ ਸਮਝੋ ਕਿ ਗੁਰ-ਅਸਥਾਨ ਆਪਣਾ ਮਨੋਰਥ ਨਿਭਾ ਰਹੇ ਹਨ। ਪਰੰਤੂ, ਜੇ 'ਕੁਫ਼ਰ ਕਾਬੇ' ਵਿਚੋਂ ਹੀ ਸਿਰ ਚੁਕੇ ਤਾਂ 'ਮੁਸਲਮਾਨੀ' ਕਿਤਨੇ ਕੁ ਦਿਨਾਂ ਦੀ ਪ੍ਰਾਹੁਣੀ ਸਮਝੀ ਜਾਵੇਗੀ ?†

ਇਹ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਸਰਲ ਤੇ ਸਾਦਾ ਸੁਭਾਵ ਸ਼ਰਧਾਲੂ-ਜਨਤਾ ਵਿਚ ਤਾਂ ਭਰਮ ਜਾਵ ਹਨ; ਪਰੰਤੂ, ਜੇ ਖ਼ਤਰਨਾਕ ਘਾਟ ਆ ਵਾਪਰੀ ਹੈ ਤਾਂ ਉਹ ਹੈ ਗੁਰਦੁਆਰੇ ਦੇ ਸੇਵਕਾਂ ਤੇ ਪ੍ਰਬੰਧਕਾਂ ਵਿਚ। ਉਨ੍ਹਾਂ ਦੀ ਅਵਸਥਾ ਤਾਂ 'ਜਿਤਨਾ ਗਿਰਜੇ ਤੋਂ ਨੇੜੇ ਉਤਨਾ ਖ਼ੁਦਾ ਤੋਂ ਦੂਰ'‡ ਵਾਲੀ ਹੁੰਦੀ ਜਾ ਰਹੀ ਹੈ।

ਇਕ ਵੇਰ ਗੁਰਦੁਆਰੀਏ ਸੇਵਕਾਂ ਦੇ ਇਕ ਇਕੱਠ ਵਿਚ ਕੌਮ ਦੇ ਇਕ ਸੁਹਿਰਦ ਤੇ ਦਰਦ ਰਖਣ ਵਾਲੀ ਵਿਅਕਤੀ ਨੇ ਦੁਖੀ ਦਿਲ ਨਾਲ ਕੁਝ ਇਸ ਭਾਵ ਦੇ ਸ਼ਬਦ ਕਹੇ ਸਨ :—

"ਗੁਰਦੁਆਰਿਆਂ ਦੇ ਸੇਵਕਾਂ ਤੇ ਪ੍ਰਬੰਧਕਾਂ ਦੇ ਜੀਵਨ, ਵਰਤੋਂ ਵਿਹਾਰ ਤੇ ਪ੍ਰਬੰਧ-ਢਾਂਚੇ ਨੇ ਮਨੁੱਖ ਦੇ ਜੀਵਨ-ਸੋਮੇ—ਗੁਰ-ਅਸਥਾਨਾਂ—ਦਾ ਵਾਤਾਵਰਨ ਹੀ ਕੁਝ ਅਜਿਹਾ ਕਰ ਛੱਡਿਆ ਹੈ ਕਿ ਜੇ ਸਾਦਾ ਤੇ ਸਰਲ

---

* ਅਖੀ ਸੂਤਕੁ ਵੇਖਣਾ, ਪਰ ਤ੍ਰਿਅ ਪਰ ਧਨ ਰੂਪੁ ॥

(ਆਸਾ ਦੀ ਵਾਰ)

† ਚੂ ਕੁਫ਼ਰ ਅਜ਼ ਕਾਅਬਾ ਬਰਖ਼ੇਜ਼ਦ ਕੁਜਾ ਮਾਨਦ ਮੁਸਲਮਾਨੀ।

‡ The nearer the Church, the farther from God.

ਆਤਮਾ ਇਵੇਂ ਸੇਵਾ (ਮੁਲਾਜ਼ਮਤ) ਵਿਚ ਆਉਂਦੀ ਹੈ, ਉਹ ਪ੍ਰਭੂ-ਵਿਸ਼ਵਾਸ ਤੇ ਆਸਤਕਤਾ ਵਿਚ ਵਧੇਰੇ ਪਰਪੱਕ ਹੋਣ ਦੀ ਥਾਂ, ਉਲਟਾ ਅੰਦਰੋਂ ਵਿਸ਼ਵਾਸ-ਹੀਨ ਹੋ ਜਾਂਦੀ ਹੈ। ਉਸ ਦੇ ਮਨ ਵਿਚੋਂ ਸਹਿਜੇ ਸਹਿਜੇ ਪ੍ਰਭੂ ਦੇ ਨਿਰਮਲ ਭਉ, ਵਿਸ਼ਵਾਸ ਤੇ ਆਸਤਕਤਾ ਦਾ ਅਭਾਵ ਹੁੰਦਾ ਜਾਂਦਾ ਹੈ। ਨਹੀਂ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਕੋਈ "ਜਾਗਦੀ ਜੋਤਿ", ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੇਵਕ ਰਾਤ ਦਿਨ ਗੁਰੂ ਸੇਵਾ ਵਿਚ ਤੱਤਪਰ ਰਹਿੰਦਾ ਹੋਇਆ ਅਜਿਹੇ ਪਾਪ ਕਰਨ ਦਾ ਭਾਗੀ ਹੋਵੇ ਜਿਨ੍ਹਾਂ ਨੂੰ ਸੋਚਣੋਂ ਹੀ ਸਾਧਾਰਨ ਮਨੁੱਖ ਵੀ ਲੱਜਾ ਕਰਦਾ ਹੈ। ਅਜਿਹੇ ਸੇਵਕ ਦੀ ਆਚਰਣਕ ਗਿਰਾਵਟ ਹੋਰ ਹਜ਼ਾਰਾਂ ਲੋਕਾਂ ਦੇ ਦਿਲਾਂ 'ਚੋਂ ਸਿੱਖੀ ਸਿਦਕ ਤੇ ਆਸਤਕਤਾ ਦਾ ਅਭਾਵ ਕਰਨ ਦਾ ਕਾਰਨ ਬਣਦੀ ਹੈ। ਇਸ ਲਈ, ਉਸ ਉੱਤੇ ਆਪਣੀ ਅਤੇ ਜਨਤਾ ਦੀ ਮਹਾਨ ਜ਼ਿੰਮੇਵਾਰੀ ਹੈ।"

ਐ ਗੁਰ-ਅਸਥਾਨ ਦੇ ਸੇਵਕ ਤੇ ਨਾਮ-ਧਰੀਕ (ਨਾਮ ਦੇ ਧਾਰਨੀ) ਗੁਰਸਿਖ! ਬਾਹਰੋਂ, ਵਿਕਾਰਾਂ-ਵੇੜ੍ਹੇ ਮਨ ਨੂੰ ਹਟਕਣ ਲਈ ਤਾਂ ਗੁਰੂ-ਦੁਆਰੇ ਦਾ ਆਸਰਾ ਲਿਆ ਜਾਂਦਾ ਹੈ, ਪਰੰਤੂ, ਜੇ ਏਥੇ ਵੀ ਵਿਕਾਰ ਤੇਰਾ ਪਿੱਛਾ ਨਾ ਛੱਡਣ ਤਾਂ ਫੇਰ ਹੋਰ ਕਿਹੜਾ ਦਰਵਾਜ਼ਾ ਹੈ, ਜਿਸ ਨੂੰ ਖੜਕਾਇਆ ਜਾ ਸਕੇਗਾ? ਵੇਖ, ਭਾਈ ਗੁਰਦਾਸ ਜੀ ਕਿਸ ਖੂਬਸੂਰਤੀ ਨਾਲ ਤੈਨੂੰ ਇਹ ਸਚਾਈ ਨਿਸਚ ਕਰਵਾਉਣ ਦਾ ਉਪਕਾਰ ਕਰਦੇ ਹਨ:—

ਬਾਹਰ ਕੀ ਅਗਨਿ, ਬੂਝਤ ਜਲ ਸਰਿਤਾ ਕੈ,
ਨਾਉ ਮੈਂ ਜੌ ਆਗ ਲਾਗੈ ਕੈਸੇ ਕੈ ਬੁਝਾਈਐ।
ਬਾਹਰ ਸੈ ਭਾਗ ਓਟ ਲੀਜੀਅਤ ਕੋਟ ਗੜ੍ਹ,
ਗੜ੍ਹ ਮੈ ਜੌ ਲੂਟ ਲੀਜੈ, ਕਹੋ ਕਤ ਜਾਈਐ।
ਚੋਰਨ ਕੈ ਤ੍ਰਾਸ, ਜਾਇ ਸਰਨ ਗਹੈ ਨਰਿੰਦ,
ਮਾਰੈ ਮਹੀਪਤਿ, ਜੀਉ ਕੈਸੇ ਕੈ ਬਚਾਈਐ।
ਮਾਇਆ ਡਰ ਡਰਪਤ ਹਾਰ ਗੁਰਦੁਆਰੇ ਜਾਵੈ,
ਤਹਾਂ ਜੌ ਮਾਇਆ ਬਿਆਪੈ ਕਹਾਂ ਠਹਿਰਾਈਐ।

ਧਰਮਸਾਲੀਏ ਲੋਕਾਂ ਨੂੰ ਪਹਿਲਾ ਤਾਂ ਆਪ ਇਕ ਆਦਰਸ਼ਕ ਜੀਵਨ ਦਾ ਨਮੂਨਾ ਬਣ ਕੇ ਦੱਸਣਾ ਚਾਹੀਦਾ ਹੈ ਤੇ ਫੇਰ ਹੋਰਨਾਂ ਨੂੰ ਉਪਦੇਸ਼ ਦੇਣਾ। ਜੇ ਗੁਰਦੁਆਰਿਆਂ ਵਿਚ ਹੀ ਅਨਰਥ ਹੋਣ ਤਾਂ ਫੇਰ ਬਚਾਅ ਦਾ ਹੋਰ ਕਿਹੜਾ ਟਿਕਾਣਾ? ਗੁਰੂ ਸਾਹਿਬ ਦਾ ਵੀ ਬਚਨ ਹੈ—

'ਵਾਨਸਟ ਜਗ ਭ੍ਰਿਸ਼ਟ ਹੋਇ, ਡੂਬਤਾ ਇਵ ਜਗੁ॥' (੬੬੨)

'ਅੱਖ ਜੋ ਕੁਝ ਵੇਖਦੀ ਹੈ ਲਬ ਪੇ ਆ ਸਕਤਾ ਨਹੀਂ' ਦੀ ਮਜਬੂਰੀ ਕਾਰਨ ਆਖ਼ਰ ਇਨ੍ਹਾਂ ਸ਼ਬਦਾਂ ਨਾਲ ਹੀ ਇਸ ਲੇਖ ਨੂੰ ਸਮਾਪਤ ਕੀਤਾ ਜਾਂਦਾ ਹੈ ਕਿ ਧਰਮ ਸਾਲ (ਗੁਰਦੁਆਰੇ) ਦੀ ਸਹੀ ਅਜ਼ਮਤ ਸਮਝੇ ਤੇ ਇਸ ਦਾ ਪ੍ਰਬੰਧ ਧਰਮ-ਭਾਵਾਂ ਵਾਲਾ ਬਣਾਏ ਬਿਨਾਂ, ਧਰਮ-ਖੇਤਰ ਵਿਚ ਕਿੱਕਰ ਬੀਜ ਕੇ ਦਾਖਾਂ ਦੀ ਆਸ ਕਰਨ ਵਾਲੀ ਭੁੱਲ ਹੈ।

ਅਸੀਂ ਨਿੱਤ ਇਹ ਦਾਅਵਾ ਕਰਦੇ ਹਾਂ ਕਿ ਸਾਡਾ ਧਰਮ ਤੇ ਰਾਜ-ਨੀਤੀ ਇਕ ਹਨ, ਅਨਿਖੜਵੇਂ ਹਨ। ਅਸੂਲਨ ਇਹ ਦਰੁਸਤ ਹੈ। ਧਰਮ ਨੂੰ ਰਾਜਨੀਤੀ ਤਾਂ ਕੀ, ਜੀਵਨ ਦੇ ਕਿਸੇ ਪੱਖ ਨਾਲੋਂ ਵੀ ਅੱਡ ਨਹੀਂ ਕੀਤਾ ਜਾ ਸਕਦਾ। ਧਰਮ : ਦਇਆ, ਨਾਮ, ਸੱਚ ਮਾਨਵ-ਪਿਆਰ, ਹਮਦਰਦੀ ਸਤਿ ਸੰਤੋਖ ਤੇ ਪਰ-ਸੁਆਰਥ ਆਦਿ ਸਦ ਗੁਣਾਂ ਦਾ ਨਾਂ ਹੈ। ਜੇ ਇਹਨਾਂ ਨੂੰ ਧਰਮ ਨਾਲੋਂ ਨਿਖੇੜ ਲਈਏ ਤਾਂ ਬਾਕੀ ਆਪੋ ਧਾਪੀ, ਤਬਾਹੀ, ਧੱਕਾ ਸ਼ਾਹੀ ਤੇ ਕਤਲੋ-ਗ਼ਾਰਤ ਦੀ ਬਰਬਰੀਅਤ ਤੋਂ ਸਿਵਾ ਕੀ ਰਹਿ ਜਾਂਦਾ ਹੈ। ਅਲਾਮਾ ਇਕਬਾਲ ਨੇ ਇਸ ਹਕੀਕਤ ਨੂੰ ਇਉਂ ਕਲਮਬੰਦ ਕੀਤਾ ਹੈ :—

ਜਲਾਲਿ ਪਾਤਸ਼ਾਹੀ ਹੋ, ਯਾ ਜਮਹੂਰੀ ਤਮਾਸ਼ਾ ਹੋ,
ਜੁਦਾ ਹੋ ਦੀਂ ਸਿਆਸਤ ਸੇ, ਤੋ ਰਹਿ ਜਾਤੀ ਹੈ ਚੰਗੇਜ਼ੀ।

ਧਰਮ ਅਤੇ ਸਿਆਸਤ ਦੇ ਇਕੱਠੇ ਹੋਣ ਤੋਂ ਭਾਵ ਇਹ ਹੈ ਕਿ ਰਾਜਨੀਤੀ ਉੱਤੇ ਧਰਮ ਦਾ ਕੁੰਡਾ ਹੋਵੇ। ਇਹ ਨਹੀਂ ਕਿ ਅੰਦਰੋਂ ਨਿਸ਼ਾਨਾ ਦੁਨੀਆ, ਪਦ-ਪਦਵੀਆਂ ਤੇ ਸੁਆਰਥ ਹੋਵੇ ਤੇ ਬਾਹਰੋਂ ਬਹਾਨਾ ਦੀਨ। ਧਰਮ ਨੂੰ ਗੰਦੀ ਰਾਜਨੀਤੀ ਲਈ ਵਰਤਣਾ ਪਾਪ ਹੈ।

ਕੌਣ ਨਹੀਂ ਜਾਣਦਾ ਕਿ ਵਰਤਮਾਨ ਗੁਰਦੁਆਰਾ ਲੋਕ-ਤੰਤਰ

ਪ੍ਰਬੰਧਕੀ ਢਾਂਚੇ ਵਿੱਚ ਗੁਰਦੁਆਰਿਆਂ ਨੂੰ ਨਿੱਜੀ ਲਾਭਾਂ ਦੀ ਪ੍ਰਾਪਤੀ ਦੀ ਢਾਲ ਵਿਚ ਪਰੁਲ ਵਜੋਂ ਵਰਤਿਆ ਜਾਂਦਾ ਹੈ। ਐਸੇ ਮਾਹੌਲ ਵਿੱਚ ਪੰਜਵੇਂ ਪਾਤਸ਼ਾਹ ਦੇ ਤਖੱਯਲ ਦੀ ਉਪਰ ਬਿਆਨੀ ਧਰਮਸਾਲਾ ਦੀ ਹੋਂਦ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਧਰਮ-ਉਪਜਾਊ ਧਰਮਸਾਲਾ ਤਾਂ ਹੀ ਸੰਭਵ ਹੈ ਜੇ ਇਸ ਦੇ ਲੋਕ-ਤੰਤਰੀ ਚੋਣ-ਢਾਂਚੇ ਵਿਚ ਯੋਗ ਤਬਦੀਲੀ ਹੋਵੇ ਅਤੇ ਵਰਤਮਾਨ ਸੁਆਰਥੀ ਰਾਜਨੀਤੀ ਤੋਂ ਛੁਟਕਾਰਾ। (ਇਸ ਸੰਬੰਧੀ ਵਧੇਰੇ ਵਿਸਥਾਰ ਵਾਚੋ ਮੇਰੀ ਪੁਸਤਕ ''ਅੰਮ੍ਰਿਤ ਤੇ ਆਤਮਾ' ਵਿਚ।)

ਏਥੇ ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਧਰਮਸਾਲ ਦੀ ਸੰਭਾਲ ਵਿਚ ਹੀ ਪੰਥ ਦੀ ਬਿਰਧੀ ਤੇ ਧਰਮ-ਪ੍ਰਚਾਰ ਦਾ ਭੇਤ ਲੁੱਕਿਆ ਪਿਆ ਹੈ। ਧਰਮਸਾਲ ਦੀ ਸੰਭਾਲ ਦਾ ਧੁਰਾ ਗੁਰਦੁਆਰੇ ਦਾ ਗ੍ਰੰਥੀ ਅਥਵਾ ਧਰਮਸਾਲੀਆ ਹੈ। ਜਿਤਨਾ ਚਿਰ ਪ੍ਰਭੂ ਦੇ ਭੈ ਤੇ ਸੱਚੇ ਆਚਾਰ ਵਾਲੇ ਵਿਦਵਾਨ ਤੇ ਸੰਤੋਖੀ ਗ੍ਰੰਥੀ ਸਾਹਿਬਾਨ ਪੈਦਾ ਨਹੀਂ ਕੀਤੇ ਜਾਂਦੇ, ਧਰਮ-ਪ੍ਰਚਾਰ ਦੀ ਗੱਲ ਕਰਨਾ, ਹਵਾ ਵਿਚ ਤਲਵਾਰਾਂ ਮਾਰਨ ਤੁੱਲ ਹੈ।

ਸਿਆਣਿਆਂ ਦਾ ਕਥਨ ਹੈ ਕਿ ਜੁਧ ਵਿਚ ਸਭ ਤੋਂ ਪਹਿਲੀ ਮੌਤ ਸੱਚ ਦੀ ਹੁੰਦੀ ਹੈ। ਗੁਰਦੁਆਰਿਆਂ ਵਿਚ ਪ੍ਰਬੰਧਕੀ ਢਾਂਚਾ ਲੋਕ-ਤੰਤਰ ਵਾਲਾ ਹੋਣ ਕਰਕੇ ਆਪਸ ਵਿਚ ਦੀ ਖਿਚੋਤਾਣ, ਝਗੜਿਆਂ ਝੇੜਿਆਂ ਤੇ ਧੜਿਆਂ ਦੀ ਜ਼ੋਰ-ਅਜ਼ਮਾਈ ਦਾ ਹੋਰ ਚਾਹੇ ਕੁਝ ਵੀ ਸਿੱਟਾ ਨਿਕਲੇ; ਪਰੰਤੂ, ਇਹ ਮਹਾਨ ਕੌਮੀ ਘਾਟਾ ਅਵੱਸ਼ ਆ ਵਾਪਰਦਾ ਹੈ ਕਿ ਅਜਿਹੇ ਵਾਤਾਵਰਣ ਵਿਚ ਮਾੜੇ ਅਨਸਰ ਨੂੰ ਧੜੇਬੰਦੀ ਦੀ ਮਜ਼ਬੂਤੀ ਖਾਤਰ ਘੁਰ-ਘੱਪ ਵਿਚ ਰਖਣਾ ਅਨੇਤਵ ਹੋ ਜਾਂਦਾ ਹੈ, ਅਤੇ ਇਸ ਸਭ ਕੁਝ ਦੇ ਫਲ-ਸਰੂਪ ਫਰ ਸਹੀ ਅਰਥਾਂ ਵਿਚ ਨਾ ਧਰਮ ਰਹਿ ਜਾਂਦਾ ਹੈ ਨਾ ਧਰਮਸਾਲ। ਸ਼ਾਇਦ ਇਹੀ ਕਾਰਨ ਹੈ ਕਿ ਸੰਸਾਰ ਦੇ ਵੱਡੇ ਧਰਮਾਂ (ਮੱਤਾਂ) ਵਿੱਚੋਂ ਕਿਸੇ ਮੱਤ ਦੇ ਧਾਰਮਕ ਅਦਾਰੇ ਜਾਂ ਸੰਸਥਾ ਦਾ ਪ੍ਰਬੰਧ ਲੋਕ-ਤੰਤ੍ਰ ਦੀਆਂ ਲੀਹਾਂ ਉਤੇ ਨਹੀਂ, ਜਿਹਨਾਂ ਦੀ ਚੋਣ ਲਈ ਕਿਤੇ ਵੀ ਹਰ-ਬਾਲਗ ਨੂੰ ਵੋਟ ਦੇਣ ਦਾ ਹੱਕ ਪ੍ਰਾਪਤ ਨਹੀਂ, ਆਖਰ ਕਿਉਂ ?

ਇਹ ਗੱਲ ਵਿਚਾਰਨ ਯੋਗ ਹੈ, ਸਾਡੇ ਡੂੰਘੇ ਅਧਿਐਨ ਦੀ ਮੁਥਾਜ।

ਗੁਰਸਿਖ-ਰਹਿਤ

ਕਰਤਾ ਪੁਰਖ ਦੀ ਕੁਲ ਕਾਇਨਾਤ, ਚਾਹੇ ਉਹ ਸਜੀਵ ਹੈ, ਜਾਂ ਨਿਰਜੀਵ, ਖ਼ਾਸ ਬਝਵੇਂ ਨੇਮਾਂ ਵਿਚ ਚਲ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੂਹ ਦਿਸਦੀਆਂ ਅਤੇ ਅਣਦਿਸਦੀਆਂ ਵਸਤਾਂ ਨੂੰ ਇਕ ਬਝਵੇਂ ਤੌਰ ਵਿਚ ਤੋਰਨ ਜਾਂ ਕਾਇਮ ਰਖਣ ਵਾਲੀ ਰੱਬੀ ਸ਼ਕਤੀ ਨੂੰ ਕਿਤੇ 'ਭੈ' ਦਾ ਨਾਮ ਦਿਤਾ ਹੈ ਅਤੇ ਕਿਤੇ ਇਕ 'ਸੰਤੋਖ-ਥਾਪਕ' ਸੱਤਾ ਦੇ ਰੂਪ ਵਿਚ ਵੇਖਿਆ ਹੈ। ਆਪ ਜੀ 'ਆਸਾ ਕੀ ਵਾਰ' ਵਿਚ ਇਕ ਥਾਂ ਇਸ ਅਗਾਧ, ਅਗਾਹ ਤੇ ਅਗੰਮੀ ਸ਼ਕਤੀ ਦੇ ਪ੍ਰਬੰਧ-ਢਾਂਚੇ ਨੂੰ ਐਉਂ ਬਿਆਨ ਕਰਦੇ ਹਨ :—

ਭੈ ਵਿਚਿ ਪਵਣੁ ਵਹੈ ਸਦ ਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥(੪) [ਪੰਨਾ ੪੬੪

ਸ੍ਰੀ ਜਪੁਜੀ ਸਾਹਿਬ ਵਿਚ ਇਸ ਹਕੀਕਤ ਨੂੰ ਅਤਿ ਦੀ ਸੰਖੇਪਤਾ ਨਾਲ ਇਉਂ ਦਰਸਾਇਆ ਗਿਆ ਹੈ :—

ਧੌਲੁ ਧਰਮੁ, ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਹਿਆ ਜਿਨਿ ਸੂਤਿ ॥੧੬॥ [ਜਪੁਜੀ

ਨਿਰੰਕਾਰੀ ਬਾਬੇ ਵਲੋਂ ਉਪਰੋਕਤ ਗੁਰਵਾਕਾਂ ਵਿਚ ਇਤਨੀ

ਸਪੱਸ਼ਟਤਾ ਨਾਲ ਦਰਸਾਈ ਸੱਚਾਈ ਦੀ ਤਰਵੀਂ ਉਗਾਹੀ ਅੱਜ ਦੀ ਵਿਗਿਆਨਕ ਖੋਜ ਤੇ ਲਭਤ ਹੈ। ਵਿਗਿਆਨ ਨਾ ਹੀ ਕੋਈ ਨਵੇਂ ਅਸੂਲ ਘੜਦਾ ਹੈ, ਨਾ ਹੀ ਘੜ ਸਕਦਾ ਹੈ। ਹਾਂ, 'ਅਹਿਲ ਬਸੀਰਤ' (ਗਿਆਨ-ਨੇਤ੍ਰ ਰਖਣ ਵਾਲੇ ਦੂਰ-ਦਰਸ਼ੀ ਲੋਕ) ਕੁਦਰਤ ਦੇ ਸੀਨੇ ਵਿਚ ਛੁਪੇ ਭੇਤ ਲੱਭਣ ਲਈ ਸਦਾ ਵਿਤ ਅਨੁਸਾਰ ਹੰਭਲਾ ਜ਼ਰੂਰ ਮਾਰਦੇ ਆਏ ਹਨ। ਸ਼ਾਇਦ ਕੁਝ ਅਜਿਹੇ ਵਿਗਿਆਨੀਆਂ, ਖੋਜੀਆਂ ਤੇ ਗਿਆਨੀਆਂ ਦੀ ਖਿੜ੍ਹਤਾ ਤੇ ਆਧੁਨਕ ਪ੍ਰਾਪਤੀਆਂ ਨੂੰ ਤੱਕ ਕੇ ਹੀ ਇਕ ਸ਼ਾਇਰ ਨੇ ਇਹ ਦਾਅਵਾ ਕਰਨ ਦਾ ਹੀਆ ਕੀਤਾ ਹੈ :—

'ਰਾਜ਼ ਕੁਦਰਤ ਨੇ 'ਇਨਸਾਂ' ਸੇ ਛੁਪਾਏ ਤੋ ਬਹੁਤ,
ਮਗਰ, ਅਹਿਲ ਬਸੀਰਤ ਸੇ ਛੁਪਾਏ ਨ ਗਏ।'

ਪਰੰਤੂ, ਹਕੀਕਤ ਇਹ ਹੈ ਕਿ ਵਿਗਿਆਨ ਦੇ ਖੇਤਰ ਵਿਚ, ਜੋ ਕੁਝ ਵੀ ਜਾਣਿਆ ਜਾ ਸਕਿਆ ਹੈ, ਉਸ ਨਾਲ ਤਾਂ ਹੋਰ ਜਾਨਣ ਦੀ ਖੋਹ ਹੀ ਵਧੀ ਹੈ ਅਤੇ ਮਨੁੱਖ ਇਸ ਸਿੱਟੇ ਉਤੇ ਪੁੱਜਾ ਹੈ ਕਿ ਅੱਜ ਦੇ ਸਪੇਸ ਯੁਗ ਵਿੱਚ 'ਜਾਣੇ ਗਏ' ਨਾਲੋਂ 'ਅਨਜਾਣਿਆ' ਕੋਟ ਗੁਣਾ ਵਧ ਹੈ। ਇਹ ਰਚਨਾ ਇਹ ਪਸਾਰਾ ਨੇਤਿ ਨੇਤਿ (ਬੇਅੰਤ ਹੈ, ਬੇਅੰਤ ਹੈ)। ਹਾਂ, ਹੁਣ ਤਕ ਕੈਮਿਸਟਰੀ, ਬਿਆਲੋਜੀ, ਫਿਜ਼ਿਕਸ ਤੇ ਸਾਈਕਾਲੋਜੀ, ਆਦਿ ਵਿਗਿਆਨਕ ਤੇ ਮਨੋ-ਵਿਗਿਆਨਕ ਖੇਤਰਾਂ ਵਿਚ ਹੋਈ ਖੋਜ ਇਸ ਸਿੱਟੇ ਉਤੇ ਅਵੱਸ਼ ਅਪੜਦੀ ਹੈ ਕਿ ਕੁਦਰਤ ਦਾ ਦਿਸਦਾ ਤੇ ਅਣਦਿਸਦਾ ਅਤੇ ਜਾਣਿਆ ਤੇ ਅਨਜਾਣਿਆ ਸਾਰਾ ਪ੍ਰਬੰਧ ਕੁਝ ਬਝਵੇਂ ਨੇਮਾਂ ਅਧੀਨ ਤੁਰ ਰਿਹਾ ਹੈ। ਇਨ੍ਹਾਂ ਅਟੱਲ ਨੇਮਾਂ ਨੂੰ ਹੀ ਸਤਿਗੁਰੂ ਨੇ ਅਕਾਲ ਪੁਰਖ ਦੇ 'ਭੈ' ਦਾ ਨਾਮ ਦਿਤਾ ਹੈ। ਕੁਦਰਤ ਵਿਚ ਵਰਤ ਰਹੇ ਇਸ ਜ਼ਬਤ, ਨੇਮ, ਜਾਂ ਸੰਜਮ ਦਾ ਸਦਕਾ ਹੀ ਸੰਸਾਰ ਦਾ ਇਹ ਢਾਂਚਾ ਤੇ ਵਿਕਾਸ ਕਾਇਮ ਹੈ। ਹਵਾ, ਪਾਣੀ, ਅੱਗ, ਧਰਤੀ, ਅਕਾਸ਼ ਆਦਿ ਤੱਤ ਤੇ ਖੰਡਾਂ, ਬ੍ਰਹਿਮੰਡਾਂ ਦੀ ਕੁਲ ਕਾਇਨਾਤ, ਆਪਣੇ ਅੰਦਰ ਵੱਸੇ ਸਬਰ-ਸੰਤੋਖ ਦੇ ਆਸਰੇ ਹੀ ਸੂਤਰ-ਬੱਧ ਹਨ। ਕਾਦਰ ਦੀ ਕੁਦਰਤ ਵਿਚੋਂ ਇਹ ਨੇਮ-ਪਾਲਣਾ ਪਲ ਭਰ ਲਈ ਵੀ ਰੁਕੀ ਨਹੀਂ, ਅਤੇ ਇਹ ਰਚਨਾ ਧਾਹ-ਢੇਰੀ

ਹੋ ਕੇ ਹਾ-ਹਾ-ਕਾਰ ਮਚੀ ਤੇ ਪਰਲੋ ਆਈ ਨਹੀਂ।†

ਇਕ ਪੱਛਮੀ ਵਿਦਵਾਨ, ਸ੍ਰੀ ਫੀਲਡ ਨੇ ਨੇਮ-ਬੱਧ ਰਹਿਣ ਦੀ ਮਹੱਤਤਾ ਨੂੰ ਬਿਆਨ ਕਰਦਿਆਂ ਲਿਖਿਆ ਹੈ :—

'ਅਸਲੀ ਖੁਸ਼ੀ ਜਾਂ ਸ਼ਾਂਤੀ ਕਿਸੇ ਸੰਜਮ ਜਾਂ
ਅਸੂਲ ਵਿਚ ਰਹਿ ਕੇ ਹੀ ਪ੍ਰਾਪਤ ਹੁੰਦੀ ਹੈ।'

ਜੋ ਆਦਮੀ ਆਜ਼ਾਦੀ ਦੇ ਨਾਂ ਉਤੇ ਮਨ-ਇੱਛਤ ਗੱਲਾਂ ਕਰ ਗੁਜ਼ਾਰਨ ਦਾ ਲਾਇਸੰਸ ਚਾਹੁੰਦਾ ਹੈ, ਉਸ ਨੂੰ ਇਕ ਸੂਝਵਾਨ ਸ਼ਾਇਰ ਏਉਂ ਮਸ਼ਵਰਾ ਦਿੰਦਾ ਹੈ :—

''ਸ਼ਰਤਿ ਆਜ਼ਾਦੀ ਹੈ; ਆਜ਼ਾਦੀ ਕੀ ਕੁਛ ਪਾਬੰਦੀਆਂ,
ਇਨ ਕਾ ਜੋ ਪਾਬੰਦ ਹੈ, ਵੁਹ ਅਸਲ ਮੇਂ ਆਜ਼ਾਦ ਹੈ।''

ਵਾਸਤਵ ਵਿਚ ਕੋਈ ਵੀ ਵਿਅਕਤੀ ਪੂਰਨ ਤੌਰ ਉਤੇ ਸੁਤੰਤਰ ਜਾਂ ਪਾਬੰਦੀ-ਰਹਿਤ ਨਹੀਂ ਹੈ। ਉਸ ਨੂੰ ਅਵੱਸ਼ ਕੁਝ ਮਾਨਸਿਕ ਤੇ ਸਰੀਰਕ ਪਾਬੰਦੀਆਂ ਵਿਚ ਵਿਚਰਨਾ ਹੀ ਪੈਂਦਾ ਹੈ। ਫ਼ਰਕ ਕੇਵਲ ਇਹ ਹੈ ਕਿ ਭਲੇ ਪੁਰਸ਼ ਨੇਕ ਤੇ ਉੱਚ ਅਸੂਲਾਂ ਦੇ ਪਾਬੰਦ ਅਥਵਾ ਧਾਰਨੀ ਹੁੰਦੇ ਹਨ, ਜਦ ਕਿ ਬੁਰੇ ਲੋਕ ਮੰਦ ਵਾਸ਼ਨਾਵਾਂ ਤੇ ਵਾਦੀਆਂ ਦੇ ਕੈਦੀ। ਆਪਣੇ ਹੱਕਾਂ ਅਤੇ ਦੂਜਿਆਂ ਵਲ ਆਪਣੇ ਫ਼ਰਜ਼ਾਂ, ਜਾਂ ਇਉਂ ਆਖੋ ਕਿ ਆਪਣੇ ਤੇ ਦੂਜਿਆਂ ਦੇ ਹੱਕਾਂ ਵਿਚਕਾਰ ਨਿਆਂਇ ਪੂਰਬਕ ਸਮਝੌਤਾ ਹੋਏ ਬਿਨਾਂ ਸੰਸਾਰ ਦੀ ਕਾਰ ਚਲਣੀ ਸੰਭਵ ਨਹੀਂ। ਪੂਰਨ ਤੌਰ ਉਤੇ ਸੁਤੰਤਰ, ਜਾਂ ਗੁਰੂ ਨਾਨਕ ਨਿਰੰਕਾਰੀ ਦੇ ਸ਼ਬਦਾਂ ਵਿਚ* ਨਿਰਭਉ, ਸੁਤੰਤਰ ਤਾਂ ਕੇਵਲ ਇਕ ਨਿਰੰਕਾਰ ਹੀ ਹੈ। ਉਰਦੂ ਦੇ ਇਕ

---

† ਆਪੇ ਹੀ ਸੂਤ੍ਰਧਾਰੁ ਹੈ ਪਿਆਰਾ, ਸੂਤੁ ਖਿੰਚੇ ਢਹਿ ਢੇਰੀ ਹੋਇ ॥੧॥
[ਗੋਂਡ ਮ: ੪, ਪੰਨਾ ੮੭੫

* ਸਗਲਿਆ ਭਉ ਲਿਖਿਆ ਸਿਰਿ ਲੇਖੁ ॥
ਨਾਨਕ, ਨਿਰਭਉ ਨਿਰੰਕਾਰੁ ਸਚੁ ਏਕੁ ॥੧॥੪॥
ਸਲੋਕ ਮ: ੧, ਆਸਾ ਕੀ ਵਾਰ, ਪੰਨਾ ੪੬੪

ਕਵੀ ਨੇ ਇਸੇ ਹਕੀਕਤ ਨੂੰ ਕੈਦ 'ਚ ਪਈ ਬੁਲਬੁਲ ਦੇ ਵਿਅੰਗ-ਭਰਪੂਰ ਸ਼ਬਦਾਂ ਵਿਚ ਐਉਂ ਬਿਆਨ ਕੀਤਾ ਹੈ—

"ਮੈਂ ਹੂੰ ਗਿ੍ਫ਼ਤਾਰਿ ਕਫ਼ਸ, ਯਿਹ ਮੇਰੀ ਕਿਸਮਤ ਹੈ,
ਜੋ ਹੈਂ ਪਾਬੰਦਿ ਚਮਨ, ਵੁਹ ਭੀ ਤੋ ਆਜ਼ਾਦ ਨਹੀਂ।"

ਇਹੀ ਕਾਰਨ ਹੈ ਕਿ ਹਰੇਕ ਯੁਗ ਦੇ ਮਹਾਂਪੁਰਖਾਂ ਨੇ ਆਪਣੇ ਵੀਚਾਰਾਂ ਨੂੰ ਜੁਗੋ ਜੁਗ ਪਰਚਾਰੇ ਜਾਣ ਹਿਤ ਜੋ ਜੋ ਸੰਸਥਾ ਜਾਂ ਜਥੇਬੰਦੀ ਬਣਾਈ, ਅਥਵਾ ਮੱਤ ਤੋਰਿਆ, ਉਸ ਦੇ ਸਮਰਥਕਾਂ ਜਾਂ ਅਨੁਯਾਈਆਂ ਨੂੰ ਜਥੇਬੰਦ ਰੱਖਣ ਅਤੇ ਆਪਣੇ ਵਲੋਂ ਮਿਥੇ ਟੀਚਿਆਂ ਵਲ ਵਧਣ ਲਈ ਕੁਝ ਨੇਮ, ਕੁਝ ਸਿਧਾਂਤ ਆਦੱਸ਼ ਮਿਥੇ, ਅਥਵਾ 'ਰਹਿਤ' ਨੀਯਤ ਕੀਤੀ। ਹਾਂ, ਜ਼ਬਤ ਤੇ ਜ਼ਾਬਤੇ ਵਿਚ ਰਖਣ ਵਾਲੇ ਇਹ ਨੇਮ ਜਿਤਨੇ ਸਰਲ, ਸਾਦੇ, ਸੰਖੇਪ ਤੇ ਭਾਵ-ਪੂਰਤ ਹੋਣਗੇ, ਉਤਨਾ ਹੀ ਉਹ ਮੱਤ ਬਲਵਾਨ ਤੇ ਪ੍ਰਭਾਵਸ਼ਾਲੀ ਹੋਵੇਗਾ, ਅਤੇ ਉਸ ਦੇ ਅਵਲੰਬੀ ਹੋਣਗੇ ਜਿੰਦ-ਜਾਨ ਵਾਲੇ ਦੇਵੀ ਪੁਰਸ਼।

* * * * * *

ਰਹਿਤ :—

ਸਿਖ ਮੱਤ ਵਿਚ ਤਨ ਨੂੰ ਸੰਧਣ ਤੇ ਮਨ ਨੂੰ ਪ੍ਰਬੰਧਣ ਲਈ, ਜੋ ਸਿਧਾਂਤ ਸਤਿਗੁਰਾਂ ਨੇ ਮਨੁੱਖ ਮਾਤ੍ਰ ਦੀ ਭਲਾਈ ਤੇ ਅਗਵਾਈ ਲਈ ਨੀਯਤ ਕੀਤੇ ਹਨ, ਉਨ੍ਹਾਂ ਨੂੰ ਸਿਖ-ਬੋਲੀ ਵਿਚ 'ਰਹਿਤ' ਦਾ ਨਾਮ ਦਿੱਤਾ ਗਿਆ ਹੈ। ਸਿੱਖ ਨੇ ਰਹਿਤ ਤਨ ਦੀ ਵੀ ਰਖਣੀ ਹੈ ਅਤੇ ਮਨ ਦੀ ਵੀ। ਤਨ ਤੇ ਮਨ ਦਾ ਆਪਸ ਵਿਚ ਦੀ ਗੂੜ੍ਹਾ ਸੰਬੰਧ ਹੋਣ ਕਰਕੇ ਇਨ੍ਹਾਂ ਦੋਹਾਂ ਦੀ ਚਾਲ ਨੂੰ ਝਬਦੀਂ ਤੇ ਸੁਰ ਵਿਚ ਰੱਖਣ ਦੀ ਭਾਰੀ ਲੋੜ ਹੈ। ਜੇ ਇਹ ਖ਼ਿਆਲ ਠੀਕ ਹੈ ਕਿ ਨਰੋਏ* ਸਰੀਰ ਵਿਚ ਹੀ ਨਰੋਆ ਮਨ ਟਿਕਦਾ ਹੈ, ਤਾਂ ਇਸ ਹਕੀਕਤ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ

* A sound body has a sound mind.

ਕਿ †ਨਰੋਆ ਮਨ ਹੀ ਨਰੋਆ ਸਰੀਰ ਰਖਦਾ ਹੈ। ਭਾਵ, ਇਹ ਹੈ ਕਿ ਮਨ ਦਾ ਤਨ ਉਤੇ ਤੇ ਤਨ ਦਾ ਮਨ ਉਤੇ ਡੂੰਘਾ ਪ੍ਰਭਾਵ ਪੈਂਦਾ ਹੈ। ਹਾਂ, ਤਨ ਤੇ ਮਨ ਦੇ ਜੋੜ ਵਿਚ ਮਨ ਪਰਮੁਖ ਹੈ ਤੇ ਤਨ ਗੌਣ। ਇਹ ਗੱਲ ਕਿ ਮਨ ਦੀ ਚੜ੍ਹਦੀਂ ਤੇ ਸੰਜਮ-ਭਰਪੂਰ ਚਾਲ ਨਾਲ ਤਨ ਦੀ ਚਾਲ ਆਪੇ ਹੀ ਸੁਧਰ ਜਾਵੇਗੀ, ਬਹੁਤ ਹਦ ਤੱਕ ਤਾਂ ਠੀਕ ਹੈ, ਪਰੰਤੂ, ਇਸ ਨੂੰ ਦੋ ਤੇ ਦੋ ਚਾਰ ਵਾਂਗ ਦਰੁਸਤ ਨਹੀਂ ਮੰਨਿਆ ਜਾ ਸਕਦਾ। ਅਭਿਆਸੀ ਦੇ ਪ੍ਰਪੱਕ ਮਨ ਉਤੇ ਤਾਂ ਸਰੀਰ ਦੀ ਢਹਿੰਦੀ ਕਲਾ ਦਾ ਕੋਈ ਪ੍ਰਭਾਵ ਨਹੀਂ ਪਵੇਗਾ, ਪਰੰਤੂ, ਢਹਿੰਦੀਆਂ ਕਲਾ ਵਾਲਾ ਮਨ, ਤਨ ਦੇ ਪ੍ਰਭਾਵ ਨੂੰ ਅਵੱਸ਼ ਕਬੂਲੇਗਾ।

ਸੋ, ਉਪਰੋਕਤ ਸੰਖਿਪਤ ਵੀਚਾਰ ਦਾ ਸਿੱਟਾ ਲਾਜ਼ਮੀ ਤੌਰ ਉਤੇ ਇਹੀ ਨਿਕਲਿਆ ਕਿ ਮਨੁੱਖ-ਚਲਣ ਦੀ ਸੰਤੁਲਿਤ ਉਸਾਰੀ ਤੇ ਸਹਿਜ ਚਾਲ ਲਈ ਮਨ ਤੇ ਤਨ ਦੋਹਾਂ ਵਲ ਹੀ ਚੰਗਾ ਧਿਆਨ ਦੇਣ ਦੀ ਲੋੜ ਹੈ। ਗੁਰਵਾਕ ਹੈ :—

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ, ਮਨ ਤਨ ਭਏ ਅਰੋਗਾ ॥੧॥

[ਸੋਰਠਿ ਮ: ੫, ਪੰਨਾ ੬੧੧

ਇਹੀ ਕਾਰਨ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸਾਂ ਜੋਤਾਂ ਵਿਚ ਹੀ ਮਨ ਤੇ ਤਨ ਦੀ ਰਹਿਤ ਵਲ ਵਿਸ਼ੇਸ਼ ਤੇ ਸਮਾਨ ਧਿਆਨ ਦਿੱਤਾ ਹੈ। ਸਿਖ-ਸਤਿਗੁਰਾਂ ਤੋਂ ਪਹਿਲੇ ਦੇ ਭਾਰਤ ਦਾ ਇਤਿਹਾਸ ਇਹ ਸਾਖੀ ਭਰਦਾ ਹੈ ਕਿ ਇਥੇ ਕਦੀ ਮਨ ਤੇ ਕਦੀ ਕੇਵਲ ਤਨ ਦੀ ਸੰਭਾਲ ਤੇ ਪੂਜਾ ਹੁੰਦੀ ਰਹੀ। ਇਸ ਨਾਲ ਜੀਵਨ-ਰੱਥ ਦਾ ਪਾਸ ਪੈ ਜਾਣਾ ਕੁਦਰਤੀ ਸੀ। ਇਕ-ਪੱਖੀ ਫਲਸਫੇ ਦੇ ਮੁਦੱਈ ਤੇ ਧਾਰਨੀ ਲੋਕਾਂ ਨੇ ਏਥੋਂ ਦੇ ਵਸਨੀਕਾਂ ਦੇ ਜੀਵਨ ਨੂੰ ਵੀ ਇਕ-ਪੱਖੀ, ਅਧੂਰਾ ਤੇ ਨਿਤਾਣਾ ਬਣਾ ਦਿੱਤਾ ਸੀ, ਜਿਸ ਦੇ ਫਲ-ਸਰੂਪ ਇਹ ਦੇਸ਼ (ਰਿਸ਼ੀਆਂ ਮੁਨੀਆਂ ਦੀ ਪੁੰਨ-ਭੂਮੀ) ਕੋਈ ਇੱਕ ਹਜ਼ਾਰ ਬਰਸ ਤਕ ਅਣਖ-ਹੀਣਤਾ, ਅਧੋਗਤੀ ਤੇ ਪ੍ਰਾਧੀਨਤਾ ਦਾ ਜੀਵਨ ਜੀਉਣ ਅਤੇ ਅਕਹਿ ਤੇ ਅਸਹਿ ਕਸ਼ਟਾਂ ਅਤੇ ਅੱਤਿਆਚਾਰਾਂ

† A sound mind has a sound body.

ਦਾ ਨਿਸ਼ਾਨਾ ਬਣਨ ਉੱਤੇ ਮਜਬੂਰ ਹੋਇਆ ।

ਸਿੱਖ ਸਤਿਗੁਰਾਂ ਨੇ ਇਕ ਸੁਜਾਨ ਵੈਦ ਵਾਂਗ ਸਮਾਜ ਦੇ ਇਸ ਰੋਗ ਨੂੰ ਲੱਭਿਆ ਅਤੇ ਮਨੁੱਖ ਦੇ ਮਨ ਅਤੇ ਤਨ ਦੀ ਸਮਾਨ ਸਾਂਭ ਤੇ ਵਾਧੇ ਲਈ 'ਰਹਿਤ' ਦੇ ਰੂਪ ਵਿਚ ਆਜ਼ਮੂਦਾ ਨੁਸਖੇ ਤਜਵੀਜ਼ ਕੀਤੇ । ਇਸ ਦੇ ਫਲ-ਸਰੂਪ ਇੱਥੇ ਇੱਕ ਅਜਿਹਾ ਆਦਰਸ਼ਕ ਸਮਾਜ ਹੋਂਦ ਵਿਚ ਆਇਆ, ਜੋ ਜੀਵਨ ਦੇ ਸਮੂਹ ਪੱਖਾਂ ਵਲੋਂ ਸੰਪੂਰਨ ਸੀ, ਸੰਤੁਲਿਤ ਸੀ, 'ਖ਼ਾਲਸ' ਸੀ । ਮਨ ਅਤੇ ਤਨ ਦੀ ਜਿਸ 'ਰਹਿਤ' ਨੇ ਇਹ ਕ੍ਰਿਸ਼ਮਾ ਕਰ ਵਿਖਾਇਆ, ਉਸ ਬਾਰੇ ਅਸੀਂ ਸੰਖੇਪ ਤੌਰ ਉੱਤੇ ਆਪਣੇ ਵੀਚਾਰ ਸੁਹਿਰਦ ਪਾਠਕਾਂ ਨਾਲ ਇਸ ਪ੍ਰਕਾਰ ਸਾਂਝੇ ਕਰਦੇ ਹਾਂ ।

ਮਨ ਦੀ ਰਹਿਤ :–

ਮਨ ਦੀ ਰਹਿਤ ਵਿਚ ਉਹ ਸਾਰੇ ਸਦ-ਗੁਣ ਆ ਜਾਂਦੇ ਹਨ, ਜਿਨ੍ਹਾਂ ਦੀ ਬਰਕਤ ਨਾਲ ਮਨੁੱਖ ਨੇ ਸਹੀ ਅਰਥਾਂ ਵਿਚ ਰੱਬ ਦਾ ਹੁਕਮੀ ਬੰਦਾ ਬਣਨਾ ਅਤੇ ਸਿਮਰਨ ਦੁਆਰਾ *ਕਾਮ, ਕਰੋਧ, ਲੋਭ, ਮੋਹ, ਅਹੰਕਾਰ ਆਦਿ ਵਿਕਾਰਾਂ ਦੀ 'ਮੁਹਕਮ ਤੇ ਹਠੀਲੀ ਫ਼ੌਜ' ਨੂੰ ਨਿਹੱਥੇ ਕਰਨਾ ਤੇ ਪਛਾੜਨਾ ਹੈ, ਆਪਣੇ ਪ੍ਰਿਜ-ਪ੍ਰੀਤਮ-ਪ੍ਰਮਾਤਮਾ—ਵਿਚਕਾਰ ਹਉਮੈ ਤੇ †ਕੂੜ ਦੀ ਉਸਰੀ ਕੰਧ ਨੂੰ ਤੋੜ ਕੇ 'ਸਚਿਆਰਾ' ਹੋਣਾ ਹੈ;

---

* ਚਾਰਿ ਬਰਨ, ਚਉਹਾ ਕੇ ਮਰਦਨ, ਖਟੁ ਦਰਸਨ ਕਰ ਤਲੀ ਰੇ ॥
ਸੁੰਦਰ ਸੁਘਰ ਸਰੂਪ ਸਿਆਨੇ, ਪੰਚਹੁ ਹੀ ਮੋਹਿ ਛਲੀ ਰੇ ॥੧॥
ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ, ਸੋ ਪੂਰਾ ਇਹ ਕਲੀ ਰੇ ॥੧॥ਰਹਾਉ॥
ਵਡੀ ਕੋਮ ਵਸਿ ਭਾਗਹਿ ਨਾਹੀ, ਮੁਹਕਮ ਫਉਜ ਹਠਲੀ ਰੇ ॥
ਕਹੁ ਨਾਨਕ ਤਿਨਿ ਜਨਿ ਨਿਰਦਲਿਆ, ਸਾਧ ਸੰਗਤਿ ਕੈ ਝਲੀ ਰੇ ॥੨॥੩੪॥
[ਆਸਾ ਮ: ੫, ਪੰਨਾ ੪੦੪

† ਪ੍ਰਸ਼ਨ—ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ?
ਉੱਤਰ—ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥ [ਜਪੁਜੀ

'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੇ ਅਮਰ ਸਿਧਾਂਤ ਨੂੰ ਧਾਰਨ ਕਰਨਾ ਅਤੇ 'ਅਕੁਲ ਨਿਰੰਜਨ' (ਕੁਲ-ਰਹਿਤ ਪ੍ਰਮਾਤਮਾ) ਦੇ ਪੁਜਾਰੀ ਹੋ ਕੇ ਕੁਲ, ਜ਼ਾਤ, ਨਸਲ ਆਦਿ ਦੇ ਨਕਲੀ ਵਿਤਕਰਿਆਂ ਦਾ ਪੂਰਨ ਅਭਾਵ ਕਰਨਾ ਹੈ। ਚੌਥੇ ਅਤੇ ਪੰਜਵੇਂ ਗੁਰਦੇਵ, ਮਿਹਰਾਂ ਦੇ ਘਰ ਵਿਚ ਆ ਕੇ ਅਜਿਹੇ ਨਿਰਮਲ ਕਰਮਾਂ ਵਾਲੇ ਗੁਰਸਿਖ ਸੰਤਾਂ, ਗੁਰਮੁਖਾਂ ਦੇ ਮਨ ਤੇ ਤਨ ਦੀ 'ਰਹਿਤ' ਦਾ ਸੰਖੇਪ ਜਿਹਾ ਬਿਊਰਾ, ਸਾਡੀ ਸਦੀਵੀ ਅਗਵਾਈ ਹਿਤ, ਇਸ ਪ੍ਰਕਾਰ ਦਿੰਦੇ ਹਨ :—

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ,
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,
ਬਹਦਿਆ ਉਠਦਿਆ ਹਰਿਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,
ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ,
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥ (੧੧)

[ਮ: ੪, ਗਉੜੀ ਕੀ ਵਾਰ, ਪੰਨਾ ੩੦੫

ਤਥਾ—ਆਠ ਪਹਰ ਨਿਕਟਿ ਕਰਿ ਜਾਨੈ ॥
ਪ੍ਰਭ ਕਾ ਕੀਆ ਮੀਠਾ ਮਾਨੈ ॥
ਏਕੁ ਨਾਮੁ ਸੰਤਨ ਆਧਾਰੁ ॥
ਹੋਇ ਰਹੇ ਸਭ ਕੀ ਪਗ ਛਾਰੁ ॥੧॥

ਸੰਤ ਰਹਤ ਸੁਨਹੁ ਮੇਰੇ ਭਾਈ ॥
ਉਆ ਕੀ ਮਹਿਮਾ ਕਥਨੁ ਨ ਜਾਈ ॥੧॥ਰਹਾਉ॥
ਵਰਤਣਿ ਜਾ ਕੈ ਕੇਵਲ ਨਾਮ ॥
ਅਨਦ ਰੂਪ ਕੀਰਤਨੁ ਬਿਸ੍ਰਾਮ ॥
ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥
ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥੨॥
ਕੋਟਿ ਕੋਟਿ ਅਘ ਕਾਟਨਹਾਰਾ ॥
ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥
ਸੂਰਬੀਰ ਬਚਨ ਕੇ ਬਲੀ ॥
ਕਉਲਾ ਬਪੁਰੀ ਸੰਤੀ ਛਲੀ ॥੩॥
ਤਾ ਕਾ ਸੰਗੁ ਬਾਛਹਿ ਸੁਰ ਦੇਵ ॥
ਅਮੋਘ ਦਰਸੁ ਸਫਲ ਜਾ ਕੀ ਸੇਵ ॥
ਕਰ ਜੋੜਿ ਨਾਨਕੁ ਕਰੇ ਅਰਦਾਸਿ ॥
ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥੪॥੩੨॥੮੩॥

[ਆਸਾ ਮ: ੫, ਪੰਨਾ ੩੯੨

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਖਾਲਸੇ ਲਈ ਸਰੀਰਕ ਰਹਿਤ ਧਾਰਨ ਦੀ ਆਗਿਆ ਕੀਤੀ ਹੈ, ਓਥੇ ਮਨ ਦੀ ਰਹਿਤ ਨੂੰ ਪਹਿਲਾ ਤੇ ਵਿਸ਼ੇਸ਼ ਅਸਥਾਨ ਦਿਤਾ ਹੈ। ਉਹਨਾਂ ਦੀ ਬਾਣੀ ਅਤੇ ਰਹਿਤਨਾਮਿਆਂ ਵਿਚੋਂ ਕੁਝ ਕੁ ਪ੍ਰਮਾਣ ਵੰਨਗੀ ਵਜੋਂ ਹੇਠ ਦਰਜ ਕੀਤੇ ਜਾਂਦੇ ਹਨ :—

(ੳ) ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨਿ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ, ਗੋਰ, ਮੜੀ, ਮਟ ਭੂਲ ਨ ਮਾਨੈ ॥
ਤੀਰਥ, ਦਾਨ, ਦਯਾ, ਤਪ, ਸੰਜਮ, ਏਕ ਬਿਨਾ ਨਹ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮਹਿ ਤਬ ਖਾਲਸਾ ਤਾਹਿ ਨਖਾਲਸ ਜਾਨੈ ॥

[ਅਕਾਲ ਉਸਤਤਿ

(ਅ) ਰੇ ਮਨ ਐਸੋ ਕਰ ਸੰਨਿਆਸਾ ॥
ਬਨ ਸੇ ਸਦਨ ਸਬੈ ਕਰ ਸਮਝਹੁ, ਮਨ ਹੀ ਮਾਹਿ ਉਦਾਸਾ ॥ਰਹਾਉ॥

ਜਤ ਕੀ ਜਟਾ, ਜੋਗ ਕੋ ਮਜਨੁ, ਨੇਮ ਕੇ ਨਖਨ ਬਢਾਉ ॥
ਗਿਆਨ ਗੁਰੂ, ਆਤਮ ਉਪਦੇਸਹੁ, ਨਾਮ ਬਿਭੂਤ ਲਗਾਉ ॥੧॥
ਅਲਪ ਅਹਾਰ, ਸੁਲਪ ਸੀ ਨਿੰਦ੍ਰਾ, ਦਇਆ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ, ਹ੍ਵੈਬੋ ਤ੍ਰਿਗੁਣ ਅਤੀਤਿ ॥੨॥
ਕਾਮ, ਕ੍ਰੋਧ, ਹੰਕਾਰ, ਲੋਭ, ਹਠ, ਮੋਹ ਨ ਮਨ ਸਿਉ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੇ, ਪਰਮ ਪੁਰਖ ਕਹ ਪਾਵੈ ॥੩॥੧॥

ਰਾਮਕਲੀ ਪਾਤਸ਼ਾਹੀ ੧੦, ਸ਼ਬਦ ਹਜ਼ਾਰੇ

ਮਨ ਦੀ ਰਹਿਤ, ਭਾਈ ਨੰਦ ਲਾਲ ਜੀ ਦੇ ਰਹਿਤਨਾਮੇ ਅਤੇ ਤਨਖਾਹਨਾਮੇ ਅਨੁਸਾਰ :–

(ਸ੍ਰੀ ਗੁਰੋਵਾਚ, ਚੌਪਈ)

(ੳ) ਗੁਰਸਿਖ ਰਹਤ ਸੁਨੋ ਮੇਰੇ ਮੀਤ ॥
ਉਠ ਪ੍ਰਭਾਤੇ ਕਰ ਹਿਤ ਚੀਤ ॥
ਵਾਹਿਗੁਰੂ ਪੁਨ ਮੰਤ੍ਰ ਸੁ ਜਾਪ ॥
ਕਰ ਇਸਨਾਨ ਪੜ੍ਹੇ ਜਪੁ ਜਾਪੁ ॥੫੪॥
ਦਰਸ਼ਨ ਕਰੈ ਮੇਰਾ ਪੁਨ ਆਇ ॥
ਅਦਬ ਸਿਉ ਬੈਠ ਗੁਰੂ ਚਿਤ ਲਾਇ ॥
ਤੀਨ ਪਹਰ ਜਬ ਬੀਤੇ ਜਾਨ ॥
ਕਥਾ ਸੁਨੇ ਗੁਰ, ਹਿਤ ਚਿਤ ਠਾਨ ॥੫੫॥
ਸੰਧਯਾ ਸਮੇ ਸੁਨੇ ਰਹਿਰਾਸ ॥
ਕੀਰਤਨ ਕਥਾ ਸੁਨੇ ਹਰਿ ਜਾਸ ॥
ਇਨ ਮੇ ਨੇਮ ਜੁ ਏਕ ਕਰਾਇ ॥
ਸੋ ਸਿਖ ਅਮਰ ਪੁਰੀ ਮੇ ਜਾਇ ॥੫੬॥
(ਅ) ਖਾਲਸਾ ਸੋਈ ਜੋ ਨਿੰਦਾ ਤਿਆਗੈ ॥
ਖਾਲਸਾ ਸੋਈ ਲੜੈ ਹੁਇ ਆਗੈ ॥
ਖਾਲਸਾ ਸੋਈ ਜੋ ਪੰਚਾ* ਕਉ ਮਾਰੈ ॥

---

* ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ।

ਖਾਲਸਾ ਸੋਈ ਕਰਮਾ ਕੇ ਸਾਤੇ ॥
ਖਾਲਸਾ ਸੋਈ ਮਾਨ ਕੋ ਤਿਆਗੇ ॥
ਖਾਲਸਾ ਸੋਈ ਪਰ ਦ੍ਰਿਸਟਿ ਕਉ ਤਿਆਗੈ॥
ਖਾਲਸਾ ਸੋਈ ਨਾਮ ਰਤ ਲਾਗੈ ॥
ਖਾਲਸਾ ਸੋਈ ਗੁਰਬਾਣੀ ਹਿਤ ਲਾਵੈ ॥
ਖਾਲਸਾ ਸੋਈ ਸਾਰ ਮੁਹਿ ਖਾਵੈ ॥

ਰਹਿਤਨਾਮਾ ਭਾਈ ਦਯਾ ਸਿੰਘ ਜੀ ਵਿਚੋਂ—

(ੳ) ਗੁਰੂ ਕਾ ਸਿਖ ਮਟ, ਬੁਤ, ਤੀਰਥ, ਦੇਵੀ-ਦੇਵਤਾ, ਬਰਤ, ਪੂਜਾ-ਅਰਚਾ, ਮੰਤਰ-ਜੰਤਰ, ਪੀਰ, ਬ੍ਰਾਹਮਣ, ਪੁਛਣਾ, ਤਰਪਨ, ਗਾਯਤ੍ਰੀ, ਕਿਤੇ ਚਿਤ ਦੇਵੈ ਨਾਹੀ।

(ਅ) ਖਾਲਸਾ ਸੋ ਜਿਨ ਤਨ, ਮਨ,ਧਨ, ਅਕਾਲ ਪੁਰਖ ਨੂੰ ਸੌਂਪਿਆ ਹੈ।

ਰਹਿਤਨਾਮਾ ਭਾਈ ਦੇਸਾ ਸਿੰਘ ਜੀ ਵਿਚੋਂ :—

ਬਾਣੀ ਮਾਹਿ ਨੇਹ ਨਿਤ ਕਰਨੇ ॥ ਚੁਗਲੀ ਅਰੁ ਨਿੰਦਾ ਪਰਿਹਰਨੇ ॥
ਵਾਹਿਗੁਰੂ ਨਿਤ ਬਚਨ ਉਚਾਰੇ ॥ ਵਾਹਿਗੁਰੂ ਕੋ ਹਿਰਦੇ ਧਾਰੇ ॥
ਕਾਮ ਕ੍ਰੋਧ ਲੋਭ ਮਦ ਮਾਨ ॥ ਇਨ ਕੋ ਛੋਰੇ ਕਰੇ ਸਿਆਨ ॥
ਵਿਨਯ ਬਿਬੇਕ ਧਰਮ ਦ੍ਰਿੜ ਰਾਖੇ ॥ ਮਿਥਯਾ ਬਚਨ ਨ ਕਬਹੂ ਭਾਖੇ ॥
ਵੱਢੀ ਲੈ ਕੇ ਨਯਾਯ ਨ ਕਰੀਏ ॥ ਝੂਠੀ ਸਾਖ(ਗਵਾਹੀ)ਕਬਹੂੰ ਨ ਭਰੀਏ ॥

ਭਾਈ ਚੌਪਾ ਸਿੰਘ ਜੀ ਦੇ ਰਹਿਤਨਾਮੇ 'ਚੋਂ :—

ਗੁਰੂ ਕਾ ਸਿਖ ਸ਼ਰਾਬ ਕਦੀ ਨ ਪੀਵੈ......ਕਾਰਜੀਂ ਕੇ ਆਦਿ ਮੇਂ ਅਰਦਾਸ ਕਰੇ। ਆਪਣੇ ਗੁਰੂ ਬਿਨਾ ਹੋਰ ਨਾ ਜਾਣੇ। .. .. ਸਿਖਾਂ ਦਾ ਮਾਮਲਾ ਸਿਖਾਂ ਵਿਚ ਨਿਬੜੇ। ਜੋ ਸਿਖਾਂ ਦੇ ਬਿਨਾਂ ਕਹੇ ਦੇ, ਹਾਕਮ ਦੇ ਜਾਵੈ, ਸੋ ਤਨਖਾਹੀਆ। ਕਰਜ਼ ਦੇਣ ਵੇਲੇ ਜੋ ਬੇਮੁਖ ਹੋਵੇ ਸੋ ਤਨਖਾਹੀਆ। ਬਚਨ ਕਹਿ ਕੇ ਜੋ ਮੁੱਕਰੇ ਸੋ ਤਨਖਾਹੀਆ। ਦਗਾ ਕਰੇ ਸੋ ਤਨਖਾਹੀਆ।

ਪ੍ਰੇਮ ਸੁਮਾਰਗ ਵਿਚੋਂ :—

(ੳ) ਜੋ ਸਿਖ ਖਾਲਸੇ ਸ੍ਰੀ ਅਕਾਲ ਪੁਰਖ ਕੇ ਹੋਵੇਂਗੇ ਸੋ ਸਿਵਾਏ ਸ੍ਰੀ ਅਕਾਲ ਪੁਰਖ ਦੂਸਰੇ ਮਨੁੱਖ ਕੇ ਜਾਮੇ ਕੋ ਨ ਮਾਨੇਂਗੇ ।

(ਅ) ਸਭ ਤੇ ਵੱਡੀ ਰਹਿਤ ਇਹ ਹੈ ਜੋ ਮਿਥਿਆ ਨ ਬੋਲੇ, ਮਰਦ ਪਰ-ਨਾਰੀ ਕਾ ਸੰਗ ਨਾ ਕਰੇ, ਇਸਤ੍ਰੀ ਬਿਗਾਨੇ ਮਰਦ ਕੋ ਨ ਦੇਖੇ, ਲੋਭ ਨਾ ਕਰੇ, ਅਹੰਕਾਰ ਨ ਕਰੇ, ਬਹੁਤ ਮੋਹ ਨ ਕਰੇ, ਨਿੰਦਿਆ ਨ ਕਰੇ ।

ਵੇਖੋ, ਕਿਤਨਾ ਜ਼ੋਰ ਦਿਤਾ ਗਿਆ ਹੈ ਖ਼ਾਲਸੇ ਦੀ ਮਾਨਸਿਕ ਰਹਿਤ ਉਤੇ । ਹੁਣ ਆਓ, ਤਨ ਦੀ ਰਹਿਤ ਸੰਬੰਧੀ ਵੀ ਸੰਖੇਪ ਤੌਰ ਉਤੇ ਕੁਝ ਵੀਚਾਰ ਕਰੀਏ ।

ਤਨ ਦੀ ਰਹਿਤ—

ਮਨ ਦੀ ਹਰੇਕ ਚੰਗੀ-ਮੰਦੀ ਰਹਿਤ ਦਾ ਪ੍ਰਗਟਾਵਾ ਸ਼ੁਭ-ਅਸ਼ੁਭ ਅਮਲਾਂ ਰਾਹੀਂ ਹੀ ਹੋਣਾ ਹੈ । ਇਹ ਅਮਲ ਮਨ ਦੀ ਪ੍ਰੇਰਨਾ ਨਾਲ ਤਨ ਨੇ ਨਿਭਾਣੇ ਨੇ । ਇਸ ਹਕੀਕਤ ਨੂੰ ਇਉਂ ਵੀ ਬਿਆਨਿਆ ਜਾ ਸਕਦਾ ਹੈ ਕਿ ਸੂਖਮ (ਮਨ) ਨੇ ਅਸਥੂਲ (ਸਰੀਰ) ਦੇ ਆਸਰੇ ਹੀ ਟਿਕਣਾ ਤੇ ਪ੍ਰਗਟ ਹੋਣਾ ਹੈ, *ਉਸੇ ਤਰ੍ਹਾਂ ਜਿਵੇਂ 'ਕਾਦਰ ਆਪਣੇ ਆਪ ਤੋਂ' ਕੁਦਰਤ ਦਾ ਜ਼ਹੂਰ, ਪਸਾਰਾ ਕਰ ਕੇ ਇਸ ਵਿਚ ਟਿਕਦਾ, ਇਸ ਨੂੰ ਧਾਰਦਾ ਤੇ ਵਿਗਸਦਾ ਹੈ । ਏਸੇ ਸਿਧਾਂਤ ਨੂੰ ਇਕ ਸ਼ਾਇਰ ਆਪਣੇ ਅੰਦਾਜ਼ ਵਿਚ ਇਉਂ ਸਪੱਸ਼ਟ ਕਰਦਾ ਹੈ :—

ਲਤਾਫ਼ਤ, ਬੇਕਸਾਫ਼ਤ, ਜਲਵਾ ਪੈਦਾ ਕਰ ਨਹੀਂ ਸਕਤੀ ।
ਚਮਨ ਜ਼ੰਗਾਰਿ ਹੈ ਆਈਨਾ-ਇ-ਬਾਦਿ ਬਹਾਰੀ ਕਾ ।

(ਭਾਵ—ਅਸਥੂਲਤਾ, ਸੂਖਮਤਾ ਦੇ ਪ੍ਰਗਟਾ ਲਈ ਓਹੀ ਕੰਮ

---

* ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
[ਆਸਾ ਦੀ ਵਾਰ ਮ: ੧, ਪੰਨਾ ੪੬੩

ਕਰਦੀ ਹੈ, ਜੋ ਬਹਾਰ ਦੀ ਪੌਣ ਦੇ ਜਲਵੇ ਲਈ, ਸ਼ੀਸ਼ੇ ਦੇ ਪਿਛਲੇ ਪਾਸੇ ਲਗੇ ਚੰਗਾਲ ਵਾਂਗ, ਫੁੱਲਾਂ ਦਾ ਬਾਗ ਕਰਦਾ ਹੈ।)

ਇਹੀ ਕਾਰਨ ਹੈ ਕਿ ਗੁਰਬਾਣੀ ਵਿਚ ਪ੍ਰਮਾਰਥ ਦੇ ਮਾਰਗ ਉੱਤੇ ਅੱਗੇ ਵਧਣ ਲਈ ਮਨ ਤੇ ਤਨ ਦੇ ਸਹੀ ਸੰਤੁਲਿਤ ਸੰਜੋਗ ਉੱਤੇ ਜ਼ੋਰ ਦਿੱਤਾ ਗਿਆ ਹੈ। ਵੇਖੋ, ਜਦ ਗੁਰਦੇਵ ਸਿਮਰਨ ਦੁਆਰਾ ਮਨ ਨੂੰ ਅਰੋਗ (ਵਿਕਾਰ-ਰਹਿਤ) ਰਖਣ ਲਈ ਤਾਕੀਦ ਕਰਦੇ ਹਨ ਤਾਂ ਨਾਲ ਇਸਨਾਨ ਦੁਆਰਾ ਤਨ ਦੀ ਅਰੋਗਤਾ ਕਾਇਮ ਰਖਣ ਲਈ ਵੀ ਘਟ ਪ੍ਰੇਰਨਾ ਨਹੀਂ ਦੇਂਦੇ—

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ, ਮਨ ਤਨ ਭਏ ਅਰੋਗਾ ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ, ਪ੍ਰਗਟੇ ਭਲੇ ਸੰਜੋਗਾ ॥੧॥
[ਸੋਰਠਿ ਮ: ੫, ਪੰਨਾ ੬੧੧

ਏਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਜਦ ਮਨੁੱਖ ਨੂੰ ਸਹੀ ਖਾਣ-ਪੀਣ ਬਾਰੇ ਸਦੀਵੀ ਸੇਧ ਦਿੰਦੇ ਹਨ ਤਾਂ ਮਨ ਤੇ ਤਨ ਦਾ ਇਕੋ ਜਿਹਾ ਖ਼ਿਆਲ ਰਖਦੇ ਹਨ; ਫ਼ੁਰਮਾਨ ਹੈ :—

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥
[ਸਿਰੀ ਰਾਗੁ ਮ: ੧, ਪੰਨਾ ੧੬

ਜੇ ਤਨ ਅਰੋਗ ਤੇ ਬਲਵਾਨ ਨ ਹੋਵੇ ਤਾਂ ਮਨ ਦੇ ਸ਼ੁਭ ਸੰਕਲਪਾਂ ਨੂੰ ਅਮਲੀ ਜਾਮਾ ਕਿਵੇਂ ਪੁਆਇਆ ਜਾ ਸਕੇਗਾ ?

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ,ਨਾਨਕ ਉਤਰੀ ਚਿੰਤ ॥੧॥(੧੭)
[ਸਲੋਕੁ ਮ: ੫, ਗੂਜਰੀ ਕੀ ਵਾਰ, ਪੰਨਾ ੫੨੨

ਦੇ ਸੁਨਹਿਰੀ ਸਿਧਾਂਤ ਨੂੰ ਮਨ ਤੇ ਤਨ ਦੀ ਸਹੀ ਸਾਂਝ ਸਾਕਾਰ ਕਰ ਸਕਦੀ ਹੈ। ਮਨ ਦੇ ਮਨਸੂਬਿਆਂ ਨੂੰ ਨੇਪਰੇ ਚਾੜ੍ਹਨ ਵਾਲਾ ਇੱਕੋ ਇੱਕ ਸਾਧਨ, ਵਸੀਲਾ ਜਾਂ ਮਾਧਿਅਮ ਹੈ ਹੀ ਇਹ ਤਨ। ਸੋ—'ਦੇਹੁ ਮਿਲਿ

ਕਾਰਜ ਉਪਜੇਂ ਵਾਲੀ ਸਚਾਈ ਨੂੰ ਮੁੱਖ ਰਖਣਾ ਹੈ, ਇਨ੍ਹਾਂ ਦੋਹਾਂ ਦੀ ਸਾਂਝ ਤੇ ਸਾਂਝੀ ਸੰਭਾਲ ਵੇਲੇ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨ, ਵਿਸ਼ੇਸ਼ ਕਰਕੇ ਸ੍ਰੀ ਦਸਮੇਸ਼ ਜੀ ਨੇ ਤਨ ਦੀ ਰਹਿਤ ਨੂੰ ਵੀ ਸਿਖ ਦੇ ਚਲਨ ਤੇ ਜੀਵਨ-ਉਸਾਰੀ ਦਾ ਇਕ ਵਿਸ਼ੇਸ਼ ਅੰਗ ਕਰਾਰ ਦਿੱਤਾ ਹੈ।

ਜਿੱਥੇ ਇਸ਼ਨਾਨ ਤੇ ਹੋਰ ਸਰੀਰਕ ਉੱਦਮ ਕਰਮ–ਕਰਨੇ, ਤਨ ਦੀ ਰਹਿਤ ਦੇ ਜ਼ਰੂਰੀ ਅੰਗ ਮੰਨੇ ਗਏ ਹਨ ਉਥੇ ਇਸ ਰਹਿਤ ਵਿਚ ਵਰਦੀ ਤੇ ਹੋਰ ਚਿੰਨ੍ਹਾਂ ਆਦਿ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਚਿੰਨ੍ਹਾਂ ਦਾ, ਸਾਡੇ ਜੀਵਨ ਵਿਚ, ਇਕ ਵਿਸ਼ੇਸ਼ ਥਾਂ ਹੈ। ਰੈੱਡ ਕਰਾਸ, ਕਰੰਸੀ ਸਿੱਕੇ, ਅੰਕ, ਅੱਖਰ, ਹਿਸਾਬ ਤੇ ਸਾਇੰਸ ਵਿਚ ਵਰਤੇ ਜਾਂਦੇ ਸੰਕੇਤ, ਝੰਡੀ-ਸੀਟੀ ਦੇ ਇਸ਼ਾਰੇ, ਟੈਲੀਗ੍ਰਾਮ (ਤਾਰ) ਵਿਚ ਵਰਤੀਆਂ ਜਾਂਦੀਆਂ ਟਿਕ-ਟਿਕ ਦੀਆਂ ਮਾਤ੍ਰਾਂ, ਵਰਦੀਆਂ ਤੇ ਪਦਵੀਆਂ ਦੇ ਫੀਤੇ ਆਦਿ ਸਭ ਭਾਵ-ਪੂਰਤ ਚਿੰਨ੍ਹ ਹੀ ਤਾਂ ਹਨ। ਚਿੰਨ੍ਹਾਂ ਤੋਂ ਬਿਨਾਂ ਸੰਸਾਰ ਦੀ ਗਤੀ ਨਹੀਂ। ਇਸੇ ਲਈ ਹੀ ਹਰ ਜੁਗ ਵਿਚ ਇਹ ਚਿੰਨ੍ਹ ਕਿਸੇ ਨ ਕਿਸੇ ਰੂਪ ਵਿਚ ਵਰਤੇ ਜਾਂਦੇ ਰਹੇ ਹਨ।

ਤਨ ਦੀ ਰਹਿਤ :–

ਖੰਡੇ ਦੀ ਪਾਹੁਲ ਲੈਣ ਸਮੇਂ ਸਿੱਖ ਤੋਂ ਮਨ ਤੇ ਤਨ ਦੀ ਰਹਿਤ ਰੱਖਣ ਦੀ ਪ੍ਰਤਿੱਗਿਆ ਲਈ ਜਾਂਦੀ ਹੈ। ਮਨ ਦੀ ਰਹਿਤ ਦਾ ਸੰਖੇਪ ਬਿਉਰਾ ਅਸੀਂ ਪਿਛੇ ਦੇ ਆਏ ਹਾਂ। ਤਨ ਦੀ, ਅਥਵਾ ਬਾਹਰੀ 'ਰਹਿਤ' ਵਿਚ ਪੰਜਾਂ ਕਕਾਰਾਂ ਦਾ ਵਿਸ਼ੇਸ਼ ਅਸਥਾਨ ਹੈ। ਰਹਿਤਨਾਮਿਆਂ ਵਿੱਚ ਖੰਡੇ ਦੀ ਪਾਹੁਲ ਲੈਣ ਤੇ ਇਸ ਰਹਿਤ ਨੂੰ ਪਾਲਣ ਦੀ ਸਖ਼ਤ ਤਾਕੀਦ ਹੈ। ਗੁਰੂ ਜੀ ਦੇ ਸ਼ਬਦਾਂ ਵਿਚ ਇਹ ਰਹਿਤ ਰਖਣ ਬਾਰੇ ਇਉਂ ਤਾਕੀਦ ਹੈ–

(੧) ਨਿਸ਼ਾਨਿ ਸਿੱਖੀ ; ਈਂ ਪੰਜ ਹਰਫ਼ਿ ਕਾਫ਼।
ਹਰਗਿਜ਼ ਨ ਬਾਸ਼ਦ ਈਂ, ਪੰਜ ਮੁਆਫ਼।
ਕੜਾ, ਕਾਰਦੋ, ਕਛ, ਕੰਘਾ ਬਿਦਾਂ।

ਬਿਲਾ ਕੇਸ ਹੇਚ ਅਸਤ, ਜੁਮਲਾ ਨਿਸ਼ਾਂ।*

[ਦਸਮ ਗ੍ਰੰਥ ਲਿਖਤੀ, ਜੋ ਮਹਾਰਾਜਾ ਜੀਂਦ ਪਾਸ ਹੈ

(੨) ਕੱਛ ਕੇਸ ਕੰਘਾ ਕਿਰਪਾਨ। ਕੜਾ ਔਰ ਜੋ ਕਰੈ ਬਖਾਨ।
ਇਹ ਕੱਕੇ ਪੰਜ ਤੁਮ ਮਾਨੋ। ਗੁਰੂ ਗ੍ਰੰਥ ਕੋ ਤੁਮ ਸਭ ਜਾਨੋ।

[ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ

ਉਪਰੋਕਤ ਪ੍ਰਮਾਣ ਨੰ: ੧ ਵਿਚ ਸਭ ਤੋਂ ਵਧ ਮਹਾਨਤਾ ਕੇਸਾਂ ਨੂੰ ਦਿਤੀ ਗਈ ਹੈ। ਬੇਸ਼ਕ ਬਾਕੀ ਕਕਾਰ—ਕੜਾ, ਕਿਰਪਾਨ, ਕਛਹਿਰਾ ਤੇ ਕੰਘਾ—ਹਨ; ਪਰੰਤੂ, ਕੇਸਾਂ ਦੀ ਅਣਹੋਂਦ ਵਿੱਚ ਇਹ ਚਾਰ ਹੀ ਹੇਚ (ਤੁੱਛ) ਹਨ। ਇਸ ਦਾ ਇਹ ਭਾਵ ਕਦਾਚਿੱਤ ਨਹੀਂ ਕਿ ਇਕੱਲੇ ਕੇਸ ਰੱਖਣ ਨਾਲ ਇਹ ਸਾਰੇ ਮੁਆਫ਼ ਹੋ ਜਾਂਦੇ ਹਨ। ਏਸੇ ਹਵਾਲੇ ਦੇ ਦੂਜੇ ਮਿਸਰੇ (ਤੁਕ) ਵਿਚ ਸਪੱਸ਼ਟ ਸੂਚਨਾ ਹੈ ਕਿ ਇਨ੍ਹਾਂ ਪੰਜਾਂ ਵਿਚੋਂ ਕਿਸੇ ਦੀ ਵੀ ਛੋਟ ਨਹੀਂ ਦਿੱਤੀ ਜਾ ਸਕਦੀ। ਹਾਂ, ਇਥੇ ਕੇਸਾਂ ਦੀ ਮਹਾਨਤਾ ਨੂੰ ਅਵੱਸ਼ ਵਧੇਰੇ ਕਰਕੇ ਦਰਸਾਇਆ ਗਿਆ ਹੈ। ਵੈਸੇ ਵੀ, ਇਨ੍ਹਾਂ ਪੰਜਾਂ ਵਿਚੋਂ ਕੰਘੇ, ਕੜੇ ਤੇ ਕਛਹਿਰੇ ਬਾਰੇ ਬਹੁਤ ਘਟ ਟੀਕਾ ਟਿਪਣੀ ਹੁੰਦੀ ਹੈ। ਇਨ੍ਹਾਂ ਤਿੰਨਾਂ ਨੂੰ ਸੰਸਾਰ ਨੇ ਕਿਸੇ ਨ ਕਿਸੇ ਸ਼ਕਲ ਵਿਚ ਇਕ ਤਰ੍ਹਾਂ ਨਾਲ ਅਪਣਾਂ ਹੀ ਰਖਿਆ ਹੈ। ਪਰੰਤੂ, ਕਿਰਪਾਨ ਤੇ ਖ਼ਾਸ ਕਰਕੇ ਕੇਸਾਂ ਦੀ ਰਹਿਤ ਵਿਰੁੱਧ ਕਈ ਦਲੀਲਾਂ ਘੜੀਆਂ ਤੇ ਢੂਚਰ ਢਾਹੇ ਜਾਂਦੇ ਹਨ। ਕੇਸਾਂ ਦੀ ਬੇਅਦਬੀ (ਕਤਲ ਕਰਨ) ਨਾਲ ਸਿਖ ਪਤਿਤ ਹੋ ਜਾਂਦਾ ਹੈ ਜਦ ਕਿ ਦੂਜੇ ਕਕਾਰਾਂ ਵਿਚ ਢਿਲਿਆਈ ਹੋਣ ਨਾਲ ਕੇਵਲ ਤਨਖਾਹੀਆ।

ਆਓ, ਸਰੀਰਕ ਰਹਿਤ ਦੇ ਇਨ੍ਹਾਂ ਅੰਗਾਂ ਬਾਰੇ ਠੰਡੇ ਦਿਲ

*'ਕੇਸ' ਕੇਵਲ ਕਕਾਰ ਨਹੀਂ, ਸਗੋਂ ਸਿਖ ਦੀ ਰੂਹੇ-ਰਵਾਂ ਹੈ। ਜੇ ਕੇਸ ਨਹੀਂ ਤਾਂ ਸਿਖ 'ਸਿਖੀ' ਤੋਂ ਖ਼ਾਰਜ, ਸਗੋਂ ਪਤਿਤ ਗਰਦਾਨਿਆ ਗਿਆ। ਕੇਸ ਸਰੀਰ ਦਾ ਅੰਗ ਹਨ, ਪਰ ਕਕਾਰ ਬਾਹਰੋਂ ਧਾਰਨ ਕੀਤੇ ਚਿੰਨ੍ਹ। ਕੇਸਾਂ ਦੀ ਸੰਭਾਲ ਤੇ ਸਫ਼ਾਈ ਲਈ ਸੱਚੇ ਪਾਤਸ਼ਾਹ ਨੇ ਦੋ ਚਿੰਨ੍ਹ ਦਿਤੇ: ਇਕ ਕੰਘਾ ਅਤੇ ਦੂਜਾ ਕੇਸਕੀ ਜਾਂ ਛੋਟੀ ਦਸਤਾਰ। —ਪ੍ਰਕਾਸ਼ਕ

ਦਿਮਾਗ ਨਾਲ, ਪੱਖਸ਼-ਵਿਪੱਖਸ਼ ਦੀ ਪਕੜ ਤੋਂ ਉਚੇਰੇ ਉੱਠ ਕੇ, ਕੁਝ ਵਿਚਾਰ ਕਰੀਏ।

ਕਿਰਪਾਨ ਦੀ ਰਹਿਤ–

ਕਿਰਪਾਨ (ਤਲਵਾਰ) ਸਭ ਸ਼ਸਤਰਾਂ ਦੀ ਪ੍ਰਤੀਨਿਧ ਮੰਨੀ ਗਈ ਹੈ। ਕਿਰਪਾਨ ਦੇ ਧਾਰਨੀ ਹੋਣ ਤੋਂ ਭਾਵ ਹੈ–ਸ਼ਸਤਰਧਾਰੀ ਹੋਣਾ, ਜਾਂ ਇਉਂ ਆਖੋ ਕਿ ਸਵੈ-ਰਖਿਆ, 'ਸੰਤ-ਉਬਾਰਨ' ਅਤੇ ਦੁਸ਼ਟਾਂ ਦੇ ਖੈ ਕਰਨ ਦੀ ਪ੍ਰਤਿੱਗਿਆ ਕਰਨੀ। ਸ੍ਰੀ ਦਸਮੇਸ਼ ਜੀ ਦੇ ਸਿੰਘ ਅਤੇ ਜਾਬਰ ਜਰਵਾਣੇ ਦੀ ਤਲਵਾਰ ਵਿਚ ਇਤਨਾ ਹੀ ਫ਼ਰਕ ਹੈ ਕਿ ਜਿੱਥੇ ਪਹਿਲਾ (ਸਿੰਘ) ਸ਼ਸਤ੍ਰ ਅਥਵਾ ਬਲ ਦਾ ਪ੍ਰਯੋਗ ਧਰਮ ਤੇ ਦੀਨ ਦੁਖੀ ਦੀ ਰਾਖੀ ਲਈ ਕਰਦਾ ਹੈ, ਉਥੇ, ਦੂਜਾ, ਲੁੱਟ-ਖਸੁੱਟ, ਧੱਕੇ ਤੇ ਨਿੱਜੀ ਲਾਭਾਂ ਲਈ। ਕਲਗੀਆਂ ਵਾਲੇ ਸਤਿਗੁਰੂ ਨੇ ਸਿਖ ਨੂੰ ਸੰਤ ਵੀ ਬਣਾਇਆ ਅਤੇ ਸਿਪਾਹੀ ਵੀ। ਭਗਤੀ ਤੇ ਸ਼ਕਤੀ ਦਾ ਇਹ ਸੰਤੁਲਤ (Balanced) ਸੁਮੇਲ ਹੀ ਜੀਵਨ-ਰੱਥ ਦੀ ਸਾਵੀਂ ਪਧਰੀ ਉਲਾਰ-ਰਹਿਤ ਤੋਰ ਦਾ ਜ਼ਾਮਨ ਹੈ। ਕਿਸੇ ਵੀ ਇੱਕ ਪਾਸੇ ਵਲ ਉਲਾਰ ਮਨੁੱਖ ਨੂੰ ਜਾਬਰ, ਨਿਰਦਈ, ਧੱਕੇ-ਖੋਰ ਤੇ ਸੁਆਰਥੀ ਬਣਾ ਦੇਵੇਗਾ, ਜਾਂ ਨਿਤਾਣਾ, ਕਾਇਰ ਤੇ ਬੇ-ਬਸ। ਇਸੇ ਲਈ ਗੁਰੂਦੇਵ ਨੇ ਸਿੰਘਾਂ ਨੂੰ ਸ਼ਸਤਰਾਂ ਤੇ ਸ਼ਕਤੀ ਦੀ ਪ੍ਰਤਿਨਿਧ ਕਿਰਪਾਨ ਹਰ ਸਮੇਂ ਅੰਗ-ਸੰਗ ਰਖਣ ਦੀ ਹਦਾਇਤ ਕੀਤੀ ਹੈ।

ਹਾਂ, ਗੁਰੂ ਕੇ ਸਿੰਘ ਨੇ ਸ਼ਕਤੀ ਅਥਵਾ ਸ਼ਸਤਰ ਦੀ ਵਰਤੋਂ ਕਰਨ ਲਗਿਆਂ ਵੇਖਣਾ ਹੈ ਕਿ :–

(ੳ) ਸੁਆਰਥ, ਲੋਭ-ਲਾਲਚ, ਘਿਰਣਾ ਜਾਂ ਕ੍ਰੋਧ-ਵੱਸ ਹੋ ਕੇ ਬਲ ਦਾ ਪ੍ਰਯੋਗ ਨ ਹੋਵੇ।

(ਅ) ਉਸ ਦੀ ਕਿਰਪਾਨ, ਬਦਲੇ ਦੀ ਭਾਵਨਾ ਨਾਲ ਨ ਉੱਠੇ।

(ੲ) ਸ਼ਕਤੀ ਦੀ ਵਰਤੋਂ ਕੇਵਲ ਓਦੋਂ ਹੀ ਹੋਵੇ, ਜਦ ਸੁਲ੍ਹਾ ਸਫ਼ਾਈ ਤੇ ਨਿਆਂ ਲਈ ਸਾਰੇ ਸਾਧਨ ਖ਼ਤਮ ਹੋ ਜਾਣ। ਇਸ ਸੰਬੰਧ ਵਿਚ

ਸਿੰਘ ਨੇ ਸਦਾ ਸ੍ਰੀ ਦਸਮੇਸ਼ ਜੀ ਵਲੋਂ ਜ਼ਫ਼ਰਨਾਮੇ ਵਿਚ ਦਿੱਤੇ ਇਸ ਸੇਧ ਨੂੰ ਮੁਖ ਰਖਣਾ ਹੈ—

ਚੂ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ ।
ਹਲਾਲ ਅਸਤ ਬੁਰਦਨ, ਬ-ਸ਼ਮਸ਼ੀਰ ਦਸਤ ।

[ਭਾਵ—ਜਦ ਗੱਲ ਸਾਰੇ ਹੀਲਿਆਂ ਤੋਂ ਲੰਘ ਗਈ ਹੋਵੇ, ਕੇਵਲ ਤਦ ਤੇ ਤਦ ਹੀ ਤਲਵਾਰ ਚੁਕਣੀ ਜਾਇਜ਼ ਹੈ] ।

(ਸ) ਸ਼ਸਤਰ ਬਚਾਅ ਲਈ ਚੁਕਿਆ ਜਾਵੇ, ਮੱਲਾਂ ਮਾਰਨ ਲਈ ਨਹੀਂ ।

(ਹ) ਸ਼ਸਤਰ ਦੀ ਵਰਤੋਂ ਵਿੱਚ ਲਗਦੀ-ਵਾਹ ਪਹਿਲੇ ਵਾਰ ਨਹੀਂ ਕਰਨਾ ।

(ਕ) ਸ਼ਕਤੀ ਦੀ ਵਰਤੋਂ ਰਣ-ਖੇਤਰ ਵਿਚ, ਟਾਕਰੇ ਲਈ ਨਿੱਤਰੇ ਜਵਾਨਾਂ ਵਿਰੁਧ ਹੋਵੇ, ਇਕ ਵਾਧੇ ਮਰਦਾਂ, ਔਰਤਾਂ, ਬੱਚਿਆਂ ਤੇ ਮੈਦਾਨੋਂ ਭੱਜੇ ਜਾਂਦਿਆਂ ਸਿਪਾਹੀਆਂ ਦੀ ਕਤਲਾਮ ਲਈ ਨਹੀਂ ।

(ਖ) ਸਿੰਘ ਨੇ "ਜੁੱਧ ਵਿੱਚ ਸਭ ਕੁਝ ਜਾਇਜ਼ ਹੈ" (All is fair in love and war) ਦੇ ਸਿਧਾਂਤ ਉਤੇ ਵਰਤੋਂ ਨਹੀਂ ਕਰਨੀ । ਜੰਗਾਂ ਜੁੱਧਾਂ ਵਿਚ ਉਸ ਦੇ ਉੱਚੇ ਸੁੱਚੇ ਚਲਣ ਦੀ ਪੱਧਰ ਓਵੇਂ ਹੀ ਕਾਇਮ ਰਹੇ, ਜਿਵੇਂ ਅਮਨ ਵਿਚ ਉਸ ਤੋਂ ਆਸ ਰੱਖੀ ਜਾਂਦੀ ਹੈ ।

(ਗ) ਸਿੱਖ ਨੂੰ, ਜਿਵੇਂ 'ਗਰੀਬ ਦਾ ਮੂੰਹ ਗੁਰੂ ਦੀ ਗੋਲਕ' ਕਰਕੇ ਜਾਣਨ ਦੀ ਤਾਕੀਦ ਹੈ, ਓਸੇ ਤਰ੍ਹਾਂ ਹੀ ਰੱਖਿਆ ਤੇ ਸਹਾਇਤਾ ਲਈ ਵੀ ਦੀਨ ਦੁਖੀ ਦੀ ਜ਼ਾਤ ਜਾਂ ਈਮਾਨ ਜਾਨਣ ਦੀ ਲੋੜ ਨਹੀਂ । ਇਤਿਹਾਸ ਗਵਾਹ ਹੈ ਕਿ ਕਿਵੇਂ ਕਸੂਰ ਦੇ ਇਕ ਬ੍ਰਾਹਮਣ ਦੀ ਸੱਜ-ਵਿਆਹੀ ਪਤਨੀ ਓਥੋਂ ਦਾ ਪਠਾਣ ਹਾਕਮ ਖੋਹ ਲੈਂਦਾ ਹੈ । ਬ੍ਰਾਹਮਣ ਸ੍ਰੀ ਅਕਾਲ ਤਖਤ ਹਾਜ਼ਰ ਹੋ ਕੇ, ਜਥੇਦਾਰ ਹਰੀ ਸਿੰਘ ਜੀ ਪਾਸ ਫ਼ਰਿਆਦੀ ਹੁੰਦਾ ਹੈ । ਜਥੇਦਾਰ ਜੀ, ਬਿਨਾਂ ਕਿਸੇ ਨਾਲ ਮਸ਼ਵਰਾ ਕੀਤੇ ਦੇ, ਸਹਾਇਤਾ ਕਰਨ ਦਾ ਵਚਨ ਦੇ ਦੇਂਦੇ ਹਨ ।

ਸਮੂਹ ਸਰਦਾਰ ਇਸ ਮੁਹਿੰਮ ਨੂੰ ਅਤਿ ਕਠਿਨ ਜਾਣਦਿਆਂ ਹੋਇਆਂ ਵੀ ਦਿੱਤੇ ਬਚਨ ਦੀ ਪਾਲਣਾ ਹਿੱਤ, ਕਸੂਰ ਉੱਤੇ ਚੜ੍ਹਾਈ ਕਰਦੇ ਹਨ। ਹਜ਼ਾਰਾਂ ਸਿੰਘਾਂ ਦੀ ਸ਼ਹਾਦਤ ਦੇ ਕੇ, ਕਸੂਰ ਮਾਰਦੇ ਅਤੇ ਬ੍ਰਾਹਮਣ ਨੂੰ ਉਸ ਦੀ ਪਤਨੀ ਵਾਪਸ ਦਿਵਾਉਂਦੇ ਹਨ। ਕੇਵਲ ਇਕ ਮਜ਼ਲੂਮ ਵਿਅਕਤੀ ਦੀ ਖ਼ਾਤਰ ਇਤਨਾ ਭਾਰੀ ਜਾਨੀ ਨੁਕਸਾਨ ਉਠਾਉਣ ਨੂੰ ਇਹ "ਅਕਲਾਂ ਵਾਲੇ" ਪਤਾ ਨਹੀਂ ਕਿਵੇਂ ਪਰਖਣ ਤੇ ਤੋਲਣ, ਪਰੰਤੂ ਮਨੁੱਖਤਾ ਤੇ ਮਰਦਾਨਗੀ ਦੇ ਇਤਿਹਾਸ ਵਿਚ ਇਹ ਸੋਨੇ ਦੇ ਅੱਖਰਾਂ ਨਾਲ ਲਿਖਣ-ਯੋਗ ਘਟਨਾ ਹੈ।

ਵੇਖੋ, ਇਥੇ ਸ਼ਸਤਰ ਅਥਵਾ ਬਲ ਦਾ ਪ੍ਰਯੋਗ ਦੋਹਾਂ ਪਾਸਿਆਂ ਵਲੋਂ ਹੀ ਕੀਤਾ ਗਿਆ। ਫ਼ਰਕ ਇਤਨਾ ਹੀ ਹੈ ਕਿ ਸਿੰਘਾਂ ਵਲੋਂ ਦੀਨ ਦੀ ਰਖਿੱਆ ਅਥਵਾ ਧਰਮ ਦੀ ਖ਼ਾਤਰ, ਪਰੰਤੂ ਪਠਾਣਾਂ ਵਲੋਂ ਅਧਰਮ ਲਈ।

ਹੋਰ ਵੇਖੋ : ਨਾਦਰ ਸ਼ਾਹ ਆਪਣੇ ਸ਼ਸਤਰਾਂ ਦੇ ਬਲ-ਬੂਤੇ ਭਾਰਤ ਦੀਆਂ ਹਜ਼ਾਰਾਂ ਕੁਰਲਾਂਦੀਆਂ, ਲੁੱਛਦੀਆਂ ਤੇ ਨਿਤਾਣੀਆਂ ਅਬਲਾਵਾਂ ਪਸ਼ੂਆਂ ਵਾਂਗ ਨਰੜ ਕੇ ਗ਼ਜ਼ਨੀ ਵਿਚ ਟਕੇ ਟਕੇ ਤੋਂ ਵੇਚਣ ਹਿਤ ਲੈ ਜਾ ਰਿਹਾ ਹੈ। ਸਿੰਘ ਛਾਪਾ ਮਾਰ ਕੇ ਦੇਸ਼ ਦੀ ਅਣਖ, ਲੱਜਾ ਤੇ ਜਵਾਨੀ ਦੀਆਂ ਪ੍ਰਤੀਕ ਇਨ੍ਹਾਂ ਅਬਲਾਵਾਂ ਨੂੰ, ਇਤਨੇ ਭਾਰੇ ਜਾਬਰ ਪਾਸੋਂ, ਖੋਹ ਕੇ ਉਨ੍ਹਾਂ ਦੇ ਘਰੋ-ਘਰੀ ਪਹੁੰਚਾ ਦੇਂਦੇ ਹਨ। ਕੀ ਮਜਾਲ, ਜੇ ਉਨ੍ਹਾਂ ਨੇ ਕਿਸੇ ਇਕ ਅਬਲਾ ਵਲ ਵੀ ਮੈਲੀ ਅੱਖ ਨਾਲ ਵੇਖਿਆ ਹੋਵੇ। ਇਹੋ ਜਿਹਾ ਹੈ ਸਿੰਘਾਂ ਦਾ ਸ਼ਸਤਰ-ਬਲ, ਜਿਸ ਦੀ ਪ੍ਰਤੀਨਿਧ 'ਕਿਰਪਾਨ' ਨੂੰ ਸਿੰਘਾਂ ਦੀ ਰਹਿਤ ਵਿਚ ਸ਼ਾਮਿਲ ਕਰ ਕੇ, ਬਲ ਦੇ ਸਹੀ ਪ੍ਰਯੋਗ ਦੀ ਜਾਚ ਸਿਖਾਈ ਗਈ। ਸਿੰਘਾਂ ਦੀ ਕਿਰਪਾਨ (ਸ਼ਕਤੀ) ਦੀ ਅਜਿਹੀ ਖੂੰਨ ਵਰਤੋਂ ਅਬਦਾਲੀ ਤੇ ਹੋਰ ਜਾਬਰ ਹਮਲਾ-ਆਵਰਾਂ ਨਾਲ ਹੁੰਦੀ ਰਹੀ ਹੈ।

ਦੂਜੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਵੀ ਫੁਰਮਾਨ ਹੈ :—

ਦੰਡ ਦੀਏ ਬਿਨ, ਨ ਦੁਸ਼ਟ ਦਬੇ ਹੈ।

ਸ੍ਰੀ ਦਸਮੇਸ਼ ਜੀ, ਧਰਮ ਅਸਥਾਪਨ ਤੇ 'ਦੁਸ਼ਟ ਸਭਨ ਕੇ ਮੂਲ ਉਪਾਰਨ' ਵਾਲੇ ਸ਼ਸਤ੍ਰਾਂ ਨੂੰ 'ਪੀਰ' ਤਕ ਦਾ ਰੁਤਬਾ ਦੇਣ ਤਕ ਗਏ ਹਨ ਅਤੇ ਕਿਰਪਾਨ ਨੂੰ 'ਜੈ' (ਫ਼ਤਹ) ਦਾ ਸੂਚਕ ਕਰਾਰ ਦਿਤਾ ਹੈ। ਬਚਿਤ੍ਰ ਨਾਟਕ ਵਿਚ ਫ਼ੁਰਮਾਉਂਦੇ ਹਨ :—

(ੳ) ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ ॥
ਸੈਫ ਸਰੋਹੀ ਸੈਹਥੀ, ਯਹੀ ਹਮਾਰੇ ਪੀਰ ॥

(ਅ) ਖਗ ਖੰਡ ਬਿਹੰਡੰ, ਖਲ ਦਲ ਖੰਡੰ, ਅਤਿ ਰਣ ਮੰਡੰ, ਬਰਬੰਡੰ ॥
ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ, ਭਾਨ ਪ੍ਰਭੰ ॥
ਸੁਖ ਸੰਤਾਂ ਕਰਣੰ, ਦੁਰਮਤਿ ਦਰਣੰ, ਕਿਲਬਿਖ ਹਰਣੰ, ਅਸ ਸਰਣੰ॥
ਜੈ ਜੈ ਜਗ ਕਾਰਣ, ਸ੍ਰਿਸ਼ਟ ਉਬਾਰਣ, ਮਮ ਪ੍ਰਤਿਪਾਰਣ ਜੈ ਤੇਗੰ ॥

ਭਾਵ—ਖੰਗ (ਤਲਵਾਰ) ਚੰਗੀ ਤਰ੍ਹਾਂ ਟੁਕੜੇ ਕਰਦੀ ਹੈ, ਇਹ ਮੂਰਖਾਂ ਦੇ ਦਲਾਂ ਦੇ ਟੁਕੜੇ ਕਰਦੀ ਹੈ, ਜੁਧ ਨੂੰ ਬਹੁਤ ਸੁੰਦਰ ਬਣਾ ਦੇਂਦੀ ਹੈ, ਬਲਵਾਨ ਹੈ। ਇਹ ਨ ਟੁੱਟਣ ਵਾਲਾ ਹੱਥ ਦਾ ਡੰਡ ਹੈ, ਤਿੱਖੇ ਤੇਜ ਵਾਲੀ ਹੈ। ਇਸ ਦੀ ਚਮਕ ਸੂਰਜ ਦੀ ਪ੍ਰਭਾ ਨੂੰ ਅਮੰਡੰ (ਸ਼ੋਭਾਹੀਨ, ਫਿਕਿਆਂ) ਕਰ ਦੇਂਦੀ ਹੈ। ਤਲਵਾਰ (ਅਸ) ਸੰਤਾਂ ਨੂੰ ਸੁਖੀ ਕਰਨ ਵਾਲੀ ਹੈ, ਕੁਮੱਤੀਆਂ ਨੂੰ ਦਲ ਸੁੱਟਣ ਵਾਲੀ ਹੈ, ਪਾਪਾਂ ਨੂੰ ਨਾਸ ਕਰਨ ਵਾਲੀ ਹੈ। ਤਲਵਾਰ ਮੇਰਾ (ਸਰਣੰ) ਆਸਰਾ ਹੈ। ਹੇ ਤੇਗ! ਤੇਰੀ ਜੈ ਜੈ ਹੋਵੇ, ਕਿਉਂਕਿ ਤੂੰ ਜਗਤ-ਰਚਨਾ ਦਾ ਕਾਰਨ ਹੈਂ, ਸ੍ਰਿਸ਼ਟੀ ਨੂੰ ਬਚਾਉਣ ਵਾਲੀ ਹੈਂ, ਮੇਰੀ ਪਾਲਣਾ ਕਰਨ ਵਾਲੀ ਹੈਂ। ਹੇ ਤੇਗ! ਤੇਰੀ ਜੈ ਹੋਵੇ।

ਕੇਸ਼ਾਂ ਦੀ ਰਹਿਤ—

ਵਾਹਿਗੁਰੂ ਅਕਾਲ ਪੁਰਖ ਦੇ ਜਨਕ ਰੂਪ ਤੇ ਸੁੰਦਰਤਾ ਦਾ ਬਿਆਨ ਅਧੂਰਾ ਰਹੇਗਾ, ਜਦ ਤਕ ਸੋਹਣੇ, ਕਾਲੇ, ਲੰਮੇ, ਕੁੰਡਿਆਲੇ ਕੇਸਾਂ ਦਾ ਜ਼ਿਕਰ ਵਿਚ ਨਾ ਆਵੇ। ਮਨੁੱਖ ਲਈ ਕੇਸਾਂ ਦੀ ਰਹਿਤ ਕੋਈ ਅਨੋਖੀ ਗੱਲ ਜਾਂ ਨਵੀਂ ਪਰਪਾਟੀ ਨਹੀਂ। ਕੇਸ਼ ਸਰੀਰ ਦਾ

ਉਸੇ ਤਰ੍ਹਾਂ ਇਕ ਅੰਗ ਹਨ, ਜਿਵੇਂ ਹੋਰ ਸਮੂਹ ਅੰਗ। ਜੇ ਇਹਨਾਂ ਦਾ ਹੋਣਾ ਉਤਨਾ ਹੀ ਪੁਰਾਣਾ ਹੈ ਜਿਤਨੀ ਪੁਰਾਣੀ ਮਨੁੱਖ ਦੀ ਰਚਨਾ। ਇਹ ਕੁਦਰਤੀ ਹਨ ਅਤੇ ਪ੍ਰਾਚੀਨ ਰਿਸ਼ੀਆਂ ਮੁਨੀਆਂ, ਪੀਰਾਂ ਪੈਗੰਬਰਾਂ, ਗੁਰੂ ਅਵਤਾਰਾਂ ਅਤੇ ਅਧਿਆਤਮਕ ਵਿਅਕਤੀਆਂ, ਜਿਹਾ ਕਿ, ਬਾਬਾ ਆਦਮ, ਹਜ਼ਰਤ ਇਬਰਾਹੀਮ, ਹਜ਼ਰਤ ਮੂਸਾ, ਹਜ਼ਰਤ ਸੁਲੇਮਾਨ, ਹਜ਼ਰਤ ਈਸਾ, ਮਹਾਤਮਾ ਜ਼ੋਰਾਸਟਰ, ਮਹਾਤਮਾ ਸੁਕਰਾਤ, ਪਲੈਟੋ, ਹਜ਼ਰਤ ਮੁਹੰਮਦ, ਯਾਗਵਲਕਯ, ਵਿਆਸ, ਵਸ਼ਿਸ਼ਟ, ਬਾਲਮੀਕ, ਕਬੀਰ, ਰਵਿਦਾਸ ਤੇ ਨਾਮਦੇਵ ਜੀ ਆਦਿ ਨੇ ਕੇਸਾਂ ਨੂੰ ਉਸੇ ਤਰ੍ਹਾਂ ਸਰੀਰ ਨਾਲ ਰਖਣਾ ਜ਼ਰੂਰੀ ਤੇ ਕੁਦਰਤੀ ਸਮਝਿਆ, ਜਿਵੇਂ ਕਿ ਸਰੀਰ ਦੇ ਹੋਰ ਅੰਗਾਂ ਨੂੰ। ਜਦ ਪ੍ਰਭੂ-ਪ੍ਰੇਮੀਆਂ ਨੇ ਆਪਣੇ ਪ੍ਰੀਤਮ ਵਾਹਿਗੁਰੂ ਦੇ ਦਰਸ਼ਨ ਸਰਗੁਣ ਸਰੂਪ ਵਿਚ ਚਿਤਰੇ ਅਥਵਾ ਤਸੱਵਰ ਵਿਚ ਲਿਆਂਦੇ ਤਾਂ ਉਸ ਨੂੰ ਸਦਾ, ਸੋਹਣੇ ਲੰਮੇ ਕੇਸਾਂ ਵਾਲਾ ਕਰਕੇ ਹੀ ਧਿਆਨਿਆ ਹੈ। ਨਿਰੰਕਾਰੀ ਬਾਬੇ ਵਲ ਹੀ ਵੇਖ ਲਵੋ। ਆਪ ਫ਼ੁਰਮਾਉਂਦੇ ਹਨ :—

ਤੇਰੇ ਬੰਕੇ ਲੋਇਣ, ਦੰਤ ਰੀਸਾਲਾ ॥
ਸੋਹਣੇ ਨਕ, ਜਿਨ ਲੰਮੜੇ ਵਾਲਾ ॥

[ਵਡਹੰਸ ਮ: ੧, ਪੰਨਾ ੫੬੭

ਕੇਸ਼ਾਂ ਦਾ ਸੰਬੰਧ ਸਦਾ ਹੀ ਆਤਮਿਕ ਜੀਵਨ ਤੇ ਬਲ ਨਾਲ ਰਿਹਾ ਹੈ। ਬਾਈਬਲ ਵਿਚ ਆਈ ਸੈਮਸਨ ਦੀ ਕਹਾਣੀ ਵੀ ਇਹੀ ਸਿਧ ਕਰਦੀ ਹੈ ਕਿ ਸੈਮਸਨ ਦੀ ਅਥਾਹ ਸ਼ਕਤੀ ਦਾ ਭੇਤ ਉਸ ਦੇ ਲੰਮੇ ਕੇਸ਼ਾਂ ਵਿਚ ਸੀ। ਸੰਸਾਰ ਦੇ ਪ੍ਰਾਚੀਨ ਰਿਸ਼ੀਆਂ ਮੁਨੀਆਂ ਤੇ ਵੀਚਾਰਵਾਨਾਂ ਵਾਂਗ ਹਜ਼ਰਤ ਈਸਾ ਜੀ ਦੇ ਵੀ ਲੰਮੇ ਕੇਸ਼ ਸਨ ਅਤੇ ਉਨ੍ਹਾਂ ਦੇ ਇਹ ਸ਼ਬਦ ਪ੍ਰਸਿਧ ਹਨ, ਕਿ—

'ਪ੍ਰਭੂ ਨੇ ਮਨੁੱਖ ਨੂੰ ਆਪਣੀ ਸੂਰਤ ਉਤੇ ਘੜਿਆ ਹੈ।'
(God created man after His own image.)

ਕੋਈ ਸਮਾਂ ਸੀ ਜਦ ਕਿ ਕਿਸੇ ਦੇ ਕੇਸ਼ ਕਤਲ ਕਰਨੇ ਉਸ ਨੂੰ ਕਤਲ ਦਾ ਦੰਡ ਦੇਣ ਸਮਾਨ ਸਮਝਿਆ ਜਾਂਦਾ ਸੀ। ਰੁਕਮਣੀ ਦੇ ਕਿਠੇ

ਕਰਨ ਉਤੇ ਉਸ ਦੇ ਭਰਾ ਰੁਕਮਣ ਨੂੰ, ਸ੍ਰੀ ਕ੍ਰਿਸ਼ਨ ਜੀ ਨੇ, ਉਸ ਦਾ ਸਿਰ ਕੱਟਣ ਦੀ ਥਾਂ ਕੇਸ ਕਤਲ ਕਰ ਕੇ ਛਡ ਦਿੱਤਾ ਸੀ। ਇਸੇ ਤਰ੍ਹਾਂ ਪਰਸਰਾਮ ਨੂੰ ਜਾਨੋਂ ਮਾਰਨ ਦੀ ਥਾਂ, ਬ੍ਰਾਹਮਣ-ਹੱਤਿਆ ਤੋਂ ਬਚਣ ਹਿਤ ਸ੍ਰੀ ਰਾਮ ਚੰਦਰ ਜੀ ਨੇ ਉਸ ਦੇ ਕੇਸ ਕੱਟ ਦੇਣ ਦਾ ਦੰਡ ਦਿਤਾ। ਸ਼ੂਦਰ ਰਾਜੇ, ਨੰਦ ਚੰਦ ਨੇ ਜਦੋਂ ਆਪਣੇ ਰਾਜ ਦੇ ਦੋਖੀ ਬ੍ਰਾਹਮਣਾਂ ਨੂੰ ਕਤਲ ਕਰ ਦੇਣ ਦੀ ਸਜ਼ਾ ਦਿੱਤੀ ਤਾਂ ਵਜ਼ੀਰ ਦੀ ਸਲਾਹ ਦੇਣ ਉਤੇ ਕਿ ਬ੍ਰਹਮ-ਹੱਤਿਆ ਦੇ ਪਾਪ ਤੋਂ ਬਚਿਆ ਜਾਵੇ, ਰਾਜੇ ਨੇ ਸਭ ਦੇ ਕੇਸ ਕੱਟ ਕੇ ਜਾਨ-ਬਖਸ਼ੀ ਕਰ ਦਿੱਤੀ। ਹੋਰਨਾਂ ਦੇਸ਼ਾਂ ਵਿੱਚ ਵੀ ਪਹਿਲੇ ਪਹਿਲੇ ਇਹ ਰਿਵਾਜ ਦੋਸ਼ੀਆਂ ਜਾਂ ਸਮਾਜ ਵਿਚੋਂ ਤ੍ਰਿਸਕਾਰੇ ਗਏ ਲੋਕਾਂ ਦੇ ਸਿਰ ਜਬਰੀ ਮੁੰਨਣ ਤੋਂ ਅਰੰਭ ਹੋਇਆ। ਫੇਰ, ਗੁਲਾਮਾਂ ਦੇ ਮੂੰਹ ਤੇ ਸਿਰਾਂ ਦੇ ਵਾਲ ਹੁਕਮਨ ਕਟਵਾਏ ਜਾਣ ਲਗੇ।

ਸਮੇਂ ਦੇ ਰੰਗ ਵੇਖੋ, ਹੁਣ ਫ਼ੈਸ਼ਨ-ਪ੍ਰਸਤੀ ਦੀ ਲਾਅਨਤ ਤੇ ਭੇਡਾ-ਚਾਲ ਅਧੀਨ ਲੋਕਾਂ ਨੇ ਸੁੰਦਰਤਾ, ਸਰਲਤਾ, ਸਾਦਗੀ ਤੇ ਆਤਮਿਕ-ਜੀਵਨ ਦੇ ਚਾਮਲ, ਕੇਸਾਂ ਉਤੇ ਆਪ ਹੀ ਹੱਥ ਫੇਰਨਾ ਅਰੰਭ ਕਰ ਦਿੱਤਾ ਹੈ। ਮਰਦਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਤੁਰਨ ਤੇ ਕਲੱਬਾਂ ਵਿਚ ਜਾਣ ਦੀਆਂ ਸ਼ੌਕੀਨ ਔਰਤਾਂ ਵੀ ਹੁਣ ਕੇਸ਼ ਕਟਾਉਣ ਵਿਚ, ਉਨ੍ਹਾਂ ਨਾਲੋਂ ਕਿਸੇ ਤਰ੍ਹਾਂ ਪਿਛੇ ਨਹੀਂ।

ਜ਼ਰਾ ਗਹੁ ਨਾਲ ਵੇਖੋ ਤਾਂ ਪਤਾ ਲਗੇਗਾ ਕਿ ਕੇਸ਼ ਕਈ ਜਜ਼ਬਿਆਂ ਹੇਠ ਕਟਾਏ ਜਾ ਰਹੇ ਹਨ। ਬਹੁਤੇ ਲੋਕ ਬਚਪਨ ਤੋਂ ਹੀ ਪਿਤਾ-ਪੁਰਖੀ ਰਿਵਾਜ ਅਧੀਨ ਕੇਸ ਕਟਾਉਂਦੇ ਹਨ ਅਤੇ ਫੇਰ ਇਹ ਉਨ੍ਹਾਂ ਦੀ 'ਵਾਦੀ' ਬਣ ਜਾਂਦੀ ਹੈ। ਕੇਸ਼ਾਂ ਦੀ ਅਜ਼ਮਤ (ਵਡਿਆਈ) ਨੂੰ ਸਮਝਣ ਉਪਰੰਤ ਕੇਸ਼ ਰੱਖਣ ਜਾਂ ਕਟਾਉਣ ਵਿਚ ਚੋਣ ਕਰਨ ਦਾ ਅਵਸਰ ਉਨ੍ਹਾਂ ਨੂੰ ਮਿਲਦਾ ਹੀ ਨਹੀਂ। ਬਚਪਨ ਤੋਂ ਇਸ ਵਾਦੀ-ਗ੍ਰਸਤ ਲੋਕਾਂ ਬਾਰੇ ਇਉਂ ਕਿਹਾ ਜਾ ਸਕਦਾ ਹੈ:—

ਪਰ ਨ ਨਿਕਲੇ ਥੇ ਕਿ ਆਏ *ਖ਼ਾਨਾ-ਇ-ਸੱਯਾਦ ਮੇਂ।
ਖ਼ਾਕ ਦੇਖੀ ਸੈਰ ਹਮ ਨੇ †ਗੁਲਸ਼ਨਿ ਏਜ਼ਾਦ ਕੀ।

* ਸ਼ੱਯਾਦ (ਸ਼ਿਕਾਰੀ) ਦਾ ਪਿੰਜਰਾ। † ਖ਼ੁਦਾਈ (ਬਹਿਸ਼ਤੀ) ਬਾਗ਼।

ਦੂਜੇ ਉਹ ਲੋਕ ਹਨ, ਜੋ ਦੂਜਿਆਂ ਦੀ ਦੇਖਾ-ਦੇਖੀ ਇਸ ਬੁਰਾਈ
ਨੂੰ ਗ੍ਰਹਿਣ ਕਰ ਲੈਂਦੇ ਹਨ। ਪਰੰਤੂ ਇਕ ਐਸਾ ਤਬਕਾ ਵੀ ਹੈ ਜੋ
ਵਿਕਾਰਾਂ-ਵੱਸ ਇਹ ਕਮਜ਼ੋਰੀ ਵਿਖਾਉਂਦਾ ਹੈ। ਉਨ੍ਹਾਂ ਲੋਕਾਂ ਦੀ ਇਹ
ਦਲੀਲ ਕਿ ਫ੍ਰੈਟਰਨਾਇਟੀ (ਵਿਸ਼ੇ, ਵਿਕਾਰ-ਗ੍ਰਸਤ ਅਯਾਸ਼ ਲੋਕਾਂ ਦੀਆਂ
ਮਜਲਸਾਂ, ਕਲੱਬਾਂ) ਉਨ੍ਹਾਂ ਨੂੰ ਪਸੰਦ ਨਹੀਂ ਕਰਦੀਆਂ, ਇਤਨੀ ਬੋਦੀ ਤੇ
ਥੋਥੀ ਹੈ ਕਿ ਜੀਵਨ ਦੀਆਂ ਸਹੀ ਕੀਮਤਾਂ ਦੇ ਮੁਤਲਾਸ਼ੀ ਲੋਕਾਂ ਦੀ ਮੰਡੀ
ਵਿਚ ਇਸ ਦਾ ਮੁਲ ਇਕ ਫੁੱਟੀ ਕੌਡੀ ਵੀ ਨਹੀਂ। ਮਨੁੱਖ ਦਾ ਜੀਵਨ-
ਮਨੋਰਥ ਭੋਗ ਭੋਗਣਾ ਨਹੀਂ, ਆਪੇ ਦੀ ਲੱਖਤਾ ਹੈ।

ਕੁਦਰਤ ਨੇ ਨਰ ਅਤੇ ਨਾਰੀ ਦੀ ਬਣਤਰ ਤੇ ਪ੍ਰਕਿਰਤੀ ਵਿੱਚ
ਫ਼ਰਕ ਰਖਿਆ ਹੈ। ਆਦਮੀਆਂ ਦੀ ਦਾੜ੍ਹੀ ਮੁਛ ਖ਼ਤਮ ਕਰਵਾ ਕੇ ਕੋਝੀਆਂ
ਇਸਤ੍ਰੀਆਂ ਬਣਨਾ, ਤਿਵੇਂ ਹੀ ਇਕ ਹਾਸੇ-ਹੀਣਾ ਤੇ ਕੋਝਾ ਕਰਮ ਹੈ
ਜਿਵੇਂ ਕੋਈ ਤੀਵੀਂ ਦਾੜ੍ਹੀ ਮੁੱਛਾਂ ਲਾ ਕੇ ਮਰਦ ਬਣਨ ਦਾ ਨਿਰਾਰਥ ਤੇ
ਕੋਝਾ ਜਤਨ ਕਰੇ। ਅਜਿਹਾ ਕਰ ਕੇ ਅਸੀਂ ਵਾਹਿਗੁਰੂ ਸਿਰਜਣਹਾਰ
ਅਥਵਾ ਉਸ ਕੁਦਰਤ ਮਾਂ ਵਿਚ ਦੋਸ਼ ਲੱਭਣ ਦੇ ਜੁਰਮ ਦੇ ਭਾਗੀ ਬਣਦੇ
ਹਾਂ। ਯਾਦ ਰੱਖੋ, ਕੁਦਰਤ ਕਦੇ ਗ਼ਲਤੀ ਨਹੀਂ ਕਰਦੀ। ਉਸ ਵਿਚ
ਹਰੀ, ਕਾਦਰ ਆਪ ਵਸਦਾ ਤੇ ਉਸ ਨੂੰ ਬਝਵੇਂ ਨੇਮਾਂ ਵਿਚ
ਚਲਾਉਂਦਾ ਹੈ।

ਯੂਨਾਨ ਦੇ ਮਹਾਨ ਫ਼ਿਲਾਸਫ਼ਰ ਸੁਕਰਾਤ ਨੇ ਜਦ ਐਲਸੀਬਾਏਂ
ਡੀਜ਼ ਨੂੰ, ਜੋ ਓਥੋਂ ਦਾ ਅਤਿ ਖ਼ੂਬਸੂਰਤ, ਬਾਂਕਾ ਨੌਜਵਾਨ ਸੀ, ਇਹ
ਉਪਦੇਸ਼ ਦਿਤਾ ਕਿ 'ਹੇ ਨੌਜਵਾਨ, ਤੂੰ ਸਰੀਰ ਨਹੀਂ, ਸੰਕਲਪ ਸਰੂਪ ਹੈਂ',
ਇਸ ਨੂੰ ਸੱਚਾ, ਸੁੰਦਰ ਤੇ ਸਵੱਛ ਬਣਾ, ਤਾਂ ਨਾਲ ਹੀ, ਸਰੀਰ ਬਾਰੇ ਵੀ

† Those who discard religion just because they have to move with society, are like the fools, who take off their shoes because they have to walk on thorns.

ਆਗਿਆ ਕੀਤੀ ਕਿ ਉਹ ਇਸ ਨੂੰ ਕੁਦਰਤ ਉਤੇ ਛੱਡ ਦੇਵੇ ।

ਸਵਰਗਵਾਸੀ ਦਰਵੇਸ਼ਾਰ ਸੰਤ ਭਗਤ ਸਿੰਘ ਜੀ ਵਿਰੱਕਤ (ਠਰੂ ਵਾਲੇ) ਇਕ ਬੜੀ ਦਿਲਚਸਪ ਵਾਰਤਾ ਸੁਣਾਇਆ ਕਰਦੇ ਸਨ : ਇਕ ਵੇਰਾਂ ਉਹ ਟਰੇਨ ਵਿਚ ਸਫ਼ਰ ਕਰ ਰਹੇ ਸਨ । ਉਨ੍ਹਾਂ ਪਾਸ ਬੈਠੇ ਇਕ ਹਿੰਦੂ ਤੇ ਇਕ ਮੁਸਲਮਾਨ ਮੁਸਾਫ਼ਿਰ ਨੇ ਆਪਸ ਵਿਚ ਇਹ ਬਹਿਸ ਛੇੜ ਲਈ ਕਿ ਰੱਬ ਨੇ ਪਹਿਲਾਂ ਹਿੰਦੂ ਨੂੰ ਬਣਾਇਆ ਸੀ ਕਿ ਮੁਸਲਮਾਨ ਨੂੰ ? ਜਦ ਇਸ ਬਿਖਮ ਮਸਲੇ ਬਾਰੇ ਉਹ ਆਪਸ ਵਿਚ ਹੀ ਕੋਈ ਫ਼ੈਸਲਾ ਨਾ ਕਰ ਸਕੇ ਤਾਂ ਦੋਹਾਂ ਨੇ ਸੰਤ ਮਹਾਰਾਜ ਨੂੰ ਬੇਨਤੀ ਕੀਤੀ ਕਿ ਉਹ ਉਹਨਾਂ ਵਿਚ ਚਲੇ ਸੰਵਾਦ ਦਾ ਫ਼ੈਸਲਾ ਕਰ ਦੇਣ । ਸੰਤ ਮਹਾਰਾਜ ਜੀ ਨੇ ਪਹਿਲੇ ਤਾਂ ਨਾਂਹ ਨੁੱਕਰ ਕੀਤੀ, ਪਰੰਤੂ ਜਦ ਉਹਨਾਂ ਦੋਹਾਂ ਨੇ ਸੰਤਾਂ ਦਾ ਫ਼ੈਸਲਾ ਲੈਣ ਲਈ ਹੱਠ ਕੀਤਾ ਤਾਂ ਉਹਨਾਂ ਫ਼ੁਰਮਾਇਆ, 'ਭਾਈ, ਜੇ ਕਿਸੇ ਦੇ ਘਰ ਇਕ ਬਾਲਕ (ਲੜਕਾ) ਪੈਦਾ ਹੋਵੇ ਤੇ ਵੀਹ ਪੰਝੀ ਸਾਲ ਤਕ ਉਸ ਨੂੰ ਕੁਦਰਤ ਉਤੇ ਛਡਦਿਆਂ ਹੋਇਆਂ, ਆਪੋਂ ਕੁਝ ਵੀ ਨ ਬਣਾਇਆ ਜਾਵੇ, ਤਾਂ ਦੱਸੋ ਉਹ ਕੀ ਹੋਵੇਗਾ ? ਹਿੰਦੂ ਕਿ ਮੁਸਲਮਾਨ ?' ਦੋਵੇਂ ਸੱਜਣ ਪਹਿਲਾਂ ਤਾਂ ਕੁਝ ਘਬਰਾਏ, ਪਰੰਤੂ ਫੇਰ ਇਕ-ਜ਼ਬਾਨ ਹੋ ਕੇ ਇਹ ਉੱਤਰ ਦੇਣ ਲਈ ਮਜਬੂਰ ਹੋਏ, 'ਜੀ, ਫਿਰ ਤਾਂ ਉਹ ਸਿੱਖ ਹੋਵੇਗਾ ।' ਸੰਤਾਂ ਨੇ ਮੁਸਕਰਾ ਕੇ ਕਿਹਾ, ''ਭਾਈ, ਵਾਹਿਗੁਰੂ ਨੇ ਤਾਂ ਸਭ ਨੂੰ ਸਿੱਖ ਹੀ ਬਣਾਇਆ ਹੈ, ਸਿੱਖ ਦਾ ਹੀ ਰੂਪ ਦਿੱਤਾ ਹੈ । ਆਪਣੀ ਮੱਤ ਅਨੁਸਾਰ ਇਸ ਰੂਪ ਆਦਿ ਨੂੰ ਵਿਗਾੜ ਕੇ ਕੋਈ ਹਿੰਦੂ ਬਣਾ ਲੈਂਦਾ ਹੈ, ਕੋਈ ਮੁਸਲਮਾਨ ।''

†'ਦੂਰ ਦੇ ਢੋਲ ਸੁਹਾਵਣੇ' ਦੇ ਅਖਾਣ ਅਨੁਸਾਰ ਕਈ ਕੇਸਾਧਾਰੀ ਵੀਰ ਇਸ ਭੁਲੇਖੇ ਵਿਚ ਹਨ ਕਿ ਦਾੜ੍ਹੀ ਕੇਸ ਕਟਾਉਣ ਵਾਲੇ, ਪਤਾ ਨਹੀਂ, ਕਿਤਨੇ ਕੁ ਸੌਖੇ ਤੇ ਸੁੰਦਰ ਹੋ ਜਾਂਦੇ ਹਨ । ਵਾਸਤਵ ਵਿਚ ਇਹ ਚੰਚਲ-ਚਿੱਤ ਲੋਕ ਬੜੇ ਕੁਥਾਂ ਫਾਥੇ ਹੁੰਦੇ ਹਨ । ਸਵੇਰੇ ਜਾਗਣ

† Distant hills look green.
Distant drums sound sweet.

ਉਪਰੰਤ ਉਨ੍ਹਾਂ ਉੱਤੇ ਮੂੰਹ ਸਿਰ ਮੁੰਨਣ ਦਾ ਇਕ ਡੰਗ ਜਿਹਾ ਰਹਿੰਦਾ ਹੈ, ਤੇ ਉਹ ਉਤਨਾ ਚਿਰ ਬੜੇ ਔਖੇ ਮਹਿਸੂਸ ਕਰਦੇ ਹਨ ਜਦ ਤਕ ਉਹ ਸ਼ੇਵ ਨਹੀਂ ਕਰ ਲੈਂਦੇ।

ਇਕ ਪੌਰਾਣੀ ਦੀਨਦਾਰਵਾਨ ਕਲੀਮੈਂਸ ਦਾ ਕਹਿਣਾ ਹੈ ਕਿ 'ਦਾੜ੍ਹੀ, ਇਕ ਵੱਡੀ ਹੱਦ ਤੱਕ, ਹਰ ਧਰਮ ਦੇ ਆਦਮੀ ਨੂੰ ਪਾਪ ਤੋਂ ਬਚਾਂਦੀ ਹੈ ਤੇ ਚੰਗੇ ਪਾਸੇ ਲਾਣ ਲਈ ਪ੍ਰੇਰਦੀ ਹੈ।' ਕੁਦਰਤ-ਪ੍ਰਬੰਧ ਦਾ ਕਮਾਲ ਵੇਖੋ, ਦਾੜ੍ਹੀ ਮਰਦ ਦੇ ਚਿਹਰੇ ਉੱਤੇ ਪ੍ਰਗਟ ਹੀ ਉਸ ਵੇਲੇ ਹੁੰਦੀ ਹੈ, ਜਦ ਉਸ ਨੂੰ ਗੁਮਰਾਹ ਕਰਨ ਵਾਲੀਆਂ ਸ਼ਕਤੀਆਂ ਇਕ ਤੇਜ਼ ਝੱਖੜ ਵਾਂਗ ਆ ਘੇਰਦੀਆਂ ਹਨ। ਸੰਘਣੇ, ਸੁੰਦਰ, ਛੱਤਵੇਂ, ਕੁਦਰਤੀ ਤੇ ਪ੍ਰਭਾਵ-ਸ਼ਾਲੀ ਦਾੜ੍ਹੇ ਨੂੰ 'ਬੀਬੀ ਦਾੜ੍ਹੀ' ਕਰਕੇ ਪੁਕਾਰਿਆ ਸਤਿਕਾਰਿਆ ਜਾਂਦਾ ਹੈ। ਇਹ ਮਨੁੱਖ ਦੇ ਸਾਊਪੁਣੇ ਦੀ ਸੂਚਕ ਹੈ।

ਸਾਨਜੋਸ ਸਟੇਟ ਯੂਨੀਵਰਸਿਟੀ (ਕੈਲੀਫੋਰਨੀਆ, ਅਮਰੀਕਾ) ਦੇ ਮਨੋਵਿਗਿਆਨ ਦੇ ਪ੍ਰੋਫੈਸਰ ਰਾਬਰਟ ਪੈਲਿਗਰੀਨੀ ਦੀ ਦਾੜ੍ਹੀ ਬਾਰੇ ਕੀਤੀ ਖੋਜ ਤੇ ਵਿਚਾਰ ਇਸ ਪ੍ਰਕਾਰ ਹਨ :—

ਪ੍ਰੋਫੈਸਰ ਸਾਹਿਬ ਦਾ ਕਹਿਣਾ ਹੈ ਕਿ ਉਸ ਨੂੰ ਇਸ ਸੰਬੰਧ ਵਿੱਚ ਕੀਤੀ ਖੋਜ ਤੇ ਤਜਰਬੇ ਦੇ ਆਧਾਰ ਉਤੇ ਪਤਾ ਲਗਾ ਹੈ ਕਿ "ਕਾਲਜ ਦੇ ਵਿਦਿਆਰਥੀਆਂ ਦਾ ਵਿਸ਼ਵਾਸ ਹੈ ਕਿ ਕਿਸੇ ਮਨੁੱਖ ਦੇ ਚੇਹਰੇ ਉਤੇ ਜਿਤਨੇ ਵਧੇਰੇ ਵਾਲ ਹੋਣਗੇ ਉਤਨਾ ਹੀ ਵਧ ਉਹ ਬਹਾਦਰ, ਪੱਕਾ (ਪਰੌਢ), ਖੁਲ੍ਹ-ਦਿਲਾ, ਕਾਮਾ ਤੇ ਮੇਹਨਤੀ ਹੋਵੇਗਾ।"

ਉਸ ਨੇ ਦੱਸਿਆ ਕਿ ਉਹਨੇ ਆਪਣੇ ਪਾਸੋਂ ਅੱਠਾਂ ਵਿਦਿਆਰਥੀਆਂ 'ਚੋਂ ਹਰੇਕ ਨੂੰ ਦਸ ਦਸ ਡਾਲਰ ਦਿਤੇ ਕਿ ਉਹ ਵੱਖ ਵੱਖ ਪੜਾਵਾਂ ਉਤੇ ਦਾੜ੍ਹੀ ਮੁੱਛਾਂ ਮੁਨਾਉਣ। ਉਸ ਨੇ ਹਰੇਕ ਰੂਪ ਵਿਚ ਉਹਨਾਂ ਦੀਆਂ ਪੂਰੀਆਂ ਦਾੜ੍ਹੀਆਂ ਤੋਂ ਲੈ ਕੇ ਬਕਰ-ਦਾੜ੍ਹੀ ਤਕ, ਕੇਵਲ ਮੁੱਛਾਂ ਤੇ ਫੇਰ ਬਿਲਕੁਲ ਸਫ਼ਾ-ਚਟ ਰੂਪ ਵਿਚ—ਫ਼ੋਟੋ ਖਿੱਚੀਆਂ।

ਇਸ ਉਪਰੰਤ ਉਸ ਨੇ ਕਾਲਜ ਦੇ ੧੨੮ ਵਿਦਿਆਰਥੀਆਂ ਤੇ ਵਿਦਿਆਰਥਣਾਂ ਤੋਂ ਹਰੇਕ ਪੜਾਅ ਦੇ ਰੂਪ ਦੀ ਫ਼ੋਟੋ ਦੇ ਮਰਦਊ-ਪੁਣੇ ਤੇ

ਪਰੌਢਤਾ ਦੇ ਦ੍ਰਿਸ਼ਟੀਕੋਣ ਤੋਂ ਨੰਬਰ ਲਵਾਏ। ਪੂਰਨ ਦਾੜ੍ਹੀ ਰੱਖਣ ਤੇ ਪੂਰੀ ਮੁਨਾਉਣ ਵਾਲਿਆਂ ਦੀ ਵਿੱਥ ਵਿਚ ਵੱਡਾ ਅੰਤਰ ਸੀ। ਇਸ ਤਜਰਬੇ ਉਪਰੰਤ ਉਹ ਇਸ ਸਿੱਟੇ ਉਤੇ ਪੁੱਜਾ ਕਿ ਮਨੁੱਖ ਦੇ ਚੇਹਰੇ ਦੇ ਵਾਲਾਂ ਦਾ ਉਸ ਦੇ ਮਰਦਊ-ਪੁਣੇ, ਪਰਪੱਕਤਾ (ਪਰੌਢਤਾ), ਸੁੰਦਰਤਾ, ਸਵੈ-ਵਿਸ਼ਵਾਸ, ਬਹਾਦਰੀ, ਖੁਲ੍ਹ-ਦਿਲੀ, ਦ੍ਰਿੜ੍ਹਤਾ ਅਤੇ ਕਾਮੇ ਹੋਣ ਨਾਲ ਡੂੰਘਾ ਤੇ ਨਿਸਚਿਤ ਸੰਬੰਧ ਹੈ।

ਪ੍ਰੋਫੈਸਰ ਸਾਹਿਬ ਲਿਖਦੇ ਹਨ—"ਮੈਨੂੰ ਦੋ ਤਿੰਨ ਉਦਾਹਰਣਾਂ ਚੇਤੇ ਹਨ ਜਿਥੇ ਸਾਬਤ-ਸੂਰਤ ਤੇ ਸਫ਼ਾ-ਚੱਟ ਦਾੜ੍ਹੀ ਵਾਲਿਆਂ ਵਿਚ ਚੌਹਾਂ-ਚੌਹਾਂ, ਪੰਜਾਂ-ਪੰਜਾਂ ਨੰਬਰਾਂ ਦਾ ਫ਼ਰਕ ਸੀ।"

ਪ੍ਰੋਫੈਸਰ ਪੈਲਿਗਰੀਨੀ ਦੀ ਇਸ ਸੰਬੰਧ ਵਿਚ ਵਧੇਰੇ ਖੋਜ ਜਾਰੀ ਹੈ। (ਟ੍ਰਿਬਿਊਨ, ਮਿਤੀ ੧੦ ਜੁਲਾਈ ੧੯੭੩

ਅਸਲ ਲਿਖਤ ਇਸ ਪ੍ਰਕਾਰ ਹੈ :—

GROW A BEARD TO LOOK MANLY :

SAN JOSE (California) July 8 (Ap)- "What's the best way to look manly, mature liberal and industrious ? Grow a beard," says San Jose State University Psychology Prof. Robert Pellegrini.

Prof. Pellegrini says, he found in study that a group of college students believed that the more hair a man sports on his face, the more he is adjudged to possess those qualities.

He said, he paid eight students 10 dollars each, out of his pocket, to shave their whiskers in stages and had photographs taken of each man, at each stage–from full beard to goatee, to moustache and finally clean-shavanly.

"The beard were all neatly trimmed, not the Gabby Haya's variety." Prof. Pellegrini said.

"Each photo was then rated by 128 college students, both men and women on a scale from one to ten, on such qualities as masculinity and maturity of each shaven, semi-shaven and non-shaven subject.

"There seems to be a positive relation between the amount of the hair on the person's face and the perception of him as masculine, mature, good-looking, self-confident, courageous, liberal, non-conformist and industrious," Prof. Pellegrini said.

"The differences in ratings between completely-shaven and non-shaven subjects were dramatic.

"I recall at least two or three individual situations where a rating would differ by four or five points, depending on whether he was clean-shaven or fully bearded," Prof. Pellegrini said.

'ਜਾਰਜ ਬਰਨਾਰਡ-ਸ਼ਾਅ' ਨੂੰ ਇਕ ਵੇਰ ਕਿਸੇ ਨੇ ਸੁਆਲ ਕੀਤਾ ਕਿ ਉਹ ਦਾੜ੍ਹੀ ਕਿਉਂ ਨਹੀਂ ਕਟਾਉਂਦਾ। ਉਸ ਨੇ ਉੱਤਰ ਦਿਤਾ ਕਿ ਜੇ ਦਾੜ੍ਹੀ ਨੂੰ ਕੱਟਣ ਵਿਚ ਰੋਜ਼ ਪੰਜ ਮਿੰਟ ਵੀ ਜਾਇਆ ਹੋਣ ਤਾਂ ਹਿਸਾਬ ਲਾਓ ਕਿ ਜੀਵਨ ਭਰ ਵਿਚ ਕਿਤਨਾ ਸਮਾਂ ਅਜਾਈਂ ਗਿਆ।" ਉਹ ਇਸ ਬਾਰੇ ਇਕ ਕਹਾਣੀ ਵੀ ਸੁਣਾਇਆ ਕਰਦੇ ਸਨ—"ਸ਼ਾਅ ਜਦੋਂ ਪੰਜ ਸਾਲ ਦਾ ਸੀ ਤਾਂ ਉਹ ਚਾਅ ਨਾਲ ਆਪਣੇ ਪਿਤਾ ਨੂੰ ਰੋਜ਼ ਦਾੜ੍ਹੀ ਮੁੰਨਦੇ ਵੇਖਿਆ ਕਰਦਾ ਸੀ। ਇਕ ਦਿਨ ਉਸ ਨੇ ਪਿਤਾ ਨੂੰ ਪੁੱਛਿਆ, 'ਪਿਤਾ

---

* Bernard Shaw used to tell a story about his father, whom he delighted to watch shaving every day. One day the five year old Shaw looked up and asked the old man; "Daddy, Why do you shave ?" The father looked at his small son for a full minute and then threw the razor out of the window, saying "Why the hell do I ?" He never did again.

Sunday Tribune, dated 6th Dec. 1970 (Editorial)

ਜੀ, ਤੁਸੀਂ ਸ਼ੇਵ ਕਿਉਂ ਕਰਦੇ ਹੋ ?' ਪਿਤਾ ਨੇ ਆਪਣੇ ਛੋਟੇ ਜਿਹੇ ਬੱਚੇ ਵਲ ਗਹੁ ਨਾਲ ਪੂਰੇ ਇਕ ਮਿੰਟ ਲਈ ਵੇਖਿਆ ਅਤੇ ਰੇਜ਼ਰ (ਉਸਤਰੇ) ਨੂੰ ਬਾਰੀ ਤੋਂ ਬਾਹਰ ਵਗਾਹ ਮਾਰਿਆ ਤੇ ਫੇਰ ਕਦੀ ਨਾ ਵਰਤਿਆ।"

ਸ੍ਰੀ ਦਸਮੇਸ਼ ਜੀ ਸਮਾਜ ਨੂੰ ਉਚੇਰਾ ਲੈ ਜਾਣ ਦੇ ਦਾਅਵੇਦਾਰ ਸਨ। ਉਨ੍ਹਾਂ ਨੇ ਖੰਡੇ ਦੀ ਪਾਹੁਲ ਦੇਣ ਸਮੇਂ ਆਦੇਸ਼ ਦਿੱਤਾ ਕਿ ਅਗੋਂ ਲਈ ਮੇਰੇ ਸਿਖ ਭੱਦਣ ਨਹੀਂ ਕਰਨਗੇ, ਭਾਵ—ਸਾਬਤ ਸੂਰਤ ਰਹਿਣਗੇ। ਜਦ ਮੂੰਹ ਸਿਰ ਦੇ ਵਾਲਾਂ ਨੂੰ ਜਿਉਂ ਦਾ ਤਿਉਂ ਰਹਿਣ ਦਿਤਾ ਜਾਵੇਗਾ ਤਾਂ ਆਪੇ ਹੀ ਬਿਨਾਂ ਕਿਸੇ ਯਤਨ ਦੇ ਕੇਸਾਂ ਆਦਿ ਦੀ ਰਹਿਤ ਰਹਿ ਗਈ। ਸੁਆਲ ਦਾੜ੍ਹੇ ਤੇ ਕੇਸਾਂ ਦੀ ਉਚੇਚੀ ਰਹਿਤ ਰੱਖਣ ਦਾ ਨਹੀਂ, ਸਗੋਂ ਰਹਿਤ, ਜੋ ਸੁਤੇ-ਸਿਧ ਪਹਿਲਾਂ ਹੈ, ਉਸ ਨੂੰ ਨਾ ਤੋੜਨ ਦਾ ਹੈ। ਲੋੜ ਇਸ ਗੱਲ ਦੀ ਹੈ ਕਿ ਕੁਦਰਤੀ, ਬਿਨਾਂ ਯਤਨ, ਪ੍ਰਾਪਤ ਹੋਈ ਰਹਿਤ ਭੰਨੀ ਨਾ ਜਾਏ; ਫੇਰ ਰਹਿ ਉਹ ਆਪੇ ਹੀ ਜਾਵੇਗੀ।

ਇਥੇ ਇਹ ਗੱਲ ਵੀ ਚੇਤੇ ਰਖਣ ਵਾਲੀ ਹੈ ਕਿ ਜਿਵੇਂ ਜਿਵੇਂ ਆਦਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਿਖ ਨੂੰ ਅਧਿਆਤਮਕ, ਸਮਾਜਕ ਤੇ ਸਦਾਚਾਰਕ ਤੌਰ ਉਤੇ ਉਚਾ ਚੁਕਿਆ ਜਾ ਰਿਹਾ ਸੀ, ਤਿਵੇਂ ਤਿਵੇਂ ਸਿਖ ਆਪਣੇ ਸਤਿਗੁਰਾਂ ਦੇ ਜਨਮ-ਰੂਪ ਅਨੁਸਾਰੀ ਹੁੰਦੇ ਹੋਏ, ਸਕੇਸ ਅਥਵਾ ਸਾਬਤ ਸੂਰਤ ਹੁੰਦੇ ਜਾ ਰਹੇ ਸਨ। ਇਥੋਂ ਤਕ ਕਿ ਉਹਨਾਂ ਨੂੰ ਬਹੁਤ ਸਾਰੀ ਬਾਣੀ ਵੀ ਕੰਠੋਂ ਯਾਦ ਹੋ ਗਈ ਸੀ।

ਸੋ, ਸਿਖੀ ਵਿਚ ਮਨ ਤੇ ਤਨ ਦੀ ਰਹਿਤ ਦੇ ਧਾਰਨੀ ਹੋਣਾ, ਇਕ ਸੁਭਾਵਕ, ਕੁਦਰਤੀ ਤੇ ਦੈਵੀ ਜੀਵਨ ਦੇ ਧਾਰਨੀ ਹੋਣਾ ਹੈ। ਰਹਿਤਵਾਨ ਸਿੰਘ ਤੇ 'ਰਹਿਤ' ਦਾ, ਗੁਰੂ ਜੀ ਦੇ ਦਿਲ ਅੰਦਰ ਕਿਤਨਾ ਸਤਿਕਾਰ ਹੈ, ਇਸ ਲਈ ਵਾਚੋ ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ 'ਚੋਂ ਇਹ ਹਵਾਲਾ :—

ਰਹਿਤਵਾਨ ਜਗ ਸਿੰਘ ਜੋ ਕੋਈ ॥ ਗੁਰੂ ਕੇ ਲੋਕ ਬਸੈਂਗੇ ਸੋਈ ॥
ਰਹਿਣੀ ਰਹੈ ਸੋਈ ਸਿਖ ਮੇਰਾ ॥ ਉਹ ਠਾਕੁਰ ਮੈਂ ਉਸ ਕਾ ਚੇਰਾ ॥੯੬॥
ਰਹਿਤ ਬਿਨਾ ਨਹਿ ਸਿੰਘ ਕਹਾਵੈ ॥ ਰਹਿਤ ਬਿਨਾ ਦਰ ਚੋਟਾਂ ਖਾਵੈ ॥...

ਰਹਿਤ ਬਿਨਾ ਸੁਖ ਕਬਹੂ ਨ ਲਹੈ। ਤਾਂ ਤੇ ਰਹਿਤ ਸੁ ਦ੍ਰਿੜ੍ਹ ਕਰ ਗਹੈ॥੮੯॥

'ਮੁਕਤਨਾਮੇ' ਵਿਚ ਤਾਕੀਦ ਹੈ ਕਿ :—

"ਕੇਸ ਗੁਰੂ ਦੀ ਮੋਹਰ ਹਨ, ਇਹਨਾਂ ਨੂੰ ਅਖੰਡ ਰੱਖੇ।...ਕੇਸਾਂ ਦਾ ਅਦਬ ਗੁਰੂ ਕੇ ਸਮਾਨ ਕਰੇ। ਕੇਸਾਂ ਦੀ ਬੇਅਦਬੀ ਕਰਨ ਵਾਲੇ ਨੂੰ ਡੰਡ ਦਿਓ।"

ਐਪਰ, ਕੇਵਲ ਬਾਹਰਲੀ ਰਹਿਤ ਦੇ ਧਾਰਨੀ ਹੋਣਾ ਕਾਫ਼ੀ ਨਹੀਂ, ਏਸੇ ਲਈ 'ਰਹਿਤ (ਮਨ ਦੀ ਰਹਿਤ) ਬਿਨਾਂ ਸਿਰ ਕੇਸ ਭੀ ਦੂਖਨ' ਵਾਲੀ ਚੇਤਾਵਨੀ ਵੀ ਗੁਰੂ ਜੀ ਵਲੋਂ ਨਾਲ ਹੀ ਦਿੱਤੀ ਗਈ ਹੈ। ਇਹ ਗੱਲ ਜੋ ਵੀ ਸਹੀ ਸਤਿ ਹੈ ਕਿ ਮੂਲ *ਭੇਖ ਦਾ ਨਹੀਂ ਸਗੋਂ ਧੁਰ ਅੰਦਰ ਵਸਾਈ ਜੀਵਨ-ਕਣੀ ਅਥਵਾ ਅੰਦਰਲੀ ਰਹਿਤ ਦਾ ਹੀ ਪੈਂਦਾ ਹੈ। ਪਰੰਤੂ, ਇਹ ਵੀ ਇੱਕ ਹਕੀਕਤ ਹੈ ਕਿ ਜਿਨ੍ਹਾਂ ਦੇ ਅੰਦਰ ਪ੍ਰਭੂ ਦੀ ਜੋਤ ਲੱਟ ਲੱਟ ਜਗ ਉਠਦੀ ਹੈ, ਜੋ ਮਨ ਦੀ ਰਹਿਤ ਦੁਆਰਾ ਸਾਈਂ-ਪਿਆਰ ਨਾਲ ਮਖ਼ਮੂਰ ਹੋ ਜਾਂਦੇ ਹਨ, ਜੋ †ਅੰਦਰੋਂ ਬਾਹਰੋਂ ਪੱਕ-ਰੰਗ ਤੇ ਇਕ-ਸਮਾਨ ਅਦਬ ਸਤਿਕਾਰ ਵਾਲੇ ਹੋ ਜਾਂਦੇ ਹਨ, ਉਹ ਕੇਵਲ ਥਾਹੂਲੀ ਲੋਕਾਂ ਵਾਂਗ ਤਨ ਦੀ ਰਹਿਤ ਬਾਰੇ ਦੂਖਣਬਾਜ਼ੀ ਨਹੀਂ ਕਰਦੇ ਕਿ ਬਾਹਰਲੀ 'ਰਹਿਤ' ਦਾ ਕੀ ਏ, ਉਨ੍ਹਾਂ ਅੰਦਰਲੀ 'ਰਹਿਤ' ਰੱਖੀ ਹੋਈ ਹੈ। ਅੰਦਰਲੀ (ਮਨ ਦੀ) ਸੂਖਮ ਰਹਿਤ ਦਾ ਪ੍ਰਗਟਾਅ ਬਾਹਰਲੀ ਸਾਦਗੀ ਤੇ ਸਾਊਪੁਣੇ ਤੋਂ ਹੀ ਹੁੰਦਾ ਹੈ, ਲਫੰਗਾ-ਪੁਣੇ ਤੇ ਚੰਚਲਤਾਈ ਵਾਲੇ ਵੇਸ ਤੋਂ ਨਹੀਂ। ਭਾਈ ਨੰਦ ਲਾਲ ਜੀ ਇਸ ਨੁਕਤੇ ਨੂੰ ਸਪੱਸ਼ਟ ਕਰਦੇ ਹੋਏ ਲਿਖਦੇ ਹਨ ਕਿ ਜਦ ਦਿਲ ਵਿਚ ਵਾਹਿਗੁਰੂ ਦਾ ਅਦਬ ਹੋਵੇਗਾ ਤਾਂ

* ਜੀਅਹੁ ਮੈਲੇ ਬਾਹਰਹੁ ਨਿਰਮਲ ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥੧੯॥
(ਰਾਮਕਲੀ ਮ: ੩ ਅਨੰਦੁ, ਪੰਨਾ ੯੧੯)

† ਜੀਅਹੁ ਨਿਰਮਲ ਬਾਹਰਹੁ ਨਿਰਮਲ ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥੨੦॥
(ਅਨੰਦੁ, ਪੰਨਾ ੯੧੯)

ਜ਼ਬਾਨ ਉੱਤੇ ਆਪ-ਮੁਹਾਰੀ ਹੀ ਆ ਜਾਵੇਗਾ :

ਰਹ ਰਸਾਨੇ ਰਾਹਿ ਹੱਕ ਆਮਦ ਅਦਬ,
ਹਮ ਬ-ਦਿਲ ਯਾਦਿ ਖ਼ੁਦਾਓ, ਹਮ ਬ-ਲਬ।

[ਭਾਵ—ਰੱਬ ਦੇ ਰਸਤੇ (ਹਜ਼ੂਰੀ) ਵਿੱਚ ਪਹੁੰਚਾਣ ਵਾਲਾ ਅਦਬ (ਸਤਿਕਾਰ, ਨਿਰਮਲ ਭਉ) ਆਇਆ ਹੈ। ਵਾਹਿਗੁਰੂ ਦੇ ਸਤਿਕਾਰ ਤੇ ਨਿਮ੍ਰਤਾ ਦਾ ਵਾਸਾ ਅੰਤਰ-ਆਤਮੇ ਵੱਸਿਆ ਤਾਂ ਹੀ ਗਿਣਿਆ ਜਾਵੇਗਾ, ਜੇ ਦਿਲ ਵਿਚ ਵੀ ਰੱਬ ਦੀ ਯਾਦ ਹੋਵੇ ਅਤੇ ਬੁਲ੍ਹਾਂ ਉੱਤੇ ਵੀ।]

ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੀ ਫ਼ੁਰਮਾਨ ਹੈ ਕਿ ਅੰਦਰ ਸੱਚ ਵਸੇ ਦੀ ਨਿਸ਼ਾਨੀ ਹੀ ਇਹ ਹੈ ਕਿ ਮੂੰਹੋਂ ਵੀ ਫੁੱਟ ਫੁੱਟ ਸੱਚ ਬਾਹਰ ਨਿਕਲੇ :

ਜਿਸ ਦੈ ਅੰਦਰਿ ਸਚੁ ਹੈ,ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥੨॥ (੫)
[ਮ: ੪, ਵਾਰ ਮਾਝ, ਪੰਨਾ ੧੪੦

ਸੋ, ਸਿੱਖ ਦੀ ਅੰਦਰਲੀ ਤੇ ਬਾਹਰਲੀ ਰਹਿਤ ਨਿਖੇੜੀ ਨਹੀਂ ਜਾ ਸਕਦੀ। ਹਾਂ, ਬਾਹਰਲੀ ਰਹਿਤ ਦਾ ਭੇਖ ਤੇ ਵਿਖਾਵਾ ਤਾਂ ਕੋਈ ਬਹੁ-ਰੂਪੀਆ, ਕਿਸੇ ਠੱਗੀ ਠੋਰੀ ਤੇ ਸੁਆਰਥ ਲਈ ਕਰ ਸਕਦਾ ਹੈ, ਪਰੰਤੂ ਅੰਦਰੋਂ ਰਹਿਤਵਾਨ ਸਿੰਘ ਬਾਹਰਲੀ ਰਹਿਤ ਨੂੰ ਵੀ ਪੂਰੀ ਤਰ੍ਹਾਂ ਪਿਆਰੇ ਤੇ ਸਤਿਕਾਰੇਗਾ। ਜਿਸ ਅੰਮ੍ਰਿਤ-ਦਾਤੇ ਸਤਿਗੁਰੂ ਦੇ ਕੇਸਾਂ ਦੀ ਇੱਕ ਇੱਕ ਤਾਰ ਦਾ ਮੁੱਲ, ਭਾਈ ਨੰਦ ਲਾਲ ਜੀ, ਦੋ ਦੋ ਜਹਾਨ ਪਾਉਂਦੇ ਹਨ ਅਤੇ ਜੋ ਆਪ 'ਰਹਿਤ-ਦਾਤਾ' ਹੁੰਦਾ ਹੋਇਆ ਇਸ 'ਰਹਿਤ' ਨੂੰ ਪ੍ਰਾਪਤ ਕਰਨ ਲਈ ਗੋਡੇ ਟੇਕ ਕੇ ਪੰਜਾਂ ਪਿਆਰਿਆਂ ਪਾਸ ਜਾਚਨਾ ਕਰਦਾ ਹੈ, ਉਸ 'ਰਹਿਤ' ਦੀ ਅਜ਼ਮਤ ਉਹ ਆਪ ਹੀ ਜਾਣਦਾ ਹੈ, ਜਾਂ ਜਾਣੀ ਉਨ੍ਹਾਂ ਸਿੰਘਾਂ ਸਿੰਘਣੀਆਂ ਨੇ, ਜੋ ਬੰਦ-ਬੰਦ ਕਟਵਾਂਦੇ, ਖੋਪਰੀਆਂ ਲੁਹਾਂਦੇ, ਚਰਖੜੀਆਂ ਉੱਤੇ ਟੋਟਾ ਟੋਟਾ ਉਡਦੇ ਅਤੇ ਹਰ ਤਰ੍ਹਾਂ ਦੇ ਅਕਹਿ ਤੇ ਅਸਹਿ ਕਸ਼ਟਾਂ ਨੂੰ ਖਿੜੇ ਮੱਥੇ ਸਹਾਰਦੇ ਹੋਏ, ਸਿੱਖੀ ਨੂੰ, ਪਿਆਰੀ 'ਰਹਿਤ' ਨੂੰ, ਕੇਸਾਂ ਸਵਾਸਾਂ ਨਾਲ ਨਿਭਾ ਗਏ। ਵਿਸ਼ੇ-ਵਿਕਾਰ-ਗ੍ਰਸਤ

ਕਪਟੀ, ਅਗਿਆਨੀ ਤੇ ਮਾਇਆਧਾਰੀ ਲੋਕ ਕੀ ਜਾਣਨ ਸਾਰ 'ਰਹਿਤ' ਦੇ ਇਸ ਨਸ਼ੇ ਦੀ, ਇਸ ਮਸਤੀ ਦੀ, ਪਿਆਰ ਦੀ ਇਸ ਖੇਡ ਦੀ ! ਇਸ ਹਕੀਕਤ ਨੂੰ ਸ਼ਾਇਰ ਇਉਂ ਕਲਮਬੰਦ ਕਰਦਾ ਹੈ :—

ਬੁਲਬੁਲ ਕੋ ਹੀ ਮਾਲੂਮ ਹੈਂ, ਅੰਦਾਜ਼ ਚਮਨ ਕੇ,
ਕਿਆ ਆਲਮਿ ਗੁਲਸ਼ਨ ਕੀ ਖ਼ਬਰ, *ਜ਼ਾਗੋ ਜ਼ਗੱਨ ਕੋ ।

ਕਾਸ਼ ! ਭੁੱਲੜ ਤੇ ਸ਼ਰਧਾ-ਹੀਨ ਲੋਕਾਂ ਨੂੰ ਗੁਰਸਿਖ-ਰਹਿਤ ਦੇ ਰਹੱਸਯ ਤੇ ਸ੍ਰੀ ਦਸਮੇਸ਼ ਜੀ ਦੀ ਅਜ਼ਮਤ, ਉਪਕਾਰ ਤੇ ਕੁਰਬਾਨੀ ਦਾ ਅਹਿਸਾਸ ਹੁੰਦਾ ਅਤੇ ਉਹ ਸਿਦਕ ਤੇ ਰਹਿਤ-ਹੀਨ ਹੋਣ ਦੀ ਅਕ੍ਰਿਤਘਣਤਾ ਜਿਹੇ ਘੋਰ ਪਾਪ ਤੇ ਡੁਬਣ ਤੋਂ ਬਚ ਸਕਦੇ !

* ਕਾਂ ਤੇ ਇਲ ਨੂੰ ।

ਅਨੰਦ-ਵਿਵਾਹ

ਜਿਵੇਂ, ਮਾਲਣ ਫੁੱਲਾਂ ਦਾ ਹਾਰ ਗੁੰਦਣ ਸਮੇਂ ਅਖ਼ੀਰ ਉਤੇ ਇਕ ਵੱਡਾ ਸਾਰਾ ਫੁੱਲ ਗੁੰਦਦੀ ਅਤੇ ਉਸ ਨੂੰ ਮੇਰ (ਸ਼ਰੋਮਣੀ) ਫੁੱਲ ਦੀ ਸੰਗਿਆ ਦਿੰਦੀ ਹੈ, ਤਿਵੇਂ ਹੀ ਮਨੁੱਖ ਦੀ ਜੀਵਨ-ਤੋਰ ਵਿਚ ਜਿੰਨੀਆਂ ਵੀ ਧਾਰਮਿਕ ਜਾਂ ਸਮਾਜਕ ਰਸਮਾਂ ਆਉਂਦੀਆਂ ਹਨ, ਵਿਆਹ ਦੀ ਰੀਤ ਉਹਨਾਂ ਸਭਨਾਂ ਚੋਂ ਉੱਤਮ, ਅਹਿਮ, *ਸੁਭਾਵਕ ਅਤੇ ਸ਼ਰੋਮਣੀ ਮੰਨੀ ਗਈ ਹੈ। ਜੀਵਨ-ਸਾਥੀ ਚੁਣਨ ਦਾ ਇਹ ਰਿਵਾਜ ਕਿਸੇ ਨਾ ਕਿਸੇ ਰੂਪ ਵਿਚ ਹਰ ਦੇਸ਼ ਤੇ ਕਾਲ ਵਿਚ ਪ੍ਰਚੱਲਤ ਦਿਸ ਆਉਂਦਾ ਹੈ। ਏਥੋਂ ਤਕ ਕਿ ਮਨੁੱਖ ਦਾ ਆਪਣਾ ਇਤਿਹਾਸ ਵੀ ਇਤਨਾ ਪੁਰਾਣਾ ਨਹੀਂ, ਜਿਤਨੀ ਪੁਰਾਣੀ ਇਹ ਰਸਮ। ਸ਼ਿਵਜੀ ਅਤੇ ਪਾਰਬਤੀ, ਜੋ ਇਤਿਹਾਸਕ ਨਹੀਂ, ਸਗੋਂ ਮਿਥਿਹਾਸਕ ਹਸਤੀਆਂ ਹਨ, ਦੇ ਕਥਿਤ ਵਿਆਹ ਦੇ ਗੀਤ ਸ਼ਿਵ-ਭਗਤ ਅੱਜ ਵੀ ਗਲੀਆਂ ਬਜ਼ਾਰਾਂ ਅਤੇ ਮਹੱਲਿਆਂ ਵਿਚ ਗਾਉਂਦੇ ਵੇਖੇ-ਸੁਣੇ ਜਾ ਸਕਦੇ ਹਨ।

ਸੋ, ਜ਼ਿੰਦਗੀ ਦੀ ਇਹ ਰਸਮ ਪ੍ਰਾਚੀਨ ਤੇ ਸੁਭਾਵਕ ਹੋਣ ਦੇ ਨਾਤੇ ਨ ਕੇਵਲ ਜੀਵਨ-ਪੰਧ ਦੀਆਂ ਸਮੂਹ ਰਸਮਾਂ-ਰੀਤਾਂ ਦਾ ਧੁਰਾ (Nucleus) ਹੀ ਮੰਨੀ ਗਈ ਹੈ, ਸਗੋਂ ਮਨੁੱਖ ਦੀਆਂ ਖੁਸ਼ੀਆਂ, ਖੇੜਿਆਂ ਤੇ ਸਫਲਤਾਵਾਂ ਦੀ ਜ਼ਾਮਨ ਵੀ। ਏਸੇ ਲਈ ਵਿਦਵਾਨ ਡੇਸ਼ੀਅਰ (Dacier) ਲਿਖਦਾ ਹੈ ਕਿ ਜੇ ਕੋਈ ਆਦਮੀ ਵਿਆਹ ਦੇ ਮਾਮਲੇ ਵਿਚ ਅਭਾਗਾ ਹੈ ਤਾਂ

---

* One should believe in marriage, as in the immortality of Soul, (Balxec)

(ਭਾਵ—ਮਨੁੱਖ ਨੂੰ ਵਿਆਹ ਦੇ (ਸੁਭਾਵਕ) ਕੁਦਰਤੀ ਹੋਣ ਸੰਬੰਧੀ ਓਸੇ ਤਰ੍ਹਾਂ ਵਿਸ਼ਵਾਸ ਰਖਣਾ ਚਾਹੀਦਾ ਹੈ, ਜਿਵੇਂ ਉਹ ਆਤਮਾ ਦੇ ਅਮਰ ਹੋਣ ਬਾਰੇ ਰਖਦਾ ਹੈ।)

ਜੀਵਨ ਵਿਚ ਉਸ ਦੇ ਸੁਭਾਗੇ ਤੇ ਸਫਲ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਸ ਦੇ ਸ਼ਬਦ ਹਨ :—

"It is vain that a man is born fortunate, if he is unfortunate in marriage."

ਸ੍ਰੀ ਗੁਰੂ ਨਾਨਕ ਦੇਵ ਜੀ ਤਥਾ ਬਾਕੀ ਗੁਰੂ ਸਾਹਿਬਾਨ, ਮਨੁੱਖ ਦੀ ਸਾਵੀਂ, ਧੰਧਰੀ, ਸਫਲ ਅਤੇ ਸੰਤੁਲਿਤ ਜ਼ਿੰਦਗੀ ਦੇ ਦਾਅਵੇਦਾਰ ਸਨ। ਇਸ ਮੰਤਵ ਦੀ ਪੂਰਤੀ ਲਈ ਉਹਨਾਂ ਨੇ ਜਿਥੇ ਇਸ ਦੇ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਦ੍ਰਿਸ਼ਟੀਕੋਣਾਂ ਵਿਚ ਵਰਨਣਯੋਗ ਤੇ ਨਰੋਆ ਪ੍ਰੀਵਰਤਨ ਲਿਆਂਦਾ, ਓਥੇ ਵਿਆਹ ਜਿਹੀ ਅਹਿਮ ਰਸਮ ਵਲ ਵੀ ਵਿਸ਼ੇਸ਼ ਧਿਆਨ ਦਿੱਤਾ, ਅਤੇ ਇਸ ਦੀ ਅਹਿਮੀਅਤ ਤੇ ਟੀਚੇ ਨੂੰ ਬੇਹਦ ਵਡਿਆਇਆ ਤੇ ਰੁਸ਼ਨਾਇਆ। ਸਤਿਗੁਰਾਂ ਦੀ ਮੇਹਰਾਂ-ਭਰੀ ਇਸ ਬਰਕਤ ਤੇ ਬਖਸ਼ਿਸ਼ ਨੂੰ ਭਲੀ ਭਾਂਤ ਜਾਣਨ ਲਈ ਜ਼ਰੂਰੀ ਹੈ ਕਿ ਅਸੀਂ ਸੰਸਾਰ ਦੀ ਤਹਿਜ਼ੀਬ (ਸਭਿਅਤਾ) ਦੇ ਦੋ ਵਡੇ ਸਰਚਸ਼ਮਿਆਂ (ਵੈਦਕ ਤੇ ਕਿਤੇਬੀ ਮਤਾਂ) ਵਲੋਂ ਵਿਆਹ ਸੰਬੰਧੀ ਮਿਥੇ ਟੀਚਿਆਂ ਦਾ ਵੀਚਾਰ-ਪੂਰਬਕ, ਸੰਖੇਪ ਜਿਹਾ, ਸਰਵੇਖਣ ਕਰੀਏ।

(੧)

ਪਹਿਲਾਂ ਦੋ ਵਡੇ ਕਤੇਬੀ ਮੱਤਾਂ—ਈਸਾਈਅਤ ਤੇ ਇਸਲਾਮ—ਦੀ ਗੱਲ ਹੀ ਲੈ ਲਵੋ। ਇਸ ਤਹਿਜ਼ੀਬ ਦਾ ਮੋਢੀ ਹੈ, ਫ਼ਲਸਤੀਨ ਦਾ ਯਹੂਦੀ। ਬਾਈਬਲ ਅਨੁਸਾਰ ਸੰਸਾਰ-ਰਚਨਾ ਦੀ ਕਹਾਣੀ ਵਾਚਿਆਂ ਪਤਾ ਲਗਦਾ ਹੈ ਕਿ ਖ਼ੁਦਾ ਨੇ ਇਹ ਰਚਨਾ ਛੇ ਦਿਨਾਂ ਵਿਚ ਸੰਪੂਰਨ ਕਰ ਕੇ ਸਤਵੇਂ ਦਿਨ (ਸੈਬੇਥ ਤੇ, ਛਨਿੱਛਰਵਾਰ) ਅਰਾਮ ਕੀਤਾ। ਇਸ ਰਚਨਾ ਵਿਚ ਖ਼ੁਦਾ ਦਾ ਬੇਟਾ 'ਆਦਮ' ਤਾਂ ਸੀ, ਪਰੰਤੂ ਇਸਤ੍ਰੀ ਜਾਤੀ ਦੀ ਰਚਨਾ ਦੀ ਲੋੜ ਹੀ ਨਾ ਸਮਝੀ ਗਈ। ਹਾਂ, ਖ਼ੁਦਾ ਨੇ ਜਦ ਆਪਣੇ ਪਿਆਰੇ ਬੇਟੇ 'ਆਦਮ' ਨੂੰ ਇਕੱਲ ਦੇ ਕਾਰਨ ਉਦਾਸ ਵੇਖਿਆ ਤਾਂ ਉਸ ਨੂੰ ਘੂਕ ਸੁਆ ਕੇ, ਉਸ ਦੇ ਦਿਲ-ਪਰਚਾਵੇ ਲਈ, ਉਸ ਦੀ ਪਸਲੀ ਵਿਚੋਂ ਹੀ ਮਾਈ ਹਵਾ ਨੂੰ ਰੱਚ ਦਿੱਤਾ। ਮਾਈ ਹਵਾ ਨੇ ਆਦਮ ਨੂੰ ਪ੍ਰੇਰ ਕੇ

ਵਿਵਰਜਤ ਫਲ ਖੁਆਇਆ ਤੇ ਇਸ ਤਰ੍ਹਾਂ ਹੁਕਮ-ਅਦੂਲੀ ਵਿਚ ਗੁਨਾਹਗਾਰ ਠਹਿਰਾਏ ਜਾ ਕੇ ਸੁਰਗੋਂ ਕਢੇ ਗਏ, ਆਦਿ ਆਦਿ।

ਸੋ, ਗਹੁ ਨਾਲ ਵੀਚਾਰਿਆਂ ਇਸ ਕਹਾਣੀ ਤੋਂ ਇਹ ਸਿਧਾਂਤਕ ਤੱਥ ਉੱਘੜ ਕੇ ਸਾਹਮਣੇ ਆਉਂਦੇ ਹਨ—

ਪਹਿਲਾ—ਸ੍ਰਿਸ਼ਟੀ ਰਚਨਾ ਵੇਲੇ ਖੁਦਾ ਨੇ ਔਰਤ ਦੀ ਸਿਰਜਨਾ ਦੀ ਲੋੜ ਹੀ ਨਾ ਸਮਝੀ। ਰੱਬ ਦੀ ਦੁਨੀਆ ਇਸਤ੍ਰੀ ਤੋਂ ਬਿਨਾ ਹੀ ਸੰਪੂਰਨ ਸੀ।

ਦੂਜਾ—ਮਾਈ ਹੱਵਾ ਨੂੰ ਬਾਬੇ ਆਦਮ ਦੇ ਦਿਲ-ਪਰਚਾਵੇ ਲਈ ਪੈਦਾ ਕਰਨਾ ਪਿਆ।

ਤੀਜਾ—ਮਾਈ ਹੱਵਾ ਸ਼ੈਤਾਨ ਦੇ ਹਥੇ ਚੜ੍ਹੀ ਅਤੇ ਉਸ ਨੇ ਹੀ ਆਦਮ ਨੂੰ ਜ਼ਿੱਦ ਨਾਲ ਪ੍ਰੇਰ ਕੇ ਖੁਦਾ ਵਲੋਂ ਵਰਜਿਆ ਫਲ ਖੁਆਇਆ, ਜਿਸ ਦੇ ਫਲ-ਸਰੂਪ ਹੁਕਮ-ਅਦੂਲੀ ਦੇ ਦੋਸ਼ ਵਿਚ ਗੁਨਾਹਗਾਰ ਮਿੱਥੇ ਜਾ ਕੇ ਉਹ ਦੋਵੇਂ ਸੁਰਗੋਂ ਕਢੇ ਗਏ।

ਚੌਥਾ—ਉਪਰੋਕਤ ਗੁਨਾਹ ਕਰਨ ਕਰਾਉਣ ਲਈ ਕਿਉਂਕਿ ਇਸਤ੍ਰੀ ਜਾਤੀ ਦਾ ਨੁਮਾਇੰਦਾ—ਮਾਈ ਹੱਵਾ—ਜ਼ੁੰਮੇਵਾਰ ਹੈ, ਇਸ ਲਈ ਔਰਤ ਨੂੰ ਸਦਾ ਹੀ ਕਮਜ਼ੋਰ, ਕਮ੍ਹਾ-ਗ੍ਰਿਸਤ, ਜ਼ਿੱਦਲ, ਅਤੇ ਧਰਮੋਂ ਗਿਰਾਉਣ ਦਾ ਕਾਰਨ ਮੰਨਿਆ ਗਿਆ ਅਤੇ ਕੁਲ ਆਦਮ ਜ਼ਾਤ ਨੂੰ ਸਦਾ ਸਦਾ ਲਈ ਗੁਨਾਹਗਾਰ।

ਬਾਈਬਲ ਦੀ ਉਪਰੋਕਤ ਕਹਾਣੀ ਦੇ ਵਿਸ਼ੇਸ਼ ਪਹਿਲੂਆਂ ਦਾ ਡੂੰਘਾ ਪ੍ਰਭਾਵ ਅੱਜ ਵੀ ਪੱਛਮੀ ਦੇਸ਼ਾਂ ਦੇ ਵਿਰੋਧੀ ਮੱਤਾਂ ਦੀ ਸਭਿਅਤਾ ਅਤੇ ਖਾਸ ਕਰਕੇ ਵਿਆਹ ਦੀ ਰੀਤ ਅਤੇ ਆਦਰਸ਼ ਵਿਚ ਉਜਾਗਰ ਹੈ। ਉਥੇ, ਵਿਵਾਹ ਕੇਵਲ ਇਕ ਸਮਾਜਕ ਸੌਦੇ-ਬਾਜ਼ੀ (Social contract) ਅਤੇ ਦਿਲ-ਪਰਚਾਵੇ ਤੋਂ ਵਧ ਹੈਸੀਅਤ ਨਹੀਂ ਰਖਦਾ। ਉਸ ਵਿਚ ਪਵਿੱਤਰਤਾ, ਨਿਰਬਾਹ ਅਤੇ ਵਫ਼ਾ ਦੀ ਕੋਈ ਅੰਸ਼ ਨਹੀਂ। ਜੇ ਇਸ

ਛਿਨ ਵਿਆਹ ਹੁੰਦਾ ਹੈ ਤਾਂ ਦੂਜੇ ਛਿਨ ਟੁੱਟ ਸਕਦਾ ਹੈ। ਪੈਰਿਸ ਦੇ ਗਿਰਜੇ ਦੀ ਗੱਲ ਹੈ ਕਿ ਓਥੇ ਦੇਰ ਚਿਰ ਦੀ ਕੋਰਟਸ਼ਿਪ (Courtship-ਮੁਦਤੀਆਂ ਪਿਆਰ-ਮਿਲਣੀਆਂ) ਉਪਰੰਤ ਇਕ ਜੋੜਾ ਵਿਆਹ ਕਰਵਾ ਕੇ ਗਿਰਜਿਓਂ ਬਾਹਰ ਨਿਕਲਦਾ ਹੈ; ਪਰੰਤੂ, ਪੰਜ ਮਿੰਟ ਬਾਅਦ ਵਾਪਸ ਪਰਤ ਕੇ ਪਾਦਰੀ ਨੂੰ ਨਕਾਹ ਤੋੜਨ ਲਈ ਬਿਨੈ ਕਰਦਾ ਹੈ। ਜਦ ਪਾਦਰੀ ਇਸ ਤੋੜ-ਵਿਛੋੜੇ ਦਾ ਕਾਰਨ ਪੁੱਛਦਾ ਹੈ ਤਾਂ ਲੜਕੀ ਉੱਤਰ ਦਿੰਦੀ ਹੈ ਕਿ ਉਸ ਦਾ ਰੁਮਾਲ ਧਰਤੀ ਉਤੇ ਡਿਗ ਪਿਆ ਸੀ, ਪਰੰਤੂ ਉਸ ਦੇ ਨਵੇਂ ਬਣੇ ਸਾਥੀ (ਪਤੀ) ਨੂੰ ਹੇਠੋਂ ਰੁਮਾਲ ਚੁਕ ਕੇ ਫੜਾਉਣ ਦਾ ਢੰਗ (Etiquette) ਨਹੀਂ ਆਇਆ। ਸੋ, ਵਿਆਹ ਦਾ ਬੰਧਨ ਤੋੜ ਦਿਤਾ ਗਿਆ। ਅਜਿਹੀ ਇਕ ਹੋਰ ਘਟਨਾ ਵੀ ਪੈਰਿਸ ਦੇ ਹੀ ਇਕ ਗਿਰਜੇ ਦੀ ਹੈ: ਜੌਨੀ ਸਟੋਕ ਨਾਂ ਦਾ ਇਕ ਗਭਰੂ ਵਿਆਹ ਕਰਵਾ ਕੇ ਜਦ ਗਿਰਜਿਓਂ ਬਾਹਰ ਨਿਕਲਦਾ ਹੈ ਤਾਂ ਉਸ ਦੀ ਸਜ-ਵਿਆਹੀ ਪਤਨੀ ਉਸ ਨੂੰ ਮੋਟਰਕਾਰ ਚਲਾਉਣੋਂ ਮਨ੍ਹਾ ਕਰਦੀ ਹੈ। ਪਰੰਤੂ, ਉਹ ਮੰਨਦਾ ਨਹੀਂ। ਦੇਵਨੇਤ, ਕਾਰ ਦਾ ਇਕ ਸਾਧਾਰਨ ਜਿਹਾ ਹਾਦਸਾ ਹੋ ਜਾਂਦਾ ਹੈ, ਜਿਸ ਦੇ ਫਲ-ਸਰੂਪ ਉਸ ਨੂੰ ਡੇਢ ਸੌ ਰੁਪਏ ਜੁਰਮਾਨਾ ਭਰਨਾ ਪੈਂਦਾ ਹੈ। ਬਸ, ਇਤਨੇ ਕੁ ਮੱਤ-ਭੇਦ ਕਾਰਨ ਵਿਆਹ ਜਿਹਾ ਪੀਡਾ ਰਿਸ਼ਤਾ ਤੁਰਤ ਟੁੱਟ ਜਾਂਦਾ ਹੈ।

ਉਪਰੋਕਤ ਹਵਾਲਿਆਂ ਅਤੇ ਯੂਰਪ ਤੇ ਅਮਰੀਕਾ ਆਦਿ ਦੇਸ਼ ਵਿਚ ਤਲਾਕਾਂ ਲਈ ਸਮੇਂ ਸਮੇਂ ਉਚੇਚੀਆਂ ਨਿੱਯਤ ਹੁੰਦੀਆਂ ਅਦਾਲਤਾਂ ਤੋਂ ਅਵੱਸ਼ ਇਹ ਸਿੱਟਾ ਨਿਕਲਦਾ ਹੈ ਕਿ ਇਹਨਾਂ ਦੇਸ਼ਾਂ ਅਥਵਾ ਮੱਤਾਂ ਵਿੱਚ ਵਿਆਹ ਦਾ ਉਹ ਆਦਰਸ਼ ਕਾਇਮ ਨਹੀਂ ਹੋ ਸਕਿਆ, ਜਿਸ ਵਿਚ ਧਰਮ, ਪਵਿੱਤਰਤਾ, ਨਿਰਬਾਹ ਅਤੇ ਵਫ਼ਾ ਦੀ ਭਰਪੂਰ ਸੁਗੰਧੀ ਹੋਵੇ, ਅਤੇ ਜੋ ਜੀਵਨ ਨੂੰ ਸਹੀ ਸੁਖ—ਸਬਰ, ਸੰਤੋਖ ਤੇ ਦਿਆ ਦੀ ਦਾਤ—ਬਖਸ਼ ਸਕੇ। ਓਥੇ ਆਪਣੇ ਸੁਭਾਵਾਂ ਨੂੰ ਇਕ ਦੂਜੇ ਦੀਆਂ ਰੁਚੀਆਂ ਅਨੁਸਾਰ ਢਾਲਣ (Adjust ਕਰਨ) ਦੀ ਥਾਂ ਝੇੜੇ ਵਾਲੀ ਭਟਕਣਾ ਤੇ

ਅਸਾਂਗੀ* ਹੈ। ਫੇਰ ਵੀ, ਹਰੇਕ ਵਿਅਕਤੀ ਦੇ ਖਾਣ-ਪੀਣ, ਸਉਣ-ਰਹਿਣ ਤੇ ਹੋਰ ਸੁਹਜ-ਸੁਆਦ ਆਦਿ ਦੀਆਂ ਰੁਚੀਆਂ ਵਿਚ ਅੰਤਰ ਹੋਣ ਕਰਕੇ ਸਫਲ ਵਿਆਹ ਦੀ ਨੀਂਹ ਸਮਝੌਤੇ (Compromise) ਉਤੇ ਟਿਕਦੀ ਤੇ ਨਿਭਦੀ ਹੈ, ਪਰੰਤੂ ਤਲਾਕ ਦੀ ਸਹੂਲਤ, ਨਿਰਬਾਹ ਤੇ ਸਮਝੌਤੇ ਦੀ ਰੁਚੀ ਨੂੰ ਬਲਹੀਨ ਕਰਦੀ ਹੈ। ਪੁਸਤਕ 'ਦੀ ਆਰਟ ਔਫ਼ ਲਿਵਿੰਗ' (ਜੀਵਨ-ਜਾਚ) ਵਿਚ ਇਸ ਸੱਚਾਈ ਨੂੰ ਇਉਂ ਮੰਨਿਆ ਤੇ ਸਪੱਸ਼ਟ ਕੀਤਾ ਗਿਆ ਹੈ—

If separation is made too easy, the slightest discussion can cause it. The serious illness of one of the lovers may fatigue the other and thus break up the affair.

[ਭਾਵ—ਜੇ ਤੋੜ-ਵਿਛੋੜਾ (ਤਲਾਕ) ਸੌਖਾ ਕਰ ਦਿਤਾ ਜਾਵੇ ਤਾਂ ਨਿਗੂਣਾ ਜਿਹਾ ਮਤਭੇਦ ਵੀ ਵਿਯੋਗ ਦਾ ਕਾਰਨ ਬਣ ਸਕਦਾ ਹੈ। ਇਕ ਪ੍ਰੇਮੀ ਦੀ ਬੀਮਾਰੀ ਦੂਜੇ ਨੂੰ ਅਕਾਅ ਥਕਾਅ ਅਤੇ ਪਿਆਰ-ਸੰਬੰਧਾਂ ਦਾ ਭੰਗ ਪਾ ਸਕਦੀ ਹੈ।]

ਏਸੇ ਪੁਸਤਕ ਦੇ ਪੰਨਾ ੬੫ ਉਤੇ ਅੰਕਿਤ ਹੈ—

"Very soon both (Husband & Wife) are disappointed, and instead of saying to themselves that nothing in this world is perfect, not even love, they think they have made bad choice, that perfection will surely be found in another. Then they get a divorce in order to continue their search. Of course, the new relationship brings

* ਚੰਪਾ, ਤੁਝ ਮੇਂ ਤੀਨ ਗੁਣ, ਰੂਪ, ਰੰਗ, ਅਰ ਬਾਸ।
ਪਰ ਇਹ ਔਗੁਣ ਹੈ ਤੁਝ ਵਿਚੇ, ਜੋ ਭੰਵਰ ਨ ਬੈਠੇ ਪਾਸ।
ਚੰਪਾ—ਜਾਣਦੇ ਮੁਝ ਮੇਂ ਤੀਨ ਗੁਣ, ਰੂਪ, ਰੰਗ, ਅਰ ਬਾਸ।
ਠੌਰ ਠੌਰ ਕੇ ਮੀਤ ਕੋ, ਕਉਣ ਬਠਾਵੇ ਪਾਸ।

them no nearer to this undiscoverable perfection. They continue to get divorces until old age and the experience now acquired lead them to accept the conjugal compromise which they should have accepted in the case of their first love.

(ਤਾਫ਼–ਥੋੜੇ ਸਮੇਂ ਬਾਅਦ ਦੰਪਤੀ ਮਾਯੂਸ ਹੋ ਜਾਂਦੇ ਹਨ। ਇਉਂ ਸਮਝਣ ਦੀ ਥਾਂ ਕਿ ਸੰਸਾਰ ਵਿਚ ਕੁਝ ਵੀ ਸੰਪੂਰਨ ਨਹੀਂ, ਪਿਆਰ ਤੱਕ ਵੀ ਨਹੀਂ, ਉਹ ਸਮਝਦੇ ਹਨ ਕਿ ਉਹਨਾਂ ਗਲਤ ਸਾਥੀ ਚੁਣ ਲਿਆ, ਸੀ, ਹੁਣ ਉਹ ਵਧੇਰੇ ਸੁਚੇਤ ਹੋ ਕੇ ਸਰਬਗੁਣ ਸੰਪੂਰਨ ਸਾਥੀ ਚੁਣਨਗੇ, ਉਹ ਤਲਾਕ ਦੇ ਦਿੰਦੇ ਤੇ ਨਵੇਂ ਸਾਥੀ ਦੀ ਖੋਜ ਵਿਚ ਜੁੱਟ ਜਾਂਦੇ ਹਨ; ਪਰੰਤੂ ਨਵੇਂ ਸਾਥੀ ਦੀ ਚੋਣ ਵਿਚ ਵੀ ਉਹਨਾਂ ਨੂੰ ਮਨ-ਪਸੰਦ ਸਾਥੀ ਨਹੀਂ ਮਿਲਦਾ। ਏਸੇ ਤਰ੍ਹਾਂ ਉਹ ਬੁੱਢੇ ਹੋਣ ਤੱਕ ਆਦਰਸ਼ਕ ਸਾਥੀ ਦੀ ਭਾਲ ਜਾਰੀ ਰਖਦੇ ਹਨ ਤੇ ਆਖਰ ਏਸ ਸਿੱਟੇ ਉੱਤੇ ਪੁੱਜਦੇ ਹਨ ਕਿ ਦੰਪਤੀ-ਜੀਵਨ ਦੀ ਸਫਲਤਾ ਦੀ ਆਧਾਰ-ਸ਼ਿਲਾ 'ਸਮਝੌਤਾ' ਹੈ, ਜੋ ਉਨ੍ਹਾਂ ਨੂੰ ਪਹਿਲੇ ਵਿਵਾਹ ਸਮੇਂ ਹੀ ਪਰਵਾਨ ਕਰ ਲੈਣਾ ਯੋਗ ਸੀ।)

ਸਹੀ ਗੱਲ ਤਾਂ ਇਹ ਹੈ ਕਿ ਜੀਵਨ-ਸਾਥੀ ਦੀ ਚੋਣ ਵਿਚ ਨੌਜਵਾਨਾਂ ਦੇ ਜਜ਼ਬੇ ਤੇ ਵੱਡਿਆਂ ਦੇ ਤਜਰਬੇ ਦਾ ਸੁਮੇਲ ਹੀ ਆਦਰਸ਼ਕ ਤੇ ਲੱਗੀਆਂ ਨੂੰ ਤੋੜ ਨਿਭਾਉਣ ਵਾਲੇ ਸੁਭਾਗ ਜੋੜੇ ਜੋੜਨ ਦੇ ਸਮਰਥ ਹੋ ਸਕਦਾ ਹੈ।

(੨)

ਇਸਲਾਮ ਵਿਚ ਪਤੀ ਪਤਨੀ ਦੀ ਪਦਵੀ ਤੇ ਹੱਕਾਂ ਵਿਚ ਵੱਡੀ ਅ-ਸਮਾਨਤਾ ਹੈ। ਏਥੇ ਔਰਤ ਨੂੰ ਮਰਦ ਦੀ ਖੇਤੀ ਕਰਕੇ ਮੰਨਿਆ ਗਿਆ ਹੈ। ਉਹ ਸੰਗਤ ਅਤੇ ਪੰਗਤ ਵਿਚ ਮਰਦ ਦੀ ਬਰਾਬਰੀ ਨਹੀਂ ਕਰ ਸਕਦੀ। ਮਰਦਾਂ ਨਾਲ ਮਿਲ ਕੇ ਮਸਜਦ ਵਿੱਚ ਪੜ੍ਹੀ ਜਾਣ ਵਾਲੀ ਨਮਾਜ਼ ਵਿੱਚ ਸ਼ਿਰਕਤ ਨਹੀਂ ਕਰ ਸਕਦੀ। ਉਹ ਕੇਵਲ ਭੋਗ ਬਿਲਾਸ ਲਈ, ਹਰਮ ਦੀ ਰੌਣਕ ਹੈ। ਇਕ ਮਰਦ ਇਕ ਸਮੇਂ ਚਾਰ ਔਰਤਾਂ ਰਖ

ਸਕਦਾ ਹੈ, ਪਰੰਤੂ ਔਰਤ ਨੂੰ ਇਹ ਹੱਕ ਹਾਸਲ ਨਹੀਂ। ਪ੍ਰਵਾਣਿਤ ਚੌਂਹ ਸ਼ਾਦੀਆਂ ਤੋਂ ਬਿਨਾਂ ਮਰਦ ਵਿੱਤ ਅਨੁਸਾਰ ਲੌਂਡੀਆਂ ਤੇ ਲੌਂਡੇ ਵੀ ਖਰੀਦ ਸਕਦਾ ਹੈ। ਮਰਦ ਦੀ ਵਾਸ਼ਨਾ-ਪੂਰਤੀ ਨੂੰ ਏਥੋਂ ਤਕ ਜੀਵਨ-ਟੀਚਾ ਮਿਥਿਆ ਗਿਆ ਹੈ ਕਿ ਜੇ ਔਰਤ ਮਰਦ ਦੀ ਵਾਸ਼ਨਾ ਪੂਰੀ ਕਰਨ ਤੋਂ ਨਾਂਹ ਕਰੇ ਤਾਂ ਜਿੰਨੇ ਸਾਹ ਮਨੁੱਖ ਇਸ ਕਾਰਨ ਗੁੱਸੇ ਵਿਚ ਲਵੇਗਾ, ਉਤਨੇ ਕਦਮ ਐਸੀ ਔਰਤ ਨੂੰ ਦੋਜ਼ਕ ਦੀ ਅੱਗ ਉਤੇ ਤੁਰਨਾ ਪਵੇਗਾ। ਏਥੋਂ ਤਕ ਕਿ ਬਹਿਸ਼ਤ ਵਿਚ ਵੀ ਹੂਰਾਂ ਤੇ ਲੌਂਡਿਆਂ ਦੀ ਸ਼ਕਲ ਵਿਚ ਭੋਗ ਬਿਲਾਸ ਦਾ ਲਾਰਾ ਦਿੱਤਾ ਗਿਆ ਹੈ। ਪਰੰਤੂ, ਇਨ੍ਹਾਂ ਲਾਰਿਆਂ ਦਾ ਪਰਦਾ ਡਾਕਟਰ ਮੁਹੰਮਦ ਇਕਬਾਲ ਜਿਹਾ ਮਹਾਨ ਫਲਸਫੀ ਮੁਸਲਮਾਨ, ਆਪ ਹੀ, ਇਉਂ ਚਾਕ ਕਰਦਾ ਹੈ—

ਬਹਿਸ਼ਤੋ, ਹੂਰੋ, ਗਿਲਮਾਂ, ਇਵਜ਼ਿ ਤਾਇਤ ਮੈਂ ਨ ਮਾਨੂੰਗਾ।
ਇਨਹੀਂ ਬਾਤੋਂ ਸੇ, ਐ ਜ਼ਾਹਿਦ ! ਜ਼ਈਫ਼ ਈਮਾਨ ਹੋਤਾ ਹੈ।

ਭਾਵ—''ਮੈਂ ਇਹ ਲਾਰਾ ਕਿ ਇਸਲਾਮੀ ਸ਼ਰ੍ਹਾ ਦੀ ਤਾਬੇਦਾਰੀ ਦੇ ਬਦਲੇ ਅੱਗੇ ਬਹਿਸ਼ਤ ਵਿਚ ਹੂਰਾਂ ਤੇ ਲੌਂਡੇ ਮਿਲਣਗੇ, ਕਦਾਚਿਤ ਨਹੀਂ ਮੰਨਦਾ, ਕਿਉਂਕਿ ਅਜਿਹੀਆਂ ਗੱਲਾਂ ਤੇ ਲਾਰਿਆਂ ਨਾਲ ਈਮਾਨ ਕਮਜ਼ੋਰ ਹੁੰਦਾ ਹੈ।''*

ਇਸਲਾਮ ਵਿਚ ਨਕਾਹ ਤੋੜਨਾ ਤੇ ਤਲਾਕ ਲੈਣਾ ਤਾਂ ਹੋਰ ਵੀ ਸੌਖਾ ਹੈ। ਤਿੰਨ ਵੇਰ 'ਤਲਾਕ' 'ਤਲਾਕ' 'ਤਲਾਕ' ਕਿਹਾ ਤੇ ਕੁਰਾਨ ਸ਼ਰੀਫ ਦੀ ਸੰਬੰਧਤ ਆਇਤ ਪੜ੍ਹੀ, 'ਹੱਕ-ਮਹਿਰ' ਤਾਰਿਆ ਤੇ ਨਕਾਹ ਟੁੱਟ ਗਿਆ।

---

* ਇਸ ਦੇ ਟਾਕਰੇ ਵਿਚ ਵਾਚੋ ਗੁਰੂ ਨਾਨਕ ਪਾਤਸ਼ਾਹ ਦਾ ਇਹ ਮੁਖ ਵਾਕ—
ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥੨॥ (੧੧)
[ਮ: ੧, ਵਾਰ ਰਾਮਕਲੀ, ਪੰਨਾ ੯੫੨

ਵੈਦਕ ਮੱਤ— (੩)

ਵੈਦਕ ਮੱਤਾਂ ਵਿਚ ਵਿਆਹ ਦਾ ਆਦਰਸ਼ ਇਸ ਤੋਂ ਵੀ ਵਧ ਅੱਨਪਾਇ-ਭਰਪੂਰ ਅਤੇ ਇਸਤ੍ਰੀ ਜਾਤੀ ਦੀ ਪਦਵੀ ਹੋਰ ਵੀ ਨੀਵੀਂ ਤੇ ਘਿਰਣਤ ਮੰਨੀ ਗਈ ਹੈ। ਸ਼ਾਸਤ੍ਰ ਵਿਚ ਮਰਦ ਨੂੰ ਪ੍ਰਭੂ ਦਾ ਅਤੇ ਇਸਤ੍ਰੀ ਨੂੰ ਮਾਇਆ (ਪ੍ਰਕਿਰਤੀ) ਦਾ ਪ੍ਰਤੀਨਿਧ ਮੰਨਿਆ ਗਿਆ ਹੈ। ਜਿਵੇਂ ਈਸ਼ਵਰ ਨੂੰ ਜਗਤ-ਰਚਨਾ ਲਈ ਪ੍ਰਕਿਰਤੀ ਦੀ ਆਦਿ ਕਾਲ ਤੋਂ ਲੋੜ ਪੈਂਦੀ ਆ ਰਹੀ ਹੈ, ਕੁਝ ਇਵੇਂ ਹੀ ਸੰਸਾਰ ਦੀ ਰਚਨਾ ਜਾਰੀ ਰਖਣ ਲਈ, ਜਨਨੀ ਹੋਣ ਦੇ ਨਾਤੇ, ਇਸਤ੍ਰੀ ਦੀ ਵੀ ਲੋੜ ਹੈ। ਮੰਨੂ ਜੀ ਨੇ ਮਨੁੱਖ ਦੀ ਜ਼ਿੰਦਗੀ ਨੂੰ ਚਾਰ ਹਿਸਿਆਂ (ਆਸ਼ਰਮਾਂ) ਵਿਚ ਵੰਡਿਆ ਹੈ: ੨੫ ਸਾਲ ਬ੍ਰਹਮਚਾਰੀਆ, ੨੫ ਸਾਲ ਗ੍ਰਿਹਸਥ ਆਸ਼ਰਮ, ੨੫ ਸਾਲ ਬਾਨ-ਪ੍ਰਸਤੀ ਅਤੇ ਆਖ਼ਰੀ ੨੫ ਸਾਲ ਸੰਨਿਆਸ ਧਾਰਨ ਕਰਨ ਦੀ ਹਿਦਾਇਤ ਹੈ। ਮੋਖਸ਼ ਕੇਵਲ ਨਿਵਿਰਤੀ ਮਾਰਗ ਅਥਵਾ ਸੰਨਿਆਸ ਧਾਰਨ ਕਰਨ ਨਾਲ ਹੀ ਪ੍ਰਾਪਤ ਹੋਣੀ ਹੈ। ਮਜਬੂਰਨ, ਕੁਝ ਸਮੇਂ ਲਈ ਪ੍ਰਵਿਰਤੀ ਅਥਵਾ ਗ੍ਰਿਹਸਥ ਆਸ਼ਰਮ ਧਾਰਨ ਕਰਨ ਨਾਲ ਇਸਤ੍ਰੀ ਦੇ ਰੂਪ ਵਿਚ ਜੋ ਕੁਹਿ ਮਾਇਆ ਚੰਬੜ ਜਾਂਦੀ ਹੈ, ਉਸ ਨੂੰ ਬਾਨ-ਪ੍ਰਸਤ ਤੇ ਸੰਨਿਆਸ ਧਾਰਨ ਕਰ ਕੇ ਪੰਜਾਹ ਸਾਲ ਧੋਣਾ ਤੇ ਲਾਹੁਣਾ ਪੈਂਦਾ ਹੈ।

ਹਿੰਦੂ ਸ਼ਾਸਤ੍ਰ ਅਨੁਸਾਰ ਨਰੀਨਾ ਔਲਾਦ (ਲੜਕੇ) ਨੂੰ ਹੀ ਔਲਾਦ ਮੰਨਿਆ ਗਿਆ ਹੈ, ਲੜਕੀ ਨੂੰ ਨਹੀਂ। ਕਾਰਨ? ਮਾਤਾ ਪਿਤਾ ਦੇ ਪਰਲੋਕ ਸਿਧਾਰਨ ਉਪਰੰਤ, ਪਿੰਡ, ਪੱਤਲ, ਕਿਰਿਆ ਆਦਿ ਪੁੱਤਰ ਹੀ ਭਰਵਾ ਤੇ ਕਰਵਾ ਸਕਦਾ ਹੈ, ਕੰਨਿਆ ਨਹੀਂ। ਸੋ, ਏਸ ਤਰ੍ਹਾਂ ਕਰਕੇ ਪੁੱਤਰ ਸੁਰਗਵਾਸ ਹੋਏ ਮਾਤਾ ਪਿਤਾ ਨੂੰ ਰਾਹ ਵਿਚ ਪੈਂਦੀ ਬਿਖਮ ਬੈਤਰਨੀ ਨਦੀ ਪਾਰ ਕਰਨ ਤੇ ਮੋਖਸ਼ ਪ੍ਰਾਪਤ ਕਰਨ ਵਿਚ ਸਹਾਈ ਹੋ ਸਕਦਾ ਹੈ। ਏਥੋਂ ਤਕ ਕਿ ਇਸਤ੍ਰੀ ਨੂੰ ਨਰੀਨਾ ਔਲਾਦ, ਨਿਯੋਗ ਰਾਹੀਂ, ਪਰਾਏ ਮਰਦਾਂ ਤੋਂ ਵੀ ਪ੍ਰਾਪਤ ਕਰਨ ਦੀ ਖੁਲ੍ਹ ਹੈ।

ਬ੍ਰਾਹਮਣ ਵਲੋਂ ਪ੍ਰਚਾਰੀ ਨਿਵਿਰਤੀ ਅਥਵਾ ਤਿਆਗ-ਬਿਰਤੀ

ਦਾ ਸਿੱਟਾ ਇਹ ਨਿਕਲਿਆ ਕਿ ੨੫ ਸਾਲ ਗ੍ਰਿਹਸਤ-ਆਸ਼ਰਮ ਵਿਚ ਵਿਚਰਨ ਉਪਰੰਤ ਬਾਨ-ਪ੍ਰਸਤੀ ਤੇ ਸੰਨਿਆਸੀ ਹੋਣ ਨਾਲੋਂ ਮੋਖਸ਼ ਦੇ ਅਭਿਲਾਸ਼ੀ ਲੋਕਾਂ ਨੇ ਬ੍ਰਹਮਚਰੀਆ ਉਪਰੰਤ, ਸਿੱਧਾ ਹੀ ਸੰਨਿਆਸੀ ਬਣਨਾ ਉਚਿਤ ਜਾਤਾ। ਭਗਤਾਂ ਦੀ ਕਿਰਤ-ਕਮਾਈ ਤੋਂ ਮਾਲ ਪੂੜਾ ਛਕਣ ਵਾਲੇ ਇਹਨਾਂ ਵਿਹਲੜਾਂ ਦੇ ਟਿਕਾਣਿਆਂ ਨੂੰ ਡਾਉਣੀਆਂ ਦੀ ਸੰਗਿਆ ਦਿੱਤੀ ਗਈ। ਜੇ ਕਿਤੇ ਕੋਈ ਜਰਵਾਣਾ ਕਿਸੇ ਅਬਲਾ ਨੂੰ ਜਬਰੀ ਚੁਕ ਕੇ ਲੈ ਜਾਂਦਾ ਅਤੇ ਸੇਵਕ ਇਨ੍ਹਾਂ ਪਾਸ ਆ ਕੇ ਦੁਖ ਰੋਂਦਾ, ਤਾਂ ਪੂਜਾ ਦਾ ਧਾਨ ਖਾ ਖਾ ਕੇ ਅਣਖ ਤੇ ਸਾਹਸਹੀਨ ਹੋ ਚੁੱਕੇ ਇਹ ਲੋਕ, ਉਸ ਨੂੰ ਇਹ ਉਪਦੇਸ਼ ਦੇ ਕੇ ਪਰਚਾਅ ਛਡਦੇ, 'ਭਗਤੋ, ਜਗਤ ਇਕ ਭ੍ਰਾਂਤੀ ਹੈ, ਮੋਹ ਮਿਥਿਆ ਹੈ, ਸੁਪਨਾ ਹੈ; ਏਹ ਸਭ ਪੂਰਬਲੇ ਕਰਮੋਂ ਕਾ ਫਲ ਹੈ, ਈਹਾਂ ਕੌਨ ਕਿਸੀ ਕਾ ਹੈ ? ਧੀਰਜ ਕਰੋ, ਰਾਮ ਨਾਮ ਬੋਲੋ, ਰਾਮ ਭਲੀ ਕਰੇਗਾ।'

ਪੂਜਾ ਦੇ ਧਾਨ ਨਾਲ ਬੇਜਾਨ, ਬੇਹਿੱਸ ਤੇ ਬੇਗੈਰਤ ਹੋ ਚੁਕੇ ਧੂਏਂ ਤਾਉਣ ਵਾਲੇ ਇਹ ਤਪੀ ਕੀ ਜਾਨਣ ਕਿ ਕਿਸੇ ਦੀ ਧੀ-ਭੈਣ ਦੀ ਬੇ-ਪਤੀ ਤੇ ਨਿਰਾਦਰੀ ਦੀ ਪੀੜਾ ਕਿਸ ਬਲਾ ਦਾ ਨਾਮ ਹੈ ਅਤੇ ਇਹ ਅਣਖੀ ਲੋਕਾਂ ਲਈ ਕਿਤਨੀ ਅਸਹਿ ਤੇ ਅਕਹਿ ਹੁੰਦੀ ਹੈ। ਇਕ ਫ਼ਾਰਸੀ ਦਾ ਸ਼ਾਇਰ ਸਮਾਜ ਦੇ ਨਕਾਰੇ ਹੋ ਚੁਕੇ ਅਜਿਹੇ ਅੰਗਾਂ ਦੀ ਦਸ਼ਾ ਇਉਂ ਰੂਪਮਾਨ ਕਰਦਾ ਹੈ :—

ਤਪੀਦਨਹਾ ਚਿ ਮੇਦਾਨਦ, ਦਿਲਿ ਅਫ਼ਸੁਰਦਾ, ਐ ਗ਼ਾਫ਼ਿਲ,
ਅਦਾਇ ਕਾਵਸ਼ਿ ਨਸ਼ਤਰ, ਰਗਿ ਬੇ-ਖ਼ੂੰ ਚਿ ਮੇ ਦਾਨਦ।

[ਭਾਵ—ਤਪੀ ਅਥਵਾ ਹੱਠ-ਕਰਮੀ ਕੀ ਜਾਣਦਾ ਹੈ ਕਿ ਕਿਸੇ ਸਤਾਏ ਹੋਏ ਦੁਖੀ ਦਿਲ ਉਤੇ ਕੀ ਵਾਪਰਦੀ ਹੈ; ਜਿਵੇਂ, ਬੇਹਿਸ ਹੋ ਚੁੱਕੀ ਰਗ ਨਸ਼ਤਰ ਦੀ ਚੋਭ ਦੀ ਪੀੜਾ ਨੂੰ ਨਹੀਂ ਜਾਣ ਸਕਦੀ।]

ਇਸਤ੍ਰੀ ਨੂੰ ਪ੍ਰਭੂ-ਮਾਰਗ ਵਿਚ ਇਤਨਾ ਬਾਧਕ, ਅਪਵਿੱਤਰ ਮੂਰਦਾ ਤੇ ਘਿਰਣਤ ਸਮਝਿਆ ਜਾਣ ਲਗਾ ਕਿ ਕਾਗਜ਼ਾਂ ਦੀ ਬਣੀ

ਅਗਲਾ ਤਕ ਨੂੰ ਵੀ ਤੱਕਣ ਦੀ ਮਨਾਹੀ ਕਰ ਦੇਣੀ ਉਚਿਤ ਸਮਝੀ ਗਈ :—

ਕਾਗਦ ਸੰਦੀ ਪੁਤਰੀ, ਸੂ ਨ ਤ੍ਰਿਆ ਨਿਹਾਰ ।

(ਗੁਸਾਈਂ ਤੁਲਸੀ ਦਾਸ)

ਮਰਦ ਦਾ ਔਰਤ ਉਤੇ ਇਹ ਅਧਿਕਾਰੀ ਤੇ ਅਯੋਗ ਗਲਬਾ ਏਥੋਂ ਤਕ ਵਧ ਚੁੱਕਾ ਸੀ ਕਿ ਉਹ ਇਸਤ੍ਰੀ ਨੂੰ ਹੋਰ ਮਾਇਕੀ ਪਦਾਰਥਾਂ ਵਾਂਗ ਇਕ ਨਿੱਜੀ ਜਾਇਦਾਦ ਸਮਝਦਾ ਸੀ ਅਤੇ ਇਸ ਨੂੰ ਬਾਕੀ ਪਦਾਰਥਾਂ ਵਾਂਗ ਬ੍ਰਾਹਮਣਾਂ ਨੂੰ ਦਾਨ ਵੀ ਕਰ ਦਿੰਦਾ ਸੀ। ਏਥੋਂ ਤਕ ਕਿ ਮਰਦ, ਰਾਜੇ ਨੱਲ ਤੇ ਪਾਂਡਵਾਂ ਵਾਂਗ, ਆਪਣੀ ਇਸਤ੍ਰੀ ਨੂੰ ਜੂਏ ਦੇ ਦਾਅ ਉਤੇ ਲਾਉਣ ਤੇ ਹਾਰਨ ਦਾ ਹੱਕ ਵੀ ਰਖਦਾ ਸੀ। ਬ੍ਰਾਹਮਣ ਨੇ ਇਕ ਮਰਦ ਨੂੰ ਕਈ ਤੀਵੀਆਂ ਰੱਖਣ ਅਤੇ ਇਕ ਤੀਵੀਂ ਨੂੰ ਕਈ ਮਰਦਾਂ ਨਾਲ ਵਿਆਹ ਕਰਨ ਦਾ ਹੱਕ ਵੀ ਦੇ ਰਖਿਆ ਸੀ। ਇਸਤ੍ਰੀ ਨੂੰ ਸੂਦਰ ਹੋਣ ਦੇ ਨਾਤੇ ਯੱਗਯੋ-ਪਵੀਤ (ਜਨੇਊ) ਪਾਣ ਦਾ ਅਧਿਆਰ ਨਹੀਂ।

ਗੱਲ ਕੀ, ਬ੍ਰਾਹਮਣ ਦੇ ਸਿਰਜੇ ਸਮਾਜ ਵਿਚ ਇਸਤ੍ਰੀ ਦੀ, ਕੇਵਲ ਇਕ ਜਨਣੀ ਹੋਣ ਦੇ ਨਾਤੇ ਹੀ, ਲੋੜ ਸਮਝੀ ਗਈ। ਵੈਸੇ, ਇਹ ਇਤਨੀ ਅੱਧਮ (ਨੀਵੀਂ) ਸੀ ਕਿ ਜੇ ਕਿਸੇ ਅਭਾਗੀ ਤੀਵੀਂ ਦਾ ਪਤੀ ਮਰ ਜਾਂਦਾ ਤਾਂ ਉਸ ਦੀ, ਇਹ ਮਨਹੂਸ ਮਾਇਆ, ਉਸ ਦੇ ਨਾਲ ਹੀ ਸਾੜ ਦਿਤੀ ਜਾਂਦੀ, ਤਾਂ ਜੁ ਅਜਿਹੀ ਕੁਲੱਛਣੀ ਮਾਇਆ (ਇਸਤ੍ਰੀ) ਕਿਸੇ ਹੋਰ ਨੂੰ ਨਾ ਚੰਬੜ ਜਾਵੇ। ਇਨਸਾਨੀਅਤ ਤੋਂ ਗਿਰੀ ਹੋਈ, ਹਿਰਦੇ-ਵੇਧਕ, ਇਸ ਰਸਮ ਨੂੰ 'ਸਤੀ' ਦੀ ਸੰਗਿਆ ਦੇ ਕੇ, ਢੋਲ-ਢਮੱਕੇ ਤੇ ਸ਼ੋਰ-ਸ਼ਰਾਬੇ ਵਿਚ ਐਸੀ ਅਭਾਗੀ ਵਿਧਵਾ ਨੂੰ ਪਰਚਾਇਆ ਤੇ ਪਤੀ ਦੇ ਨਾਲ ਹੀ ਜਿੰਦਾ ਸਾੜ ਦਿਤਾ ਜਾਂਦਾ ਸੀ।

ਇਸ ਅਨਰਥ ਦੇ ਵਿਰੁਧ ਤੀਜੇ ਗੁਰਦੇਵ ਸ੍ਰੀ ਗੁਰੂ ਅਮਰਦਾਸ ਜੀ ਨੇ ਆਵਾਜ਼ ਬੁਲੰਦ ਕੀਤੀ ਅਤੇ ਫ਼ੁਰਮਾਇਆ—

ਸਤੀਆ ਏਹਿ ਨ ਆਖੀਅਨਿ, ਜੋ ਮੜਿਆਂ ਲਗਿ ਜਲੰਨਿ ।
ਨਾਨਕ ਸਤੀਆਂ ਜਾਣੀਅਨਿ, ਜਿ ਬਿਰਹੇ ਚੋਟ ਮਰੰਨਿ ।੧॥

ਭੀ ਸੇ ਸਤੀਆਂ ਜਾਣੀਅਨਿ, ਸੀਲ ਸੰਤੋਖਿ ਰਹੰਨਿ ॥
ਸੇਵਨਿ ਸਾਈ ਆਪਣਾ, ਨਿਤ ਉਠਿ ਸੰਮ੍ਹਾਲੰਨਿ ॥੨॥੬॥
[ਮ: ੩, ਵਾਰ ਸੂਹੀ, ਪੰਨਾ ੭੮੭

ਬੁਧ ਮੱਤ ਵੀ, ਇਸਤ੍ਰੀ ਸੰਬੰਧੀ ਪ੍ਰਬਲ ਬ੍ਰਾਹਮਣੀ ਨਜ਼ਰੀਏ ਤੋਂ, ਬਚ ਨਾ ਸਕਿਆ। ਭਿਖਸ਼ੂਆਂ ਤੇ ਬੁੱਧ ਵਿਚਕਾਰ ਇਸ ਬਾਰੇ ਹੋਇਆ ਵਾਰਤਾਲਾਪ ਕੁਝ ਇਸ ਪ੍ਰਕਾਰ ਹੈ :—

ਭਿਖਸ਼ੂ—ਇਸਤ੍ਰੀ ਨਾਲ ਕੈਸਾ ਵਰਤਾਉ ਕੀਤਾ ਜਾਵੇ ?

ਬੁੱਧ—ਇਸਤ੍ਰੀ ਨੂੰ ਵੇਖਣ ਤੋਂ ਬਚਿਆ ਜਾਵੇ।

ਭਿਖਸ਼ੂ—ਜੇ ਨਜ਼ਰੀਂ ਪੈ ਜਾਵੇ ਤਾਂ ?

ਬੁੱਧ—ਉਸ ਨਾਲ ਗੱਲ-ਬਾਤ ਕਰਨ ਤੋਂ ਬਚੋ।

ਭਿਖਸ਼ੂ—ਜੇ ਗੱਲ-ਬਾਤ ਕਰਨੀ ਪੈ ਜਾਵੇ ਤਾਂ ?

ਬੁੱਧ—ਫੇਰ ਹੋਸ਼ ਤੋਂ ਕੰਮ ਲੈਣਾ ਤੇ ਸਾਵਧਾਨ ਰਹਿਣਾ।

ਸੁਕਰਾਤ ਦਾ ਵੀਚਾਰ ਹੈ ਕਿ ਮਰਦ ਹਕੂਮਤ ਕਰਨ ਲਈ ਪੈਦਾ ਹੋਇਆ ਅਤੇ ਇਸਤ੍ਰੀ ਹੁਕਮ ਮੰਨਣ ਲਈ। ਹਕੀਮ ਅਰਸਤੂ ਇਸਤ੍ਰੀ ਨੂੰ ਅੱਧਾ ਮਰਦ ਮਿਥਦਾ ਹੈ।

ਕੁਝ ਅਜਿਹੀ ਦਰਦਨਾਕ ਤੇ ਨਿਆਂ-ਰਹਿਤ ਸੀ ਸੰਸਾਰ ਦੇ ਵੱਡੇ ਵੱਡੇ ਮੱਤਾਂ ਤੇ ਵੀਚਾਰਕਾਂ ਦੀ ਵਿਚਾਰ-ਧਾਰਾ, ਵਿਆਹ ਤੇ ਇਸਤ੍ਰੀ ਜਾਤੀ ਦੇ ਅਸਥਾਨ ਬਾਰੇ। ਗੁਰਮਤਿ ਨੇ ਇਸ ਵਿਚ ਕੀ ਕੀ ਤੇ ਕਿੰਨਾ ਨਰੋਆ ਪ੍ਰੀਵਰਤਨ ਲਿਆਂਦਾ, ਉਸ ਦਾ ਸੰਖੇਪ ਜਿਹਾ ਬਿਉਰਾ ਅੱਗੇ ਦਿੱਤਾ ਜਾਂਦਾ ਹੈ।

(੪)

ਗੁਰਮਤਿ ਅਨੁਸਾਰ ਇਸਤ੍ਰੀ, ਪੁਰਸ਼ ਦਾ ਖਿਡੌਣਾ ਜਾਂ ਕੇਵਲ ਦਿਲ-ਪਰਚਾਵੇ ਦਾ ਇਕ ਵਸੀਲਾ ਨਹੀਂ, ਨਾ ਹੀ ਇਹ ਕਿਸੇ ਤਰ੍ਹਾਂ ਨੀਵੀਂ ਹੈ ਤੇ ਨਾ ਹੀ ਘਿਰਣਤ। ਉਹ ਪੁਰਸ਼ ਦਾ ਇਕ ਬਰਾਬਰ ਦਾ ਸਾਥੀ ਹੈ। ਕਿਸੇ ਦੇ ਨੀਵੇਂ ਉੱਚੇ ਹੋਣ ਦਾ ਸੁਆਲ ਹੀ ਪੈਦਾ ਨਹੀਂ

ਹੁੰਦਾ। ਇਸਤ੍ਰੀ ਨੂੰ ਅਬਲਾ ਕਹਿਣਾ ਜਾਂ ਗ੍ਰਿਹਸਥ ਨੂੰ ਇਕ ਮਜਬੂਰੀ ਜਾਂ ਨੀਵਾਂ ਮੰਨਣਾ, ਸਿਖ ਸਤਿਗੁਰਾਂ ਦੀ ਦ੍ਰਿਸ਼ਟੀ ਵਿੱਚ ਰੱਬ ਤੇ ਇਨਸਾਨੀਅਤ ਦੀ ਤੌਹੀਨ ਹੈ। ਇਸਤ੍ਰੀ ਜਾਤੀ ਦੀ ਮਹਾਨ ਪਦਵੀ ਤੇ ਪ੍ਰਧਾਨਤਾ ਦੇ ਵਿਪਰੀਤ ਚਲੀਆਂ ਆ ਰਹੀਆਂ ਅਨੁਚਿਤ ਮਨੌਤਾਂ ਦਾ ਖੰਡਨ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਬਰਮਿਲਾ ਫੁਰਮਾਇਆ ਹੈ:—

ਭੰਡਿ ਜੰਮੀਐ ਭੰਡਿ ਨਿੰਮੀਐ, ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ, ਭੰਡਹੁ ਚਲੈ ਰਾਹੁ ॥
ਭੰਡੁ ਮੁਆ, ਭੰਡੁ ਭਾਲੀਐ, ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਊਪਜੈ, ਭੰਡੈ ਬਾਝੁ ਨ ਕੋਇ ॥
ਨਾਨਕ, ਭੰਡੈ ਬਾਹਰਾ, ਏਕੋ ਸਚਾ ਸੋਇ ॥੨॥ (੧੯)

[ਆਸਾ ਦੀ ਵਾਰ, ਮ: ੧

[ਭਾਵ–ਇਸਤ੍ਰੀ, ਜਿਸ ਨੂੰ ਤੁਸੀਂ ਨਫਰਤ ਨਾਲ (ਨੀਚ, ਨੀਵੀਂ) ਕਰਕੇ ਸੱਦਦੇ ਹੋ, ਓਹੀ ਤਾਂ ਤੁਹਾਡੀ ਜਨਨੀ ਹੈ, ਓਸੇ ਨਾਲ ਤੁਸੀਂ ਮੰਗਣਾ ਤੇ ਵਿਆਹ ਕਰਵਾਉਂਦੇ, ਮਿੱਤ੍ਰਤਾ ਪਾਉਂਦੇ ਅਤੇ ਸੰਸਾਰ ਦਾ ਕਾਰ-ਵਿਹਾਰ ਤੋਰਦੇ ਹੋ। ਜੇ ਕਿਤੇ ਇਕ ਮਰ ਜਾਵੇ ਤਾਂ, ਨਿਰਬਾਹ ਨਾ ਹੁੰਦਾ ਵੇਖ ਕੇ, ਤੁਰਤ ਦੂਜੀ ਦੀ ਭਾਲ ਵਿਚ ਜੁੱਟ ਜਾਂਦੇ ਹੋ। ਯਾਦ ਰਖੋ, ਆਪਣੀ ਇਸਤ੍ਰੀ ਦੇ ਕਾਰਨ ਹੀ ਮਰਦ ਕਾਮਕ ਜਜ਼ਬਿਆਂ ਨੂੰ ਜ਼ਬਤ (ਬੰਧਾਨ) ਵਿਚ ਰੱਖਦਾ ਹੈ। ਭਲਾ, ਉਹ ਨੀਵੀਂ ਤੇ ਨਿੰਦਨੀਅ ਕਿਵੇਂ ਹੋਈ, ਜਿਸ ਦੀ ਕੁੱਖ ਵਿਚੋਂ ਰਾਜੇ ਗੁਰੂ ਪੀਰ ਪੈਗੰਬਰ ਤੇ ਮਹਾਰਾਜੇ ਜਨਮ ਲੈਂਦੇ ਹਨ? ਸਹੀ ਗੱਲ ਤਾਂ ਇਹ ਹੈ ਕਿ ਹਰੇਕ ਵਿਅਕਤੀ ਇਸਤ੍ਰੀ ਜਾਤੀ ਦਾ ਮੁਥਾਜ ਤੇ ਰਿਣੀ ਹੈ। ਹਾਂ, ਇਕ ਤੇ ਕੇਵਲ ਇਕ ਵਾਹਿਗੁਰੂ ਦੀ ਜ਼ਾਤ ਐਸੀ ਹੈ ਜੋ "ਅਜੂਨੀ" ਤੇ ਅਕਾਲ ਹੋਣ ਦੇ ਨਾਤੇ ਇਸਤ੍ਰੀ ਜਾਤੀ ਦੀ ਮੁਥਾਜੀ ਤੋਂ ਉੱਪਰ ਹੈ।]

ਅਨੰਦ ਵਿਵਾਹ :-

ਇਸਤ੍ਰੀ ਦੀ ਸਮਾਜ ਵਿਚ ਅਤਿ ਅਹਿਮ ਤੇ ਉੱਚ ਪਦਵੀ ਨਿਰੂਪਣ ਕਰਨ ਉਪਰੰਤ, ਆਓ, ਹੁਣ ਅਨੰਦ-ਵਿਵਾਹ ਦਾ ਪ੍ਰਯੋਜਨ, ਆਦਰਸ਼ ਤੇ ਮਹੱਤਤਾ ਬਾਰੇ ਕੁਝ ਵੀਚਾਰ ਕਰੀਏ; ਗੁਰਮਤਿ ਅਨੁਸਾਰ ਤੀਵੀਂ ਤੇ ਮਰਦ ਦੇ ਕੇਵਲ ਸਰੀਰਕ ਇਕੱਠ ਦਾ ਨਾਮ ਵਿਵਾਹ ਨਹੀਂ, ਸਗੋਂ ਮਨਾਂ ਦੇ ਮਿਲਾਪ ਅਤੇ ਇਸ ਤੋਂ ਵੀ ਅੱਗੇ, ਦੋ ਜੋਤਾਂ ਦਾ ਇਕ ਜੋਤਿ ਹੋਣਾ ਹੈ। ਸਰੀਰਕ ਪਿਆਰ ਦਾ ਵਾਸਾ ਬਾਹਰੀ ਰੂਪ-ਖਿੱਚ ਵਿਚ ਹੁੰਦਾ ਹੈ, ਪਰੰਤੂ, ਰੂਪ ਅਥਵਾ ਜੋਬਨ ਢੱਲਦੇ ਪਰਛਾਵੇਂ ਸਮਾਨ ਹੈ:-

ਧਨੁ ਜੋਬਨੁ ਅਰੁ ਫੁਲੜਾ, ਨਾਠੀਅੜੇ ਦਿਨ ਚਾਰਿ ॥

[ਸਿਰੀ ਰਾਗੁ ਮ: ੧, ਪੰਨਾ ੨੩

[ਭਾਵ—ਧਨ, ਜੋਬਨ (ਰੂਪ), ਮਾਨੋ, ਫੁਲਾਂ ਸਮਾਨ ਹਨ, ਜੋ ਚਾਰ ਦਿਨ ਖਿੜ ਕੇ ਮੁਰਝਾ ਜਾਂਦੇ ਹਨ।]

ਅਜਿਹੀ ਛਿਨ-ਭੰਗਰ ਵਸਤੂ—ਰੂਪ—ਨੂੰ ਦੁਰਲਭ ਦੇਹ ਅਥਵਾ ਜ਼ਿੰਦਗੀ ਦੇ ਸੌਦਿਆਂ ਦਾ ਆਧਾਰ ਬਣਾਉਣਾ, ਸਿਆਣਪ ਨਹੀਂ। ਮਨੋ-ਵਿਗਿਆਨਕ ਸਿਧਾਂਤ ਇਹ ਹੈ ਕਿ ਰੂਪ ਨੂੰ ਬਾਰ ਬਾਰ ਵੇਖਣ ਤੇ ਮਾਨਣ ਨਾਲ ਉਪਰਾਮਤਾ ਆ ਜਾਂਦੀ ਹੈ। ਰੂਪ ਦੀ ਖਿੱਚ ਦਾ ਕਾਰਨ ਉਸ ਦੀ ਵਿਲੱਖਣਤਾ ਤੇ ਤਬਦੀਲੀ ਵਿੱਚ ਹੁੰਦਾ ਹੈ।

ਜਿਸ ਰੂਪ ਅਥਵਾ ਦ੍ਰਿਸ਼ ਨੂੰ ਤੁਸੀਂ ਨਿਤ ਮਾਣਦੇ ਹੋ, ਉਹ ਗਲ ਵਿਚ ਪਏ ਉਸ ਫੁਲ-ਹਾਰ ਤੁਲ ਹੋ ਜਾਂਦਾ ਹੈ, ਜਿਸ ਦੀ ਮਹਿਕ ਸਮਾਂ ਪਾ ਕੇ, ਭਾਸਣੋਂ ਹੱਟ ਜਾਂਦੀ ਹੈ। ਭਾਈ ਸਾਹਿਬ ਵੀਰ ਸਿੰਘ ਨੇ ਇਸ ਹਕੀਕਤ ਨੂੰ ਇਉਂ ਬਿਆਨ ਕੀਤਾ ਹੈ :

ਗਲ ਪਏ ਫੁਲ ਹਾਰ ਦੀ, ਭਾਸੇ ਨ ਮਹਿਕਾਰ।

ਵੈਸੇ ਵੀ Forbidden fruits are always sweet (ਵਿਵਰਜਤ ਅਤੇ ਅ-ਪ੍ਰਾਪਤ ਫਲ ਸਦਾ ਮਿੱਠੇ ਲਗਦੇ ਹਨ)। ਜਦ ਕਦੀ ਕਿਸੇ ਕਾਰਨ, ਮਨ ਫਿੱਕਾ ਪੈ ਜਾਂ ਰੜ੍ਹ ਜਾਵੇ, ਤਾਂ ਵੀ ਰੂਪ ਦੀ ਖਿੱਚ

ਬੇਅਸਰ ਹੋ ਜਾਂਦੀ ਹੈ। ਇਸੇ ਲਈ ਸਤਿਗੁਰਾਂ ਨੇ ਪਿਆਰ ਦੀ ਗੰਢ ਮਨਾਂ ਤੋਂ ਵੀ ਅਗੇ, ਜੋਤਾਂ ਵਿੱਚ ਪਾਉਣ ਦੀ ਤਾਕੀਦ ਕੀਤੀ ਤੇ ਜੁਗਤੀ ਦ੍ਰਿੜ੍ਹਾਈ ਹੈ। ਅਨੰਦ-ਵਿਵਾਹ, ਦੋ ਵਿਅਕਤੀਆਂ ਅਥਵਾ ਦੋ ਜੋਤਾਂ ਦਾ ਇਕ ਜੋਤ ਹੋਣਾ ਹੈ। ਪਰ ਰੂਹਾਂ ਵਿਚ ਵਸੀ ਪ੍ਰੀਤ, ਨ ਰੂਪ ਗਇਆਂ ਟੁੱਟਦੀ ਹੈ, ਨ ਮਨਾਂ ਦੇ ਚੜ੍ਹ ਜਾਣ ਨਾਲ। ਇਸ ਆਦਰਸ਼ ਨੂੰ ਸਤਿਗੁਰਾਂ ਨੇ ਇਵੇਂ ਉਲੀਕਿਆ ਹੈ–

ਧਨ ਪਿਰੁ ਏਹਿ ਨ ਆਖੀਅਨਿ, ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ, ਧਨ ਪਿਰੁ ਕਹੀਐ ਸੋਇ ॥੩॥ (੯)
[ਮ: ੩, ਵਾਰ ਸੂਹੀ, ਪੰਨਾ ੭੭੮

ਦੰਪਤੀ-ਪਿਆਰ ਅਥਵਾ ਦੋ ਸੱਚੇ ਸੁੱਚੇ ਪ੍ਰੇਮੀਆਂ ਦੇ ਇਸ ਪ੍ਰੇਮ ਦੀ ਇੰਤਹਾ (ਸਿਖਰ) ਨੂੰ ਭਾਈ ਨੰਦ ਲਾਲ ਜੀ ਨੇ ਇਉਂ ਰੂਪਮਾਨ ਕੀਤਾ ਹੈ :–

ਦਿਲ ਆਸ਼ਕ, ਬਅੰਦਾਜ਼ ਕੁਦਰਤੇ, ਮਾਸ਼ੂਕ ਮੇ ਗਰਦਦ,
ਸਰਾ ਪਾ ਜਾਂ ਸ਼ਵਦ, ਹਰ ਕਸ, ਕਿ ਬਾ ਜਾਨਾਨਾ ਮੇ ਸਾਜ਼ਦ।
(ਗ਼ਜ਼ਲ ੨੧)

(ਭਾਵ–ਥੋੜੇ ਸਮੇਂ ਬਾਅਦ ਪ੍ਰੇਮੀ ਦਾ ਦਿਲ ਪ੍ਰੇਮਕਾ ਦੇ ਦਿਲ ਵਿੱਚ ਬਦਲ ਜਾਂਦਾ ਹੈ। ਜਿਹੜਾ ਪਿਆਰੇ ਨਾਲ ਪ੍ਰੀਤ ਪਾਉਂਦਾ ਹੈ, ਉਹ ਸਿਰ ਤੋਂ ਪੈਰਾਂ ਤਕ ਉਸੇ ਦਾ ਰੂਪ ਹੋ ਥੀਂਦਾ ਹੈ।)

ਸ਼ਮਸ ਤਬਰੇਜ਼ ਨੇ ਇਸ ਸੱਚਾਈ ਨੂੰ ਇਉਂ ਬਿਆਨ ਕੀਤਾ ਹੈ–

ਮਨ ਤੋ ਸ਼ੁਦਮ, ਤੋ ਮਨ ਸ਼ੁਦੀ।
ਮਨ ਜਾਂ ਸ਼ੁਦਮ, ਤੋ ਤਨ ਸ਼ੁਦੀ।
ਤਾ ਕੱਸ ਨ ਗੋਇਦ ਬਾਅਦ ਜ਼ਾਂ।
ਮਨ ਦੀਗਰਮ, ਤੋ ਦੀਗਰੀ।

[ਭਾਵ–(ਹੇ ਮੇਰੇ ਮਹਬੂਬ) ਮੈਂ ਤੂੰ ਹੋ ਗਿਆ ਹਾਂ ਤੇ ਤੂੰ ਮੈਂ। ਜੇ ਮੈਂ ਜਾਨ ਹੋਇਆ ਤਾਂ ਤੂੰ ਤਨ ਬਣ ਗਇਉਂ। ਅਸੀਂ ਦੋਵੇਂ ਇਉਂ

ਓਤ-ਪੋਤ ਹੋ ਜਾਏ ਤਾਂ ਕਿ ਬਾਅਦ ਵਿਚ ਕੋਈ ਇਉਂ ਨਾ ਕਹਿ ਸਕੇ ਕਿ ਮੈਂ ਹੋਰ ਸਾਂ, ਤੇ ਤੂੰ ਹੋਰ।]

ਵਾਸਤਵ ਵਿਚ ਸਿੱਖੀ ਦੇ ਦ੍ਰਿਸ਼ਟੀਕੋਣ ਤੋਂ ਪੁਰਸ਼ ਅਤੇ ਇਸਤ੍ਰੀ ਦਾ ਵਿਆਹ ਦੇ ਰੂਪ ਵਿਚ ਇਹ ਮੇਲ ਗ੍ਰਿਹਸਥੀ ਜੀਵਨ ਦੀ ਪ੍ਰਯੋਗ-ਸ਼ਾਲਾ ਵਿੱਚ ਇੱਕ ਨਿੱਕਾ ਜਿਹਾ ਤਜਰਬਾ ਹੈ : ਦੋ ਜੋਤਾਂ ਤੋਂ ਇਕ ਜੋਤਿ ਹੋਣ ਦਾ। ਦੰਪਤੀ ਦਾ ਅਸਲ ਪ੍ਰਯੋਜਨ ਤੇ ਟੀਚਾ ਤਾਂ ਇਸ ਤਜਰਬੇ ਤੋਂ ਬਲ ਲੈ ਕੇ ਵਾਹਿਗੁਰੂ ਅਕਾਲ ਪੁਰਖ ਨਾਲ ਇਕ ਜੋਤਿ ਜਾਂ ਇਕ-ਸੁਰ ਹੋਣਾ ਹੈ, ਪਰਮ ਜੋਤਿ ਚ ਵਿਆਪਣੀ ਜੋਤਿ, ਜਾਂ ਤਿਉਂ ਆਖੋ, ਪਰਮ ਆਤਮਾ ਵਿੱਚ ਆਪਣੀ ਆਤਮਾ ਰਲਾ ਕੇ ਸੰਪੂਰਨ ਥੀਵਣਾ ਹੈ। ਇਸ ਭਿੰਨ-ਭੇਦ-ਰਹਿਤ ਅੰਤਮ ਮਿਲਣੀ ਨੂੰ ਗੁਰਦੇਵ ਇਉਂ ਨਿਰੂਪਣ ਕਰਦੇ ਹਨ :—

ਸੂਰਜ ਕਿਰਣਿ ਮਿਲੇ, ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ, ਸੰਪੂਰਨੁ ਥੀਆ ਰਾਮ ॥੪॥੨॥

[ਬਿਲਾਵਲ ਮ: ੫, ਪੰਨਾ ੮੪੬

ਤਥਾ—ਜਿਉ ਜਲ ਮਹਿ ਜਲੁ ਆਇ *ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥ (ਸੁਖਮਨੀ)

ਗੁਰਮਤਿ ਵਿਚ ਇਸਤ੍ਰੀ ਜਾਤੀ ਨੂੰ ਨਾ ਕੇਵਲ ਮਹਾਨ, ਸਮਾਨ ਤੇ ਆਦਰ-ਜੋਗ ਹੀ ਮੰਨਿਆ ਗਿਆ ਹੈ, ਸਗੋਂ ਦੰਪਤੀ ਨੂੰ ਪਰਵਿਰਤੀ ਮਾਰਗ ਦੇ ਧਾਰਨੀ ਹੋ ਕੇ, ਸੱਚੇ ਸੁੱਚੇ ਗ੍ਰਿਹੀ (ਗ੍ਰਿਹਸਥੀ) ਹੋਣ ਦੀ ਸਖ਼ਤ ਤਾਕੀਦ ਵੀ ਕੀਤੀ ਗਈ ਹੈ। ਸੰਸਾਰ ਤੇ ਪਰਵਾਰ ਨੂੰ ਤਿਆਗਣ ਦਾ ਮਾਰਗ (ਨਿਵਿਰਤੀ ਮਾਰਗ) ਜੀਵਨ ਦੇ ਸੰਘਰਸ਼ ਤੋਂ ਭਗੌੜੇ ਹੋਣ ਤੁੱਲ ਹੈ। ਵਿਹਲੜਾਂ ਦਾ, ਕਿਰਤੀਆਂ ਤੇ ਕਾਮਿਆਂ ਉਤੇ, ਵਾਧੂ ਬੋਝ ਪਾਉਣਾ ਕਿਥੋਂ ਦੀ ਭਗਤੀ, ਧਾਰਮਕੀ ਜਾਂ ਸੰਤਤਾਈ ਹੈ। ਸ੍ਰੀ ਗੁਰੂ ਅਮਰਦਾਸ ਜੀ ਅਜਿਹੇ ਭੇਖ-ਧਾਰੀਆਂ ਉਤੇ ਗ੍ਰਿਹਸਥੀਆਂ ਨੂੰ ਇਉਂ ਤਰਜੀਹ ਦੇਂਦੇ ਹਨ :—

* ਖਟਾਨਾ = ਮਿਲ ਜਾਂਦਾ ਹੈ।

ਮਨ ਹਠਿ ਜਿਸ ਤੇ ਮੰਗਣਾ ਲੈਣਾ ਦੁਖੁ ਮਨਾਇ ॥
ਇਸੁ ਭੇਖੈ ਥਾਵਹੁ ਗਿਰਹੋ ਭਲਾ, ਜਿਥਹੁ ਕੋ ਵਰਸਾਇ ॥੧॥(੪)

[ਸਲੋਕੁ ਮ: ੩, ਵਾਰ ਵਡਹੰਸ, ਪੰਨਾ ੫੮੭

[ਭਾਵ—ਮਨ ਉਤੇ ਜ਼ੋਰ ਪਾ ਕੇ (ਮਨ ਦੀ ਜ਼ਿੱਦ ਨਾਲ) ਕਿਸੇ ਤੋਂ ਮੰਗੀਦਾ ਹੈ ਅਤੇ ਜਿਸ ਤੋਂ ਮੰਗੀਦਾ ਉਹ ਵੀ ਦੁਖ ਮਹਿਸੂਸ ਕਰਦਾ ਹੈ, ਇਸ ਲਈ ਤਿਆਗ ਦੇ ਇਸ ਭੇਖ ਨਾਲੋਂ ਗ੍ਰਿਹਸਥ ਹੀ ਚੰਗਾ ਹੈ, ਜਿਥੋਂ ਕਿਸੇ ਨੂੰ ਕੁਝ ਲਭਦਾ ਹੈ।]

ਨਿਰੰਕਾਰੀ ਸਤਿਗੁਰੂ ਜੀ ਦੀ, ਨਾਥ ਜੋਗੀਆਂ ਨਾਲ, ਅੱਚਲ ਵਟਾਲੇ ਵਿਖੇ ਸ਼ਿਵਰਾਤ ਦੇ ਮੇਲੇ ਸਮੇਂ ਪਰਵਿਰਤੀ ਤੇ ਨਿਵਿਰਤੀ ਮਾਰਗ ਬਾਰੇ ਹੋਈ ਚਰਚਾ ਬੜੀ ਦਿਲਚਸਪ ਅਤੇ ਸਤਿਗੁਰਾਂ ਦੇ ਨਿਰੋਏ ਤੇ ਸਾਰਥਕ ਦ੍ਰਿਸ਼ਟੀ-ਕੋਣ ਨੂੰ ਸਪੱਸ਼ਟ ਕਰਨ ਵਾਲੀ ਹੈ। ਇਨ੍ਹਾਂ ਜੋਗੀਆਂ ਨੇ 'ਬਾਬੇ' ਨੂੰ ਉੱਤਰ ਦੀ ਉਦਾਸੀ ਸਮੇਂ, ਉਦਾਸੀ-ਭੇਖ ਵਿਚ ਵੇਖਿਆ ਸੀ, ਪਰੰਤੂ, ਜਦ ਅਚੱਲ ਵਿਖੇ ਮੁੜ ਗ੍ਰਿਹਸਥੀਆਂ ਵਾਲੇ ਸਾਧਾਰਨ ਲਿਬਾਸ ਵਿਚ ਵੇਖਿਆ ਤਾਂ ਬੜੀ ਔਖਿਆਈ ਮੰਨੀ। ਉਹਨਾਂ ਦੀਆਂ ਨਜ਼ਰਾਂ ਵਿਚ ਨਿਵਿਰਤੀ ਅਥਵਾ ਸੰਨਿਆਸ ਦਾ ਮਾਰਗ ਦੁੱਧ ਵਾਂਗ ਸਵੱਛ ਸੀ, ਪਰੰਤੂ ਗ੍ਰਿਹਸਥ ਹੈ ਉਸ ਵਿਚ ਪਾਈ ਕਾਂਜੀ ਸਮਾਨ। ਸਤਿਗੁਰਾਂ ਨੇ ਉਹਨਾਂ ਨੂੰ ਢੁਕਵਾਂ ਉੱਤਰ ਦੇਂਦਿਆਂ ਸਮਝਾਇਆ ਕਿ ਗ੍ਰਿਹਸਥ ਬਾਰੇ ਐਸਾ ਦ੍ਰਿਸ਼ਟੀ-ਕੋਣ ਅਪਣਾਉਣ ਵਿਚ ਉਹਨਾਂ ਦੇ ਗੁਰੂ ਦਾ ਦੋਸ਼ ਹੈ, ਜਿਸ ਨੇ ਉਹਨਾਂ ਨੂੰ ਪਰਵਿਰਤੀ ਤੇ ਨਿਵਿਰਤੀ ਮਾਰਗਾਂ ਬਾਰੇ ਸਹੀ ਗਿਆਨ ਨਾ ਦੇ ਕੇ, ਕੁਚੱਜਪਨ ਕੀਤਾ ਹੈ। ਧਰਮ ਦੀ ਕਿਰਤ ਕਰਨ ਤੇ ਵੰਡ ਕੇ ਛਕਣ ਵਾਲਾ ਗ੍ਰਿਹਸਥੀ ਹੀ ਅਸਲ ਵਿਚ ਸ਼ਰੋਮਣੀ ਜੋਗੀ ਤੇ ਸਹੀ ਸੰਨਿਆਸੀ ਹੈ। ਓਹ ਦਾਤਾ ਹੈ ਅਤੇ ਜੋਗੀ ਲੋਕ ਫਿਰ ਓਸੇ ਦੇ ਦੁਆਰਿਓਂ ਭਿੱਛਿਆ ਮੰਗ ਕੇ ਪੇਟ-ਪੂਰਤੀ ਕਰਦੇ ਹਨ।

ਇਸ ਗੋਸ਼ਟੀ ਨੂੰ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ੪੦ਵੀਂ ਪੌੜੀ ਵਿਚ ਸੰਖੇਪ; ਪਰੰਤੂ, ਭਾਵ-ਪੂਰਤ ਢੰਗ ਨਾਲ ਇਉਂ ਅੰਕਿਤ ਕਰਨ ਦਾ ਉਪਕਾਰ ਕੀਤਾ ਹੈ—

ਖਾਧੀ ਖੁਣਸ ਜੁਗੀਸਰਾਂ, ਗੋਸਟ ਕਰਨਿ ਸਭੇ ਉਠਿ ਆਈ।
ਪੁਛੇ ਜੋਗੀ ਭੰਗਰ ਨਾਥ,ਤੁਹਿ ਦੁਧ ਵਿਚਿ ਕਿਉਂ ਕਾਂਜੀ ਪਾਈ ?
ਫਿਟਿਆ ਚਾਟਾ ਦੁਧ ਦਾ, ਰਿੜਕਿਆ ਮਖਣੁ ਹਥਿ ਨ ਆਈ।
ਭੇਖੁ ਉਤਾਰਿ ਉਦਾਸਿ ਦਾ, ਵਤਿ ਕਿਉਂ ਸੰਸਾਰੀ ਰੀਤ ਚਲਾਈ?
ਨਾਨਕ ਆਖੇ ਭੰਗਰ ਨਾਥ, ਤੇਰੀ ਮਾਉ ਕੁਚੱਜੀ ਆਹੀ।
ਭਾਂਡਾ ਧੋਇ ਨ ਜਾਤਿਓਨਿ, ਭਾਇ ਕੁਚੱਜੇ ਫੁਲ ਸੜਾਈ।
ਹੋਇ ਅਤੀਤੁ ਗ੍ਰਿਹਸਤ ਤਜਿ,ਫਿਰਿ ਉਨ ਹੂੰ ਕੇ ਘਰਿ ਮੰਗਣਿ ਜਾਈ।
ਬਿਨੁ ਦਿਤੇ ਕਛੂ ਹਥ ਨ ਆਈ ॥੪੦॥

ਹਾਂ, ਸਤਿਗੁਰਾਂ ਵਲੋਂ ਦਰਸਾਇਆ ਤੇ ਉਪਮਾਇਆ ਪਰਵਿਰਤੀ ਮਾਰਗ ਇਹ ਆਗਿਆ ਨਹੀਂ ਦਿੰਦਾ ਕਿ ਮਨੁੱਖ ਜੀਵਨ-ਨਿਰਬਾਹ ਲਈ ਹਰ ਤਰ੍ਹਾਂ ਦੇ ਪਰਪੰਚ ਕਰ ਕੇ ਪਰਾਇਆ ਧਨ ਘਰ ਲਿਆਵੇ, ਵਧੀ ਹੱਵਸ ਤੇ ਹਉਮੈ-ਵਸ ਹੋਇਆ ਹਰ ਨੀਵਾਂ ਤੇ ਅਨੁਚਿਤ ਕੰਮ ਕਰੇ, ਰੋਟੀ ਦੇ ਟੁਕੜੇ* ਲਈ ਹਰ ਕਮੀਨੇ ਦੁਆਲੇ ਘੁੰਮੇ ਅਤੇ ਮੱਖੀ ਵਾਂਗ ਵਿਕਾਰਾਂ ਵਿਚ ਪਲਚ ਕੇ ਜੀਵਨ-ਪੂੰਜੀ ਲੁਟਾਈ ਜਾਵੇ। ਉਹਨਾ ਵਲੋਂ ਪਰਵਾਰਿਕ ਜ਼ਿੰਦਗੀ ਬਤੀਤ ਕਰਦਿਆਂ ਕਮਲ ਤੇ ਮੁਰਗਾਈ ਵਾਂਗ ਅਲੇਪ ਰਹਿਣ ਦੀ ਕੁਝ ਇਵੇਂ ਤਾਕੀਦ ਤੇ ਦੀਖਿਆ ਹੈ—

ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ ॥
[ਰਾਮਕਲੀ ਮ: ੧, ਸਿਧ ਗੋਸਟਿ ਪੰਨਾ ੯੩੮

ਆਦਰਸ਼ਕ ਤੇ ਗੰਗਾ ਦੇ ਨੀਰ-ਵੱਤ ਪਵਿੱਤਰ ਗ੍ਰਿਹਸਤੀ ਦੀ ਪਰਿਭਾਸ਼ਾ ਕਰਦੇ ਹੋਏ ਗੁਰਦੇਵ ਫੁਰਮਾਉਂਦੇ ਹਨ—

* ਬਰਾਏ ਖ਼ਿਦਮਾਇ ਨਾਂ (ਨਾਨ), ਗਿਰਦੇ ਹਰ ਦੂਨਾ ਚਿ: ਮੇ ਗਰਦੀ ?
ਤਮਾਂ ਦੋਈ ਕਿ ਆਦਮ ਰਾ, ਅਸੀਰਿ ਦਾਨਾ ਮੇ ਸਾਜ਼ਦ।
(ਗ਼ਜ਼ਲਾਂ, ਭਾ: ਨੰਦ ਲਾਲ ਜੀ)

ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥
ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥੨॥(੧੨)
(ਮ: ੧ ਵਾਰ ਰਾਮਕਲੀ, ਪੰਨਾ ੯੫੨)

(ਨਿਗ੍ਰਹੁ—ਇੰਦ੍ਰਿਆਂ ਨੂੰ ਵਿਕਾਰਾਂ ਵਲੋਂ ਰੋਕਣ ਦੀ ਕਿਰਿਆ।)

ਸਿਖ ਸਤਿਗੁਰਾਂ ਨੇ ਗ੍ਰਿਹਸਥ ਨੂੰ ਜੀਵਨ-ਨਿਰਬਾਹ ਦਾ, 'ਕੇਵਲ ਇਕ ਹੋਰ' ਮਾਰਗ ਹੀ ਨਹੀਂ ਮੰਨਿਆ ਸਗੋਂ ਇਕ ਸਫਲ ਮਾਰਗ, ਤੇ 'ਧਰਮ' ਕਰਕੇ ਵਡਿਆਇਆ ਤੇ ਅਪਣਾਇਆ ਹੈ। ਨ ਇਹ ਇਕ ਬਦਲਦਾ ਰਹਿਣ ਵਾਲਾ 'ਆਸ਼ਰਮ' ਹੈ ਅਤੇ ਨ ਹੀ ਦਿਲ-ਬਹਿਲਾਵੇ ਜਾਂ ਦਿਨ-ਕਟੀ ਦਾ ਇੱਕ ਸਾਧਨ। ਸਿਖੀ ਵਿੱਚ ਤਾਂ ਇਸ ਨੂੰ ਸਾਰਿਆਂ ਧਰਮਾਂ ਨਾਲੋਂ ਸਰੇਸ਼ਟ ਧਰਮ ਕਰਕੇ ਮੰਨਿਆ ਗਿਆ ਹੈ। ਗੁਰਮਤਿ ਸਿਧਾਂਤਾਂ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਇਸ ਨੁਕਤੇ ਨੂੰ ਇਉਂ ਸਪੱਸ਼ਟ ਕਰਦੇ ਹਨ—

ਜੈਸੇ ਸਰ ਸਰਿਤਾ ਸਕਲ ਮੈ, ਸਮੁੰਦ੍ਰ ਬਡੋ,
ਮੇਰ ਮੈਂ ਸੁਮੇਰੁ ਬਡੋ, ਜਗਤ ਬਖਾਨਿ ਹੈ।
ਤਰਵਰ ਬਿਖੈ ਜੈਸੇ ਚੰਦਨ ਬਿਰਖ ਬਡੋ,
ਧਾਤੁ ਮੈ ਕਨਿਕ ਅਤਿ ਉਤਮ ਕੈ ਮਾਨਿ ਹੈ।
ਪੰਛੀਅਨ ਮੈ ਹੰਸ, ਮ੍ਰਿਗ-ਰਾਜਨ ਮੈ ਸਾਰਦੂਲ,
ਰਾਗਨ ਮੈ ਸਿਰੀ ਰਾਗੁ, ਪਾਰਸ ਪਖਾਨ ਹੈ।
ਗਿਆਨਨ ਮੈ ਗਿਆਨੁ, ਅਰੁ ਧਿਆਨਨ ਮੈਂ ਧਿਆਨੁ ਗੁਰ,
ਸਕਲ ਧਰਮ ਮੈ ਗ੍ਰਿਹਸਤ ਪ੍ਰਧਾਨ ਹੈ।

(ਭਾਵ—ਜਿਵੇਂ ਤਲਾਵਾਂ ਤੇ ਨਦੀ ਨਾਲਿਆਂ ਵਿਚੋਂ ਸਮੁੰਦਰ, ਪਰਬਤਾਂ ਵਿਚੋਂ ਸੁਮੇਰ ਪਰਬਤ, ਬਿਰਛਾਂ ਵਿਚੋਂ ਚੰਦਨ ਦਾ ਬਿਰਛ, ਧਾਤਾਂ ਵਿਚੋਂ ਸੋਨੇ ਦੀ ਧਾਤ, ਪੰਛੀਆਂ 'ਚੋਂ ਹੰਸ, ਮਿਰਗਾਂ ਵਿਚੋਂ ਬਬਰ ਸ਼ੇਰ, ਰਾਗਾਂ ਵਿਚੋਂ ਸਿਰੀ ਰਾਗ ਤੇ ਪਥਰਾਂ ਵਿਚੋਂ ਪਾਰਸ ਉੱਤਮ, ਵਡੇ, ਵਿਸ਼ੇਸ਼ ਤੇ ਪ੍ਰਧਾਨ ਹਨ ਅਤੇ ਜਿਵੇਂ ਸਮੂਹ ਗਿਆਨਾਂ ਅਤੇ ਧਿਆਨਾਂ ਵਿਚੋਂ ਗੁਰੂ

ਦਾ ਗਿਆਨ ਤੇ ਧਿਆਨ ਸਰੇਸ਼ਟ ਹੈ, ਇਵੇਂ ਹੀ ਸਾਰਿਆਂ ਧਰਮਾਂ ਵਿਚੋਂ ਗ੍ਰਿਹਸਥ ਧਰਮ ਉੱਤਮ ਤੇ ਉਚੇਰਾ ਹੈ।)

ਗ੍ਰਿਹਸਥ ਧਰਮ ਦੀ ਮਹਾਨਤਾ ਦਰਸਾਉਣ, 'ਵਿਚੇ ਗ੍ਰਿਹਿ ਉਦਾਸੁ' ਦਾ ਪੂਰਨਾ ਪਾਉਣ ਅਤੇ 'ਰਾਜ ਜੋਗ' ਕਮਾਉਣ ਦਾ ਵੱਲ ਦਸਣ ਲਈ ਗੁਰੂ ਸਾਹਿਬਾਨ ਆਪ ਵੀ ਗ੍ਰਿਹਸਥੀ ਅਤੇ ਕਰਮਯੋਗੀ ਹੋ ਕੇ ਸੰਸਾਰ ਵਿਚ ਵਿਚਰੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਕਸ਼ਮੀਰ ਜਾਂਦਿਆਂ ਗੁਜਰਾਤ ਦੇ ਪੀਰ ਦੌਲੇ ਸ਼ਾਹ ਦੇ ਮੁਰੀਦ, ਜਹਾਂਗੀਰ, ਨੂੰ ਉਸ ਦਾ ਸੰਸਾ ਨਿਵਾਰਨ ਲਈ ਉਚਾਰੇ ਇਹ ਸ਼ਬਦ ਖਾਸ ਮਹਾਨਤਾ ਰਖਦੇ ਹਨ :—

ਇਸਤ੍ਰੀ ਈਮਾਨ ਹੈ, ਦੌਲਤ ਗੁਜ਼ਰਾਨ ਹੈ,
ਅਤੇ ਪੁੱਤਰ ਨੀਸ਼ਾਨ ਹੈ।

ਹਕੀਕਤ ਇਹ ਹੈ ਕਿ ਸੰਸਾਰ ਵਿਚ ਓਦੋਂ ਧਰਮ ਇਕ ਦਿਮਾਗੀ ਮਨੌਤ ਬਣ ਕੇ ਰਹਿ ਗਿਆ ਸੀ। ਪਰੰਤੂ, ਸਤਿਗੁਰਾਂ ਦਾ ਮਾਰਗ ਇਕ ਕਰਣੀ-ਪ੍ਰਧਾਨ-ਮੱਤ ਤੇ ਆਦਰਸ਼ਕ ਜੀਵਨ-ਜਾਚ ਹੈ। ਉਹਨਾਂ ਨੇ ਦ੍ਰਿੜ੍ਹ ਕਰਾਇਆ ਕਿ ਅਮਲੀ ਧਰਮ, ਜੋ ਸੱਚੇ ਆਚਾਰ ਦਾ ਹੀ ਦੂਜਾ ਨਾਮ ਹੈ, ਹਰ ਛਿਨ ਨਿਭਾਇਆ ਜਾਣਾ ਹੈ। ਇਹ ਉਸ ਰਸਮੀ ਚੋਗੇ ਸਮਾਨ ਨਹੀਂ ਜੋ ਸਤਵੇਂ ਦਿਨ ਗਿਰਜੇ ਜਾਣ ਲਗਿਆਂ ਪਾ ਲਿਆ ਤੇ ਘਰ ਆ ਕੇ ਬਾਕੀ ਛੇ ਦਿਨ ਕਿੱਲੀ ਉਤੇ ਟੰਗ ਛੱਡਿਆ।

(Dharma Should not be like a Sunday suit, put on and taken off at will but, it should be a matter of course with us.)

ਸੋ, ਐਸਾ ਧਰਮ ਤਾਂ ਸੰਸਾਰ ਦੀ ਕਸ਼ਮਕਸ਼ ਅਥਵਾ ਪਰਵਿਰਤੀ ਮਾਰਗ ਦੇ ਅਖਾੜੇ ਵਿਚ ਹੀ ਕਮਾਇਆ ਜਾ ਸਕਦਾ ਹੈ; ਜੰਗਲਾਂ, ਬੀਆ-ਬਾਨਾਂ ਤੇ ਪਰਬਤਾਂ ਦੀਆਂ ਕੰਦਰਾਂ ਵਿਚ ਨਹੀਂ। ਸਿਆਣਿਆਂ ਦਾ ਕਥਨ ਹੈ ਕਿ ਫਲ ਉਹੀ ਰਸਦਾਇਕ ਹੁੰਦਾ ਹੈ, ਜੋ ਸਰਦੀਆਂ ਗਰਮੀਆਂ ਸਹਿ ਕੇ, ਮੀਂਹਾਂ ਅੱਨ੍ਹੇਰੀਆਂ ਦੇ ਥੱਪੜ ਖਾ ਕੇ ਟਹਿਣੀ ਉਤੇ ਪੱਕੇ, ਨਾ ਕਿ

ਘੜੇ ਵਿਚ ਬੰਦ ਪੈ ਕੇ ਪੌਲ ਦੁਆਰਾ । ਸਿੰਗੀ ਰਿਖੀ ਵਾਂਗ ਦੁਨੀਆ ਤੋਂ ਦੂਰ ਇਕਾਂਤਵਾਸ ਵਿਚ ਘੜਿਆ ਚਲਨ ਪ੍ਰੀਖਿਆ ਦਾ ਪਰਚਾ ਪੈਂਦਿਆਂ ਹੀ ਪਾਸ਼ ਪਾਸ਼ ਹੋ ਜਾਂਦਾ ਹੈ ।

(੫)

ਅਨੰਦ-ਵਿਵਾਹ ਅਥਵਾ ਗ੍ਰਿਹਸਤ ਧਰਮ ਵਿਚ ਪ੍ਰਵੇਸ਼ ਹੋਣ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜੋੜੇ ਨੂੰ ਕੁਝ ਸਿਖਿਆ ਦਿੱਤੀ ਤੇ ਪ੍ਰਤੱਗਿਆ ਲਈ ਜਾਂਦੀ ਹੈ ਅਤੇ ਚੌਹ ਲਾਵਾਂ ਅਤੇ ਸ੍ਰੀ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਤੇ ਆਖਰੀ ਪੌੜੀ ਦਾ ਪਾਠ ਕੀਤਾ ਜਾਂਦਾ ਹੈ ।*

ਇਸ ਸਮੇਂ ਦਿੱਤੀ ਜਾਣ ਵਾਲੀ ਸਿਖਿਆ ਇਤਨੀ ਅਹਿਮ ਨਹੀਂ (ਇਹ ਸਮੇਂ ਤੇ ਸਥਾਨ ਅਨੁਸਾਰ ਵੱਧ ਘੱਟ ਹੋ ਸਕਦੀ ਹੈ) ਜਿਤਨੀ ਇਸ ਸਮੇਂ ਕੀਤੀ ਪ੍ਰਤੱਗਿਆ । ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸੰਗਤ ਦੀ ਹਜ਼ੂਰੀ ਵਿਚ ਕੀਤੇ ਕੌਲ-ਕਰਾਰਾਂ ਨੂੰ ਨਿਭਾਉਣਾ ਸਿਖ ਦਾ "ਧਰਮ" ਹੈ ਅਤੇ ਇਹੀ ਗੱਲ ਅਨੰਦ-ਵਿਵਾਹ ਦੀ ਵਿਸ਼ੇਸ਼ਤਾ, ਵਿਲੱਖਣਤਾ ਤੇ ਉੱਤਮ-ਤਾਈ ਹੈ । ਵਿਆਹ ਉਪਰੰਤ ਦੰਪਤੀ ਦਾ ਇਕ ਦੂਜੇ ਤੋਂ ਤੋੜ-ਵਿਛੋੜੇ ਬਾਰੇ ਸੋਚਣਾ ਵੀ ਅਧਰਮ ਹੈ, ਪਾਪ ਹੈ । ਜੋ ਬਚਨ ਵਿਆਹੁਤਾ ਜੋੜਾ ਇਸ ਸਮੇਂ ਇਕ ਦੂਜੇ ਨੂੰ ਦੇਂਦਾ ਹੈ ਉਸ ਤੋਂ ਮੁੱਖ ਮੋੜਨਾ ਗੁਰੂ ਤੋਂ ਮੁੱਖ ਮੋੜਨ ਤੁੱਲ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮੇ' ਵਿਚ ਮਰਦ ਦੀ ਸਿਫ਼ਤ ਵਿਚ ਲਿਖਿਆ ਹੈ :—

ਹਮੂ ਮਰਦ ਬਾਇਦ, ਸ਼ਵਦ ਸੁਖ਼ਨਵਰ,
ਨ ਸ਼ਿਕਮਿ ਦਿਗਰ, ਦਰ ਦਹਾਨੇ ਦਿਗਰ ।

(ਭਾਵ—ਮਰਦ ਨੂੰ ਚਾਹੀਦਾ ਹੈ ਕਿ ਉਹ ਬਚਨ ਦਾ ਸੂਰਾ ਹੋਵੇ ਉਸ ਦੇ ਦਿਲ ਵਿਚ ਹੋਰ ਤੇ ਮੂੰਹ ਵਿਚ ਹੋਰ ਨ ਹੋਵੇ ।)

---

*ਅਨੰਦ-ਵਿਵਾਹ ਨੂੰ "ਅਨੰਦ ਮੈਰਿਜ ਐਕਟ ੧੯੦੯" (The Anand Marriage Act. 1909 (Act VII of 1909) ਦੇ ਨਾਮ ਹੇਠ ਵੇਲੇ ਦੀ ਸਰਕਾਰ ਵਲੋਂ ੨੨ ਅਕਤੂਬਰ ੧੯੦੯ ਨੂੰ ਕਾਨੂੰਨੀ ਪ੍ਰਵਾਨਗੀ ਦਿਤੀ ਗਈ ਸੀ ।

ਅਨੰਦ-ਕਾਰਜ ਸਮੇਂ ਧਰਮ ਦੇ ਜਿਨ੍ਹਾਂ ਖ਼ਾਸ ਅੰਗਾਂ ਦੇ ਪਾਲਣ ਉਤੇ ਜ਼ੋਰ ਦਿਤਾ ਜਾਂਦਾ ਅਤੇ ਪ੍ਰਤੱਗਿਆ ਕਰਾਈ ਜਾਂਦੀ ਹੈ, ਉਹਨਾਂ ਵਿਚੋਂ ਸਭ ਤੋਂ ਵਿਸ਼ੇਸ਼ ਹੈ ਦੋਹਾਂ ਵਲੋਂ ਪਤੀਬ੍ਰਤਿ ਧਰਮ ਅਤੇ ਇਸਤ੍ਰੀ-ਬ੍ਰਤਿ ਧਰਮ ਦੀ ਪਾਲਣਾ। ਸਾਡੇ ਦੇਸ਼ ਵਿਚ ਪਤੀਬ੍ਰਤਿ ਧਰਮ ਉਤੇ ਬੜਾ ਜ਼ੋਰ ਦਿਤਾ ਜਾਂਦਾ ਰਿਹਾ ਹੈ, ਪਰੰਤੂ ਮਰਦ ਉਤੇ ਇਸਤ੍ਰੀ-ਬ੍ਰਤਿ ਧਰਮ ਪਾਲਣ ਲਈ ਬਹੁਤ ਘੱਟ। ਇਸਤ੍ਰੀ ਦੀ ਧਾਰਮਿਕ ਤੇ ਸਮਾਜਕ ਖੇਤਰਾਂ ਵਿਚ ਨਿੱਘਰੀ ਪਦਵੀ ਕਾਰਨ ਅਜਿਹਾ ਹੋਣਾ ਕੁਦਰਤੀ ਸੀ। ਪਰੰਤੂ, ਗੁਰੂ ਸਾਹਿਬਾਨ ਨੇ ਇਹ ਅੱਨਿਆਏ-ਭਰਪੂਰ ਭਿੰਨ-ਭੇਦ ਤੇ ਵਿਤਕਰੇ ਵਾਲੇ ਸਤੇ ਆਈਨ ਮਨਸੂਖ਼ ਕਰ ਦਿੱਤੇ। ਮਰਦ ਲਈ ਇਸਤ੍ਰੀ-ਬ੍ਰਤਿ ਧਰਮ ਧਾਰਨ ਕਰਨਾ 'ਏਕਾ ਨਾਰੀ ਜਤੀ ਹੋਇ' ਉਤਨਾ ਹੀ ਜ਼ਰੂਰੀ ਤੇ ਧਰਮ ਦਾ ਅਹਿਮ ਅੰਗ ਹੈ, ਜਿਤਨਾ ਇਸਤ੍ਰੀ ਲਈ ਪਤੀ-ਬ੍ਰਤਿ ਧਰਮ ਦਾ ਧਾਰਨਾ; ਅਥਵਾ ਪਤੀ ਨੂੰ ਪ੍ਰਮੇਸ਼ਰ ਕਰ ਕੇ ਮੰਨਣਾ ਆਦਿ। ਸਿੱਖ ਮੱਤ ਵਿਚ ਇਸ ਬਾਰੇ ਕਿਸੇ ਇਕ ਨਾਲ ਰੂ-ਰਿਆਇਤ ਜਾਂ ਕਾਣੀ-ਵੰਡ ਨਹੀਂ। ਭਾਈ ਨੰਦ ਲਾਲ ਜੀ ਦਾ ਇਹ ਕਥਨ ਗੁਰੂ ਤੇ ਸਿਖ ਅਤੇ ਆਦਰਸ਼ਕ ਦੰਪਤੀ ਦੀ ਆਪਸ ਵਿਚ ਦੀ ਪ੍ਰੇਮ-ਖਿਚ ਨੂੰ ਇਉਂ ਦਰਸਾਉਂਦਾ ਹੈ—

ਆਸ਼ੁਫ਼ਤਾਏ ਆਨੇਮ, ਕਿ ਆਸ਼ੁਫ਼ਤਾਏ ਮਾਸਤ,
ਮਾ ਸ਼ਾਹ ਨ ਦਾਨੇਮ, ਗਦਾ ਰਾ ਨ ਸ਼ਨਾਸੇਮ।(ਗਜ਼ਲ ੫੮)

ਭਾਵ—"ਅਸੀਂ ਉਸ ਦੇ ਮਤਵਾਲੇ ਹਾਂ, ਜੋ ਸਾਡਾ ਮਤਵਾਲਾ ਹੈ। (ਗੁਰੂ ਤੇ ਸਿਖਾਂ ਦੀ ਮਜਲਸ ਵਿਚ) ਅਸੀਂ ਨ ਕਿਸੇ ਨੂੰ ਬਾਦਸ਼ਾਹ ਸਮਝਦੇ ਹਾਂ, ਨਾ ਮੰਗਤਾ, ਸਭ ਸਮਾਨ ਸਾਂਝੀਵਾਲ ਹਨ ਇਵੇਂ ਪ੍ਰੀਤ ਦੀ ਰੀਤ ਵਿੱਚ। ਪ੍ਰੀਤ ਦਾ ਰਿਸ਼ਤਾ ਇਕ-ਤਰਫ਼ਾ ਆਵਾਜਾਈ* (one way traffic) ਨਹੀਂ, ਇਹ ਦੁਵਲੀਉਂ ਇਕ ਸਮਾਨ ਪ੍ਰੀਤ-ਖਿੱਚ ਹੈ।

* ਮੁਹੱਬਤ ਕਾ ਤਬ ਮਜ਼ਾ ਹੈ, ਕਿ ਵੁਹ ਭੀ ਹੋਂ ਬੇਕਰਾਰ।
ਦੋਨੋਂ ਤਰਫ਼ ਹੋ ਆਗ ਬਰਾਬਰ ਲਗੀ ਹੂਈ।

ਅਨੰਦ ਕਾਰਜ ਹੋ ਜਾਣ ਉਪਰੰਤ ਗੁਰਮਤਿ ਦੀ ਬੋਲੀ ਵਿਚ ਲੜਕੇ ਨੂੰ 'ਕੰਤ' ਅਤੇ ਲੜਕੀ ਨੂੰ 'ਸੋਹਾਗਣ' ਦੀ ਸਤਿਕਾਰਿਤ ਪਦਵੀ ਤੇ ਉਪਾਧੀ ਦਿੱਤੀ ਜਾਂਦੀ ਹੈ। 'ਕੰਤ' ਅਤੇ 'ਸੋਹਾਗਣ' ਦੀ ਅਤਿ ਉੱਤਮ ਤੇ ਭਾਵ-ਪੂਰਤ ਪਰਿਭਾਸ਼ਾ ਗੁਰਬਾਣੀ ਵਿਚ ਥਾਂ-ਪਰ-ਥਾਂ ਦਿੱਤੀ ਗਈ ਹੈ। ਵੰਨਗੀ ਵਜੋਂ ਕੁਝ ਤੁਕਾਂ ਪ੍ਰਸ਼ਨੋਤਰ ਰੂਪ ਵਿਚ ਅੰਕਿਤ ਹਨ—

ਪ੍ਰਸ਼ਨ—(ੳ) ਹਉ ਜਾਇ ਪੂਛਾ ਸੋਹਾਗ ਸੋਹਾਗਣਿ,
ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ?
ਉੱਤਰ—ਮੈ ਊਪਰਿ ਨਦਰਿ ਕਰੀ ਪਿਰਿ ਸਾਚੈ,
ਮੈ ਛੋਡਿਅੜਾ ਮੇਰਾ ਤੇਰਾ ॥
[ਵਡਹੰਸ ਮ: ੪: ਪੰਨਾ ੫੬੧

ਪ੍ਰਸ਼ਨ—(ਅ) ਜਾਇ ਪੁਛਹੁ ਸੋਹਾਗਣੀ, ਵਾਹੈ ਕਿਨੀ ਬਾਤੀ ਸਹੁ ਪਾਈਐ ॥੧॥
ਉੱਤਰ—ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ,
ਹਿਕਮਤਿ ਹੁਕਮੁ ਚੁਕਾਈਐ ॥
[ਤਿਲੰਗ ਮ: ੧, ਪੰਨਾ ੭੨੨

ਪ੍ਰਸ਼ਨ—(ੲ) ਨਾਨਕ, ਸੋਹਾਗਣਿ ਕਾ ਕਿਆ ਚਿਹਨੁ ਹੈ ?
ਉੱਤਰ—ਅੰਦਰਿ ਸਚੁ, ਮੁਖੁ ਉਜਲਾ, ਖਸਮੈ ਮਾਹਿ ਸਮਾਇ ॥
[ਸੂਹੀ ਵਾਰ, ਮ: ੩, ਪੰਨਾ ੭੮੯

ਪਤੀਬ੍ਰਤਿ ਧਰਮ ਨਿਭਾਉਣ ਹਿਤ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣੀ ਸਪੁੱਤਰੀ, ਬੀਬੀ ਵੀਰੋ, ਨੂੰ ਜੋ ਉਪਦੇਸ਼ ਦਿੱਤਾ ਸੀ, ਉਹ ਵੀ, ਇਸ ਪ੍ਰਕਰਣ ਵਿਚ, ਵਰਨਣ ਯੋਗ ਹੈ—

ਸੁਨ ਬੀਬੀ ! ਮੈਂ ਤੁਝੇ ਸੁਨਾਊਂ। ਪਤਿ ਕੀ ਮਹਿਮਾ ਕਹਿ ਤਕ ਗਾਊਂ ?
*ਪਤਿ ਸੇਵਕ ਕੀ ਸੇਵਾ ਸਫਲੀ। ਪਤਿ ਬਿਨ ਔਰ ਕਹੈ ਸਭ ਨਿਫਲੀ।
†ਗੁਰੂ ਜਨ ਕੀ ਇੱਜ਼ਤ ਬਹੁ ਕਰਨੀ। ਸਾਸ ਸੇਵ ਹਿਰਦ ਮਾਹਿ ਸੁ ਧਰਨੀ।

* ਪਤੀ-ਸੇਵਕ-ਇਸਤ੍ਰੀ ਦੀ ਕੁਰਨੇਕਾ ਆਦਿਕ ਸਫਲ ਹੁੰਦੀ ਹੈ।
† ਸੱਸ ਸਹੁਰੇ ਆਦਿਕ ਵੱਡਿਆਂ ਦੀ।

ਸੁਨ, ਪੁਤ੍ਰੀ! ਪ੍ਰਾਨਨ ਤੇ ਪਿਆਰੀ। ਜਿਸ ਤੇ ਬੰਸ ਬਿਤੇ ਸੁਖ ਕਾਰੀ।...
*ਕੁਲ ਕੀ ਬਾਤ ਚਿਤ ਮੈ ਧਰਨੀ। ਖੋਟੀ ਸੰਗਤਿ ਨਹੀਂ ਸੁ ਕਰਨੀ।
ਪ੍ਰਾਤ ਉਠ ਕਰ ਮੱਜਨ ਕਰੀਜੈ। ਗੁਰਬਾਨੀ ਕੋ ਮੁਖ ਤੇ ਰਰੀਜੈ†।
‡ਪੁਨਾ ਔਰ ਬਿਵਹਾਰ ਜੁ ਹੋਈ। ਭਲੇ ਸੰਭਾਲਹੁ ਨੀਕੇ ਸੋਈ।
[ਗੁਰਬਿਲਾਸ ਪਾਤਸ਼ਾਹੀ ੬, ਅਧਿ: ੧੧

ਹਰੇਕ ਪਤਨੀ ਦੀ ਤੀਬਰ ਇੱਛਾ ਹੁੰਦੀ ਹੈ ਕਿ ਪਤੀ ਉਸ ਦੇ ਅਨਕੂਲ ਚਲੇ, ਉਸ ਦੇ ਵੱਸ ਵਿਚ ਵਰਤੇ ਤੇ ਵਫ਼ਾਦਾਰ ਹੋਵੇ। ਇਸ ਮੰਤਵ ਦੀ ਪੂਰਤੀ ਲਈ ਉਹ ਕਈ ਤਰ੍ਹਾਂ ਦੇ ਮੰਤਰ ਰਟਦੀ, ਜੰਤਰ ਤੰਤਰ ਤੇ ਟੂਣੇ ਕਰਦੀ ਅਤੇ ਪਖੰਡੀਆਂ ਤੇ ਅੱਯਾਰ ਲੋਕਾਂ ਦੇ ਢਹੇ ਚੜ੍ਹ ਕੇ ਆਪਣਾ ਝੁੱਗਾ ਲੁਟਾਂਦੀ ਹੈ। ਗੁਰਮਤਿ ਵਿਚ ਅਜਿਹਾ ਫੋਕਟ ਤੇ ਖੋਟਾ ਵਿਹਾਰ ਵਿਵਰਜਤ ਹੈ। ਕੰਤ ਨੂੰ ਸਹੀ ਅਰਥਾਂ ਵਿਚ ਵੱਸ ਕਰਨ ਲਈ ਗੁਰਬਾਣੀ ਇਨ੍ਹਾਂ ਗੁਣਾਂ ਦੇ ਧਾਰਨੀ ਹੋਣ ਦੀ ਤਾਕੀਦ ਕਰਦੀ ਹੈ—

ਨਿਵਣੁ ਸੁ ਅਖਰੁ, ਖਵਣੁ†† ਗੁਣੁ, ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ, ਤਾਂ ਵਸਿ ਆਵੀ ਕੰਤੁ॥੧੨੭॥
[ਪੰਨਾ ੧੩੮੪

ਭਾਵ—ਹੇ ਭੈਣ, ਪਤੀ ਨੂੰ ਵੱਸ ਕਰਨ ਲਈ ਤੂੰ ਨਿਮਰਤਾ, ਖਿਮਾ ਤੇ ਜੀਭਾ ਦੀ ਮਿਠਾਸ ਦੇ ਗੁਣਾਂ ਦਾ ਲਿਬਾਸ ਧਾਰਨ ਕਰ।

ਪ੍ਰਾਚੀਨ ਭਾਰਤੀ ਇਤਿਹਾਸ ਵਿਚ ਅਨਸੂਆ, ਸੀਤਾ ਅਤੇ ਸਤੀ ਸਾਵਿੱਤਰੀ ਆਦਿ ਦੇਵੀਆਂ ਵਲੋਂ ਨਿਭਾਇਆ ਪਤੀਬ੍ਰਤਿ ਧਰਮ ਅਜੋਕੇ ਜੁਗ ਦੀਆਂ ਇਸਤ੍ਰੀਆਂ ਲਈ ਚਾਨਣ-ਮੁਨਾਰੇ ਦਾ ਕੰਮ ਦਿੰਦਾ ਹੈ।

---

* ਗੁਰੂ ਕੁਲ ਦੀ ਮਰਯਾਦਾ।

† ਉਚਾਰਨ ਕਰਿਹਿ।

‡ ਗੁਰਬਾਣੀ ਦਾ ਨਿਤਨੇਮ ਨਿਭਾਉਣ ਉਪਰੰਤ।

†† ਖਿਮਾ ਕਰਨ ਦਾ ਗੁਣ।

ਹਨੂਮਾਨ ਨਾਟਕ ਵਿਚ ਸੀਤਾ ਦੀ ਪਤੀ-ਭਗਤੀ ਬਾਰੇ ਹਨੂਮਾਨ ਵਲੋਂ ਸ੍ਰੀ ਰਾਮ ਚੰਦਰ ਜੀ ਨੂੰ ਦਿੱਤਾ ਉੱਤਰ, ਸਮੂਹ ਇਸਤ੍ਰੀ ਜਾਤੀ ਦਾ ਸਿਰ ਮਾਣ ਤੇ ਗੌਰਵਤਾ ਨਾਲ ਉੱਚਾ ਕਰਨ ਵਾਲਾ ਹੈ। ਸ੍ਰੀ ਰਾਮਚੰਦਰ ਜੀ ਦਾ ਭੇਜਿਆ ਹਨੂਮਾਨ, ਸੀਤਾ ਜੀ ਨੂੰ ਰਾਵਣ ਦੇ ਅਸ਼ੋਕ ਬਾਗ ਵਿਚ ਮਿਲਦਾ ਅਤੇ ਵਾਪਸ ਪਰਤ ਕੇ ਸ੍ਰੀ ਰਾਮ ਚੰਦਰ ਜੀ ਦੀਆਂ ਪੁੱਛਾਂ ਦਾ ਉੱਤਰ ਇਸ ਪ੍ਰਕਾਰ ਦਿੰਦਾ ਹੈ :—

ਪ੍ਰਸ਼ਨ—ਅਹਿ ਹਨੂੰ ! ਕਹਿ ਸ੍ਰੀ ਰਘੁਬਰ,
ਕਛੂ ਸੁਧ ਹੈ ਸੀਆ ਕੀ ਛਿਤ ਮਾਹੀਂ ?
ਉੱਤਰ—ਹੈ ਪ੍ਰਭ ਲੰਕ, ਕਲੰਕ ਬਿਨਾ,
ਬਸੈ ਤਹਿ ਰਾਵਨ ਬਾਗ ਕੀ ਛਾਹੀਂ ।
ਪ੍ਰਸ਼ਨ—ਜੀਵਤ ਹੈ ? (ਉੱਤਰ) ਕਹਿਬੇ ਕੋ ਨਾਥ,
ਪ੍ਰਸ਼ਨ—ਕਿਉਂ ਨ ਮਰੀ ਹਮ ਤੇਂ ਬਿਛੁਰਾਈ ?
ਉੱਤਰ—ਪ੍ਰਾਨ ਬਸੇਂ ਪਦ ਪੰਕਜ ਮੈਂ,
ਜੰਮ ਆਵਤ ਹੈ, ਪਰ ਪਾਵਤ ਨਾਹੀਂ ।

ਕਿਤਨਾ ਸੁੰਦਰ ਬਿਆਨ ਹੈ : ਸੀਤਾ ਦੇ ਪ੍ਰਾਨ ਸ੍ਰੀ ਰਾਮ ਚੰਦਰ ਜੀ ਦੇ ਚਰਨ-ਕੰਵਲਾਂ ਵਿਚ ਵਸਦੇ ਹਨ ਅਤੇ ਇਥੇ ਜਮ ਜਾਨ ਕੱਢਣ ਲਈ ਆ ਨਹੀਂ ਸਕਦਾ। ਇਸ ਲਈ ਉਹ ਵਿਛੋੜੇ ਵਿਚ ਬਿਹਬਲ ਹੁੰਦੀ ਹੈ, ਅਤੇ ਮਰਨਾ ਚਾਹੁੰਦੀ ਹੋਈ ਵੀ ਮਰ ਨਹੀਂ ਸਕਦੀ।

ਐਸੇ ਪਤੀਬ੍ਰਤਾ ਧਰਮ ਉਤੇ ਹਰ ਨਾਰੀ ਨੂੰ ਹੀ ਨਹੀਂ, ਸਗੋਂ ਸਾਰੀ ਮਨੁੱਖਤਾ ਨੂੰ ਹੀ ਬਜਾ ਤੌਰ ਉਤੇ ਨਾਜ਼ ਹੋਣਾ ਚਾਹੀਦਾ ਹੈ।

ਇਸੇ ਤਰ੍ਹਾਂ ਗੁਰਦੇਵ ਜਦ ਕੰਤ ਦਾ ਧਰਮ ਵਖਾਣਦੇ ਹਨ ਤਾਂ ਸਭ ਤੋਂ ਵਧ ਜ਼ੋਰ ਏਸ ਗੱਲ ਉਤੇ ਦਿੰਦੇ ਹਨ ਕਿ ਸੰਸਾਰ ਦੀ ਮਹਿਕਦੀ ਫੁਲਵਾੜੀ ਵਿਚੋਂ, ਮਰਯਾਦਾ ਪੂਰਬਕ, ਮਨੁੱਖ ਨੂੰ ਇਕ ਫੁੱਲ ਉਤੇ ਉਂਗਲ ਰੱਖਣ ਦੀ ਖੁਲ੍ਹ ਹੈ; ਪਰੰਤੂ, ਨਾਲ ਹੀ, ਦੂਨੀ-ਸੁਹਾਵੇ-ਬਾਗ ਦੇ ਪ੍ਰਭੂ-ਮਾਲੀ ਦੀ ਕਰੜੀ ਸ਼ਰਤ ਹੈ ਕਿ ਇਸ ਗੁਲਜ਼ਾਰ ਵਿਚੋਂ ਮਨ-ਪਸੰਦ ਦਾ ਫੁੱਲ

ਅਪਣਾਅ ਕੇ, ਜੇ ਦੂਜੇ ਵਲ ਝਾਕੇਂਗਾ ਤਾਂ ਮਹਿਰਮ ਤੋਂ ਮੁਜਰਮ ਗਰਦਾਨਿਆ ਜਾਵੇਂਗਾ, ਅਤੇ ਕੰਤ ਦੀ ਆਦਰ-ਜੋਗ ਪਦਵੀ ਖੁਹਾ ਬੈਠੇਂਗਾ। ਉਵੇਂ ਹੀ, ਜਿਵੇਂ ਆਦਮ ਤਮ੍ਹਾ ਵਿਚ ਆ ਕੇ ਬਹਿਸ਼ਤ ਖੁਹਾ ਬੈਠਾ ਸੀ।*

ਪੰਜਵੇਂ ਸਤਿਗੁਰੂ ਜੀ ਦਾ ਫੁਰਮਾਨ ਹੈ—

ਕਿਆ ਗਾਲਾਇਓ ਭੂਛ ? ਪਰ ਵੇਲਿ ਨ ਜੋਹੇ ਕੰਤ ਤੂ ॥
ਨਾਨਕ, ਫੁਲਾ ਸੰਦੀ ਵਾੜਿ, ਖਿੜਿਆ ਹਭੁ ਸੰਸਾਰੁ ਜਿਉ ॥੩(੪)
[ਮ: ੫, ਵਾਰ ਮਾਰੂ, ਪੰਨਾ ੧੦੯੫

ਭਾਵ—ਹੇ ਮੂਰਖ (ਭੂਛ), ਤੂੰ ਕੀ ਦੁਰਾਚਾਰ ਦੀਆਂ ਗੱਲਾਂ ਕਰਦਾ ਹੈਂ ? ਜੇ ਪਰਾਈ ਇਸਤ੍ਰੀ ਵਲ ਮੰਦੀ ਨਜ਼ਰ ਨਾ ਕਰੇਂ, ਤਦ ਹੀ ਤੂੰ ਕੰਤ (ਪਤੀ) ਹੈਂ, ਨਹੀਂ ਤਾਂ ਤੇਰੀ ਗਿਣਤੀ ਵਿਭਚਾਰੀਆਂ ਵਿਚ ਹੋਵੇਗੀ।

ਸਿੱਖੀ ਵਿਚ ਇਸਤ੍ਰੀ-ਬ੍ਰਤਿ ਧਰਮ ਅਥਵਾ ਸੱਚੇ ਆਚਾਰ ਨੂੰ ਧਰਮ ਦਾ ਇਤਨਾ ਅਹਿਮ ਅੰਗ ਮੰਨਿਆ ਗਿਆ ਹੈ ਕਿ ਪਰ-ਇਸਤ੍ਰੀ-ਗਾਮੀ ਨੂੰ ਸਿੱਖੀ ਤੋਂ ਹੀ ਪਤਿਤ ਕਰਾਰ ਦੇ ਦਿਤਾ ਗਿਆ ਹੈ। ਸ੍ਰੀ ਦਸਮੇਸ਼ ਜੀ ਦੇ ਇਸ ਸੰਬੰਧ ਵਿਚ ਉਚਾਰੇ ਆਪਣੇ ਬਚਨ ਖਾਸ ਧਿਆਨ ਦੇਣ ਜੋਗ ਹਨ। ਫੁਰਮਾਨ ਹੈ :—

ਸੁੱਧਿ ਜਬ ਤੇ ਹਮ ਧਰੀ, ਬਚਨ ਗੁਰ ਦਏ ਹਮਾਰੇ।
ਪੂਤ, ਇਹੈ ਪ੍ਰਨ ਤੋਹਿ, ਪ੍ਰਾਨ ਜਬ ਲਗ ਘਟਿ ਥਾਰੇ।
ਨਿਜ-ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ।
ਪਰ-ਨਾਰੀ ਕੀ ਸੇਜ, ਭੂਲਿ ਸੁਪਨੇ ਹੂੰ ਨ ਜਯਹੁ।

ਏਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਰਾਈ ਇਸਤ੍ਰੀ ਦੇ ਸੰਗ

---

* ਬਰਾਏ ਗਿਰਦਾਇ ਨਾਂ, ਗਿਰਦ ਹਰ ਦੂਨਾ ਚਿ ਮੇ ਗਰਦੀ ?
ਤਮਾਅ ਦੀਦੀ, ਕਿ ਆਦਮ ਰਾ, ਅਸੀਰਿ ਦਾਨਾ ਮੇ ਸਾਜ਼ਦ।
[ਭਾਈ ਨੰਦ ਲਾਲ

[ਭਾਵ—ਰੋਟੀ (ਨਾਨ) ਦੇ ਇਕ ਟੁਕੜੇ ਲਈ ਹਰ ਕਮੀਨੇ ਪਿਛੇ ਕਿਉਂ ਭਟਕਦਾ ਫਿਰਦਾ ਹੈਂ ? ਤੂੰ ਵੇਖਿਆ ਹੈ ਕਿ ਤ੍ਰਿਸ਼ਨਾ ਨੇ ਕਿਵੇਂ ਆਦਮ ਨੂੰ ਵਿਰਾਸਤ ਫਲ ਦਾ ਗੁਲਾਮ ਬਣਾ ਕੇ ਬਹਿਸ਼ਤੋਂ ਕਢਵਾ ਦਿਤਾ ਸੀ।]

ਨੂੰ ਜ਼ਹਿਰੀਲੇ ਸੱਪ ਨਾਲ ਉਪਮਾ ਦਿਤੀ ਹੈ :

ਜੈਸਾ ਸੰਗੁ ਬਿਸੀਅਰ ਸਿਉ ਹੈ ਰੇ,
ਤੈਸੋ ਹੀ ਇਹੁ ਪਰ ਗ੍ਰਿਹੁ ॥

[ਆਸਾ ਮ: ੫, ਪੰਨਾ ੪੦੩

ਭਾਈ ਗੁਰਦਾਸ ਜੀ ਕੰਤ ਨੂੰ ਇਸਤ੍ਰੀ-ਬ੍ਰਤ ਧਰਮ ਦਾ ਧਾਰਨੀ ਹੋਣ ਲਈ ਇਉਂ ਪ੍ਰੇਰਨਾ ਦਿੰਦੇ ਹਨ—

(ੳ) ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ ॥

[ਭਾ: ਗੁ: ਵਾਰ ੬-੮

(ਅ) ਹਉ ਤਿਸ ਘੋਲ ਘੁਮਾਇਆ, ਪਰ-ਨਾਰੀ ਦੇ ਨੇੜ ਨ ਜਾਵੈ।

[ਭਾ: ਗੁ: ਵਾਰ ੧੨-੪

(ੲ) ਦੇਖ ਪਰਾਈਆਂ ਚੰਗੀਆਂ, ਮਾਵਾਂ ਧੀਆਂ ਭੈਣਾਂ ਜਾਣੈ।

[ਭਾ: ਗੁ: ਵਾਰ ੨੯-੧੧

ਏਸੇ ਪ੍ਰਕਰਣ ਵਿਚ ਭਾਈ ਨੰਦ ਲਾਲ ਜੀ ਦੀ ਤਾਕੀਦ ਹੈ :

ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤ੍ਰੀ ਕੋ ਮਾਤ ਬਖਾਨੈ।
ਅਪਨੀ ਇਸਤ੍ਰੀ ਸੋਂ ਰਤ (ਪ੍ਰੇਮ) ਹੋਈ। ਰਹਤਵਾਨ ਗੁਰ ਕਾ ਸਿਖ ਸੋਈ।

[ਰਹਿਤਨਾਮਾ, ਪ੍ਰਸ਼ਨ-ਉਤਰ

ਲਾਵਾਂ—

ਅਨੰਦ-ਵਿਆਹ ਸਮੇਂ ਜਦ ਲਾਵਾਂ ਦਾ ਪਾਠ ਹੁੰਦਾ ਹੈ ਤਾਂ ਹਰ ਲਾਂਵ ਦੇ ਪਾਠ ਉਪਰੰਤ ਜੋੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਇਸ ਤਰ੍ਹਾਂ ਫੇਰਾ (ਲਾਂਵ) ਲੈਂਦਾ ਹੈ ਕਿ ਆਦਰ-ਸਤਿਕਾਰ ਵਜੋਂ ਉਨ੍ਹਾਂ ਦਾ ਸੱਜਾ ਪਾਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲ ਰਹੇ। ਦੰਪਤੀ ਦੇ ਸਫਲ ਤੇ ਸੁਖੀ ਜੀਵਨ ਲਈ ਲਾਵਾਂ ਵਿਚ ਦਿੱਤਾ ਉਪਦੇਸ਼ ਅਤਿ ਅਹਿਮ ਹੈ। ਵਾਸਤਵ ਵਿਚ ਏਥੇ ਦੂਹਰੀ ਸਿਖਿਆ ਦਿਤੀ ਗਈ ਹੈ—

*ਇਕ ਇਹ ਕਿ ਜਗਿਆਸੂ-ਰੂਪ ਇਸਤ੍ਰੀ ਨੇ ਪ੍ਰਭੂ ਪ੍ਰਮਾਤਮਾ ਨੂੰ ਲਾਵਾਂ ਵਿਚ ਦੱਸੇ ਗਏ ਗੁਣ ਗ੍ਰਹਿਣ ਕਰ ਕੇ ਮਿਲਣਾ ਹੈ; ਦੂਜੇ ਇਕ ਜੋਤ ਹੋਣ ਦਾ ਤਜਰਬਾ ਕੰਤ ਤੇ ਸੋਹਾਗਣ ਨੇ ਪਹਿਲਾਂ ਆਪੋ ਵਿਚਦੀ ਕਰਨਾ ਹੈ ਅਤੇ ਫੇਰ ਦੋਹਾਂ ਨੇ ਹੀ ਪ੍ਰਭੂ-ਮਿਲਾਪ ਅਥਵਾ ਰੱਬੀ ਜੋਤ ਨਾਲ ਇਕ-ਸੁਰਤਾ ਪੈਦਾ ਕਰਨ ਵਾਲੀ ਮੰਜ਼ਲ ਵਲ ਵਧਣਾ ਹੈ।

ਸ੍ਰੀ ਗੁਰੂ ਰਾਮਦਾਸ ਜੀ ਦੀਆਂ ਉਚਾਰਨ ਕੀਤੀਆਂ ਇਹ ਲਾਵਾਂ ਸੂਹੀ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੭੭੩ ਪੰਨੇ ਉਤੇ ਸੁਸ਼ੋਭਤ ਹਨ। ਇਨ੍ਹਾਂ ਦਾ ਸੰਖੇਪ ਜਿਹਾ ਭਾਵ ਕੁਝ ਇਵੇਂ ਸਮਝਿਆ ਜਾ ਸਕਦਾ ਹੈ :—

ਪਹਿਲੀ ਲਾਵ :—

(੧) ਸਿਖ ਨੇ ਪ੍ਰਵਿਰਤੀ ਮਾਰਗ ਧਾਰਨ ਕਰਨਾ ਹੈ ਅਤੇ ਗੁਰੂ ਬਾਣੀ ਨੂੰ ਹੀ ਬ੍ਰਹਮਾ ਦਾ ਵੇਦ (ਗਿਆਨ) ਸਮਝਣਾ ਹੈ; (ਨੋਟ—'ਵੇਦੁ' ਦਾ ਦੱਦਾ ਔਂਕੜ ਅੰਤ ਹੋਣ ਕਰਕੇ 'ਵੇਦੁ' ਇਕ-ਵਚਨ ਹੈ ਤੇ ਇਸ ਦਾ ਅਰਥ ਚਾਰ ਵੇਦ ਨਹੀਂ ਹੋ ਸਕਦਾ।)

---

*"ਗੁਰੂ ਸਾਹਿਬ ਨੇ ਜੀਵਨ ਦਾ ਆਦਰਸ਼ ਵਾਹਿਗੁਰੂ-ਪਤੀ ਨਾਲ ਜੀਵ-ਇਸਤ੍ਰੀ ਦਾ ਮੇਲ ਮੰਨਿਆ ਹੈ। ਇਸ ਮੇਲ ਨੂੰ ਮੁਕੰਮਲ ਕਰਨ ਲਈ ਜੀਵਨ ਵਿਚ ਚੌਥੀ ਤਿਆਰੀ ਨੂੰ ਲਾਵਾਂ ਦੇ ਰਾਹੀਂ ਵਰਨਣ ਕੀਤਾ ਗਿਆ ਹੈ। ਪ੍ਰਵਿਰਤੀ ਤੋਂ ਸ਼ੁਰੂ ਕਰ ਕੇ ਪੜਤਾਲ ਨਾਲ ਪੁਰਖ ਅਬਿਨਾਸੀ ਦੀ ਪ੍ਰਾਪਤੀ ਉਤੇ ਖ਼ਤਮ ਕਰਦੇ ਹਨ। ਇਹ ਸ਼ਬਦ ਸਿੱਖਾਂ ਵਿਚ ਵਿਆਹ ਦੀ ਰੀਤੀ ਵਿਚ ਫੇਰੇ ਲੈਣ ਸਮੇਂ ਪੜ੍ਹਿਆ ਜਾਂਦਾ ਹੈ। ਇਸ ਦੇ ਦੂਹਰੇ ਅਰਥ ਹਨ : ਇਕ ਪਾਸੇ ਇਸਤ੍ਰੀ ਪੁਰਸ਼ ਦੇ ਵਿਆਹ ਵਾਲੀ ਜ਼ਿੰਦਗੀ ਦਾ ਆਦਰਸ਼ ਹੈ, ਦੂਜੇ ਪਾਸੇ ਜੀਵਨ ਦਾ ਪ੍ਰਮਾਤਮਾ ਨਾਲ ਆਤਮਕ ਮੇਲ ਹੈ। ਇਸਤ੍ਰੀ ਪੁਰਸ਼ ਦੀ ਵਿਆਹਤ ਜ਼ਿੰਦਗੀ ਹਰੀ ਤੇ ਆਤਮਾ ਦੇ ਮੇਲ ਦੇ ਨਮੂਨੇ ਉਤੇ ਚਲਦੀ ਹੈ। ਜਿਵੇਂ ਪਰਮਾਰਥ ਵਿਚ ਪਹਿਲਾਂ ਨਿਰਵਿਰਤੀ ਛੁੜਾ ਕੇ ਪ੍ਰਵਿਰਤੀ ਸਿਖਾਈ ਜਾਂਦੀ ਹੈ ਤਿਵੇਂ ਦੰਪਤੀ ਦਾ ਵਿਆਹ, ਗ੍ਰਿਹਸਤ ਵਿਚ ਪ੍ਰਵੇਸ਼ ਹੋਣ ਦੀ ਪਹਿਲੀ ਪੌੜੀ ਹੈ। ਜਿਵੇਂ ਪਰਮਾਰਥ ਵਿਚ ਪਹਿਲਾ ਡਰ, ਫਿਰ ਪ੍ਰੇਮ, ਫਿਰ ਵੈਰਾਗ ਤੇ ਅੰਤ ਸਹਿਜ ਅਵਸਥਾ ਦੀ ਪ੍ਰਾਪਤੀ ਦਸਦੇ ਹਨ, ਤਿਵੇਂ ਇਸਤ੍ਰੀ ਭਰਤਾ ਦੀ ਜ਼ਿੰਦਗੀ ਲਈ ਡਰ, ਪ੍ਰੇਮ, ਵੈਰਾਗ ਅਤੇ ਸਹਿਜ ਦਾ ਆਦਰਸ਼ ਥਾਪਿਆ ਗਿਆ ਹੈ।" (ਸ਼ਬਦਾਰਥ)

(ਅ) ਧਰਮ ਅਰਥਾਤ ਨਾਮ ਨੂੰ ਦ੍ਰਿੜ੍ਹ ਕਰ ਕੇ ਪਾਪਾਂ ਦਾ ਤਿਆਗ ਕਰਨਾ ਹੈ।

(ੲ) ਇਹ ਗੁਣ ਪੂਰੇ ਗੁਰੂ ਦੇ ਲੜ ਲਗਣ ਨਾਲ ਹੀ ਅੰਦਰ ਵਸਦੇ ਹਨ, ਫੇਰ ਹਰੀ ਪ੍ਰਭੂ ਮਿੱਠਾ ਲਗਦਾ ਹੈ।

ਦੂਜੀ ਲਾਂਵ–

ਜਿਵੇਂ ਨਿਰਭਉ ਪ੍ਰਭੂ ਦਾ ਨਿਰਮਲ ਭਉ ਅੰਦਰ ਵੱਸਣ ਨਾਲ ਜਗਿਆਸੂ ਦੀ ਹਉਮੈ ਦੀ ਮੈਲ ਧੁੱਪਦੀ ਹੈ, ਏਵੇਂ ਹੀ ਇਸਤ੍ਰੀ ਨੇ ਪਤੀ ਦਾ ਸਤਿਕਾਰ ਅਤੇ ਅਦਬ ਕਰਨਾ ਤੇ ਹਉਮੈ ਦੂਰ ਕਰ ਕੇ ਉਸ ਨਾਲ ਆਤਮਕ ਸਾਂਝ ਪੈਦਾ ਕਰਨੀ ਹੈ। *ਅਦਬ ਨੂੰ ਪਿਆਰ ਦੀ ਪਹਿਲੀ ਸਜਾਵਟ ਤੇ ਸਮੀਪਤਾ ਮੰਨਿਆ ਗਿਆ ਹੈ। ਵਾਹਿਗੁਰੂ ਨੂੰ ਹਰ ਥਾਂ ਰਵਿਆ ਤੇ ਭਰਪੂਰ ਵੇਖਣਾ ਹੈ।

ਤੀਜੀ ਲਾਂਵ–

ਜਗਿਆਸੂ ਰੂਪ ਇਸਤ੍ਰੀ ਨੇ ਆਪਣੇ ਹਿਰਦੇ ਵਿਚ ਵੈਰਾਗ-ਭਰਪੂਰ ਚਾਉ ਵਸਾਉਣਾ ਹੈ। ਜਿਵੇਂ ਵਿਆਹ ਸਮੇਂ ਸੁਹਾਗਣ ਥੀਵਣ ਵਾਲੀ ਕੰਨਿਆ ਦੇ ਅੰਦਰ ਵੈਰਾਗ ਤੇ ਚਾਉ ਦੇ ਦੋਵੇਂ ਭਾਵ ਇਕੱਠੇ ਵਸ ਤੇ ਵਰਤ ਰਹੇ ਹੁੰਦੇ ਹਨ, ਇਵੇਂ ਹੀ ਗੁਰਸਿੱਖ ਨੇ ਮਾਇਆ

---

*(ੳ) ਨਾਨਕ ਜਿਨ੍ ਮਨਿ ਭਉ (ਨਿਰਮਲੁ ਭਉ, ਅਦਬ)
ਤਿਨ੍ਹਾ ਮਨਿ ਭਾਉ (ਪ੍ਰੇਮ) ॥੨॥(੫) [ਆਸਾ ਦੀ ਵਾਰ ਪੰਨਾ ੪੬੫

(ਅ) ਅਦਬ ਪਹਿਲਾ ਕਰੀਨਾ ਹੈ, ਮੁਹੱਬਤ ਕੇ ਕਰੀਨੇ ਮੇਂ। [ਇਕਬਾਲ

(ੲ) ਰਹ ਰਸਾਨੇ ਰਾਹਿ ਹੱਕ ਆਮਦ ਅਦਬ।
ਹਮ ਬਜ਼ਾਹਿਰ ਹਾਜ਼ਿਰ ਖ਼ੁਦਾ ਓ ਹਮ ਬਅਦਬ। [ਭਾ. ਨੰਦ ਲਾਲ ਜੀ

[ਭਾਵ– ਵਾਹਿਗੁਰੂ ਦੇ ਰਾਹ ਵਿੱਚ, ਉਸ ਦੀ ਹਜ਼ੂਰੀ ਵਿੱਚ ਲੈ ਜਾਣ [illegible], ਇਕੋ ਇੱਕ ਦਾਤ – ਅਦਬ, (ਸਤਿਕਾਰ, ਨਿਰਮਲ ਭਉ) ਅਰਸ਼ੋਂ ਉਤਰੀ ਹੈ। ਪ੍ਰੰਤੂ, ਸ਼ਰਤ ਇਹ ਹੈ ਕਿ ਅਦਬ ਬੁੱਲ੍ਹਾਂ ਉਤੇ ਵੀ ਹੋਵੇ ਅਤੇ ਧੁਰ ਦਿਲ ਅੰਦਰ ਵੀ।]

ਵਿਚ ਤਾਂ ਵਿਚਰਨਾ ਹੈ; ਪਰੰਤੂ, ਗੁਰੂ ਬਾਣੀ ਦੀ ਓਟ-ਆਸਰੇ ਇਸ ਤੋਂ ਕਮਲ ਵਾਂਗ ਅਲੇਪ ਰਹਿਣਾ ਤੇ ਵੈਰਾਗ-ਮਈ ਬ੍ਰਿਤੀ ਧਾਰਨੀ ਹੈ।

ਚੌਥੀ ਲਾਂਵ–

ਜਗਿਆਸੂ-ਰੂਪ ਸੋਹਾਗਣ, ਉਪਰੋਕਤ ਤਿੰਨਾਂ ਲਾਵਾਂ ਵਿਚ ਦਰਸਾਏ ਗੁਣ ਅਪਣਾਅ ਕੇ ਹੀ ਪ੍ਰਭੂ-ਕੰਤ ਨੂੰ ਰੀਝਾ ਸਕੇਗੀ ਅਤੇ ਸਹਿਜ-ਪਦ ਨੂੰ ਪ੍ਰਾਪਤ ਕਰੇਗੀ। ਇਹ ਉਸ ਦਾ ਮਨ-ਇੱਛਤ ਫਲ, ਜੀਵਨ-ਮਨੋਰਥ ਅਤੇ ਮੰਜ਼ਲ ਹੈ। ਇਹੀ ਸਿਖਿਆ ਸੁਹਾਗਣ ਨੇ ਕੰਤ ਨੂੰ ਰੀਝਾਉਣ ਲਈ ਧਾਰਨੀ ਹੈ।

ਗੁਰਮਤਿ ਵਿਵਾਹ ਧਰਮ, ਨੇਕੀ, ਜੱਤ ਸੱਤ ਤੇ ਕੁਰਬਾਨੀ ਦੀ ਆਦਰਸ਼ਕ ਜੀਵਨ-ਜਾਚ ਦਾ ਜ਼ਾਮਨ ਹੈ। ਸਿੱਖੀ-ਮਾਰਗ ਵਿਭਚਾਰੀਆਂ, ਵਿਕਾਰੀਆਂ, ਲੋਭੀਆਂ ਤੇ ਲੰਪਟਾਂ ਦਾ ਮਾਰਗ ਨਹੀਂ। ਇਹ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਦਿਕ ਆਸ਼ਕਾਂ ਅਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ-ਜੇਤੂ, ਸਾਈਂ ਦੇ ਪਹਿਲਵਾਨਾਂ ਦਾ ਪੰਥ ਹੈ। ਸ਼ਹਾਦਤ ਵਜੋਂ ਅਬਦਾਲੀ ਨਾਲ ਆਏ ਬਿਰਧ ਬਲੋਚ ਮੌਲਵੀ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ, ਦੇ ਲੰਮੇ ਚੌੜੇ ਬਿਆਨ ਵਿਚੋਂ ਇਹ ਇਕ ਸ਼ੇਅਰ ਹੀ ਕਾਫ਼ੀ ਹੈ:

ਜ਼ਨਾਹਮ ਨ ਬਾਸ਼ਦ ਮਿਆਨੇ ਸਗਾਂ।
ਨ ਦੁਜ਼ਦੀ ਬਵਦ ਕਾਰੇ ਈਂ ਬਦਰਗਾਂ।

[ਭਾਵ–"ਇਨ੍ਹਾਂ ਕੁੱਤਿਆਂ (ਸਿੰਘਾਂ) ਦੇ ਟੋਲੇ ਅੰਦਰ ਕੋਈ ਵਿਭਚਾਰੀ ਨਹੀਂ ਹੁੰਦਾ ਅਤੇ ਨਾ ਹੀ ਇਹ, ਮਾੜੀ ਖਸਲਤ ਵਾਲੇ, ਚੋਰੀ ਕਰਨਾ ਜਾਣਦੇ ਹਨ।" ਵੇਖੋ, ਘਿਰਣਾ ਤੇ ਤੁਅੱਸਬ ਨਾਲ ਨੱਕ ਨੱਕ ਭਰੇ ਹੋਣ ਦੇ ਬਾਵਜੂਦ ਉਹ ਸਿੰਘਾਂ ਦੇ ਆਦਰਸ਼ਕ ਚਲਣ ਦੇ ਗੁਣ ਗਾਉਣੋਂ ਨਹੀਂ ਰਹਿ ਸਕਿਆ।]

ਮੁਕਦੀ ਗੱਲ: ਜਿਥੇ ਅਨਮੱਤਾਂ ਵਿਚ ਵਿਆਹ ਦਾ ਮੰਤਵ ਕੇਵਲ

ਭੋਗ ਬਿਲਾਸ, ਮੌਜ ਮੇਲਾ, ਰੂਪਕ ਖਿੱਚ ਜਾਂ ਸੰਤਾਨ-ਉਤਪਤੀ ਮਿੱਥਿਆ ਗਿਆ ਹੈ, ਉਥੇ ਅਨੰਦ-ਵਿਵਾਹ, ਸਦੀਵੀ ਅਨੰਦ (Perpetual bliss) ਦਾ ਜ਼ਾਮਨ ਹੈ। ਇਸ ਦੀ ਆਧਾਰ-ਸ਼ਿਲਾ, ਵਚਨ-ਬੱਧ ਹੋ ਕੇ, 'ਸੱਚੇ ਆਚਾਰ' ਦੇ ਧਾਰਨੀ ਹੋਣਾ ਹੈ। ਸੱਚੇ ਸੁੱਚੇ ਆਚਾਰ ਤੇ ਸਰੱਬ ਵੀਚਾਰ ਤੋਂ ਹੀ ਇਤਬਾਰ, ਸਤਿਕਾਰ ਤੇ ਪਿਆਰ ਉਪਜੇਗਾ ਅਤੇ ਜਿਥੇ ਨਿਰਮਲ ਪਿਆਰ ਹੈ ਉਥੇ ਰੱਬ ਆਪ ਵੱਸਦਾ ਹੈ ।

ਸੱਚ ਤੇ ਕੇਵਲ ਸੱਚ ਉਤੇ ਆਧਾਰਤ ਵਿਚਾਰ ਅਤੇ ਸਿਧਾਂਤ ਵਕਤੀ ਨਹੀਂ, ਅਬਦੀ ਹੁੰਦੇ ਹਨ। ਇਹੀ ਕਾਰਨ ਹੈ ਕਿ ਮਹਾਨ ਪੱਛਮੀ ਚਿੰਤਕਾਂ ਨੇ ਵੀ ਆਖ਼ਰ ਗੁਰਮਤਿ ਵਲੋਂ ਵਿਵਾਹ ਸੰਬੰਧੀ ਅਪਣਾਈ ਤੇ ਪ੍ਰਚਾਰੀ ਵਿਚਾਰਧਾਰਾ ਨੂੰ ਪ੍ਰਵਾਨ ਕੀਤਾ ਹੈ। ਆਪਣੇ ਇਸ ਦਾਅਵੇ ਦੀ ਪੁਸ਼ਟੀ ਵਿਚ ਅਸੀਂ ਕੇਵਲ ਇਕ ਮਹਾਨ ਵਿਦਵਾਨ—ਡਾ: ਜੌਹਨਸਨ—ਦੀ ਗਵਾਹੀ ਪੇਸ਼ ਕਰਦੇ ਹਾਂ। ਆਪ ਲਿਖਦੇ ਹਨ—

"Marriage is the strictest tie of perpetual friendship and there can be no friendship without confidence, and there can be no confidence without integrity, and he must expect to be wretched who pays beauty, riches and politeness that regard which only virtue and piety can claim."

[ਭਾਵ—ਵਿਆਹ ਸਦੀਵੀ ਮਿਤ੍ਰਤਾ ਦੀ ਇਕ ਪੀਡੀ ਗੰਢ ਹੈ, ਪਰ ਇਤਬਾਰ ਤੋਂ ਬਿਨਾਂ ਮਿਤਰਤਾ ਨਹੀਂ ਨਿਭਦੀ, ਅਤੇ ਇਤਬਾਰ ਸੱਚੇ ਸੁੱਚੇ ਤੇ ਪਵਿੱਤਰ ਚਾਲ ਚਲਣ ਤੋਂ ਬਿਨਾਂ ਪੈਦਾ ਨਹੀਂ ਹੁੰਦਾ। ਉਹ ਮਨੁੱਖ ਕਿਤਨਾ ਅਭਾਗਾ ਹੈ, ਜਿਹੜਾ ਸਰੀਰਕ ਸੁੰਦਰਤਾ (ਰੂਪਕ ਖਿੱਚ), ਧਨ ਤੇ ਹਲੀਮੀ ਨੂੰ ਉਹ ਅਸਥਾਨ (ਰੁਤਬਾ) ਅਤੇ ਆਦਰ ਦੇਂਦਾ ਹੈ, ਜਿਹੜਾ ਕੇਵਲ ਸਦਾਚਾਰ ਅਤੇ ਪਵਿੱਤ੍ਰਤਾ ਦਾ ਹੀ ਹੱਕ ਹੋ ਸਕਦਾ ਹੈ।]

ਵੇਖੋ ! ਉਪਰੋਕਤ ਸੰਖੇਪ, ਪਰੰਤੂ ਅਮੋਲਕ ਹਵਾਲਾ ਕਿਵੇਂ ਇਕ ਸਾਧਕ ਗੁਰਸਿਖ ਨੂੰ ਇਸ ਗੌਰਵਤਾ ਨਾਲ ਭਰ ਦੇਂਦਾ ਹੈ ਕਿ ਉਸ ਦੇ

ਪਿਉ ਦਾਦੇ (ਗੁਰੂ) ਦਾ ਖਜ਼ਾਨਾ ਕਿਤਨਾ ਭਰਪੂਰ ਤੇ ਅਛੁੱਤੀ ਹੈ। ਉਹ ਕਿਵੇਂ ਸਤਿਗੁਰਾਂ ਦੀ ਅਮਰ ਤੇ ਸਦਾ ਸੁਖਦਾਈ ਸਿੱਖਿਆ ਉੱਤੇ ਮਾਣ ਤੇ ਦਾਅਵਾ ਕਰ ਸਕਦਾ ਹੈ ਕਿ ਆਖ਼ਰ ਪੂਰਬ ਤੇ ਪੱਛਮ ਨਿਰੰਕਾਰੀ ਬਾਬੇ ਦੀ, ਸੱਚ ਸਮਾਨਤਾ ਤੇ ਸੱਚੇ ਆਚਾਰ ਉੱਤੇ ਆਧਾਰਤ ਸਿੱਖਿਆ ਵਿੱਚ ਹੀ ਕੁਲ ਮਖ਼ਲੂਕ ਦੀ ਨਜਾਤ ਸਮਝਦਾ ਹੈ। ਸੰਸਾਰ ਨੂੰ ਇਕ ਦਿਨ, ਧਾਰਮਕ, ਸਮਾਜਕ, ਰਾਜਨੀਤਕ ਤੇ ਆਰਥਕ ਖੇਤਰ ਵਿੱਚ ਗੁਰੂ ਬਾਬੇ ਦੀ ਅਭੁੱਲ ਤੇ ਅਮਰ ਅਗਵਾਈ ਮੰਨਣੀ ਹੀ ਪਵੇਗੀ।

ਮਨ, ਬਚ, ਕਰਮ ਦੀ ਪਵਿੱਤਰਤਾ ਦਾ, ਜਿਸ ਉਚਾਈ ਤੋਂ ਸਤਿਗੁਰਾਂ ਨੇ ਆਪਣਾ ਅਰਸ਼ੀ ਪੈਗ਼ਾਮ ਲੋਕਾਈ ਤਕ ਪਹੁੰਚਾਣ ਦਾ ਉਪਰਾਲਾ ਤੇ ਉਪਕਾਰ ਕੀਤਾ ਸੀ ਉਹ ਕੇਵਲ ਉਹਨਾਂ ਦਾ ਹੀ ਕਮਾਲ ਹੈ। ਐਸੇ ਬੇਲਾਗ, ਦਰਦ-ਮੰਦ ਅਤੇ ਪ੍ਰਭੂ-ਰੰਗ-ਰੱਤੇ ਕਾਮਲ ਮੁਰਸ਼ਦ ਦੇ ਅਮਰ ਉਪਦੇਸ਼ਾਂ ਤੋਂ ਕੋਰੇ ਰਹਿਣਾ ਮਾਨਵਤਾ ਲਈ ਵੱਡਾ ਦੁਖਾਂਤ (Tragedy) ਹੈ। ਪਰੰਤੂ, ਇਸ ਕੋਤਾਹੀ ਤੇ ਉਕਾਈ ਲਈ ਵੱਡੇ ਮੁਜਰਮ ਹਾਂ ਇਕ ਅਸੀਂ ਨਾਮ-ਧਰੀਕ ਸਿੱਖ, ਜੋ ਹੋਰਨਾਂ ਨਾਲ ਸਦੀਵੀ ਸੁਖ (ਅਨੰਦ) ਦੀ ਰਮਜ਼ ਸਾਂਝੀ ਕਰ ਕੇ, ਗੁਰੂ ਵਲੋਂ ਕ੍ਰਿਤੱਗ ਹੋਣ ਦੀ ਥਾਂ, ਧਨ, ਜੋਬਨ ਸਿਰੇ ਨੰਗਾਂ ਦੇ ਚੜ੍ਹੇ ਚੜ੍ਹ ਕੇ ਅਨੰਦ-ਵਿਆਹ* ਦੇ ਅਮਰ,

---

* (ੳ) ਅਨੰਦ-ਵਿਆਹ ਸਮੇਂ ਮਰਯਾਦਾ ਦੀ ਤਰਤੀਬ —੧. ਕੀਤਾ ਲੋੜੀਐ ਕੰਮੁ..., ੨. ਅਰਦਾਸ, ੩. ਹੁਕਮ, ੪. ਸਿੱਖਿਆ ਤੇ ਪ੍ਰਤੱਗਿਆ, ੫. ਪੱਲਾ ਫੜਾਉਣ, ੬. ਲਾਵਾਂ ਤੇ ਅਨੰਦ ਦਾ ਪਾਠ, ੭. ਸਮੇਂ ਦੇ ਇਕ ਦੋ ਸ਼ਬਦ, ੮. ਅਰਦਾਸ, ੯. ਹੁਕਮ।

(ਅ) ਵਿਆਹ ਸਮੇਂ ਦਾਜ ਦੇ ਵਿਖਾਵੇ ਦੇ ਅਡੰਬਰ ਬਾਰੇ ਗੁਰੂ ਜੀ ਦੀ ਸਖ਼ਤ ਚੇਤਾਵਨੀ ਹੈ—

ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ,
ਸੁ ਕੂੜੁ ਅਹੰਕਾਰੁ ਕਚੁ ਪਾਜੋ ॥ [ਸਿਰੀ ਰਾਗੁ ਮ: ੪, ਪੰਨਾ ੭੯

(ੲ) ਹਰ ਲਾਵ ਦੇ ਪਾਠ ਉਪ੍ਰੰਤ ਜੋੜੀ ਮੱਥਾ ਟੇਕ ਕੇ ਸਤਿਕਾਰ ਨਾਲ ਬੈਠੇ, ਜਾਂ ਸਤਿਕਾਰ ਨਾਲ ਸਿਰ ਝੁਕਾਉਣ ਉਪ੍ਰੰਤ ਹਥ ਜੋੜ ਕੇ ਖੜੀ ਰਹੇ ਅਤੇ ਚੌਥੀ ਲਾਵ ਉਪ੍ਰੰਤ ਮੱਥਾ ਟੇਕ ਕੇ ਬੈਠ ਜਾਵੇ।

ਅਨੰਦ-ਮਈ ਤੇ ਅਧਿਆਤਮਕ ਪੱਖ ਨੂੰ ਆਪ ਹੀ ਭੁਲਦੇ ਜਾ ਰਹੇ ਹਾਂ।

ਜੋਦੜੀ ਹੈ ਕਿ ਸੁਖਦੇ 'ਗੁਰੂ ਬਾਬਾ ਜੀ', ਮੇਹਰਾਂ ਦੇ ਘਰ ਆ ਕੇ ਫਿਰ ਆਪ ਹੀ ਬਹੁੜੀ ਕਰਨ!

ਲਾਵਾਂ

ਸੂਹੀ ਮਹਲਾ ੪ (੭੭੩)

ਹਰਿ ਪਹਿਲੜੀ ਲਾਵ, ਪਰਵਿਰਤੀ ਕਰਮ, ਦ੍ਰਿੜਾਇਆ ਬਲਿਰਾਮ ਜੀਉ॥
ਬਾਣੀ ਬ੍ਰਹਮਾ ਵੇਦੁ, ਧਰਮੁ ਦ੍ਰਿੜਹੁ, ਪਾਪ ਤਜਾਇਆ ਬਲਿਰਾਮ ਜੀਉ ॥

ਧਰਮੁ ਦ੍ਰਿੜਹੁ, ਹਰਿਨਾਮੁ ਧਿਆਵਹੁ, ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ, ਸਭਿ ਕਿਲਵਿਖ ਪਾਪ ਗਵਾਇਆ ॥

ਸਹਜ ਅਨੰਦੁ ਹੋਆ ਵਡਭਾਗੀ, ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ, ਆਰੰਭੁ ਕਾਜੁ ਰਚਾਇਆ ॥੧॥

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿਰਾਮ ਜੀਉ ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿਰਾਮ ਜੀਉ ॥

ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥
ਹਰਿ ਆਤਮਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥

ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿਜਨ ਮੰਗਲ ਗਾਏ ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿਰਾਮ ਜੀਉ ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿਰਾਮ ਜੀਉ ॥

੨ ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥

੨ ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿਰਾਮ ਜੀਉ ॥
੧ ਗੁਰਮੁਖਿ ਮਿਲਿਆ ਸੁਭਾਇ
ਹਰਿ ਮਨਿ ਤਨਿ ਮੀਠਾ ਲਾਇਆ ਬਲਿਰਾਮ ਜੀਉ ॥

੨ ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿਨਾਮਿ ਵਜੀ ਵਾਧਾਈ ॥

੨ ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥

ਸਫਲ ਸੇਵਾ ਤੇ ਪਰਮ ਸੇਵਕ

ਸੇਵਾ ਤੇ ਸਿਮਰਨ ਨਾ ਕੇਵਲ ਸਿੱਖੀ ਮਹਲ ਦੇ ਦੋ ਵੱਡੇ ਥੰਮ ਹੀ ਹਨ; ਸਗੋਂ ਇਕ ਦੂਜੇ ਨਾਲ ਡਾਢੇ ਸੰਬੰਧਤ ਤੇ ਅਨਿੱਖੜਵੇਂ ਵੀ। ਸਿਮਰਨ ਅਥਵਾ ਰੱਬ ਦੀ ਬੰਦਗੀ ਲਈ ਲਾਜ਼ਮੀ ਹੈ ਕਿ ਹਉਮੈ-ਅਭਾਵ, ਹਲੀਮ ਤੇ ਦਰਦ-ਮੰਦ ਦਿਲ ਵਾਲੇ ਸੇਵਕ, ਮੁਰੀਦ ਅਥਵਾ ਖ਼ਾਦਮ ਬਣਿਆ ਜਾਵੇ। ਅਤੇ ਅਨਿੰਨ ਸੇਵਕ ਜਾਂ ਸਿੱਖ, ਜੋ ਸਾਧਕ ਤੇ ਸਫਲ ਸੇਵਕ ਦਾ ਹੀ ਦੂਜਾ ਨਾਮ ਹੈ, ਬਣਨ ਲਈ ਜ਼ਰੂਰੀ ਹੈ ਕਿ ਨਾਮ-ਸਿਮਰਨ ਤੇ ਸੁਰਤ-ਸ਼ਬਦ ਦੇ ਅਭਿਆਸ ਦੁਆਰਾ ਰੱਬੀ ਗੁਣਾਂ ਵਿਚ ਰੰਗੀਜ ਕੇ, "ਹਰਿ ਕਾ ਸੇਵਕੁ ਸੋ ਹਰਿ ਜੇਹਾ" (ਪੰ. ੧੦੭੬) ਦੇ ਗੁਰ-ਵਾਕ ਨੂੰ ਸੱਤਿ ਕਰ ਵਿਖਾਇਆ ਜਾਵੇ। ਇਹੀ ਕਾਰਨ ਹੈ ਕਿ ਸਫਲ ਸੇਵਾ ਤੇ ਨਿਪੁੰਨ ਸੇਵਕ ਦੀ ਮੰਜ਼ਲ ਨੂੰ ਡਾਢਾ ਬਿਖਮ ਤੇ ਗਾਖੜਾ ਕਰਕੇ ਮੰਨਿਆ ਤੇ ਵਿਖਾਨਿਆ ਗਿਆ ਹੈ। ਤੀਜੇ ਗੁਰਦੇਵ ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਹਕੀਕਤ ਨੂੰ ਇਉਂ ਸਪਸ਼ਟ ਕਰਨ ਦਾ ਉਪਕਾਰ ਕੀਤਾ ਹੈ:

(ੳ) ਹਸਤੀ ਸਿਰਿ ਜਿਉ ਅੰਕਸੁ ਹੈ, ਅਹਰਣਿ ਜਿਉ ਸਿਰੁ ਦੇਇ ॥
ਤਨੁ ਮਨੁ ਆਗੈ ਰਾਖਿ ਕੈ, ਊਭੀ ਸੇਵ ਕਰੇਇ ॥ (ਪੰ. ੬੪੮)

(ਅ) ਸਤਿਗੁਰ ਕੀ ਸੇਵਾ ਗਾਖੜੀ, ਸਿਰੁ ਦੀਜੈ ਆਪੁ ਗਵਾਇ ॥
ਸਬਦਿ ਮਰਹਿ, ਫਿਰਿ ਨ ਮਰਹਿ, ਤਾ ਸੇਵਾ ਪਵੈ ਸਭ ਥਾਇ ॥
(ਪੰ. ੬੪੯)

ਉਪਰੋਕਤ ਗੁਰਵਾਕਾਂ ਵਿਚ ਸੇਵਕ ਦਾ, ਅਹਿਰਣ ਸਮਾਨ, ਸਹਜ, ਸੰਜਮ ਤੇ ਸ਼ੁਕਰ ਦੇ ਵਦਾਨ ਦੀਆਂ ਸੱਟਾਂ ਅੱਗੇ ਸਿਰ ਦੇਣਾ, "ਮੈਂ" ਦਾ ਪੂਰਨ ਅਭਾਵ ਕਰਕੇ ਤਨ, ਮਨ ਅਥਵਾ ਆਪੇ ਨੂੰ, ਸਤਿ ਪੁਰਖ ਨੂੰ ਜਾਨਣ ਵਾਲੇ ਗੁਰੂ ਜਾਂ ਸਤਿ ਪੁਰਖ ਵਾਹਿਗੁਰੂ ਅੱਗੇ ਸਮਰਪਨ ਕਰਨਾ"

ਅਤੇ ਪੂਰਨ ਤੌਰ ਉੱਤੇ ਸਾਵਧਾਨ ਤੇ ਸੁਚੇਤ ਹੋ ਕੇ ਸੇਵਾ ਨਿਭਾਉਣੀ, ਖ਼ਾਸ ਤੌਰ ਉੱਤੇ ਨੋਟ ਕਰਨ ਵਾਲੇ ਤੱਥ ਹਨ। ਜੇ ਸੇਵਾ ਕਰਦਿਆਂ ਇਹ ਨਜ਼ਰੋਂ ਓਹਲੇ ਹੋ ਜਾਣ ਤਾਂ ਸੇਵਾ ਜਗਿਆਸੂ ਨੂੰ ਮਿਥੀ ਅਧਿਆਤਮਕ ਮੰਜ਼ਲ ਉੱਤੇ ਪਹੁੰਚਾਣ ਦੀ ਥਾਂ, ਉਸ ਤੋਂ ਦੂਰ ਲਿਜਾ ਸਕਦੀ ਹੈ।

ਨਿਰਮਲ ਸੇਵਾ, ਅਥਵਾ ਖ਼ੁਦਾਈ ਖ਼ਿਦਮਤ ਦੀ ਵਿਆਪਕਤਾ ਦਾ ਇਹ ਆਲਮ ਹੈ ਕਿ ਇਸ ਨੂੰ ਹਰ ਮਜ਼ਹਬ ਜਾਂ ਮੱਤ ਨੇ ਕਿਸੇ ਨਾ ਕਿਸੇ ਰੂਪ, ਰੰਗ ਜਾਂ ਮਿਕਦਾਰ ਵਿਚ ਸਵੀਕਾਰਿਆ ਤੇ ਪ੍ਰਭੂ-ਪ੍ਰਾਪਤੀ ਦੇ ਮਾਰਗ-ਗਮਨ ਲਈ ਲਾਜ਼ਿਮ ਕਰਾਰ ਦਿੱਤਾ ਹੈ। ਪਰ, ਜੋ ਵਿਆਪਕਤਾ, ਸਵੀਕਾਰਤਾ ਤੇ ਰੁਤਬਾ ਇਸ ਨੂੰ ਸਿੱਖ-ਧਰਮ ਵਿਚ ਪ੍ਰਾਪਤ ਹੈ, ਅਤੇ ਜੋ ਸਿਖਰਾਂ ਇਸ ਨੇ ਗੁਰਮਤਿ-ਮਾਰਗ ਵਿਚ ਛੋਹੀਆਂ ਹਨ, ਉਹਨਾਂ ਦੀ ਕਥਾ ਅਕੱਥ ਹੈ, ਨਿਆਰੀ ਹੈ। ਸਿੱਖ ਸਤਿਗੁਰੂਆਂ ਨੇ ਨਾ ਕੇਵਲ ਸਿੱਖ ਨੂੰ ਵਿਸ਼ਵ ਦਾ ਸਮ-ਦ੍ਰਿਸ਼ਟਾ ਸੇਵਕ ਬਣਨ ਦੀ ਭਰਪੂਰ ਤਾਕੀਦ ਹੀ ਕੀਤੀ ਹੈ; ਸਗੋਂ, ਆਪ, ਢਾਈ ਕੁ ਸੌ ਸਾਲ ਦੇ ਲੰਮੇ ਗੁਰੂ-ਕਾਲ ਵਿਚ ਸਫਲ, ਸੁਖਦਾਈ ਤੇ ਆਦਰਸ਼ਕ ਸੇਵਾ ਕਰਨ ਤੇ ਅਨਿੰਨ ਸੇਵਕ ਬਣਨ ਦੇ ਅਲੌਕਿਕ ਪੂਰਨੇ ਵੀ ਪਾਏ ਹਨ।

ਪਹਿਲਾਂ ਆਦਿ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਹੀ ਲੈ ਲਵੋ। ਆਪ ਜੀ ਨੇ ਤਨ, ਮਨ ਤੇ ਧਨ ਕਰਕੇ ਸਾਰਾ ਜੀਵਨ ਹੀ ਮਨੁੱਖ ਮਾਤ੍ਰ ਦੀ ਸੇਵਾ ਲਈ ਅਰਪਣ ਕਰੀ ਰੱਖਿਆ। ਵੱਡੇ ਜਫ਼ਰ ਜਾਲ ਕੇ ਦੇਸ ਪ੍ਰਦੇਸ ਘੁੰਮੇ ਅਤੇ ਅਨਿਆਈ ਰਾਜਿਆਂ, ਕੰਜੂਸ ਪੂੰਜੀ-ਪਤੀਆਂ, ਕਠੋਰ ਕਰਮ-ਕਾਂਡੀਆਂ, ਪਾਖੰਡੀ ਪੁਜਾਰੀਆਂ, ਮੁਤਅੱਸਬੀ ਮੌਲਾਣਿਆਂ, ਜੁਗਤ-ਹੀਨ ਜੋਗੀਆਂ, ਨਾਮੀ ਚੋਰਾਂ, ਠੱਗਾਂ, ਰਾਖਸ਼ਾਂ ਅਤੇ ਹੋਰ ਬੇ-ਪਨਾਹ ਆਤੁਰ ਮਖ਼ਲੂਕ ਦੇ ਰੋਗੀ ਮਨਾਂ ਨੂੰ ਸ਼ਾਂਤ ਕਰਨ ਦਾ ਉਪਕਾਰ ਕੀਤਾ, ਅਥਵਾ ਸਿੱਧੇ ਰਾਹ ਪਾਉਣ ਦੀ ਪਰਮ ਸੇਵਾ ਕੀਤੀ। ਆਪ ਜੀ ਦੇ ਬਚਪਨ ਦੀ ਸਾਖੀ ਹੀ ਲਵੋ :

ਪਿਤਾ ਜੀ ਨੇ ਕੋਈ ਲਾਹੇਵੰਦ ਵਿਹਾਰ ਕਰਨ ਲਈ ਆਪ ਜੀ ਨੂੰ, ਕੁਝ ਮਾਇਆ ਦਿੱਤੀ। ਪਿਤਾ-ਆਗਿਆ ਦਾ ਪਾਲਣ ਕਰਦੇ ਹੋਏ

ਬਾਲਕ ਗੁਰੂ ਜੀ, ਇਕ ਸਾਥੀ ਸਮੇਤ, ਨਾਲ ਦੇ ਨਗਰ, ਚੂਹੜਕਾਣੇ, ਸੌਦਾ ਸੂਤ ਖਰੀਦਣ ਗਏ। ਕੀ ਵੇਖਦੇ ਹਨ ਕਿ ਕਸਬੇ ਦੇ ਬਾਹਰਵਾਰ ਸਾਧੂਆਂ ਦਾ ਕਈ ਦਿਨਾਂ ਤੋਂ ਭੁੱਖਾ-ਟੋਲਾ ਹੈ। ਉਹਨਾਂ ਦਾ ਵਰਤ ਸੀ ਕਿ ਜੇ ਕੋਈ ਅੰਨ ਛਕਾ ਦੇਵੇਗਾ ਤਾਂ ਉਹ ਛਕ ਲੈਣਗੇ, ਵਰਨਾ, ਪ੍ਰਭੂ-ਰਜ਼ਾ ਵਿਚ ਬ-ਦਸਤੂਰ, ਸਬਰ-ਸ਼ੁਕਰ ਤੇ ਰੱਬ ਰੱਬ ਕਰਦੇ ਰਹਿਣਗੇ। ਗੁਰੂ ਜੀ ਨੂੰ ਐਸੇ ਸੰਤੋਖੀ, "ਰਾਜ਼ੀ ਬਰ ਰਜ਼ਾ" ਤੇ ਤਥਾਗਤ ਵਿਚਰਨ ਵਾਲੇ ਭੁੱਖੇ ਸਾਧੂਆਂ ਨੂੰ ਪ੍ਰਸ਼ਾਦ ਛਕਾਉਣਾ ਹੀ ਸਭ ਤੋਂ ਲਾਹੇਵੰਦ ਸੌਦਾ ਜਾਪਿਆ। ਸਾਥੀ ਦੇ ਐਸਾ ਕਰਨ ਤੋਂ ਰੋਕਣ ਅਤੇ ਪਿਤਾ ਕਾਲੂ ਜੀ ਦੀ ਖ਼ਫ਼ਗੀ ਯਾਦ ਕਰਾਉਣ ਦੇ ਬਾਵਜੂਦ ਵੀ, ਕਿਸੇ ਅਰਸ਼ੀ ਪ੍ਰੇਰਨਾ ਅਧੀਨ, ਗੁਰੂ ਜੀ ਨੇ ਨਗਰੋਂ ਅੰਨ ਪਾਣੀ ਖਰੀਦ ਲਿਆਂਦਾ ਤੇ ਉਹਨਾਂ ਲੋੜਵੰਦ ਲੋਕਾਂ ਨੂੰ ਛਕਾ ਕੇ ਇਕ ਅਨੂਠਾ ਤੇ ਅਗੰਮੀ ਸਰੂਰ ਮਾਣਿਆ। ਘਰ ਪਰਤੇ ਤਾਂ ਪਿਤਾ ਜੀ ਬੜੇ ਨਾਰਾਜ਼ ਹੋਏ ਅਤੇ ਗੁੱਸੇ ਵਿਚ ਆ ਕੇ ਇਕ-ਅੱਧ ਚਪੇੜ ਵੀ ਮਾਰੀ। ਪਰ ਨਿਰੰਕਾਰੀ ਗੁਰੂ ਜੀ ਨੇ ਅੱਗੋਂ, ਕਿਸੇ ਪ੍ਰਕਾਰ ਦਾ ਰੋਸ ਕਰਨ ਦੀ ਥਾਂ, ਭੋਲੇ ਭਾ ਕੇਵਲ ਇਤਨਾ ਹੀ ਕਿਹਾ, "ਪਿਤਾ ਜੀ, ਆਪ ਜੀ ਨੇ ਹੀ ਤਾਂ ਕਿਹਾ ਸੀ ਕਿ ਨਫ਼ੇ ਵਾਲਾ ਵਾਪਾਰ ਕਰਨਾ ਹੈ। ਭਲਾ ਦੱਸੋ, ਭੁੱਖਿਆਂ ਤੇ ਲੋੜਵੰਦਾਂ ਨੂੰ ਅੰਨ ਛਕਾਉਣਾ ਤੇ ਉਹਨਾਂ ਦੀ ਤ੍ਰਿਪਤੀ ਕਰਨ ਨਾਲੋਂ ਹੋਰ ਕਿਹੜਾ ਵਾਪਾਰ ਵਧੇਰੇ ਲਾਹੇਵੰਦਾ ਹੈ?" ਪਿਤਾ ਜੀ, ਅਵਾਕ ਰਹਿ ਗਏ ਅਤੇ ਭੈਣ ਨਾਨਕੀ ਨੇ ਛੋਟੇ ਵੀਰ ਦੀ ਸੇਵਾ-ਭਾਵਨਾ ਭਰੀ ਰਮਜ਼ ਨੂੰ ਸਮਝਿਆ ਤੇ ਘੁੱਟ ਕੇ ਪਿਆਰ ਤੇ ਨਿੱਘ ਭਰਪੂਰ ਜੱਫੀ ਵਿਚ ਲੈ ਲਿਆ। ਬਾਅਦ ਵਿਚ ਲੋੜਵੰਦਾਂ ਨੂੰ ਭੋਜਨ ਛਕਾਉਣ ਦੀ ਇਹੀ ਸੇਵਾ-ਭਾਵਨਾ, "ਗੁਰੂ ਕੇ ਲੰਗਰ" ਵਿਚ ਬਦਲ ਗਈ, ਜੋ ਸਿੱਖ ਧਰਮ ਦਾ ਇਕ ਨਰੋਆ ਤੇ ਅਹਿਮ ਅੰਗ ਹੈ।

ਇਹ ਤਾਂ ਹੈ ਗੁਰੂ ਜੀ ਦੇ ਬਾਲਪੁਣੇ ਦੀ ਸਾਖੀ, ਜਦ ਗਭਰੂ ਹੋ ਕੇ ਸੁਲਤਾਨਪੁਰ ਵਿਖੇ ਨਵਾਬ ਦੌਲਤ ਖਾਂ ਦੇ ਮੋਦੀਖਾਨੇ ਨੂੰ ਸੰਭਾਲਿਆ ਤਾਂ ਸੇਵਾ-ਭਾਵ ਵਿਚ ਰੱਤਿਆਂ ਨੂੰ ਸੌਦਾ ਤੋਲਣ ਵੇਲੇ "ਤੇਰਾ, ਤੇਰਾ"

ਦੀ ਰੱਟ ਤੇ ਬੇਖੁਦੀ ਵਿਚ "ਤੇਰਾਂ ਦੀ ਧਾਰਨਾਂ" ਤੋਂ ਅੱਗੇ ਗਿਣਤੀ ਕਰਨਾ ਮੁਹਾਲ ਹੋ ਗਿਆ। ਉਦਾਸੀਆਂ ਉਪਰੰਤ, ਆਪ ਦੇ ਪਿਛਲੇ ਅਠਾਰਾਂ ਸਾਲ, ਸ੍ਰੀ ਕਰਤਾਰਪੁਰ (ਰਾਵੀ) ਵਿਚ ਖੇਤੀਬਾੜੀ ਦੀ ਸਾਰੀ ਉਪਜ ਤੇ ਸੇਵਕਾਂ ਵਲੋਂ ਆਈ ਮਾਇਆ ਆਦਿ ਨੂੰ ਗੁਰੂ ਕੇ ਲੰਗਰ (Community kitchen) ਤੇ ਹੋਰ ਲੋਕ-ਭਲਾਈ ਦੇ ਕੰਮਾਂ ਵਿਚ ਖਰਚ ਕਰਨ ਦੀ ਸੇਵਾ ਦਾ ਵੱਲ ਸਿਖਾਇਆ।

(2)

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਦੇਸ ਪ੍ਰਦੇਸ ਕੀਤੀਆਂ ਉਦਾ-ਸੀਆਂ ਵਿਚ ਵਿਸ਼ੇਸ਼ ਕਰਕੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਆਪ ਜੀ ਜਦ ਵੀ ਕਿਸੇ ਮਾਇਆ-ਧਾਰੀ ਜਾਂ ਧਨ ਕੁਬੇਰ ਪਾਸ ਪਹੁੰਚੇ ਤਾਂ ਗੁਰਮਤਿ ਦਾ ਧਾਰਨੀ ਬਨਾਉਣ ਤੋਂ ਪਹਿਲਾਂ ਉਸ ਲਈ ਪਹਿਲਾ ਆਦੇਸ਼ ਇਹ ਹੁੰਦਾ ਸੀ ਕਿ ਉਹ ਪਾਪ, ਜ਼ੋਰ, ਜ਼ੁਲਮ ਨਾਲ ਦੂਜਿਆਂ ਦਾ ਹੱਕ ਮਾਰ ਕੇ ਇਕੱਤਰ ਕੀਤੇ ਧਨ ਆਦਿ ਨੂੰ ਗਰੀਬਾਂ ਤੇ ਲੋੜਵੰਦਾਂ ਵਿਚ ਵੰਡ ਦੇਵੇ ਅਤੇ ਅੱਗੋਂ ਲਈ ਧਰਮ ਦੀ ਕਿਰਤ ਕਰਨ ਤੇ ਵੰਡ ਛਕਣ ਦੀ ਪਰਮ ਸੇਵਾ ਵਿਚ ਤੱਤਪਰ ਰਹਿਣ ਦਾ ਵਚਨ ਦੇਵੇ। ਇਸ ਤਰ੍ਹਾਂ ਗੁਰੂ ਨਾਨਕ ਨਿਰੰਕਾਰੀ ਨੇ, ਜੀਵਨ-ਪ੍ਰਯੰਤ ਮਨੁੱਖ ਅੰਦਰ ਦੇਵੀ ਜੋਤ ਜਗਾਉਣ ਹਿਤ ਤਨ, ਮਨ ਤੇ ਧਨ ਦੁਆਰਾ ਨਿਸ਼ਕਾਮ ਸੇਵਾ ਨੂੰ ਕਮਾਇਆ ਅਤੇ ਸਿਖਾਇਆ। ਗੁਰੂ-ਇਤਿਹਾਸ ਗਵਾਹ ਹੈ ਕਿ ਭਾਈ ਲਹਿਣੇ ਨੂੰ ਸ੍ਰੀ ਗੁਰੂ ਅੰਗਦ ਦੇਵ, ਅਮਰੂ ਨਿਥਾਵੇਂ ਨੂੰ ਨਿਥਾਂਵਿਆ ਦਾ ਥਾਨ, ਸ੍ਰੀ ਗੁਰੂ ਅਮਰਦਾਸ ਅਤੇ ਯਤੀਮ ਜੇਠਾ ਜੀ ਨੂੰ ਧੰਨ ਸ੍ਰੀ ਗੁਰੂ ਰਾਮਦਾਸ ਵਿਚ ਪ੍ਰੀਵਰਤਿਤ ਕਰ ਦੇਣਾ, ਆਪਾ-ਸਮਰਪਣ ਕਰਕੇ ਹਉਮੈ-ਰਹਿਤ ਹੋ, ਕੀਤੀ ਸੇਵਾ ਦਾ ਹੀ ਕਮਾਲ ਤੇ ਕ੍ਰਿਸ਼ਮਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ, ਸਫਲ ਸੇਵਾ ਤੇ ਚਾਕਰੀ ਦੁਆਰਾ, ਲਹਿਣੇ ਤੋਂ ਏਕਾ "ਜੋਤਿ ਤੇ ਜੁਗਤਿ" ਵਾਲੇ ਅੰਗਦ, ਦੂਜੇ ਨਾਨਕ ਹੋ ਜਾਣ ਉਪ੍ਰੰਤ ਆਪਣੇ ਤਜਰਬੇ ਨੂੰ, ਸਿੱਖਾਂ ਦੀ ਸੇਧ ਲਈ, 'ਵਾਰ-ਆਸਾ' ਦੇ ਅੰਤਲੇ ਸਲੋਕਾਂ ਵਿਚ ਇਉਂ ਅੰਕਿਤ ਕੀਤਾ ਹੈ :

ਨਿਸਫਲ ਸੇਵਾ ਤੇ ਅਸਫਲ ਸੇਵਕ :

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥
ਗਲਾਂ ਕਰੇ ਘਣੇਰੀਆ, ਖਸਮ ਨ ਪਾਏ ਸਾਦੁ ॥

ਸਫਲ ਸੇਵਾ ਤੇ ਸਫਲ ਸੇਵਕ :

ਆਪੁ ਗਵਾਇ ਸੇਵਾ ਕਰੇ, ਤਾ ਕਿਛੁ ਪਾਏ ਮਾਨੁ ॥
ਨਾਨਕ, ਜਿਸਨੋ ਲਗਾ, ਤਿਸੁ ਮਿਲੈ, ਲਗਾ ਸੋ ਪਰਵਾਨੁ ॥੧॥੨੨॥
ਪੰ. ੪੭੪

ਸਫਲ ਸੇਵਾ : ਸੇਵਕ ਦੀ ਸੇਵਾ ਦੁਆਰਾ ਪ੍ਰਾਪਤ ਕੀਤੀ ਆਖਰੀ ਮੰਜ਼ਲ ਹੈ, ਅਤੇ ਇਹ ਸਾਰੇ ਡਰ ਲਾਹ ਕੇ ਮਾਲਿਕ, ਸਾਹਿਬ ਨਾਲ ਇੱਕਮਿੱਕ, ਇਕ ਰੂਪ ਹੋ ਜਾਣਾ ਹੈ। ਆਪ ਜੀ ਦਾ ਵਾਰ ਆਸਾ ਵਿਚ ਫੁਰਮਾਨ ਹੈ :

ਓਹ ਕਿਨੇਹੀ ਚਾਕਰੀ, ਜਿਤੁ ਭਉ ਖਸਮ ਨ ਜਾਇ ॥
ਨਾਨਕ, ਸੇਵਕੁ ਕਾਢੀਐ, ਜਿ ਸੇਤੀ ਖਸਮ ਸਮਾਇ ॥੨॥੨੩॥ ਪੰ. ੪੭੫

ਏਸ ਤਰ੍ਹਾਂ ਤੀਜੇ, ਚੌਥੇ ਤੇ ਪੰਜਵੇਂ ਗੁਰੂ ਸਾਹਿਬਾਨ ਵਲੋਂ ਸੇਵਾ ਸੰਬੰਧੀ ਆਪਣੇ ਤਜਰਬੇ ਅਥਵਾ ਪੂਰਨ ਸੇਵਕ ਸੰਬੰਧੀ ਪ੍ਰਗਟਾਏ ਵੀਚਾਰ, ਅੱਗੇ ਥਾਂ ਪਰ ਥਾਂ, ਅੰਕਿਤ ਕੀਤੇ ਗਏ ਹਨ।

ਸਿਆਣਿਆਂ ਦਾ ਕੀਮਤੀ ਕਥਨ ਹੈ।

"ਹਰ ਕਿ ਖਿਦਮਤ ਕਰਦ, ਓ ਮਖਦੂਮ ਸ਼ੁਦ।
ਹਰ ਕਿ ਖੁਦ 'ਰਾ ਦੀਦ, ਓ ਮਹਰੂਮ ਸ਼ੁਦ।"

ਇਸ ਦਾ ਭਾਵ ਹੈ ਕਿ ਜਿਸ ਨੇ ਮਨ, ਬਚਨ, ਕਰਮ ਕਰਕੇ ਨਿਸ਼ਕਾਮ ਸੇਵਾ ਕੀਤੀ, ਉਹ ਸਾਹਿਬ ਅਥਵਾ ਬਜ਼ੁਰਗ ਹੋ ਗਿਆ; ਪਰ ਜੋ ਪ੍ਰਗਟ ਤੌਰ ਉੱਤੇ ਖਿਦਮਤ ਕਰਦਾ ਜਾਂ ਨ ਕਰਦਾ ਹੋਇਆ ਮਾਨ, ਅਭਿਮਾਨ ਵਿਚ ਕੁੱਸਿਆ ਰਹਿਆ, ਉਹ ਟਿੱਬੇ ਦੇ ਮੀਂਹ ਪੈਣ ਵਾਂਗ ਖਾਲੀ ਦਾ ਖਾਲੀ ਹੀ ਰਹਿ ਗਿਆ।

ਸੇਵਾ ਕੀ ਹੈ ? ਕਿਸੇ ਦਾ ਤਨ, ਮਨ, ਧਨ ਕਰਕੇ ਸਰੀਰਕ, ਮਾਨਸਕ ਜਾਂ ਅਧਿਆਤਮਕ ਦੁਖ ਦਰਦ ਅਥਵਾ ਸੰਤਾਪ ਦੂਰ ਕਰਨਾ, ਉਸ ਨੂੰ ਰਾਹਤ ਪਹੁੰਚਾਉਣੀ। ਗੁਰੂ ਸਾਹਿਬਾਨ ਦੀ ਤਾਕੀਦ ਹੈ ਕਿ ਸਿੱਖ ਆਪਣਾ ਵਿਗਾੜ ਕੇ ਵੀ ਦੂਜੇ ਦਾ ਸਵਾਰੇ। ਆਪਣਾ, ਕਿਸੇ ਨਾ ਕਿਸੇ ਸ਼ਕਲ ਵਿਚ, ਹਰਜ ਕੀਤੇ ਬਿਨਾ, ਦੂਜੇ ਦੀ ਸਹਾਇਤਾ ਕਰ ਸਕਣੀ ਕੋਈ ਸੌਖੀ ਗੱਲ ਨਹੀਂ। ਸੇਵਾ, ਕੁਰਬਾਨੀ ਮੰਗਦੀ ਹੈ, ਤਿਆਗ ਦਾ ਤਕਾਜ਼ਾ ਕਰਦੀ ਹੈ ਅਤੇ ਲੋਭੀ, ਸਵਾਰਥੀ, ਕਿਰਪਨ ਲਈ ਇਹ ਗੱਲਾਂ ਨਾ-ਮੁਮਕਿਨ ਹੈ। ਸਫਲ ਸੇਵਾ ਪ੍ਰੇਮ ਤੇ ਪ੍ਰਾਰਥਨਾ-ਭਰਪੂਰ ਹਿਰਦੇ ਦੀ ਮੁਤਾਬਕ ਉਪਜ ਹੈ। ਜਿਵੇਂ ਪ੍ਰੇਮ ਬੇ-ਸ਼ਰਤ ਹੈ, ਤਿਵੇਂ ਸੇਵਾ ਦਾ ਖੇਤਰ ਵੀ ਉਤਨਾ ਹੀ ਬੇ-ਗਰਜ਼ ਤੇ ਮਾਨਵੀ ਹੈ। ਜਿਵੇਂ ਵਲਗਣ ਵਿਚ ਬੱਧਾ ਤੇ ਘਿਰਿਆ ਪ੍ਰੇਮ, ਮੋਹ ਦਾ ਬੰਧਨ ਬਣ ਜਾਂਦਾ ਹੈ, ਤਿਵੇਂ ਹੀ ਸੀਮਿਤ ਸੇਵਾ ਸਵਾਰਥ, ਮੋਹ, ਤੇ ਮਾਨ ਦਾ ਕਰੂਪ ਰੂਪ ਧਾਰ ਲੈਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਪਸ਼ਟ ਫੁਰਮਾਨ ਹੈ ਕਿ ਭਾਵੇਂ ਸਾਰੇ ਜੀਵ ਹੀ ਵਾਹਿਗੁਰੂ ਦੇ ਹਨ, ਅਤੇ ਉਹ ਸਾਰਿਆਂ ਦੀ ਹੀ ਸਾਰ ਲੈਂਦਾ ਹੈ, ਪਰ ਉਸਦਾ ਨਾਲ ਹੀ ਇਹ ਨੇਮ ਵੀ ਵਰਤਦਾ ਹੈ ਕਿ ਸੇਵਾ ਤੋਂ ਹੀ ਮੇਵਾ ਪ੍ਰਾਪਤ ਹੁੰਦਾ ਹੈ, ਅਤੇ ਸੇਵਾ ਉਸੇ ਸੇਵਕ ਦੀ, ਫਲ-ਪਰਦਾਤੀ ਹੁੰਦੀ ਹੈ, ਜੋ ਸੇਵਾ ਨੂੰ ਨਿਮਰ ਤੇ ਨਿਸ਼ਕਾਮ ਸਿਰੰਜਾਮ ਦਿੰਦਾ ਹੈ :

ਜੇਤੇ ਜੀਅ ਤੇਤੇ ਸਭਿ ਤੇਰੇ, ਵਿਣੁ ਸੇਵਾ ਫਲੁ ਕਿਸੈ ਨਾਹੀ ॥੪॥੧੯॥
ਪੰ. ੩੫੪

(3)

ਗੁਰਬਾਣੀ ਵਿਚ ਕਈ ਥਾਈਂ ਜਿੱਥੇ ਸਫਲ ਸੇਵਾ ਦੀ ਰੀਤ ਤੇ ਸਿਰੰਜਾਮਤਾ ਲਈ ਮੇਹਰਵਾਨ ਪ੍ਰਭੂ ਦੀ ਮੇਹਰ ਦਾ ਪਾਤਰ ਹੋਣ ਦੀ ਲੋੜ ਦਾ ਜ਼ਿਕਰ ਹੈ, ਉਥੇ "ਹਰਿ ਕੀ ਸੇਵਾ", 'ਗੁਰ ਕੀ ਸੇਵਾ", "ਗੁਰ ਕੀ ਸੇਵਾ ਸਬਦੁ ਵੀਚਾਰ" ਆਦਿ ਵਾਕਾਂ ਦਾ ਉਲੇਖ ਹੈ; ਜਿਵੇਂ :

(ੳ) ਨਿਹਕਪਟ ਸੇਵਾ ਕੀਜੈ ਹਰਿ ਕੇਰੀ,
ਤਾਂ ਮੇਰੇ ਮਨ ਸਰਬ ਸੁਖ ਪਾਈਐ ॥੩॥ ਪੰ. ੮੬੧

(ਅ) ਹਰਿ ਕੀ ਟਹਲ ਕਮਾਵਣੀ,
ਜਪੀਐ ਪ੍ਰਭ ਕਾ ਨਾਮੁ ॥ ਪੰ. ੩੦੪

(ੲ) ਸਤਿਗੁਰ ਕੀ ਸੇਵਾ ਸੋ ਕਰੇ,
ਜਿਸੁ ਬਿਨਸੈ ਹਉਮੈ ਤਾਪੁ ॥ ਪੰ. ੬੫

(ਸ) ਸਤਿਗੁਰ ਕੀ ਸੇਵਾ ਸੋ ਕਰੇ,
ਜਿਸ ਨੋ ਆਪਿ ਕਰਾਏ ਸੋਇ ॥ ਪੰ. ੯੮

(ਹ) ਸਤਿਗੁਰ ਕੀ ਸੇਵਾ ਸਫਲ ਹੈ,
ਜੇ ਕੋ ਕਰੇ ਚਿਤੁ ਲਾਇ ॥ ਪੰ: ੫੫੨

(ਕ) ਗੁਰ ਕੀ ਸੇਵਾ, ਗੁਰ ਭਗਤਿ ਹੈ,
ਵਿਰਲਾ ਪਾਏ ਕੋਇ ॥ ਪੰ: ੬੬

(ਖ) ਗੁਰ ਕੀ ਸੇਵਾ ਸਬਦੁ ਵੀਚਾਰੁ ॥
ਹਉਮੈ ਮਾਰੇ ਕਰਣੀ ਸਾਰ ॥ ਪੰ. ੨੨੩

ਇਕ ਸਲੋਕ ਕਬੀਰ ਜੀ ਦਾ ਵੀ ਸ਼ਾਮਿਲ ਕਰ ਲਈਏ :

ਕਬੀਰ ਜਾ ਘਰ ਸਾਧ ਨ ਸੇਵੀਅਹਿ,
ਹਰਿ ਕੀ ਸੇਵਾ ਨਾਹਿ ॥
ਤੇ ਘਰ ਮਰਹਟ ਸਾਰਖੇ,
ਭੂਤ ਬਸਹਿ ਤਿਨ ਮਾਹਿ ॥੧੯੨॥ ਪੰ. ੧੩੭੪

ਉਪ੍ਰੋਕਤ ਵਾਕਾਂ ਵਿਚ ਸਪਸ਼ਟ ਸੰਕੇਤ ਹਨ ਕਿ :

(ੳ) ਨਿਸ਼ਕਪਟ ਹੋ ਕੇ, ਸਰਲ ਤੇ ਸਮਰਪਣ ਭਾਵ ਅਧੀਨ ਪ੍ਰਭੂ ਦੀ ਸੇਵਾ ਕਰਨ ਨਾਲ ਸਾਰੇ ਸੁਖ ਪ੍ਰਾਪਤ ਹੁੰਦੇ ਹਨ। ਜਿਸ ਘਰ ਵਿਚ ਹਰੀ ਦੀ ਸੇਵਾ ਨਹੀਂ ਹੁੰਦੀ, ਉਹ ਘਰ ਮੜ੍ਹੀਆਂ-ਮਸਾਣਾਂ ਸਮਾਨ ਹੈ।

(ਅ) ਗੁਰ ਭਗਤੀ ਤੇ ਗੁਰ ਸ਼ਬਦ ਦੀ ਵੀਚਾਰ ਹੀ ਸਤਿਗੁਰੂ ਤੇ ਹਰੀ ਦੀ ਸਫਲ ਸੇਵਾ ਹੈ, ਅਤੇ ਇਹ ਸੇਵਾ ਖੁਦੀ ਅਥਵਾ ਹਉਮੈ ਦਾ ਅਭਾਵ ਕਰਕੇ ਹੀ ਕਮਾਈ ਜਾ ਸਕਦੀ ਹੈ।

ਵੀਚਾਰ : ਗੁਰਮਤਿ ਵਿਚ ਪਰਮਾਤਮਾ ਦੇ ਦੋ ਸਰੂਪ ਮੰਨੇ ਗਏ ਹਨ :

ਇਕ ਨਿਰਗੁਣ ਤੇ ਦੂਜਾ ਸਰਗੁਣ। ਨਿਰਗੁਣ ਅਥਵਾ ਸੂਖਮ ਸਰੂਪ ਵਿਚ ਉਸ ਦਾ ਕੋਈ ਰੂਪ, ਰੰਗ, ਰੇਖ ਅਥਵਾ ਆਕਾਰ ਨਹੀਂ। ਵਾਸਤਵ ਵਿਚ ਉਹ ਸਰੂਪ-ਰਹਿਤ ਹੈ ਅਤੇ ਇਹ ਸਾਡੀ ਬੋਲੀ ਤੇ ਬਿਆਨ ਦੀ ਮਜਬੂਰੀ ਹੈ ਕਿ ਅਸੀਂ ਉਸਦੀ ਤਿੰਨਾਂ ਗੁਣਾਂ ਤੋਂ ਭਿੰਨ ਅਵਸਥਾ ਨੂੰ ਐਸੇ ਸ਼ਬਦਾਂ ਤੇ ਖੁਰ ਜਾਣ ਵਾਲੇ ਅੱਖਰਾਂ ਰਾਹੀਂ ਪ੍ਰਗਟ ਕਰਦੇ ਹਾਂ। ਹਾਂ, ਸਰਗੁਣ ਸਰੂਪ ਵਿਚ ਉਹ ਕਾਦਰ, ਆਪਣੀ ਕੁਦਰਤ ਦੇ ਕਣ ਕਣ ਵਿਚ ਰਵਿਆ, ਅਥਵਾ ਵਿਆਪਕ ਹੈ। ਇਸ ਹਕੀਕਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ 'ਜਪੁਜੀ' ਦੀ ਉਨ੍ਹੀਵੀਂ ਪਉੜੀ ਤੇ ਸੋਹਿਲੇ ਦੇ ਤੀਜੇ ਸ਼ਬਦ ਵਿਚ ਇਉਂ ਪ੍ਰਗਟ ਕਰਦੇ ਹਨ :

(ੳ) ਜੇਤਾ ਕੀਤਾ, ਤੇਤਾ ਨਾਉ ॥
ਵਿਣੁ ਨਾਵੈ ਨਾਹੀ ਕੋ ਥਾਉ ॥੧੯॥ ਪੰ. ੪

(ਅ) ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ,
ਸਹਸ ਮੂਰਤਿ, ਨਨਾ ਏਕ ਤੁੋਹੀ ॥
ਸਹਸ ਪਦ ਬਿਮਲ, ਨਨ ਏਕ ਪਦ,
ਗੰਧ ਬਿਨੁ, ਸਹਸ ਤਵ ਗੰਧ,
ਇਵ ਚਲਤ ਮੋਹੀ ॥੨॥ ਪੰ. ੧੩

ਸੋ ਹਰੀ ਦੀ ਸੇਵਾ ਤੋਂ ਭਾਵ, ਉਸ ਦੇ ਸਰਗੁਣ ਸਰੂਪ, ਉਸ ਦੀ ਰਚਨਾ ਦੀ ਸੇਵਾ ਹੈ। ਉਸ ਨੂੰ ਪਿਆਰਨ, ਸਤਿਕਾਰਨ ਤੇ ਸੰਵਾਰਨ ਦੀ ਰੁਚੀ ਅਤੇ ਕੁਲ ਮਖ਼ਲੂਕ ਦਾ ਦੁਖ ਦਰਦ ਹਰਨ ਲਈ ਬੇਕਰਾਰੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਅਟੱਲ ਸਚਾਈ ਨੂੰ, ਸੰਖੇਪ ਵਿਚ ਇਉਂ ਪ੍ਰਗਟ ਕਰਦੇ ਹਨ :

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ, ਬਾਹ ਲੁਡਾਈਐ ॥੪॥੩੩॥ ਪੰ. ੨੬

ਅੰਗਰੇਜ਼ੀ ਤੇ ਫ਼ਾਰਸੀ ਵਿਚ ਏਸੇ ਸੱਚ ਨੂੰ ਇਉਂ ਬਿਆਨਿਆ

ਗਿਆ ਹੈ :

ਅੰਗਰੇਜ਼ੀ ਵਿਚ :—Service of humanity is Service of God.

(ਮਖ਼ਲੂਕ ਦੀ ਸੇਵਾ ਹੀ ਰੱਬ ਦੀ ਸੇਵਾ ਹੈ।)

ਫ਼ਾਰਸੀ ਵਿਚ :—"ਖ਼ਿਦਮਤਿ ਖ਼ਾਲਿਕ, ਬਜੁਜ਼
ਖ਼ਿਦਮਤਿ ਖ਼ਲਕ, ਨੇਸਤ।"

ਇਕ ਹੋਰ ਅਮੁੱਲ ਕਥਨ ਹੈ :

ਖ਼ਲਕ, ਖ਼ਾਲਿਕ ਦੀ ਜਾਨ ਕੇ, ਖ਼ਲਕ ਦੁਖਾਵੇਂ ਨਾਹਿੰ ॥
ਖ਼ਲਕ ਦੁਖੇ ਨੰਦ ਲਾਲ ਜੀ, ਖ਼ਾਲਿਕ ਕੰਪੇ ਤਾਹਿੰ ॥

ਵੀਚਾਰ-ਅਧੀਨ ਵਿਸ਼ੇ ਦਾ ਦੂਜਾ ਭਾਗ ਹੈ, ਕਿ ਗੁਰ-ਸ਼ਬਦ ਦਾ ਵੀਚਾਰ ਹੀ ਗੁਰੂ ਦੀ ਸੇਵਾ ਹੈ। ਦੂਜੇ ਸ਼ਬਦਾਂ ਵਿਚ ਗੁਰੂ ਦੀ ਭਗਤੀ ਹੀ ਗੁਰੂ ਦੀ ਸੇਵਾ ਹੈ। ਇਹ ਕਿਵੇਂ ?

ਗੁਰਮਤਿ ਵਿਚ 'ਸ਼ਬਦ' ਨੂੰ ਗੁਰੂ ਕਰਕੇ ਮੰਨਿਆ ਗਿਆ ਹੈ। ਇਸ ਨਾਤੇ ਹੀ ਗੁਰੂ ਸਦੀਵੀ ਨਿਹਚਲ ਤੇ ਥਿਰ ਹੋ ਸਕਦਾ ਹੈ। ਦੇਹਾਂ ਤਾਂ ਸਭ ਦੀਆਂ ਇਕ ਸਮਾਨ ਬਿਨਸਣਹਾਰ ਹਨ। "ਗੁਰ-ਸ਼ਬਦ ਦੀ ਵੀਚਾਰ ਹੀ ਸਫਲ ਸੇਵਾ ਹੈ" ਤੋਂ ਮੁਰਾਦ ਹੈ ਕਿ ਗੁਰੂ ਦੀ ਸਿੱਖਿਆ ਵੀਚਾਰੇ ਤੇ ਉਸ ਦੀ ਲੋਅ ਵਿਚ ਤੁਰੇ ਬਿਨਾਂ, ਗੁਰੂ ਦੇ ਭਉ, ਭਾਉ ਤੇ ਭਗਤੀ ਤੋਂ ਸਖਣਾ ਵਿਅਕਤੀ, ਸਫਲ ਤੇ ਨਿਸ਼ਕਾਮ ਸੇਵਾ ਕਰ ਹੀ ਨਹੀਂ ਸਕਦਾ। ਸਤਿਗੁਰੂ ਦੀ ਸਿੱਖਿਆ, ਉਪਦੇਸ਼, ਨਿਰਮਲ ਭਉ ਤੇ ਵੀਚਾਰ ਨੂੰ ਵਿਚੋਂ ਕੱਢ ਦਿਉ ਤਾਂ ਸੇਵਾ ਸਵਾਰਥ ਕਾਮਨਾ ਵਿਕਾਰ ਦਾ ਰੂਪ ਧਾਰ ਲਵੇਗੀ। "ਮਨ ਤੁਰਾ ਹਾਜੀ ਬਗੋਇਮ, ਤੂ ਮਰਾ ਮੁੱਲਾਂ ਬਗੋ" (ਮੈਂ ਤੈਨੂੰ ਹਾਜੀ ਆਖਦਾ ਹਾਂ, ਤੂੰ ਇਸ ਦੇ ਬਦਲੇ ਮੈਨੂੰ ਮੁੱਲਾਂ ਆਖ) ਦੇ ਅਖਾਣ ਅਨੁਸਾਰ ਅਗਿਆਨ ਮੁਲਾਹਜ਼ੇ ਦੀ ਰੁਚੀ ਅਧੀਨ ਕੀਤੀ ਸੇਵਾ, ਇਕ ਸੇਵੇਬਾਜ਼ੀ ਬਣ ਕੇ ਰਹਿ ਜਾਵੇਗੀ। ਸਹੀ ਗੱਲ ਤਾਂ ਇਹ ਹੈ ਕਿ ਅਨਿੰਨ ਸੇਵਕ ਇਕ ਐਸਾ "ਕਰਮਯੋਗੀ" ਹੈ, ਜਿਸ ਦਾ ਜ਼ਿਕਰ ਸ੍ਰੀ ਕ੍ਰਿਸ਼ਨ ਜੀ ਨੇ ਵੀ ਗੀਤਾ ਵਿਚ ਕੀਤਾ ਹੈ। ਅਜਿਹਾ ਕਰਮਯੋਗੀ ਸੇਵਕ

ਫਲਣ ਲਈ ਲਾਜ਼ਮੀ ਹੈ ਕਿ ਸੇਵਕ ਵਿਚ ਭਾਉ ਭਗਤੀ ਦੀ ਭਰਮਾਰ ਹੋਵੇ, ਅਤੇ ਉਹ ਗੁਰੂ-ਵੀਚਾਰ ਦੇ ਅੰਕੁਸ਼ ਹੇਠ ਤੁਰੇ। ਸਿੱਖ ਨੇ ਸੇਵਾ ਕਰਦਿਆਂ ਹਰ ਦਮ ਇਹ ਧਾਰਨਾ ਰਖਣੀ ਹੈ ਕਿ ਉਹ ਗੁਰੂ ਦੀ ਸੇਵਾ ਕਰ ਰਿਹਾ ਹੈ, ਕਿਸੇ ਵਿਅਕਤੀ ਦੀ ਨਹੀਂ। ਜਦੋਂ ਸਤਿਗੁਰੂ ਵਲੋਂ ਬਖਸ਼ੀਆਂ ਦਾਤਾਂ ਵਿਚੋਂ ਕਿਣਕਾ ਮਾਤਰ ਗੁਰੂ ਜੀ ਦੇ ਨਮਿਤ ਲਾਵੇਗਾ, ਤਾਂ ਅਹਿਸਾਨ ਕਾਹਦਾ ਤੇ ਕਿਸ ਉਤੇ ? ਫੇਰ ਕਿਸੇ ਪ੍ਰਕਾਰ ਦੀ ਹਉਂ ਦੀ ਭਾਵਨਾ ਪੈਦਾ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੋਵੇਗਾ। ਸਗੋਂ, ਉਹ ਸਤਿਗੁਰੂ ਦਾ ਸ਼ੁਕਰ-ਗੁਜ਼ਾਰ ਹੋਵੇਗਾ ਕਿ ਉਹਨਾਂ ਨੇ ਕਿਰਪਾ ਕਰਕੇ ਉਸ ਨੂੰ ਸੇਵਾ ਕਰਨ ਦੀ ਪ੍ਰੇਰਨਾ ਕੀਤੀ ਤੇ ਧੁਨ ਬਲ ਬਖਸ਼ਿਆ ਹੈ। ਉਹ ਸੁਖਮਨੀ ਸਾਹਿਬ ਵਿਚ ਦਿਤੀ ਇਸ ਚੇਤਾਵਨੀ ਨੂੰ ਹਰ ਦਮ ਕੰਠ ਪਰੋਈ ਰਖੇਗਾ :

ਜੇ ਕੋ ਹੋਇ ਬਹੈ ਦਾਤਾਰੁ ॥
ਤਿਸੁ ਦੇਨਹਾਰੁ ਜਾਨੈ ਗਾਵਾਰੁ ॥ ੨॥੧੫॥ ਪੰ. ੨੮੨

ਸਫਲ ਸੇਵਾ ਦੀ ਵੱਡੀ ਪਛਾਣ ਇਹ ਹੈ ਕਿ ਪ੍ਰੇਮ ਨਾਲ ਸਤਿਗੁਰੂ ਦਾ ਮਨ ਮੰਨੇ, ਅਤੇ ਗੁਰੂ ਜੀ ਦਾ ਮਨ ਤਾਂ ਹੀ ਮੰਨੇਗਾ ਜੇ ਸੇਵਕ-ਸਿਖ ਸੇਵਾ ਨੂੰ, ਗੁਰ-ਸਿਖਿਆ ਅਨੁਸਾਰ ਗੁਰੂ ਦੀ ਜਾਣ ਕੇ ਕਮਾਵੇ। ਫੇਰ, ਗੁਰੂ ਜੀ ਵਿਸ਼ਵਾਸ ਦਿਵਾਉਂਦੇ ਹਨ ਕਿ ਸੇਵਕ ਦੇ ਸਾਰੇ ਪਾਪ ਨਸ਼ਟ ਹੋ ਜਾਣਗੇ। ਸ੍ਰੀ ਗੁਰੂ ਰਾਮ ਦਾਸ ਜੀ ਦਾ ਫੁਰਮਾਨ ਹੈ :

ਸਾ ਸੇਵਾ ਕੀਤੀ ਸਫਲ ਹੈ,
ਜਿਤੁ ਸਤਿਗੁਰ ਕਾ ਮਨੁ ਮੰਨੇ ॥
ਜਾ ਸਤਿਗੁਰ ਕਾ ਮਨੁ ਮੰਨਿਆ,
ਤਾ ਪਾਪ ਕਸੰਮਲ ਭੰਨੇ ॥੨੫॥ ਪੰ. ੩੧੪

(੪)

ਸੇਵਾ ਦੁਆਰਾ ਸਤਿਗੁਰੂ ਦਾ ਮਨ ਕਿਵੇਂ ਮੰਨੇ ? ਸਫਲ ਸੇਵਾ ਲਈ ਸੇਵਕ, ਸੰਖੇਪ ਵਿਚ ਕਿਨ੍ਹਾਂ ਕਿਨ੍ਹਾਂ ਗੁਣਾਂ ਦਾ ਧਾਰਨੀ ਹੋਵੇ ?

ਉਸ ਦਾ ਪਾਪਾਂ ਸੰਤਾਪਾਂ ਤੋਂ ਛੁਟਕਾਰਾ ਕਿਵੇਂ ਹੋਵੇ ? ਇਸ ਸੰਬੰਧ ਵਿਚ ਗੁਰੂ ਸਾਹਿਬਾਨ ਨੇ ਬੜੀ ਸਰਲ, ਸਾਦੀ ਤੇ ਅਮੁਲ ਸੇਧ ਬਖਸ਼ੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ "ਵਾਰ ਆਸਾ" ਵਿਚ ਨਿਰਣਾ ਹੈ ਕਿ ਸੱਚ ਸੰਤੋਖ, ਸੱਚੇ-ਆਚਾਰ ਤੇ ਸਿਮਰਨ ਦੇ ਧਾਰਨੀ ਹੋਏ ਤੋਂ ਬਿਨਾ ਸਹੀ ਸੇਵਾ ਕਰ ਸਕਣੀ ਅਸੰਭਵ ਹੈ। ਅੰਮ੍ਰਿਤ ਕਥਨ ਹੈ :

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ, ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ, ਅੰਨੁ ਪਾਣੀ ਥੋੜਾ ਖਾਇਆ ॥੭॥
ਪੰ. ੪੬੭

(ਨੋਟ : ਸਬਰ ਸੰਤੋਖ ਦਾ ਧਾਰਨੀ ਤੇ ਅਲਪ-ਆਹਾਰੀ ਪ੍ਰਭੂ ਸੇਵਕ ਹੀ ਆਪਣਾ ਵਿਗਾੜ ਕੇ, ਦੂਜੇ ਦਾ ਸੰਵਾਰ ਸਕਦਾ ਹੈ; ਲੋਭੀ, ਲਾਲਚੀ, ਕਿਰਪਨ, ਪੇਟੂ ਤੇ ਮਨਮੁੱਖ ਅਜਿਹਾ ਨਹੀਂ ਕਰ ਸਕਦਾ।)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ੧੮ਵੀਂ ਅਸਟਪਦੀ ਦੇ ਪਹਿਲੇ ਪਦੇ ਵਿਚ ਜਿਥੇ ਗੁਰੂ ਦੇ ਸੇਵਕ ਉੱਪਰ ਸਦਾ ਗੁਰੂ-ਦਿਆਲਤਾ ਦੀ ਸਾਖੀ ਭਰੀ ਹੈ, ਉਥੇ ਦੂਜੇ ਪਦੇ ਵਿਚ, ਉਸ ਸੇਵਕ ਦੇ ਗੁਣ ਲੱਛਣ ਵੀ ਨਿਖਾਰ ਕੇ ਦੱਸ ਦਿੱਤੇ ਹਨ, ਜੋ ਐਸੀ ਉੱਤਮ ਕਰਨੀ ਦੁਆਰਾ ਗੁਰੂ ਅਥਵਾ ਪ੍ਰਭੂ ਦੀ ਕਿਰਪਾ ਦਾ ਪਾਤਰ ਥੀਂਦਾ ਹੈ। ਆਪ ਜੀ ਦਾ ਫੁਰਮਾਨ ਹੈ :

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ ॥

ਪਰ ਸ਼ਰਤ ਇਹ ਹੈ ਕਿ ਸਿਖ :

ਗੁਰ ਬਚਨੀ ਹਰਿਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥੧॥੧੮॥ ਪੰ. ੨੮੬

ਸੇਵਕ ਇਹਨਾਂ ਗੁਣਾਂ ਅਥਵਾ ਬਿਰਤੀ ਦਾ ਧਾਰਨੀ ਹੋਵੇ :

ਮਨੁ ਬੇਚੈ ਸਤਿਗੁਰ ਕੈ ਪਾਸਿ ॥

ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥
ਤਿਸੁ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥
ਨਾਨਕ, ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥ਪਾ॥ਪੰ. ੨੮੭

ਉਪ੍ਰੋਕਤ ਰਚਨਾ ਵਿਚ ਇਹ ਦੋ ਨੁਕਤੇ ਵਿਸ਼ੇਸ਼ ਤੌਰ ਉਤੇ ਨੋਟ ਕਰਨ ਵਾਲੇ ਹਨ ਕਿ ਏਥੇ 'ਸੇਵਕ ਤੇ ਸਿਖ' ਦੋਵੇਂ ਪਦ ਸਮ-ਅਰਥਕ (Syaonimous) ਹਨ। ਸਹੀ ਸੇਵਕ ਹੀ ਪੂਰਨ ਸਿਖ ਤੇ ਅਨਿੰਨ ਸੇਵਕ ਹੈ। ਦੂਜੇ ਇਹ ਚੇਤਾਵਨੀ ਹੈ ਕਿ ਸੇਵਕ ਅਥਵਾ ਸਿਖ ਦੀ ਪਰਮ ਪਦਵੀ, ਗੁਰੂ ਦੀ ਸਿਖਿਆ ਅਤੇ ਪ੍ਰਭੂ ਦੀ ਕਿਰਪਾ ਦੁਆਰਾ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦੀ ਹੈ। 'ਗੁਰਪ੍ਰਸਾਦਿ' ਦੀ ਇਹ ਗੱਲ ਚੇਤੇ ਰਖਣ ਨਾਲ ਸੇਵਕ ਮਾਨ ਅਭਿਮਾਨ ਤੋਂ ਬਚਿਆ ਰਹਿੰਦਾ ਹੈ। ਇਹ ਚੇਤਾਵਨੀ ਕਿਤਨੀ ਅਹਿਮ ਹੈ, ਇਹ ਹਕੀਕਤ ਪੰਜਵੇਂ ਗੁਰੂ ਜੀ ਦੇ ਇਹਨਾਂ ਫੁਰਮਾਨਾਂ ਤੋਂ ਸਪਸ਼ਟ ਹੋ ਜਾਂਦੀ ਹੈ :

ਮਾਨ ਅਭਿਮਾਨ ਮੰਧੇ, ਸੋ ਸੇਵਕੁ ਨਾਹੀ ॥
ਤਤ ਸਮਦਰਸੀ ਸੰਤਹੁ,
ਕੋਈ ਕੋਟਿ ਮੰਧਾਹੀ ॥੩॥੬॥ ਪੰ. ੫੨

ਏਥੇ ਇਸ ਭੇਦ ਨੂੰ, ਕਿ ਕਰੋੜਾਂ ਵਿਚੋਂ ਇਕ ਅੱਧ ਹੀ, 'ਤਤ ਸਮਦਰਸੀ', ਪਰਮ ਸਤਿ ਨੂੰ ਸਮਝਣ ਤੇ ਧਾਰਨ ਵਾਲਾ, ਸੇਵਕ ਹੁੰਦਾ ਹੈ, ਸ੍ਰੀ ਗੁਰੂ ਅਮਰਦਾਸ ਜੀ ਇਸ ਸਚਾਈ ਨੂੰ ਹੀ ਖੋਲ੍ਹ ਕੇ ਪਰਪੱਕ ਕਰਾਉਂਦੇ ਹਨ ਕਿ ਸਫਲ ਸੇਵਾ ਅਤਿ ਬਿਖਮ ਹੈ ਅਤੇ ਗੁਰ-ਸ਼ਬਦ ਦੁਆਰਾ ਆਪਾ-ਭਾਵ, ਮੈਂ ਤੇ ਹਉਮੈ ਨੂੰ ਮਾਰੇ ਬਿਨਾ ਕਮਾਉਣੀ ਅਸੰਭਵ ਹੈ। ਫੁਰਮਾਨ ਹੈ :

ਸਤਿਗੁਰ ਕੀ ਸੇਵਾ ਗਾਖੜੀ, ਸਿਰੁ ਦੀਜੈ ਆਪੁ ਗਵਾਇ ॥
ਸਬਦਿ ਮਰਹਿ ਫਿਰਿ ਨਾ ਮਰਹਿ, ਤਾ ਸੇਵਾ ਪਵੈ ਸਭ ਥਾਇ ॥ ਪੰ. ੬੪੯

(ਤ)

ਸਿਖੀ ਵਿਚ 'ਸੇਵਾ ਦਾ ਸੰਕਲਪ' ਤੇ ਇਸ ਸੰਕਲਪ ਦੀ ਸਤਿਗੁਰੂਆਂ ਤੇ ਗੁਰੂ ਕੇ ਸਿਖਾਂ ਵਲੋਂ ਕੀਤੀ ਕਮਾਈ ਦਾ ਜਿਉਂਨਾ ਬਹੁਤ ਉਚੇਰਾ ਤੇ ਲੰਮੇਰਾ ਹੈ। ਸਤਿਗੁਰੂਆਂ ਦੇ ਹਰੇਕ ਕੱਥਨ ਤੇ ਕਰਤੱਵ ਦਾ ਮੁਖ ਨਿਸ਼ਾਨਾ ਹੈ, ਧਰਮ ਦਾ ਬੋਲ ਬਾਲਾ, ਅਥਵਾ ਧਰਮ-ਅਸਥਾਪਨ। ਇਹ ਨਿਸ਼ਾਨਾ ਪੂਰਾ ਹੋ ਸਕਦਾ ਹੈ, ਵਾਹਿਗੁਰੂ ਦੇ ਅਨਿੰਨ ਸੇਵਕ, ਦਾਸ ਬਣਿਆਂ। ਧਰਮ ਵਿਰਧੀ ਬਾਰੇ ਸ੍ਰੀ ਦਸਮੇਸ਼ ਜੀ ਦਾ ਧੜ-ਹੱਕ ਐਲਾਨ ਹੈ ਕਿ :

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥...੪੨॥
ਧਰਮ ਚਲਾਵਨ, ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥੪੩॥

(ਬਚਿਤ੍ਰ ਨਾਟਕ, ਧਿਆਇ ੬)

ਸੋ, ਗੁਰੂ ਜੀ ਚਾਹੇ ਦੇਸ ਪਰਦੇਸ ਰਟਨ ਕਰ ਰਹੇ ਹਨ, ਧੁਰੋਂ ਆਈ ਬਾਣੀ ਉਚਾਰ ਰਹੇ ਹਨ ਜਾਂ ਗੁਰੂ ਦੁਆਰੇ ਬਣਵਾ, ਸਰੋਵਰ ਖੁਦਵਾ ਤੇ ਸ਼ਹਿਰ ਬਸਾ ਰਹੇ ਹਨ; ਸ਼ਹਾਦਤ ਦਾ ਜਾਮ ਪੀ ਰਹੇ ਜਾਂ ਖੰਡਾ ਖੜਕਾ ਰਹੇ ਹਨ, ਕੇਵਲ ਨਿਸ਼ਾਨਾ ਸੀ ਜਗਤ-ਸੇਵਾ। ਇਹੀ ਧਰਮ ਤੇ ਬੇਗਮਪੁਰੇ ਦੀ ਸਥਾਪਨਾ ਹੈ। ਹਲੇਮੀ ਰਾਜ ਦਾ ਸੁਪਨਾ ਸਾਕਾਰ ਕਰਨ ਦੀ ਵਿਧੀ ਵੀ ਇਹੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿਵੇਂ ਸੰਤ ਸੇਵਾ, ਗੁਰਸਿਖਾਂ ਦੀ ਸੇਵਾ ਨੂੰ ਆਪ ਕਮਾਇਆ ਤੇ ਫਿਰ ਸਾਨੂੰ ਹਮੇਸ਼ਾ ਲਈ ਕਮਾਉਣ ਦਾ ਵਲ ਦਸਿਆ ਹੈ, ਉਸ ਦੇ ਕੁਝ ਕੁ, ਅਲੌਕਿਕ ਤੇ ਸੂਖਸ਼ਮ ਦ੍ਰਿਸ਼, ਉਹਨਾਂ ਦੀ ਹੀ ਪਾਵਨ ਰਚਨਾ ਚੋਂ ਪੇਸ਼ ਕਰਨ ਦਾ ਸੁਭਾਗ ਲਿਆ ਜਾ ਰਿਹਾ ਹੈ :

(ੳ) ਮੈ ਬਧੀ ਸਚੁ ਧਰਮਸਾਲ ਹੈ ॥
ਗੁਰਸਿਖਾ ਲਹਦਾ ਭਾਲਿ ਕੈ ॥

ਪੈਰ ਧੋਵਾ ਪਖਾ ਫੇਰਦਾ,
ਤਿਸੁ ਨਿਵਿ ਨਿਵਿ ਲਾਗਾ ਪਾਇ ਜੀਉ ॥੧੦॥ ਪੰ. ੭੩

(ਅ) ਕੇਸ ਸੰਗਿ, ਦਾਸ ਪਗ ਝਾਰਉਂ,
ਇਹੈ ਮਨੋਰਥ ਮੋਰ ॥੧॥ ਪੰ. ੫੦੦

(ੲ) ਕਮਾਵਾਂ ਤਿਨ ਕੀ ਕਾਰ, ਸਰੀਰੁ ਪਵਿਤੁ ਹੋਇ ॥
ਪਖਾ, ਪਾਣੀ, ਪੀਸਿ, ਬਿਗਸਾ ਪੈਰ ਧੋਇ ॥੩॥ ਪੰ. ੫੧੮

ਗੁਰਬਾਣੀ ਤੇ ਗੁਰੂ-ਆਸ਼ਿਆਂ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਦੀ ਰਚਨਾ ਵਿਚੋਂ ਇਕ ਤੁਕ ਵੰਨਗੀ ਵਜੋਂ ਪੇਸ਼ ਹੈ :

ਵਿਣੁ ਸੇਵਾ, ਧ੍ਰਿਗ ਹਥ ਪੈਰ, ਹੋਰ ਨਿਹਫਲ ਕਰਣੀ ॥ ੨੭,੧੦

ਗੁਰਬਾਣੀ ਵਿਚ ਜਿਥੇ ਹਰੀ ਸੇਵਾ, ਗੁਰੂ ਸੇਵਾ ਤੇ ਬਹੁ ਪ੍ਰਕਾਰੀ ਜੀਅ-ਜੰਤ ਦੀ ਸੇਵਾ ਦੀ ਭਰਪੂਰ ਪ੍ਰੇਰਨਾ ਹੈ, ਉਥੇ ਮਾਤਾ ਪਿਤਾ ਦੀ ਸੇਵਾ ਤੇ ਸਤਿਕਾਰ ਉਤੇ ਵੀ ਵੱਡਾ ਬੱਲ ਦਿਤਾ ਗਿਆ ਹੈ। ਭਾਈ ਗੁਰਦਾਸ ਜੀ ਨੇ ਵੀ ਬੜੇ ਜ਼ੋਰਦਾਰ ਸ਼ਬਦਾਂ ਦੁਆਰਾ ਵਾਰ ੩੭ ਦੀ ੧੩ਵੀਂ ਪਉੜੀ ਵਿਚ ਮਾਤਾ ਪਿਤਾ ਦੀ ਸੇਵਾ ਤੋਂ ਮੂੰਹ ਫੇਰ ਕੇ, ਹੋਰ ਜਪ ਆਦਿ ਕਰਨ ਨੂੰ ਵਾਧੂ ਤੇ ਬੇਅਰਥ ਕਰਕੇ ਦਸਿਆ ਹੈ।*

---

*੧. ਮਾਂ ਪਿਉ ਪਰਹਰਿ ਸੁਣੈ ਵੇਦੁ, ਭੇਦੁ ਨ ਜਾਣੈ ਕਥਾ ਕਹਾਣੀ ॥
੨. ਮਾਂ ਪਿਉ ਪਰਹਰਿ ਕਰੈ ਤਪੁ, ਵਣਖੰਡਿ ਭੁਲਾ ਫਿਰੈ ਬਿਬਾਣੀ ॥
੩. ਮਾਂ ਪਿਉ ਪਰਹਰਿ ਕਰੈ ਪੂਜੁ, ਦੇਵੀ ਦੇਵ ਨ ਸੇਵ ਕਮਾਣੀ ॥
੪. ਮਾਂ ਪਿਉ ਪਰਹਰਿ ਨਾਵਣਾ, ਅਠਸਠਿ ਤੀਰਥ ਘੁੰਮਣਵਾਣੀ ॥
੫. ਮਾਂ ਪਿਉ ਪਰਹਰਿ ਕਰੇ ਦਾਨ, ਬੇਈਮਾਨ ਅਗਿਆਨ ਪਰਾਣੀ ॥
੬. ਮਾਂ ਪਿਉ ਪਰਹਰਿ ਵਰਤ ਕਰਿ, ਮਰਿ ਮਰਿ ਜੰਮੈ ਭਰਮਿ ਭੁਲਾਣੀ ॥
੭. ਗੁਰ ਪਰਮੇਸਰੁ ਸਾਰੁ ਨ ਜਾਣੀ ॥ ੧੩॥

ਭਾਵ–ਜਿਸ ਵਿਚ ਮਾਪਿਆਂ ਜੈਸੇ ਕੁਦਰਤੀ ਉਪਕਾਰੀਆਂ ਦੀ ਕ੍ਰਿਤਗੱਯਤਾ ਦਾ ਖ਼ਿਆਲ ਨਹੀਂ, ਉਹ ਹੋਰ ਜੋ ਵੀ ਹਉਮੈ-ਆਸਰਤ ਹੋ ਕਰਮ ਕਰਦਾ ਹੈ, ਉਹ ਨਿਸਫਲ ਹਨ ਜਦ ਉਸ ਦੇ ਸਰੀਰ ਤੇ ਪਾਲਣ ਪੋਸਣ ਦੇ ਉਪਕਾਰੀ ਸੰਤੁਸ਼ਟ ਨਹੀਂ, ਤਾਂ ਉਸ ਪਰ ਗੁਰੂ ਪ੍ਰਮੇਸਰ ਕਿਵੇਂ ਰੀਝ ਸਕਦੇ ਹਨ ?

ਗੁਰ ਪ੍ਰਤਾਪ ਸੂਰਜ ਦੀ ਰੁਤ ੩, ਅਧਿਆਇ ੪੩ ਅਨੁਸਾਰ ਸ੍ਰੀ ਦਸਮੇਸ਼ ਜੀ ਦਾ ਸਫਲ ਸੇਵਾ ਦੀ ਰੀਤ ਬਾਰੇ ਅਮੁਲ ਫੁਰਮਾਨ ਹੈ :

ਮੁਖ ਤੇ ਅਰੁ ਮਨ ਤੇ ਸਦਾ, ਸਿਮਰ ਨਾਮ ਲਗਾਵੈ ॥
ਹਾਥ ਤੇ ਕਰ ਟਹਿਲ, ਕੋ ਸਿਖ ਸੰਤ ਰੀਝਾਵੈ ॥
ਸੋ ਮਮ ਪਿਆਰੇ ਅਧਿਕ ਹੈ, ਬਸਿ ਰਹੋਂ ਸਦੀਵਾ ॥
ਕਰਣੀ ਊਚੀ ਨਿਤ ਕਰਹਿ, ਰਾਖਹਿ ਮਨ ਨੀਵਾਂ ॥

(6)

ਚੌਥੇ ਰਹੇ, ਗੁਰਮਤਿ ਤੇ ਗੁਰਬਾਣੀ ਵਿਚ ਆਮ ਕਰਕੇ, ਉਪਕਾਰ ਦੀ ਥਾਂ 'ਸੇਵਾ' ਸ਼ਬਦ ਦੀ ਵਰਤੋਂ ਨੂੰ ਤਰਜੀਹ ਦਿੱਤੀ ਗਈ ਹੈ। 'ਸੇਵਾ ਪਦ', ਨਿਮਰਤਾ ਦਾ ਲਖਾਇਕ ਹੈ, ਜਦ ਕਿ 'ਉਪਕਾਰ', ਅਹਿਸਾਨ ਤੇ ਸੂਖਮ ਹਉਮੈ ਭਾਵ ਦਾ। ਬੜੀ ਮਨੋਵਿਗਿਆਨਕ ਅਨੂਠੀ ਤੇ ਦੂਰ-ਰੱਸ ਸੋਚ ਹੈ ਗੁਰੂ ਸਾਹਿਬਾਨ ਦੀ। ਜੋ ਗੁਣਕਾਰੀ ਜਾਂ ਪਰਉਪਕਾਰੀ ਹੈ, ਉਹ ਤਾਂ ਇਸ ਨੂੰ ਸੇਵਾ ਸਮਝੇ ਤੇ ਉਹ ਵੀ ਗੁਰੂ ਦੀ, ਕਿਸੇ ਸੰਬੰਧਤ ਵਿਅਕਤੀ ਦੀ ਨਹੀਂ। ਪਰ, ਜੋ ਸੇਵਾ ਦਾ ਪਾਤਰ ਹੈ, ਉਹ ਇਸ ਨੂੰ ਉਪਕਾਰ ਸਮਝੇ, ਅਤੇ ਉਸ ਉਪਕਾਰੀ ਦਾ ਸਦਾ ਕ੍ਰਿਤੱਗ ਰਹੇ। ਜੋ ਮਨੁਖ, ਕਿਸੇ ਉਪਕਾਰੀ ਦਾ ਕ੍ਰਿਤੱਗ-ਅਹਿਸਾਨਮੰਦ ਹੋਵੇਗਾ, ਉਹ ਅਵੱਸ਼ ਦਾਤਾਰ ਗੁਰੂ ਅਥਵਾ ਵਾਹਿਗੁਰੂ ਦਾ ਵੀ ਕ੍ਰਿਤੱਗ ਹੋਵੇਗਾ।

ਦੂਜੇ, ਉਪਕਾਰੀ ਸੇਵਕ ਤੇ ਸੇਵਾ ਦੇ ਪਾਤਰ ਵਿਚਕਾਰ ਸਤਿਗੁਰੂ ਦਾ ਪਹਿਰਾ ਰਹਿਣਾ ਜ਼ਰੂਰੀ ਹੈ। ਇਹ ਤਾਂ ਹੀ ਸੰਭਵ ਹੈ, ਜੇ ਸੇਵਾ ਹਰੀ ਅਥਵਾ ਗੁਰੂ ਦੀ ਸਮਝ ਕੇ ਕੀਤੀ ਜਾਵੇ। ਦੂਜੀ ਸੂਰਤ ਵਿਚ ਇਹ ਲਿਹਾਜ਼ ਮੁਲਾਹਜ਼ਾ, ਸੌਦੇਬਾਜ਼ੀ ਵਾਲੀ ਗੱਲ ਹੋਵੇਗੀ, ਨਿਸ਼ਕਾਮ ਤੇ ਸਫਲ ਸੇਵਾ ਵਾਲੀ ਗੱਲ ਨਹੀਂ।

ਗੁਰਮਤਿ ਵੀਚਾਰਧਾਰਾ ਅਥਵਾ ਆਮ ਧਾਰਮਿਕ ਸਾਹਿੱਤ ਵਿਚ, ਪਰਮਾਤਮਾ, ਗੁਰੂ ਜਾਂ ਕਿਸੇ ਦੇ ਕੀਤੇ ਉਪਕਾਰ ਜਾਂ ਸੇਵਾ ਨੂੰ ਚੇਤੇ ਰਖਣ ਵਾਲੇ ਨੂੰ ਤਾਂ ਕ੍ਰਿਤੱਗ ਜਾਂ ਅਹਿਸਾਨਮੰਦ ਕਿਹਾ ਗਿਆ ਹੈ, ਅਤੇ

ਭੁੱਲ ਜਾਣ ਵਾਲੇ ਨੂੰ ਅਕ੍ਰਿਤਘਣ ਜਾਂ ਅਹਿਸਾਨ-ਫਰਾਮੋਸ਼ ਕਿਹਾ ਹੈ। ਕ੍ਰਿਤੱਗ ਹੋਣਾ ਆਪਣੇ ਆਪ ਵਿੱਚ, ਆਪਣੀ ਜਾਤ ਵਿਚ ਆਤਮਾ ਅਥਵਾ ਜੀਵਨ ਦਾ ਇਕ ਅਮੁਲ ਜੌਹਰ ਹੈ, ਗਹਿਣਾ ਹੈ, ਪਰੰਤੂ ਅਕ੍ਰਿਤਘਣ ਹੋਣਾ ਆਤਮਾ ਦੀ ਗਿਰਾਵਟ। ਭਾਈ ਗੁਰਦਾਸ ਜੀ ਨੇ ਅਕ੍ਰਿਤਘਣਤਾ ਨੂੰ ਜਿੰਨਾ ਕੋਸਿਆ ਤੇ ਨਿੰਦਿਆ ਹੈ, ਓਨਾ ਸ਼ਾਇਦ ਹੀ ਕਿਸੇ ਹੋਰ ਔਗੁਣ ਨੂੰ ਨਿੰਦਿਆ ਹੋਵੇ। ਭਾਈ ਸਾਹਿਬ ਨੇ ''ਭਾਰੇ ਭੁਈਂ ਅਕਿਰਤਘਣ ਮੰਦੀ ਹੂੰ ਮੰਦੇ'' (੩੫.੮) ਰਾਹੀਂ ਅਟੱਲ ਸਚਾਈ ਪ੍ਰਗਟ ਕਰ ਦਿਤੀ ਹੈ। ਅੰਤ ਵਿੱਚ, ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ, ਹਰੀ ਰੂਪ ਹੋ ਗਏ ਪੂਰਨ ਸੇਵਕ ਦਾ ਖਿੱਚਿਆ ਚਿੱਤਰ ਤੇ ਆਪ ਕਮਾਇਆ ਕਰਤੱਵ ਇਉਂ ਰੂਪਮਾਨ ਕਰਨ ਦਾ ਉਪਕਾਰ ਕੀਤਾ ਗਿਆ ਹੈ :—

''ਮਾਨ ਮੋਹ ਅਰੁ ਲੋਭ ਵਿਕਾਰਾ, ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ, ਲਾਦਿ ਵਖਰੁ ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ, ਚਲਤੇ ਰਾਖਿਓ ਚੀਤਿ॥੧॥ਰਹਾਉ॥
ਜੈਸੀ ਆਗਿਆ ਕੀਨੀ ਠਾਕੁਰਿ, ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ,
ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ, ਸੋਈ ਕਰਿ ਸੂਖਾ,
ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ, ਸੋ ਮਾਥੈ ਲੇ ਮਾਨਿਓ ।੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ, ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ,
ਜਿਨਿ ਨਾਨਕ ਖਸਮੁ ਪਛਾਤਾ ॥ ੪ ॥ ੫ ॥

(ਮਾਰੂ ਮ: ੫, ਪੰ: ੧੦੦੦)

ਸੋ, ਸੇਵਾ ਗੁਰਮਤਿ ਚਿੰਤਨ ਦੇ ਬੁਨਿਆਦੀ ਸੰਕਲਪਾਂ ਵਿਚੋਂ ਇਕ

ਉੱਤਮ ਸੰਕਲਪ ਹੋਣ ਕਰਕੇ, ਗੁਰਬਾਣੀ ਅਤੇ ਗੁਰ ਇਤਿਹਾਸ ਵਿਚ ਇਸ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ।

ਨਾਨਕ, ਸੇਵਕੁ ਸੋਈ ਆਖੀਐ, ਜੋ ਸਿਰੁ ਧਰੇ ਉਤਾਰਿ ॥
ਸਤਿਗੁਰ ਦਾ ਭਾਣਾ ਮੰਨਿ ਲਏ, ਸਬਦੁ ਰਖੈ ਉਰਧਾਰਿ ॥
ਪੰ: ੧੨੪੭

ਸੋ ਸੇਵਕੁ ਹਰਿ ਆਖੀਐ, ਜੋ ਹਰਿ ਰਾਖੈ ਉਰਿਧਾਰਿ ।
ਮਨੁ ਤਨੁ ਸਉਪੇ, ਆਗੈ ਧਰੈ, ਹਉਮੈ ਵਿਚਹੁ ਮਾਰਿ । ਪੰ. ੨੮

ਇਸ਼ਨਾਨ

ਵਿਦਿਆ-ਪ੍ਰਬੀਨ ਲੋਕਾਂ ਨੇ ਇਸ਼ਨਾਨ ਨੂੰ ਸਫ਼ਲ ਤੇ ਸਿਹਤਮੰਦ ਮਨੁੱਖੀ ਜੀਵਨ ਦਾ ਇਵੇਂ ਹੀ ਇਕ ਅੰਗ ਮੰਨਿਆ ਹੈ ਜਿਵੇਂ ਰਿਸ਼ਟ-ਪੁਸ਼ਟ ਸਰੀਰ ਲਈ ਸਵੱਛ ਤੇ ਨਰੋਈ ਖ਼ੁਰਾਕ। ਸਗੋਂ, ਕਈ ਇਕ ਮੱਤ ਤਾਂ ਇਸ ਨੂੰ ਇੱਕ ਅਧਿਆਤਮਕ ਅਥਵਾ ਪੁੰਨ ਕਰਮ ਮੰਨਣ ਤਕ ਵੀ ਗਏ ਹਨ। ਇਸ ਬਾਰੇ ਗੁਰਮਤਿ ਦਾ ਦ੍ਰਿਸ਼ਟੀਕੋਣ ਬੜਾ ਸਰਲ, ਸਪੱਸ਼ਟ ਤੇ ਭਾਵ-ਪੂਰਤ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੇ ਅੰਤਲੇ ਸਲੋਕ ਵਿਚ ਜਿਥੇ ਪਵਣ (ਪ੍ਰਾਣਾਂ) ਨੂੰ ਗੁਰੂ ਕਰਕੇ ਮੰਨਿਆ ਹੈ ਉਥੇ ਪਾਣੀ ਨੂੰ ਪਿਤਾ ਕਰ ਕੇ ਵਡਿਆਇਆ ਹੈ 'ਪਵਣੁ ਗੁਰੂ ਪਾਣੀ ਪਿਤਾ......'। ਹੋਰ ਗੁਰਵਾਕ ਹੈ :—

ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥
(ਜਪੁ ਜੀ, ੨੦)

ਪਾਣੀ ਨਿਰਮਲਤਾ ਅਤੇ ਸੀਤਲਤਾ ਦਾ ਲਖਾਇਕ ਹੈ ਅਤੇ ਇਸ ਦੇ ਸਪਰਸ਼ ਕਰਨ ਤੇ ਸੇਵਨ ਨਾਲ ਇਹ ਦੋਵੇਂ ਗੁਣ ਅਥਵਾ ਸੁਭਾਵ ਸੁਤੇ-ਸਿਧ ਸਾਡੇ ਅੰਦਰ ਪ੍ਰਵੇਸ਼ ਕਰ ਜਾਂਦੇ ਹਨ। ਸਫ਼ਾਈ ਨੂੰ ਸਿਆਣਿਆਂ ਨੇ *ਪਾਰਸਾਈ ਤੋਂ ਦੂਜੇ ਦਰਜੇ ਉਤੇ ਮੰਨਿਆ ਹੈ। ਨਿਰੰਕਾਰੀ ਸਤਿਗੁਰੂ ਨੇ 'ਆਸਾ ਕੀ ਵਾਰ' ਵਿਚ ਪਾਣੀ ਨੂੰ ਕੁਦਰਤ ਦੇ ਜੀਵਨ, ਖੇੜੇ ਤੇ ਵਧਣ-ਫੁਲਣ ਦਾ ਆਧਾਰ ਦਸਦਿਆਂ ਫ਼ੁਰਮਾਇਆ ਹੈ :

ਪਹਿਲਾ ਪਾਣੀ ਜੀਉ ਹੈ, ਜਿਤੁ ਹਰਿਆ ਸਭੁ ਕੋਇ ॥੧॥੧੯॥
[ਆਸਾ ਦੀ ਵਾਰ, ਪੰਨਾ ੪੭੨

*Cleanliness is next to godliness,

ਤਥਾ :—

ਜਲ ਬਿਨੁ ਸਾਖ ਕੁਮਲਾਵਤੀ, ਉਪਜਹਿ ਨਾਹੀ ਦਾਮ ॥੧॥

[ਬਾਰਹਮਾਹਾ ਮਾਝ ਮਹਲਾ ੫, ਪੰਨਾ ੧੩੩

(ਭਾਵ—ਜਲ ਤੋਂ ਬਿਨਾਂ ਬਨਾਸਪਤੀ ਕੁਮਲਾ ਤੇ ਸੁਕ ਜਾਂਦੀ ਹੈ, ਅਤੇ ਕਿਸੇ ਪ੍ਰਕਾਰ ਦਾ ਲਾਭ ਨਹੀਂ ਦੇਂਦੀ।)

ਇਸ ਹਕੀਕਤ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਨੁਖੀ ਮਨ ਤੇ ਤਨ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੈ। ਨਰੋਆ ਮਨ ਨਰੋਏ ਤਨ, ਅਤੇ ਨਰੋਆ ਤਨ ਬਲਵਾਨ ਮਨ ਦਾ ਜਾਮਨ ਤੇ ਲਖਾਇਕ ਹੈ। ਇਸ਼ਨਾਨ ਨ ਕੇਵਲ ਤਨ ਨੂੰ ਹੀ ਨਰੋਆ, ਸਵੱਛ ਤੇ ਸਾਵਧਾਨ ਬਣਾਉਂਦਾ ਹੈ; ਸਗੋਂ ਇਕਾਗਰਤਾ ਤੇ ਪ੍ਰਭੂ-ਸਿਮਰਨ ਵਿਚ ਵੀ ਸਹਾਇਕ ਹੁੰਦਾ ਹੈ। ਇਹੀ ਕਾਰਨ ਹੈ ਕਿ ਗੁਰਬਾਣੀ ਵਿਚ ਜਿਥੇ 'ਨਾਮ ਤੇ ਦਾਨ' ਦਾ ਜ਼ਿਕਰ ਆਉਂਦਾ ਹੈ ਉਥੇ ਨਾਲ 'ਇਸ਼ਨਾਨ' ਦਾ ਵੀ ਵਰਨਣ ਹੈ। ਗੁਰਮੁਖਾਂ, ਮਹਾਂਪੁਰਖਾਂ ਦਾ ਸੁਭਾਵ, ਕਰਤੱਵ ਅਥਵਾ ਲੱਛਣ ਬਿਆਨ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :

ਗੁਰਮੁਖਿ, ਨਾਮੁ ਦਾਨੁ ਇਸਨਾਨੁ ॥੩੬॥

[ਰਾਮਕਲੀ ਸਿਧ ਗੋਸਟਿ, ਪੰਨਾ ੯੪੨

ਹੋਰਥੇ, 'ਇਸ਼ਨਾਨ' ਤੇ 'ਨਾਮ ਸਿਮਰਨ' ਦੇ ਅਤੁੱਟ ਸੰਬੰਧਾਂ ਦਾ ਵਰਨਣ ਇਉਂ ਕੀਤਾ ਗਿਆ ਹੈ :—

ਕਰਿ ਇਸਨਾਨੁ, ਸਿਮਰਿ ਪ੍ਰਭੁ ਆਪਨਾ, ਮਨ ਤਨ ਭਏ ਅਰੋਗਾ ॥੧॥੧੧॥

[ਸੋਰਠਿ ਮ: ੫, ਪੰਨਾ ੬੧੧

ਹੇ ਭਾਈ, ਇਸ਼ਨਾਨ ਨਾਲ ਤੇਰਾ ਤਨ ਤੇ ਸਿਮਰਨ ਨਾਲ ਤੇਰਾ ਮਨ ਅਰੋਗ, ਨਰੋਏ ਤੇ ਬਲਵਾਨ ਹੋਣਗੇ। ਸਰੀਰ ਦੀ ਸਫ਼ਾਈ ਤੇ ਸਵੱਛਤਾ ਦਾ ਪ੍ਰਭਾਵ ਅਵੱਸ਼ ਤੇਰੇ ਮਨ ਉਤੇ ਪਏਗਾ।

ਏਸੇ ਸੱਚਾਈ ਨੂੰ ਇੱਕ ਵਿਦਵਾਨ, ਸ੍ਰੀ ਥਾਮਸਨ ਨੇ, ਇਉਂ ਬਿਆਨ ਕੀਤਾ ਹੈ :—

"Even from the body's purity, the mind receives a sympathetic aid.

[ਭਾਵ—ਤਨ ਦੀ ਸਵੱਛਤਾ ਤੋਂ ਮਨ ਦੀ ਸਵੱਛਤਾ ਨੂੰ ਇਕ ਸਨੇਹ-ਭਰਪੂਰ ਸਹਾਇਤਾ ਪ੍ਰਾਪਤ ਹੁੰਦੀ ਹੈ।]

ਇਸ਼ਨਾਨ ਦਾ ਸਮਾਂ :

ਗੁਰੂ ਜੀ ਜਿਥੇ ਸਰੀਰ ਦੀ ਅਰੋਗਤਾ ਲਈ ਇਸਨਾਨ ਦਾ ਵੱਡਾ ਵੱਡਾ ਮਹਾਤਮ ਦਸਦੇ ਹਨ ਓਥੇ ਨਾਲ ਹੀ ਇਹ ਵੀ ਤਾਕੀਦ ਕਰਦੇ ਹਨ ਕਿ ਗੁਰਸਿੱਖ ਨੇ ਇਸ਼ਨਾਨ ਅੰਮ੍ਰਿਤ ਵੇਲੇ ਉਠ ਕੇ ਕਰਨਾ ਤੇ ਪ੍ਰਭੂ-ਸਿਮਰਨ ਵਿਚ ਜੁੱਟ ਜਾਣਾ ਹੈ :—

(ੳ) ਉਠਿ ਇਸਨਾਨੁ ਕਰਹੁ ਪਰਭਾਤੇ, ਸੋਇ ਹਰਿ ਆਰਾਧੇ ॥੬॥੧੯॥
[ਸੋਰਠ ਮ: ੫, ਪੰਨਾ ੧੧੮੫

(ਅ) ਚਉਥੈ ਪਹਰਿ ਸਬਾਹ ਕੈ, ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ,ਮਨਿ ਮੁਖਿ ਸਚਾ ਨਾਉ॥੧॥ (੧੯)
[ਸਲੋਕ ਮ: ੨, ਮਾਝ ਕੀ ਵਾਰ, ਪੰਨਾ ੧੪੬

ਭਾਈ ਗੁਰਦਾਸ ਜੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਅਤੇ ਗੁਰਮਤਿ ਦੀਆਂ ਰਮਜ਼ਾਂ ਨੂੰ ਸਮਝਣ ਅਤੇ ਸਮਝਾਉਣ ਵਾਲੇ ਅਦੁੱਤੀ ਵਿਦਵਾਨ ਗੁਰਸਿੱਖ ਹੋਏ ਹਨ, ਅੰਮ੍ਰਿਤ ਵੇਲੇ ਦੇ ਇਸ਼ਨਾਨ ਦੀ ਮਹੱਤਤਾ ਇਉਂ ਦਰਸਾਉਂਦੇ ਹਨ :—

ਕੁਰਬਾਣੀ ਤਿਨਾ ਗੁਰਸਿਖਾ, ਪਿਛਲ ਰਾਤੀ ਉਠਿ ਬਹੰਦੇ ॥
ਕੁਰਬਾਣੀ ਤਿਨਾ ਗੁਰਸਿਖਾ, ਅੰਮ੍ਰਿਤੁ ਵੇਲੈ ਸਰਿ ਨਾਵੰਦੇ ॥
[ਭਾ: ਗੁ: ਵਾਰ ੧੨—੨

ਤਥਾ—ਅੰਮ੍ਰਿਤ ਵੇਲੇ ਨਾਵਣਾ, ਗੁਰਮੁਖਿ ਜਾਪੁ, ਗੁਰ ਮੰਤ੍ਰੁ ਜਪਾਇਆ ॥
[ਭਾ: ਗੁ: ਵਾਰ ੨੬—੪

ਗੁਰਮਤਿ ਵਿਚ ਮਨ ਨੂੰ ਪ੍ਰਭੂਪਣ ਤੇ ਸਿਮਰਨ ਹਿਤ ਇਸ਼ਨਾਨ ਦੁਆਰਾ ਸਰੀਰ ਦੀ ਸਫਾਈ ਆਦਿ ਉਤੇ ਇਤਨਾ ਜ਼ੋਰ ਨਾ ਦਿਤਾ

ਗਿਆ ਹੈ; ਪਰੰਤੂ, ਅਨਮੱਤਾਂ ਵਾਂਗ ਇਸ ਨੂੰ ਕਰਮ ਕਾਂਡ ਕਰ ਕੇ ਨਹੀਂ ਮੰਨਿਆ ਗਿਆ। ਗੁਰਮਤਿ ਅਨੁਸਾਰ, ਇਸਨਾਨ ਸਰੀਰਕ ਸਫ਼ਾਈ, ਅਰੋਗਤਾ ਤੇ ਸਿਮਰਨ ਦਾ ਸਾਧਨ ਤਾਂ ਹੈ; ਪਰੰਤੂ ਆਪਣੀ ਜ਼ਾਤ ਵਿਚ ਪੁੰਨ ਨਹੀਂ। ਕੇਵਲ ਇਸ਼ਨਾਨ ਅਥਵਾ ਤੀਰਥ-ਇਸ਼ਨਾਨ ਨੂੰ ਹੀ ਪੁੰਨ ਕਰਮ ਅਤੇ ਮੁਕਤੀ-ਦਾਤਾ ਮੰਨ ਲੈਣਾ, ਗੁਰਮਤਿ-ਸਿਧਾਂਤਾਂ ਦੇ ਅਨੁਕੂਲ ਨਹੀਂ। ਗੁਰਬਾਣੀ ਦੇ ਇਹ ਪ੍ਰਮਾਣ ਇਸ ਨੁਕਤੇ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰਦੇ ਅਤੇ ਗੁਰਮਤਿ ਸਿਧਾਂਤ ਸਮਝਣ ਵਿਚ ਸਹਾਇਕ ਹੋ ਸਕਦੇ ਹਨ :

(ੳ) ਅੰਤਰਿ ਮੈਲੁ ਜੇ ਤੀਰਥ ਨਾਵੈ, ਤਿਸੁ ਬੈਕੁੰਠ ਨ ਜਾਨਾਂ ॥
ਲੋਕ ਪਤੀਣੇ ਕਛੂ ਨ ਹੋਵੈ, ਨਾਹੀ ਰਾਮੁ ਅਯਾਨਾ ॥੧॥
ਪੂਜਹੁ ਰਾਮੁ, ਏਕੁ ਹੀ ਦੇਵਾ ॥
ਸਾਚਾ ਨਾਵਣੁ, ਗੁਰ ਕੀ ਸੇਵਾ ॥੧॥ਰਹਾਉ॥
ਜਲ ਕੈ ਮਜਨਿ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ, ਫਿਰਿ ਫਿਰਿ ਜੋਨੀ ਆਵਹਿ॥੨॥

[ਆਸਾ ਕਬੀਰ ਜੀ, ਪੰਨਾ ੪੮੪

(ਅ) ਤੀਰਥ ਨਾਇ ਨ ਉਤਰਸਿ ਮੈਲੁ ॥
ਕਰਮ ਧਰਮ ਸਭਿ ਹਉਮੈ ਫੈਲੁ ॥
ਲੋਕ ਪਚਾਰੈ ਗਤਿ ਨਹੀ ਹੋਇ ॥
ਨਾਮ ਬਿਹੂਣੇ ਚਲਸਹਿ ਰੋਇ ॥

[ਰਾਮਕਲੀ ਮ: ੫, ਪੰਨਾ ੮੯੦

(ੲ) ਹ੍ਰਿਦੈ ਕਪਟੁ ਮੁਖ ਗਿਆਨੀ ॥
ਝੂਠੇ ! ਕਹਾ ਬਿਲੋਵਸਿ ਪਾਨੀ ?੧॥
ਕਾਂਇਆ ਮਾਂਜਸਿ ਕਉਨ ਗੁਨਾਂ ?
ਜਉ ਘਟ ਭੀਤਰਿ ਹੈ ਮਲਨਾਂ ॥੧॥ਰਹਾਉ॥
ਲਉਕੀ ਅਠਸਠਿ ਤੀਰਥ ਨ੍ਹਾਈ ॥
ਕਉਰਾਪਨੁ ਤਊ ਨ ਜਾਈ ॥੨॥

[ਸੋਰਠਿ ਕਬੀਰ ਜੀ, ਪੰਨਾ ੬੫੬

(ਜ) ਨਾਵਣ ਚਲੇ ਤੀਰਥੀ, ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ, ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ, ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣਨਾਤਿਆ, ਚੋਰ ਸਿ ਚੋਰਾ ਚੋਰ ॥੨॥(੧੨)

[ਮ: ੧, ਵਾਰ ਸੂਹੀ, ਪੰਨਾ ੭੮੯

(ਝ) ਸੋਚ ਕਰੈ ਦਿਨਸੁ ਅਰੁ ਰਾਤਿ ॥
ਮਨ ਕੀ ਮੈਲੁ ਨ ਤਨ ਤੇ ਜਾਤਿ ॥੩॥੪॥

[ਸੁਖਮਨੀ

ਸਤਿਗੁਰੂ ਜੀ ਨੇ ਜੇ ਕਿਧਰੇ ਤੀਰਥਾਂ ਉਤੇ ਜਾਣ ਦਾ ਉਦਮ ਕੀਤਾ ਵੀ ਹੈ ਤਾਂ ਲੋਕਾਂ ਦੇ ਉਧਾਰ ਲਈ; ਓਥੇ ਇਕੱਠੇ ਹੋਏ ਲੋਕਾਂ ਨੂੰ ਉਪਦੇਸ਼ ਦੇਣ ਲਈ। ਸ੍ਰੀ ਗੁਰੂ ਰਾਮਦਾਸ ਜੀ, ਤੀਜੇ ਸਤਿਗੁਰੂ ਜੀ ਦੀ ਤੀਰਥ-ਯਾਤਰਾ ਦੇ ਪ੍ਰਯੋਜਨ ਬਾਰੇ ਲਿਖਦੇ ਹਨ :—

ਤੀਰਥ ਉਦਮੁ ਸਤਿਗੁਰੂ ਕੀਆ, ਸਭ ਲੋਕ ਉਧਰਣ ਅਰਥਾ ॥

[ਤੁਖਾਰੀ ਮ: ੪, ਪੰਨਾ ੧੧੧੬

ਸੋ, ਸਿਖ ਮੱਤ ਵਿਚ, ਜਿਵੇਂ ਹੋਰ ਹਰੇਕ ਵਸਤੂ ਤੇ ਕਰਮ ਨੂੰ ਬਿਬੇਕ ਬੁੱਧੀ ਦੀ ਕਸਵੱਟੀ ਉਤੇ ਪਰਖਿਆ ਗਿਆ ਹੈ, ਓਸੇ ਤਰ੍ਹਾਂ ਇਸ਼ਨਾਨ ਨੂੰ ਵੀ ਅਵੱਸ਼ ਇਸ ਦੀ ਯੋਗ ਥਾਂ ਦਿੱਤੀ ਗਈ ਹੈ; ਪਰੰਤੂ, ਇਸ ਸਬੰਧੀ ਪਸਰੇ ਵਹਿਮ ਤੇ ਉਲਾਰ ਨੂੰ ਕੋਈ ਥਾਂ ਨਹੀਂ ਦਿੱਤੀ।

ਐਸੀ ਸੰਤੁਲਿਤ ਤੇ ਪ੍ਰਕਾਸ਼-ਮਈ ਜੀਵਨ-ਸੇਧ ਦੇਣ ਵਾਲੇ ਉਪਕਾਰੀ ਸਤਿਗੁਰਾਂ ਤੋਂ ਬਲਿਹਾਰ ਹਾਂ, ਸਦ ਬਲਿਹਾਰ!

'ਸਬਰ ਤੋਸਾ ਮਲਾਇਕ'

(ਗੁਰੂ ਨਾਨਕ ਦੇਵ)

'ਸਬਰ' ਇਕ ਅਰਬੀ ਸ਼ਬਦ ਹੈ। ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਗੁਰ-ਸ਼ਬਦ ਰਤਨਾਕਰ (ਮਹਾਨ ਕੋਸ਼) ਵਿਚ ਇਸ ਦੇ ਅਰਥ ਕਰਦੇ ਹਨ—'ਸੰਤੋਖ'। ਅੰਗਰੇਜ਼ੀ ਡਿਕਸ਼ਨਰੀ ਅਨੁਸਾਰ ਇਹ ਮਨ ਦੀ ਰੱਬ-ਰਜ਼ਾ ਨੂੰ ਖਿੜੇ ਮੱਥੇ, ਸ਼ਾਂਤ-ਚਿਤ, ਮੰਨਣ ਤੇ ਪ੍ਰਸੰਨਚਿਤ ਰਹਿਣ ਵਾਲੀ ਅਵਸਥਾ ਦਾ ਨਾਮ ਹੈ। ਸਬਰ-ਸੰਤੋਖ ਜਾਂ ਸਤ-ਸੰਤੋਖ ਸ਼ਬਦਾਂ ਦੀ ਵਰਤੋਂ ਜਿਵੇਂ ਇਕੱਠੀ ਕੀਤੀ ਜਾਂਦੀ ਹੈ, ਤਿਵੇਂ ਹੀ ਇਨ੍ਹਾਂ ਦੇ ਗੁਣਾਂ ਤੇ ਭਾਵਾਂ ਦਾ ਆਪੋ ਵਿਚਲੀ ਮੇਲ ਵੀ ਅਨਿਖੜਵਾਂ ਹੈ। ਸਬਰ ਵਾਲੀ ਅਵਸਥਾ ਮਨੁੱਖ ਨੂੰ ਸੰਤੋਖੀ, ਸਿਦਕੀ ਤੇ ਸਤ ਵਾਲਾ ਬਣਾਉਂਦੀ ਹੈ ਅਤੇ ਸਤ-ਸੰਤੋਖ ਵਾਲੇ ਪੁਰਸ਼ ਹੀ ਸਬਰ ਸਿਦਕ ਦੇ ਧਾਰਨੀ ਹੋ ਸਕਦੇ ਹਨ। ਇਸੇ ਲਈ ਗੁਰਦੇਵ ਇਸ ਨੂੰ "ਸਬਰੁ ਤੋਸਾ ਮਲਾਇਕਾ" (ਫ਼ਰਿਸ਼ਤਿਆਂ ਦੀ ਸਫ਼ਰੀ ਖੁਰਾਕ) ਕਰਕੇ ਸਦਦੇ ਹਨ।

ਸ਼ੇਖ ਫਰੀਦ ਜੀ ਤਾਂ ਮਨੁੱਖਾ ਜਨਮ ਦਾ ਪ੍ਰਯੋਜਨ ਹੀ 'ਸਬਰ' ਦੇ ਧਾਰਨੀ ਹੋਣਾ ਦਸਦੇ ਹਨ। ਆਪ ਫੁਰਮਾਉਂਦੇ ਹਨ—

ਸਬਰੁ ਏਹੁ ਸੁਆਉ, ਜੇ ਤੂੰ ਬੰਦਾ ਦਿੜੁ ਕਰਹਿ ॥
ਵਧਿ ਥੀਵਹਿ ਦਰੀਆਉ, ਟੁਟਿ ਨ ਥੀਵਹਿ ਵਾਹੜਾ ॥੧੧ ॥

[ਸਲੋਕ ਫਰੀਦ ਜੀ, ਪੰਨਾ ੧੩੮੩

(ਅਰਥ—ਸਬਰ ਨੂੰ ਧਾਰਨਾ ਹੀ ਤੇਰੇ ਮਨੁੱਖ-ਜਨਮ ਦਾ ਪ੍ਰਯੋਜਨ ਹੈ। ਹੇ ਬੰਦੇ! ਜੇ ਤੂੰ ਇਸ ਸ਼ੁਭ ਗੁਣ ਨੂੰ ਦ੍ਰਿੜ੍ਹ ਕਰੇਂ ਤਾਂ ਤੂੰ ਇਕ ਮਹਾਨ, ਵੱਡੀ ਨਦੀ (ਵਾਹਿਗੁਰੂ ਰੂਪ) ਹੋ ਜਾਏਂ, ਅਤੇ ਇਸ ਤੋਂ ਟੁੱਟ ਕੇ ਛੋਟਾ ਨਾਲਾ ਨਾ ਬਣੇਂ।)

ਸਿਖੀ ਵਿਚ 'ਸਿਮਰਨ' ਤੇ ਸੇਵਾ ਨੂੰ ਸ੍ਰੋਮਣੀ ਦਰਜਾ ਪ੍ਰਾਪਤ ਹੈ। 'ਸਿਮਰਨ' ਦੀ 'ਨੀਂਹ' 'ਸੇਵਾ' ਹੈ, ਅਤੇ 'ਸਫਲ ਸੇਵਾ' ਸਬਰ ਸੰਤੋਖ ਤੋਂ ਬਿਨਾਂ ਨਹੀਂ ਹੋ ਸਕਦੀ। ਗੁਰਦੇਵ ਇਸ ਸੱਚਾਈ ਨੂੰ 'ਆਸਾ ਜੀ ਵਾਰ' ਦੀਆਂ ਇਨ੍ਹਾਂ ਤੁਕਾਂ ਵਿਚ ਇਉਂ ਦਰਸਾਉਂਦੇ ਹਨ—

ਸੇਵ ਕੀਤੀ ਸੰਤੋਖੀੲ੍ਹੀ (ਸੰਤੋਖੀਆਂ ਨੇ),
ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ,
ਕਰਿ ਸੁਕ੍ਰਿਤੁ ਧਰਮੁ ਕਮਾਇਆ ॥੭॥

[ਆਸਾ ਕੀ ਵਾਰ, ਪੰਨਾ ੪੬੬-੬੭

ਸਬਰ-ਸੰਤੋਖ ਭਿੱਜੀ ਸ੍ਰੇਸ਼ਟ ਕਰਨੀ ਦੀ ਦਾਤਿ ਹੈ ਤਾਂ ਮਹਾਨ, ਪਰੰਤੂ, ਇਹ ਪ੍ਰਾਪਤ ਉਸ ਨੂੰ ਹੀ ਹੁੰਦੀ ਹੈ ਜਿਸ ਨੂੰ ਨਿਰੰਕਾਰ ਆਪ ਤਰੁਠ ਕੇ ਦੇਵੇ। ਪੰਜਵੇਂ ਗੁਰਦੇਵ ਜੀ ਦਾ ਫ਼ੁਰਮਾਨ ਹੈ—

ਸਤੁ ਸੰਤੋਖੁ ਦਇਆ ਕਮਾਵੈ, ਏਹ ਕਰਣੀ ਸਾਰ ॥
ਆਪੁ ਛੋਡਿ ਸਭ ਹੋਇ ਰੇਣਾ, ਜਿਸੁ ਦੇਇ ਪ੍ਰਭੁ ਨਿਰੰਕਾਰੁ ॥੩॥੬੫॥

[ਸਿਰੀ ਰਾਗੁ ਮ: ੫, ਪੰਨਾ ੧

ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਕਾਮਲ ਮੁਰੀਦ (ਸਿੱਖ) ਦੇ ਲੱਛਣ ਦਸਦੇ ਹੋਏ ਫ਼ੁਰਮਾਉਂਦੇ ਹਨ ਕਿ—

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।
ਸਬਰ ਸਿਦਕਿ ਸਹੀਦੁ ਭਰਮ ਭਉ ਖੋਵਣਾ।

[ਵਾਰ ੩ ਪਉੜੀ ੧੮

ਗੁਰੂ ਅੰਗਦ ਸਾਹਿਬ ਦੇ ਸਾਹਿਬਜ਼ਾਦੇ ਬਾਬਾ ਦਾਤੂ ਜੀ, ਗੁਰੂ ਅਰਜਨ ਦੇਵ ਜੀ ਨਾਲ ਆਪਣੀ ਕਠੋਰ ਕਰਨੀ ਪ੍ਰਤ ਇਉਂ ਪਛਤਾਉਂਦੇ ਹਨ :—

ਗੁਨ ਬਿਹੀਨ ਪੂਜ ਕਹਾਂ, ਵਿਦਿਆ ਬਿਨ ਮਾਨਾ ॥
ਜੋਤ ਕਹਾਂ ਬਿਨ ਮੂਰਤ, ਮਨ-ਚਿਤ ਬਿਨ ਧਿਆਨਾ ॥

ਬਿਨ ਸੰਤੋਖ ਫਿਰ ਸੁਖ ਕਹਾਂ, ਤਪ ਬਿਨ ਨ ਰਾਜੁ ॥
ਗਿਆਨ ਕਹਾਂ ਬਿਨ ਸਤਿਗੁਰੂ, ਸੇਵਾ ਬਿਨ ਲਾਜੁ ॥

[ਗੁਰ ਪ੍ਰਤਾਪ ਸੂਰਜ

ਗਿਆਨ ਰਤਨਾਵਲੀ ਵਿਚ ਸੰਤੋਖ (ਸਬਰ) ਨੂੰ ਪ੍ਰਭੂ-ਪ੍ਰਾਪਤੀ ਦੇ ਚਹੁੰ ਦਰਵਾਜ਼ਿਆਂ ਵਿਚੋਂ ਇਕ ਦਰਵਾਜ਼ਾ ਮੰਨਿਆ ਹੈ। ਲਿਖਿਆ ਹੈ— "ਮਹਾਰਾਜ ਮਿਲਣ ਦੇ ਚਾਰ ਦੁਆਰੇ ਹੇਨ, ਪ੍ਰਿਥਮੇ ਸਤਿਸੰਗ ਹੈ, ਦੁਤੀਏ ਸਤਜ ਹੈ, ਤੀਸਰਾ ਸੰਤੋਖ ਹੈ ਅਤੇ ਚੌਥਾ ਸਮਦਮ (ਮਨ ਤੇ ਇੰਦ੍ਰੀਆਂ ਨੂੰ ਵਿਕਾਰ ਵਾਸਨਾ ਤੇ ਵਿਸ਼ਿਆਂ ਤੋਂ ਰੋਕਣਾ) ਹੈ। ਅਤੀਤ ਹੋਵੇ ਭਾਵੇਂ ਗ੍ਰਿਹਸਤੀ, ਇਨ੍ਹਾਂ ਚਹੁੰ ਦੁਆਰਿਆਂ ਵਿਚ ਜੋ ਆਵੇਗਾ, ਸਈ ਗੁਰੂ (ਵਾਹਿਗੁਰੂ) ਨੂੰ ਪ੍ਰਾਪਤ ਹੋਵੇਗਾ।"

ਕਿਉਂਕਿ ਸਬਰ 'ਰਾਜ਼ੀ ਬਰ ਰਜ਼ਾ' ਤੇ ਕਸ਼ਟਾਂ ਵਿਚ ਵੀ ਚੜ੍ਹਦੀ ਕਲਾ ਵਿਚ ਰਹਿਣ ਤੇ ਪੁਰਸ਼ਾਰਥ ਕਰਨ ਵਾਲੀ ਅਵਸਥਾ ਦਾ ਲਖਾਇਕ ਹੈ, ਏਸ ਲਈ ਇਸ ਦੀ ਹੋਂਦ ਨੂੰ ਬੀਰਤਾ ਅਤੇ ਇਸ ਦੇ ਅਭਾਵ ਨੂੰ ਕਾਇਰਤਾ ਮੰਨਿਆ ਗਿਆ ਹੈ। ਨਿਊਟਨ ਵਰਗੇ ਮਹਾਨ ਵਿਗਿਆਨਕ ਦਾ ਕਥਨ ਹੈ ਕਿ ਉਹ ਜੋ ਕੁਝ ਵੀ ਕਰ ਸਕਿਆ ਉਹ ਸਬਰ-ਭਰਪੂਰ ਵੀਚਾਰਾਂ ਦੇ ਫਲ-ਸਰੂਪ ਸੀ। ਬੈਂਜਾਮਿਨ ਡਿਸਰੇਲੀ ਤਾਂ ਇਸ ਨੂੰ ਯੋਗਤਾ ਦਾ ਇਕ ਵਿਸ਼ੇਸ਼ ਅੰਗ ਮੰਨਦਾ ਹੈ। ਸੰਸਾਰ ਵਿਚ ਚੂੰਕਿ ਸਫਲਤਾ ਦਾ ਆਧਾਰ ਯੋਗਤਾ ਹੈ, ਇਸ ਲਈ ਸਫਲ ਜੀਵਨ ਲਈ ਧੀਰਜ (ਸਬਰ) ਹੋਰ ਵੀ ਵਧੇਰੇ ਲੋੜੀਂਦੀ ਵਸਤੂ ਹੈ। ਅਸਲ ਵਿਚ ਇਹ ਸਫਲਤਾ ਦੀ ਕੁੰਜੀ ਹੈ।

ਭਾਵੇਂ, ਅਸੀਂ ਸਾਰੇ, ਵੱਡੇ ਆਦਮੀ ਨਹੀਂ ਬਣ ਸਕਦੇ, ਪਰੰਤੂ ਸਬਰ ਦੇ ਧਾਰਨੀ ਤਾਂ ਹੋ ਸਕਦੇ ਹਾਂ, ਅਤੇ ਇਸ ਉੱਤਮ ਧਨ ਦੇ ਟਿਕਾਉ ਲਈ ਦਸਮ ਪਾਤਸ਼ਾਹ ਦੇ ਕਥਨ ਅਨੁਸਾਰ, ਇਸ ਤਨ ਨੂੰ 'ਧੀਰਜ-ਧਾਮ'* (ਧੀਰਜ ਦਾ ਘਰ) ਤਾਂ ਬਣਾ ਸਕਦੇ ਹਾਂ।

*ਧੀਰਜ ਧਾਮ ਬਨਾਇ ਇਹੈ ਤਨ, ਬੁਧਿ ਸੁ ਦੀਪਕ ਜਿਉ ਉਜੀਆਰੈ ॥
(ਸ੍ਰੀ ਦਸਮੇਸ਼)

ਜੇ ਅਸੀਂ ਜ਼ਰਾ ਨੀਝ ਲਾ ਕੇ ਤੱਕੀਏ ਤਾਂ ਸਾਨੂੰ ਸਾਡੇ ਆਲੇ-ਦੁਆਲੇ ਕੁਦਰਤ ਵਿਚ ਹਰ ਪਾਸੇ ਸਬਰ ਤੇ ਸਬਰ ਤੋਂ ਪ੍ਰਾਪਤ ਮਿੱਠੇ ਫਲ ਦਾ ਪ੍ਰਗਟਾਵਾ ਦਿਸੇਗਾ। ਮਾਲੀ ਬੂਟਾ ਲਾ ਕੇ ਫਲ ਦੀ ਉਡੀਕ ਕਰਦਾ ਹੈ, ਕਿਸਾਨ ਨੂੰ ਫਸਲ ਬੀਜ ਕੇ ਉਸ ਦੇ ਪੱਕਣ ਤਕ ਅਵੱਸ਼ ਉਡੀਕ ਕਰਨੀ ਪੈਂਦੀ ਹੈ। ਅਸੀਂ, ਸਬਰ ਦਾ ਸਬਕ, ਨਿੱਕੇ ਨਿੱਕੇ ਕੀੜਿਆਂ ਮਕੌੜਿਆਂ ਦੀ ਦੁਨੀਆ ਤੋਂ ਵੀ ਸਿਖ ਸਕਦੇ ਹਾਂ। ਕਿਤਨੀ ਧੀਰਜ, ਲਗਨ ਤੇ ਪੁਰਸਾਰਥ ਨਾਲ ਉਹ ਆਪਣੇ ਕੰਮ ਵਿਚ ਜੁੱਟੇ ਵੇਖੇ ਜਾਂਦੇ ਹਨ। ਵੇਖੋ, ਮਕੜੀ ਕਿਤਨੀ ਧੀਰਜ-ਭਰਪੂਰ ਮਿਹਨਤ ਨਾਲ ਆਪਣਾ ਜਾਲਾ ਤਣਦੀ ਹੈ।

ਵਰਤਮਾਨ ਵਿਗਿਆਨਕ-ਯੁੱਗ, ਰਫ਼ਤਾਰ ਦਾ ਯੁੱਗ ਹੈ; ਪਰੰਤੂ, ਇਸ ਵਿਚ ਵੀ ਸਬਰ ਹੀ ਸਾਨੂੰ ਮਾਰੂ ਹਾਦਸਿਆਂ ਤੋਂ ਬਚਾਉਂਦਾ ਹੈ। 'ਕਾਹਲੀ ਅੱਗੇ ਟੋਏ' ਇਕ ਪੁਰਾਣਾ, ਪਰ ਸੱਚਾਈ-ਭਰਪੂਰ ਕਥਨ ਹੈ। ਬੇਸਬਰੀ ਨਾਲ ਚਲਾਈਆਂ ਮੋਟਰ-ਗੱਡੀਆਂ ਭਿਆਨਕ ਹਾਦਸਿਆਂ ਦਾ ਕਾਰਨ ਬਣਦੀਆਂ ਹਨ। 'ਆਖਰ', ਕੁਝ ਸਕਿੰਟਾਂ ਜਾਂ ਮਿੰਟਾਂ ਦੀ ਕਾਹਲ ਹੀ ਹਾਦਸੇ ਦਾ ਸਬੱਬ ਹੁੰਦੀ ਤੇ ਅਜਾਈਂ ਮੌਤਾਂ ਦਾ ਕਾਰਨ ਬਣਦੀ ਹੈ।

ਭਾਵੇਂ ਸਬਰ ਦੇ ਅਨੇਕ ਗੁਣ ਹਨ ਅਤੇ ਮਨੁੱਖੀ ਸਫਲ-ਜੀਵਨ ਲਈ ਇਹ ਅਮੁਲੀਕ ਰਤਨ ਹੈ, ਪ੍ਰੰਤੂ, ਸਿਆਣਿਆਂ ਦੇ ਕਥਨ ਅਨੁਸਾਰ ਸਬਰ ਦੀ ਵੀ ਹੱਦ ਹੁੰਦੀ ਹੈ। ਜਦ ਸਬਰ, ਜਬਰ ਤੇ ਅਤਿਆਚਾਰ ਜਾਂ ਹੋਰ ਬੁਰਾਈਆਂ ਦੇ ਸਾਹਮਣੇ ਸਿਰ ਸੁੱਟ ਕੇ ਬਹਿ ਜਾਵੇ, ਅਤੇ ਉਨ੍ਹਾਂ ਨੂੰ ਅਟੱਲ ਹੋਣੀ ਮੰਨ ਕੇ, ਉਨ੍ਹਾਂ ਵਿਰੁਧ ਚਾਰਾਜੋਈ ਕਰਨ ਲਈ ਕਮਰ-ਕੱਸਾ ਨਾ ਕਰੇ, ਉਸ ਦਾ ਖੂਨ ਨਾ ਖੌਲੇ, ਦਿਲ ਵਿਚ ਕਸੀਸ ਨਾ ਉਠੇ, ਤਾਂ ਸਮਝ ਲਵੋ ਕਿ ਸਬਰ ਕਾਇਰਤਾ ਵਿਚ ਬਦਲ ਕੇ ਇਕ ਅੱਤਿ ਘਿਰਣਤ ਔਗਣ ਬਣ ਚੁਕਾ ਹੈ। ਐਸੀ ਅਵਸਥਾ ਵਿਚ ਤਾਂ, ਸਬਰ ਨੂੰ ਦੇਵਤਿਆਂ ਦਾ ਭੋਜਨ ਦਸਣ ਵਾਲੇ ਗੁਰਦੇਵ, ਆਪ ਵੀ ਬਾਬਰ ਦੇ ਅਤਿਆਚਾਰਾਂ ਵਿਰੁਧ ਹੱਕ ਤੇ ਆਹ ਦਾ ਨਾਅਰਾ ਮਾਰਨੋਂ ਨਾ ਰੁਕ ਸਕੇ। ਅਜਿਹੇ

ਹਾਲਾਤ ਵਿਚ ਕਿਸੇ ਦਾ ਰੂਪ ਧਾਰਨਾ ਇਕ ਤਰ੍ਹਾਂ ਅਨਿਆਏ ਉੱਤੇ ਆਪਣੀ ਰਜ਼ਾ-ਮੰਦੀ ਦੀ ਮੋਹਰ ਲਾ ਕੇ ਜਬਰ ਨੂੰ ਜਾਇਜ਼ ਕਰਾਰ ਦੇਣਾ ਹੈ। ਜਿਵੇਂ ਸਿਆਣਿਆਂ ਨੇ ਚੋਣ ਜਾਂ ਵਿਵੇਕ ਬੁਧੀ (discretion) ਨੂੰ ਬੀਰਤਾ ਦਾ ਇਕ ਵੱਡਾ ਅੰਗ ਦਸਿਆ ਹੈ, ਤਿਵੇਂ ਇਹੀ ਬੁੱਧੀ, 'ਸਬਰ' ਦੀ ਵਰਤੋਂ ਦਾ ਵੀ, ਅਹਿਮ ਹਿੱਸਾ ਹੈ। ਸਬਰ, ਅਸਲ ਵਿਚ, ਕਿਸੇ ਬੁਰਿਆਈ ਨੂੰ ਹੋਣੀ ਮੰਨ ਕੇ ਸਹਿ ਜਾਣ ਵਾਲੀ ਵਸਤੂ ਨਹੀਂ।

ਗੁਰਮਤਿ ਵਿਚ ਮਨੋਰਥ ਤੇ ਮਨੋਰਥ-ਸਿੱਧੀ ਦੇ ਸਾਧਨਾਂ ਨੂੰ ਇੱਕੋ ਜਿਹਾ ਉੱਤਮ ਹੋਣਾ ਮੰਨਿਆ ਗਿਆ ਹੈ। ਸੰਸਾਰ ਦੀ ਇਹ ਨੀਤੀ ਕਿ 'End justifies the means (ਮਨੋਰਥ ਦੀ ਪ੍ਰਾਪਤੀ, ਵਰਤੇ ਸਾਧਨਾਂ ਨੂੰ ਹੱਕ ਬਜਾਨਬ ਕਰਾਰ ਦੇਂਦੀ ਹੈ) ਗੁਰਮਤਿ ਦੇ ਆਸ਼ੇ ਵਿਰੁਧ ਹੈ। ਸੱਚ ਦੀ ਪ੍ਰਾਪਤੀ ਲਈ ਪਾਪ ਦੇ ਸਾਧਨ ਵਰਤਣੇ ਤੇ ਧਰਮ ਦੀ ਆਸ ਕਰਨੀ ਇਵੇਂ ਹੀ ਹੈ ਜਿਵੇਂ, ਕਿੱਕਰ ਬੀਜ ਕੇ ਅੰਗੂਰਾਂ ਦੀ ਉਡੀਕ ਕਰਨੀ।

ਪਾਪ ਰੂਪੀ, ਅਧਰਮ ਵਿਚੋਂ ਧਰਮ ਕਦਾਚਿਤ ਪੈਦਾ ਨਹੀਂ ਹੋ ਸਕਦਾ। ਜੇ, 'ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ' ਉੱਤੇ ਸਾਡਾ ਪਰਪੱਕ ਨਿਸਚਾ ਹੈ ਤਾਂ ਫੇਰ ਧਾਰਮਿਕ ਮੰਤਵ ਲਈ ਕੂੜ ਦੇ ਸਾਧਨਾਂ ਦੀ ਵਰਤੋਂ ਕਿਉਂ? ਜਿਵੇਂ ਹਰ ਅਸਲ ਦੀ ਨਕਲ ਤੁਰ ਪੈਂਦੀ ਹੈ, ਤਿਵੇਂ ਇਸ ਉੱਤਮ ਗੁਣ ਨੂੰ ਵੀ ਬਹੁਰੂਪੀਏ ਤੇ ਸੁਆਰਥੀ ਲੋਕ ਆਪਣੇ ਨੀਵੇਂ ਉਦੇਸ਼ਾਂ ਲਈ ਵਰਤ ਲੈਂਦੇ ਹਨ। ਜਿਵੇਂ ਅਪਰਾਧੀ, ਸ਼ਿਕਾਰੀ-ਜਾਨਵਰ ਵਾਂਗ, ਦੂਣੀ ਨਿਮਰਤਾ ਧਾਰਨ ਕਰ ਲੈਂਦਾ ਹੈ, ਤਿਵੇਂ ਜੇ ਕੋਈ ਸਮਣ ਬਦਲਾ* ਲੈਣ ਲਈ ਮਾਰੂ ਵਾਰ ਕਰਨ ਹਿਤ ਸਬਰ ਨਾਲ ਮੌਕੇ ਦੀ ਉਡੀਕ ਕਰਦਾ ਹੈ ਤਾਂ ਉਹ ਸਬਰ ਗੁਣ ਨਹੀਂ, ਔਗੁਣ ਹੈ, ਬੁਰਾਈ ਹੈ। ਅਜਿਹਾ ਕਰਨਾ ਇਸ ਸੁਨਹਿਰੀ ਨੇਮ ਦੀ ਦੁਰ-ਵਰਤੋਂ ਹੈ, ਉਲੰਘਣਾ ਹੈ।

*ਅਪਰਾਧੀ ਦੂਣਾ ਨਿਵੈ, ਜੋ ਹੰਤਾ ਮਿਰਗਾਹਿ ॥੧॥੧੪॥
(ਆਸਾ ਦੀ ਵਾਰ)

ਕੁਝ ਪਛਮੀ ਵਿਦਵਾਨਾਂ ਦੇ ਵਿਚਾਰ—

੧. ਸਬਰ ਰਖ ਸਕਣ ਵਾਲਾ ਮਨੁੱਖ ਸੰਸਾਰ ਦੀ ਹਰ ਉਹ ਵਸਤੂ ਪ੍ਰਾਪਤ ਕਰ ਸਕਦਾ ਹੈ ਜਿਸ ਦੀ ਕਿ ਉਹ ਇੱਛਾ ਰਖਦਾ ਹੋਵੇ । (ਫ਼ਰੈਂਕਲਿਨ)

੨. ਉਹ ਕਿਤਨੇ ਕੰਗਾਲ ਹਨ ਜੋ ਸਬਰ ਦੀ ਪੂੰਜੀ ਨਹੀਂ ਰਖਦੇ । (ਸ਼ੇਖਸਪੀਅਰ)

੩. ਸਬਰ ਨਾਲ ਉਡੀਕ ਕਰਨਾ ਵਾਹਿਗੁਰੂ ਦੇ ਭਾਣੇ ਨੂੰ ਮੰਨਣ ਦਾ ਸਭ ਤੋਂ ਉਤਮ ਢੰਗ ਹੈ। (ਕੈਲੀਨਰ)

੪. ਸਬਰ ਹਰੇਕ ਲਈ ਖ਼ੁਸ਼ੀ ਤੇ ਤਾਕਤ ਦੀ ਜੜ੍ਹ ਹੈ। (ਰਸਕਿਨ)

੫. ਸੰਸਾਰ ਵਿਚ ਇਕ ਐਸੀ ਆਸ਼ਾ ਵੀ ਹੈ ਜੋ ਨਾ ਕਦੀ ਅਧੀਰ ਹੁੰਦੀ ਹੈ ਅਤੇ ਨਾ ਹੀ ਵਿਦਿਆ ਦੇ ਵਧਣ ਨਾਲ ਘਟਦੀ ਹੈ। ਇਸ ਸਮੇਂ ਇਹ ਕੇਵਲ ਆਪਣਾ ਨਾਂ ਬਦਲ ਲੈਂਦੀ ਹੈ ਅਤੇ ਫੇਰ ਇਸ ਨੂੰ ਆਖਦੇ ਹਨ—'ਸਬਰ'। (ਬੁਲਵਰ)

੬. ਪ੍ਰਭੂ ਦੀਆਂ ਅਸਲ 'ਬਖ਼ਸ਼ਸ਼ਾਂ' ਕਈ ਵੇਰ ਸਾਡੇ ਉਤੇ ਦੁੱਖ, ਘਾਟੇ ਤੇ ਨਿਰਾਸ਼ਾ ਦੇ ਰੂਪ ਵਿਚ ਪਰਗਟ ਹੁੰਦੀਆਂ ਹਨ; ਪਰੰਤੂ, ਸਾਨੂੰ 'ਸਬਰ' ਤੋਂ ਕੰਮ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਅਸੀਂ ਫੇਰ ਸ਼ੀਘਰ ਹੀ ਉਨ੍ਹਾਂ ਨੂੰ ਅਸਲੀ ਰੂਪ ਵਿਚ ਵੇਖਾਂਗੇ। (ਐਡੀਸਨ)

੭. ਧੀਰਜ (ਸਬਰ) ਬੀਰਤਾ ਨਾਲ ਇਤਨੀ ਮਿਲਦੀ ਜੁਲਦੀ ਹੈ ਕਿ ਇਹ ਜਾਂ ਤਾਂ ਉਸ ਦੀ ਭੈਣ ਹੈ ਜਾਂ ਪੁਤਰੀ। (ਅਰਿਸਟੋਟਲ)

੮. ਸਬਰ ਆਤਮਾ ਨੂੰ ਬਲਵਾਨ ਬਣਾਉਂਦਾ ਹੈ, ਸੁਭਾ ਨੂੰ ਮਿੱਠਾ ਕਰਦਾ ਹੈ, ਕਰੋਧ ਨੂੰ ਮਾਰਦਾ ਹੈ, ਹੰਕਾਰ ਨੂੰ ਦਬਾਉਂਦਾ ਹੈ, ਜੋਸ਼ ਨੂੰ ਲਗਾਮ ਦੇਂਦਾ ਹੈ, ਹੱਥ ਨੂੰ ਰੋਕਦਾ ਹੈ ਅਤੇ ਖ਼ਾਹਸ਼ਾਂ (ਕਾਮਨਾਵਾਂ) ਨੂੰ ਲਤਾੜਦਾ ਹੈ। (ਬੀ. ਪੀ. ਹੋਰਨ)

੯. ਐਸੇ ਸਮੇਂ ਵੀ ਹੁੰਦੇ ਹਨ ਜਦ ਪ੍ਰਭੂ ਆਪਣੇ ਬੱਚਿਆਂ ਪਾਸੋਂ ਕੇਵਲ

ਚੁਪ, ਸਬਰ ਤੇ ਅੱਥਰੂਆਂ ਦੀ ਮੰਗ ਕਰਦਾ ਹੈ।
(ਸੀ. ਐਸ. ਰੌਬਿਨਸਨ)

੧੦. ਜੋ ਅਸੀਂ ਹਾਂ, ਉਸ ਉਤੇ ਸੰਤੋਖ ਕਰਨਾ ਤਾਂ ਉਚਿਤ ਹੈ, ਪਰੰਤੂ ਜੋ ਕੁਝ ਸਾਡੇ ਪਾਸ ਹੈ ਉਸ ਉਤੇ ਕਦਾਚਿਤ ਨਹੀਂ। (ਮੈਕਿਨ ਟੋਸ)

੧੧. ਸਬਰ ਸੰਤੋਖ ਵਾਲਾ ਆਦਮੀ ਕਦੀ ਗਰੀਬ ਨਹੀਂ ਹੁੰਦਾ ਅਤੇ ਅਸੰਤੋਖੀ ਅਮੀਰ ਨਹੀਂ।

੧੨. ਕਿਉਂਕਿ, ਜੋ ਕੁਝ ਅਸੀਂ ਚਾਹੁੰਦੇ ਹਾਂ ਓਹ ਪ੍ਰਾਪਤ ਨਹੀਂ ਕਰ ਸਕਦੇ, ਇਸ ਲਈ ਜੋ ਕੁਝ ਸਾਡੇ ਪਾਸ ਹੈ ਉਸ ਨੂੰ ਪਸੰਦ ਕਰਨਾ ਸਿਖੋ। (ਸਪੇਨੀ ਅਖੌਤ)

੧੩. ਸਬਰ ਇਕ ਅਦੁਤੀ ਬਲ ਹੈ। ਦੇਖੋ, ਸਮੇਂ ਤੇ ਸਬਰ ਨਾਲ ਸ਼ਹਤੂਤ ਦਾ ਪੱਤਾ ਸਿਲਕ ਵਿਚ ਬਦਲ ਜਾਂਦਾ ਹੈ।

੧੪. ਨਿੱਕੀਆਂ ਨਿੱਕੀਆਂ ਗੱਲਾਂ ਵਿਚ ਧੀਰਜਵਾਨ ਰਹੋ। ਨਿੱਤਪ੍ਰਤਿ ਦੀ ਖਿੱਚਾ ਖਿੱਚੀ ਤੇ ਤਲਖ਼ ਹਕੀਕਤਾਂ ਨੂੰ ਜਰਨਾ ਸਿੱਖੋ। ਫੇਰ ਜਦੋਂ ਅਚਿੰਤੇ ਤੁਹਾਨੂੰ ਕੋਈ ਬਿਪਤਾ ਆ ਪਵੇਗੀ ਤਾਂ ਤੁਹਾਡੀ ਤਾਕਤ ਤੁਹਾਡਾ ਸਾਥ ਨਹੀਂ ਛੱਡੇਗੀ। (ਡਬਲਯੂ, ਐਸ, ਪਲੂਮਰ)

੧੫. ਸਬਰ ਕੌੜਾ ਹੈ, ਪਰੰਤੂ ਇਸ ਦਾ ਫਲ ਮਿੱਠਾ। (ਰੂਸੋ)

੧੬. ਸਵਾਰਥ ਨੇ ਸਦਾ ਹੀ ਅਤਿ ਸਿਆਣਿਆਂ ਨੂੰ ਵੀ ਅੰਨ੍ਹੇ (ਅਗਿਆਨੀ) ਕਰ ਛੱਡਿਆ ਹੈ। (ਡ੍ਰਿਡਨ)

੧੭. ਜੋ ਬਦਲ ਸਕਦੇ ਹੋ, ਬਦਲ ਦਿਓ, ਪਰ, ਜੋ ਤੁਸੀਂ ਬਦਲ ਨਹੀਂ ਸਕਦੇ, ਉਸ ਨਾਲ ਸਾਬਰ ਹੋ ਕੇ ਜੀਊਣਾ ਸਿਖੋ।

ਬੁਰਾ ਨਹੀ ਸਭੁ ਭਲਾ ਹੀ ਹੈ ਰੇ

ਹਾਰ ਨਹੀ ਸਭ ਜੇਤੇ ॥

(ਸ੍ਰੀ ਗੁਰੂ ਨਾਨਕ ਦੇਵ ਜੀ)

ਮਨੁੱਖ ਦੀ ਮਨੋ-ਵਿਗਿਆਨਕ ਬਣਤਰ ਬਾਰੇ ਕੋਈ ਵੀਚਾਰ, ਦਰਸ਼ਨ ਵੀ ਉਤਨਾ ਚਿਰ ਸੰਪੂਰਨ ਨਹੀਂ ਕਿਹਾ ਜਾ ਸਕਦਾ, ਜਿਤਨਾ ਚਿਰ ਉਹ ਸੰਸਾਰ, ਅਥਵਾ, ਮਨੁੱਖੀ ਸੁਭਾਵ ਵਿਚ ਵਾਪਰ ਰਹੇ ਬਦੀ ਦੇ ਅੰਸ਼ ਨੂੰ ਵੀ, ਵੀਚਾਰ-ਅਧੀਨ ਨਹੀਂ ਲਿਆਉਂਦਾ। ਦੁਖ ਸੁਖ ਵਾਂਗ ਪਾਪ ਤੇ ਪੁੰਨ ਇਕੋ ਹੀ ਤਸਵੀਰ ਜਾਂ ਸਿੱਕੇ ਦੇ ਦੋ ਪਾਸੇ ਹਨ। ਜੀਵਨ-ਸੰਘਰਸ਼ ਅਤੇ ਸੰਸਾਰ ਦੀ ਤੋਰ ਲਈ ਇਨ੍ਹਾਂ ਦੋਹਾਂ ਵਿਰੋਧੀ ਭਾਵਾਂ ਦਾ ਮੇਲ ਇਵੇਂ ਹੀ ਕੁਦਰਤੀ ਪ੍ਰਤੀਤ ਹੁੰਦਾ ਹੈ, ਜਿਵੇਂ ਕੁਦਰਤ ਵਿਚ ਜਲ-ਅਗਨੀ ਦਾ ਮੇਲ*।

ਮਨੁੱਖ ਆਦਿ ਕਾਲ ਤੋਂ ਹੀ 'ਬੁਰਾਈ' ਵਿਰੁੱਧ ਵੱਡਾ ਘੋਲ ਕਰਦਾ ਆਇਆ ਹੈ। ਪੁਰਾਤਨ ਸਾਖੀਆਂ, ਦੇਵਤਿਆਂ ਤੇ ਦੈਂਤਾਂ ਦੇ ਆਪੋ ਵਿਚ ਦੇ ਯੁਧ-ਜੰਗ ਤੇ ਅੰਜੀਲ ਅਨੁਸਾਰ ਮੁੱਢਲੇ ਮਨੁੱਖ ਦਾ ਆਪਣੇ ਰਚਨਹਾਰੇ ਦੀ ਅਵੱਗਿਆ ਕਰਨ ਦੇ ਅਪਰਾਧ ਵਿਚ ਸੁਰਗੋਂ ਕਢੇ ਜਾਣਾ, ਬੁਰਾਈ ਦੀ ਹੋਂਦ ਨੂੰ ਆਦੀ ਦਰਸਾਉਂਦਾ ਹੈ। ਹਰੇਕ ਮੱਤ ਨੇ ਇਸ ਨੂੰ ਇਕ ਜਾਂ ਦੂਜੀ ਸ਼ਕਲ ਵਿਚ ਸਵੀਕਾਰ ਕੀਤਾ ਹੈ। ਕਿਸੇ ਨੇ ਇਸ ਦਾ ਨਾਉਂ 'ਮਾਇਆ' ਰਖ ਲਿਆ, ਕਿਸੇ ਨੇ 'ਅਹਿਰਮਨ' ਤੇ ਕਿਸੇ ਨੇ 'ਸ਼ੈਤਾਨ'।

ਸਾਰੇ ਧਾਰਮਕ ਫ਼ਲਸਫ਼ੇ, ਸਿਧਾਂਤਕ ਤੌਰ ਉੱਤੇ, ਇਸ ਗੱਲ ਉਤੇ ਸਹਿਮਤ ਹਨ ਕਿ ਪੁੰਨ ਤੇ ਪਾਪ, ਪ੍ਰਕਾਸ਼ ਤੇ ਅੰਧੇਰਾ, ਜ਼ਿੰਦਗੀ ਵਿਚ ਧੁੱਪ

---

*ਪਉਣੁ ਉਪਾਇ ਧਰੀ ਸਭ ਧਰਤੀ, ਜਲ ਅਗਨੀ ਕਾ ਬੰਧੁ ਕੀਆ ॥੧॥੩॥
[ਆਸਾ ਮ: ੧, ਪੰਨਾ ੩੫੦

ਛਾਂ ਦੀ ਨਿਆਈਂ ਇਕ ਦੂਜੇ ਦੀ ਹੋਂਦ ਨੂੰ ਚਮਕਾਉਣ ਹਿਤ ਜ਼ਰੂਰੀ ਹਨ। ਅਸਲ ਵਿਚ ਹੋਂਦ ਤਾਂ 'ਕੇਵਲ ਜੋਤ' ਦੀ ਹੈ, ਪ੍ਰਕਾਸ਼ ਦੀ ਹੀ ਹੈ, ਪਰੰਤੂ, ਇਸ ਨੂੰ ਉਸ ਦੇ ਵਿਰੋਧੀ ਗੁਣ ਤੋਂ ਬਿਨਾਂ ਅਨੁਭਵ ਕਰ ਸਕਣਾ ਸੰਭਵ ਨਹੀਂ। 'ਕੇਵਲ ਪਾਪ' ਜਾਂ 'ਬੁਰਾਈ' ਆਪਣੀ ਜ਼ਾਤ ਵਿਚ ਟਿਕਣੀ ਅਸੰਭਵ ਹੈ। ਬੁਰਾਈ ਅਸਲ ਵਿਚ ਚੰਗਿਆਈ ਦੀ ਘਾਟ ਜਾਂ ਪਰਗਟ ਰੂਪ ਵਿਚ ਅਲੋਪਤਾ ਦਾ ਨਾਮ ਹੈ। ਜ਼ਿੰਦਗੀ ਤੇ ਮੌਤ, ਸੰਜੋਗ ਤੇ ਵਿਜੋਗ, ਧੁੱਪ ਤੇ ਛਾਂ, ਦਿਨ ਤੇ ਰਾਤ ਪਰਗਟ ਕਰਦੇ ਹਨ ਕਿ ਸੰਸਾਰ ਵਿੱਚ, ਇਹ ਵਿਰੋਧੀ ਪੱਖ ਵਾਲੀ ਅਵਸਥਾ ਕਿਵੇਂ ਵਾਪਰ ਰਹੀ ਹੈ। ਪ੍ਰਤੀਤ ਹੁੰਦਾ ਹੈ, ਜਿਵੇਂ ਇਹ ਨੇਮ ਜੀਵਨ ਦੇ ਹਰ ਪਹਿਲੂ ਉੱਤੇ ਛਾ ਗਿਆ ਹੈ। ਪਰੰਤੂ ਸੂਖਮ ਵਿਸ਼ਲੇਸ਼ਣ ਤੋਂ ਸਿੱਧ ਹੋਵੇਗਾ ਕਿ ਇਹ ਮਨੁੱਖੀ ਮਨ ਦਾ ਭੁਲੇਖਾ ਹੈ, ਭਰਮ ਹੈ। ਅਸਲ ਵਿਚ ਇਹ ਦਿਸਦੀ ਅਨੇਕਤਾ ਦਵੈਤ ਨਹੀਂ, ਸਗੋਂ ਏਕਤਾ ਹੀ ਹੈ ਅਤੇ ਇਹੋ ਗੁਣ 'ਵਾਹਿਗੁਰੂ' ਦਾ ਸਦੀਵੀ ਤੇ ਸੁਲੱਖਣ ਨੇਮ ਹੈ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਇਹ ਦਵੈਤ ਭਾਵ ਵਾਲੀ ਅਵਸਥਾ ਸ੍ਰਿਸ਼ਟੀ ਵਿਚ ਇਕ ਸੂਖਮ ਤੇ ਬਲਵਾਨ ਸ਼ਕਤੀ ਬਣ ਕੇ ਵਾਪਰ ਰਹੀ ਹੈ। ਮਨੁੱਖਤਾ ਇਸ ਮੋਹ ਦੀ ਨਿੰਦਰਾ ਵਿਚ ਉਂਘਲਾ ਰਹੀ ਹੈ ਅਤੇ ਜਿਤਨਾ ਚਿਰ ਇਸ ਲੋਰੀ ਤੋਂ ਸੁਚੇਤ ਨਹੀਂ ਹੁੰਦੀ, ਉਤਨਾ ਚਿਰ ਜੀਵਨ-ਮੌਤ, ਪਾਪ-ਪੁੰਨ ਤੇ ਸ਼ਾਂਤੀ-ਅਸ਼ਾਂਤੀ ਦੇ ਧੰਧੂਕੇ ਵਿਚ ਏਧਰ ਓਧਰ ਡੋਲਦੀ ਰਹੇਗੀ। ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਵੇਖਿਆਂ ਪਤਾ ਲਗਦਾ ਹੈ ਕਿ ਇਹ ਦਿਸਦੀ ਦ੍ਵੈਤ-ਅਵਸਥਾ ਕੋਈ ਅਟੱਲ, ਅਸਲੀ ਜਾਂ ਸਦੀਵੀ ਵਸਤੂ ਨਹੀਂ। ਅਸੀਂ ਸਧਾਰਨ ਤੌਰ ਉਤੇ ਦਿਨ-ਰਾਤ ਤੇ ਧੁੱਪ-ਛਾਂ ਆਖਦੇ ਹਾਂ, ਪਰੰਤੂ, ਦੀਰਘ-ਦ੍ਰਿਸ਼ਟੀ ਤੇ ਪੜਚੋਲ ਨਾਲ ਵੇਖਣ ਉਪਰੰਤ ਇਹ ਨੁਕਤਾ ਸਪੱਸ਼ਟ ਹੋ ਜਾਂਦਾ ਹੈ ਕਿ ਅਸਲ ਵਿਚ ਕੇਵਲ ਧੁੱਪ ਦੀ ਹੋਂਦ ਹੀ ਹੈ, ਅਤੇ ਧੁੱਪ ਦੀ ਅਣਹੋਂਦ ਦਾ ਨਾਂ ਹੀ ਛਾਂ ਹੈ। ਪੂਰਨ ਅੰਧਕਾਰ ਕੋਈ ਵਸਤੂ ਨਹੀਂ, ਚਾਨਣ ਦੀਆਂ ਲਹਿਰਾਂ ਹਰ ਸਮੇਂ ਹਰ ਥਾਂ ਪ੍ਰਵੇਸ਼ ਕਰਦੀਆਂ ਰਹਿੰਦੀਆਂ ਹਨ। ਇਹ ਪਰਗਟ ਜਾਂ ਅਦ੍ਰਿਸ਼ਟ

ਰੂਪ ਵਿਚ ਹਰ ਥਾਂ ਮੌਜੂਦ ਹਨ। ਵਾਸਤਵ ਵਿਚ ਇਸ ਸਭ ਪਸਾਰੇ ਵਿਚ ਪ੍ਰਕਾਸ਼ ਹੀ ਪ੍ਰਕਾਸ਼ ਹੈ। ਇਹੋ ਹਾਲ ਪੁੰਨ ਤੇ ਪਾਪ ਸ਼ਕਤੀ ਦਾ ਹੈ। ਵਾਸਤਵ ਵਿਚ ਚੰਗਿਆਈ ਹੀ ਸਾਰੇ ਪਸਰ ਰਹੀ ਹੈ। ਬੁਰਿਆਈ (ਪਾਪ) ਤਾਂ ਚੰਗਿਆਈ ਦੀ ਘਾਟ ਦਾ ਹੀ ਨਾਂ ਹੈ। ਇਸ ਦੀ ਆਪਣੀ ਕੋਈ ਹਸਤੀ ਜਾਂ ਹੋਂਦ ਨਹੀਂ। ਬਾਕੀ ਵਿਰੋਧੀ ਗੁਣਾਂ ਵਾਲੇ ਜੋੜਿਆਂ ਉੱਤੇ ਵੀ ਇਹੀ ਨਿਯਮ ਲਾਗੂ ਹੁੰਦਾ ਹੈ। ਅਸੀਂ ਇਸ ਤੋਂ ਇਸ ਸਿੱਟੇ ਉੱਤੇ ਪੁੱਜਦੇ ਹਾਂ ਕਿ ਹੋਂਦ ਕੇਵਲ ਪਾਜ਼ਿਟਿਵ (Positive) ਵਸਤੂ ਦੀ ਹੀ ਹੈ, ਨੈਗਿਟਿਵ (Negative) ਦੀ ਨਹੀਂ।

ਮਨੁੱਖੀ ਮਨ ਵਿਚ ਇਹ ਸ਼ਕਤੀ ਨਹੀਂ ਕਿ ਇਹ ਪੂਰਨ ਪ੍ਰਕਾਸ਼ ਦੀ ਪ੍ਰਸੰਸਾ ਜਾਂ ਪਰਤੀਤ ਕਰ ਸਕੇ। ਅੰਧੇਰਾ ਹੀ ਇਸ ਚਾਨਣ ਨੂੰ ਪ੍ਰਕਾਸ਼ ਜਾਂ ਵਿਸ਼ਵ-ਰੂਪ ਹੋਣ ਦਾ ਸਾਧਨ ਹੈ। ਇਸ ਲਈ ਇਹ ਅੰਧੇਰਾ, ਪਾਪ ਜਾਂ ਬੁਰਾਈ ਨਹੀਂ, ਸਗੋਂ ਚੰਗਿਆਈ ਨੂੰ ਪਰਗਟ ਕਰਨ ਦਾ ਵਸੀਲਾ ਹੈ। ਇਹ ਅੰਧਕਾਰ ਧਰਤੀ ਉੱਤੇ ਇਸ ਪ੍ਰਕਾਸ਼ ਦਾ ਜਨਮ-ਦਾਤਾ* ਕਿਹਾ ਜਾ ਸਕਦਾ ਹੈ। ਇਹ ਪ੍ਰਕਾਸ਼ ਤੇ ਅੰਧਕਾਰ ਵਾਸਤਵ ਵਿਚ ਇਕ ਹਨ ਤੇ ਸ੍ਰਿਸ਼ਟੀ-ਰਚਨਾ ਦੇ ਆਦਿ ਕਾਲ ਤੋਂ ਇਸੇ ਤਰ੍ਹਾਂ ਤੁਰੇ ਆਏ ਹਨ ਅਤੇ, ਅੱਗੋਂ ਲਈ ਵੀ, ਜਦ ਤਕ ਸ੍ਰਿਸ਼ਟੀ-ਰਚਨਾ ਹੈ, ਇਵੇਂ ਹੀ ਲਗਾਤਾਰ ਯਾਤਰੀ ਤੁਰੇ ਜਾਣਗੇ।

ਜੇ ਅਸੀਂ ਸੰਸਾਰ ਵਿਚ ਪਾਪ ਦੀ ਹੋਂਦ ਨੂੰ ਵੀਚਾਰੀਏ ਤਾਂ ਵਰਤ ਰਹੇ ਜੁੱਗ ਦੀ ਸੂਝ ਬੂਝ ਦਾ, ਇਸ ਦੇ ਘਟ ਵਧ ਹੋਣ ਵਿਚ, ਕਾਫ਼ੀ ਹੱਥ ਹੈ। ਫ਼ਿਲਾਸਫ਼ਰ ਪਲੇਟੋ ਇਸ ਚੱਕਰ ਨੂੰ ਦੋ ਹਿੱਸਿਆਂ— 'ਉਪਜਾਊ ਜੁੱਗ' ਤੇ 'ਵੀਰਾਨ-ਜੁੱਗ' ਵਿਚ ਵੰਡਦਾ ਹੈ। ਜਦ 'ਤਾਰਾ ਪ੍ਰਕਾਸ਼' ਦਾ ਚੱਕਰ 'ਦੈਵੀ ਆਤਮਾ' ਨਾਲ ਇਕ-ਸੁਰ ਹੁੰਦਾ ਹੈ ਤਾਂ ਉਸ ਵੇਲੇ ਅਸੀਂ ਉਪਜਾਊ-ਜੁੱਗ (ਸਤਿਜੁਗ) ਦੇ ਚੱਕਰ ਵਿਚ ਹੁੰਦੇ ਹਾਂ ਤੇ ਸੰਸਾਰ ਉੱਤੇ ਸੁਖ ਤੇ ਸ਼ਾਂਤੀ

---

*ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ, ਸੁੰਨ ਸਮਾਧਿ ਲਗਾਇਦਾ ॥੧॥
[ਮਾਰੂ ਮ: ੧, ਪੰਨਾ ੧੦੩੫

ਹੁੰਦੀ ਹੈ। ਅਜਿਹੇ ਸਮੇਂ ਬ੍ਰਿਛਾਂ, ਪਸ਼ੂਆਂ ਤੇ ਧਾਤਾਂ ਦੀਆਂ ਗੁਪਤ ਸ਼ਕਤੀਆਂ, ਕੁਦਰਤ ਵਿਚ ਵਰਤ ਰਹੀਆਂ ਉਚੇਰੀਆਂ ਆਤਮ-ਰੌਆਂ ਦੀਆਂ, ਸਹਾਇਕ ਹੋ ਕੇ ਇਕ-ਸੁਰਤਾ ਪੈਦਾ ਕਰਦੀਆਂ ਹਨ; ਪਰੰਤੂ, ਵੀਰਾਨੇ-ਯੁਗ (ਕਲਿਜੁਗ) ਵਿਚ ਬਹੁ-ਗਿਣਤੀ ਅਜਿਹੇ ਮਨੁੱਖਾਂ ਦੀ ਹੁੰਦੀ ਹੈ ਜਿਨ੍ਹਾਂ ਦੀ ਆਤਮਕ ਦ੍ਰਿਸ਼ਟੀ ਧੁੰਧਲਾ ਕੇ 'ਆਪੇ' ਦੀਆਂ ਉੱਚੀਆਂ ਤਾਕਤਾਂ ਨੂੰ ਨਹੀਂ ਲੱਖ ਸਕਦੀ।

ਅਸੀਂ ਅਜ ਕਲ੍ਹ ਇਕ ਅਜਿਹੇ ਮਾਦਾ-ਪ੍ਰਸਤੀ ਦੇ 'ਵੀਰਾਨੇ-ਯੁੱਗ' ਵਿਚ ਦੀ ਲੰਘ ਰਹੇ ਹਾਂ, ਜਿਸ ਵਿਚ ਨਾਸਤਕਤਾ ਦੀ ਬੀਮਾਰੀ ਵਧ ਰਹੀ ਹੈ। ਆਤਮ-ਸੂਝ ਉਤੇ ਪਰਦਾ ਪਿਆ ਹੋਇਆ ਹੈ ਅਤੇ ਪਸ਼ੂ ਵੀਚਾਰ-ਧਾਰਾ ਪਰਧਾਨ ਹੈ। ਮਨੁੱਖ : ਨਸਲਾਂ, ਕਬੀਲਿਆਂ, ਮਜ਼ਹਬੀ ਸੰਪ੍ਰਦਾਵਾਂ ਤੇ ਸੰਸਥਾਵਾਂ ਦੀ ਵੰਡ ਵਿਚ ਵੰਡਿਆ ਜਾ ਕੇ ਆਪ ਵਿਚ ਦੀ ਉਲਝ ਤੇ ਗੁੱਥਮ-ਗੁੱਥਾ ਹੋ ਰਿਹਾ ਹੈ। ਮੱਕੜੀ ਵਾਂਗ ਆਪਣੇ ਤਣੇ ਮਾਇਆ-ਜਾਲ ਵਿਚ ਉਲਝ ਕੇ ਆਪਣਾ ਵਿਨਾਸ਼ ਕਰ ਰਿਹਾ ਹੈ। ਹਰ ਪਾਸੇ ਬੇ-ਪਰਤੀਤੀ ਹੈ, 'ਸੱਚ' ਤੇ 'ਸੱਚੇ-ਆਚਾਰ' ਦੀ ਘਾਟ ਕਾਰਨ ਇਹ ਬੇ-ਇਤਬਾਰੀ, ਅਸ਼ਾਂਤੀ ਤੇ ਈਰਖਾ ਦੀ ਭੱਠੀ ਵਿਚ ਦਗਧ ਹੋ ਰਿਹਾ ਹੈ। ਸ੍ਰੀਮੰਦ ਜਗਤ-ਗੁਰੂ ਨਾਨਕ ਦੇਵ ਜੀ ਦਾ ਦੱਸਿਆ 'ਸੱਚ' ਤੇ "ਸੱਚੇ ਆਚਾਰ" ਦਾ ਨੁਸਖਾ ਹੀ ਮਨੁੱਖ ਨੂੰ, ਅਧੋਗਤੀ ਵਾਲੀ ਇਸ ਦਸ਼ਾ ਵਿਚੋਂ ਕੱਢ ਕੇ ਪਰਮ-ਸੁਖ ਮਾਨਣ ਦੇ ਯੋਗ ਬਣਾ ਸਕਦਾ ਹੈ।

ਕਿਤਨਾ ਅਭਾਗਾ ਹੈ ਇਹ ਇਨਸਾਨ! ਸਭ ਸਾਧਨ ਹਨ ਇਸ ਦੇ ਪਾਸ ਸੁਖ ਦੇ, ਪਰੰਤੂ 'ਸੱਚ' ਦੀ ਅਣਹੋਂਦ ਦੇ ਕਾਰਨ, ਇਹੀ ਸਾਧਨ ਇਸ ਦੇ ਨਾਸ਼, ਬਰਬਾਦੀ ਤੇ ਅੰਤੇ ਪਹਿਰ ਭਟਕਣ ਦਾ ਕਾਰਨ ਬਣ ਰਹੇ ਹਨ। ਸੰਸਾਰ-ਰੂਪੀ ਕਮਰੇ ਵਿਚ ਇਸ ਦੇ ਸੁਖ ਆਰਾਮ ਲਈ ਸਜਿਆ ਸਾਮਾਨ ਹੀ ਇਸ 'ਸੱਚ' ਦੀ ਬੱਤੀ ਗੁੱਲ ਹੋਣ ਕਰਕੇ, ਠੋਕਰਾਂ ਦਾ ਕਾਰਨ ਬਣ ਕੇ, ਇਸ ਦੇ ਗੋਡੇ ਗਿੱਟੇ ਭੰਨਣ, ਮੂਧੇ ਮੂੰਹ ਸੁੱਟਣ ਤੇ ਪੀੜਤ ਕਰਨ ਦਾ ਕਾਰਨ ਬਣ ਰਿਹਾ ਹੈ।

ਇਹ ਦੀਨ ਦਸ਼ਾ ਉਤਨਾ ਚਿਰ ਨਹੀਂ ਹਟ ਸਕਦੀ ਜਦ ਤਕ

ਅਸੀਂ ਮਾਇਆ ਅਥਵਾ ਮਾਦੇ ਦੀਆਂ ਜੰਮੀਆਂ ਤਹਿਆਂ ਨੂੰ ਪਰ੍ਹਾਂ ਹਟਾ ਕੇ, ਅਤੇ ਆਪਣੇ 'ਨਿੱਜ-ਸਰੂਪ' ਨੂੰ ਲੱਖ ਕੇ ਅੰਤਰ-ਮੁਖੀ ਹੋ ਨਹੀਂ ਵਿਚਰਦੇ। ਕੇਵਲ ਇੰਦਰੇ ਵੱਸ ਹੋ ਜਾਣ ਨਾਲ ਭਟਕਣ ਤੋਂ ਬੰਦ-ਖਲਾਸੀ ਹੋਣੀ ਅਸੰਭਵ ਹੈ। ਮਨ ਵਿੱਚ ਵਾਪਰ ਰਹੀ 'ਤ੍ਰਿਸ਼ਨਾ' ਹੀ ਦੁੱਖ ਦਾ ਮੂਲ ਕਾਰਨ ਹੈ। ਇਸ ਤੋਂ ਛੁਟਕਾਰਾ ਪਾਉਣ ਉੱਤੇ ਹੀ ਸੰਸਾਰ ਵਿਚ ਇਕ ਸਹੀ ਤੇ ਸਦਰਗੀ ਇਨਸਾਨੀ ਬਰਾਦਰੀ ਕਾਇਮ ਹੋ ਸਕਦੀ ਹੈ।

ਸੁਖ ਦੁੱਖ ਜੀਵਨ ਦੇ ਕਠਨ ਪ੍ਰਸ਼ਨ ਹਨ। ਕਈ ਪੁਰਸ਼ ਇਹਨਾਂ ਵਲੋਂ ਕਬੂਤਰ ਵਾਂਗ ਅੱਖਾਂ ਮੀਟ ਕੇ, ਇਹ ਕਹਿ ਕੇ ਹੀ ਸੰਤੁਸ਼ਟ ਹੋ ਲੈਂਦੇ ਹਨ ਕਿ 'ਕੁਦਰਤ' ਨੂੰ ਆਪਣੇ ਰਾਹ ਤੁਰਨ ਦਿਓ, ਸਭ ਅੱਛਾ ਹੈ। ਪਰੰਤੂ ਵਧੇਰੇ ਸੂਝ ਵਾਲੀ ਆਤਮਾ ਮਹਿਸੂਸ ਕਰਦੀ ਹੈ ਕਿ ਉਸ ਦੇ ਪੈਰ ਧਰਤੀ ਵਿਚ ਗੱਡੇ ਪਏ ਹਨ ਤੇ ਮਨ ਜਾਮ ਹੋ ਕੇ ਪੱਥਰ ਹੁੰਦਾ ਜਾ ਰਿਹਾ ਹੈ। ਨਿਰਸੰਦੇਹ ਸੰਸਾਰ ਦੀ ਅੱਜ ਦੀ ਦਸ਼ਾ ਐਸੀ ਘਿਣਾਉਣੀ ਹੈ, ਜੋ ਇਕ ਉੱਚੀ ਅਵਸਥਾ ਵਿਚ ਅਸਥਿਤ ਆਤਮਾ ਨੂੰ ਵੀ ਚਿੰਤਾਤੁਰ ਕਰਨ ਵਾਲੀ ਹੋਵੇ। ਲੋਭ (Greed) ਤੇ ਹਉਮੈ (Ego) ਅਧੀਨ ਪਰਸਪਰ ਨਾਸ ਕਰਨ ਵਾਲੇ ਝਗੜੇ, ਅਕਾਰਨ ਜਬਰ, ਵਧ ਰਹੀ ਨਸਲੀ ਨਫ਼ਰਤ, ਧਰਮ ਦੇ ਨਾਂ ਤੇ ਧੱਕਾ, ਰੋਟੀ ਤੋਂ ਭੁਖੇ ਰੋਂਦੇ ਬਿਰਧਾਂ, ਬੇਕਾਰਾਂ ਤੇ ਬੱਚਿਆਂ ਵਲੋਂ ਲਾ-ਪ੍ਰਵਾਹੀ ਤੇ ਕਾਣੀ ਵੰਡ, ਤੇ ਕੌਮੀਅਤ ਦੇ ਨਾਂ ਉਤੇ ਲੁੱਟ-ਖਸੁੱਟ, ਦਿਲ ਤੇ ਦਿਮਾਗ ਨੂੰ ਚਕਰਾ ਰਹੇ ਹਨ। ਦਾਤੇ ਦੀ ਅਗੰਮੀ ਸ਼ਕਤੀ ਦੇ ਸਹਾਰੇ ਤੋਂ ਬਿਨਾਂ ਮਨੁੱਖਤਾ ਦਾ ਇਸ ਰਸਾਤਲ ਵਿਚੋਂ ਨਿਕਲਣਾ ਅਤੀ ਕਠਿਨ ਹੈ।

ਪਰ ਕੀ, ਅਜਿਹੀ ਦੀਨ ਦਸ਼ਾ ਵਿੱਚ, ਉਦਾਸ ਹੋ ਕੇ, ਢੇਰੀ ਢਾਹ ਬਹਿਣਾ ਉਚਿਤ ਹੈ ? ਨਹੀਂ, ਕਦਾਚਿਤ ਨਹੀਂ। ਅਸੀਂ ਜਾਣਦੇ ਹਾਂ ਕਿ ਹਰੇਕ ਵਸਤੂ ਵਿਚ ਨੇਕੀ ਦਾ ਅੰਸ਼ ਹੈ। ਸਾਨੂੰ ਵਿਸ਼ਵਾਸ ਹੈ ਕਿ ਮਨੁੱਖਤਾ ਨੇ ਅਵੱਸ਼ ਉਚੇਰੇ ਉੱਠਣਾ ਹੈ। ਜੇ ਸਾਡੇ ਨੇਤਾ ਆਪਣਾ ਮਨ ਬਦਲ ਕੇ ਅਤੇ ਸੁਆਰਥੀ ਗੱਲਾਂ ਤੋਂ ਉਤੇ ਹੋ ਕੇ ਇਸ ਪਾਸੇ ਜੁੱਟ ਜਾਣ ਤਾਂ ਜਨਤਾ ਪਿੱਛੇ ਲਗ ਤੁਰੇਗੀ, ਉਹ ਵਿਸ਼ਵਾਸੀ ਹੈ। ਇਸ ਲਿਈ ਸਰਬ-ਸਾਂਝੀ

ਵਿਦਿਆ ਦੀ ਲੋੜ ਹੈ। ਫੇਰ ਉਹੀ ਨਿਗਾਹ ਤੇ ਸ਼ਕਤੀਆਂ, ਜੋ ਬੁਰਾਈ ਲਈ ਸਹਾਇਕ ਹੋ ਰਹੀਆਂ ਹਨ, ਭਲਾਈ ਲਈ ਵਰਤੀਆਂ ਜਾ ਸਕਣਗੀਆਂ। ਹਰੇਕ ਦੇਸ਼ ਜਾਂ ਜਾਤੀ ਵਿੱਚ ਰੌਸ਼ਨ-ਮੁਨਾਰੇ ਹਨ, ਜੋ ਭਟਕਦੇ ਜੀਵਾਂ ਨੂੰ ਰਾਹ ਵਿਖਾ ਰਹੇ ਹਨ। ਸਾਡਾ ਫਰਜ਼ ਇਨ੍ਹਾਂ ਨੂੰ ਪਰਜੁੱਲਤ ਰਖਣਾ ਹੈ। ਅਸਾਂ ਨਾਸਤਕਤਾ ਵਿਰੁਧ ਜਹਾਦ ਕਰਨਾ ਤੇ ਸੱਚ ਉਤੇ ਡਟਣਾ ਹੈ। ਹਰੇਕ ਸਤਿਵਾਦੀ ਆਸਤਕ ਨੇ ਸਚਿਆਰਾਂ ਦੇ ਸੰਗਠਨ ਲਈ ਇਕ ਮਿਕਨਾਤੀਸੀ ਕੇਂਦਰ ਬਣਨਾ ਹੈ। ਉਸ ਨੇ ਆਪਣੇ ਆਲੇ-ਦੁਆਲੇ ਸ਼ੁਭ ਖਿਆਲਾਂ ਦਾ ਛੱਟਾ ਦੇਣਾ ਹੈ। ਮਿਠ-ਬੋਲੜੇ ਬਣ ਕੇ ਦੁਖਿੰਦਿਆਂ ਤੇ ਜ਼ਖ਼ਮੀ ਮਨਾਂ ਉਤੇ ਪਿਆਰ ਦੀ ਮਲ੍ਹਮ ਲਾਉਣੀ ਹੈ। ਇਸ ਤਰ੍ਹਾਂ ਉਹ 'ਕੁਰ' ਉਤੇ ਪਰਭਾਵ ਪਾ ਸਕਣਗੇ। ਹੋ ਸਕਦਾ ਹੈ 'ਕਣੀਆਂ' ਨੂੰ ਆਪਣੀ ਚੰਦਨੀ ਸੁਗੰਧ ਨਾਲ ਸੁਗੰਧਾਂ ਵਾਲੇ ਬਣਾ ਸੱਕਣ। ਇਸ ਨਾਲ ਬਾਕੀ ਜਿਗਿਆਸੂਆਂ ਨੂੰ ਉਤਸ਼ਾਹ ਅਤੇ ਸਤੇ-ਤਕੇ ਵਾਲਿਆਂ ਨੂੰ ਜ਼ਿਨ੍ਹਤਾ ਪ੍ਰਾਪਤ ਹੋਵੇਗੀ।

ਇਹ ਜ਼ਰੂਰੀ ਨਹੀਂ ਕਿ ਦੇਸ਼ ਤੇਜ਼ ਲੱਠਣ ਵਾਲਾ ਹੀ ਸਿੜੇ ਜਾਂ ਸਿਤ-ਸਦਾ ਬਹੁ-ਗਿਣਤੀ ਦੀ ਹੀ ਹੋਵੇ। ਇਤਿਹਾਸ ਗਵਾਹ ਹੈ ਕਿ 'ਸੱਚ' ਉਤੇ ਤੁਰ ਰਹੇ ਇਕੱਲੇ ਇਕੱਲੇ ਵ੍ਰਿਤੂ ਇਨਸਾਨ ਨੇ ਕੌਮਾਂ ਦੀ ਕਾਇਆਂ ਪਲਟ ਦਿੱਤੀ। ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਉਨ੍ਹਾਂ ਦੇ ਜਗਤ-ਕਲਿਆਣ ਹਿਤ ਨਿਕਲਣ ਸਮੇਂ ਕਿਤਨੇ ਕੁ ਸਾਥੀ ਸਨ ? ਕਿਨ੍ਹਾਂ ਹਾਲਾਤ ਤੇ ਕਿਸ ਸੁਖ-ਕਾਰਜੀ ਵਿਚ ਨਿਰੰਕਾਰੀ ਬਾਬਾ ਜਗਤ-ਜਲੰਦੇ ਨੂੰ ਸ਼ਾਂਤੀ ਦਾ ਸੁਨੇਹਾ ਦੇਣ ਲਈ ਘਰੋਂ ਨਿਕਲਿਆ ਸੀ ? ਸਾਨੂੰ ਦਹਿੰਦੀਆਂ ਕਲਾਂ ਵਿਚ ਨਹੀਂ ਜਾਣਾ ਚਾਹੀਦਾ, ਸਗੋਂ ਇਸ ਗੱਲ ਦਾ ਪੂਰਨ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ 'ਪਿਆਰ' ਤੇ 'ਨੇਕੀ' ਦਾ ਇਕ ਫੁਰਨਾ ਵੀ ਸੰਸਾਰ ਦੀ ਫ਼ਜ਼ਾ (ਵਾਤਾਵਰਨ) ਵਿਚ ਅਕਾਰਥ ਨਹੀਂ ਗੁਆਚਦਾ। ਅਸਾਂ ਇਸ ਮਾਇਆਵਾਦ ਦੇ ਘੋਲ ਵਿਚ ਸੱਚ ਦਾ ਪੱਲਾ ਨਹੀਂ ਛਡਣਾ। ਸਾਡਾ ਕੰਮ ਹੈ ਦੂਰ ਨੇੜੇ ਆਤਮਿਕ ਬੀਜ ਦਾ ਛੱਟਾ ਦੇਣਾ। ਇਸ ਦਾ ਸਿੱਟਾ ਕਦੋਂ ਤੇ ਕੀ ਨਿਕਲਦਾ ਹੈ, ਇਹ ਗੱਲ 'ਸਭ ਦੀ ਚਿੰਤਾ ਕਰਨ

ਵਾਲੇ ਪ੍ਰਭੂ ਉਤੇ ਛੱਡ ਦਿਉ। ਨੇਕੀ ਕਰ ਤੇ ਰੱਬ ਉੱਤੇ ਭਰੋਸਾ ਰੱਖ।

ਸਮਾਂ 'ਕੁਝ' ਕਰਨ ਦੀ ਮੰਗ ਕਰ ਰਿਹਾ ਹੈ, ਸੰਸਾਰ ਦੀਆਂ ਕੁਲ ਸੰਸਥਾਵਾਂ, ਜੋ 'ਜੋਤ', 'ਜੀਵਨ' ਤੇ 'ਪ੍ਰੇਮ' ਵਿਚ ਨਿਸ਼ਚਾ ਰਖਦੀਆਂ ਹਨ, ਨੂੰ ਇਕ ਦੂਜੇ ਦੀਆਂ ਮਿੱਤਰ ਬਣ ਕੇ ਇਸ ਮਹਾਨ ਕਾਰਜ ਦੀ ਪੂਰਤੀ ਲਈ ਸਾਂਝਾ ਬਲ ਲਾਉਣਾ ਚਾਹੀਦਾ ਹੈ। ਉਹ ਆਪਣੀ ਆਪਣੀ ਥਾਂ ਉਤ, ਜਿਥੇ ਕਿਥੇ ਵੀ ਹਨ, ਮਿਲ ਕੇ ਹਮਲਾ ਮਾਰਨ ਤੇ ਅਗਿਆਨਤਾ ਦੀਆਂ ਪਿਛਾਂਹ-ਖਿਚੂ ਸ਼ਕਤੀਆਂ ਨਾਲ ਲੋਹਾ ਲੈ ਕੇ 'ਜੀਵਨ-ਜੋਤ' ਦੇ ਪ੍ਰਕਾਸ਼ ਲਈ ਰਾਹ ਸਾਫ਼ ਕਰਨ, ਅਤੇ ਆਪਣੇ ਦੈਵੀ ਕੇਂਠਾਂ ਵਿਚੋਂ, ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਤਰੁੱਠ ਕੇ ਬਖਸ਼ਿਆ ਚੜ੍ਹਦੀ ਕਲਾ ਵਾਲਾ ਇਹ ਨਾਦ ਗੁੰਜਾਉਣ—

ਬੁਰਾ ਨਹੀ, ਸਭੁ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੈ ॥

[ਕਾਨੜਾ, ਪੰਨਾ ੧੩੦੨

(੧) ਨੋਟ—ਆਸ਼ਾਵਾਦੀ ਗੁਰਦੇਵ ਦਾ ਇਹ ਸਾਰਾ ਸ਼ਬਦ ਇਸ ਪ੍ਰਕਾਰ ਹੈ :—

ਕਹਨ ਕਹਾਵਨ ਕਉ ਕਈ ਕੇਤੈ ॥
ਐਸੋ ਜਨੁ ਬਿਰਲੋ ਹੈ ਸੇਵਕੁ, ਜੋ ਤਤ ਜੋਗ ਕਉ ਬੇਤੈ* ॥੧॥ਰਹਾਉ॥
ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ** ॥
ਬੁਰਾ ਨਹੀ ਸਭੁ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੈ ॥੧॥
ਸੋਗੁ ਨਾਹੀ ਸਦਾ ਹਰਖੀ ਹੈ ਰੇ, †ਛੋਡਿ ਨਾਹੀ ਕਿਛੁ ਲੇਤੈ ॥
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ, ‡ਕਤ ਆਵੈ ਕਤ ਰਮਤੈ ॥
੨॥੩॥੨੨॥

[ਕਾਨੜਾ, ਪੰਨਾ ੧੩੦੨

* ਜਾਣਦਾ ਹੈ। ** ਇਕ ਹਰੀ ਨੂੰ ਨੇਤਰਾਂ ਵਿਚ ਰਖਦੇ ਹਨ।
† ਪ੍ਰਭੂ-ਮੇਲ ਦੇ ਅਨੰਦ ਨੂੰ ਛਡ ਕੇ ਹੋਰ ਕੁਝ ਨਹੀਂ ਲੈਂਦੇ।
‡ ਜੰਮਣ ਮਰਨ ਦੇ ਗੇੜ ਵਿਚ ਆਉਂਦਾ ਜਾਂਦਾ ਨਹੀਂ।

ਮਿੱਤਰ

ਮਿੱਤਰ ਕਿਤਨਾ ਪਿਆਰਾ ਤੇ ਸੁਖਦਾਈ ਸ਼ਬਦ ਹੈ। ਇਸ ਦੇ ਉਚਾਰਨ ਮਾਤ੍ਰ ਨਾਲ ਹੀ ਅੰਦਰ ਇਕ ਅਤਿ ਨਿੱਘਾ ਖੇੜਾ ਪਸਰ ਜਾਂਦਾ ਹੈ; ਨੇਤਰ ਅਧ-ਮੁੰਦੇ ਹੋ, ਕਿਸੇ ਅਗੰਮੀ ਸਰੂਰ ਨਾਲ ਭਰ ਜਾਂਦੇ ਹਨ ਅਤੇ ਮਨ ਸ਼ਾਂਤੀ-ਭਰਪੂਰ ਖੁਮਾਰੀ ਵਿਚ ਝੂਮ ਉਠਦਾ ਹੈ। ਮਿੱਤਰ ਦੇ ਸਾਖਿਆਤ ਦਰਸ਼ਨ ਜਾਂ ਸਮੀਪਤਾ ਦੀ ਮਹਿਮਾ ਤਾਂ ਅਕੱਥ ਹੈ।

ਵਾਸਤਵ ਵਿਚ ਸਾਡੇ ਸਭ ਰਿਸ਼ਤਿਆਂ—ਮਾਤਾ, ਪਿਤਾ, ਭਰਾਵਾਂ, ਧੀਆਂ, ਪੁੱਤਰਾਂ ਆਦਿ ਦੇ ਸਾਰੇ ਸੰਬੰਧ ਪਲਦੇ ਹੀ ਮੈਤ੍ਰੀ-ਭਾਵ ਉਤੇ ਹਨ। ਜਿਥੇ ਮਿਤ੍ਰਤਾ-ਭਾਵ ਨਹੀਂ, ਉਥੇ ਕਿਸੇ ਪ੍ਰਕਾਰ ਦਾ ਵੀ ਰਿਸ਼ਤਾ ਰਹਿ ਸਕਣਾ ਸੰਭਵ ਨਹੀਂ।

ਗੁਰਬਾਣੀ ਅਥਵਾ ਸਿਖ ਸਾਹਿੱਤ ਵਿਚ ਮਿੱਤਰ, ਦੋਸਤ, ਸਖਾ, ਸੱਜਣ ਜਾਂ ਯਾਰ ਸ਼ਬਦ ਇਕੋ ਜਿਹਾ ਸ੍ਰੇਸ਼ਟ ਭਾਵ ਰਖਦੇ ਹਨ। ਭਾਵੇਂ ਅਜੋਕੇ ਸਾਹਿੱਤ ਅਥਵਾ ਘਰੋਗੀ ਬੋਲੀ ਵਿਚ 'ਯਾਰ', ਜੋ ਇਕ ਫ਼ਾਰਸੀ ਸ਼ਬਦ ਹੈ, ਦੀ ਵਰਤੋਂ ਉਨ੍ਹਾਂ ਉਚ ਭਾਵਾਂ ਦੀ ਲਖਾਇਕ ਨਹੀਂ ਰਹੀ ਜਿਸ ਦੇ ਕਿ ਇਸ ਦੇ ਸੰਗੀ ਸ਼ਬਦ; ਪਰੰਤੂ, ਵੇਖੋ, ਪੰਜਵੇਂ ਗੁਰਦੇਵ ਜਿਗਰੀ ਮਿੱਤਰ ਲਈ ਨਾ ਕੇਵਲ 'ਯਾਰ' ਸ਼ਬਦ ਦੀ ਵਰਤੋਂ ਹੀ ਕਰਦੇ ਹਨ ਸਗੋਂ ਉਸ ਅੱਗੇ ਦਿਲੀ ਵੇਦਨ ਦਸਦੇ ਹੋਏ ਪ੍ਰਭੂ-ਪ੍ਰਾਪਤੀ ਦੇ ਮਾਰਗ ਵਿਚ ਸਹਾਇਕ ਹੋਣ ਲਈ ਜੋਦੜੀ ਵੀ। ਆਪ ਫ਼ੁਰਮਾਉਂਦੇ ਹਨ—

(ੳ) ਸੁਣਿ ਯਾਰ ਹਮਾਰੇ ਸਜਣ, ਇਕ ਕਰਉ ਬੇਨੰਤੀਆ ॥
ਤਿਸੁ ਮੋਹਨ ਲਾਲ ਪਿਆਰੇ, ਹਉ ਫਿਰਉ ਖੋਜੰਤੀਆ ॥
[ਜੈਤਸਰੀ ਮ: ੫, ਪੰਨਾ ੭੦੩

[ਹੇ ਮੇਰੇ ਮਿੱਤਰ, ਦੋਸਤ! ਸੁਣ, ਮੈਂ ਇਕ ਬੇਨਤੀ ਕਰਦਾ ਹਾਂ।]

(ਅ) ਯਾਰ ਵੇ ਪ੍ਰਿਅ ਹਭੇ ਸਖੀਆ, ਮੂ ਕਹੀ ਨ ਜੇਹੀਆ ॥

ਯਾਰ ਵੇ ਹਿਕ ਡੂੰ ਹਿਕਿ ਚਾੜੈ, ਹਉ ਕਿਸੁ ਚਿਤੇਹੀਆ ॥

[ਜੈਤਸਰੀ ਮ: ੫, ਪੰਨਾ ੭੦੩

[ਹੇ ਮਿੱਤਰ ! ਪਿਆਰੇ ਪ੍ਰਭੂ ਦੀਆਂ ਜੋ ਸਾਰੀਆਂ ਸਖੀਆਂ ਸਾਥਣਾਂ ਹਨ, ਮੈਂ ਉਨ੍ਹਾਂ ਵਿਚੋਂ ਕਿਸੇ ਜਿਹੀ ਭੀ ਨਹੀਂ। ਹੇ ਮਿੱਤਰ ! ਉਹ ਇਕ ਤੋਂ ਇਕ ਵਧ ਸੋਹਣੀਆਂ ਹਨ, ਮੈਂ ਇਸ ਜੋਗੀ ਨਹੀਂ ਕਿ ਕਿਸੇ (ਪ੍ਰੀਤਮ) ਦੀ ਯਾਦ ਵਿਚ ਆਵਾਂ ।]

(ੲ) ਯਾਰ ਵੇ ਪਿਰੁ ਆਪਣ ਭਾਣਾ, ਕਿਛੁ ਨੀਸੀ ਛੰਦਾ ॥
ਯਾਰ ਵੇ ਤੈ ਰਾਵਿਆ ਲਾਲਨੁ, ਮੂ ਦਸਿ ਦਸੰਦਾ ॥

[ਜੈਤਸਰੀ ਮ: ੫ ਪੰਨਾ ੭੦੩

[ਹੇ ਮਿੱਤਰ ! ਪਤੀ ਹਰੀ ਪਰਮਾਤਮਾ ਆਪਣੀ ਮਰਜ਼ੀ ਕਰਨ ਵਾਲਾ ਹੈ, ਉਸ ਨੂੰ ਕਿਸੇ ਦੀ ਮੁਥਾਜੀ ਨਹੀਂ । ਹੇ ਮਿੱਤਰ ! ਤੂੰ ਪਿਆਰੇ ਦਾ ਅਨੰਦ ਭੋਗਿਆ ਹੈ, ਮੈਨੂੰ ਵੀ ਪਤਾ ਦਿਹ, ਮੈਂ ਦਸੰਦਾ—ਪੁਛਣ ਵਾਲਾ ਸਵਾਲੀ, ਹਾਂ ।]

ਉਪਰੋਕਤ ਪੰਗਤੀਆਂ ਨੂੰ ਵਧੇਰੇ ਗਹੁ ਨਾਲ ਵੀਚਾਰਿਆਂ ਇਉਂ ਪਰਤੀਤ ਹੁੰਦਾ ਹੈ ਜਿਵੇਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦਾ 'ਯਾਰ' ਸ਼ਬਦ ਤੋਂ ਭਾਵ ਚੌਥੇ ਗੁਰਦੇਵ—ਸ੍ਰੀ ਗੁਰੂ ਰਾਮਦਾਸ ਜੀ ਤੋਂ ਹੀ ਹੈ। ਕਿਤਨੀ ਮਹਾਨ ਪਦਵੀ ਹੈ 'ਯਾਰ' ਸ਼ਬਦ ਦੀ, ਗੁਰਦੇਵ ਦੀਆਂ ਨਜ਼ਰਾਂ ਵਿਚ।

ਭਾਈ ਨੰਦ ਲਾਲ ਜੀ, ਆਪਣੇ "ਦੀਵਾਨ" (ਗ਼ਜ਼ਲਾਂ ਦੇ ਸੰਗ੍ਰਹਿ) ਵਿੱਚ ਆਪਣੇ ਮਹਿਬੂਬ, ਕਲਗੀਧਰ ਪਿਤਾ ਨੂੰ ਆਮ ਕਰਕੇ 'ਯਾਰ' ਸ਼ਬਦ ਨਾਲ ਸੰਬੋਧਨ ਕਰਦੇ ਹਨ। ਆਪ ਦੂਸਰੀ ਗ਼ਜ਼ਲ ਦੇ ਅੰਤ ਵਿਚ ਲਿਖਦੇ ਹਨ—

ਦੀਨੋ ਦੁਨੀਆ ਦਰ ਕਮੰਦਿ ਆਂ ਪਰੀ ਰੁਖਸਾਰਿ ਮਾ ।
ਹਰ ਦੋ ਆਲਮ, ਕੀਮਤਿ ਯਕ ਤਾਰਿ ਮੂਏ ਯਾਰਿ ਮਾ ।

(ਗ਼ਜ਼ਲ ੨)

[ਸਾਡੇ ਦੀਨ ਤੇ ਦੁਨੀਆ ਉਸ ਅਪੱਛਰਾਂ ਵਰਗੇ, ਭਾਵ ਸੁੰਦਰ ਮੁਖੜੇ ਵਾਲੇ ਦੀ ਫਾਹੀ ਵਿਚ ਹਨ। ਦੋਵੇਂ ਲੋਕ ਸਾਡੇ ਯਾਰ (ਮਿੱਤਰ) ਦੇ ਕੇਸ ਦੀ ਇਕ ਤਾਰ ਦਾ ਮੁੱਲ ਹਨ।]

ਤੁਰਾ–ਕੀਸਤ ਇਮਰੋਜ਼, ਕਿ ਸੌਦਾ-ਏ ਨਿਗਾਰੇ ਦਾਰਦ ?
ਬਾਦਸ਼ਾਹ ਹਸਤ ਦਰੀਂ ਦਹਰ ਕਿ ਯਾਰੇ ਦਾਰਦ।
(ਗ਼ਜ਼ਲ ੨੯)

[ਅਜ ਕੌਣ ਹੈ ਜਿਸ ਨੂੰ ਪ੍ਰੀਤਮ ਦਾ ਸੁਦਾ (ਸ਼ੌਕ) ਹੋਵੇ। ਇਸ ਦੁਨੀਆ ਵਿਚ (ਉਹ) ਬਾਦਸ਼ਾਹ ਹੈ ਜਿਹੜਾ ਕਿ ਮਿੱਤਰ ਰਖਦਾ ਹੈ।]

ਸ੍ਰੀ ਦਸਮੇਸ਼ ਪਿਤਾ, ਆਪ ਵੀ, ਮਾਛੀਵਾੜੇ ਦੇ ਜੰਗਲ ਵਿਚ ਕਲਾ-ਮਕੱਲੇ ਲੇਟੇ, ਪ੍ਰਭੂ ਨੂੰ 'ਯਾਰ' ਕਰਕੇ ਸੰਬੋਧਨ ਕਰਦੇ ਹਨ–

ਯਾਰੜੇ ਦਾ ਸਾਨੂੰ ਸਥਰ ਚੰਗਾ, ਭਠ ਖੇੜਿਆਂ ਦਾ ਰਹਿਣਾ॥

ਸੁਯੋਗ ਮਿੱਤਰਾਂ ਦੀ ਢੂੰਡ ਲਈ "ਗੋਇਆ" ਜੀ ਹੋਰ ਮਸ਼ਵਰਾ ਦਿੰਦੇ ਹਨ :–

ਤਾਲਬਿ ਮਰਦਾਨਿ ਹੱਕ ਰਾ ਦੋਸਤ ਦਾਰ॥
(ਭਾਵ–ਸੱਚ ਸਰੂਪ ਵਾਹਿਗੁਰੂ ਦੇ ਮਤਲਾਸ਼ੀਆਂ ਨੂੰ ਮਿੱਤਰ ਬਣਾ)

(੭)

ਮਾਂ ਪਿਉ ਜਾਏ ਭਰਾਵਾਂ ਦਾ ਦਰਜਾ ਤੇ ਰਿਸ਼ਤਾ ਹੋਰ ਸਭੇ ਸਨੇਹੀਆਂ ਨਾਲੋਂ ਬਹੁਤ ਉਚੇਰਾ ਗਿਣਿਆ ਹੈ। ਸਿਆਣਿਆਂ ਦਾ ਕਥਨ ਹੈ–ਲਹੂ ਪਾਣੀ ਨਾਲੋਂ ਗਾੜ੍ਹਾ ਹੁੰਦਾ ਹੈ। ਬਿਪਤ-ਕਾਲ ਵਿਚ 'ਭਰਾ ਭਰਾਵਾਂ ਦੇ, ਤੇ ਢੇਗੜ ਕਾਵਾਂ ਦੇ' ਹੋ ਜਾਂਦੇ ਹਨ, ਪਰੰਤੂ, ਇਹ ਵੀ ਸਚਾਈ ਹੈ ਕਿ ਭਰਾਵਾਂ ਨਾਲ ਦਾ ਸ਼ਰੀਕਾ ਵੀ ਹੋਰ ਕਿਸੇ ਵਿਚ ਨਹੀਂ ਹੁੰਦਾ। ਸੁਮਿੱਤਰ ਦੇ ਪਿਆਰ ਦੀ ਕੱਚੀ ਤੰਦ, ਭਰਾਵਾਂ ਦੇ ਅਟੁੱਟ ਰਿਸ਼ਤੇ ਦੀਆਂ ਲੋਹ-ਜ਼ੰਜੀਰਾਂ ਨਾਲੋਂ ਕਿਤੇ ਵਧ ਮਜ਼ਬੂਤ ਹੁੰਦੀ ਹੈ। ਇਹੀ ਕਾਰਨ ਹੈ ਕਿ ਇਕ ਕਵੀ ਨੇ ਯੂਸਫ਼ ਦੀ ਭਰਾਵਾਂ ਹਥੋਂ ਅੰਨ੍ਹੇ ਖੂਹ ਵਿਚ ਸੁੱਟਣ

ਵਾਲੀ ਪਰਸਿਧ ਘਟਨਾ ਨੂੰ ਮੁਖ ਰਖਦਿਆਂ, ਮਿੱਤਰ ਦੀ ਭਰਾਵਾਂ ਉੱਤੇ ਬਰਤਰੀ ਨੂੰ ਇਉਂ ਪ੍ਰਗਟਾਇਆ ਹੈ–

ਆ ਰਹੀ ਹੈ ਚਾਹਿ ਯੂਸਫ਼ ਸੇ ਸਦਾਅ।
ਦੋਸਤ ਯਾ ਹੈਂ ਕੱਮ, ਔਰ ਭਾਈ ਬਹੁਤ।

[ਭਾਵ–ਯੂਸਫ਼ ਦੇ ਉਸ ਖੂਹ ਵਿਚੋਂ, ਜਿਸ ਵਿਚ ਭਰਾਵਾਂ ਨੇ ਉਸ ਨੂੰ ਈਰਖਾ-ਵਸ, ਧੋਖੇ ਨਾਲ ਸੁੱਟ ਦਿੱਤਾ ਸੀ, ਇਹ ਆਵਾਜ਼ ਹੁਣ ਤਕ ਆ ਰਹੀ ਹੈ ਕਿ ਇਸ ਸੰਸਾਰ ਵਿਚ ਭਰਾ ਤਾਂ ਬਹੁਤ ਹਨ, ਪਰੰਤੂ ਮਿੱਤਰ (ਦੋਸਤ) ਕੋਈ ਵਿਰਲਾ ਹੀ।]

ਪੰਜ ਤੰਤਰ ਵਿਚ ਆਦਰਸ਼ਕ ਮਿੱਤਰ ਦੀ ਮਹਿਮਾ ਤੇ ਲੋੜ ਇਉਂ ਵਰਨਣ ਕੀਤੀ ਗਈ ਹੈ–

ਠੰਢਾ ਕਰਦਾ ਨੈਨ ਨੂੰ, ਪ੍ਰੇਮ ਯੁਕਤ ਜੋ ਮੀਤ।
ਸਦਾ ਨ ਓਹ ਸੋਖਾ ਮਿਲੇ, ਘਰ ਵਿਚ ਆਇ ਪੁਨੀਤ।
ਜਿਸ ਨਰ ਦੇ ਘਰ ਵਿਚ ਸਦਾ, ਸਜਣ ਆਵੇ ਜਾਇ।
ਓਹਦੇ ਸੁਖ ਅਨੰਦ ਦਾ, ਪਾਰ ਨਾ ਕੋਈ ਪਾਇ।

ਤਥਾ–ਕਰਮਹੀਣ ਨਰ ਕਿਸੇ ਨੂੰ, ਜੇ ਬਿਪਤਾ ਪੈ ਜਾਇ।
ਮਿਤ੍ਰ ਬਿਨਾਂ ਤਦ ਬਚਣ ਦਾ, ਕੋਈ ਨਹੀਂ ਉਪਾਇ।
ਮਿਤ੍ਰਵਾਨ ਦੁਸਾਧਜ ਭੀ, ਸਾਧ ਲੈਣ ਸਭ ਅਰਥ।
ਜੋ ਸਭ ਆਪ ਸਮਾਨ ਹੀ, ਮਿੱਤਰ ਕਰੇ ਸਮਰਥ।
ਭਾਵੇਂ ਹੋਵੇਂ ਸਮਰਥ ਤੂੰ, ਕਰ ਮਿੱਤਰਾਂ ਦੀ ਚਾਹ।
ਜਿਵੇਂ ਸਮੁੰਦ੍ਰ ਭਰਪੂਰ ਹੈ, ਜਲ ਵਿਚ ਧਰੇ ਉਮਾਹ।
ਕਿਆ ਕਪੂਰ ਚੰਦਨ ਸਹਿਤ, ਸੀਤਲ ਹਿਮ ਕਿਸ ਕਾਜ?
ਮਿੱਤ੍ਰ ਦੇਹ ਸੋਲਾਂ ਕਲਾ, ਪੂਰਨ ਸੁਖ ਦਾ ਸਾਜ।

ਮਿੱਤਰ ਦੀ ਉਪਮਾ ਵਿਚ ਕਹੇ ਉਪਰੋਕਤ ਦੋਹੇ ਕਿਸੇ ਟੀਕਾ-ਟਿਪਣੀ ਦੇ ਮੁਥਾਜ ਨਹੀਂ।

ਮਿੱਤਰ ਦੀ ਸੰਖੇਪ ਮਹਿਮਾ ਵਰਨਨ ਕਰਨ ਉਪਰੰਤ ਇਹ ਵੀ ਜ਼ਰੂਰੀ ਹੈ ਕਿ ਐਸੇ ਦੁਰਲਭ ਮਿੱਤਰ ਦੇ ਲਛਣਾਂ ਤੇ ਪਰਖ ਅਤੇ ਕੱਚੇ ਮਿੱਤਰਾਂ ਦੀ ਜਾਣ-ਪਛਾਣ ਬਾਰੇ ਵੀ ਕੁਝ ਅੰਕਿਤ ਕੀਤਾ ਜਾਵੇ । ਇਸ ਸੰਬੰਧ ਵਿਚ ਪੰਚਮ ਪਾਤਸ਼ਾਹ ਮਿੱਤਰ-ਚੋਣ ਲਈ ਮਨੁੱਖ ਦੀ ਅਗਵਾਈ ਲਈ ਫ਼ੁਰਮਾਉਂਦੇ ਹਨ :—

(ੳ) ਸੋ ਸਿਖੁ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥
[ਸੋਰਠ ਮ: ੩, ਪੰਨਾ ੬੦੧-੦੨

(ਅ) ਸੋ ਸਾਜਨੁ ਸੋ ਸਖਾ ਮੀਤੁ, ਜੋ ਹਰਿ ਕੀ ਮਤਿ ਦੇਇ ॥੭॥
[ਥਿਤੀ ਗਉੜੀ ਮ: ੫, ਪੰਨਾ ੨੯੯

(ੲ) ਆਦਿ ਮਧਿ ਜੋ ਅੰਤਿ ਨਿਬਾਹੈ ॥ ਸੋ ਸਾਜਨੁ ਮੇਰਾ ਮਨੁ ਚਾਹੈ ॥੧॥
(੮॥੧੧) [ਗਉੜੀ ਮ: ੫, ਪੰਨਾ ੨੪੦

(ਸ) ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ, ਮਿਤ੍ਰ ਅਸਾਡੜੇ ਸੇਈ ॥
ਹਉ ਢੂਢੇਦੀ ਜਗੁ ਸਬਾਇਆ, ਜਨ ਨਾਨਕ ਵਿਰਲੇ ਕੇਈ ॥੨॥
(੯) [ਮ: ੫ ਵਾਰ ਗੂਜਰੀ ਪੰਨਾ ੫੨੦

(ਹ) ਸਾਜਨੁ ਬੰਧੁ ਸੁਮਿਤ੍ਰੁ ਸੋ, ਹਰਿਨਾਮੁ ਹਿਰਦੈ ਦੇਇ ॥
ਅਉਗਣ ਸਭਿ ਮਿਟਾਇ ਕੈ, ਪਰਉਪਕਾਰੁ ਕਰੇਇ ॥੩॥੧੫੨॥
[ਗਉੜੀ ਮ: ੫, ਪੰਨਾ ੨੧੮

(ਕ) ਓਇ ਹਮਾਰੇ ਸਾਜਨਾ, ਹਮ ਉਨ ਕੀ ਰੇਨ ॥
ਜਿਨ ਭੇਟਤ ਹੋਵਤ ਸੁਖੀ, ਜੀਅ ਦਾਨੁ ਦੇਨ ॥੧॥ਰਹਾਉ॥
[ਬਿਲਾਵਲੁ ਮ: ੫, ਪੰਨਾ ੮੧੩

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਸ਼ੇਖ ਸੱਜਣ (ਠੱਗ) ਨੂੰ ਉਪਦੇਸ਼ ਦਿੰਦੇ ਹੋਏ ਐਸੇ ਮਿੱਤਰਾਂ ਦੀ ਆਵੱਸ਼ਕਤਾ ਦਸਦੇ ਹਨ, ਜੋ ਲੋਕ ਪਰਲੋਕ ਵਿਚ, ਜਿਥੇ ਵੀ ਲੋੜ ਪੈ ਜਾਵੇ, ਓਥੇ ਹੀ ਸਹਾਇਤਾ ਲਈ ਪਾਸ ਖੜੇ ਦਿਸਣ । ਆਪ ਦਾ ਕਥਨ ਹੈ :—

ਸਜਣ ਸੇਈ ਨਾਲਿ ਮੈ, ਚਲਦਿਆ ਨਾਲਿ ਚਲੰਨਿ੍ ॥
ਜਿਥੈ ਲੇਖਾ ਮੰਗੀਐ, ਤਿਥੈ ਖੜੇ ਦਿਸੰਨਿ੍ ॥੧॥ਰਹਾਉ॥
[ਸੂਹੀ ਮ: ੧, ਪੰਨਾ ੭੨੯

ਗੁਰੂ ਜੀ ਦਾ ਹੋਰ ਫ਼ੁਰਮਾਨ ਫ਼ੁਰਮਾਨ ਹੈ—

ਨਾਨਕ ਕਚੜਿਆ ਸਿਉ ਤੋੜਿ, ਢੂੰਢਿ ਸਜਣ ਸੰਤ ਪਕਿਆ ॥
ਓਇ (ਕਚੇ, ਸੁਆਰਥੀ ਤੇ ਲੋਭੀ ਕੁਮਿੱਤਰ) ਜੀਵੰਦੇ ਵਿਛੁੜਹਿ,
ਓਇ(ਨਿਹਕਾਮ,ਵਫ਼ਾਦਾਰ ਸੰਤ ਸਜਨ)ਮੁਇਆਂ ਨ ਜਾਹੀ ਛੋੜਿ॥੧॥
[ਸਲੋਕ ਡਖਣੇ ਮ: ੫, ਵਾਰ ਮਾਰੂ, ਪੰਨਾ ੧੧੦੨

ਇਨ੍ਹਾਂ ਦੀ ਪ੍ਰੋੜ੍ਹਤਾ ਕਰਦੇ ਹੋਏ ਸ਼ੇਖ ਫਰੀਦ ਜੀ ਫ਼ੁਰਮਾਉਂਦੇ ਹਨ—

ਫਰੀਦਾ ਗਲੀਂ ਸੁ ਸਜਣ ਵੀਹ, ਇਕੁ ਢੂੰਢੇਦੀ ਨ ਲਹਾਂ ॥
ਧੁਖਾਂ ਜਿਉ ਮਾਂਲੀਹ, ਕਾਰਣਿ ਤਿੰਨਾ ਮਾ ਪਿਰੀ ॥੮੭॥
[ਸਲੋਕ ਫਰੀਦ ਜੀ, ਪੰਨਾ ੧੩੮੨

[ਗੱਲਾਂ ਨਾਲ ਤਾਂ ਵੀਹ ਸੱਜਣ, ਮਿੱਤਰ ਬਣ ਬੈਠਦੇ ਹਨ, ਪਰ ਪ੍ਰੀਖਿਆ ਸਮੇਂ ਇਕ ਵੀ ਮਿੱਤਰਤਾ ਦੀ ਕਸਵੱਟੀ ਉਤੇ ਪੂਰਾ ਨਹੀਂ ਉਤਰਦਾ। ਸੱਚੇ ਮਿੱਤਰਾਂ ਦੇ ਮਿਲਾਪ ਦੀ ਚਿੰਤਾ ਵਿਚ ਮਨ ਮਲੀਹ ਦੀ ਅੱਗ ਵਾਂਗ ਧੁੱਖ ਰਿਹਾ ਹੈ।]

ਆਪ ਜੀ ਹੋਰਥੇ ਕੱਚੇ ਤੇ ਪੱਕੇ ਮਿੱਤਰਾਂ ਦਾ ਅੰਤਰਾ ਇਉਂ ਬਿਆਨਦੇ ਹਨ: —

ਦਿਲਹੁ ਮੁਹਬਤਿ ਜਿਨ੍ਹ, ਸੇਈ ਸਚਿਆ ॥
ਜਿਨ੍ਹ ਮਨਿ ਹੋਰੁ, ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥
[ਆਸਾ ਫਰੀਦ ਜੀ, ਪੰਨਾ ੪੮੮

(ਥ)

ਗੁਰਮੁਖ (ਸੁਮਿੱਤਰ) ਦੀ ਸੱਚੀ ਤੇ ਸੁਖਦਾਈ ਪ੍ਰੀਤ ਤੇ ਮਨਮੁਖ (ਕੁਮਿੱਤਰ) ਦੀ ਕੱਚੀ, ਵਿਖਾਵੇ ਦੀ, ਪ੍ਰੀਤ ਦਾ ਅੰਤਰਾ ਤੇ ਵਧੋਂ ਘਟੋਂ ਜਾਣਨਾ ਵੀ ਘਟ ਲਾਹੇਵੰਦਾ ਨਹੀਂ। ਇਸ ਦੀ ਸਪੱਸ਼ਟਤਾ ਵਿਚ ਪਹਿਲਾਂ

ਗੁਰਬਾਣੀ ਵਿਚੋਂ ਪਰਮਾਣ ਲਏ ਜਾਂਦੇ ਹਨ–

[ੳ] ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ ॥
ਇਸੁ ਪਰੀਤੀ ਤੁਟਦੀ ਬਿਲਮੁ ਨ ਹੋਵਈ,
ਜਿਤੁ ਦੋਸਤੀ ਚਲਹਿ ਵਿਕਾਰ ॥੧॥(੫)

[ਸਲੋਕ ਮ: ੩, ਵਡਹੰਸ ਕੀ ਵਾਰ, ਪੰਨਾ ੫੮੭

[ਅ] ਮਨਮੁਖਾ ਕੇਰੀ ਦੋਸਤੀ, ਮਾਇਆ ਕਾ ਸਨਬੰਧੁ ॥
ਵੇਖਦਿਆ ਹੀ ਭਜਿ ਜਾਨਿ, ਕਦੇ ਨ ਪਾਇਨਿ ਬੰਧੁ ॥
ਜਿਚਰੁ ਪੈਨਨਿ ਖਾਵਨੇ, ਤਿਚਰੁ ਰਖਨਿ ਗੰਢੁ ॥
ਜਿਤੁ ਦਿਨਿ ਕਿਛੁ ਨ ਹੋਵਈ, ਤਿਤੁ ਦਿਨਿ ਬੋਲਨਿ ਗੰਧੁ ॥੨॥

[ਮ: ੫, ਰਾਮਕਲੀ ਕੀ ਵਾਰ, ਪੰਨਾ ੯੫੯

[ੲ] ਮਨਮੁਖ ਸਉ ਕਰਿ ਦੋਸਤੀ, ਸੁਖ ਕਿ ਪੁਛਹਿ ਮਿਤ ॥
ਗੁਰਮੁਖ ਸਉ ਕਰਿ ਦੋਸਤੀ, ਸਤਿਗੁਰ ਸਉ ਲਾਇ ਚਿਤੁ ॥
ਜੰਮਣ ਮਰਣ ਕਾ ਮੂਲੁ ਕਟੀਐ, ਤਾਂ ਸੁਖੁ ਹੋਵੀ ਮਿਤ ॥੬੬॥

[ਸਲੋਕ ਮ: ੩, ਪੰਨਾ ੧੪੨੧

ਇਸੇ ਸੰਬੰਧ ਵਿਚ ਰਾਜਨੀਤੀ ਤੰਤ੍ਰ ਵਿਚ ਸੱਜਣ ਤੇ ਦੁਰਜਨ ਦੀ ਪ੍ਰੀਤ ਦੇ ਭੇਦਾਂ ਨੂੰ ਬੜੇ ਸੁੰਦਰ ਢੰਗ ਨਾਲ ਬਿਆਨ ਕੀਤਾ ਹੈ। ਲਿਖਿਆ ਹੈ–

ਕੱਚਾ ਮਿਟੀ ਦਾ ਘੜਾ, ਤਿਉਂ ਦੁਰਜਨ ਦੀ ਪ੍ਰੀਤ।
ਟੁਟਦਿਆਂ ਚਿਰ ਨ ਲਗੇ, ਜੁੜੇ ਕਿਸੇ ਨ ਰੀਤ।
ਸੋਨੇ ਦਾ ਪੱਕਾ ਘੜਾ, ਤਿਉਂ ਸੱਜਣ ਦਾ ਸੰਗ।
ਕਦੇ ਨਹੀਂ ਜੋ ਟੁਟਦਾ, ਚੜ੍ਹੇ ਸਵਾਇਆ ਰੰਗ।

ਤਥਾ–ਬੰਤਾ ਥੋੜਾ ਆਇ ਜਿਉਂ, ਗੰਨੇ ਦਾ ਰਸ ਮੀਤ।
ਤਿਉਂ ਸਜਨ ਦੀ ਮਿਤ੍ਰਤਾ, ਦੁਰਜਨ ਉਲਟੀ ਰੀਤ।

ਤਥਾ–ਪਹਿਲੇ ਵਧੇ, ਘਟੇ ਫਿਰ ਨਿੱਤ।
ਦੁਸ਼ਟ ਮਿਤ੍ਰਤਾ, ਰਖੋ ਚਿਤ।

ਪਹਿਲੈ ਥੋੜੀ, ਵਧੈ ਫਿਰ ਨਿੱਤ।
ਸੱਜਨ ਦੀ ਮੈਤ੍ਰੀ, ਹੈ ਮਿੱਤ।
ਸਜਣ ਦੁਰਜਨ ਮੈਤ੍ਰੀ ਐਸੀ।
ਉਦੈ ਅਸਤ, ਰਵਿ ਛਾਇਆ ਜੈਸੀ।

[ਸੱਜਣ ਦੀ ਮਿੱਤਰਤਾ ਤਰਕਾਲਾਂ ਦਾ ਪਰਛਾਵਾਂ ਹੈ ਜੋ ਉਮਰ ਦੇ ਢਲਦੇ ਸੂਰਜ ਨਾਲ ਵਧਦਾ ਜਾਂਦਾ ਹੈ, ਪਰੰਤੂ ਖੋਟੇ ਪੁਰਸ਼ ਦੀ ਮਿੱਤਰਤਾ ਇਸ ਦੇ ਉਲਟ ਚੜ੍ਹਦੇ ਸੂਰਜ ਦੇ ਘਟਦੇ ਪਰਛਾਵੇਂ ਸਮਾਨ ਹੈ।]

ਇਸੇ ਸੰਬੰਧ ਵਿਚ ਇਕ ਵੀਚਾਰਵਾਨ ਨੇ ਬੜੇ ਸੁੰਦਰ ਢੰਗ ਨਾਲ ਸੁਘੜ ਤੇ ਅ-ਸੁਘੜ ਦੀ ਪ੍ਰੀਤ ਦੇ ਅੰਤਰ ਨੂੰ ਸਮਝਾਇਆ ਹੈ। ਖੋਟੇ ਪੁਰਸ਼ ਦੀ ਪ੍ਰੀਤ ਐਸੀ ਹੈ ਜਿਵੇਂ ਇਕ ਗਲਿਆ ਹੋਇਆ ਪੁਰਾਣਾ ਬਸਤਰ। ਕਿਤਨਾ ਜਤਨ ਤੇ ਸੰਭਾਲ ਨਾਲ ਵਰਤੋ ਉਹ ਫੇਰ ਵੀ ਫਟਦਾ ਹੀ ਜਾਵੇਗਾ। ਪਰੰਤੂ, ਇਸ ਦੇ ਉਲਟ ਸੁਘੜ ਸਜਣ ਦੀ ਪ੍ਰੀਤ ਇਸ ਤਰ੍ਹਾਂ ਹੈ ਜਿਵੇਂ ਕਿ ਇਕ ਰੇਸ਼ਮ ਦਾ ਲੱਛਾ। ਜਿਵੇਂ ਜਿਵੇਂ ਇਸ ਲੱਛੇ ਦੇ ਤੰਦਾਂ ਨੂੰ ਇਕ ਦੂਜੇ ਤੋਂ ਵੱਖ ਕਰਨ ਦਾ ਯਤਨ ਕੀਤਾ ਜਾਵੇਗਾ, ਉਤਨੇ ਹੀ ਇਸ ਦੇ ਤੰਦ ਆਪਸ ਵਿਚਦੀ ਉਲਝਦੇ ਜਾਣਗੇ। ਲਿਖਿਆ ਹੈ—

ਦੁਰਜਨ ਪ੍ਰੀਤ, ਜੀਰਨ ਬਸਨ, ਜਤਨ ਕਰਤ ਫੱਟ ਜਾਤ।
ਸੁਘੜਨ ਪ੍ਰੀਤ ਰੇਸ਼ਮ ਲੱਛਾ, ਸੁਲਝਾਵਤ, ਉਲਝਾਤ।

(੫)

ਉਪਰੋਕਤ ਪ੍ਰਮਾਣਾਂ ਤੋਂ ਭਲੀ ਭਾਂਤ ਸਿਧ ਹੁੰਦਾ ਹੈ ਕਿ ਮਿੱਤਰ-ਕਲਾ ਨੂੰ ਜਾਨਣ ਵਾਲਿਆਂ ਪਰਬੀਨ ਵੀਚਾਰਵਾਨਾਂ ਨੇ ਸਫਲ ਮਿੱਤਰਤਾ ਨੂੰ ਸਹਿਜ-ਸੁਭਾ ਤੇ ਧੀਰਜ ਦੀ ਉਪਜ ਕਿਹਾ ਹੈ। ਕਈ ਵੇਰ ਆਦਰਸ਼ਕ ਮਿੱਤਰਤਾ, ਪਹਿਲੀ ਝਾਕੀ ਨਾਲ ਵੀ ਪੈਦਾ ਹੋ ਜਾਂਦੀ ਹੈ; ਪਰੰਤੂ ਆਮ ਕਰਕੇ ਇਸ ਤਰ੍ਹਾਂ ਹਵਾ ਦੇ ਬੁਲੇ ਨਾਲ ਆਈ ਮਿੱਤਰਤਾ, ਹਵਾ ਦੇ ਬੁਲੇ ਨਾਲ ਹੀ ਚਲੀ ਜਾਂਦੀ ਹੈ।

ਜਿਸ ਨੂੰ ਮਿੱਤਰ, ਨਵੇਂ ਮਿੱਤਰ ਬਣਾਉਣ ਦੀ ਜਾਚ ਨਹੀਂ ਆਈ

ਉਸ ਨੂੰ ਜੀਵਨ ਬਤੀਤ ਕਰਨ ਦਾ ਢੰਗ ਨਹੀਂ ਆਇਆ। ਜਿਵੇਂ ਆਦਮੀ ਸੰਗਤ ਤੋਂ ਪਛਾਣਿਆ ਜਾਂਦਾ ਹੈ, ਤਿਵੇਂ ਇਸ ਤੋਂ ਕਿਤੇ ਵਧ ਉਹ ਆਪਣੇ ਮਿੱਤਰਾਂ ਦੇ ਸੁਭਾ ਤੇ ਚਲਨ ਤੋਂ ਪਰਖਿਆ ਜਾਂਦਾ ਹੈ। ਮਿੱਤਰ-ਚੋਣ ਵੇਲੇ ਇਸ ਸਚਾਈ ਨੂੰ ਸਾਹਮਣੇ ਰਖਣਾ ਵੀ ਘਟ ਜ਼ਰੂਰੀ ਨਹੀਂ ਕਿ ਮੂਰਖ ਮਿੱਤਰ ਨਾਲੋਂ ਸਿਆਣਾ ਵੈਰੀ ਚੰਗਾ ਹੁੰਦਾ ਹੈ।*

ਮਿੱਤਰਤਾ ਦਾ ਨਾਤਾ ਜਿਥੇ ਇਤਨਾ ਉਚਾ ਤੇ ਸਫਲ ਜੀਵਨ-ਜਾਚ ਲਈ ਜ਼ਰੂਰੀ ਹੈ, ਉਥੇ ਇਹ ਆਪਣੀ ਜ਼ਾਤ ਵਿਚ ਅਤੀ ਨਾਜ਼ਕ (delicate) ਵੀ ਹੈ। ਇਸ ਲਈ, ਇਸ ਦੀ ਇਕ ਸੂਹਲ ਬੂਟੇ ਵਾਂਗ, ਸੁਆਰਥ ਤੇ ਵਿਵਹਾਰਕ ਦ੍ਰਿਸ਼ਟੀ-ਕੋਣ ਦੇ ਸੂਤਕ ਪਾਤਕ ਤੋਂ ਸੰਭਾਲ ਕਰਨ ਦੀ ਲੋੜ ਹੈ। 'ਟੁੱਟੀ ਯਾਰੀ', ਦਾ ਇਲਾਜ ਔਖਾ ਹੈ, ਅਤੇ ਇਸ ਲੋਕ-ਬੋਲੀ ਦੀ, "ਟੁੱਟੀ ਯਾਰੀ ਦਾ ਕੀ ਲਾਜ (ਇਲਾਜ) ਕਰਾਈਏ, ਰੱਸਾ ਹੋਵੇ ਗੰਢ ਪਾ ਲਈਏ" ਵਿਚ ਜੁਗਾਂ ਦੀ ਸੱਚਾਈ ਬੰਦ ਹੈ। ਅੰਗਰੇਜ਼ੀ ਦਾ ਇਹ ਕਥਨ—"Friendship once injured, is injured for ever" (ਇਕ ਵੇਰਾਂ ਜ਼ਖਮੀ ਹੋਈ ਮਿਤਰਤਾ ਸਦਾ ਵਾਸਤੇ ਫੱਟੜ ਹੋ ਜਾਂਦੀ ਹੈ) ਵੀ ਇਸੇ ਖਿਆਲ ਦੀ ਪ੍ਰੋੜ੍ਹਤਾ ਕਰਦਾ ਹੈ।

ਅਸਲ ਵਿਚ ਜੇ ਪੁਰਸ਼ ਜਾਂ ਇਸਤ੍ਰੀ ਕੁਮਾਰਗ-ਗਾਮੀ ਹੈ, ਉਸ ਲਈ ਮਿਤਰਤਾ ਸ਼ਬਦ ਦਾ 'ਪ੍ਰਯੋਗ' ਕਰਨਾ ਹੀ ਅਯੋਗ ਹੈ। ਸੁਹਿਰਦ ਮਿੱਤਰ ਦੀ ਸਭ ਤੋਂ ਵੱਡੀ, ਅ-ਘਟਵੀਂ ਤੇ ਪੂਰਨ ਪਰਖ ਗੁਰਦੇਵ ਦੇ ਇਸ ਵਾਕ ਵਿਚ ਦਰਜ ਹੈ—

ਜਿਨਾ ਦਿਸੰਦੜਿਆ ਦੁਰਮਤਿ ਵੰਞੈ, ਮਿਤ੍ਰ ਅਸਾਡੜੇ ਸੇਈ ॥
ਹਉ ਢੂਢੇਦੀ ਜਗੁ ਸਬਾਇਆ, ਜਨ ਨਾਨਕ ਵਿਰਲੇ ਕੇਈ ॥੨॥
(ੲ) (ਮ: ੫, ਵਾਰ ਗੂਜਰੀ, ਪੰਨਾ ੫੨੦

ਦੁਰਮਤਿ ਦਾ ਪ੍ਰਹਾਰ ਕਰਨ ਵਾਲੇ ਅਜਿਹੇ ਮਿੱਤਰ ਤਾਂ ਰੱਬ-ਰੂਪ ਹਨ; ਪਰੰਤੂ, ਹੈਨ ਕਿਤੇ ਟਾਵੇਂ ਟਾਵੇਂ। ਜੇ ਸੰਸਾਰ ਵਿਚ ਕੇਵਲ ਦਰਸ਼ਨ

* ਦਾਨਾ ਦੁਸ਼ਮਨ ਬਿਹ, ਅਜ਼ ਦੋਸਤਿ ਨਾਦਾਂ।

ਮਾਤਰ (ਮਾਤ੍ਰ) ਨਾਲ ਦੁਰਮਤਿ ਦਾ ਵਿਨਾਸ ਕਰਨ ਵਾਲੇ ਮਿੱਤਰਾਂ ਦੀ ਭਰਮਾਰ ਹੋ ਜਾਵੇ, ਤਾਂ ਫੇਰ ਘਾਟਾ ਕਾਹਦਾ ? ਇਹ ਵਿੱਖ-ਸੰਸਾਰ 'ਸੁਰਗ' ਬਣ ਜਾਵੇ ਅਤੇ ਮੁੱਕ ਜਾਣ ਬਖੇੜੇ ਲੋਭ, ਵੈਰ, ਲਾਲਚ ਤੇ 'ਮੈਂ ਮੈਂ' 'ਤੂੰ ਤੂੰ' ਦੇ। ਫੇਰ ਸਤਿ ਹੋ ਜਾਵੇ ਇਕ ਮਹਾਂਪੁਰਸ਼ ਦਾ ਇਹ ਅਨਮੋਲ ਬਚਨ— 'There is nothing final between friends.' (ਮਿੱਤਰਾਂ ਵਿਚ ਕੋਈ ਦੁਜੈਗੀ ('ਵਿਤਕਰੇ ਵਾਲੀ ਗੱਲ) ਨਹੀਂ ਹੁੰਦੀ, ਉਹ ਅਭੇਦ ਵਰਤਦੇ ਹਨ।)

ਅੰਤ ਵਿਚ ਪਾਠਕਾਂ ਦੇ ਵੀਚਾਰ ਤੇ ਲਾਭ ਹਿਤ ਅਜਿਹੇ ਉਚੇ ਸੁਚੇ ਤੇ ਆਦਰਸ਼ਕ ਮਿੱਤਰਾਂ ਦੇ ਕੁਝ ਕੁ ਗੁਣ ਤੇ ਲਛਣ, ਅਤੇ ਪ੍ਰਾਪਤੀ ਦੀ ਜੁਗਤੀ ਦਿੱਤੀ ਜਾਂਦੀ ਹੈ, ਜਿਨ੍ਹਾਂ ਦੀ 'ਚਾਹ' ਤੇ ਮਿਲਾਪ ਵਿਚ ਅਨੰਦਮਈ ਜੀਵਨ ਦਾ ਭੇਦ ਲੁਕਿਆ ਪਿਆ ਹੈ :—

੧. ਨਿਸ਼ਕਾਮਤਾ ਅਸਲ ਮਿੱਤਰਤਾ ਦਾ ਸਭ ਤੋਂ ਵਡਾ ਚਿੰਨ੍ਹ ਹੈ। ਮਿੱਤਰ, ਮਿੱਤਰ ਦੀ ਲੋੜ ਨੂੰ ਆਪਣੇ ਆਪ ਅਨੁਭਵ ਕਰੇ, ਅਤੇ ਉਸ ਦੇ ਕਹਿਣ ਤੋਂ ਪਹਿਲਾਂ ਹੀ ਉਸ ਦੀ ਸਹਾਇਤਾ ਲਈ ਪੁੱਜ ਜਾਵੇ।

੨. ਮਿੱਤਰ ਇਕ ਦੂਜੇ ਦੀ ਪਰਸੰਸਾ ਕਰਨ, ਪਰੰਤੂ ਇਸ ਤੋਂ ਕਿਤੇ ਵਧ ਇਕ ਦੂਜੇ ਨੂੰ ਪਿਆਰ।

੩. ਮਿੱਤਰਤਾ ਦੇ ਖਲਵਾੜੇ ਨੂੰ ਚੁਗਲ-ਚੰਗਿਆੜੀ ਤੋਂ ਬਚਾ ਕੇ ਰੱਖੋ। ਕਿਸੇ ਨਿੰਦਕ ਨੂੰ ਇਤਨਾ ਉੱਤਰ ਹੀ ਕਾਫ਼ੀ ਹੈ ਕਿ ਜਿਸ ਦੀ ਉਹ ਨਿੰਦਿਆ ਕਰਦਾ ਹੈ ਉਹ ਤੁਹਾਡਾ ਮਿੱਤਰ ਹੈ।

੪. ਮਿੱਤਰਤਾ ਵਿਚ 'ਜੇ' ਤੇ 'ਤਾਂ' ਦੀ ਲੋੜ ਨਹੀਂ, 'ਇਕ ਵੇਰਾਂ ਮਿੱਤਰ ਸਦਾ ਲਈ ਮਿੱਤਰ'। ਮਿੱਤਰਤਾ ਹਾਣ ਲਾਭ ਤੇ ਸੌਦੇ-ਬਾਜ਼ੀ ਦਾ ਹੱਟ ਨਹੀਂ।

੫. ਦੁਨੀਆ ਮਿੱਤਰਤਾ ਦੀ ਹਾਸਦ (ਈਰਖਾਲੂ) ਹੁੰਦੀ ਹੈ। ਸੁਚੇਤ ਰਹੋ।

੬. ਮਿੱਤਰਤਾ ਵਿਚ ਵੱਡੀਆਂ ਭੁੱਲਾਂ ਤਾਂ ਖਿਮਾ ਹੋ ਜਾਂਦੀਆਂ ਹਨ,

ਪਰੰਤੂ ਨਿੱਕੀਆਂ ਨਿੱਕੀਆਂ ਬੇਵਫ਼ਾਈਆਂ ਨਹੀਂ ਬਖਸ਼ੀਆਂ ਜਾ ਸਕਦੀਆਂ ।

੭. ਪਰਤੀਤ ਤੇ ਪ੍ਰਤੱਗਿਆ ਮਿੱਤਰਤਾ ਦੇ ਥੰਮ ਹਨ ।

੮. ਉਹ ਮਿੱਤਰ ਨਿਕੰਮੇ ਹਨ ਜੋ ਪਰਦੇ ਵਿਚ ਮਿੱਤਰਾਂ ਨੂੰ, ਉਨ੍ਹਾਂ ਦੇ ਔਗੁਣਾਂ ਬਾਰੇ, ਕੋਸਣ ਦਾ ਹੱਕ ਖੁੱਲ੍ਹਿਆਂ ਤੌਰ ਤੇ ਨਹੀਂ ਵਰਤਦੇ ।

੯. ਜੋ ਲੋਕ ਮਿੱਤਰਤਾ ਦੇ ਜੋਸ਼ ਵਿਚ ਉਨ੍ਹਾਂ ਲਈ ਮੰਦੇ ਕੰਮ ਕਰਨ ਲਈ ਤੱਤਪਰ ਹੋ ਜਾਂਦੇ ਹਨ, ਉਹ ਮਿੱਤਰਤਾ ਦੀ ਸੁਨਹਿਰੀ ਤਾਰ ਨੂੰ ਆਪਣੀ ਹੱਥੀਂ ਆਪ ਅੱਗ ਲਾ ਰਹੇ ਹੁੰਦੇ ਹਨ ।

੧੦. ਬਹੁਤੇ ਸੰਸਾਰੀ ਲੋਕਾਂ ਦੀ ਮਿੱਤਰਤਾ ਇਸ ਤਰ੍ਹਾਂ ਵਿਖਾਵੇ ਦੀ ਮਿੱਤਰਤਾ ਹੈ, ਜਿਵੇਂ ਕਿਸੇ ਵੇਸਵਾ ਦੇ ਅਥਰੂ, ਨੀਤੀਵਾਨ ਦਾ ਵਚਨ ਜਾਂ ਝੂਠੇ ਦੇਸ਼-ਭਗਤ ਦਾ ਉਤਸ਼ਾਹ; ਸਭ ਛਲ ਹੀ ਛਲ ।

੧੧. ਮਿੱਤਰਤਾ ਦੇ ਨਿੱਤਾਂ ਦਾ ਨਿਰਭਰ ਕੇਵਲ ਗੁਣਾਂ ਉਤੇ ਹੈ । ਦੁਨੀਆ ਦੀ ਕੋਈ ਬਖਸ਼ਸ਼ ਜਾਂ ਸਾਂਝੇ ਭੇਤ ਕਿਸੇ ਮਲੀਨ ਹਿਰਦੇ ਨੂੰ ਕਦੇ ਆਪਣੇ ਨਾਲ ਨਹੀਂ ਜੋੜ ਸਕੇ । ਉਸ ਨੇ ਕਿਸੇ ਦਾ ਮਿੱਤਰ ਕੀ ਬਣਨਾ ਹੈ, ਜੋ ਆਪਣੇ ਆਪ ਦਾ ਮਿੱਤਰ ਵੀ ਨਹੀਂ ਬਣ ਸਕਦਾ ।

੧੨. ਜਦ ਮਿੱਤਰ, ਮਿੱਤਰ ਨੂੰ ਆਖੇ, 'ਉਠ ਖੜਾ ਹੋ' ਤਾਂ ਇਹ ਪੁੱਛਣਾ ਵੀ ਉਚਿਤ ਨਹੀਂ, ਕਿ 'ਕਿਥੇ ਚਲੋਗੇ' । ਕਿਉਂ ਜੋ, ਮਿੱਤਰ, ਮਿੱਤਰ ਨੂੰ ਸਦਾ ਸ਼ੁਭ ਪਾਸੇ ਹੀ ਲਿਜਾਵੇਗਾ ।

੧੩. ਮਿੱਤਰਤਾਈ ਵਿਚ ਢੌਂਗ (ਵਿਖਾਵਾ) ਨ ਕਰੇ ।

੧੪. ਸਫਲ ਮਿੱਤਰਤਾ ਲਈ ਗੋਸਾਈਂ ਤੁਲਸੀ ਜੀ ਦੇ ਇਹ ਵਚਨ ਵੀ ਚੇਤੇ ਰਖਣ ਯੋਗ ਹਨ :—

ਆਸਾ, ਇਸ਼ਟ, ਉਪਾਸਨਾ, ਖਾਣ, ਪਾਨ, ਪਹਿਰਾਣ,
ਤੁਲਸੀ ਜਾਂ ਸੋਂ ਖੱਟ ਮਿਲਹਿ, ਸੋਈ ਮਿਲਿਆ ਜਾਣ ।

੧੫. ਕਿਸੇ ਨੇ ਚੰਪਾ (ਕਲੀ) ਨੂੰ ਤਾਅਨਾ ਦਿਤਾ ਕਿ ਉਸ ਵਿਚ ਸਭ ਗੁਣ ਹਨ, ਪਰੰਤੂ ਕੀ ਕਾਰਨ ਹੈ ਕਿ ਫੁੱਲਾਂ ਦਾ ਸ਼ੈਦਾਈ ਭੌਰ, ਉਸ

ਦੇ ਪਾਸ ਆ ਕੇ ਨਹੀਂ ਬੈਠਦਾ। ਇਹ ਪ੍ਰਸ਼ਨੋਤਰੀ ਵੀ ਮਿੱਤਰਤਾ ਨੂੰ ਸਮਝਣ ਤੇ ਨਿਭਾਉਣ ਲਈ ਘਟ ਜ਼ਰੂਰੀ ਨਹੀਂ। ਜੋ ਵਾਰੇ–

ਪ੍ਰਸ਼ਨ ਸਾਜਨ–

ਚੰਪਾ ! ਤੁਝ ਮੇਂ ਤੀਨ ਗੁਣ, ਰੂਪ, ਰੰਗ ਅਰ ਬਾਸ।
(ਪਰ) ਔਰ ਔਗੁਣ ਹੈ ਤੁਝ ਵਿਖੇ, ਜੁ ਭੰਵਰ ਨਾ ਬੈਠੇ ਪਾਸ।

ਉੱਤਰ ਚੰਪਾ–

ਸਾਜਨ ! ਮੁਝ ਮੇਂ ਤੀਨ ਗੁਣ, ਰੂਪ, ਰੰਗ ਅਰ ਬਾਸ।
ਠੌਰ ਠੌਰ ਕੇ ਮੀਤ ਕੋ, ਕੌਣ ਬਿਠਾਵੇ ਪਾਸ?

ਭਾਵ–ਜਣੇ ਖਣੇ ਦਾ ਮਿੱਤਰ ਕਿਸੇ ਦਾ ਵੀ ਮਿੱਤਰ ਨਹੀਂ ਹੁੰਦਾ, (Friend of every-body, is friend of none) ਮਿੱਤਰਤਾ ਦੇ ਉਚ ਅੰਗਾਂ ਤੇ ਅਸੂਲਿਆਂ ਦਾ ਪਾਲਣ ਕਰਨਾ ਇਤਨਾ ਮੁਹਾਲ ਹੈ ਕਿ ਜੀਵਨ ਵਿਚ ਗਿਣੇ ਮਿਥੇ ਚੋਣਵੇਂ ਮਿੱਤਰਾਂ ਨਾਲ ਹੀ ਪੂਰੇ ਉਤਰ ਸਕਣਾ ਸੰਭਵ ਹੈ।

ਕਿਤਨੇ ਸੁਭਾਗੇ ਹਨ ਉਹ, ਜਿਨ੍ਹਾਂ ਨੂੰ ਜੀਵਨ ਵਿਚ ਇਕ ਵੀ ਅਜਿਹਾ ਪ੍ਰਿਯ, ਆਦਰਸ਼ਕ ਮਿੱਤਰ ਪ੍ਰਾਪਤ ਹੈ। ਭਾਈ ਨੰਦ ਲਾਲ ਜੀ ਦੇ ਪਿਛੇ ਦੱਸੇ ਗਏ ਕਥਨ ਅਨੁਸਾਰ ਉਹ ਠੀਕ ਇਸ ਸੰਸਾਰ ਵਿਚ ਪਾਤਸ਼ਾਹ ਹਨ–

ਬਾਦਸ਼ਾਹ ਹਸਤ ਦਰੀਂ ਦਹਰ ਕਿ ਯਾਰੇ ਦਾਰਦ।

[ਗ਼ਜ਼ਲ ੨੯]

❀

ਧਰਮ-ਧੜਾ

ਪ੍ਰਭੂ ਨੇ ਉਤਪਤੀ ਕਾਲ ਤੋਂ ਹੀ ਮਨੁੱਖ ਦੀ ਬਣਤਰ ਵਿਚ ਇੱਕ ਅਜਿਹੀ ਆਪਾ-ਵਿਰੋਧੀ ਰੁਚੀ ਪਾ ਦਿਤੀ ਹੈ, ਜਿਸ ਦੇ ਅਧੀਨ ਜਿਥੇ ਇਹ ਭਾਈਚਾਰੇ ਵਿਚ ਰਹਿਣਾ ਪਸੰਦ ਕਰਦਾ ਹੈ, ਉਥੇ, ਨਾਲ ਹੀ, ਹਉਮੈ-ਆਸਰਤ ਹੋ, ਆਪਣੇ ਆਪ ਨੂੰ ਦੂਜਿਆਂ ਤੋਂ ਵਿਸ਼ੇਸ਼, ਵਖਰਾ ਤੇ ਉਚੇਰਾ ਵੀ ਸਮਝਦਾ ਹੈ। 'ਹਮ ਚੂ ਮਨ, ਦੀਗਰੇ ਨੇਸਤ' (ਮੇਰੇ ਵਰਗਾ ਦੂਜਾ ਹੋਰ ਕੋਈ ਨਹੀਂ) ਦਾ ਫ਼ਾਰਸੀ ਮੁਹਾਵਰਾ ਇਸ ਹਕੀਕਤ ਨੂੰ ਹੋਰ ਵੀ ਸਪੱਸ਼ਟ ਕਰਦਾ ਹੈ।

ਇਸ ਦਾ ਇਹ ਵਿਅਕਤੀਗਤ ਤੌਰ ਉਤੇ ਵਖਰਾ-ਪਨ, ਇਸ ਦੇ ਭਾਈਚਾਰਕ ਜੰਤੂ ਹੋਣ ਦੇ ਨਾਤੇ, ਇਕੋ ਤਰ੍ਹਾਂ ਦੀਆਂ ਰੁਚੀਆਂ, ਲਾਭਾਂ ਅਤੇ ਧਾਰਮਿਕ, ਸਮਾਜਿਕ ਤੇ ਰਾਜਸੀ ਭਾਵਨਾਵਾਂ ਦੇ ਅਧੀਨ ਇਕ ਵਖਰੇ ਟੋਲੇ, ਪਾਰਟੀ ਜਾਂ ਧੜੇ ਦਾ ਰੂਪ ਵੀ ਧਾਰਨ ਕਰ ਲੈਂਦਾ ਹੈ।

ਮਨੁੱਖ ਦੇ ਆਪਣੇ ਸਾਥੀਆਂ ਨਾਲ ਵਿਅਕਤੀਗਤ ਜਾਂ ਪਾਰਟੀ ਦੇ ਤੌਰ ਤੇ ਪੈਂਦਾ ਹੋਏ ਮਤ-ਭੇਦ ਕਦੀ ਤਾਂ ਸੱਚਾਈ, ਪਰ-ਸੁਆਰਥ, ਨੇਕੀ ਤੇ ਈਮਾਨਦਾਰੀ ਉਤੇ ਆਧਾਰਤ ਹੁੰਦੇ ਹਨ, ਪਰੰਤੂ, ਕਦੀ ਲੋਭ, ਸੁਆਰਥ, ਤੁਅੱਸਬ, ਫ਼ਿਰਕਾ-ਪ੍ਰਸਤੀ ਤੇ ਹਉਮੈ ਉੱਤੇ। ਪਹਿਲੀ ਪ੍ਰਕਾਰ ਦਾ ਭੇਦ-ਭਾਉ ਜਾਂ ਪਾਰਟੀ-ਭਾਵ ਰਖਣਾ, ਨਿਰਮਲ ਸਿਆਣਪ, ਨਿਰਭੈਤਾ ਤੇ ਉੱਚੀਆਂ ਅਤੇ ਮਾਨਵੀ ਕੀਮਤਾਂ ਦਾ ਸੂਚਕ, ਹੈ; ਪਰੰਤੂ, ਦੂਜੀ ਪ੍ਰਕਾਰ ਦਾ ਸੁਆਰਥ, ਹੱਠ, ਤੁਅੱਸਬ ਤੇ ਮੂਰਖਤਾ ਦਾ ਲਖਾਇਕ ਹੈ। ਪਹਿਲਾ, ਮਨੁੱਖ ਨੂੰ ਸਿਆਣਾ ਤੇ ਪ੍ਰਗਤੀ-ਸ਼ੀਲ ਬਣਾਂਦਾ ਹੈ ਜਦ ਕਿ ਦੂਜਾ ਨੀਵੇਂ ਪੱਧਰ ਦੀ ਫੁੱਟ ਨਾਲ ਨਿਤਾਣਾ ਕਰ ਕੇ ਅਧੋ-ਗਤੀ ਦੀ ਖੱਡ ਵਿਚ ਵਗਾਹ ਮਾਰਦਾ ਹੈ।

ਇਤਿਹਾਸ ਸਾਖੀ ਹੈ ਕਿ ਮਨੁੱਖਤਾ ਲਈ ਦਰਦ-ਮੰਦ ਦਿਲ ਰੱਖਣ ਵਾਲਿਆਂ ਮਹਾ-ਪੁਰਖਾਂ ਦਾ ਸਦਾ ਤੋਂ ਹੀ ਇਹ ਜਤਨ ਰਿਹਾ ਹੈ ਕਿ ਸੁਖ ਸ਼ਾਂਤੀ ਤੇ ਸਫਲ ਜੀਵਨ ਲਈ ਸਾਰੇ ਲੋਕ 'ਰੱਬੀ ਗੁਣਾਂ' ਦੇ ਧਾਰਨੀ ਹੋ ਕੇ, 'ਸੌ ਸਿਆਣਿਆਂ ਇਕੋ ਮੱਤ' ਦੇ ਪਰਸਿਧ ਅਖਾਣ ਅਨੁਸਾਰ, ਇਕੋ ਲੜੀ-ਧਾਗੇ ਵਿਚ ਪਰੋਤੇ ਜਾਣ; 'ਏਕ ਪਿਤਾ ਏਕਸ ਕੇ ਹਮ ਬਾਰਿਕ'...ਦਾ ਕਲਿਆਣ-ਕਾਰੀ ਸਿਧਾਂਤ ਅਪਣਾਅ ਲੈਣ ਅਤੇ ਜੀਵਨ ਦੀਆਂ ਸਮੱਸਿਆਵਾਂ ਦੇ ਸਫਲ ਹਲ ਲਈ ਸੁਆਰਥਾਂ ਤੋਂ ਉਤਾਂਹ ਉਠ ਕੇ, ਇੱਕੋ ਵੀਚਾਰ-ਧਾਰਾ ਦੇ ਧਾਰਨੀ ਹੋ ਜਾਣ। ਹਾਂ, ਜੇ ਪੂਰਨ ਤੌਰ ਤੇ ਅਜਿਹਾ ਹੋਣਾ ਸੰਭਵ ਨਾ ਵੀ ਹੋਵੇ, ਤਾਂ ਵੀ, 'ਘੱਟ ਤੋਂ ਘੱਟ ਉਹ ਆਪਸ ਵਿਚ ਦੀ ਈਮਾਨਦਾਰਾਨਾ ਮਤਭੇਦ ਰੱਖਣ; ਧੜੇ, ਹੱਠ ਤੇ ਨਿਜੀ ਲਾਭਾਂ ਤੋਂ ਉਤਾਂਹ ਉਠ ਕੇ ਦੂਜਿਆਂ ਦੇ ਦ੍ਰਿਸ਼ਟੀ-ਕੋਣ ਨੂੰ ਸਮਝਣ, ਵੀਚਾਰਨ, ਸਤਿਕਾਰਨ ਤੇ ਸਹਾਰਨ।

ਮਹਾਨ ਵਿਅਕਤੀਆਂ ਦੀ ਸਦਾ ਹੀ ਇਹ ਰੀਝ ਰਹੀ ਹੈ ਕਿ ਉਹਨਾ ਦਾ ਰੱਬੀ ਅਤੇ ਲੋਕ-ਹਿੱਤਾਂ ਦਾ ਪ੍ਰਤੀਕ, ਧਰਮ-ਧੜਾ ਇਤਨਾ ਬਲਵਾਨ ਤੇ ਭਾਰੂ ਹੋ ਜਾਏ ਕਿ ਉਹ ਕਾਮ, ਕਰੋਧ, ਲੋਭ, ਮੋਹ, ਅਹੰਕਾਰ, ਈਰਖਾ, ਦਵੈਖ ਆਦਿ ਵਿਕਾਰਾਂ ਦੇ ਧਾਰੇ ਚੜ੍ਹੇ ਮਨਮੁੱਖਾਂ ਦੇ ਧੜੇ ਨੂੰ ਪਛਾੜ ਕੇ, ਇੰਨਾ ਨਿਰਬਲ ਕਰ ਦੇਵੇ ਕਿ ਇਹ, ਉਹਨਾਂ ਦੇ ਦੱਸੇ ਗਾਡੀ-ਰਾਹ ਉਤੇ ਤੁਰਨ ਵਾਲਿਆਂ ਨੂੰ ਮੋਹ ਕੇ ਔਝੜ ਨਾ ਪਾ ਸਕੇ।

ਇਤਿਹਾਸ ਇਹ ਵੀ ਦਸਦਾ ਹੈ ਕਿ ਭਾਵੇਂ ਇਸ ਤ੍ਰਿਨ-ਗੁਣੀ ਸੰਸਾਰ ਵਿਚ, ਕਈ ਵੇਰ, ਅਸੁਰੀ ਸ਼ਕਤੀਆਂ ਦੇ ਵਕਤੀ ਜੋਸ਼ ਨੇ ਧਰਮ-ਧੜੇ ਉਤੇ ਛਾ ਜਾਣ ਲਈ ਮਨੁੱਖੀ ਕਮਜ਼ੋਰੀਆਂ ਨੂੰ ਅਜਿਹਾ ਉਛਾਲਿਆ ਕਿ ਜਿਸ ਨਾਲ ਇਉਂ ਪ੍ਰਤੀਤ ਹੋਇਆ ਕਿ ਧਰਮ ਤੇ ਧਰਮ-ਧੜੇ ਵਾਲੇ ਗਏ ਕਿ ਗਏ; ਪਰੰਤੂ, ਇਸ ਸੰਗਰਾਮ ਵਿਚ ਜਿੱਤ ਸਦਾ ਧਰਮ-ਧੜੇ ਦੀ ਹੁੰਦੀ ਆਈ; ਕੂੜ ਸਦਾ ਨਿਖੁੱਟ ਜਾਂਦਾ ਰਿਹਾ ਅਤੇ ਬੋਲ ਬਾਲਾ ਓੜਕ ਸੱਚ ਦਾ ਹੀ ਹੁੰਦਾ ਆਇਆ।

ਧੜੇ-ਬਾਜ਼ੀ, ਭਾਵੇਂ ਆਦਿ ਕਾਲ ਤੋਂ ਹੀ ਕਿਸੇ ਨਾ ਕਿਸੇ ਸ਼ਕਲ ਵਿਚ ਜੀਵਨ ਦੇ ਵੱਖ ਵੱਖ ਖੇਤਰਾਂ ਵਿਚ ਤੁਰੀ ਆਈ ਹੈ; ਪਰੰਤੂ, ਜੋ ਜੋਬਨ ਇਸ ਉਤੇ ਲੋਕ-ਰਾਜੀ ਜੁੱਗ (ਡੈਮੋਕਰੇਸੀ ਦੇ ਯੁਗ) ਵਿਚ ਆਇਆ ਹੈ, ਉਹ ਫੈਲਾਉ ਤੇ ਪ੍ਰਫੁੱਲਤਾ ਪਹਿਲਾਂ ਸ਼ਾਇਦ ਹੀ ਕਦੀ ਇਸ ਨੇ ਮਾਣੇ ਹੋਣ। ਪਰਜਾ-ਤੰਤ੍ਰੀ ਰਾਜ ਵਾਲੇ ਇਸ ਦੇਸ (ਭਾਰਤ) ਵਿਚ ਕਿਹੜਾ ਘਰ, ਕਿਹੜਾ ਅਦਾਰਾ, ਸਮਾਜ ਦਾ ਕਿਹੜਾ ਅੰਗ ਅਤੇ ਧਰਮ ਦਾ ਕਿਹੜਾ ਅਸਥਾਨ ਐਸਾ ਹੈ, ਜਿਥੇ ਗੁਪਤ ਜਾਂ ਪਰਗਟ ਰੂਪ ਵਿਚ ਇਸ ਨੇ ਆਪਣਾ ਮਾਰੂ ਨਾਚ ਨਾ ਰੱਚ ਰੱਖਿਆ ਹੋਵੇ।

ਅਸਲ ਵਿਚ ਲੋਕ-ਰਾਜ ਦਾ ਦੂਜਾ ਨਾਂ 'ਧੜਿਆਂ ਦਾ ਰਾਜ' ਹੈ। ਲੋਕ-ਰਾਜ (ਡੈਮੋਕਰੇਸੀ) ਹੁੰਦਾ ਹੈ—ਲੋਕਾਂ ਦਾ ਰਾਜ, ਲੋਕਾਂ ਲਈ ਰਾਜ।* ਇਸ ਲਈ ਜਨਤਾ ਜਿਤਨੀ ਸੁਘੜ, ਸਿਆਣੀ, ਦੂਰ-ਦਰਸ਼ੀ ਅਤੇ ਜ਼ਿੰਮੇਵਾਰ ਹੋਵੇਗੀ ਉਤਨਾ ਹੀ ਇਹ ਰਾਜ ਸੱਚਾ, ਸੁੱਚਾ ਤੇ ਆਦਰਸ਼ਕ ਹੋਵੇਗਾ। ਜਿਤਨੇ ਲੋਕ-ਰਾਜੀ ਧੜਿਆਂ ਦੇ ਮਰਤਬੇਦ ਸੱਚਾਈ ਤੇ ਈਮਾਨਦਾਰੀ ਉੱਤੇ ਆਧਾਰਤ ਹੋਣਗੇ ਉਤਨਾ ਹੀ ਲੋਕ-ਰਾਜ ਜਾਂ ਇਸ ਦੇ ਢੰਗ ਉੱਤੇ ਚਲਦੀਆਂ ਸੰਸਥਾਵਾਂ ਦੇ ਕੰਮ ਉਸਾਰੂ ਤੇ ਲੋਕ-ਹਿੱਤਾਂ ਅਨਕੂਲ ਹੋਣਗੇ। ਅਸਲ ਵਿਚ ਡੈਮੋਕਰੇਸੀ ਤਾਂ ਇਕ ਦੋ-ਧਾਰਾ ਖੰਡਾ ਹੈ, ਜੋ ਮੂਰਖਾਂ, ਸੁਆਰਥੀਆਂ ਤੇ ਆਚਾਰ-ਹੀਣ ਲੋਕਾਂ ਦੇ ਹੱਥ ਆਇਆ ਅਤੀ ਖ਼ਤਰਨਾਕ ਤੇ ਮਾਰੂ ਸਾਬਤ ਹੋ ਸਕਦਾ ਹੈ। ਸ਼ਾਇਦ ਇਹੋ ਕਾਰਨ ਹੈ ਕਿ ਡਾਕਟਰ ਇਕਬਾਲ ਨੇ ਇਸ ਨੂੰ 'ਜਮਹੂਰੀ ਤਮਾਸ਼ਾ' ਕਰ ਕੇ ਖਿਆਲਿਆ ਹੈ ਤੇ ਇਕ-ਪੁਰਖੀ ਰਾਜ ਨੂੰ ਜਲਾਲ-ਭਰਪੂਰ ਰਾਜ-ਦਾਰਾ। ਉਸ ਦਾ ਕਥਨ ਹੈ—

ਜਲਾਲਿ-ਪਾਦਸ਼ਾਹੀ ਹੋ, ਯਾ ਜਮਹੂਰੀ ਤਮਾਸ਼ਾ ਹੋ,

---

*(Government of the people by the people and for the people) People ਸ਼ਬਦ ਨਾਲ ਪਹਿਲਾਂ "responsible" ਦਾ ਜੋੜਨਾ ਉਚਿਤ ਹੈ।

ਜੁਦਾ ਹੋ ਦੀਂ ਸਿਆਸਤ ਸੇ, ਤੋ ਰਹਿ ਜਾਤੀ ਹੈ ਚੰਗੇਜ਼ੀ।

ਇਕਬਾਲ ਨੇ, ਇਕ ਹੋਰ ਥਾਂ, ਕੌਮੀਅਤ (Nationalism) ਨੂੰ, ਜੋ ਕੌਮੀ ਪੱਧਰ ਉੱਤੇ ਵੱਡੇ ਧੜੇ ਦਾ ਹੀ ਰੂਪ ਹੈ, ਧਰਮ (ਮਜ਼ਹਬ) ਦੇ ਟਾਕਰੇ ਵਿਚ ਨਿੰਦਦਿਆਂ, ਬੜਾ ਖ਼ੂਬਸੂਰਤ ਫ਼ੁਰਮਾਇਆ ਹੈ:—

ਇਨ ਤਾਜ਼ਾ ਖ਼ੁਦਾਓਂ ਮੇਂ, ਬੜਾ ਸਭ ਸੇ ਵਤਨ ਹੈ।
ਜੋ ਪੈਰਹਨ ਇਸਕਾ ਹੈ, ਵੁਹ ਮਜ਼ਹਬ ਕਾ ਕਫ਼ਨ ਹੈ।

ਲੋਕ-ਰਾਜੀ ਧੜਿਆਂ ਜਾਂ ਪਾਰਟੀਆਂ ਦੀ ਧੜੇ-ਬਾਜ਼ੀ ਦਾ, ਰਾਜ ਦੀਆਂ ਹੇਠਲੀਆਂ ਉੱਪਰਲੀਆਂ ਸਭ ਸੰਸਥਾਵਾਂ ਵਿਚ ਫੈਲ ਜਾਣਾ ਵੀ ਕੁਦਰਤੀ ਹੈ, ਇਸ ਸਾਰੇ ਪਰਬੰਧ ਨੂੰ ਅਸਲ ਵਿਚ ਚਲਾਉਣ ਵਾਲਾ ਤਾਂ, ਚੋਣਕਾਰ ਜਨਤਾ ਹੀ ਹੁੰਦੀ ਹੈ। ਇਸ ਲਈ, ਜਿਤਨਾ ਚਿਰ ਲੋਕ-ਪੱਧਰ ਉਚੇਰੀ ਤੇ ਜ਼ੁੰਮੇਵਾਰ ਨ ਹੋ ਜਾਵੇ, ਇਸ ਪ੍ਰਕਾਰ ਦਾ ਰਾਜ-ਢਾਂਚਾ ਆਦਰਸ਼ਕ ਨਹੀਂ ਬਣ ਸਕਦਾ। 'ਜਥਾ ਰਾਜਾ, ਤਥਾ ਪਰਜਾ' ਦਾ ਅਖਾਣ ਜਗਤ-ਪਰਸਿਧ ਹੈ। ਲੋਕ-ਤੰਤਰ ਵਿਚ ਤਾਂ ਇਕ ਰਾਜੇ ਦੀ ਥਾਂ ਹਰ ਵੋਟਰ ਹੀ, ਸਿਧਾਂਤਕ ਤੌਰ ਤੇ, ਰਾਜਾ ਮੰਨਿਆ ਗਿਆ ਹੈ।

ਸੋ, ਅਜਿਹੇ ਪਾਰਟੀ-ਪਰਬੰਧ ਦੇ ਰਾਜ ਵਿਚ ਜ਼ਰੂਰੀ ਹੈ ਕਿ ਹਰੇਕ ਸ਼ਹਿਰੀ, ਵਧ ਤੋਂ ਵਧ, ਸੂਝਵਾਨ ਤੇ ਸੱਚੇ ਆਚਾਰ, ਵਿਹਾਰ ਵਾਲਾ ਹੋਵੇ ਤਾਂ ਜੁ ਉਹ ਧੜੇ-ਰਹਿਤ ਹੋ ਕੇ ਧਰਮ-ਧੜਾ ਬਣਾ ਸਕੇ। ਐਸੇ ਧੜੇ ਵਿਚ ਸੁਆਰਥ ਤੇ ਲਬ ਲੋਭ ਨੂੰ ਕੋਈ ਥਾਂ ਨਹੀਂ ਹੋ ਸਕਦੀ। ਕਿਸੇ ਕਾਰਜ ਦੀ ਪੂਰਤੀ ਜਾਂ ਟੀਚੇ ਦੀ ਪ੍ਰਾਪਤੀ ਲਈ, ਈਮਾਨਦਾਰੀ ਨਾਲ, ਇੱਕ ਤੋਂ ਵਧੀਕ ਰਾਹ ਚੁਣੇ ਜਾ ਸਕਦੇ ਹਨ ਅਤੇ ਇਨ੍ਹਾਂ ਬਾਰੇ ਈਮਾਨਦਾਰਾਨਾ ਮਤਭੇਦ ਵੀ ਹੋ ਸਕਦਾ ਹੈ। ਅਜਿਹੇ ਮਤ-ਭੇਦ ਧੜੇ ਜਾਂ ਕੌਮ ਨੂੰ ਵਧੇਰੇ ਸੁਚੱਜਾ ਤੇ ਧੜੇ ਵਾਲਿਆਂ ਨੂੰ ਸਾਊ ਤੇ ਸੱਚਾ ਸੁੱਚਾ ਬਣਾਉਂਦੇ ਅਤੇ ਵੱਖ ਵੱਖ ਧੜਿਆਂ ਵਿਚ ਹੁੰਦਿਆਂ ਹੋਇਆਂ ਵੀ ਇਕ ਦੂਜੇ ਲਈ ਸਤਿਕਾਰ ਪੈਦਾ ਕਰਦੇ ਹਨ।

ਸੰਸਾਰ ਦੇ ਇਤਿਹਾਸ ਨੂੰ ਗਹੁ ਨਾਲ ਵਾਚਣ ਤੋਂ ਇਕ ਗੱਲ ਹੋਰ

ਵੀ ਉੱਘੜ ਕੇ ਸਾਹਮਣੇ ਆਉਂਦੀ ਹੈ ਕਿ ਇਕ ਇਕ ਮਹਾਨ ਵਿਅਕਤੀ ਉੱਠੀ ਤੇ ਉਸ ਨੇ ਸੰਸਾਰ ਦੇ ਇਤਿਹਾਸ ਦਾ ਮੂੰਹ ਮੱਥਾ ਬਦਲ ਕੇ ਰੱਖ ਦਿੱਤਾ। ਇਹ ਪ੍ਰਵਿਰਤੀ, ਆਮ ਤੌਰ ਉੱਤੇ, ਧਾਰਮਿਕ, ਰਾਜਨੀਤਕ, ਸਮਾਜਿਕ ਤੇ ਆਰਥਿਕ ਖੇਤਰਾਂ ਵਿੱਚ ਵਾਪਰਿਆ। ਇਸ ਸੰਬੰਧ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਗੁਰੂ ਸਾਹਿਬਾਨ, ਬੁੱਧ, ਮਹਾਵੀਰ, ਹਜ਼ਰਤ ਮੂਸਾ, ਹਜ਼ਰਤ ਈਸਾ, ਹਜ਼ਰਤ ਮੁਹੰਮਦ, ਜ਼ਰਤੁਸ਼ਤ, ਸਿਕੰਦਰ, ਚੰਦਰ ਗੁਪਤ ਮੌਰੀਆ, ਨੈਪੋਲੀਅਨ, ਮਾਰਟਿਨ ਲੂਥਰ, ਲੈਨਿਨ, ਰਾਜਾ ਰਾਮ ਮੋਹਨ ਰਾਏ ਆਦਿ ਦੇ ਨਾਮ, ਵੰਨਗੀ ਵਜੋਂ, ਪੇਸ਼ ਕੀਤੇ ਜਾ ਸਕਦੇ ਹਨ। ਭਾਵ ਇਹ ਹੈ ਕਿ ਜਨਤਾ ਨੂੰ ਅਗਵਾਈ ਸਦਾ ਧੜਿਆਂ ਜਾਂ ਕੌਮਾਂ ਦੀਆਂ ਉੱਚ ਤੇ ਵਿਸ਼ੇਸ਼ ਹਸਤੀਆਂ ਤੋਂ ਹੀ ਪ੍ਰਾਪਤ ਹੁੰਦੀ ਰਹੀ ਹੈ। ਜਨ ਸਾਧਾਰਨ ਦੇ ਸਮੁੱਚੇ ਟੋਲਿਆਂ ਜਾਂ ਧੜਿਆਂ ਤੋਂ ਨਹੀਂ।

ਜਿਹਾ ਕਿ ਇਸ਼ਾਰੇ ਵਜੋਂ, ਪਹਿਲੋਂ ਦੱਸਿਆ ਗਿਆ ਹੈ, ਆਮ ਲੋਕ-ਤੰਤ੍ਰੀ ਸਭਾ ਸੋਸਾਇਟੀਆਂ ਤੇ ਰਾਜਨੀਤਕ ਪ੍ਰਬੰਧ-ਢਾਂਚਿਆਂ ਲਈ ਪੂਰਨ ਸੂਝ ਬੂਝ ਵਾਲੇ ਬਾਲਗਾਂ ਦੀ ਲੋੜ ਹੈ। ਧਾਰਮਿਕ ਅਦਾਰਿਆਂ ਵਿਚ ਤਾਂ ਇਸ ਦੀ ਹੋਰ ਵੀ ਵਧੇਰੇ ਲੋੜ ਹੈ। ਪਰੰਤੂ ਹਕੀਕਤ ਇਹ ਹੈ ਕਿ ਜਨ ਸਾਧਾਰਨ ਦੀ ਸੂਝ-ਪੱਧਰ ਦਾ ਮਿਆਰ ਇਤਨਾ ਉੱਚਾ ਹੋਣਾ ਸੰਭਵ ਨਹੀਂ, ਜਿਤਨਾ ਕਿ ਚੋਣਵੀਆਂ ਵਿਸ਼ੇਸ਼ ਧਾਰਮਿਕ ਹਸਤੀਆਂ ਦਾ। ਸ਼ਾਇਦ ਇਹੀ ਕਾਰਨ ਹੈ ਕਿ ਸੰਸਾਰ ਦੇ ਲੱਗ ਪੱਗ ਸਾਰੇ ਵੱਡੇ ਮੱਤਾਂ ਦੇ ਧਰਮ-ਮੰਦਰਾਂ, ਗਿਰਜਿਆਂ ਤੇ ਮਸੀਤਾਂ ਆਦਿ ਦਾ ਪ੍ਰਬੰਧ ਲੋਕ-ਰਾਜੀ ਢੰਗ ਨਾਲ ਹਰ ਬਾਲਗ ਦੀ ਵੋਟ ਨਾਲ ਚੁਣੇ ਹੋਏ ਮੈਂਬਰਾਂ ਰਾਹੀਂ ਨਹੀਂ ਚਲਦਾ। ਰੋਮ ਦਾ ਪੋਪ, ਜਿਸ ਨੂੰ ਇਸ ਸਮੇਂ ੫੫ ਕਰੋੜ ਕੈਥੋਲਿਕ ਈਸਾਈਆਂ ਦੀ ਮਜ਼ਹਬੀ ਸਰਦਾਰੀ ਤੇ ਅਗਵਾਈ ਦੀ ਜ਼ਿੰਮੇਵਾਰੀ ਪ੍ਰਾਪਤ ਹੈ, ਦੀ ਚੋਣ ਕੇਵਲ ਅੱਸੀ "ਕਾਰਡੀਨਲ" ਕਰਦੇ ਹਨ; ਹਰੇਕ ਬਾਲਗ ਈਸਾਈ ਦੀ ਸਿੱਧੀ ਜਾਂ ਅਸਿੱਧੀ ਵੋਟ ਨਾਲ ਚੋਣ ਦਾ ਫ਼ੈਸਲਾ ਨਹੀਂ ਹੁੰਦਾ। ਸੰਸਾਰ ਵਿਚ ਕੇਵਲ ਇਕ ਸਿੱਖੀ ਹੀ ਐਸਾ ਮੱਤ ਹੈ ਜਿਥੇ ਧਰਮ-ਅਸਥਾਨਾਂ ਦਾ ਪ੍ਰਬੰਧ ਹਰ ਬਾਲਗ ਸਿੱਖ ਦੀ ਵੋਟ

ਨਾਲ ਚੁਣੇ ਮੈਂਬਰਾਂ ਰਾਹੀਂ ਕੀਤਾ ਜਾਂਦਾ ਹੈ। ਇਹ ਤਜਰਬਾ ਪੰਥ ਲਈ ਕਿਤਨਾ ਮਹਿੰਗਾ ਪੈ ਰਿਹਾ ਹੈ, ਇਹ ਗੱਲ ਬਹੁਤੀ ਸਪੱਸ਼ਟਤਾ ਦੀ ਮੁਥਾਜ ਨਹੀਂ। ਹਾਂ, ਇਸ ਤਰ੍ਹਾਂ ਚੁਣੇ ਗਏ ਮੈਂਬਰਾਂ ਲਈ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਨਿੱਜੀ ਤੌਰ 'ਤੇ ਈਮਾਨਦਾਰਾਨਾ ਵੱਖ ਵੱਖ ਵੀਚਾਰ ਰੱਖਦਿਆਂ ਹੋਇਆਂ ਵੀ, ਸਾਰੇ ਦੇ ਸਾਰੇ ਇੱਕੋ-ਧਰਮ-ਧੜੇ ਵਿਚ ਹੋਣ। ਸਮੂਹ ਮੈਂਬਰ ਸਾਹਿਬਾਨ ਦਾ ਉੱਦੇਸ਼ ਤਾਂ ਹੈ ਹੀ ਸਤਿਗੁਰਾਂ ਵਲੋਂ ਬੱਧੀ ਸੱਚੀ ਧਰਮ-ਸਾਲ ਵਿਚ ਗੁਰਮਤਿ ਦੀ ਧਰਮ-ਧੁਜਾ ਬੁਲੰਦ ਕਰਨਾ। ਫਿਰ ਅਜਿਹੀ ਸੇਵਾ ਕਰਨ ਦਾ ਬੀੜਾ ਚੁੱਕਣ ਵਾਲੇ ਸੇਵਕਾਂ ਵਿੱਚ ਥਾਂ ਥਾਂ ਏਨੀ ਤਿੱਖੀ ਧੜੇਬਾਜ਼ੀ ਤੇ ਵਿਰੋਧ ਕਿਉਂ? ਸ਼ਾਇਦ ਇਸ ਲਈ ਕਿ ਅਸੀਂ ਸਤਿਗੁਰਾਂ ਵਲੋਂ ਧਰਮ ਸਾਲ ਦੀ ਪਰੀਭਾਸ਼ਾ ਹੀ ਨਹੀਂ ਭੁੱਲੇ, ਸਗੋਂ, ਸੇਵਕ ਦੇ ਦੱਸੇ ਲੱਛਣ ਵੀ ਭੁਲ ਗਏ ਹਾਂ। ਲੱਛਣ ਹਨ :-

ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥੨॥
[ਸਿਰੀ ਰਾਗੁ ਮ: ੫, ਪੰਨਾ ੫੧

ਪੁਨਾ—ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥੭॥
[ਆਸਾ ਕੀ ਵਾਰ, ਪੰਨਾ ੪੬੭

ਸ੍ਰੀ ਗੁਰੂ ਨਾਨਕ ਦੇਵ ਜੀ ਅਥਵਾ ਬਾਕੀ ਸਿਖ ਸਤਿਗੁਰਾਂ ਦਾ ਕੇਵਲ ਇਕ ਹੀ ਧੜਾ ਸੀ ਤੇ ਇਕ ਹੀ ਉਦੇਸ਼ ਸੀ ਕਿ ਜੀਵਨ ਦੇ ਹਰ ਖੇਤਰ ਵਿਚ ਧਰਮ ਅਸਥਾਪਨ ਹੋਵੇ। ਦਸਮੇਸ਼ ਪਿਤਾ ਜੀ ਦੀ ਇਹ ਲਲਕਾਰ ਇਸ ਸੰਬੰਧ ਵਿਚ ਕਿਤਨੀ ਸਪੱਸ਼ਟ ਹੈ :

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਏ ॥

ਗੁਰੂਦੇਵ ਦੇ ਧਰਮ-ਧੜੇ ਵਲੋਂ ਧਰਮ ਦੀ ਅਸਥਾਪਨਾ ਲਈ ਮੁਤੱਅਸਬ ਤੇ ਜਾਬਰ ਬਾਦਸ਼ਾਹਾਂ, ਕਰਮ-ਕਾਂਡੀ ਬ੍ਰਾਹਮਣਾਂ, ਸਰੱਈ

ਕਾਜ਼ੀਆਂ ਤੇ ਜੁਗਤ-ਹੀਣ ਜੋਗੀਆਂ ਨਾਲ ਟੱਕਰ ਹੋਈ; ਪਰੰਤੂ, ਗੁਰੂ ਸਾਹਿਬਾਨ ਨੇ ਕਦੀ ਵੀ ਮਸਲਹਤਨ, ਰੱਬੀ ਧਰਮ-ਪਥ ਦਾ ਸਮਝੌਤਾ ਅਧਰਮ ਅਥਵਾ ਬੇ-ਅਸੂਲੀ ਨਾਲ ਨਾ ਕੀਤਾ। ਏਸੇ ਵਿਚ ਉਨ੍ਹਾਂ ਦੀ ਵਡਿਆਈ ਸੀ ਤੇ ਏਸੇ ਵਿਚ ਰੱਬੀ ਉੱਚਤਾ।

ਸਥਿਤੀ ਬਦਲ ਜਾਣ, ਜਾਂ ਨਵੀਂ, ਸੋਝੀ ਤੇ ਸੱਚੀ ਵਾਕਫ਼ੀ ਪ੍ਰਾਪਤ ਹੋ ਜਾਣ ਉਤੇ ਈਮਾਨਦਾਰੀ ਨਾਲ ਆਪਣਾ ਧਿਆਨ ਅਥਵਾ ਪਥ ਬਦਲ ਲੈਣਾ, ਕਿਸੇ ਤਰ੍ਹਾਂ ਵੀ ਨਿੰਦਨੀਯ ਨਹੀਂ। ਫੋਕੇ ਤੇ ਗਲਤ ਹੱਠ ਨੂੰ ਤਿਆਗਣਾ ਨਿਰੋਏ ਜੀਵਨ ਦੀ ਨਿਸ਼ਾਨੀ ਹੈ। ਅਜਿਹਾ ਨਾ ਕਰਨਾ ਮੂਰਖਤਾ ਅਤੇ ਕਾਇਰਤਾ ਹੋਵੇਗੀ। ਪਰੰਤੂ, ਨਿੱਜੀ ਹਾਨ ਲਾਭ ਅਧੀਨ ਜਾਂ ਹਉਮੈਂ-ਵੱਸ, ਨਿਤ ਨਵੇਂ ਪੈਂਤੜੇ ਬਦਲਣੇ ਜਾਂ ਦਲ-ਬਦਲੀ ਲਈ ਕਮਰਕੱਸਾ ਕੀਤੀ ਹੀ ਰੱਖਣਾ, ਮਨੁੱਖਤਾ ਦੀ ਤੌਹੀਨ ਤੇ ਧਰਮ ਦੀ ਹਾਨੀ ਹੈ। ਅਜਿਹੇ ਇਬਨੁਲ-ਵਕਤੀ (ਮੌਕਾ-ਤਾੜੂ) ਲੋਕਾਂ ਨਾਲ ਨ ਹੀ ਪੰਥ ਮਜ਼ਬੂਤ ਹੁੰਦੇ ਹਨ ਅਤੇ ਨ ਹੀ ਕੌਮ, ਦੇਸ਼ ਅਥਵਾ ਸੰਸਾਰ ਵਿਚ ਨੇਕੀ, ਸਹਿਨਸ਼ੀਲਤਾ ਤੇ ਸੱਚੇ ਆਚਾਰ ਵਿਚ ਵਾਧਾ ਹੁੰਦਾ ਹੈ। ਧਰਮ-ਪਥ ਵਿਚ ਇਕ-ਸਾਰ, ਇਕ-ਰੰਗ ਆਦਰਸ਼ਕ ਨਿਬਾਹ ਕਰਨ ਵਾਲੇ ਸਿਖ ਸਤਿਗੁਰਾਂ ਦੇ ਸਿਖਾਂ ਵਿਚ ਤਾਂ ਕਿਸੇ ਅਜਿਹੀ ਕਮਜ਼ੋਰੀ ਦਾ ਸੁਪਨਾ ਵੀ ਨਹੀਂ ਲਿਆ ਜਾ ਸਕਦਾ। ਗੁਰੂ ਕੇ ਸਿਖ ਲਈ ਦ੍ਰਿੜ੍ਹਤਾ ਤੇ ਅਡੋਲਤਾ ਜ਼ੈਨੀ ਵਕਾਰ ਦਾ ਸੁਆਲ ਹੈ। ਪੰਥ ਕਿਸੇ ਵਿਅਕਤੀ ਦੇ ਹਾਨ ਲਾਭ ਨਾਲੋਂ ਕਿਤੇ ਉਚੇਰਾ ਹੈ, ਕਿਤੇ ਪਿਆਰਾ।

ਸੋ, ਐ ਗੁਰਸਿਖ! ਯਾਦ ਰੱਖ, ਤੂੰ ਉਸ ਮਰਦ-ਅਗੰਮੜੇ ਤੇ ਵਰਯਾਮ ਸਤਿਗੁਰੂ ਦਾ ਸਿਖ ਹੈਂ, ਜੋ ਅਨੰਦਪੁਰ ਜਿਹੀ ਸੁਰਗਪੁਰੀ ਛੱਡਣ ਅਤੇ ਚਮਕੌਰ ਜਿਹੀ ਅਣੱਤੀ ਜੰਗ ਲੜਨ ਉਪਰੰਤ ਮਾਛੀਵਾੜੇ ਦੇ ਜੰਗਲਾਂ ਵਿਚ ਤਨ-ਤਨਹਾ ਵਿਚਾਰਦਾ, ਇਹ ਧੁਨ ਤਾਂ ਬੁਲੰਦ ਕਰ ਸਕਦਾ ਸੀ:

ਯਾਰੜੇ ਦਾ ਸਾਨੂੰ ਸੱਥਰ ਚੰਗਾ, ਭੱਠ ਖੇੜਿਆਂ ਦਾ ਰਹਿਣਾ।

ਪਰੰਤੂ, 'ਧਰਮ ਚਲਾਵਨ' ਦੇ ਪਥ ਦੀ ਗੱਲ ਨਹੀਂ ਛੱਡ ਸਕਦਾ ਸੀ।

ਤੂੰ ਉਸ ਸਰਬੰਸ-ਦਾਨੀ ਗੁਰੂ ਦਾ ਸਿੱਖ ਹੈਂ ਜਿਸ ਨੇ ਪਿਆਰੇ ਸਿੰਘ, ਮਾਤਾ ਤੇ ਜਿਗਰ ਦੇ ਚਾਰੇ ਟੋਟੇ ਕੁਰਬਾਨ ਕਰ ਕੇ, ਔਰੰਗਜ਼ੇਬ ਨੂੰ ਜੇਤੂ ਦੀ ਹੈਸੀਅਤ ਵਿਚ ਇਉਂ ਸੰਬੋਧਨ ਕੀਤਾ ਸੀ :

ਚਿ ਮਰਦੀ ਕਿ ਅਖ਼ਗਰ ਖ਼ਾਮੋਸ਼ਾਂ ਕੁਨੀ ॥
ਕਿ ਆਤਸ਼ ਦਮਾਂ ਰਾ ਫ਼ਰੋਜ਼ਾਂ ਕੁਨੀ ॥੭੪॥

[ਕੀ ਹੋਇਆ ਜੇ ਤੂੰ ਇਕ ਚੰਗਿਆੜੇ ਨੂੰ ਬੁਝਾ ਦਿੱਤਾ ਹੈ, (ਯਾਦ ਰੱਖ) ਅੱਗ ਦਾ ਵੱਡਾ ਭਾਂਬੜ ਤਾਂ ਅਜੇ ਪ੍ਰਚੰਡ ਬਲ ਰਿਹਾ ਹੈ।]

ਤਥਾ—ਚਿਹਾਂ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ ॥
ਕਿ ਬਾਕੀ ਬਿਮਾਂਦਸਤ ਪੇਚੀਦਹ ਮਾਰ ॥੭੫॥

[ਕੀ ਹੋਇਆ ਜੇ ਤੂੰ (ਮੇਰੇ) ਚਾਰ ਬੱਚੇ ਮਾਰ ਦਿਤੇ ਹਨ, (ਖ਼ਾਲਸੇ ਦੇ ਰੂਪ ਵਿਚ) ਅਜੇ ਕੁੰਡਲੀਆ ਸੱਪ (ਫਨੀਅਰ) ਤਾਂ ਬਾਕੀ ਕਾਇਮ ਹੈ।]

ਐ ਗੁਰਸਿੱਖ! ਭੁਲ ਨਾ ਕਿ ਤੇਰਾ ਕੇਵਲ ਇਕ ਤੇ ਇਕ ਹੀ ਧੜਾ ਹੈ, ਅਤੇ ਉਹ ਹੈ ਧਰਮ ਦਾ, ਹਕੀ ਦਾ, ਨਿਆਂ ਦਾ, ਅਤੇ ਨਿਸ਼ਕਾਮ ਸੇਵਾ ਦਾ। ਇਸ ਧੜੇ ਵਿਚ ਹੁੰਦਿਆਂ ਹੋਇਆਂ ਤੂੰ ਧਾਰਮਿਕ, ਸਮਾਜਿਕ, ਰਾਜਨੀਤਕ ਤੇ ਆਰਥਿਕ ਖੇਤਰਾਂ ਵਿਚ ਫੈਲੇ ਹਰ ਅਪਰਾਧ, ਹਰ ਲੁੱਟ-ਖਸੁੱਟ ਤੇ ਹਰ ਵਿਤਕਰੇ ਨਾਲ ਟੱਕਰ ਲੈਣੀ ਹੈ। ਤੇਰੀ ਉਡਾਣ ਉਕਾਬ ਦੀ ਉਡਾਣ ਹੈ, ਗਿਲਝ ਦੀ ਨਹੀਂ; ਭਾਵੇਂ ਉਹ ਵੀ ਉਸੇ ਹੀ ਆਕਾਸ਼ ਵਿਚ ਪਰਵਾਜ਼ ਕਰਦੀ ਹੈ। ਤੂੰ ਉਕਾਬ ਵਾਂਗ ਉਚੇਰੇ ਮੰਡਲਾਂ ਵਲ ਤਕਣਾ ਹੈ, ਗਿੱਧ ਵਾਂਗ ਹੇਠਾਂ ਧਰਤੀ ਉਤੇ ਮਰੇ ਪਏ ਸਵਾਰਥ ਦੇ ਢੇਰਾਂ ਵਲ ਨਹੀਂ। ਵੇਖ, ਸ਼ਾਇਰ ਇਸ ਨੁਕਤੇ ਨੂੰ ਕਿਤਨੀ ਖ਼ੂਬਸੂਰਤੀ ਨਾਲ ਕਲਮ-ਬੰਦ ਕਰਦਾ ਹੈ :

ਅਲਫ਼ਾਜ਼ ਮੁਆਨੀ ਮੇਂ, ਤਫ਼ਾਵਤ* ਨਹੀਂ, ਲੇਕਿਨ,
ਮੁੱਲਾਂ ਕੀ ਅਜ਼ਾਂ** ਔਰ ਹੈ, ਮੁਜਾਹਿਦ† ਕੀ ਅਜ਼ਾਂ ਔਰ।

* ਫ਼ਰਕ, ਅੰਤਰ। **ਨਮਾਜ਼ ਲਈ ਉੱਚੀ ਸੱਦ। †ਧਰਮ ਦੇ ਆਸ਼ਕ।

ਹੈ ਦੋਨੋਂ ਕੀ ਪਰਵਾਜ਼,†† ਉਸੀ ਏਕ ਜਹਾਂ ਮੇਂ,
‡ਕਰਗਸ ਕਾ ਜਹਾਂ ਔਰ ਹੈ, ‡‡ਸ਼ਾਹੀਂ ਕਾ ਜਹਾਂ ਔਰ।

ਹੋਰ ਵੇਖ, ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਤੇਰੇ ਲਈ ਧਰਮ-ਧੜੇ ਦੀ ਵਿਆਖਿਆ ਕਿਵੇਂ, ਕਿਤਨੀ ਸਪੱਸ਼ਟਤਾ ਨਾਲ ਬਿਆਨ ਕਰਦੇ ਤੇ ਤੈਨੂੰ ਇਸ ਵਿਚ ਪਰਵੇਸ਼ ਕਰਨ ਦੀ ਭਰਪੂਰ ਪ੍ਰੇਰਨਾ ਦੇਂਦੇ ਹਨ :—

ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ ॥
ਕਿਸ ਹੀ ਧੜਾ ਕੀਆ ਸਿਕਦਾਰ
ਚਉਧਰੀ ਨਾਲਿ ਆਪਣੈ ਸੁਆਈ ॥
ਹਮਾਰਾ ਧੜਾ ਹਰਿ ਰਹਿਆ ਸਮਾਈ ॥੧॥

ਹਮ ਹਰਿ ਸਿਉ ਧੜਾ ਕੀਆ, ਮੇਰੀ ਹਰਿ ਟੇਕ ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ,
ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥੧॥ਰਹਾਉ॥

ਜਿਨ੍ ਸਿਉ ਧੜੇ ਕਰਹਿ, ਸੇ ਜਾਹਿ ॥
ਝੂਠੁ ਧੜੇ ਕਰਿ, ਪਛੋਤਾਹਿ ॥
ਥਿਰੁ ਨ ਰਹਹਿ, ਮਨਿ ਖੋਟੁ ਕਮਾਹਿ ॥
ਹਮ ਹਰਿ ਸਿਉ ਧੜਾ ਕੀਆ, ਜਿਸ ਕਾ ਕੋਈ ਸਮਰਥੁ ਨਾਹਿ॥੨॥
ਏਹ ਸਭਿ ਧੜੇ ਮਾਇਆ ਮੋਹ ਪਸਾਰੀ ॥
ਮਾਇਆ ਕਉ ਲੂਝਹਿ, ਗਾਵਾਰੀ ॥
ਜਨਮਿ ਮਰਹਿ, ਜੂਐ ਬਾਜੀ ਹਾਰੀ ॥
ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ ॥੩॥

ਕਲਿਜੁਗ ਮਹਿ ਧੜੇ, ਪੰਚ ਚੋਰ ਝਗੜਾਏ ॥
ਕਾਮ ਕ੍ਰੋਧ ਲੋਭੁ ਮੋਹੁ ਅਭਿਮਾਨੁ ਵਧਾਏ ॥

---

†† ਉਡਾਣ। ‡ ਗਿਧ, ਗਿਰਝ। ‡‡ ਉਕਾਬ। (ਇਕਬਾਲ)

ਜਿਸ ਨੋ ਕ੍ਰਿਪਾ ਕਰੇ, ਤਿਸੁ ਸਤਸੰਗਿ ਮਿਲਾਏ ॥
ਹਮਰਾ ਹਰਿ ਧੜਾ, ਜਿਨਿ ਏਹ ਧੜੇ ਸਭਿ ਗਵਾਏ ॥੪॥
ਮਿਥਿਆ ਦੂਜਾ ਭਾਉ, ਧੜੇ ਬਹਿ ਪਾਵੈ ॥
ਪਰਾਇਆ ਛਿਦ੍ਰੁ ਅਟਕਲੈ, ਆਪਣਾ ਅਹੰਕਾਰੁ ਵਧਾਵੈ ॥
ਜੈਸਾ ਬੀਜੈ ਤੈਸਾ ਖਾਵੈ ॥
ਜਨ ਨਾਨਕ ਕਾ ਹਰਿ ਧੜਾ ਧਰਮੁ, ਸਭ ਸ੍ਰਿਸਟਿ ਜਿਣਿ ਆਵੈ ॥੫॥

[ਆਸਾ ਮ: ੫, ਪੰਨਾ ੩੬੬

[ਭਾਵਾਰਥ—ਸਤਿਗੁਰੂ ਜੀ ਫੁਰਮਾਉਂਦੇ ਹਨ, ਕਿਸੇ ਨੇ ਆਪਣੇ ਮਿੱਤਰ, ਭਰਾ, ਕੁੜਮ ਤੇ ਜਵਾਈ ਨਾਲ ਧੜਾ ਬਣਾਇਆ ਹੈ ਅਤੇ ਕਿਸੇ ਨੇ ਆਪਣੇ ਮਤਲਬ ਕੱਢਣ ਲਈ ਚੌਧਰੀਆਂ ਅਤੇ ਹੋਰ ਤੁਰਦੇ ਬੰਦਿਆਂ ਨਾਲ; ਪਰੰਤੂ ਮੇਰਾ ਧੜਾ ਤਾਂ ਕੇਵਲ ਹਰੀ ਨਾਲ ਹੀ ਹੈ, ਜੋ ਮੇਰੀ ਟੇਕ ਹੈ ਅਤੇ ਜਿਸ ਦੇ ਮੈਂ ਅਸੰਖਾਂ ਗੁਣ ਗਾਇਨ ਕਰਦਾ ਤੇ ਉਹਨਾਂ ਦਾ ਧਾਰਨੀ ਹੁੰਦਾ ਹਾਂ।]

ਕੂੜ ਨਿਖੁੱਟਣ ਵਾਲੀ ਸ਼ੈ ਹੈ। ਇਸ ਲਈ ਝੂਠੇ ਤੇ ਖੋਟਿਆਂ ਨਾਲ ਧੜੇ ਕਾਇਮ ਕਰ ਕੇ ਪਛਤਾਉਣਾ ਪੈਂਦਾ ਹੈ। ਸਾਡਾ ਧੜਾ ਉਸ ਪ੍ਰਭੂ ਨਾਲ ਹੈ ਜਿਸ ਦੀ ਬਰਾਬਰੀ ਕੋਈ ਹੋਰ ਦੂਜਾ ਕਰ ਨਹੀਂ ਸਕਦਾ। ਜਿਥੇ ਲੋਕਾਂ ਦੇ ਧੜੇ ਮਾਇਆ ਦੇ ਮੋਹ ਦਾ ਪਸਾਰਾ ਤੇ ਝਗੜਿਆਂ ਦਾ ਕਾਰਨ ਹਨ, ਉਥੇ ਸਾਡੇ ਹਰੀ-ਧੜੇ ਨੇ ਨ ਕੇਵਲ ਸਾਡਾ ਇਹ ਲੋਕ ਹੀ ਸਵਾਰ ਰਖਿਆ ਹੈ, ਸਗੋਂ ਪਰਲੋਕ ਵੀ।

ਕਲਿਜੁਗ ਦੇ ਧੜੇ ਅਸਲ ਵਿਚ ਪੰਜਾਂ ਚੋਰਾਂ—ਕਾਮ, ਕਰੋਧ, ਲੋਭ, ਮੋਹ ਤੇ ਅਹੰਕਾਰ ਵਸ ਹੋ ਬਣਦੇ ਹਨ, ਇਸ ਲਈ ਇਹਨਾਂ ਧੜਿਆਂ ਵਿਚ ਅੰਤ ਤਕ ਨਿਰਬਾਹ ਕਰਨ ਵਾਲੀ ਵਫ਼ਾ ਦੀ ਸੁਗੰਧੀ ਨਹੀਂ ਹੁੰਦੀ। ਜਿਸ ਉਤੇ ਵਾਹਿਗੁਰੂ ਦੀ ਕਿਰਪਾ ਹੋਵੇ, ਉਹ ਸਤਿਸੰਗ ਪ੍ਰਾਪਤ ਕਰਦਾ ਅਤੇ ਇਸ ਤਰ੍ਹਾਂ ਧਰਮ-ਧੜੇ ਵਿਚ ਆਉਂਦਾ ਹੈ। ਹਰੀ-ਧੜੇ ਵਿਚ ਆ ਕੇ ਤਾਂ ਧੜਿਆਂ ਵਿਚ ਵਿਚਰਨ ਦੀ ਭਾਵਨਾ ਹੀ ਖ਼ਤਮ ਹੋ ਜਾਂਦੀ ਹੈ। ਫੇਰ, ਸਿਖ ਸਮਦਰਸੀ ਹੋ ਕੇ, 'ਸਰਬੱਤ ਦੇ ਭਲੇ'

ਦੀ ਅਰਦਾਸ ਕਰਦਾ ਹੈ।

ਹਕੀਕਤ ਇਹ ਹੈ ਕਿ ਜੀਵ ਜੋ ਬੀਜਦਾ ਹੈ, ਉਹੀ ਹੀ ਵਢਦਾ ਹੈ। ਈਰਖਾ, ਦਵੈਖ, ਅਹੰਕਾਰ ਤੇ ਸੁਆਰਥ-ਵਸ ਹੋਇਆ, ਇਸ ਦਾ ਮਨ ਸਦਾ ਪਾਰੇ ਵਾਂਗ ਚੰਚਲ ਰਹਿੰਦਾ ਤੇ ਦੁਖੀ ਹੁੰਦਾ ਹੈ।

ਕੇਵਲ ਗੁਰੂ ਨਾਨਕ ਦਾ ਧਰਮ-ਧੜਾ ਹੀ ਇਕ ਅਜਿਹਾ ਧੜਾ ਹੈ, ਜਿਸ ਦੇ ਬਲ ਨਾਲ ਸਾਰਾ ਸੰਸਾਰ ਜਿੱਤਿਆ ਜਾ ਸਕਦਾ ਹੈ।

ਇਸ ਅਸਾਰ ਸੰਸਾਰ ਵਿਚ, ਐਸੀ ਛਿਨ-ਭੰਗਰ ਜ਼ਿੰਦਗੀ ਦੀ ਹਕੀਕਤ ਤੋਂ ਬਾ-ਖ਼ਬਰ ਅਤੇ ਮਨੁੱਖ ਨਾਲ ਮਨੁੱਖ ਦੀ ਅਜ਼ਲੀ ਸਾਂਝ ਤੋਂ ਜਾਣੂ ਲੋਕਾਂ ਲਈ, ਸਤਿਗੁਰੂ ਜੀ ਦੀ ਧੜਿਆਂ ਬਾਰੇ ਕੀਤੀ ਇਹ ਵਿਆਖਿਆ, ਇਕ ਉਹ ਟੇਕ ਤੇ ਗਾਡੀ-ਰਾਹ ਹੈ, ਜਿਸ ਉਤੇ ਤੁਰਿਆਂ ਧਰਮ, ਸਮਾਜ ਤੇ ਰਾਜਨੀਤੀ ਰੀਤਾਂ ਦੇ ਨੀਰ-ਵਤ ਨਿਰਮਲ ਰਹਿ ਕੇ ਕੁਲ ਮਖ਼ਲੂਕ ਨੂੰ ਬਹਿਸ਼ਤ-ਜੀਕਰ ਬਣਾ ਸਕਦੇ ਹਨ।

ਫੇਰ ਤੇ ਫੇਰ, ਬਣ ਸਕਦੀ ਹੈ ਇਹ ਧਰਤੀ ਸੁਰਗ, ਅਥਵਾ ਭਗਤ ਰਵਿਦਾਸ ਜੀ ਦਾ ਸੰਕਲਪਿਆ "ਬੇਗਮ ਪੁਰਾ", ਜਿਥੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਲੋਅਚਲ ਵਾਲੇ "ਹਲੇਮੀ ਰਾਜ" ਦਾ ਪਹਿਰਾ ਤੇ ਬੋਲ-ਬਾਲਾ ਹੋਵੇ। ਆਮੀਨ!

ਸੁਆਰਥ

ਹਰੇਕ ਜੀਵ ਵਿਚ ਆਪਣੇ ਹਿੱਤਾਂ ਲਈ ਸੋਚ ਅਤੇ ਬਚਾਅ ਲਈ ਰੁਚੀ, ਇਕ ਸੁਭਾਵਿਕ ਤੇ ਪਰਧਾਨ ਗੁਣ ਹੈ : ਸਿਆਣਿਆਂ ਦੇ ਇਸ ਕਥਨ ਵਿਚ ਅੰਤਾਂ ਦੀ ਸੱਚਾਈ ਹੈ ਕਿ 'ਪਹਿਲੇ ਆਪ ਤੇ ਫੇਰ ਬਾਪ।' ਏਸੇ ਕਥਨ ਨੂੰ ਫ਼ਾਰਸੀ ਵਿਚ 'ਅੱਵਲ ਖ਼ੇਸ਼, ਬਾਅਦ ਦਰਵੇਸ਼' ਅਤੇ ਅੰਗਰੇਜ਼ੀ ਵਿਚ "Charity begins at home" ਕਰਕੇ ਪਰਗਟ ਕੀਤਾ ਗਿਆ ਹੈ। ਮਨੁੱਖੀ ਸੁਭਾਵ ਵਿਚ self-preservation (ਸਵੈ-ਰਖਿਆ) ਇਕ ਮੂਲ ਪ੍ਰਵਿਰਤੀ ਤੇ ਅੰਤਰ-ਪ੍ਰੇਰਨਾ ਦੇ ਰੂਪ ਵਿਚ ਸਥਾਪਤ ਹੈ। ਏਸੇ ਮੂਲ ਸੂਝ ਅਧੀਨ ਹੀ ਮਨੁੱਖ ਵਿਚ ਉੱਦਮ, ਪੁਰਸ਼ਾਰਥ ਸੇਵਾ, ਘਾਲਣਾ ਅਤੇ ਜੀਵਨ-ਸੰਘਰਸ਼ ਲਈ ਉਤੇਜਨਾ ਉਪਜਦੀ ਹੈ। ਜਿਹੜਾ ਆਦਮੀ ਆਪਣੇ ਹਿੱਤਾਂ ਦੀ ਰਾਖੀ ਕਰਨੋਂ ਅਸਮਰਥ ਹੈ, ਆਪਣੀ ਉਪਜੀਵਕਾ ਤੇ ਨਿੱਜੀ ਲੋੜਾਂ ਲਈ ਪੁਰਸ਼ਾਰਥ ਨਹੀਂ ਕਰਦਾ, ਉਸ ਨੇ ਕਿਸੇ ਦੂਜੇ ਲੋੜਵੰਦ ਦਾ ਕੀ ਸਵਾਰਨਾ ਹੈ ?

ਪਰੰਤੂ, ਜਦ ਵੀ ਮਨੁੱਖ ਸਵਾਰਥ ਅਥਵਾ ਵਧੇ ਲੋਭ, ਲਾਲਚ ਜਾਂ ਤ੍ਰਿਸ਼ਨਾ ਅਧੀਨ ਜੀਵਨ-ਸੰਘਰਸ਼ ਲਈ ਇਕ ਖ਼ਾਸ ਤੇ ਮਿਥੀ ਹੱਦ ਤੋਂ ਤਜਾਵਜ਼ ਕਰ ਕੇ (ਪਰੇ ਹਟ ਕੇ, ਤਿਆਗ ਕੇ) ਜੀਵਨ-ਤੋਰ ਨੂੰ ਅਸੰਤੁਲਿਤ ਕਰ ਲੈਂਦਾ ਹੈ, ਇਸ ਵਿਚ ਸੰਜਮ, ਸਹਿਜ ਤੇ ਨਿਰਣਾਇਕ ਬੁੱਧੀ ਦੀ ਘਾਟ ਆ ਵਾਪਰਦੀ ਹੈ, ਓਦੋਂ ਨਾ ਕੇਵਲ ਇਹ ਅਤਿਵਾਦੀ ਹੁੰਦਾ ਹੋਇਆ ਆਪਣੇ ਜੋਤਿ-ਸਰੂਪੀ ਸੁਭਾਵ ਵਿਚ,ਸਦ-ਗੁਣਾਂ ਦਾ ਅਭਾਵ ਹੀ ਕਰ ਬੈਠਦਾ ਹੈ, ਸਗੋਂ ਘਿਰਣਤ ਔਗੁਣਾਂ ਦੀ ਉਪਜ ਦਾ ਇਕ ਵੱਡਾ ਅੱਡਾ ਵੀ ਬਣ ਜਾਂਦਾ ਹੈ।

ਕਥਾ ਹੈ ਕਿ ਮਹਾਨ ਸਿਕੰਦਰ ਨੇ ਜਦ ਸਾਰੇ ਸੰਸਾਰ ਨੂੰ ਜਿਤਣ ਦਾ ਬੀੜਾ ਚੁੱਕਿਆ, ਤਾਂ ਤੁਰਨ ਤੋਂ ਪਹਿਲਾਂ ਬੇਪਰਵਾਹ ਫ਼ਿਲਾਸਫ਼ਰ

ਡਾਇਓਜਿਨੀਜ਼ Diogenes ਦੇ ਵੀ ਦਰਸ਼ਨ ਕੀਤੇ ਤੇ ਕੁਝ ਸੇਵਾ ਮੰਗੀ। ਲੰਮੇ ਚੌੜੇ ਵਾਰਤਾਲਾਪ ਵਿਚ ਡਾਇਓਜਿਨੀਜ਼ ਨੇ ਉਸ ਨੂੰ ਕਿਹਾ ਕਿ ਉਸ ਕੋਲੋਂ ਕੀ ਮੰਗਣਾ ਹੈ, ਜੋ ਉਸ ਦੇ ਦਾਸਾਂ ਦਾ ਦਾਸ ਹੈ। ਸਿਕੰਦਰ ਨੇ ਬੜੇ ਰੋਹ ਵਿੱਚ ਪੁਛਿਆ ਭਲਾ ਉਹ ਉਸ ਦੇ ਦਾਸਾਂ ਦਾ ਦਾਸ ਕਿਵੇਂ ਹੋਇਆ, ਜਦ ਕਿ ਉਸ ਪਾਸ ਇਕ ਕੁੱਜੇ ਤੋਂ ਸਿਵਾ ਕੁਛ ਭੀ ਨਹੀਂ ? ਫਿਲਾਸਫਰ ਬੋਲਿਆ, "ਐ ਸਿਕੰਦਰ, ਤੂੰ ਲੋਭ ਤੇ ਸੁਆਰਥ (Greed) ਅਤੇ ਹਉਮੈ Ego ਦੇ ਅਧੀਨ ਹੋਇਆ ਇਤਨੇ ਵੱਡੇ ਖੂਨ ਖਰਾਬੇ ਲਈ ਫ਼ੌਜ-ਕਸ਼ੀ ਕਰ ਰਿਹਾ ਹੈਂ, ਜਦ ਕਿ ਮੈਂ ਇਹਨਾਂ ਬਲੀ ਵਿਕਾਰਾਂ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ। ਹੁਣ ਤੂੰ ਆਪ ਹੀ ਦਸ ਕਿ ਤੂੰ ਮੇਰੇ ਦਾਸਾਂ ਦਾ ਦਾਸ ਹੋਇਆ ਕਿ ਨਾਂਹ ?"

ਸੋ, ਸੁਆਰਥ ਦੀ ਪੀਢੀ ਪਕੜ ਵਿਚ ਆਇਆ ਇਨਸਾਨ ਨਾ ਕੇਵਲ ਆਪਣੇ ਆਲੇ-ਦੁਆਲੇ ਦੇ ਸਵੱਛ ਸਮਾਜ-ਰੂਪੀ ਦੁੱਧ ਵਿਚ ਕਾਂਜੀ ਹੀ ਘੋਲਦਾ ਤੇ ਜੀਵਨ ਨੂੰ ਨਰਕ ਬਣਾ ਦੇਂਦਾ ਹੈ, ਸਗੋਂ ਵੱਡੀ ਪੱਧਰ ਉਤੇ ਟੱਕਰਾਂ, ਕਬੀਲਿਆਂ, ਕੌਮਾਂ ਤੇ ਦੇਸ਼ਾਂ ਦੀਆਂ ਭਿਆਨਕ ਜੰਗਾਂ-ਜੁੱਧਾਂ ਤੇ ਵੈਰਾਂ-ਵਿਤਕਰਿਆਂ ਅਤੇ ਬੇਵਸਾਹੀ ਦਾ ਕਾਰਨ ਵੀ ਬਣਦਾ ਹੈ।

ਜਿਹਾ ਕਿ ਉਪਰ ਇਸ਼ਾਰੇ ਮਾਤਰ ਅੰਕਿਤ ਕੀਤਾ ਗਿਆ ਹੈ— ਦੂਜਿਆਂ ਦੇ ਹੱਕਾਂ ਨੂੰ ਵਿਸਾਰ ਕੇ ਕੇਵਲ ਆਪਣੇ ਹਿੱਤਾਂ ਲਈ ਚਿੰਤਾਤੁਰ ਤੇ ਜਤਨ-ਸ਼ੀਲ ਹੋਣਾ ਸੁਆਰਥ ਹੈ। ਹਰੇਕ ਮਨੁੱਖ ਨੂੰ, ਇਕ ਖਾਸ ਹੱਦ ਤੱਕ, ਆਪਣੇ ਲਾਭਾਂ ਲਈ ਸੋਚਣ ਅਤੇ ਉਹਨਾਂ ਦੀ ਰਾਖੀ ਕਰਨ ਦਾ ਪੂਰਾ ਹੱਕ ਹਾਸਿਲ ਹੈ; ਪਰੰਤੂ, ਉਸ ਨੂੰ ਇਹ ਅਧਿਕਾਰ ਨਹੀਂ ਕਿ ਉਹ ਨਿੱਜੀ ਲਾਭਾਂ ਦੀ ਖ਼ਾਤਰ ਦੂਜਿਆਂ ਦੇ ਹੱਕਾਂ ਉਤੇ ਛਾਪਾ ਮਾਰੇ, ਆਪਣੇ ਸੁਆਰਥੀ ਮੰਤਵਾਂ ਦੀ ਪੂਰਤੀ ਲਈ ਹਰ ਤਰ੍ਹਾਂ ਦੇ ਵਲ-ਛਲ, ਪਰਪੰਚ ਜਾਂ ਧੱਕਾ-ਧੋੜਾ ਕਰੇ। ਇਹ ਰੁਚੀ ਨਿੱਜਲੋਕ ਤੇ ਸਮਾਜ ਦੇ ਪ੍ਰਬੰਧ-ਢਾਂਚੇ ਲਈ ਅਤੀ ਹਾਨੀਕਾਰਕ ਹੈ। ਵੇਖੋ, ਇਕ ਪੱਛਮੀ ਵਿਚਾਰਵਾਨ ਇਸ ਨੁਕਤੇ ਨੂੰ ਕਿਤਨੀ ਖ਼ੂਬਸੂਰਤੀ ਨਾਲ ਬਿਆਨ ਕਰਦਾ ਹੈ :—

'A man is called selfish, not for pursuing his own good, but for neglecting his neighbours.'

[ਭਾਵ—ਕਿਸੇ ਆਦਮੀ ਨੂੰ ਇਸ ਲਈ ਸੁਆਰਥੀ ਨਹੀਂ ਕਿਹਾ ਜਾ ਸਕਦਾ ਕਿ ਉਹ ਆਪਣੇ ਲਾਭਾਂ ਲਈ ਭੱਜ-ਨੱਠ ਕਰਦਾ ਹੈ, ਸਗੋਂ ਇਸ ਲਈ ਕਿ ਉਹ ਆਪਣੇ ਗਵਾਂਢੀਆਂ ਤੇ ਸਾਥੀਆਂ ਦੇ ਹਿੱਤਾਂ ਨੂੰ ਵਿਸਾਰਦਾ ਹੈ।]

ਸੁਆਰਥ ਬਾਰੇ ਇਕ ਹੋਰ ਬੁੱਧੀਮਾਨ ਐਮਨਜ਼ (Emmons) ਦਾ ਵਿਚਾਰ ਹੈ ਕਿ ਸੁਆਰਥ ਸਭ ਕੁਦਰਤੀ ਤੇ ਇਖ਼ਲਾਕੀ ਬੁਰਾਈਆਂ ਦਾ ਸੋਮਾ ਹੈ:

(Selfishness is the source of all natural and moral evils.)

ਏਸੇ ਸਿਧਾਂਤ ਤੇ ਸਿੱਟੇ ਨੂੰ ਜੇ. ਏ. ਫ਼ਰੂਡ (J. A. Froude) ਇਉਂ ਅੰਕਿਤ ਕਰਦਾ ਹੈ:

"The essence of true nobility is neglect of self."

[ਭਾਵ—ਆਪੇ (ਸੁਆਰਥ) ਦਾ ਤਿਆਗ ਹੀ ਸੱਚੀ ਸਰੇਸ਼ਠਤਾ ਤੇ ਵਡੱਤਣ ਦਾ ਤੱਤ ਹੈ।]

ਗਹੁ ਨਾਲ ਪਰਖਿਆਂ, ਪੜਚੋਲਿਆਂ, ਸਵਾਰਥ, ਹਉਮੈ ਦਾ ਹੀ ਇਕ ਵੱਟਿਆ ਰੂਪ ਦਿਸ ਆਵੇਗਾ। ਹਉਮੈ ਤੇ ਸੁਆਰਥ ਮਨੁੱਖ ਨੂੰ ਮੈਂ, ਆਪਣੇ ਆਪ ਅਥਵਾ ਖ਼ੁਦ-ਨੁਮਾਈ ਉਤੇ ਕੇਂਦਰਤ ਕਰਦੇ ਅਤੇ ਇਕੱਲ ਦੀ ਡੂੰਘੀ ਖੱਡ ਵਿਚ ਧੱਕਾ ਦੇ ਕੇ ਦੁੱਖ ਦਾ ਕਾਰਨ ਬਣਦੇ ਹਨ। ਸੁਆਰਥ ਦੇ ਇਸ ਰੂਪ ਤੋਂ ਰੱਬ ਕਿੰਨਾ ਦੂਰ ਵੱਸਦਾ ਹੈ। ਭਾਈ ਨੰਦ ਲਾਲ ਜੀ ਗੋਇਆ ਇਸ ਸਚਾਈ ਨੂੰ ਇਉਂ ਬਿਆਨ ਕਰਦੇ ਹਨ:—

ਈਂ ਖ਼ੁਦ ਨੁਮਾਈ-ਇ ਤੋ, ਖ਼ੁਦਾ ਹਸਤ ਦੂਰ ਤਰ।
ਬੀਨੀ ਦਰੂਨਿ ਖ਼ੇਸ਼, ਵ ਸ਼ਵੀ ਅਜ਼ ਖ਼ੁਦੀ ਖਲਾਸ।

(ਗ਼ਜ਼ਲ ੬੨)

[ਭਾਵ—ਤੇਰੇ ਸਵਾਰਥ, ਵਿਖਾਵੇ ਤੇ ਹਉਮੈਂ-ਭਾਵ ਤੋਂ ਰੱਬ

ਬਹੁਤ ਦੂਰ ਹੈ। ਜੇ ਉਸ ਨੂੰ ਮਿਲਣਾ ਲੋੜਦਾ ਹੈਂ ਤਾਂ ਆਪਣੇ ਅਸਲੇ ਨੂੰ ਜਾਨਣ ਹਿਤ ਆਪਣੇ ਅੰਦਰ ਝਾਤੀ ਮਾਰ ਅਤੇ ਹਉਮੈ ਤੋਂ ਪਾਕ (ਸਾਫ਼) ਹੋ।]

ਸਵਾਰਥ ਦੀ ਅੱਤਿ ਨੂੰ ਤ੍ਰਿਸ਼ਨਾ ਜਾਂ ਤਮ੍ਹਾ ਦਾ ਨਾਮ ਦਿਤਾ ਗਿਆ ਹੈ। ਇਸ ਬਾਰੇ ਬਾਬੇ ਆਦਮ ਦੀ ਉਦਾਹਰਣ ਦੇ ਕੇ ਭਾਈ ਸਾਹਿਬ ਸਾਧਿਕ ਨੂੰ ਇਉਂ ਸਾਵਧਾਨ ਕਰਦੇ ਹਨ :

ਬਰਾਏ ਗਿਰਦਾ-ਇ ਨਾਂ, ਗਿਰਦ ਹਰ ਦੂਨਾਂ ਚਿ: ਮੇ ਗਰਦੀ ?
ਤਮਾਅ ਦੀਦੀ ਕਿ ਆਦਮ ਰਾ, ਅਸੀਰਿ ਦਾਨਾ ਮੇ-ਸਾਜ਼ਦ।
(ਸਾਚੀ ਪ੍ਰੀਤਿ, ਗ਼ਜ਼ਲ ੨੧)

[ਭਾਵ—ਰੋਟੀ ਦੇ ਇਕ ਟੁਕੜੇ ਲਈ ਤੂੰ ਹਰ ਕਮੀਨੇ ਦੇ ਗਿਰਦ ਕਿਉਂ ਫਿਰਦਾ ਏਂ ? ਤੂੰ ਵੇਖਿਆ ਹੈ ਕਿ ਬਾਬੇ ਆਦਮ ਨੂੰ ਸਵਾਰਥ ਅਥਵਾ ਤ੍ਰਿਸ਼ਨਾ ਨੇ, ਵਿਵਰਜਿਤ ਦਾਣੇ ਦੇ ਲੋਭ ਵਿਚ ਫਸਾ ਕੇ, ਬਹਿਸ਼ਤੋਂ ਕਢਵਾ ਦਿਤਾ ਸੀ।]

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਅਜਿਹੇ ਲੋਭ-ਗ੍ਰਿਸਤ ਸਵਾਰਥੀ ਨੂੰ ਉਸ ਆਦਮੀ ਨਾਲ ਤੁਲਣਾ ਦਿੱਤੀ ਹੈ ਜੋ ਰਾਮ ਨਾਮ ਦੀ ਟੇਕ ਛੱਡ ਕੇ ਕੁੱਤੇ ਵਾਂਗ ਦੁਆਰੇ ਦੁਆਰੇ ਭਟਕਦਾ ਫਿਰਦਾ ਹੈ—

ਦੁਆਰਹਿ ਦੁਆਰਿ ਸੁਆਨ ਜਿਉ ਡੋਲਤ,
ਨਹ ਸੁਧ ਰਾਮ ਭਜਨ ਕੀ ॥
[ਆਸਾ ਮ: ੯, ਪੰਨਾ ੪੩੧

ਸੁਆਰਥੀ ਇਤਨਾ ਨਿੰਦਣੀਯ ਹੈ ਕਿ ਉਸ ਲਈ ਸੁਰਗ ਅਥਵਾ ਵਾਹਿਗੁਰੂ ਦੀ ਸਮੀਪਤਾ ਪ੍ਰਾਪਤ ਕਰਨਾ ਅਸੰਭਵ ਹੈ। ਵਿਦਵਾਨ Feitham (ਫੇਲਥਮ) ਇਸ ਸੱਚਾਈ ਨੂੰ ਇਉਂ ਅੰਕਿਤ ਕਰਦਾ ਹੈ:—

"Show me the man who would go to heaven alone and I will show you one who will not be admitted there."

[ਭਾਵ—ਸਵਾਰਥੀ ਇਤਨਾ ਮੰਦਾ ਤੇ ਇਕੱਲਵਾਦੀ ਹੈ ਕਿ ਉਹ ਖੁਦਗਰਜ਼ ਹੋਣ ਦੇ ਨਾਤੇ ਇਕੱਲਾ ਕਦੀ ਵੀ ਸੁਰਗਾਂ ਵਿਚ ਦਾਖਲ ਨਹੀਂ ਕੀਤਾ ਜਾਵੇਗਾ ।]

ਹੈਰਾਨੀ ਤੇ ਦੁੱਖ ਦੀ ਗਲ ਇਹ ਹੈ ਕਿ ਸੁਆਰਥੀ ਆਦਮੀ ਦੂਜਿਆਂ ਦਾ ਹੱਕ ਮਾਰ ਕੇ ਆਪ ਵੀ ਦੁਖੀ ਹੁੰਦਾ ਹੈ ਪ੍ਰੰਤੂ ਇਸ ਮਿੱਠੇ-ਮੌਹਰੇ ਨੂੰ ਛਡਦਾ ਨਹੀਂ। ਵਿਦਵਾਨ ਐਮਰਸਨ ਇਸ ਹਕੀਕਤ ਨੂੰ ਇਉਂ ਅੰਕਿਤ ਕਰਦਾ ਹੈ :

The selfish man suffers more from his selfishness than he from whom that selfishness withholds some important benefit. (Emerson)

ਹਰੇਕ ਚੰਗੇ ਮਨੁੱਖ ਦੀ ਇਹ ਲੋਚਾ ਹੈ ਕਿ ਸੰਸਾਰ ਸੁੰਦਰ, ਸੁਖਦਾਈ ਤੇ ਰਮਣੀਕ ਬਣੇ । ਅਨੇਕ ਪ੍ਰਕਾਰ ਦਾ ਵਿਗਿਆਨ ਤੇ ਉਸ ਦੀਆਂ ਲਭਤਾਂ ਇਸ ਮੰਤਵ ਦੀ ਪੂਰਤੀ ਲਈ ਦਿਨ ਰਾਤ ਇੱਕ ਕਰ ਰਹੀਆਂ ਹਨ । ਪਰੰਤੂ ਜੇ ਸਾਡੇ ਵਿਚਾਰਾਂ ਵਿਚ ਸਵਾਰਥ ਦੀ ਪ੍ਰਧਾਨਤਾ ਰਹੇਗੀ, ਜੇ ਅਸੀਂ ਦੂਜੇ ਦੇ ਹੱਕ ਨੂੰ ਮੁਰਦਾਰ ਤੁਲ ਨਹੀਂ ਸਮਝਾਂਗੇ, ਜੇ ਅਸੀਂ ਗੁਰੂ ਨਾਨਕ ਜੀ ਵਲੋਂ ਦਰਸਾਏ ਇਸ ਸੁਨਹਿਰੀ ਸਿਧਾਂਤ ਨੂੰ—

ਹਕੁ ਪਰਾਇਆ ਨਾਨਕਾ, ਉਸੁ ਸੂਅਰੁ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ, ਜਾ ਮੁਰਦਾਰੁ ਨ ਖਾਇ ॥੨॥(੭)
[ਮ: ੧, ਮਾਝ ਕੀ ਵਾਰ, ਪੰਨਾ ੧੪੧

—ਨਾ ਅਪਣਾਵਾਂਗੇ ਤਾਂ ਇਹ ਰੁਚੀ ਸਾਨੂੰ ਅਵੱਸ਼ ਦੂਜਿਆਂ ਨਾਲ ਟੱਕਰਾ ਦੇਵੇਗੀ । ਅਸੀਂ ਸਭਯਤਾ ਤੇ ਵਿਗਿਆਨ ਦੀ ਚੱਕ੍ਰਿਤ ਕਰ ਦੇਣ ਵਾਲੀ ਪ੍ਰਗਤੀ ਦੇ ਹੁੰਦਿਆਂ ਹੋਇਆਂ ਵੀ ਆਪੋ ਆਪਣੇ ਸੁਆਰਥਾਂ ਦੀ ਟੱਕਰ ਨਾਲ ਤਬਾਹ ਹੋ ਜਾਵਾਂਗੇ । ਆਖਰ ਸੰਸਾਰ ਦੇ ਵੱਡੇ, ਭਿਆਨਕ ਵਿਸ਼ਵ-ਜੰਗਾਂ ਦਾ ਕਾਰਨ, ਇਹ ਸੁਆਰਥ-ਭਰਪੂਰ ਰੁਚੀ ਹੀ ਤਾਂ ਹੈ ।

ਵਧੇ ਹੋਏ ਸੁਆਰਥ ਦਾ ਹੀ ਦੂਜਾ ਨਾਮ ਲੋਭ, ਲਾਲਚ ਅਤੇ

ਤ੍ਰਿਸ਼ਨਾ ਹੈ। ਮਹਾਂਪੁਰਸ਼ਾਂ ਨੇ ਲਬ, ਲੋਭ ਤੇ ਤ੍ਰਿਸ਼ਨਾ ਨੂੰ ਸਭ ਪਾਪਾਂ ਦਾ ਮੂਲ ਮੰਨਿਆ ਹੈ। ਗੁਸਾਈਂ ਤੁਲਸੀ ਦਾਸ ਜੀ ਦਾ ਇਹ ਦੋਹਰਾ ਇਸ ਨੁਕਤੇ ਨੂੰ ਸਪੱਸ਼ਟ ਕਰਨ ਲਈ ਕਿਤਨਾ ਯਥਾਰਥ ਹੈ—

ਲੋਭ ਪਾਪ ਕਾ ਮੂਲ ਹੈ, ਨਰਕ ਮੂਲ ਅਭਿਮਾਨ ॥
ਤੁਲਸੀ ਦਯਾ ਨ ਛੋਡੀਐ, ਜਬ ਲਗ ਘਟ ਮਹਿ ਪ੍ਰਾਨ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੜੇ ਕਰੜੇ ਸ਼ਬਦਾਂ ਵਿਚ ਲੋਭ ਦੀ ਨਿਖੇਧੀ ਕਰਦਿਆਂ, ਮਨੁੱਖ ਨੂੰ ਇਉਂ ਸਾਵਧਾਨ ਕੀਤਾ ਹੈ :—

ਲਾਲਚੁ ਛੋਡਹੁ, ਅੰਧਿਹੋ ! ਲਾਲਚਿ ਦੁਖੁ ਭਾਰੀ ॥੫॥
[ਆਸਾ ਮ: ੧, ਪੰਨਾ ੪੧੯

ਹੋਰ ਫ਼ੁਰਮਾਉਂਦੇ ਹਨ :—

ਲਬੁ ਅਧੇਰਾ ਬੰਦੀਖਾਨਾ, ਅਉਗਣ ਪੈਰਿ ਲੁਹਾਰੀ ॥੩॥
[ਬਸੰਤ ਮ: ੧, ਪੰਨਾ ੧੧੯੧

[ਭਾਵ—ਸੁਆਰਥ ਇਕ ਕਾਲ ਕੋਠੜੀ ਅਤੇ ਪੈਰੀਂ ਪਈ ਲੋਹੇ ਦੀ ਬੇੜੀ ਸਮਾਨ ਹੈ।]

ਉਪਰੋਕਤ ਵੀਚਾਰ ਦੀ ਪੁਸ਼ਟੀ ਰਬਾਬੀ ਬਲਵੰਡ ਨੇ ਵਾਰ ਰਾਮਕਲੀ ਵਿਚ ਇਉਂ ਕੀਤੀ ਹੈ :—

ਲਬੁ ਵਿਣਾਹੇ ਮਾਣਸਾ, ਜਿਉ ਪਾਣੀ ਬੂਰੁ ॥੫॥ [ਪੰਨਾ ੯੬੭

[ਭਾਵ—ਲਾਲਚ ਮਨੁੱਖ ਨੂੰ ਇਉਂ ਵਿਗਾੜ ਦਿੰਦਾ ਹੈ, ਜਿਵੇਂ ਪਾਣੀ ਨੂੰ ਬੂਰ।]

ਵਧੀ ਹੋਈ ਸੁਆਰਥੀ ਰੁੱਚੀ ਨੂੰ ਚੌਥੇ ਗੁਰਦੇਵ ਸ੍ਰੀ ਗੁਰੂ ਰਾਮ ਦਾਸ ਜੀ ਨੇ ਕੁੱਤੇ ਦੇ ਹਲਕ ਨਾਲ ਤੁਲਨਾ ਦਿਤੀ ਹੈ। ਜਿਵੇਂ ਹਲਕਾ ਕੁੱਤਾ ਚੰਗੇ-ਮੰਦੇ, ਆਪਣੇ-ਪਰਾਏ, ਸਭ ਨੂੰ ਇਕ-ਸਮਾਨ ਦਾੜ੍ਹੀ ਜਾਂਦਾ ਹੈ, ਇਹੋ ਹਾਲਤ ਸੁਆਰਥੀ ਮਨੁੱਖ ਦੀ ਹੁੰਦੀ ਹੈ, ਉਹ ਮਿੱਤ੍ਰ-ਹੀਨ ਹੁੰਦਾ ਹੈ। ਆਪ ਦਾ ਫ਼ੁਰਮਾਨ ਹੈ :—

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ,

ਹਲਕਿਓ ਸਭਹਿ ਬਿਗਾਰੇ ॥੭॥੬॥

ਨਟ ਮ: ੪, ਪੰਨਾ ੯੮੩

ਭਾਈ ਨੰਦ ਲਾਲ ਜੀ 'ਗੋਇਆ' ਇਕ ਥਾਂ ਪ੍ਰਭੂ ਦੇ ਦਰਸ਼ਨ ਦੀਦਾਰ ਦੀ ਸ਼ਰਤ ਹੀ ਇਹ ਦਸਦੇ ਹਨ ਕਿ ਮਨੁੱਖ ਆਪਣੇ ਵਿਚੋਂ ਹੱਵਸ–ਵਧੀਆਂ ਸੁਆਰਥੀ ਖ਼ਾਹਸ਼ਾਂ–ਦੂਰ ਕਰੇ । ਆਪ ਜੀ ਦਾ ਫੁਰਮਾਨ ਹੈ :–

ਗੋਇਆ ! ਗਰ, ਆਂ ਜਮਾਲ ਦੀਦਨ ਦਾਰੀ,
ਅਜ਼ ਖ਼ੁਦ, ਹਵਸਿ ਮੈਲ, ਰਮੀਦਨ ਦਾਰੀ ॥

(ਪ੍ਰੀਤਿ ਰੀਤਿ, ਰੁਬਾਈ ੧੯

[ਗੋਇਆ, ਜੇ ਤੂੰ ਵਾਹਿਗੁਰੂ ਦਾ ਜਲਵਾ ਵੇਖਣ ਦੀ ਚਾਹ ਰਖਦਾ ਹੈਂ ਤਾਂ ਆਪਣੇ ਅੰਦਰੋਂ ਸੁਆਰਥੀ ਰੁਚੀਆਂ ਅਧੀਨ ਵਧੀਆਂ ਖ਼ਾਹਸ਼ਾਂ ਨੂੰ ਦੌੜਦਾ ਕਰ ।]

ਵੀਚਾਰਵਾਨ ਵਿਲਫ਼ਰੇ ਲਿਖਦਾ ਹੈ : In all time self-love has blinded the wisest. (Villefre)

(ਸੁਆਰਥ ਅਥਵਾ ਨਿੱਜੀ ਲਾਭ ਨੇ ਸਦਾ ਅਤਿ ਸਿਆਣਿਆਂ ਪੁਰਸ਼ਾਂ ਨੂੰ ਵੀ ਅੰਨ੍ਹੇ ਕਰ ਛੱਡਿਆ ਹੈ ।)

ਇਸ ਵਿਚ ਕੋਈ ਸੰਦੇਹ ਨਹੀਂ ਕਿ ਸੁਆਰਥੀ ਮਨੁੱਖ ਦਾ ਧਰਮ, ਵਫ਼ਾਦਾਰੀ, ਸਭ ਕੁਝ ਨਿੱਜੀ ਲਾਭ ਹੁੰਦਾ ਹੈ । ਇਹੋ ਕਾਰਨ ਹੈ ਕਿ ਇਕ ਵੀਚਾਰਵਾਨ ਨੇ ਸੰਸਾਰ ਦਾ ਭਲਾ ਇਸੇ ਗੱਲ ਵਿਚ ਵੇਖਿਆ ਹੈ ਕਿ ਅਜਿਹਾ ਪੁਰਸ਼ ਜਿਤਨੀ ਛੇਤੀ ਸੰਸਾਰ ਤੋਂ ਕੂਚ ਕਰ ਜਾਵੇ ਉਤਨੀ ਹੀ ਭਲੇ ਦੀ ਗੱਲ ਹੈ । ਉਹ ਲਿਖਦਾ ਹੈ–

"He who lives only to benefit, himself, confers on the world a benefit when he dies.

ਸੁਆਰਥੀ, ਲੋਭੀ, ਲਾਲਚੀ ਦੀ ਇਸ ਅੱਧਮਤਾ (ਨੀਚਤਾ) ਨੂੰ ਮੁੱਖ ਰਖ ਕੇ ਹੀ ਗੁਰੂ ਅਮਰਦਾਸ ਜੀ ਨੇ ਮਨੁੱਖ ਨੂੰ ਸਾਵਧਾਨ ਕੀਤਾ ਹੈ

ਕਿ ਉਹ ਲੋਭੀ ਦਾ ਕਦੇ ਵੀ ਵਿਸਾਹ ਨ ਕਰੇ। ਉਹ ਆਪਣੇ ਸੁਆਰਥ ਹਿਤ ਤੁਹਾਡੇ ਨਾਲ ਧਰੋਹ ਕਰ ਕੇ, ਤੁਹਾਨੂੰ ਓਥੇ ਮਾਰੇਗਾ, ਜਿਥੋਂ ਬਚਣਾ ਸੰਭਵ ਨ ਹੋਵੇ। ਆਪ ਦਾ ਸਪੱਸ਼ਟ ਸੰਕੇਤ ਹੈ ਕਿ :–

ਲੋਭੀ ਕਾ ਵੇਸਾਹੁ ਨ ਕੀਜੈ, ਜੇਕਾ ਪਾਰਿ ਵਸਾਇ ॥
ਅੰਤਿ ਕਾਲਿ ਤਿਥੈ ਧੁਹੈ, ਜਿਥੈ ਹਥੁ ਨ ਪਾਇ ॥
ਮਨਮੁਖ ਸੇਤੀ ਸੰਗੁ ਕਰੇ, ਮੁਹਿ ਕਾਲਖ ਦਾਗੁ ਲਗਾਇ॥
ਮੁਹ ਕਾਲੇ ਤਿਨ ਲੋਭੀਆਂ, ਜਾਸਨਿ ਜਨਮ ਗਵਾਇ ॥੪੦॥

[ਮ: ੩, ਪੰਨਾ ੧੪੧੭

ਸੰਸਾਰ, ਪ੍ਰੇਮ-ਪਿਆਰ, ਹਮਦਰਦੀ, ਸਬਰ-ਸੰਤੋਖ ਤੇ ਪਰ-ਸੁਆਰਥ ਦਾ ਬੱਧਾ ਖਲੋਤਾ ਹੈ। ਇਹਨਾ ਦੈਵੀ ਗੁਣਾਂ ਦਾ ਅਭਾਵ ਹੋ ਜਾਣ ਨਾਲ ਇਹ ਨਿਸਸੰਦੇਹ ਦੋਜ਼ਖ਼ ਬਣ ਜਾਏਗਾ। ਸੁਖ ਦੀ ਪ੍ਰਾਪਤੀ ਦਾ ਭੇਦ ਹੋਰਨਾਂ ਨੂੰ ਸੁਖ ਦੇਣ ਵਿਚ ਹੈ, ਸੁਆਰਥ ਅਧੀਨ ਹੋ ਕਿਸੇ ਦਾ ਸੁਖ ਖੋਹਣ ਵਿਚ ਨਹੀਂ। ਸ਼ੇਖ ਫ਼ਰੀਦ ਜੀ ਤਾਂ ਆਪਣੀ ਬਾਣੀ ਵਿਚ ਦੋ ਤੇ ਦੋ ਚਾਰ ਵਾਂਗ, ਸਪੱਸ਼ਟ ਕਰਦੇ ਹਨ ਕਿ ਜਿਥੇ ਸੁਆਰਥ ਅਥਵਾ ਲੱਬ ਹੈ, ਉਥੇ ਪਿਆਰ ਦੀ ਅੰਸ਼ ਤੇ ਸੁਖ ਕਿਥੇ ? ਬਾਣੀ ਹੈ :–

ਫਰੀਦਾ, ਜਾਂ ਲਬੁ, ਤਾਂ ਨੇਹੁ ਕਿਆ ? ਲਬੁ ਤ ਕੂੜਾ ਨੇਹੁ ॥
ਕਿਚਰੁ ਝਤਿ ਲਘਾਈਐ, ਛਪਰਿ ਤੁਟੈ ਮੇਹੁ ॥੧੮॥

[ਸਲੋਕ ਫਰੀਦ ਜੀ, ਪੰਨਾ ੧੩੭੮

ਜ਼ਰਾ ਸੋਚੋ, ਜੇ ਹਰੇਕ ਮਨੁੱਖ ਸੁਆਰਥੀ ਰੁਚੀ ਦਾ ਹੀ ਧਾਰਨੀ ਹੋ ਜਾਵੇ ਤਾਂ ਫਿਰ ਕੋਈ ਦੇਸ਼-ਭਗਤ, ਧਰਮੀ ਅਥਵਾ ਸ਼ਹੀਦ, ਮਨੁੱਖ ਮਾਤਰ ਦੇ ਭਲੇ ਲਈ, ਆਪਣਾ ਆਪ ਕਿਉਂ ਵਾਰੇ ? ਕੋਈ ਨਿਸ਼ਕਾਮ ਕੁਰਬਾਨੀ ਕਿਉਂ ਕਰੇ ?

ਮਨੁੱਖੀ ਭਾਈਚਾਰੇ ਦੀ ਖ਼ੂਬਸੂਰਤੀ ਤੇ ਕਲਿਆਣ ਇਸੇ ਵਿਚ ਹੈ ਕਿ ਮਨੁੱਖ ਗੁਰੂ ਬਾਣੀ ਵਿਚ ਦਰਸਾਏ ਇਸ ਦੈਵੀ ਸਿਧਾਂਤ—"ਅਪਨਾ ਬਿਗਾਰਿ ਬਿਰਾਨਾ ਸਾਂਢੈ" ਨੂੰ ਅਪਣਾਵੇ ਤੇ ਸੰਸਾਰ ਨੂੰ ਸੁਰਗ ਅਥਵਾ ਭਗਤ ਰਵਿਦਾਸ ਜੀ ਦੇ ਤਸੱਵਰ ਦਾ 'ਬੇਗ਼ਮ ਪੁਰਾ' ਬਣਾਉਣ ਲਈ ਸਦਾ ਤੱਤਪਰ ਰਹੇ।

ਉੱਚ ਵੀਚਾਰ ਤੇ ਸਾਦਾ ਜੀਵਨ

ਮਨੁੱਖ ਦੀ ਬਣਤਰ ਤੇ ਜੀਵਨ ਵਿਚ 'ਵੀਚਾਰ' ਨੂੰ ਜੋ ਪਰਧਾਨਤਾ ਹਾਸਲ ਹੈ, ਉਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ। ਵੀਚਾਰਾਂ ਨੂੰ ਕਰਤੱਵ ਅਥਵਾ ਕੰਮ-ਕਾਰ ਦਾ ਪਿਤਾ ਮੰਨਿਆ ਗਿਆ ਹੈ :

"Thought is the father of action."

ਚੰਗੇ ਵੀਚਾਰ ਮਨੁੱਖ ਨੂੰ ਚੰਗਾ, ਤੇ ਮੰਦੇ ਮੰਦਾ ਬਣਾਉਂਦੇ ਹਨ। ਮਨੁੱਖੀ ਮਨ ਨੂੰ 'ਸੰਕਲਪਾਂ ਤੇ ਵਿਕਲਪਾਂ' (ਚੰਗੇ ਮੰਦੇ) ਵੀਚਾਰਾਂ ਦਾ ਸੰਗ੍ਰਹਿ ਅਥਵਾ ਕੇਂਦਰ ਮੰਨਿਆ ਗਿਆ ਹੈ।

ਸੰਸਾਰ ਉਤੇ ਜੋ ਵੀ ਆਉਂਦਾ ਹੈ ਉਹ ਕੁਦਰਤੀ ਨੇਮ ਅਧੀਨ ਸਮਾਂ ਪਾ ਕੇ, ਤੁਰ ਜਾਂਦਾ ਹੈ। ਨਾ ਕੋਈ ਥਿਰ ਰਿਹਾ, ਨਾ ਰਹੇਗਾ, ਪਰੰਤੂ, ਮਹਾਂਪੁਰਸ਼ਾਂ ਦੇ ਉੱਤਮ ਵੀਚਾਰ ਜੁਗੋ ਜੁਗ ਸੰਸਾਰ ਨੂੰ ਰੁਸ਼ਨਾਉਂਦੇ ਤੇ ਸਹੀ ਸੇਧ ਦਿੰਦੇ ਰਹਿੰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਇਸ ਹਕੀਕਤ ਨੂੰ ਇਉਂ ਦਰਸਾਉਂਦੇ ਹਨ :

ਅੰਡ ਬਿਨਾਸੀ, ਜੇਰ ਬਿਨਾਸੀ, ਉਤਭੁਜ, ਸੇਤ ਬਿਨਾਧਾ ॥
ਚਾਰਿ ਬਿਨਾਸੀ,ਖਟਹਿ ਬਿਨਾਸੀ,ਇਕਿ ਸਾਧ ਬਚਨਨਿਹਚਲਾਧਾ॥੨॥
[ਸਾਰੰਗ ਮ: ੫, ਪੰਨਾ ੧੨੦੪

ਏਸੇ ਸਚਾਈ ਨੂੰ ਇਕ ਸੁਘੜ ਸ਼ਾਇਰ ਇਉਂ ਬਿਆਨ ਕਰਦਾ ਹੈ—

ਰਹੇਗੀ ਆਬੋ ਹਵਾ ਮੇਂ 'ਖ਼ਿਆਲ' ਕੀ ਸ਼ਕਤੀ।
ਜੋ ਮੁਸ਼ਤਿ ਖ਼ਾਕ ਹੈ ਫ਼ਾਨੀ, ਰਹੇ, ਰਹੇ, ਨਾ ਰਹੇ।

ਉੱਚੇ ਸੁੱਚੇ ਥਿਰ ਰਹਿਣ ਵਾਲੇ ਵੀਚਾਰ ਦੀ ਪਰਖ ਇਹ ਹੈ ਕਿ ਉਹ 'ਸੱਚ' ਉਤੇ ਅਧਾਰਤ ਹੁੰਦਾ ਹੈ। ਕਿਉਂਕਿ 'ਸੱਚ' ਸਦੀਵੀ ਹੈ;

ਲਈ ਲਈ ਅਜਿਹਾ ਵੀਚਾਰ ਵੀ ਸਦੀਵੀ (Universal) ਹੁੰਦਾ ਹੈ। ਉਹ ਸਦਾ ਪ੍ਰਾਣੀ ਮਾਤਰ ਨੂੰ, ਇਕ-ਸਮਾਨ ਆਪਣੀ ਪਿਆਰ-ਗਲਵਕੜੀ ਵਿਚ ਲੈਂਦਾ ਤੇ ਸਹੀ ਜੀਵਨ-ਸੇਧ ਦਿੰਦਾ ਹੈ। ਸਹੀ ਗੱਲ ਤਾਂ ਇਹ ਹੈ ਕਿ ਵਾਹਿਗੁਰੂ ਅਕਾਲ-ਪੁਰਖ ਆਪ ਹੀ ਸਮੂਹ ਸਤਿ ਵੀਚਾਰਾਂ ਦਾ ਸੋਮਾ ਹੈ। ਹਰੇਕ ਉੱਤਮ ਵੀਚਾਰ ਦੀ ਬਖ਼ਸ਼ਿਸ਼ ਉਹ ਆਪ ਹੀ ਕਰਦਾ ਹੈ। ਇਸ ਲਈ ਸਾਨੂੰ ਸਭ ਤੋਂ ਪਹਿਲਾਂ ਉਸ ਦਾ ਧੰਨਵਾਦ ਕਰਨਾ ਚਾਹੀਦਾ ਹੈ। ਫੇਰ ਸਾਨੂੰ ਉਸ ਵਿਅਕਤੀ ਦਾ ਵੀ ਹਾਰਦਿਕ ਰਿਣੀ ਹੋਣਾ ਲੋੜੀਏ, ਜੋ ਸਭ ਤੋਂ ਪਹਿਲਾਂ ਕਿਸੇ ਮਹਾਨ ਵੀਚਾਰ ਦਾ ਪਾਤਰ ਬਣਿਆ, ਜਿਸ ਦੇ ਧੰਨਤਾ-ਜੋਗ ਹਿਰਦੇ ਉਤੇ ਇਹ ਖ਼ਿਆਲ ਉਤਰਿਆ ਅਤੇ ਜਿਸ ਨੇ ਇਸ ਨੂੰ ਬੋਲੀ ਜਾਂ ਲਿਖਤੀ ਰੂਪ ਵਿਚ ਬਿਆਨ ਕੀਤਾ ਤੇ ਸਾਂਭਿਆ। ਆਖ਼ਰ ਵਿਚ ਉਸ ਮਨੁੱਖ ਦਾ ਵੀ ਵੱਡਾ ਉਪਕਾਰ ਹੈ, ਜਿਸ ਨੇ ਅਜਿਹੇ ਵੀਚਾਰ ਨੂੰ ਪ੍ਰਮਾਣ ਦੇ ਤੌਰ ਉਤੇ ਵਰਤਿਆ ਤੇ ਪ੍ਰਚਾਰਿਆ।

ਕਿਉਂਕਿ ਅਸੀਂ ਬਣੇ ਵੀਚਾਰਾਂ ਅਥਵਾ ਸੂਤ੍ਰਾਂ ਦੇ ਅਧੀਨ ਕਰਮ ਕਰਦੇ ਹਾਂ, ਇਸ ਲਈ ਉਤਮ ਵੀਚਾਰ ਆਦਮੀ ਦਾ ਸਭ ਤੋਂ ਵੱਡਾ ਸਰਮਾਇਆ ਅਤੇ ਤੋੜ ਨਿਭਣ ਤੇ ਅੰਤ ਨੂੰ ਨਿਰਬਾਹ ਕਰਨ ਵਾਲਾ ਸੱਚਾ ਸੱਜਣ ਮੰਨੇ ਗਏ ਹਨ। ਸੇਖ ਸੱਜਣ (ਠੱਗ) ਦੇ ਜੀਵਨ ਨੂੰ ਮੋੜਾ ਪਾਉਣ ਲਈ ਨਿਰੰਕਾਰੀ ਬਾਬੇ ਵਲੋਂ ਉਚਾਰੇ ਗਏ ਸ਼ਬਦ ਦਾ ਇਹ ਹਿੱਸਾ ਇਸ ਨੁਕਤੇ ਨੂੰ ਵਧੇਰੇ ਸਪੱਸ਼ਟ ਕਰਦਾ ਹੈ:

ਸਜਣ ਸੇਈ ਨਾਲਿ ਮੈ, ਚਲਦਿਆ ਨਾਲਿ ਚਲੰਨਿ੍ ॥
ਜਿਥੈ ਲੇਖਾ ਮੰਗੀਐ, ਤਿਥੈ ਖੜੇ ਦਿਸੰਨਿ੍ ॥੧॥ਰਹਾਉ॥

[ਸੂਹੀ ਮ: ੧, ਪੰਨਾ ੭੨੯

ਅੰਤ ਨੂੰ ਨਾਲ ਨਿਭਣ ਵਾਲੇ ਸੱਜਣ, ਸ਼ੁਭ ਵੀਚਾਰ ਤੇ ਸ਼ੁਭ ਅਮਲ ਹੀ ਹੋ ਸਕਦੇ ਹਨ, ਅਸਥੂਲ ਵਸਤਾਂ ਨਹੀਂ।

ਇਸ ਲਈ ਸੰਸਾਰ ਵਿਚ ਸਹੀ ਮਿੱਤਰ ਜਾਂ ਸੰਬੰਧੀ ਉਹੀ ਹੈ, ਜੋ ਸਾਨੂੰ ਧਨ, ਦੌਲਤ ਆਦਿ ਪਦਾਰਥ ਦੇਣ ਦੀ ਥਾਂ ਸ਼ੁਭ ਵੀਚਾਰਾਂ ਦੀ

ਸੁਗਾਤ ਦੇਵੇ। ਜ਼ਿੰਦਗੀ ਖ਼ਿਆਲਾਂ ਦੇ ਦੁਆਲੇ ਘੁੰਮਦੀ ਹੈ। ਜੋ ਲੋਕ ਜੋ ਲੋਕ ਉੱਚੇ ਸੁੱਚੇ ਵੀਚਾਰ ਨਹੀਂ ਰਖਦੇ, ਉਹ ਸਹੀ ਅਰਥਾਂ ਵਿਚ ਤੁਰਦੀਆਂ ਫਿਰਦੀਆ ਲੋਥਾਂ ਸਮਾਨ ਹਨ। ਸਹੀ ਸੂਝ ਬੂਝ ਤੋਂ ਕੋਰੇ ਅਥਵਾ ਸਮਝ-ਹੀਣ ਅਜਿਹੇ ਮਨੁੱਖਾਂ ਬਾਰੇ ਗੁਰੂ ਜੀ ਫੁਰਮਾਉਂਦੇ ਹਨ :—

ਮਾਨੁਖੁ, ਬਿਨੁ ਬੂਝੇ, ਬਿਰਥਾ ਆਇਆ ॥ਰਹਾਉ॥

[ਟੋਡੀ ਮ: ੫, ਪੰਨਾ ੭੧੨

ਸਾਡੇ ਮਨ-ਰੂਪੀ ਹਾਥੀ ਨੂੰ ਗੁਰੂ ਦਾ ਬਚਨ-ਰੂਪੀ ਅੰਕਸ ਹੀ ਸੂਤ ਵਿਚ ਰਖਦਾ ਹੈ। ਚੰਗੇ ਸੰਸਕਾਰ ਚੰਗੀ ਸੰਗਤ ਵਿਚੋਂ ਪੈਦਾ ਹੁੰਦੇ ਹਨ। ਇਸੇ ਲਈ ਗੁਰੂ ਸਾਹਿਬਾਨ ਨੇ ਨਿੱਤ ਸਤਿਸੰਗ ਕਰਨ ਉਤੇ ਏਨਾ ਜ਼ੋਰ ਦਿਤਾ ਹੈ। ਕਬੀਰ ਜੀ ਦਾ ਕਥਨ ਹੈ :

ਜੋ ਜੈਸੀ ਸੰਗਤਿ ਮਿਲੈ, ਸੋ ਤੈਸੋ ਫਲੁ ਖਾਇ ॥੮੬॥

[ਸਲੋਕ ਕਬੀਰ ਜੀ, ਪੰਨਾ ੧੩੬੯

ਤਥਾ—ਜੈਸਾ ਸੇਵੈ ਤੈਸੋ ਹੋਵੈ ॥

[ਗਉੜੀ ਮ: ੧, ਪੰਨਾ ੨੨੪

ਜੇ ਜ਼ਰਾ ਗਹੁ ਨਾਲ ਵੇਖਿਆ, ਵੀਚਾਰਿਆ ਜਾਵੇ ਤਾਂ ਵੇਦ, ਸ਼ਾਸਤਰ ਉਪਨਿਸ਼ਦ, ਸਿਮਰਤੀਆਂ, ਭਗਵਤ ਗੀਤਾ, ਅੰਜੀਲ, ਕੁਰਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ, ਸਮੂਹ ਧਰਮ-ਗ੍ਰੰਥ ਸ਼ਬਦਾਂ ਅਥਵਾ ਉੱਤਮ ਵਿਚਾਰਾਂ ਦਾ ਸੰਗ੍ਰਹਿ ਹੀ ਤਾਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕਰਨ ਵੇਲੇ ਸਿੱਖ ਸਤਿਗੁਰਾਂ ਤੋਂ ਛੁੱਟ ਭਾਰਤ ਭਰ ਦੇ ਤੀਹਾਂ ਸੰਤਾਂ, ਭਗਤਾਂ, ਭੱਟਾਂ ਤੇ ਅਨ ਮਹਾਂਪੁਰਸ਼ਾਂ ਦੀ ਪਵਿੱਤਰ ਬਾਣੀ ਨੂੰ ਵੀ ਇਸ ਅਲੌਕਿਕ ਸੰਗ੍ਰਹਿ ਵਿਚ ਸਮਾਨ ਥਾਂ ਦਿੱਤੀ ਅਤੇ ਅੰਤ ਵਿਚ ਫੁਰਮਾਇਆ ਕਿ ਇਸ ਥਾਲ ਵਿਚ ਤਿੰਨ ਥਿਸੇ—ਸੱਤ, ਸੰਤੋਖ ਅਤੇ ਨਾਮ ਨਾਲ ਸੰਬੰਧਤ ਸ੍ਰੇਸ਼ਟ ਵੀਚਾਰ ਪਰਧਾਨ ਰਖੇ ਗਏ ਹਨ। ਨੂਰੀ ਵਾਕ ਹੈ—

ਥਾਲ ਵਿਚਿ ਤਿੰਨਿ ਵਸਤੂ ਪਈਓ, ਸਤੁ, ਸੰਤੋਖੁ ਵੀਚਾਰੋ ॥

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ, ਜਿਸ ਕਾ ਸਭਸੁ ਅਧਾਰੋ ॥

[ਮੁੰਦਾਵਣੀ ਮਹਲਾ ੫, ਪੰਨਾ ੧੪੨੯

ਨਿਰਮਲ ਅਥਵਾ ਬਿਬੇਕ ਵੀਚਾਰਾਂ ਦੀ ਮਹੱਤਤਾ ਬਾਰੇ ਗੁਰੂ ਜੀ ਦਾ ਕਥਨ ਹੈ :—

ਬਿਬੇਕ ਬੁਧਿ ਸਭ ਜਗ ਮਹਿ ਨਿਰਮਲ, ਬਿਚਰਿ ਬਿਚਰਿ ਰਸੁ ਪੀਜੈ ॥੨॥

[ਕਲਿਆਨ ਮ: ੪, ਪੰਨਾ ੧੩੨੫

['ਬਿਚਰਿ ਬਿਚਰਿ' ਤੋਂ ਭਾਵ ਹੈ—ਵੀਚਾਰ ਵੀਚਾਰ ਕੇ।]

ਸ੍ਰੀ ਗੁਰੂ ਅਰਜਨ ਦੇਵ ਜੀ ਬਿਬੇਕ ਬੁੱਧੀ ਲਈ, ਜੋ ਇਕ ਤਰ੍ਹਾਂ ਨਾਲ ਉੱਚ ਵੀਚਾਰਾਂ ਦਾ ਹੀ ਅਕਸ ਜਾਂ ਸੰਗ੍ਰਹਿ ਹੈ, ਪ੍ਰਭੂ ਪਾਸ ਇਉਂ ਜਾਚਨਾ ਕਰਦੇ ਹਨ :—

ਹਾਰਿ ਪਰਿਓ ਸੁਆਮੀ ਕੈ ਦੁਆਰੈ, ਦੀਜੈ ਬੁਧਿ ਬਿਬੇਕਾ ॥ਰਹਾਉ॥

[ਸੋਰਠਿ ਮ: ੫, ਪੰਨਾ ੬੪੧

ਸਫਲ ਜੀਵਨ ਲਈ ਜਿਥੇ ਉੱਚੇ ਸੁੱਚੇ ਵੀਚਾਰਾਂ ਦਾ ਧਾਰਨੀ ਹੋਣਾ ਕਲਿਆਣਕਾਰੀ ਹੈ, ਓਥੇ ਨਾਲ ਹੀ ਇਹ ਵੀ ਜਾਨਣ ਦੀ ਲੋੜ ਹੈ ਕਿ ਉੱਤਮ ਵੀਚਾਰਾਂ ਤੇ ਸਾਦਗੀ ਦਾ ਆਪਸ ਵਿਚ ਵੀ ਡਾਢਾ ਗੂੜ੍ਹਾ ਸੰਬੰਧ ਹੈ। ਸਾਦਾ ਜੀਵਨ ਇਕ ਤਰ੍ਹਾਂ ਨਾਲ ਉੱਚੇ ਵੀਚਾਰਾਂ ਦਾ ਸਾਕਾਰ-ਰੂਪ ਅਥਵਾ ਪ੍ਰਗਟਾ ਹੈ। ਜਿਵੇਂ ਜਿਵੇਂ ਮਨੁੱਖ ਵੀਚਾਰ-ਸ਼ੀਲ ਹੁੰਦਾ ਹੋਇਆ ਜੀਵਨ ਦੀਆਂ ਸਹੀ ਕੀਮਤਾਂ, ਕਦਰਾਂ ਤੇ ਕੁਦਰਤ ਦੇ ਰਹੱਸਮਯ ਨੂੰ ਸਮਝ ਤੇ ਮਾਣ ਕੇ ਵਿਸਮਾਦਤ ਹੋਵੇਗਾ, ਤਿਵੇਂ ਤਿਵੇਂ ਉਸ ਦੇ ਜੀਵਨ ਵਿਚ ਸਾਦਗੀ ਆਉਂਦੀ ਤੇ ਵਿਖਾਵਾ ਘਟਦਾ ਜਾਵੇਗਾ। ਉਹ ਵਧ ਤੋਂ ਵਧ ਕੁਦਰਤੀ ਜੀਵਨ ਦੇ ਨੇੜੇ ਤੇ ਬਨਾਵਟਾਂ ਤੋਂ ਦੂਰ ਹੁੰਦਾ ਜਾਵੇਗਾ।

ਸ੍ਰੀ ਗੁਰੂ ਨਾਨਕ ਦੇਵ ਜੀ 'ਸੱਚ' ਤੇ 'ਸੱਚੇ ਆਚਾਰ' ਦੇ ਉਪਾਸ਼ਕ ਤੇ ਪ੍ਰਚਾਰਕ ਸਨ। ਸੱਚ ਤੇ ਸਾਦਗੀ ਆਪਸ ਵਿਚ ਹੀ ਓਤ-ਪੋਤ ਹਨ। ਸ਼ੇਕਸਪੀਅਰ ਇਕ ਥਾਂ ਲਿਖਦਾ ਹੈ :—

"I am as simple as truth's simplicity."

[ਭਾਵ–ਮੈਂ ਇਤਨਾ ਸਾਦਾ ਹਾਂ ਜਿਤਨੀ ਕਿ ਸੱਚ ਦੀ ਸਾਦਗੀ।]

ਅਸਲ ਵਿਚ ਸਾਦਗੀ, ਉੱਚੇ ਵੀਚਾਰਾਂ ਦੀ ਉਪਜ ਅਤੇ ਲਖਾਇਕ ਹੈ ਅਤੇ ਫੈਸ਼ਨ ਬਨਾਵਟ, ਕੂੜ ਤੇ ਬਦ-ਸੂਰਤੀ ਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਜਿਥੇ 'ਖਾਣਾ ਪੀਣਾ ਪੰਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ' ਦਾ ਉਪਦੇਸ਼ ਕਰਦੇ ਹਨ ਓਥੇ ਨਾਲ ਇਹ ਵੀ ਸੋਧ ਦਿੰਦੇ ਹਨ ਕਿ ਹਲਾਲ, ਹਰਾਮ ਤੇ ਸੁਆਦਾਂ ਦੇ ਬਖੇੜੇ ਵਿਚ ਪਏ ਤੋਂ ਬਿਨਾ ਹੀ ਖਾਣ-ਪੀਣ ਤੇ ਪਹਿਨਣ ਦੀ ਸਾਦਗੀ ਨੂੰ ਸਦਾ ਇਉਂ ਪਰਖਣ ਦੀ ਲੋੜ ਹੈ:

ਬਾਬਾ, ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ ॥
ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ,ਮਨ ਮਹਿ ਚਲਹਿ ਵਿਕਾਰੁ ॥੧॥ਰਹਾਉ॥

[ਸਿਰੀ ਰਾਗੁ ਮ: ੧, ਪੰਨਾ ੧੬

ਸਾਨੂੰ ਜਿਥੇ ਰਹਿਣ ਸਹਿਣ ਦੀ ਸਾਦਗੀ ਤੇ ਖਿਆਲਾਂ ਦੀ ਸਵੱਛਤਾ ਪ੍ਰਭੂ ਨਾਲ ਜੋੜਦੀ ਤੇ ਸਹੀ ਅਰਥਾਂ ਵਿਚ ਇਨਸਾਨ ਬਣਾਉਂਦੀ ਹੈ, ਓਥੇ ਫੈਸ਼ਨ, ਬਣਾਉਟੀ ਜੀਵਨ ਤੇ ਨੀਵੇਂ ਵਿਚਾਰ ਵਾਹਿਗੁਰੂ ਤੋਂ ਦੂਰੀ ਪੈਦਾ ਕਰਦੇ ਤੇ ਮਨੁੱਖਤਾ ਤੋਂ ਡੇਗਦੇ ਹਨ। ਜੇ ਜ਼ਰਾ ਗਹੁ ਨਾਲ ਵਿਚਾਰੀਏ ਤਾਂ ਫੈਸ਼ਨ ਦੀ ਇਕ ਬਦਲਦੀ ਬਦਸੂਰਤੀ ਹੈ। ਭਲਾ, ਜੇ ਇਹ ਫੈਸ਼ਨ, ਸੁੰਦਰਤਾ ਤੇ ਸੁਹੱਪਣ ਦਾ ਜ਼ਾਮਨ ਹੋਵੇ ਤਾਂ ਹਰ ਛੇ ਮਹੀਨੇ ਪਿਛੋਂ ਬਦ-ਜ਼ੇਬ (ਕੁਢੱਬਾ) ਸਮਝ ਕੇ ਬਦਲਿਆ ਕਿਉਂ ਜਾਵੇ?

ਸੋ, ਸਿੱਟੇ ਦੀ ਗੱਲ ਇਹੀ ਹੈ ਕਿ ਸਫਲ ਜੀਵਨ-ਮਾਰਗ ਲਈ ਸਾਦਾ ਜੀਵਨ ਤੇ ਉੱਚੇ ਵੀਚਾਰਾਂ ਦਾ ਧਾਰਨੀ ਹੋਇਆ ਜਾਵੇ। ਹਰੇਕ ਯੁਗ ਦੇ ਮਹਾਨ ਚਿੰਤਕਾਂ ਤੇ ਵੀਚਾਰਵਾਨਾਂ ਨੇ ਉੱਚੇ ਵੀਚਾਰਾਂ ਨੂੰ ਹੀ ਅਨੰਦਮਈ ਜੀਵਨ ਦੀ ਆਧਾਰ-ਸ਼ਿਲਾ ਤੇ ਜ਼ਾਮਨ ਮੰਨਿਆ ਹੈ।

ਮਾਇਆ ਕੇ ਦੋ ਦਾਓ ਹੈਂ......!

ਸਿਆਣਿਆਂ ਦਾ ਕਥਨ ਹੈ ਕਿ ਨੇਕੀ ਮੱਧ ਵਿਚ ਵਰਤਦੀ ਹੈ (Virtue lies in the middl) । ਅੱਤ ਦਾ ਤੇ ਨੇਕੀ (ਰੱਬ) ਦਾ ਵੈਰ ਹੁੰਦਾ ਹੈ। ਅੱਤ ਦੀ ਧੁਪ, ਅੱਤ ਦਾ ਮੀਂਹ, ਅੱਤ ਦੀ ਅਮੀਰੀ, ਅੱਤ ਦੀ ਗਰੀਬੀ, ਅੱਤ ਦੀ ਸਖਤੀ, ਅੱਤ ਦੀ ਨਰਮੀ, ਸਭ ਹਾਨੀਕਾਰਕ ਹਨ। ਏਸੇ ਲਈ ਕਿਹਾ ਗਿਆ ਹੈ ਕਿ–

ਅੱਤ ਕਾ ਭਲਾ ਨਾ ਬਰਸਨਾ, ਅੱਤ ਕੀ ਭਲੀ ਨਾ ਧੁੱਪ ।
ਅੱਤ ਕਾ ਭਲਾ ਨਾ ਬੋਲਣਾ, ਅੱਤ ਕੀ ਭਲੀ ਨਾ ਚੁੱਪ ।

ਅਧਿਆਤਮਕ ਜੀਵਨ ਦੇ ਮੁਤਲਾਸ਼ੀ ਲੋਕਾਂ ਨੇ ਮੱਧ ਵਾਲੀ ਅਵਸਥਾ ਦਾ ਨਾਂ ਸਹਿਜ ਅਵਸਥਾ (Balanced State of mind) ਰੱਖਿਆ ਹੈ। ਜਦ ਤਕ ਰਜੋ, ਤਮੋ ਜਾਂ ਸਤੋ ਵਿਚੋਂ ਕਿਸੇ ਇਕ ਦੀ ਪਰਧਾਨਤਾ ਹੈ, ਜੀਵਨ, ਇਕ-ਪੱਖਾ ਅਤੇ ਅਧੂਰਾ ਰਹੇਗਾ। ਸਾਵੀਂ ਪੱਧਰੀ ਤੇ ਤੁਲਵੀਂ ਜੀਵਨ-ਚਾਲ ਲਈ ਸੰਤੁਲਿਤ (ਉਲਾਰ-ਰਹਿਤ) ਜੀਵਨ-ਤੋਰ ਦੀ ਲੋੜ ਹੈ। ਏਸੇ ਲਈ ਗੁਰਮਤਿ ਵਿਚ ਮਨ ਨੂੰ ਕੂਟੇ ਕਰਨ ਜਾਂ ਉੱਕਾ ਹੀ ਮਾਰਨ ਦੀ ਹਦਾਇਤ ਨਹੀਂ, ਸੁਵੀਚਾਰ ਦੁਆਰਾ ਵੱਸ ਕਰਨ ਦੀ ਪ੍ਰੇਰਨਾ ਹੈ* ।

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦਾ ਅਭਾਵ ਅਥਵਾ ਬੀਜ-ਨਾਸ਼ ਨਹੀਂ ਕਰਨਾ, ਇਨ੍ਹਾਂ ਨੂੰ ਸ਼ੁੱਧ (Sublime) ਕਰ ਕੇ ਪ੍ਰੇਮ ਪਿਆਰ, ਜਬ੍ਹੇ, ਅਣਖ, ਉੱਦਮ ਤੇ ਸਵੈਮਾਣ ਵਿਚ ਬਦਲਣਾ ਹੈ। ਤ੍ਰਿਸ਼ਨਾ (ਵਧੀ ਹੋਈ ਇੱਛਾ) ਤਿਆਗਣ ਜੋਗ ਹੈ, ਪਰੰਤੂ ਅਗੋਂ ਵਧਣ ਲਈ

---

* ਮਨ ਕਾ ਸੁਭਾਉ ਮਨਹਿ ਬਿਆਪੀ ॥
ਮਨਹਿ ਮਾਰਿ ਕਵਨ ਸਿਧਿ ਥਾਪੀ ॥੧॥ [ਗਉੜੀ ਕਬੀਰ ਜੀ, ੩੨੯

ਦਾਅ-ਪੇਚ ਦੀ ਰੀਝ ਗ੍ਰਹਿਣ ਕਰਨ ਜੋਗ।

ਸੰਸਾਰਕ ਸੁੱਖਾਂ ਦੀ ਪ੍ਰਾਪਤੀ ਦਾ ਸਭ ਤੋਂ ਵੱਡਾ ਸਾਧਨ ਮਾਇਆ ਤੇ ਧਨ ਦੌਲਤ ਨਾਲ ਸੰਬੰਧਤ ਰੂਪ ਨੂੰ ਗਿਣਿਆ ਜਾਂਦਾ ਹੈ। ਕਬੀਰ ਸਾਹਿਬ ਨੇ ਜਿਥੇ ਮਾਇਆ ਦੀ ਬਹੁਤਾਤ ਤੇ ਗੁਲਾਮੀ ਨੂੰ ਨਿੰਦਿਆ ਅਤੇ ਇਸ ਨੂੰ ਡਾਇਣ, ਸਰਪਣੀ, ਚੰਦਰੀ, ਨਾਗਣੀ ਤੇ ਛਲੀਆ ਕਰਕੇ ਨਿੰਦਿਆ ਤੇ ਬਦਨਾਮਿਆ ਹੈ, ਓਥੇ ਭਲੇ ਕੰਮਾਂ, ਲੋੜਵੰਦ ਪੁਰਸ਼ਾਂ ਦੀ ਸੇਵਾ ਤੇ ਘਰ ਦੇ ਨਿਰਬਾਹ ਲਈ ਵਰਤਣ ਜੋਗ ਮਾਇਆ ਨੂੰ 'ਸੋਭਾ' ਤੇ ''ਸੋਹਾਗਣ'' ਕਰ ਕੇ ਵੀ ਸਨਮਾਨਿਆ ਹੈ। ਆਪ ਦਾ ਕਥਨ ਹੈ—

ਗ੍ਰਿਹਿ ਸੋਭਾ* ਜਾ ਕੈ ਰੇ ਨਾਹਿ ॥
ਆਵਤ ਪਹੀਆ** ਖੂਧੇ† ਜਾਹਿ ॥
ਵਾ ਕੈ ਅੰਤਰਿ ਨਹੀ ਸੰਤੋਖੁ ॥
ਬਿਨੁ ਸੋਹਾਗਨਿ ਲਾਗੈ ਦੋਖੁ ॥੧॥੮॥ [ਪੰਨਾ ੮੭੨

ਸੰਸਾਰ ਵਿਚ ਮਾਇਆ ਤੋਂ ਬਿਨਾਂ ਕੋਈ ਕਾਰਜ ਨਹੀਂ ਚਲ ਸਕਦਾ। ਇਸ ਦੀ ਅਣਹੋਂਦ ਕਾਰਨ ਸਰਕਾਰਾਂ ਖਲੋ ਜਾਣਗੀਆਂ, ਸਭ ਆਵਾਜਾਈ ਜਾਮ ਹੋ ਜਾਵੇਗੀ, ਸਭ ਵਿਉਪਾਰ ਤੇ ਲੈਣਾ ਦੇਣਾ ਠੱਪ ਹੋ ਜਾਵੇਗਾ। ਏਥੋਂ ਤਕ ਕਿ ਮਾਤਾ, ਪਿਤਾ, ਭੈਣਾਂ ਭਰਾਵਾਂ ਦੇ ਮੇਲ ਮਿਲਾਪ ਤੇ ਸੰਬੰਧ ਉਤੇ ਵੀ ਭਾਰੀ ਸੱਟ ਵਜੇਗੀ। ਸੰਸਾਰ ਦੀ ਸਾਰੀ ਕਾਰ ਕਿਸੇ ਨਾ ਕਿਸੇ ਰੂਪ ਵਿਚ, ਇਹ ਮਾਇਆ ਹੀ ਚਲਾ ਰਹੀ ਹੈ। ਚਲਾਏ ਵੀ ਕਿਉਂ ਨਾ, ਜਦ ਕਿ ਇਹ‡ ਪ੍ਰਭੂ ਦੀ ਆਪਣੀ ਕੀਤੀ ਹੋਈ ਹੈ, ਕੋਈ ਆਪੋ* ਉਪਜੀ ਤੇ ਧੁੰਧਕਿਆਰੀ ਨਹੀਂ।

ਹਾਂ, ਲੋੜ ਇਸ ਗੱਲ ਦੀ ਹੈ ਕਿ ਇਸ ਦੀ ਵਰਤੋਂ ਬਿਬੇਕ ਬੁੱਧੀ ਅਥਵਾ ਵੀਚਾਰ-ਅਧੀਨ ਕੀਤੀ ਜਾਵੇ। ਇਸ ਨੂੰ ਦਾਸੀ, ਸੇਵਕ ਬਣਾ ਕੇ

---

*ਮਾਇਆ। **ਰਾਹੀ। †ਭੁੱਖੇ।

‡ਇਹ ਸੂਪਨੀ ਤਾ ਕੀ ਜੋਰੀ ਹੋਈ ॥ ਛਲੁ ਅਛਲੁ ਕਿਆ ਇਸ ਤੇ ਹੋਈ ॥੪॥

[ਆਸਾ ਕਬੀਰ ਜੀ, ਪੰਨਾ ੪੮੦

ਰਖਿਆ ਜਾਵੇ, ਸੁਆਮੀ ਬਣਾ ਕੇ ਨਹੀਂ। ਮਾਲਿਕ ਬਣੀ ਇਹ ਤਬਾਹੀ, ਦੁਖ, ਕਲੇਸ਼, ਭਟਕਣ ਤੇ ਧਾੜਣਾ ਦਾ ਕਾਰਨ ਬਣੇਗੀ। ਮਾਇਆ ਦੋ-ਧਾਰੇ ਖੰਡੇ ਸਮਾਨ, ਆਉਂਦੀ ਜਾਂਦੀ, ਮਨੁੱਖ ਨੂੰ ਕਿਵੇਂ ਖੁਆਰ ਕਰਦੀ ਹੈ, ਏਸ ਲਈ ਵਾਚੋ ਇਕ ਵੀਚਾਰਵਾਨ ਦਾ ਇਹ ਅਮੋਲਕ ਕਥਨ—

ਮਾਇਆ ਕੇ ਦੋ ਦਾਓ ਹੈਂ, ਕਰੇ ਦੋਇ ਧੁੱਤ ਮਾਰ।
ਆਵੈ ਤੋ ਬਉਰਾਏ ਨਰ, ਜਾਏ ਕਰੇ ਖੁਆਰ।
ਜਾਏ ਕਰੇ ਖੁਆਰ, ਮਰੇ ਨਰ ਝੂਰ ਝੂਰ ਕੇ।
ਆਵੇ ਬੜੇ ਹੰਕਾਰ, ਤੁਰੇ ਨਰ ਘੂਰ ਘੂਰ ਕੇ।
ਬਿਨ ਬਿਚਾਰ ਦੁਖ ਕਾਰ, ਸਾਰ ਸੰਤਨ ਫੁਰਮਾਇਆ।
ਮੂਰਖ ਕੋ ਦੁਖ ਦੇਤ ਆਵਤੀ ਜਾਤੀ ਮਾਇਆ।

ਮੂਰਖਤਾ ਅਥਵਾ ਮਾੜੀ ਵਰਤੋਂ ਨਾਲ ਅੰਮ੍ਰਿਤ ਵੀ ਵਿੱਖ ਵਿਚ ਬਦਲ ਜਾਂਦਾ ਹੈ। ਪਾਣੀ, ਹਵਾ, ਅੱਗ, ਸੰਜਮ ਵਿਚ ਵਰਤੇ ਜਾਣ ਤਾਂ ਸੁਖਦਾਈ ਹਨ, ਸੇਵਕ ਹਨ। ਜੇ ਇਨ੍ਹਾਂ ਦਾ ਉੱਕਾ ਹੀ ਅਭਾਵ ਹੋ ਜਾਵੇ ਤਾਂ ਸੰਸਾਰ ਦਾ ਖੇਲ ਖ਼ਤਮ; ਜੇ ਅੱਤ ਦੀ ਬਹੁਤਾਤ ਹੋ ਜਾਵੇ ਤਾਂ ਵੀ ਪਰਲੋ। ਇਹੋ ਹਾਲ ਧਨ, ਦੌਲਤ ਤੇ ਐਸ਼ਵਰਜ ਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਇਆ ਦੀ ਬਹੁਲਤਾ ਜਾਂ ਥੁੜ ਨੂੰ ਤਾਂ ਨਿੰਦਿਆ ਹੈ, ਪਰੰਤੂ ਨਿਰਬਾਹ ਮਾਤਰ ਲਈ ਇਸ ਦੀ ਲੋੜ ਨੂੰ ਮੁੱਖ ਰੱਖ ਕੇ, ਇਉਂ ਸੋਧ ਕਥਨੀ ਹੈ :—

ਜਿਸੁ ਗ੍ਰਿਹਿ ਬਹੁਤੁ, ਤਿਸੈ ਗ੍ਰਿਹਿ ਚਿੰਤਾ ॥
ਜਿਸੁ ਗ੍ਰਿਹਿ ਥੋਰੀ, ਸੁ ਫਿਰੈ ਭ੍ਰਮੰਤਾ ॥
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥੧॥
[ਮਾਰੂ ਮ: ੫, ਪੰਨਾ ੧੦੧੯

ਸਿਆਣਿਆਂ ਦਾ ਕਥਨ ਹੈ ਕਿ 'ਤਪੋਂ ਰਾਜ, ਤੇ ਰਾਜੋਂ ਨਰਕ'। ਮਨੁੱਖ ਦਾ ਬਚਾਅ ਕੇਵਲ ਬਿਬੇਕ ਬੁੱਧੀ ਤੇ ਵੀਚਾਰ ਵਿਚ ਹੈ। ਕਿਸੇ ਛੋਟੇ

ਮੋਟੇ ਘਰਾਣੇ ਜਾਂ ਕੌਮ ਦੀ ਤਾਂ ਗੱਲ ਹੀ ਛਡੋ, ਵਡੇ ਵਡੇ ਰਾਜ ਤੇ ਰਾਜਨ, ਐਸ਼ ਤੇ ਇਸ਼ਰਤ ਦੀ ਭੱਠੀ ਵਿਚ ਮੱਟਰ ਦੇ ਦਾਣਿਆਂ ਵਾਂਗ ਭੁਜ ਕੇ ਸਵਾਹ ਹੋ ਗਏ। ਮੁਗਲਾਂ ਦੀ ਏਡੀ ਵੱਡੀ ਸਲਤਨਤ ਦਾ ਹਸ਼ਰ ਸਾਡੇ ਸਾਹਮਣੇ ਹੈ। ਉਸ ਦੇ ਆਖਰੀ ਸ਼ਾਹਨਸ਼ਾਹ ਸ਼ਰਾਬ ਦੀ ਨਿੱਕੀ ਜਿਹੀ ਪਿਆਲੀ ਵਿਚ ਐਸੇ ਡੁੱਬੇ ਕਿ ਫੇਰ ਕਦੀ ਨਾ ਉਭਰੇ। ਦੂਰ ਕੀ ਜਾਣਾ ਹੈ, ਸਿੰਘਾਂ ਨੇ ਉੱਚੇ ਸੁੱਚੇ ਚਲਣ ਤੇ ਸੰਜਮ-ਭਰਪੂਰ ਦੈਵੀ ਜੀਵਨ ਦੇ ਬਲ-ਬੋਤੇ ਲਹੂ ਦੀ ਨਦੀ ਵਿਚਦੀ ਲੰਘ ਕੇ ਰਾਜ ਪ੍ਰਾਪਤ ਕੀਤਾ, ਪਰੰਤੂ, ਜਦ ਐਸ਼ਵਰਜ ਤੇ ਖੁਸ਼ਹਾਲੀ ਆ ਗਈ ਤਾਂ 'ਸਿੰਘ ਸ਼ਰਾਬੀ ਤੇ ਘੋੜਾ ਕਾਜ਼ੈਂ' ਹੋ ਗਿਆ।

ਸਿੰਘਾਂ ਦਾ, ਮਿਸਲਾਂ ਤੱਕ ਦਾ ਆਦਰਸ਼ਕ ਜੀਵਿਆ ਜੀਵਨ, ਸਣੇ ਸਣੇ, ਅੱਯਾਸ਼ੀ ਤੇ ਐਸ਼ਵਰਜ ਦੀ ਖਾਰ ਵਿਚ ਖੁਰਨ ਲਗਾ। ਮਾਇਆ ਤੇ ਹੁਕਮ ਹਾਸਿਲ ਦੇ ਰੂਪ ਵਿਚ ਬਹੁਤਾਤ ਆਈ, ਪਰੰਤੂ ਵਿਬੇਕ ਬੁੱਧੀ ਤੇ ਸੱਚੇ ਸੁੱਚੇ ਆਚਾਰ ਦੀ ਕੀਮਤ ਉਤੇ। ਬਹੁਰੂਪੀਏ ਸਿੱਖਾਂ ਅਥਵਾ ਸਿਖ-ਨੁਮਾ ਡੋਗਰਿਆਂ ਨੇ ਇਸ ਦੀ ਬਰਬਾਦੀ ਵਿਚ ਜੋ ਬੇਵਫਾਦਾਨਾ ਤੇ ਅਕ੍ਰਿਤਘਣਤਾ ਵਾਲਾ ਪਾਰਟ ਅਦਾ ਕੀਤਾ, ਤੇ ਇਸ ਦੇ ਫਲ-ਸਰੂਪ ਸਿਖ ਰਾਜ ਦਾ ਜੋ ਹਸ਼ਰ ਹੋਇਆ, ਉਹ ਸਭ ਦੇ ਸਾਹਮਣੇ ਹੈ; ਅਤੇ ਇਤਿਹਾਸ ਦੇ ਹਰ ਪ੍ਰਬੀਨ ਪੜ੍ਹਾਕੂ ਨੂੰ ਇਹ ਰਮਜ਼ ਸਮਝਾ ਦਿਤਾ ਹੈ ਕਿ ਕੌਮਾਂ ਦੇ ਉਤਰਾ ਚੜ੍ਹਾ ਦਾ ਭੇਦ ਕਿਸੇ ਜ਼ਬਤ-ਭਰਪੂਰ ਰਹਿਣੀ ਸਹਿਣੀ ਤੇ ਚੱਜ ਆਚਾਰ ਵਿੱਚ ਲੁਕਿਆ ਰਹਿੰਦਾ ਹੈ।

ਜ਼ਰਾ, ਕੌਮ ਦੀ ਵਰਤਮਾਨ ਦਸ਼ਾ ਵਲ ਝਾਤ ਮਾਰੋ। ਸ਼ਰਾਬ ਤੇ ਅਫੀਮ ਆਦਿ ਨਸ਼ਿਆਂ ਦੀ ਵਰਤੋਂ, ਜਿਸ ਬੇ-ਜਿਗਰੀ, ਅਲਪ ਦ੍ਰਿਸ਼ਟੀ ਤੇ ਚਾਂਭੜਿਆਂ ਹੋਇਆਂ, ਅੱਜ, ਗੁਰੂਆਂ ਦੇ *"ਨਾ ਉੱਤੇ ਜੀਉਂਦੇ" ਸੋਹਣੇ ਪੰਜਾਬ ਵਿਚ ਉਹਨਾਂ ਦੇ ਨਾਮ-ਲੇਵਾ ਸਿਖਾਂ ਵਲੋਂ ਹੋ ਰਹੀ ਹੈ, ਉਸ ਨੂੰ ਵੇਖ ਕੇ ਕਿਹੜਾ ਪੰਥ-ਦਰਦੀ ਤੇ ਸਿੰਘਾਂ ਜਿਹੀ ਅਲਬੇਲੀ ਤੇ

---

* ਪ੍ਰੋ: ਪੂਰਨ ਸਿੰਘ, "ਖੁੱਲ੍ਹੇ ਲੇਖ" ਵਿਚ।

ਕੁਰਬਾਨੀ ਦੀ ਪੁੰਜ ਕੌਮ ਦਾ ਆਸ਼ਿਕ, ਖ਼ਾਮੋਸ਼ ਰਹਿ ਸਕਦਾ ਹੈ। ਅਫ਼ੀਮ ਬੰਦ ਹੈ, ਪਰੰਤੂ ਇਸ ਦੀ ਵਰਤੋਂ, ਪਾਬੰਦੀ ਵਾਲੇ ਸਮੇਂ ਨਾਲੋਂ ਵੀ ਵਧ ਹੈ। ਠੇਕਿਆਂ ਦੀ ਤੇ 'ਚੂਲੀ ਬਰਾਂਡ' ਸ਼ਰਾਬ ਦੀ ਬੇ-ਹਿਸਾਬ ਤੇ ਅੰਨ੍ਹੀ ਵਰਤੋਂ ਕੌਮ ਦੀਆਂ ਜੜ੍ਹਾਂ ਖੋਖਲੀਆਂ ਕਰੀ ਜਾ ਰਹੀ ਹੈ। ਕੀ ਸਰਕਾਰ ਦੇ ਸੰਬੰਧਤ ਕਰਮਚਾਰੀ ਨਹੀਂ ਜਾਣਦੇ ਕਿ ਕੌਣ, ਕਿੱਥੇ ਕਿੱਥੇ, ਕਿਸ ਕਿਸ ਪਿੰਡ ਨਾਜਾਇਜ਼ ਸ਼ਰਾਬ ਦੀ 'ਦਸਤਕਾਰੀ' ਚਲਾ ਰਿਹਾ ਹੈ? ਅਤੇ ਉਨ੍ਹਾਂ ਨੂੰ ਛੋਟ ਦੇਣ ਵਿਚ ਕਿਵੇਂ, ਕੌਣ, ਕਿਤਨੀ ਕੁਰੱਪਸ਼ਨ ਕਰ ਰਿਹਾ ਹੈ? ਇਹ ਗੱਲ ਵੀ ਸਰਕਾਰ ਦੇ ਉੱਚ ਅਧਿਕਾਰੀਆਂ ਤੋਂ ਲੁਕੀ ਛਿਪੀ ਨਹੀਂ ਕਿ ਮਸ਼ੀਨੀ ਸਾਧਨਾਂ ਦੁਆਰਾ ਕਿਸਾਨ ਦੀ ਵਧੀ ਆਮਦਨ, ਉਸ ਦੀ ਨਸਲ ਦੀ ਬਿਹਤਰੀ ਲਈ ਲਗਣ ਦੀ ਥਾਂ, ਵਧੇਰੇ ਕਰਕੇ ਅਫ਼ੀਮ, ਨਸਵਾਰ, ਜਰਦਾ, ਸ਼ਰਾਬ, ਕਤਲਾਂ ਤੇ ਮੁਕੱਦਮੇ-ਬਾਜ਼ੀ ਵਿਚ ਲੱਗ ਰਹੀ ਹੈ। ਸ਼ਰਾਬ ਆਦਿ ਨਸ਼ਿਆਂ ਨੇ ਉਸ ਦੀ ਜਵਾਨੀ ਗਾਲ ਛੱਡੀ ਹੈ। ਇਸ ਦਾ ਬੁਰਾ ਅਸਰ, ਅਵੱਸ਼ ਉਸ ਦੀ ਔਲਾਦ ਉਤੇ ਪੈ ਰਿਹਾ ਹੈ। ਮੁਗਲਾਂ, ਪਠਾਣਾਂ, ਅੰਗਰੇਜ਼ਾਂ ਤੇ ਯੂਰਪੀਨ ਸਿਪਾਹੀਆਂ ਦੇ ਛੱਕੇ ਛੁਡਾ ਦੇਣ ਅਤੇ ਅਠਾਰ੍ਹਾਂ ਅਠਾਰ੍ਹਾਂ ਪੌਂਡ ਦੇ ਖਾਂਡੇ ਤੇਗੇ ਵਾਹੁਣ ਵਾਲੇ ਬਲੀ ਸਿੰਘ, ਸ਼ਰਾਬ ਤੇ ਹੋਰ ਨਸ਼ਿਆਂ ਦਾ ਸਦਕਾ, ਪੀਲੇ ਭੂਕ ਚਿਹਰਿਆਂ ਤੇ ਕਜ਼ਾਬੀਆਂ ਜਵਾਨੀਆਂ ਦੇ ਮਾਲਕ ਬਣ ਰਹੇ ਹਨ। ਜਿਸ ਵਧੀ ਆਮਦਨ ਨਾਲ ਬੱਚਿਆਂ ਨੂੰ ਉੱਚ ਤਾਲੀਮ ਦੇਣੀ ਸੀ ਅਤੇ ਦੁੱਧ ਘਿਉ ਦੀਆਂ ਨਦੀਆਂ ਵਹਿਣੀਆਂ ਸਨ, ਗੁਰਬਾਣੀ ਦੁਆਰਾ ਸਿੱਖ ਚਲਣ ਦਾ ਬੋਲ-ਬਾਲਾ ਹੋਣਾ ਸੀ, ਉਸ ਨਾਲ ਗੁਨਾਹਾਂ ਦੀਆਂ ਖਾਤੀਆਂ ਵਧਾਈਆਂ ਜਾ ਰਹੀਆਂ ਹਨ।

ਸਾਡੇ ਇਸ ਨੁਕਤੇ ਨੂੰ ਮਹਾਤਮਾ ਟਾਲਸਟਾਏ ਦੀ ਲਿਖੀ ਇਹ ਕਹਾਣੀ ਵਧੇਰੇ ਸਪੱਸ਼ਟ ਕਰੇਗੀ :

ਉਹ ਲਿਖਦੇ ਹਨ ਕਿ ਇਕ ਵੇਰ ਸ਼ੈਤਾਨ(ਅਬਲੀਸ) ਨੇ ਆਪਣੇ ਮਾਤਹਿਤ ਸ਼ੈਤਾਨ ਨੂੰ ਹੁਕਮ ਦਿਤਾ, ਕਿ ਉਹ ਆਮਕਾ ਕਿਸਾਨ ਜੋ ਬੜਾ

ਨੇਕ, ਸਬਰ ਤੇ ਸੰਤੋਖ ਵਾਲਾ ਹੈ, ਉਸ ਨੂੰ ਸ਼ੈਤਾਨੀ ਰਾਹ ਉਤੇ ਤੋਰ ਕੇ ਵਿਖਾਵੇ । ਉਸ ਲਈ ਇਹ ਇਕ ਪ੍ਰੀਖਿਆ ਦਾ ਪਰਚਾ ਹੋਵੇਗਾ ।

ਮਾਲਕ ਦੀ ਆਗਿਆ ਪ੍ਰਾਪਤ ਕਰ ਕੇ ਜਦ ਉਹ ਸ਼ੈਤਾਨ ਉਸ ਕਿਸਾਨ ਪਾਸ ਪੁਜਾ ਤਾਂ ਉਹ ਉਸ ਵੇਲੇ ਬਾਹਰ ਆਪਣੇ ਖੇਤਾਂ ਵਿਚ ਹੱਲ ਵਾਹ ਰਿਹਾ ਸੀ । ਉਸ ਨੇ ਆਪਣੀ ਰੋਟੀ ਕੋਟ ਵਿਚ ਵਲ੍ਹੇਟ ਕੇ ਇਕ ਝਾੜੀ ਵਿਚ ਛੁਪਾ ਰੱਖੀ ਸੀ । ਸ਼ੈਤਾਨ ਨੇ ਰੋਟੀ ਤਾਂ ਚੁਰਾ ਲਈ, ਪਰੰਤੂ ਕੋਟ ਓਥੇ ਹੀ ਪਿਆ ਰਹਿਣ ਦਿਤਾ । ਆਖਰ, ਕਿਸਾਨ ਨੇ ਜੋਤਰਾ ਲਾ ਕੇ ਹੱਲ ਛਡਿਆ । ਘੋੜੇ ਨੂੰ ਚਰਨਾ ਛੱਡ ਦਿੱਤਾ ਅਤੇ ਆਪ ਖਾਣਾ ਖਾਣ ਲਈ ਉਸ ਝਾੜੀ ਪਾਸ ਪੁਜਾ, ਜਿਥੇ ਉਸ ਨੇ ਰੋਟੀ ਸਾਂਭ ਰੱਖੀ ਸੀ । ਉਸ ਨੇ ਕੋਟ ਨੂੰ ਏਧਰ ਓਧਰ ਝਾੜ ਝੰਬ ਕੇ ਵੇਖਿਆ, ਪਰੰਤੂ ਉਸ ਨੂੰ ਕਿਤੇ ਰੋਟੀ ਨਾ ਲੱਭੀ । ਉਹ ਜੋਤਰੇ ਦੀ ਕਰੜੀ ਮਿਹਨਤ ਉਪਰੰਤ ਬਹੁਤ ਭੁਖਾ ਸੀ, ਪਰੰਤੂ, ਉਸ ਨੇ ਕਿਸੇ ਪ੍ਰਕਾਰ ਦੀ ਔਖਿਆਈ, ਜਾਂ ਘਬਰਾਹਟ ਪਰਗਟ ਨਾ ਕੀਤੀ । ਉਹ ਸ਼ਾਂਤ-ਚਿੱਤ ਪਾਣੀ ਦੇ ਚਸ਼ਮੇ ਪਾਸ ਗਿਆ, ਹੱਥ ਮੂੰਹ ਧੋਤਾ ਅਤੇ ਪਾਣੀ ਦੇ ਦੋ ਚਾਰ ਘੁੱਟ ਪੀ ਕੇ ਬੜੇ ਅਰਾਮ ਨਾਲ ਬ੍ਰਿਛ ਹੇਠ ਜਾ ਲੇਟਿਆ ।

ਇਹ ਸਾਰਾ ਮਾਜਰਾ ਵੱਡਾ ਸ਼ੈਤਾਨ ਵੀ ਵੇਖ ਰਿਹਾ ਸੀ । ਉਹ ਆਪਣੇ ਸੇਵਕ ਸ਼ੈਤਾਨ ਦੀ ਨਾਕਾਮੀ ਤੇ ਬੜਾ ਖਿੱਝਿਆ । ਉਸ ਨੂੰ ਬੁਲਾ ਕੇ ਉਸ ਦੀ ਸਖ਼ਤ ਝਾੜ ਝੰਬ ਕੀਤੀ ਅਤੇ ਕਿਹਾ ਕਿ ਉਹ ਕਿਸਾਨ ਨੂੰ ਅਸ਼ਾਂਤ ਕਰਨ ਦਾ ਫੇਰ ਜਤਨ ਕਰੇ । ਜੇ ਉਹ ਇਸ ਵਾਰੀ ਵੀ ਆਪਣੇ ਮਿਸ਼ਨ ਵਿਚ ਸਫਲ ਨਾ ਹੋਇਆ ਤਾਂ ਉਸ ਨੂੰ ਦੰਡ ਦੇ ਤੌਰ ਉਤੇ ਪਵਿੱਤਰ ਪਾਣੀ (Holy water) ਨਾਲ ਨੁਹਾ ਦਿਤਾ ਜਾਵੇਗਾ ।

ਛੋਟਾ ਸ਼ੈਤਾਨ ਇਹ ਸਜ਼ਾ ਸੁਣ ਕੇ ਬੜਾ ਘਬਰਾਇਆ ਅਤੇ ਆਗਿਆ ਲੈ ਕੇ ਆਪਣੇ ਮਿਸ਼ਨ ਵਿਚ ਸਫ਼ਲਤਾ ਪ੍ਰਾਪਤ ਕਰਨ ਹਿਤ, ਫੇਰ ਉਸੇ ਕਿਸਾਨ ਪਾਸ ਪਹੁੰਚਿਆ, ਅਤੇ ਬੇਨਤੀ ਕੀਤੀ ਕਿ ਉਹ ਉਸ ਨੂੰ ਆਪਣੇ ਪਾਸ ਨੌਕਰ ਰੱਖ ਲਵੇ । ਕਿਸਾਨ ਨੇ ਇਹ ਬਿਨੈ ਪ੍ਰਵਾਨ ਕਰ

ਲਈ ਅਤੇ ਇਹ ਵੇਖ ਕੇ ਬੜਾ ਪ੍ਰਸੰਨ ਹੋਇਆ ਕਿ ਰੱਖਿਆ ਗਿਆ ਨਵਾਂ ਕਾਮਾ ਬੜਾ ਉੱਦਮੀ, ਪੁੱਜ ਕੇ ਮਿਹਨਤੀ, ਸਿਆਣਾ ਤੇ ਹਿਤੂ ਹੈ।

ਜਦ ਕਣਕ ਬੀਜਣ ਦਾ ਸਮਾਂ ਆਇਆ ਤਾਂ ਨੌਕਰ (ਸ਼ੈਤਾਨ) ਨੇ ਸਲਾਹ ਦਿਤੀ ਕਿ ਇਸ ਵਾਰੀ ਕਣਕ ਉੱਚੀਆਂ ਪੈਲੀਆਂ (ਮੈਰੇ) ਵਿਚ ਹੀ ਬੀਜੀ ਜਾਵੇ। ਕਿਸਾਨ ਨੇ ਸਲਾਹ ਮੰਨ ਕੇ ਅਜਿਹਾ ਹੀ ਕੀਤਾ। ਉਸ ਸਾਲ ਬਾਰਸ਼ਾਂ ਵਧੇਰੇ ਹੋਣ ਕਰਕੇ ਨਿਆਈਂ ਦੀਆਂ ਸਭ ਫ਼ਸਲਾਂ ਤਾਂ ਮਾਰੀਆਂ ਗਈਆਂ, ਪਰੰਤੂ ਉਚੇਰੀ ਧਰਤੀ ਵਿਚ ਫ਼ਸਲ ਖ਼ੂਬ ਹੋਈ। ਅਗਲੇ ਸਾਲ ਉਸ ਨੇ ਮਾਲਕ ਨੂੰ ਸਲਾਹ ਦਿਤੀ ਕਿ ਐਤਕੀਂ ਫ਼ਸਲ ਨਿਆਈਂ ਵਿਚ ਹੀ ਬੀਜਣੀ ਚਾਹੀਦੀ ਹੈ। ਕਿਸਾਨ ਨੇ ਸਲਾਹ ਮੰਨ ਲਈ। ਉਸ ਸਾਲ ਬਾਰਸ਼ਾਂ ਘਟ ਹੋਣ ਕਰਕੇ ਉੱਚੀਆਂ ਥਾਵਾਂ ਦੀਆਂ ਫ਼ਸਲਾਂ ਤਾਂ ਨਾ ਹੋਈਆਂ, ਪਰੰਤੂ, ਨਿਆਈਂ ਵਿਚ ਫ਼ਸਲ ਖ਼ੂਬ ਲੱਗੀ। ਕਿਸਾਨ ਮਾਲਾ ਮਾਲ ਹੋ ਗਿਆ। ਦੌਲਤ ਪਾ ਕੇ ਉਸ ਦਾ ਸਿਰ ਫਿਰ ਗਿਆ। ਹੁਣ ਸ਼ੈਤਾਨ ਨੇ ਉਸ ਨੂੰ ਸ਼ਰਾਬ ਕੱਢਣੀ ਤੇ ਪੀਣੀ ਸਿਖਾਈ ਅਤੇ ਇਸ ਤਰ੍ਹਾਂ ਨਿਤ ਸ਼ਰਾਬ ਪੀਣ ਦੇ ਸਿੱਟੇ ਵਜੋਂ ਕਿਸਾਨ ਦਿਮਾਗੀ ਤਵਾਜ਼ਨ (ਸੰਤੁਲਨ) ਗਵਾ ਬੈਠਾ।* ਪਹਿਲੇ ਵਾਲਾ ਸਬਰ, ਸੰਤੋਖ, ਧੀਰਜ, ਸ਼ਾਂਤੀ, ਨਿਮਰਤਾ ਤੇ ਸ਼ੁਕਰਾਨੇ-ਭਰਪੂਰ ਜੀਵਨ, ਪਰ ਲਾ ਕੇ ਉਡ ਗਿਆ। ਬਿਬੇਕ ਬੁੱਧ ਦੀ ਥਾਂ ਖੋਟੀ ਮੱਤ ਤੇ ਕੁਸੰਗਤ ਨੇ ਮੱਲ ਲਈ। ਕਿਸਾਨ ਪਾਸ ਧਨ ਦੌਲਤ ਦੀ ਬਹੁਲਤਾ ਹੋਣ ਦੇ ਨਾਲ ਨਾਲ ਹੀ ਕੁਕਰਮਾਂ, ਵਿਕਾਰਾਂ ਤੇ ਹੰਕਾਰ ਦੀ ਬਹੁਤਾਤ ਵੀ ਹੁੰਦੀ ਗਈ ਅਤੇ ਗੁਸਾਈਂ ਤੁਲਸੀ ਦਾਸ ਜੀ ਦੇ ਇਹ ਬਚਨ ਸੱਤ ਹੁੰਦੇ ਦਿਸ ਆਏ :—

ਐਸੋ ਕੋ ਜਨਮਿਓ ਜੱਗ ਮਾਹੀ ॥
ਪ੍ਰਭਤਾ ਪਾਇ, ਜਾਸ ਮੱਦ ਨਾਹੀ ॥

---

* ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ (ਝੱਲ-ਪੁਣਾ) ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥... [ਮ: ੩
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥ [ਪੰਨਾ ੫੫੪

ਏਥੇ ਹੀ ਬੱਸ ਨਹੀਂ। ਸ਼ੈਤਾਨ ਨੇ ਉਸ ਨੂੰ ਇਕ ਵੱਡੀ ਪਾਰਟੀ ਕਰਨ ਦਾ ਮਸ਼ਵਰਾ ਦਿੱਤਾ ਜੋ ਉਸ ਨੇ ਖ਼ੁਸ਼ੀ ਮੰਨ ਲਿਆ। ਇਸ ਪਾਰਟੀ ਲਈ ਸਭ ਮਿੱਤਰਾਂ, ਸਖਿਆਂ, ਸੰਬੰਧੀਆਂ ਨੂੰ ਸੱਦਾ-ਪੱਤਰ ਭੇਜੇ ਗਏ। ਨਿੱਯਤ ਦਿਨ ਪਾਰਟੀ ਅਰੰਭ ਹੋਈ। ਘਰ-ਵਾਲੀ ਨੇ ਸਭ ਨੂੰ ਸ਼ਰਾਬ ਵਰਤਾਉਣੀ ਸ਼ੁਰੂ ਕੀਤੀ। ਅਜਿਹਾ ਕਰਦਿਆਂ ਉਸ ਦਾ ਪੈਰ ਇਕ ਕੁਰਸੀ ਨਾਲ ਅੜ ਗਿਆ ਤੇ ਉਹ ਡਿੱਗ ਪਈ। ਡਿਗਣ ਨਾਲ ਹੱਥ ਵਿਚ ਫੜੀ ਸ਼ਰਾਬ ਵੀ ਡੁਲ੍ਹ ਗਈ। ਕਿਸਾਨ, ਸ਼ਰਾਬ ਦੇ ਨਸ਼ੇ ਵਿਚ ਗੁੱਟ ਹੋਇਆ, ਉਠਿਆ ਤੇ ਆਪਣੀ ਤੀਵੀਂ ਨੂੰ ਨਾ ਕੇਵਲ ਗੁੱਸੇ ਵਿਚ ਵੱਧ ਘੱਟ ਹੀ ਬੋਲਿਆ, ਸਗੋਂ ਧੌਲ ਧੱਫਾ ਵੀ ਕੀਤਾ। ਫੇਰ, ਉਸ ਨੇ ਆਪ ਸ਼ਰਾਬ ਵਰਤਾਉਣੀ ਸ਼ੁਰੂ ਕੀਤੀ। ਸ਼ਰਾਬ ਦਾ ਇਹ ਦੌਰ ਇਤਨਾ ਚਿਰ ਚਲਦਾ ਰਿਹਾ ਜਦ ਤਕ ਆਏ ਪ੍ਰਾਹੁਣੇ ਗੁੱਟ ਹੋ ਕੇ ਆਪੋ ਵਿਚਦੀ ਗੁੱਥਮ-ਗੁੱਥਾ ਨਾ ਹੋ ਪਏ। ਕਿਸੇ ਨੇ ਮੇਜ਼ ਵਗਾਹ ਮਾਰਿਆ, ਕਿਸੇ ਨੇ ਕੁਰਸੀ ਤੇ ਕਿਸੇ ਨੇ ਹੱਥ ਵਿਚ ਆਇਆ ਗਲਾਸ। ਆਖਿਰ ਲੜਦੇ-ਭਿੜਦੇ, ਡਿਗਦੇ-ਢਹਿੰਦੇ ਇਹ ਲੋਕ ਆਪੋ ਆਪਣੇ ਘਰਾਂ ਨੂੰ ਪਰਤੇ। ਕੁਝ ਵਿਸ਼ੇਸ਼ ਪ੍ਰਾਹੁਣਿਆਂ ਨੂੰ ਕਿਸਾਨ ਆਪ ਬਾਹਰ ਤੋਰਨ ਲਈ ਨਿਕਲਿਆ।

ਜਦ ਵਾਪਸ ਮੁੜਿਆ ਤਾਂ ਨਸ਼ੇ ਵਿਚ ਲੜ-ਖੜਾਉਂਦਾ ਚਿੱਕੜ ਦੇ ਇਕ ਟੋਏ ਵਿਚ ਡਿੱਗ ਪਿਆ। ਲੋਕਾਂ ਨੇ ਧੂਹ ਘਸੀਟ ਕੇ ਬਾਹਰ ਕੱਢਿਆ ਤੇ ਜਿਵੇਂ ਕਿਵੇਂ ਘਰ ਪਹੁੰਚਾਇਆ। ਦੋਵੇਂ ਸ਼ੈਤਾਨ ਆਪਣੀ ਇਸ ਸਫਲਤਾ ਤੇ ਜਿੱਤ ਉੱਤੇ ਬੇਹੱਦ ਪਰਸੰਨ ਹੋ, ਜ਼ੋਰਦਾਰ ਹਾਸਾ ਹੱਸ ਰਹੇ ਸਨ।

ਕਿਤਨੀ ਸਿਖਿਆਦਾਇਕ ਹੈ ਇਹ ਵਾਰਤਾ ਮਹਾਤਮਾ ਟਾਲਸਟਾਏ ਦੀ।

ਸਿੱਖੀ ਮਾਰਗ ਵਿਚ ਧਰਮ ਦੀ ਕਿਰਤ ਕਰ ਕੇ, ਉੱਦਮ ਕਰ

ਕੇ,* ਦੌਲਤ ਕਮਾਉਣਾ ਤੇ ਇਸ ਤੋਂ ਸੁਖ ਲੈਣਾ ਵਰਜਿਤ ਨਹੀਂ। ਵਰਜਿਤ ਹੈ ਪਾਪਾਂ† ਨਾਲ ਧਨ ਇਕੱਤਰ ਕਰਨਾ, ਜਿਸ ਨਾਲ ਮਨੁੱਖਤਾ ਹੀ ਗਵਾਚ ਜਾਵੇ, ਭੈੜੀਆਂ ਵਾਦੀਆਂ ਪੈ ਜਾਣ ਤੇ ਸਿਰ ਫਿਰ ਜਾਵੇ। ਗੁਰਮਤਿ ਆਖਦੀ ਹੈ ਕਿ ਧਰਮ ਦੀ ਕਿਰਤ ਕਰੋ ਤੇ ਵੰਡ ਕੇ ਛਕੋ। ਇਹ ਤਾਂ ਹੀ ਸੰਭਵ ਹੋਵੇਗਾ ਜੇ ਨਾਲ ਨਾਲ ਨਾਮ ਦਾ ਨਿਰੰਤਰ ਅਖੰਡਾਕਾਰ ਜਾਪ ਸੁਆਸ ਗ੍ਰਾਸ ਜਾਰੀ ਰਹੇ। ਫਿਰ ਇਹੋ ਮਾਇਆ ਸਫਲ ਹੈ—

> ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ,
> ਜੋ ਨਾਮਿ ਹਰਿ ਰਾਤੇ ॥
> ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ,
> ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ॥
> ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ,
> ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥
> ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ,
> ਜੋ ਬੋਲਹਿ ਹਰਿ ਹਰਿ ਨਾਮੁ ਹਰਿ ਸਾਤੇ ॥੧੬॥
>
> [ਮ: ੪, ਵਾਰ ਸੋਰਠਿ, ਪੰਨਾ ੬੪੮

ਭਾਈ ਗੁਰਦਾਸ ਜੀ ਵੀ ਗੁਰੂ ਕੇ ਸਿੱਖਾਂ ਪਾਸ ਆ ਕੇ, ਸਫਲੀ ਹੋਣ ਵਾਲੀ ਪਵਿੱਤਰ ਮਾਇਆ ਤੇ ਮਨਮੁਖਾਂ ਪਾਸ ਪੁੱਜ ਕੇ ਪਾਪ ਵਿਹਾਝਣ ਵਾਲੀ ਡਾਇਣ ਮਾਇਆ ਦਾ ਨਿਖੇੜਾ ਇਉਂ ਕਰਦੇ ਹਨ :—

---

*ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖੁ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ, ਨਾਨਕ ਉਤਰੀ ਚਿੰਤ ॥੧॥

[ਸਲੋਕੁ ਮ: ੫, ਵਾਰ ਗੂਜਰੀ, ਪੰਨਾ ੫੨੨

†ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ ॥੩॥੧੨॥

[ਆਸਾ ਮ: ੧, ਪੰਨਾ ੪੧੭

ਜੈਸੇ ਕੁਲਾ ਬਧੂ ਅੰਗ ਰਚਿਤ ਸਿੰਗਾਰ ਸੋਭਤ,
ਤੈਸੇ ਹੀ ਗਨਿਕਾ ਰਚਿਤ ਸਕਲ ਸੀਗਾਰ ਜੀ ॥
ਕੁਲਾ ਬਧੂ ਸੰਗਾ ਸਮੇ ਰਮਤ ਭਤਾਰ ਏਕ,
ਗਨਿਕਾ ਤੌ ਅਨਿਕ ਸੈ ਕਰਤਿ ਬਿਭਚਾਰ ਜੀ ॥
ਕੁਲਾ ਬਧੂ ਸੰਜਮ, ਸੁਜਸ ਨਿਰਦੋਖ ਮੋਖ,
ਗਨਿਕਾ ਪ੍ਰਗਟ ਅਪਜਸ ਦੁੱ ਧਿਕਾਰ ਜੀ ॥
ਤੈਸੇ ਗੁਰਸਿਖਨ ਕੈ ਪਰਮ ਪਵਿਤ੍ਰ ਮਾਯਾ,
ਸੋਈ ਦੁਖਦਾਇਕ ਹ੍ਵੈ ਸਾਕਤ ਸੰਸਾਰ ਜੀ ॥੫੪੪॥

ਭਾਈ ਨੰਦ ਲਾਲ ਜੀ ਲਿਖਦੇ ਹਨ ਕਿ ਵਿਵੇਕ ਬੁਧੀ ਵਾਲੇ ਪੁਰਸ਼ਾਂ (ਗਿਆਨੀਆਂ) ਨੂੰ ਮਾਇਆ ਸੁੰਦਰ ਮੁਖੜਾ ਦਿਖਾਉਂਦੀ ਹੈ; ਭਾਵ ਸਾਰੇ ਕਾਰਾਂ ਵਿਹਾਰਾਂ ਵਿਚ ਸੁਖ ਦੇਂਦੀ ਅਤੇ ਸੇਵਾ ਕਰਦੀ ਹੈ। ਕਥਨ ਹੈ :—

ਆਰਫ਼ਾਂ ਰਾ ਦੌਲਤੇ ਖ਼ੁਸ਼ਰੂ ਨੁਮਾਸਤ ॥

ਸੋ ਇਸ ਸਾਰੇ ਲੇਖ ਦਾ ਸਾਰ ਇਸ ਅਰਦਾਸ ਵਿਚ ਹੈ ਕਿ, "ਹੇ ਪ੍ਰਭੂ! ਜੇ ਤੂੰ ਆਪਣੇ ਸਿਖਾਂ-ਸੇਵਕਾਂ ਨੂੰ ਮਾਇਆ ਦੇ ਖੁਲ੍ਹੇ ਗੱਫੇ ਬਖ਼ਸ਼ਣ ਦੀ ਮਿਹਰ ਕਰਦਾ ਹੈਂ ਤਾਂ ਨਾਲ ਉਨ੍ਹਾਂ ਨੂੰ ਵੀਚਾਰ, ਵਿਵੇਕ ਬੁਧੀ ਵੀ ਪਰਦਾਨ ਕਰਨ ਦੀ ਮਿਹਰੰਮਤ ਕਰ, ਤਾਂ ਜੁ ਉਹ ਇਸ ਨੂੰ ਬਰਬਾਦੀ ਦੀ ਥਾਂ ਆਪਣੀ ਆਬਾਦੀ ਲਈ ਨੇਕ ਤੇ ਉਸਾਰੂ ਕੰਮਾਂ ਉਤੇ ਖ਼ਰਚ ਕਰ ਸੱਕਣ।"

ਸਰਕਾਰ ਤੇ ਧਾਰਮਿਕ ਜਥੇਬੰਦੀਆਂ ਦੇ, ਕੌਮ ਨੂੰ ਨਸ਼ਿਆਂ ਦੀ ਤਬਾਹ-ਕੁਨ ਖੱਡ ਵਿਚ ਡਿਗਣੋਂ ਰੋਕਣ ਤੇ ਬਚਾਣ ਲਈ ਕੀ ਫ਼ਰਜ਼ ਹਨ, ਇਹ ਕਿਸੇ ਉਚੇਚੀ ਵਿਆਖਿਆ ਦੇ ਮੁਥਾਜ ਨਹੀਂ। ਲੋੜ ਹੈ ਕੇਵਲ ਫ਼ੌਲਾਦੀ ਇਰਾਦੇ ਅਤੇ ਸੋਜ਼ ਤੇ ਦਰਦ-ਭਰੇ ਦਿਲ ਨਾਲ ਆਪ ਪ੍ਰਹੇਜ਼ਗਾਰ ਬਣਨ ਤੇ ਅਮਲੀ ਕਦਮ ਪੁੱਟਣ ਦੀ।

ਵੇਖੋ, ਸ਼ਾਇਰ ਕਿਵੇਂ ਇਸ ਪਿਆਲੀ ਦੀ ਮਾਰ ਤੋਂ ਕੁਸਿਆ,

ਦਾਤੇ ਦੇ ਦਰ ਫ਼ਰਿਆਦੀ ਹੋ ਰਿਹਾ ਹੈ :—

'ਤਪਿਦਿਕ ਹੋ, ਸਿੱਲ ਹੋ, ਬੁਖ਼ਾਰ ਹੋ, ਚਾਹੇ ਜਿਤਨਾ *ਅਜ਼ਾਬਿ ਜਾਨ ਹੋ !
ਮਗਰ ਐ ਖ਼ੁਦਾਇ ਦੋ ਜਹਾਂ, ਨਾ ਕਿਸੀ ਕੋ ਸ਼ੌਕਿ ਸ਼ਰਾਬ ਹੋ।

ਗੁਰੂ ਕੇ ਸਿੱਖੋ ! ਉਠੋ ਅਤੇ ਦਿਓ ਬਹੁ-ਪਤਾ ਲੋਕਾਈ ਨੂੰ, ਬਾਬੇ ਦੀ ਦਿਨ ਰਾਤ ਚੜ੍ਹੀ ਰਹਿਣ ਵਾਲੀ ਨਾਮ ਖੁਮਾਰੀ ਦਾ, ਤਾਂ ਜੁ ਕੌਮ ਨੂੰ ਇਸ ਹੋਛੇ; ਮਤ-ਮਾਰੂ ਮਦ ਤੋਂ ਛੁਟਕਾਰਾ ਮਿਲ ਸਕੇ ਅਤੇ ਉਸ ਦੀ ਕਿਰਤ ਕਮਾਈ ਵਾਲੀ ਮਾਇਆ ਸਫਲੀ ਹੋਵੇ। ਕਰੋ, ਫ਼ਰਸ਼ਾਂ ਤੋਂ ਅਰਸ਼ਾਂ ਤਕ ਪਹੁੰਚਾਣ ਵਾਲੇ ਇਸ ਜਾਮ ਲਈ ਉਸ ਦੇ ਦਰ ਅਰਜ਼ੋਈ, ਕੁਝ ਦਿਵੋ, ਕੁਝ ਲਿਵੋ ਹੋਰ, ਸਿਦਕ-ਦਿਲੀ ਨਾਲ, ਜੀ ਚਾਹੇ :—

ਉੱਠ ਸਾਕੀਆ ਨਾਨਕ ਤੂ ਉੱਠ, ਰਹਿਮਤ ਦਾ ਭਰ ਕੇ **ਜਾਮ ਦੇਹ।
ਹਕ ਅਕਲੀ ਦੇਹ, ਹਕ ਪਰਿਸ਼ ਦੇਹ, ਹਕ ਸੁਰਤ ਦੇਹ, ਹਕ ਨਾਮ ਦੇਹ।
ਤੇਰਾ ਹੂੰ ਮੈਂ, ਮੁਹਤਾਜ ਬੜਾ, ਕਤਰਾ ਹੂੰ ਮੈਂ, ਸਾਗਰ ਬਣਾ।
ਖ਼ੁਦੀਆਂ ਦੇ ਸੰਗਲ ਤੋੜ ਦੇਹ, ਬੇਖ਼ੁਦ ਬਣਾ, ਨਿਜ ਧਾਮ ਦੇਹ।
ਮੌਲਾ ਮਿਰੇ ! ਤੇਰੇ ਬਿਨਾ, †ਰਿਸਾਈਆਂ ਭੀ ‡ਪਸਤੀਆਂ।
ਮੱਟਾਂ ਦੇ ਮੱਟ ਦੇਹ ਰੋੜ੍ਹ, ਕਰ ਦੇਹ ਮਸਤੀਆਂ ਹੀ ਮਸਤੀਆਂ।

---

*ਜਾਨ ਦਾ ਦੁਖ ਹੋਵੇ। **ਪਿਆਲਾ। †ਉਚਿਆਈਆਂ। ‡ਨਿਵਾਣਾਂ।

ਗੁਰਮਤਿ ਅਤੇ ਜ਼ਾਤ-ਪਾਤ

ਧੁਰੋਂ ਪਠਾਏ ਤੇ ਅਕਾਲ ਪੁਰਖ ਵਲੋਂ ਵਰਸਾਏ, ਸ੍ਰੀ ਗੁਰੂ ਨਾਨਕ ਨਿਰੰਕਾਰੀ ਦਾ ਚਲਾਇਆ 'ਨਿਰਮਲ ਪੰਥ' ਆਪਣੀ ਜ਼ਾਤ ਵਿਚ ਇਕ ਮੁਕੰਮਲ ਇਨਸਾਨੀਅਤ ਦਾ ਮੱਤ ਹੈ। ਸੋ, ਇਸ ਪੰਥ ਦੇ ਪਾਂਧੀ ਨੂੰ ਗੁਰਮੁਖ—ਸ੍ਰੀ ਗੁਰੂ ਨਾਨਕ ਦੇਵ ਜੀ—ਦੇ 'ਗਾਡੀ ਰਾਹ' ਉਤੇ ਪਿਆਂ ਕਿਸੇ ਔਝੜ ਪੈਣ ਦਾ ਕਤੱਈ ਖ਼ਤਰਾ ਨਹੀਂ ਰਹਿੰਦਾ। ਹੋਰ ਧਾਰਮਿਕ ਰਸਤਿਆਂ ਦਾ ਇਸ ਨੇ ਪੂਰਨ ਤੇ ਦਿਲੋਂ ਸਤਿਕਾਰ ਕਰਨਾ ਹੈ; ਪਰੰਤੂ ਔਖੀ ਵਾਟ ਤੇ ਜੀਵਨ ਦੀਆਂ ਬਿਖਮ ਮੰਜ਼ਲਾਂ ਮੁਕਾਣ ਲਈ, ਆਪਣਾ 'ਗਾਡੀ ਰਾਹ' ਨਹੀਂ ਛਡਣਾ। ਦ੍ਰਿੜ੍ਹਤਾ, ਵਿਸ਼ਵਾਸ ਤੇ ਪੂਰਨ ਸ਼ਰਧਾ ਨਾਲ ਇਸ ਰਸਤੇ ਉਤੇ ਤੁਰਦੇ ਰਹਿਣਾ ਹੈ। ਫਿਰ ਸਤਿਗੁਰੂ ਜ਼ਾਮਨ ਹੈ ਕਿ ਮੰਜ਼ਲ ਆਪ ਤੁਰ ਕੇ ਇਸ ਦੇ ਚਰਨਾਂ ਵਿਚ ਆ ਜਾਵੇਗੀ।

ਹਾਂ, ਬਾਬੇ ਦਾ ਇਹ 'ਨਿਰਮਲ ਪੰਥ' ਇਕ ਪ੍ਰਚਾਰਕ ਤੇ ਜਗਤ-ਧਰਮ ਦੇ ਨਾਤੇ ਸਮੱਸਤ ਸੰਸਾਰ ਦੀਆਂ ਧਰਮ-ਭੁੱਖੀਆਂ ਤੇ ਅ-ਸਮਾਨਤਾ ਦੇ ਦੁਖ ਨਾਲ ਸਤਾਈਆਂ ਰੂਹਾਂ ਨੂੰ ਪੂਰਨ ਪਿਆਰ ਤੇ ਹਲੀਮੀ ਸਹਿਤ ਦਾਅਵਤ ਦਿੰਦਾ ਹੈ ਕਿ ਉਹ ਵੀ ਇਸ ਦੇ ਸਫ਼ਲ ਤਜਰਬੇ ਦੇ ਸਾਂਝੀਵਾਲ ਬਣਨ। ਖ਼ੁਦੀ, ਬਖ਼ੀਲੀ, ਤਕੱਬਰੀ, ਈਰਖਾ, ਘਿਰਣਾ, ਦੁਬਿਧਾ, ਅਸਮਾਨਤ, ਜ਼ਾਤ-ਪਾਤ ਤੇ ਨਸਲੀ ਵਿਤਕਰਿਆਂ ਦੀ ਪ੍ਰਚੰਡ ਅਗਨੀ ਵਿਚ ਦਗਧ ਹੋਣ ਦੀ ਥਾਂ, ਉਹ ਨਿਰੰਕਾਰੀ ਬਾਬੇ ਦੇ 'ਨੌ ਨਿਧ ਨਾਮ ਤੇ ਗਰੀਬੀ' ਦੇ ਸੱਚੇ ਹੱਟ ਤੋਂ, ਸੱਚ ਤੇ ਸੱਚੇ ਆਚਾਰ ਦਾ ਅਮੁੱਲਾ ਸੌਦਾ ਖਰੀਦਣ ਅਤੇ ਸਿਦਕ ਦੀ ਚੁੰਗ ਪਾ ਕੇ, ਭਰ ਲੈਣ ਝੋਲੀਆਂ ਨਾਮ, ਸਿਮਰਨ, ਸੇਵਾ, ਸਦਾਚਾਰ, ਨਿੰਮਰਤਾ ਤੇ ਮੈਤ੍ਰੀ ਭਾਵ ਆਦਿ

ਸਦ-ਗੁਣਾਂ ਦੀਆਂ 'ਅਮੁੱਲ ਦਾਤਾਂ' ਨਾਲ।

ਉਪਰੋਕਤ ਅਮੁਲੀਕ ਗੁਣਾਂ ਵਾਲਾ 'ਨਿਰਮਲ ਪੰਥ' ਅਥਵਾ 'ਗੁਰ-ਸੰਗਤ' ਹੀ ੨੩੦ ਸਾਲ ਦੇ ਲੰਮੇ ਸਮੇਂ ਦੇ ਬਿਖੜੇ ਪੈਂਡੇ ਮੁਕਾਂਦੀ ਅਤੇ ਜ਼ੋਰ, ਜ਼ੱਬਰ, ਤਅੱਦੀ, ਤੁਅੱਸਬ ਤੇ ਅਸਮਾਨਤਾ ਦੇ ਝੱਖੜਾਂ ਤੂਫ਼ਾਨਾਂ ਦਾ ਚਟਾਨ ਵਾਂਗ ਟਾਕਰਾ ਕਰਦੀ, ਆਖ਼ਰ ਇਸ 'ਖ਼ਾਲਸਾ ਪੰਥ' ਦੇ ਨਿਆਰੇ ਰੂਪ ਵਿਚ ਸਜੀਵੀ ਤੌਰ ਉੱਤੇ ਆ ਪਰਕਾਸ਼ੀ ਤੇ ਪਰਗਟ ਹੋਈ, ਜਿਸ ਨੂੰ ਦਸਵੇਂ ਨਾਨਕ ਨੇ 'ਦਸਮੇਸ਼' ਜਾਮੇ ਵਿਚ ਆਪਣਾ 'ਖ਼ਾਸ ਰੂਪ', 'ਨਿੱਜ-ਸਰੂਪ', 'ਸੁਹਿਰਦ ਇਸ਼ਟ', 'ਗਿਰਹ', 'ਮਿੱਤ', 'ਸਾਕ-ਪਾਤ', 'ਪਰਵਾਰ', 'ਮਾਨ-ਮਹਤ' ਤੇ 'ਜਾਨ ਦੀ ਜਾਨ' ਆਦਿ ਵਿਸ਼ੇਸ਼ਣਾਂ ਨਾਲ ਸਨੇਹਪੂਰਤ ਕੀਤਾ, ਵਡਿਆਇਆ ਤੇ ਨਿਵਾਜਿਆ। ਪੁਜੀਆਂ ਦਾ ਇਹ ਪੰਥ ਕਿਉਂਕਿ ਨਿਰਾਲਾ ਤੇ ਨਿਆਰਾ ਸੀ, ਸੋ ਇਸ ਦੀ ਸਿਰਜਨਾ ਅਤੇ ਰਚਨ-ਰੀਤ ਵਿਚ ਕੁਝ ਐਸੇ ਅਦਭੁੱਤ ਭਿੰਨ ਆਏ, ਜਿਸ ਨੂੰ ਪੁਰਾਣਾ, ਬੱਸੀਦਾ ਅਤੇ ਕਰਮ ਕਾਂਡੀ, ਵਹਿਮਾਂ ਤੇ ਭਰਮਾਂ ਨਾਲ ਤੁੰਨ ਤੁੰਨ ਭਰਿਆ ਦਿਲ ਦਿਮਾਗ਼ ਨਾ ਸਮਝ ਸਕਿਆ। ਪੰਜਾਂ ਪਿਆਰਿਆਂ ਦੀ ਚੋਣ ਵਿਚ ਪੰਜਾਂ ਵਿਚੋਂ ਚੌਹ ਪਿਆਰਿਆਂ ਦਾ 'ਅਛੂਤੀ' ਸ਼ੂਦਰ ਜਾਤੀਆਂ ਵਿਚੋਂ ਹੋਣਾ, ਅਤੇ ਫਿਰ ਇਹਨਾਂ ਪੰਜਾਂ ਦਾ ਸ੍ਰੀ ਦਸਮੇਸ਼ ਜੀ ਨੂੰ ਖੰਡੇ ਦੀ ਪਾਹੁਲ ਦੇਣਾ, ਗੁਰੂ ਤੇ ਚੇਲੇ ਦੀ ਮਰਯਾਦਾ ਤੇ ਸੰਬੰਧਾਂ ਵਿਚ ਇਕ ਐਸਾ ਇਨਕਲਾਬ ਸੀ, ਜਿਸ ਨੂੰ ਵਰਣ-ਆਸ਼ਰਮ (ਜਾਤ-ਪਾਤ) ਨੂੰ ਕਰਮ-ਕਾਂਡ ਦੀ ਅੰਨ੍ਹੀ ਕੋਠੀ ਵਿਚ ਬੈਠਾ ਜਾਤ ਪਾਤ ਦੇ ਵਿਤਕਰਿਆਂ ਦਾ ਮੁਦਈ ਬ੍ਰਾਹਮਣ ਨਾ ਜਰ ਸਕਿਆ। ਵੇਦ ਤੇ ਸਿਮਰਤੀ ਦੇ ਧਰਮ ਅਨੁਸ਼ਾਸਨ ਵਿਰੁਧ, ਇਹ ਵਿਦਰੋਹ, ਭਲਾ, ਉਹ ਕਿਵੇਂ ਸਹਾਰ ਸਕਦਾ ਸੀ? ਚੀਕਿਆ, ਪੁਕਾਰਿਆ, ਸੱਟਪਟਾਇਆ ਅਤੇ ਅੰਤ ਧਮਕੀਆਂ ਤੇ ਦਬਕਿਆਂ ਉੱਤੇ ਉੱਤਰ ਆਇਆ। ਸ੍ਰੀ ਕਲਗੀਧਰ ਪਿਤਾ ਨੇ ਬਥੇਰਾ ਦਿਲਾਸਾ ਦਿੱਤਾ, ਸਮਝਾਇਆ ਬੁਝਾਇਆ ਅਤੇ 'ਮਿਸਰ ਜੀ' ਨੂੰ 'ਸੋਗ ਨਿਵਾਰਨ' ਲਈ ਪ੍ਰੇਰਨਾ ਕੀਤੀ, ਪਰੰਤੂ ਉਸ ਨੇ ਮਨੁੱਖ, ਮਨੁੱਖ ਵਿਚ ਸਮਾਨਤਾ ਦੀ ਵਧਾਈ

ਇਸ ਸੱਚੀ, ਪਰੰਤੂ ਤਲਖ ਹਕੀਕਤ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ, ਅਤੇ ਅਜਿਹਾ ਵਿੱਟਰਿਆ ਕਿ ਅੱਜ ਤਕ ਕਿਸੇ ਨਾ ਕਿਸੇ ਢੰਗ ਨਾਲ, ਕਿਸੇ ਨਾ ਕਿਸੇ ਰੂਪ ਵਿਚ ਇਸ ਨਿਰਮਲ ਪੰਥ ਦੀ ਵਿਰੋਧਤਾ ਕਰੀ ਹੀ ਜਾ ਰਿਹਾ ਹੈ।

ਹਾਂ ਜੀ, ਕੌਣ ਜਗਾਵੇ ਤੇ ਸਮਝਾਵੇ ਅਜਿਹੇ ਤੰਗ ਤੇ ਤੁਅੱਸਬੀ ਦ੍ਰਿਸ਼ਟੀਕੋਣ ਰੱਖਣ ਵਾਲੇ ਘੋਗਲੇ ਸੱਜਣਾਂ ਨੂੰ, ਕਿ ਖ਼ਾਲਸਾ ਮਨੁੱਖਤਾ ਦੀ ਮਾਲਾ ਦਾ ਮੇਰ ਹੈ ਅਤੇ ਇਸ ਦੇ ਕੁਦਰਤੀ ਤੇ ਸੁਭਾਵਕ ਨਿਆਰੇ-ਪਨ ਵਿਚ ਹੀ ਮਾਨਵਤਾ ਦੀ ਕਲਿਆਣ ਤੇ ਅਜ਼ਮਤ ਦਾ ਭੇਦ ਛੁਪਿਆ ਪਿਆ ਹੈ।

ਚੌਧਾਂ ਸਤਿਗੁਰਾਂ ਨੇ ਬੱਕਰੀਆਂ ਭੇਡਾਂ ਦੇ ਇੱਜੜਾਂ ਵਾਂਗ ਨਿਤਾਣੀ, ਬੇਵਸ, ਅਤੇ ਸਾਹਸ ਤੇ ਅਣਖਹੀਣ ਹੋ ਚੁੱਕੀ ਇਸ ਕੌਮ ਨੂੰ, ਫਿਰ ਇਕ ਸਵੈਮਾਨ ਤੇ ਚੜ੍ਹਦੀਆਂ ਕਲਾਂ ਵਾਲੀ ਸ਼ਕਤੀ-ਸ਼ਾਲੀ ਕੌਮ ਵਿਚ ਬਦਲ ਦੇਣ ਵਾਲੀ ਕਰਾਮਾਤ ਕੀਤੀ। ਗਿੱਦੜਾਂ ਨੂੰ ਸ਼ੇਰਾਂ ਵਿਚ ਤਬਦੀਲ ਕਰਨ ਵਾਲੇ ਇਸ ਕ੍ਰਿਸ਼ਮੇ ਵਿਚ ਸਭ ਤੋਂ ਵਡੀ ਬਰਕਤ ਤੇ ਦੇਣ ਸੀ ਮਨੁੱਖੀ ਸਮਾਨਤਾ ਦੇ ਆਧਾਰ ਉਤੇ ਕਾਇਮ ਕੀਤੇ 'ਏਕੇ' ਦੀ। ਸਿਖ ਸਤਿਗੁਰਾਂ ਨੇ ਰੋਗੀ ਭਾਰਤ ਦੀ ਨਬਜ਼ ਵੇਖੀ ਅਤੇ 'ਏਕੇ' ਦੀ ਅਭਾਵਤਾ ਦਾ ਰੋਗ ਲਭ ਲਿਆ, ਅਤੇ ਬਿਨਾ ਕਿਸੇ ਸਮਾਜਕ, ਧਾਰਮਕ ਜਾਂ ਰਾਜਨੀਤਕ ਭੇਦ-ਭਾਉ ਤੇ ਤੇ ਦੇ, ਡੰਕੇ ਦੀ ਚੋਟ ਨਾਲ ਐਲਾਨ ਕੀਤਾ ਕਿ ਅਗੇ ਤੋਂ ਮਨੁੱਖ ⁀ ਮਨੁੱਖ ਵਿਚ ਪਾੜੇ ਪਾਉਣ ਵਾਲੇ ਸਾਰੇ ਕਾਨੂੰਨ ਮਨਸੂਖ ਕਰ ਕੇ "ੴ ਸਤਿ ਨਾਮੁ" ਤੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਉਤੇ ਆਧਾਰਤ ਆਈਨ ਲਾਗੂ ਕੀਤੇ ਜਾਣਗੇ। ਹੁਣ ਕੇਵਲ ਇਕ ਓਅੰਕਾਰ ਦੀ ਪੂਜਾ ਹੋਵੇਗੀ; 'ਇਕੋ ਸ਼ਬਦ' ਦਾ ਪਰਚਾਰ; ਇਕੋ ਸੰਗਤ ਤੇ ਪੰਗਤ ਵਿਚ, ਸਕੇ ਵੀਰਾਂ ਵਾਂਗ ਇਕੱਤਰ ਹੋ, ਸਜਿਆ ਜਾਵੇਗਾ; ਕੁਲ ਮਖਲੂਕ ਨੂੰ ਇਕ-ਸਮਾਨ ਦਾਅਵਤ ਦੇਣ ਵਾਲੇ 'ਹਰਿਮੰਦਿਰ' ਸੀ ਰਹਣਗੇ ਅਤੇ ਆਪਸ ਵਿਚ ਹੋਰ ਸਮੀਪੀ, ਗੂੜ੍ਹੀ ਤੇ ਅਟੁੱਟ ਸਾਂਝ ਪੈਦਾ ਕਰਨ ਅਤੇ ਹਰ ਪਰਕਾਰ ਦੀਆਂ ਵੰਡਾਂ-ਵਿਤਕਰਿਆਂ ਨੂੰ ਜੜ੍ਹੋਂ ਪੁੱਟ ਦੇਣ ਵਾਲੀ ਹੋਵੇਗੀ

'ਖੰਡੇ ਦੀ ਪਾਹੁਲ'।

ਐਸਾ ਹੀ ਹੋਇਆ। 'ਏਕੋ' ਤੇ "ਇਕਾ ਬਾਣੀ, ਇਕੁ ਗੁਰੁ, ਇਕੋ ਸਬਦੁ ਵੀਚਾਰਿ" (੬੪੬) ਦੇ ਇਹਨਾਂ ਪ੍ਰਸਤਾਰਾਂ (ਪ੍ਰਚਾਰੀਆਂ) ਤੇ ਮੁਜਾਹਿਦਾਂ ਨੇ ਸੰਸਾਰ ਦਾ ਇਤਿਹਾਸ ਬਦਲ ਕੇ ਰੱਖ ਦਿੱਤਾ ਅਤੇ ਇਕ ਜੋਤ ਦੇ ਪੁਜਾਰੀ ਹੋਣ ਦੇ ਨਾਤੇ ਪੱਛਮ ਦੇ ਸਦੀਆਂ ਤੋਂ ਹੋ ਰਹੇ ਹੱਲਿਆਂ ਨੂੰ ਨਾ ਕੇਵਲ ਠੱਲ੍ਹ ਹੀ ਪਾਈ, ਸਗੋਂ 'ਉਲਟੀ ਗੰਗਾ' ਵਹਾ ਦਿੱਤੀ।

ਆਓ, ਹੁਣ ਗੁਰਬਾਣੀ, ਉਪ-ਬਾਣੀਆਂ ਅਤੇ ਗੁਰੂ ਤੇ ਸਿੱਖ ਇਤਿਹਾਸ ਆਦਿ ਦੇ ਅਕੱਟ ਪ੍ਰਮਾਣਾਂ ਦੁਆਰਾ ਵੇਖੀਏ ਕਿ ਹਿੰਦੂ ਮਤ ਅਥਵਾ ਸਮਾਜ ਦੀ ਸਭ ਤੋਂ ਵੱਡੀ ਆਧਾਰ-ਸ਼ਿਲਾ, ਪਰੰਤੂ, ਨਾਲ ਹੀ ਸਭ ਤੋਂ ਵੱਡੀ ਕਮਜ਼ੋਰੀ, ਬੁਰਾਈ, ਏਕੇ ਦੀ ਮਾਰੂ ਅਤੇ ਅਧੋਗਤੀ ਦਾ ਮੂਲ ਕਾਰਨ—ਵਰਣ ਆਸ਼ਰਮ—ਧਰਮ ਬਾਰੇ ਗੁਰਮਤਿ ਦਾ ਦ੍ਰਿਸ਼ਟੀਕੋਣ ਕੀ ਹੈ :—

੧.

ਜਾਤਿ ਵਰਨ—(ੳ) ਭਾਈ ਸਾਹਿਬ ਕਾਹਨ ਸਿੰਘ ਜੀ 'ਗੁਰਮਤਿ ਮਾਰਤੰਡ' ਦੇ ਪੰਨਾ ੫੦੧ ਉਤੇ ਲਿਖਦੇ ਹਨ :—

"ਸਿਖ ਧਰਮ ਵਿਚ ਜਾਤਿ ਕੇਵਲ ਕਰਮਾਨੁਸਾਰ ਹੈ, ਜਨਮ ਨਾਲ ਇਸ ਦਾ ਕੋਈ ਸੰਬੰਧ ਨਹੀਂ। ਵਿਦਵਾਨ ਗਿਆਨੀ : ਬ੍ਰਾਹਮਣ, ਸੂਰਵੀਰ ਸ਼ਸਤ੍ਰਧਾਰੀ : ਛਤ੍ਰੀ, ਵਪਾਪਾਰੀ ਅਤੇ ਹਲਵਾਹ : ਵੈਸ਼, ਟਹਿਲ ਮਜ਼ਦੂਰੀ ਨਾਲ ਉਪਜੀਵਕਾ ਕਰਨ ਵਾਲਾ : ਸ਼ੂਦਰ ਹੈ। ਜੇ ਸ਼ੂਦਰ, ਆਤਮ-ਗਿਆਨੀ ਵਿਦਵਾਨ ਹੋ ਕੇ ਉਪਦੇਸ਼ ਕਰਦਾ ਹੈ ਤਾਂ ਉਹੀ ਬ੍ਰਾਹਮਣ ਹੈ ਅਤੇ ਸ਼ਸਤ੍ਰਧਾਰੀ ਕਾਸ਼ਤਕਾਰ ਛਤ੍ਰੀ, ਆਖਿਆ ਜਾਂਦਾ ਹੈ।"

ਇਸ ਦਾ ਵਿਸਥਾਰ ਕਰਦੇ ਹੋਏ ਹੇਠਾਂ ਫੁਟਨੋਟ ਵਿਚ ਲਿਖਦੇ ਹਨ ਕਿ— 'ਭਾਰਤ ਦੀ ਦੁਰਦਸ਼ਾ ਦਾ ਮੁਖ ਕਾਰਣ ਇਹ ਹੋਇਆ ਕਿ

ਜਾਤਿ-ਅਭਿਮਾਨੀਆਂ ਨੇ ਸਦਾਚਾਰ ਦੀ ਕਦਰ ਨਾ ਕਰ ਕੇ, ਜਾਤਿ ਦੀ ਮਹਿਮਾ ਪ੍ਰਗਟ ਕੀਤੀ ।'...

ਏਸੇ ਪ੍ਰਭਾਵ-ਅਧੀਨ ਗੁਸਾਈਂ ਤੁਲਸੀ ਦਾਸ ਜੀ ਲਿਖਦੇ ਹਨ :—

ਸੇਵੀਐ *ਬਿਪ੍ਰ ਗਿਆਨ ਗੁਣ ਹੀਨਾ ।
ਸੂਦਰ ਨ ਸੇਵੀਐ, **ਗਯਾਨ ਪ੍ਰਬੀਨਾ ।

(ਅ) ਜਾਤਿ-ਵਰਣ ਦੇ ਖੰਡਨ ਵਿਚ ਹੇਠਾਂ ਗੁਰਬਾਣੀ ਦੇ ਕੁਝ ਕੁ ਪ੍ਰਮਾਣ ਦਿਤੇ ਜਾਂਦੇ ਹਨ, ਜਿਨ੍ਹਾਂ ਦੀ ਰੌਂਦ ਵਿਚ ਕੋਈ ਵੀ ਸਦਾਕਤ-ਪਸੰਦ, ਸਵਾਰਥ ਤੇ ਦੰਭ-ਰਹਿਤ, ਨਿਸ਼ਕਪਟ ਵਿਅਕਤੀ, ਜਾਤਿ ਵਰਣ ਦੀ ਉੱਚਤਾ ਦਾ ਢੰਡੋਰਾ ਪਿੱਟ ਕੇ, ਗੁਰੂ ਸਿਧਾਂਤਾਂ ਨੂੰ 'ਵੈਦਕ ਗੁਰਮਤਿ'† ਆਦਿ ਪੁਸਤਕਾਂ ਦੁਆਰਾ ਗੰਧਲਾ ਕਰਨ ਦੇ ਨਾਪਾਕ ਜਤਨ ਕਰਨ ਦੀ ਅਵੱਗਿਆ ਨਹੀਂ ਕਰ ਸਕਦਾ । ਗੁਰਸਿੱਖ ਲਈ ਤਾਂ ਅਜਿਹਾ ਸੋਚਣਾ ਹੀ ਪਾਪ ਹੈ :—

(੧) ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥੩॥
[ਮ: ੧, ਵਾਰ ਸਿਰੀ ਰਾਗੁ, ਪੰਨਾ ੮੩

(੨) ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥੧੦॥
[ਮਾਝ ਕੀ ਵਾਰ ਮ: ੧, ਪੰਨਾ ੧੪੨

(੩) ਜਾਣਹੁ ਜੋਤਿ ਨ ਪੂਛਹੁ ਜਾਤੀ, ਆਗੈ ਜਾਤਿ ਨ ਹੇ ॥੧॥ਰਹਾਉ॥
[ਆਸਾ ਮ: ੧, ਪੰਨਾ ੩੪੯

(੪) ਖਲੜੀ, ਖਪਰੀ, ਲਕੜੀ, ਚਮੜੀ, ਸਿਖਾ ਸੂਤੁ, ਧੋਤੀ ਕੀਨ੍ਹੀ ॥
ਤੂੰ ਸਾਹਿਬੁ ਹਉ ਸਾਂਗੀ ਤੇਰਾ, ਪ੍ਰਣਵੈ ਨਾਨਕੁ, ਜਾਤਿ ਕੈਸੀ ॥੪॥੧॥
[ਆਸਾ ਮ: ੧, ਪੰਨਾ ੩੫੮

---

*ਬ੍ਰਾਹਮਣ । **ਗਿਆਨ ਵਿਚ ਪਰਪੱਕ ਗਿਆਨਵਾਨ ।

ਨੋਟ—ਬ੍ਰਾਹਮਣ ਗਿਆਨ ਤੇ ਗੁਣਹੀਣ ਵੀ ਪੂਜਣਯੋਗ ਹੈ, ਪਰ ਸੂਦਰ ਗਿਆਨਵਾਨ ਵੀ ਪੂਜਾ ਦਾ ਹੱਕਦਾਰ ਨਹੀਂ ।

†ਕਰਤਾ ਪ੍ਰਿੰ: ਧਰਮਾਨੰਤ ਸਿੰਘ ਤੇ ਪ੍ਰਕਾਸ਼ਕ—ਆਰਯਾ ਪ੍ਰਤਿਨਿਧ ਸਭਾ, ਪੰਜਾਬ ।

(੫) ਅਗੈ ਜਾਤਿ ਨ ਜੋਰੁ ਹੈ, ਅਗੈ ਜੀਉ ਨਵੇ ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥੩॥
[ਮ: ੧, ਆਸਾ ਦੀ ਵਾਰ, ਪੰਨਾ ੪੬੯

(੬) ਜਾਤਿ ਜਨਮੁ ਨਹ ਪੂਛੀਐ, ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ, ਜੇਹੇ ਕਰਮ ਕਮਾਇ ॥੪॥੧੦॥
[ਪ੍ਰਭਾਤੀ ਮ: ੧, ਪੰਨਾ ੧੩੩੦

(੭) ਗਰਭ-ਵਾਸ ਮਹਿ ਕੁਲੁ ਨਹੀ ਜਾਤੀ ॥
ਬ੍ਰਹਮ ਬਿੰਦੁ ਤੇ, ਸਭ ਉਤਪਾਤੀ ॥੧॥

ਕਹੁ ਰੇ ਪੰਡਿਤ ! ਬਾਮਨ ਕਬ ਕੇ ਹੋਏ ॥
ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ਰਹਾਉ॥

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥੨॥

ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥੩॥

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥
[ਗਉੜੀ ਕਬੀਰ ਜੀ, ਪੰਨਾ ੩੨੪

ਜਦ ਰੱਬ ਦੀ ਕੋਈ ਜਾਤ ਨਹੀਂ, ਤਾਂ ਉਸਦੇ ਰਚੇ ਬੰਦੇ ਦੀ ਕਿਉਂ ?

(੮) "ਏਕਮ ਏਕੰਕਾਰੁ ਨਿਰਾਲਾ ॥
ਅਮਰ, ਅਜੋਨੀ, ਜਾਤਿ ਨ ਜਾਲਾ ॥
[ਬਿਲਾਵਲੁ ਮ: ੧, ਪੰਨਾ ੮੩੮

(੯) ਚਾਰੇ ਵਰਨ ਆਖੈ ਸਭੁ ਕੋਈ ॥
ਬ੍ਰਹਮੁ ਬਿੰਦ ਤੇ, ਸਭ ਓਪਤਿ ਹੋਈ ॥੨॥

ਮਾਟੀ ਏਕ ਸਗਲ ਸੰਸਾਰਾ ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥੩॥
[ਭੈਰਉ ਮ: ੩, ਪੰਨਾ ੧੧੨੮

(੧੦) ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸ਼ਾਫੀ,
ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥
[ਅਕਾਲ ਉਸਤਤਿ ਪਾ: ੧੦

(੧੧) ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,
ਖਾਕ ਬਾਦ ਆਤਿਸ਼ ਔ ਆਬ ਕੋ ਰਲਾਉ ਹੈ ॥
[ਅਕਾਲ ਉਸਤਤਿ ਪਾ: ੧੦

ਉਪਰੋਕਤ ਪ੍ਰਮਾਣਾਂ ਨੇ ਖੋਜੀ ਤੇ ਹਕੀਕਤ ਦੇ ਮੁਤਲਾਸ਼ੀ ਜਗਿਆਸੂ ਦੇ ਦਿਲ ਅੰਦਰ ਕਿਸੇ ਪ੍ਰਕਾਰ ਦਾ ਸੰਦੇਹ ਨਹੀਂ ਰਹਿਣ ਦਿੱਤਾ ਹੋਵੇਗਾ ਕਿ ਸਿਖ ਗੁਰੂ ਸਾਹਿਬਾਨ ਅਤੇ ਭਗਤਾਂ ਦੀ, ਯਜੁਰ ਵੇਦ ਦੇ ਅਧਿਆਯ ੩੧ ਮੰਤ੍ਰ ੧੧–

"ਬ੍ਰਾਹਮਣੋਸਯ ਮੁਖਮਾਸੀਦ ਬਾਹੂ ਰਾਜਨਯ: ਕ੍ਰਿਤ:,
ਉਰੂ ਵੈਸ਼੍ਯ: ਕ੍ਰਿਤ: ਪਦਭ੍ਯਾਮ ਸ਼ੂਦਰੋ ਅਜਾਯਤ।"

(ਭਾਵਾਰਥ–ਬ੍ਰਾਹਮਣ ਈਸ਼ਵਰ ਦੇ ਮੂੰਹ ਥੀਂ, ਖਸ਼ੱਤ੍ਰੀ ਬਾਹਾਂ ਥੀਂ, ਵੈਸ਼ਯ ਪੱਟਾਂ ਥੀਂ, ਅਤੇ ਸ਼ੂਦਰ ਪੈਰਾਂ ਤੋਂ ਉਤਪੰਨ ਹੋਏ–ਅਰਥਾਤ ਬ੍ਰਾਹਮਣ, ਖਸ਼ੱਤ੍ਰੀ, ਵੈਸ਼ਯ ਅਤੇ ਸ਼ੂਦਰ–ਇਹ ਚਾਰ ਵਰਣ ਹਨ।)

ਅਤੇ ਮੰਨੂ ਸਿਮ੍ਰਤੀ ਆਦਿ ਹਿੰਦੂ ਗ੍ਰੰਥਾਂ ਵਿਚ ਪ੍ਰਭੂ-ਪੁੱਤਰ ਤੇ ਜੋਤਿ-ਸਰੂਪ-ਇਨਸਾਨ ਨੂੰ ਲੀਰ ਲੀਰ ਕਰਨ ਅਤੇ ਨਫ਼ਰਤ ਤੇ ਅਤਿਆਚਾਰ ਦਾ ਜ਼ਹਿਰੀਲਾ ਬੀਜ ਬੀਜ ਕੇ, ਮਨੁੱਖਤਾ ਦੇ ਮੱਥੇ ਉਤੇ ਕਲੰਕ ਦਾ ਟਿੱਕਾ ਲਾਉਣ ਦਾ ਜੋ ਅਪ੍ਰਸੰਸਕ ਯਤਨ ਕੀਤਾ ਗਿਆ ਸੀ, ਅਤੇ ਜਿਸ ਦੇ ਫਲ-ਸਰੂਪ ਰਿਸ਼ੀਆਂ ਮੁਨੀਆਂ ਤੇ ਅਵਤਾਰਾਂ ਦੀ ਇਸ 'ਪੁੰਨ-ਭੂਮੀ' ਨੇ ਅਪਵਿੱਤ੍ਰਤਾ ਤੇ ਪ੍ਰਾਧੀਨਤਾ ਕਾਰਨ, ਕੁੰਭੀ ਨਰਕ ਦਾ ਵਿਕਰਾਲ ਰੂਪ ਧਾਰ ਰਖਿਆ ਸੀ,

ਵਿਰੁਧ ਇਕ ਸੋਚੀ ਸਮਝੀ, ਕਲਿਆਣਕਾਰੀ ਅਤੇ ਦਲੇਰਾਨਾ ਬਗ਼ਾਵਤ ਸੀ। ਸਿੱਖ ਸਤਿਗੁਰਾਂ ਦੇ ਸਕਲ, ਭਾਵ-ਪੂਰਤ ਅਤੇ ਸਰਬ-ਸਾਂਝੇ ਅੰਮ੍ਰਿਤ-ਉਪਦੇਸ਼ਾਂ ਦੇ ਗੁਲਦਸਤੇ ਵਿਚੋਂ ਜੇ 'ਮਨੁੱਖੀ ਸਮਾਨਤਾ' ਦੇ ਹੱਕੀ ਨਾਅਰੇ ਦਾ ਟਹਿਕਦਾ ਫੁਲ ਕੱਢ ਦੇਈਏ ਤਾਂ ਇਹ ਦੈਵੀ ਗੁਲਦਸਤਾ ਰੂਪ ਰੰਗ ਤੇ ਸੁਗੰਧੀ-ਹੀਨ ਹੀ, ਆਪਣੀ ਆਭਾ ਤੇ ਹੋਂਦ ਦਾ ਅਰਥ ਹੀ ਗਵਾ ਬੈਠੇਗਾ।

ਜੇ ਕੋਈ ਚਤੁਰ ਮਨੁੱਖ, ਵੇਦ ਵਿਚੋਂ ਉਪਰੋਕਤ ਵੰਨਗੀ ਮਾਤਰ ਦਿੱਤੇ ਪ੍ਰਮਾਣ ਦੇ ਬਾਵਜੂਦ ਇਹ ਕਹੇ ਕਿ ਹਿੰਦੂਆਂ ਵਿਚ ਵਰਨ-ਆਸ਼ਰਮ ਦੀ ਪਾਬੰਦੀ ਕੋਈ ਬੁਨਿਆਦੀ ਸਿਧਾਂਤ ਨਹੀਂ, ਤਾਂ ਉਸ ਨੂੰ ਪੁਰੀ (ਉੜੀਸਾ) ਦੇ ਸ਼ੰਕਰਾਚਾਰੀਆ ਦੇ ਹੁਣੇ ਜਿਹੇ ਪ੍ਰਕਾਸ਼ਤ ਹੋਏ ਬਿਆਨ ਵਾਚਣੇ ਪੈਣਗੇ। ਉਸ ਦੇ ਇਹ ਬਿਆਨ ਹਿੰਦੂ ਸ਼ਾਸਤਰਾਂ ਉਤੇ ਆਧਾਰਤ ਹਨ। ਉਹ ਮੰਦਰਾਂ ਵਿਚ ਪੂਜਾ ਪਾਠ ਅਥਵਾ ਦਾਖ਼ਲ ਹੋਣ ਦਾ ਹੱਕ ਹਰੀਜਨ ਜਮਾਤ ਨੂੰ ਦੇਣ ਲਈ ਤਿਆਰ ਨਹੀਂ। ਉਸ ਵਿਰੁਧ ਕੁਝ ਤਿੱਖੇ ਬਿਆਨ ਤਾਂ ਨਿਕਲੇ ਹਨ, ਭਾਰਤ ਸਰਕਾਰ ਵੀ ਔਖੀ ਹੋਈ ਹੈ, ਪਰੰਤੂ ਉਸ ਦੇ ਹਿੰਦੂ ਸ਼ਾਸਤਰਾਂ ਦੇ ਹਵਾਲਿਆਂ ਉਤੇ ਨਿਰਧਾਰਤ ਸਟੈਂਡ ਨੂੰ ਕੋਈ ਖੰਡਨ ਨਹੀਂ ਕਰ ਸਕਿਆ।

ਹਾਂ, ਇੱਧਰ, ਸਿਖ-ਨੁਮਾ ਆਰੀਆ ਸਮਾਜੀ, ਜਾਤਿ-ਵਰਨ ਦੇ ਹਾਮੀ ਨਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੀ ਵਿਕੋਲਿਤਰੇ ਪ੍ਰਮਾਣਾਂ ਨੂੰ ਖਿੱਚ ਧੂਹ ਕੇ ਤੇ ਆਪਣੇ ਮਤਲਬ ਦੇ ਅਰਥ ਕਰ ਕੇ, ਭੋਲੇ ਪਾਠਕ ਨੂੰ ਟਪਲਾ ਲਾਉਣ ਦਾ ਯਤਨ ਕਰ ਰਹੇ ਹਨ, ਸਗੋਂ ਭਾਈ ਗੁਰਦਾਸ ਜੀ ਦੀ ਬਾਣੀ ਅਤੇ ਇਤਿਹਾਸਕ ਗ੍ਰੰਥਾਂ ਵਿਚੋਂ ਵੀ ਇਕ ਅੱਧਾ ਹਵਾਲਾ ਦੇ ਕੇ, ਚੂਹੇ ਦੇ ਸੁੰਢ ਦੀ ਗੰਢੀ ਪ੍ਰਾਪਤ ਕਰ ਕੇ ਪੰਸਾਰੀ ਬਣਨ ਵਾਲੀ ਹਮਾਕਤ ਵੀ ਕਰਦੇ ਹਨ। ਪਾਠਕਾਂ ਦੀ ਗਿਆਤ ਤੇ ਨਿਰਣੇ ਲਈ ਅਸੀਂ ਇਹਨਾਂ ਗ੍ਰੰਥਾਂ ਵਿਚੋਂ ਹੀ ਵਰਣ-ਆਸ਼ਰਮ ਦੇ ਖੰਡਨ ਵਿਚ ਵੰਨਗੀ ਮਾਤਰ ਪ੍ਰਮਾਣ ਪੇਸ਼ ਕਰਦੇ ਹਾਂ :—

੨.

ਪਹਿਲਾਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਹੀ ਲਵੋ–

(੧) ਚਾਰ ਵਰਨ ਸਤਿਸੰਗੁ, ਗੁਰਮੁਖਿ ਮੇਲਿਆ।

[ਵਾਰ ੩, ਪਉੜੀ ੧੬

(੨) ਗੁਰਮੁਖਿ ਵਰਨ ਅਵਰਨ ਹੋਇ, ਰੰਗ ਸੁਰੰਗੁ ਤੰਬੋਲ ਪਰਚੈ।

[ਵਾਰ ੫, ਪਉੜੀ ੧

(੩) ਚਾਰਿ ਵਰਨ ਛਿਅ ਦਰਸਨਾ, ਬਾਰਹ ਵਾਟ ਭਵੈ ਸਭੁ ਲੋਈ।

(ਪਰੰਤੂ) ਗੁਰਮੁਖਿ ਦਰਸਨੁ ਸਾਧ ਸੰਗੁ, ਗੁਰਮੁਖਿ ਮਾਰਗਿ ਦੁਬਿਧਾ ਖੋਈ।

[ਵਾਰ ੫, ਪਉੜੀ ੬

(੪) ਸਾਧ ਸੰਗਤਿ ਸਚਖੰਡੁ ਹੈ, ਭਾਉ ਭਗਤਿ ਅਭਿਆਸੀ॥
ਚਹੁ ਵਰਨਾ ਉਪਦੇਸੁ ਕਰਿ, ਗੁਰਮਤਿ ਪਰਗਾਸੀ॥

[ਵਾਰ ੬, ਪਉੜੀ ੧

[ਸਾਧ ਸੰਗਤਿ ਹੀ ਸਚ-ਖੰਡ ਹੈ, ਜਿਥੇ ਚਹੁੰ ਵਰਨਾਂ ਨੂੰ, ਭਾਵ ਮਨੁੱਖ ਮਾਤਰ ਨੂੰ ਜਾਤ ਭੇਦ ਛਡ ਕੇ, ਉਪਦੇਸ਼ ਨਾਲ ਗੁਰਮਤਿ ਦਾ ਪ੍ਰਗਾਸ ਹੁੰਦਾ ਹੈ।]

(੫) ਚਾਰਿ ਵਰਨ ਸੰਸਾਰ ਵਿਚ, ਖਹਿ ਖਹਿ ਮਰਦੇ ਭਰਮਿ ਭਰਾਤੀ।
ਛਿਅ ਦਰਸਨ ਹੋਇ ਵਰਤਿਆ ਬਾਰਹ ਵਾਟ ਉਚਾਟ ਜਮਾਤੀ।
(ਪਰੰਤੂ)ਗੁਰਮੁਖਿ ਵਰਨ ਅਵਰਨ ਹੋਇ, ਰੰਗੁ ਸੁਰੰਗ ਤੰਬੋਲ ਸੁਹਾਤੀ।

[ਵਾਰ ੧੨, ਪਉੜੀ ੧੨

(੬) ਨਿਰੰਕਾਰ ਆਕਾਰੁ ਕਰਿ ਜੋਤਿ ਅਨੂਪ ਸਰੂਪ ਦਿਖਾਇਆ।
ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ।
ਚਾਰਿ ਵਰਨ ਚਾਰ ਮਜ਼ਹਬਾਂ ਚਰਣ ਕੰਵਲ ਸਰਣਾਗਤਿ ਆਇਆ।

[ਵਾਰ ੧੨, ਪਉੜੀ ੧੭

(੭) ਨਿਰੰਕਾਰ ਆਕਾਰੁ ਕਰਿ,
ਗੁਰ (ਗੁਰੂ ਨਾਨਕ ਦੇਵ) ਮੂਰਤਿ ਹੁਇ ਧਿਆਨੁ ਧਰਾਇਆ।
ਚਾਰਿ ਵਰਨਿ (ਹਿੰਦੂਆਂ ਦੇ) ਗੁਰ ਸਿਖ ਕਰਿ,

ਸਾਧ ਸੰਗਤਿ ਸਚਖੰਡੁ ਵਸਾਇਆ।
ਵੇਦ ਕਤੇਬਹੁ ਬਾਹਰਾ, ਅਕਥ ਕਥਾ ਗੁਰ ਸਬਦੁ ਸੁਣਾਇਆ।

[ਵਾਰ ੧੮, ਪਉੜੀ ੧੪

(੮) ਚਾਰਿ ਵਰਨਿ ਇਕ ਵਰਨਿ ਕਰਿ,
ਵਰਨ ਅਵਰਨ ਸਾਧ ਸੰਗੁ ਜਾਪੈ ॥

[ਵਾਰ ੨੩, ਪਉੜੀ ੧੯

[ਭਾਵ—ਚਾਰ ਵਰਨ (ਖੱਤ੍ਰੀ, ਬ੍ਰਾਹਮਣ, ਸੂਦ, ਵੈਸ) ਦਾ ਇਕ ਵਰਨ ਕਰ ਕੇ, ਅਤੇ ਜਿਹੜੇ ਇਨ੍ਹਾਂ ਵਰਣਾ ਤੋਂ ਕੋਈ ਬਾਹਰ ਹੋਵੇ, ਸਤਿਗੁਰ ਦੀ ਸੰਗਤਿ ਵਿਚ ਸਾਧ ਸੰਗਤ ਹੀ ਜਾਣੀਦੇ ਹਨ, ਕੋਈ ਵਿਤਕਰਾ ਨਹੀਂ।]

(੯) ਚਾਰਿ ਵਰਨ ਇਕ ਵਰਨ ਹੋਇ,
ਸਾਧ ਸੰਗਤਿ ਮਿਲਿ ਹੋਇ ਤਰਾਥਾ ॥ [ਤਰਦੇ ਹਨ]
ਚੰਦਨ ਵਾਸੁ ਵਣਾਸਪਤਿ ਅਫਲਿ ਚੋਮ ਨ ਸੋਮ ਖਰਾਬਾ।......
[ਮਨੁੱਖ ਮਾਤ੍ਰ ਵਿਚ ਕੋਈ ਵੰਡ, ਵਿਤਕਰਾ ਨਹੀਂ ਰਹਿੰਦਾ]
ਜਾਹਰ ਪੀਰੁ ਜਗਤੁ ਗੁਰ ਬਾਬਾ।

[ਵਾਰ ੨੭, ਪਉੜੀ ੪

(੧੦) ਚਾਰਿ ਵਰਨ ਇਕ ਵਰਨ ਹੋਇ,
ਗੁਰਸਿਖ ਵੜੀਅਨਿ ਗੁਰਮੁਖਿ ਗੋਤੈ ॥

[ਵਾਰ ੨੯, ਪਉੜੀ ੫

[ਚਾਰ ਵਰਣਾਂ ਦੇ ਇਕ ਵਰਣ ਹੋ ਕੇ ਕੇਵਲ ਗੁਰਮੁਖ ਸਿਖ ਵਾਲੀ ਸਮਾਨ ਗੋਤ ਵਾਲੇ ਹੋ ਜਾਂਦੇ ਹਨ; ਭਾਵ—ਪਿਛਲੀ ਅਖੌਤੀ ਜਾਤਿ ਗੋਤ ਮਿਟ ਜਾਂਦੀ ਹੈ।]

ਤ.

ਹੁਣ ਇਕ ਦੋ ਪ੍ਰਮਾਣ ਵਾਚੋ ਗੁਰ ਪ੍ਰਤਾਪ ਸੂਰਜ ਵਿਚੋਂ :—

[੧] ਵਡੇ ਲਘੂ ਤੇ ਭੇਦ ਨਹਿ, ਸਿਖਿਆ ਲੇਵੈ ਸਿਖ।
ਵਰਣ ਜਾਤਿ ਕੋ ਦੂਰ ਧਰ, ਐਸੇ ਸਿਖ ਸੁਲੇਖ।

[ਰੁਤ ੫, ਅਧਿ: ੧੫

ਨੋਟ:

[੨] ਜਾਤਿ ਵਰਨ ਕੀ ਕਾਣ ਤਜਿ, ਮਿਲੈ ਖਾਲਸੇ ਸੰਗ।
ਗੁਰਬਾਣੀ ਸੋ ਪ੍ਰੇਮ ਕਰਿ, ਮਨ ਰਪ [ਰੰਗ ਦੇਵੈ] ਗੂੜ੍ਹਾ ਰੰਗ।
(ਰੁਤ ੫, ਅਧਿ: ੧੫

੪.

ਇਕ ਹੀ ਬਰਤਨ ਮੈਂ ਸਭ ਕਾਹੂੰ।
ਆਬ ਹਯਾਤ ਪਿਲਾਵਤ ਤਾਹੂੰ।
ਖਾਣਾ ਭੀ ਇਕਠੇ ਸਭ ਖੈਂ ਹੈਂ।
ਸਕੇ ਬੀਰ ਆਪਸ ਮੈਂ ਵੈ ਹੈਂ।
ਜਾਤਿ ਗੋਤ ਕੁਲ ਕਿਰਿਆ ਨਾਮ।
ਕਰਮ ਧਰਮ ਪਿਤ ਮਾਤਾ ਗਾਮ।
ਪਿਛਲੋ ਜੋ ਤਜ ਦੇਤ ਤਮਾਮ। [ਪੰਥ ਪ੍ਰਕਾਸ਼

੫.

ਡਾਕਟਰ ਭਾਈ ਜੋਧ ਸਿੰਘ ਜੀ ਆਪਣੀ ਪੁਸਤਕ 'ਗੁਰੂ ਨਾਨਕ ਸਿਮਰਤੀ ਵਿਆਖਿਆਨ' ਦੇ ਪੰਨਾ ੫੮ ਉਤੇ 'ਵਰਣ ਆਸ਼ਰਮ ਧਰਮ' ਦੇ ਸਿਰਲੇਖ ਹੇਠ ਲਿਖਦੇ ਹਨ :—

"ਇਕ ਹੋਰ ਸਿਧਾਂਤ (ਜਿਸ) ਸੰਬੰਧੀ ਪੁਰਾਣੇ ਭਾਰਤੀ ਚਿੰਤਕਾਂ ਅਤੇ ਗੁਰੂ ਨਾਨਕ ਦੇਵ ਜੀ ਦਾ ਬਹੁਤ ਮਤ-ਭੇਦ ਹੈ, ਉਹ ਵਰਣ ਆਸ਼ਰਮ ਹੈ। ਵਰਣਾਂ ਦੀ ਵੰਡ ਵੈਦਿਕ ਕਾਲ ਤੋਂ ਹੀ ਆਰੰਭ ਹੋ ਗਈ ਸੀ। ਪਰੰਤੂ ਉਸ ਸਮੇਂ ਵਰਣ ਬਦਲਣ ਦੀ ਵੀ ਖੁਲ੍ਹ ਸੀ। ਹਰ ਇਕ ਵਿਅਕਤੀ ਕਿਸੇ ਇਕ ਵਰਣ ਦਾ ਧਰਮ ਆਪਣੀ ਮਰਜ਼ੀ ਅਨੁਸਾਰ ਅਪਣਾ ਸਕਦਾ ਸੀ। ਕੁਝ ਸਮਾਂ ਲੰਘਣ ਤੇ ਵਰਣ ਜਨਮ ਤੋਂ ਹੀ ਨਿਸ਼ਚਿਤ ਹੋਣ ਲਗ ਪਿਆ ਅਤੇ ਮਨੂੰ ਜੀ ਨੇ ਇਸ ਵਿਚਾਰ ਨੂੰ ਪੱਕਾ ਕਰ ਦਿੱਤਾ।... ਭਾਵੇਂ ਜਿਸ ਵੇਲੇ ਇਹ ਬਿਵਸਥਾ ਚਲਾਈ ਗਈ ਸੀ ਉਸ ਵੇਲੇ ਇਸ ਦਾ ਕੋਈ ਲਾਭ ਹੋਵੇ, (ਪਰੰਤੂ) ਹੁਣ ਵਰਣ, ਜਾਤਾਂ-ਪਾਤਾਂ ਵਿਚ ਵੰਡੇ ਜਾ ਕੇ ਬਹੁਤ ਹਾਨੀਕਾਰਕ ਹੋ ਗਏ ਸਨ। ਹਿੰਦੂ ਸਮਾਜ ਵਿਚ ਧਕਜਿਹਤੀ ਇਸ

ਦੇਣ ਨੇ ਅਸੰਭਵ ਬਣਾ ਦਿੱਤੀ ਸੀ। ਗੁਰੂ ਨਾਨਕ ਦੇਵ ਜੀ ਨੇ ਕਹਿਆ ਕਿ ਸਭ ਮਨੁੱਖ ਇਕ ਨਿਰੰਕਾਰ ਦੀ ਸਿਰਜਣਾ ਹਨ। ਉਨ੍ਹਾਂ ਵਿਚ ਨੀਵਾਂ ਉੱਚਾ ਕੋਈ ਨਹੀਂ।''

ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਏ 'ਨਿਰਮਲ' ਤੇ 'ਨਿਰਾਲੇ' ਪੰਥ ਦਾ ਅਗੇ ਪ੍ਰਚਾਰ ਕਰਨਾ ਤੇ ਇਸ ਨੂੰ ਸਦਾ ਲਈ ਪੱਕੀਆਂ ਲੀਹਾਂ ਉਤੇ ਤੋਰਨਾ ਸ੍ਰੀ ਦਸਮੇਸ਼ ਜੀ ਦਾ ਮੁਖ ਉਦੇਸ਼ ਸੀ, ਜੋ ਆਪ ਜੀ ਨੇ ਪ੍ਰਾਣੀ ਮਾਤ੍ਰ ਨੂੰ ਨੀਚ-ਊਚ ਦਾ ਭੇਦ ਮਿਟਾ ਕੇ, ਇਕੋ ਬਾਟੇ 'ਖੰਡੇ ਦੀ ਪਾਹੁਲ' ਪਿਲਾ, ਤੇ ਇਸ ਤਰ੍ਹਾਂ 'ਖ਼ਾਲਸੇ' ਦੀ ਸਿਰਜਨਾ ਕਰ ਕੇ ਸੰਪੂਰਨ ਕੀਤਾ।'

੬

"He (Guru Nanak) was essence of humility, He Preached with vehemence against idolatory, hypocricy, and distinctions of castes & creeds, but in so doing he never uttered a word which savoured of personal ambition, neither did he arrogate to himself the attributes of God."

[Glimpses of the World Religions]

[ਭਾਵ—ਗੁਰੂ ਨਾਨਕ ਦੇਵ ਜੀ ਮਿੱਠਤ ਤੇ ਨਿਮ੍ਰਤਾ ਦੇ ਮੁਜੱਸਮ ਸਨ। ਉਨ੍ਹਾਂ ਨੇ ਬੁਤ-ਪੂਜਾ, ਪਾਖੰਡ, ਜਾਤ-ਪਾਤ ਅਤੇ ਮਜ਼੍ਹਬਾਂ ਵਿਰੁਧ ਜ਼ੋਰਦਾਰ ਪ੍ਰਚਾਰ ਕੀਤਾ, ਪਰੰਤੂ ਅਜਿਹਾ ਕਰਦਿਆਂ ਉਨ੍ਹਾਂ ਨੇ ਕਦੀ ਇਕ ਸ਼ਬਦ ਵੀ ਅਜਿਹਾ ਨਹੀਂ ਵਰਤਿਆ ਜਿਸ ਤੋਂ ਨਿੱਜੀ ਵਡਿਆਈ (ਹਉਮੈ) ਦੀ ਬੂ ਆਉਂਦੀ ਹੋਵੇ। ਨਾ ਹੀ ਉਨ੍ਹਾਂ ਨੇ ਕਦੀ ਰੱਬੀ ਗੁਣਾਂ ਵਾਲੇ ਰੱਬ ਹੋਣ ਦਾ ਮਾਣ ਕੀਤਾ।]

੭

He (Guru Nanak) repudiated the caste divi-

sions and the ceremonial aspects which became mixed up with religion in India.

(S. Radha Krishnan, Occasional Speeches & Writing)

[ਭਾਵ—ਗੁਰੂ ਨਾਨਕ ਜੀ ਨੇ ਜਾਤ-ਪਾਤ ਦੇ ਵਿਤਕਰਿਆਂ ਤੇ ਰਸਮੀ ਰਹੁ-ਰੀਤਾਂ ਦਾ, ਜੋ ਭਾਰਤ ਵਿਚ ਧਰਮ ਨਾਲ ਮਲਤ-ਮਲਤ ਹੋ ਗਈਆਂ ਸਨ, ਖੰਡਨ ਕੀਤਾ।] [ਐਸ. ਰਾਧਾ ਕ੍ਰਿਸ਼ਨਨ

੮.

Nanak's faith was sternly monotheistic. He taught the worthlessness of religious vestments of ostentations, prayer and penance, pilgrimages of fames. He declared that all men had a right to search for knowledge of God, irrespective of caste.

(Encyclopaedia Britannica)

[ਭਾਵ—ਗੁਰੂ ਨਾਨਕ ਦਾ ਮਤ ਏਕੋਮੂਰਵਾਦੀ ਸੀ, ਉਨ੍ਹਾਂ ਨੇ ਵਿਖਾਵੇ ਦੇ ਮਜ਼ਹਬੀ ਵੇਸਾਂ, ਅਰਦਾਸਾਂ ਤੇ ਹੱਠ-ਕਰਮਾਂ ਅਤੇ ਮੰਦਰਾਂ ਦੀਆਂ ਯਾਤਰਾਵਾਂ ਦੀ ਅਯੋਗਤਾ ਤੇ ਨਿਗੂਣਤਾ ਦਰਸਾਈ। ਉਨ੍ਹਾਂ ਨੇ ਐਲਾਨ ਕੀਤਾ ਕਿ ਸਾਰੇ ਮਨੁੱਖਾਂ ਦਾ, ਬਿਨਾਂ ਜਾਤ-ਪਾਤ ਦੇ ਵਿਤਕਰਿਆਂ ਦੇ, ਰੱਬੀ ਗਿਆਨ ਬਾਰੇ ਖੋਜ ਕਰਨ ਦਾ ਸਮਾਨ ਅਧਿਕਾਰ ਹੈ।]

[ਐਨਸਾਈਕਲੋਪੀਡੀਆ ਬ੍ਰਿਟੈਨਿਕਾ

੯.

Nanak deprecated image worship, priest craft, and caste and laid great stress on the ethical side of his teaching, especially the virtues of honesty, loyalty, justice & benevolence.

(The New Universal Encyclopaedia)

[ਭਾਵ—ਗੁਰੂ ਨਾਨਕ ਜੀ ਨੇ ਬੁਤ-ਪੂਜਾ, ਪੁਜਾਰੀ ਚਾਲਾਂ (ਪ੍ਰਬੰਧ)

ਤੇ ਜਾਤ-ਪਾਤ ਨੂੰ ਭੰਡਿਆ ਅਤੇ ਆਪਣੀ ਸਿਖਿਆ ਵਿਚ ਆਚਰਨ ਪੱਖ ਉਤੇ ਵਧੇਰੇ ਜ਼ੋਰ ਦਿਤਾ, ਖ਼ਾਸ ਕਰਕੇ ਈਮਾਨਦਾਰੀ, ਵਫ਼ਾਦਾਰੀ, ਨਿਆਂ ਤੇ ਦਿਆਲਤਾ ਉਤੇ ।] [ਦੀ ਨੀਊ ਯੂਨੀਵਰਸਲ ਐਨਸਾਈਕਲੋਪੀਡੀਆ

੧੦.

Nanak believed in monotheistic deity, whom he designated 'Sat Nam' and who had created all men equal. This emphasis on equality contradicted Hindu caste practices and led him to denounce caste differences, and to insist upon the dignity of labour He reacted against ritual as practised by both Hindus & Muslims, placing individual conduct before ritual.

(Encyclopaedia Americana)

[ਭਾਵ—ਗੁਰੂ ਨਾਨਕ ਜੀ 'ਇਕ ਪ੍ਰਭੂ' ਉਤੇ ਵਿਸ਼ਵਾਸ ਰਖਦੇ ਸਨ ਅਤੇ ਉਸ ਨੂੰ 'ਸਤਿਨਾਮ' ਕਰਕੇ ਪੁਕਾਰਦੇ ਸਨ, ਜਿਸ ਨੇ ਕਿ ਸਭ ਮਨੁੱਖਾਂ ਨੂੰ ਸਮਾਨ ਬਣਾਇਆ ਹੈ । ਸਮਾਨਤਾ ਦੇ ਇਸ ਸਿਧਾਂਤ ਨੇ ਹਿੰਦੂਆਂ ਦੇ ਵਰਣ-ਆਸ਼ਰਮ ਧਰਮ ਅਥਵਾ ਜਾਤ-ਪਾਤ ਦੇ ਵਿਤਕਰਿਆਂ ਦਾ ਖੰਡਨ ਕੀਤਾ ਅਤੇ ਕਿਰਤ ਨੂੰ ਸਨਮਾਨਿਆ । ਗੁਰੂ ਜੀ ਨੇ ਹਿੰਦੂਆਂ ਤੇ ਮੁਸਲਮਾਨ ਦੀਆਂ ਰਸਮਾਂ ਦਾ ਵਿਰੋਧ ਕਰਦਿਆਂ ਹੋਇਆਂ ਮਨੁੱਖ ਦੇ ਵਿਅਕਤੀਗਤ ਚਲਨ ਨੂੰ ਇਨ੍ਹਾਂ ਰੀਤਾਂ-ਰਸਮਾਂ ਤੋਂ ਉਚੇਰਾ ਅਸਥਾਨ ਦਿਤਾ ।]

[ਐਨਸਾਈਕਲੋਪੀਡੀਆ ਅਮੈਰੀਕਾਨਾ

੧੧.

India sorely needs the spirit of Guru Nanak to end social and Communal troubles that split her in so many fighting camps. India needs unity under the banner of Guru Nanak for whom all men—

Hindus, Muslims and Christians, were equal children of the same father.

(Sardul Singh Kavishar, The Sikh Studies.)

[ਭਾਵ—ਭਾਰਤ ਦੇ ਸਮਾਜਕ ਤੇ ਫ਼ਿਰਕੂ ਝਗੜਿਆਂ ਨੂੰ, ਜੋ ਇਸ ਨੂੰ ਏਨੇ ਵਿਰੋਧੀ ਧੜਿਆਂ ਵਿਚ ਵੰਡ ਕੇ ਲੀਰੋ-ਲੀਰ ਕਰਦੇ ਹਨ, ਮੁਕਾਣ ਲਈ, ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਦਰਸਾਏ ਤੇ ਪ੍ਰਚਾਰੇ ਭਾਵਾਂ ਦੀ ਲੋੜ ਹੈ। ਭਾਰਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਝੰਡੇ ਹੇਠ ਏਕਤਾ ਦੀ ਲੋੜ ਹੈ, ਗੁਰੂ ਜੀ ਲਈ ਸਾਰੇ ਲੋਕ—ਹਿੰਦੂ, ਮੁਸਲਮਾਨ ਜਾਂ ਈਸਾਈ ਆਦਿ—ਇਕ-ਸਮਾਨ, ਇਕੋ ਪਿਤਾ ਦੇ ਬਾਲਕ ਹਨ।]

[ਸਰਦੂਲ ਸਿੰਘ ਕਵੀਸ਼ਰ, 'ਦੀ ਸਿਖ ਸਟੱਡੀਜ਼'

੧੨.

ਸੰਤ ਫ਼ਤਹ ਸਿੰਘ ਜੀ ਨਵੰਬਰ ੧੯੬੭ ਦੇ 'ਗੁਰਦੁਆਰਾ ਗਜ਼ਟ' ਵਿਚਲੇ ਲੇਖ 'ਸਾਰਾ ਪੰਥ—ਇਕ ਪਰਵਾਰ' ਵਿਚ ਲਿਖਦੇ ਹਨ—

"ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਅਨੰਦਪੁਰ ਸਾਹਿਬ ਵਿਚ ਵੱਡੇ ਇਕੱਠ ਵਿਖੇ ਸਿੰਘਾਂ ਨੂੰ ਇਕ ਬਾਟੇ ਵਿਚ ਅੰਮ੍ਰਿਤ ਛਕਾਇਆ ਅਤੇ ਸਭ ਖ਼ਾਲਸੇ ਨੂੰ ਹੁਕਮ ਕੀਤਾ—'ਅਜ ਤੋਂ ਅਸਾਂ ਇਕ ਅਸੂਲ ਕਾਇਮ ਕਰ ਕੇ ਸਰਬੱਤ ਖ਼ਾਲਸੇ ਵਿਚ ਇਲਾਕਾਈ ਵੰਡ ਅਤੇ ਨਸਲੀ ਵੰਡ ਖ਼ਤਮ ਕਰ ਦਿੱਤੀ ਹੈ। ਸਾਰਾ ਖ਼ਾਲਸਾ ਮੇਰਾ ਨਾਦੀ ਪੁੱਤਰ ਹੈ।' ਇਸ ਤਰ੍ਹਾਂ ਨਸਲੀ ਭੇਦ ਮਿਟਾ ਦਿੱਤਾ, ਸ੍ਰੀ ਅਨੰਦਪੁਰ ਸਾਹਿਬ ਦਾ ਜਨਮ ਦਸ ਕੇ ਇਲਾਕਾਈ ਵੰਡ ਖ਼ਤਮ ਕਰ ਦਿੱਤੀ। ਜਦ ਸਾਰੇ ਅਨੰਦਪੁਰ ਦੇ ਵਾਸੀ ਹਨ, ਫਿਰ ਇਲਾਕਾ-ਪ੍ਰਸਤੀ ਕਿਉਂ? ਜਦ ਸਾਰੇ ਮਾਤਾ ਸਾਹਿਬ ਦੇਵਾਂ ਅਤੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਪੁੱਤਰ ਸਪੁੱਤਰੀਆਂ ਹਨ ਤਾਂ ਜੱਟ, ਨਾਈ, ਛੀਂਬੇ, ਝੀਵਰ, ਤਰਖਾਣ, ਮਜ਼੍ਹਬੀ, ਰਵਦਾਸੀਏ, ਕਬੀਰ ਪੰਥੀ, ਸਿਕਲੀਗਰ ਆਦਿ ਜਾਤਾਂ ਕਿਥੇ?

'ਜਦ ਇਸ਼ਟ ਇਕ, ਉਪਾਸਨਾ ਇਕ, ਧਿਆਨ ਇਕ, ਪੰਜਾਂ

ਕੱਕਿਆਂ ਦੀ ਰਹਿਤ ਇਕ, ਪੰਜਾਂ ਬਾਣੀਆਂ ਦਾ ਪਾਠ ਇਕ; ਰੰਗ ਇਕ, ਰੂਪ ਇਕ, ਫਿਰ ਗੁਰਮਤਿ ਵਿਰੁਧ ਇਲਾਕਾਈ ਅਤੇ ਜਾਤ-ਬਰਾਦਰੀ ਦਾ ਸਵਾਲ ਕਿਉਂ ਉਠੇ ?......"

੧੩.

Duncan Greenlees (ਸ੍ਰੀ ਡੰਕਨ ਗ੍ਰੀਨਲੀਜ਼) ਆਪਣੀ ਪੁਸਤਕ "The Gospel of the Guru Granth Sahib" ਵਿਚ ਸਿਖ ਧਰਮ ਦੀ ਰੂਪ-ਰੇਖਾ ਦਾ ਉਲੇਖ ਕਰਦੇ ਹੋਏ ਇਸ ਨੂੰ ਇਕ ਨਿਆਰਾ ਤੇ ਨਰੋਆ ਮੱਤ ਬਿਆਨਦੇ ਹਨ। ਵਾਚੋ, ਇਸ ਵਿਦਵਾਨ ਦੇ ਨਿਮਨ-ਲਿਖਤ ਵਿਚਾਰ, ਜੋ ਇਸ ਸੰਬੰਧ ਵਿਚ ਕਿਸੇ ਪਰਕਾਰ ਦਾ ਸੰਸਾ ਬਾਕੀ ਨਹੀਂ ਰਹਿਣ ਦੇਂਦੇ :—

(1) 'Sikhism' is, of course, Hindu, in so far as it is Indian in origin, yet even in time of the Third Guru the Hindus recognised it as quite separate from their own Creed, and a little later Fani, of Muslim origin, declared it to be separate equally from Islam."

[ਮੁਖ-ਬੰਧ, ਪੰਨਾ ੧੭੧

(2) Q—Can you sum up this religion in a few words ?

Ans —It is a life of active effort towards world-up-lift under the Guru's guidance, so that all souls may attain the final Goal IT INSISTS ON HUMAN EQUALITY AND REJECTS-CASTE RACE PREJUDICE, the use of images for the spiritual God, and all External Show of piety, insisting on absolute sincerity and preserving action for the love of God."

[ਮੁਖ-ਬੰਧ, ਪੰਨਾ ੧੮੩

[ਭਾਵਾਰਥ—੧. ਸਿਖ ਮਤ ਵੇਖੋਂ ਤਕ ਹੀ ਹਿੰਦੂ ਮਤ ਕਿਹਾ ਜਾ ਸਕਦਾ ਹੈ ਕਿ ਇਸ ਦਾ ਅਰੰਭ ਹਿੰਦੁਸਤਾਨ ਵਿਚ ਹੋਇਆ। ਵੈਸੇ, ਤੀਜੇ ਸਤਿਗੁਰੂ ਦੇ ਸਮੇਂ ਤੋਂ ਹੀ ਹਿੰਦੂ, ਇਸ ਨੂੰ ਆਪਣੇ ਮੱਤ ਨਾਲੋਂ ਭਿੰਨ ਗਿਣਦੇ ਸਨ ਅਤੇ ਇਸ ਤੋਂ ਕੁਝ ਸਮਾਂ ਬਾਅਦ ਫ਼ਾਨੀ (ਇਕ ਮੁਸਲਿਮ ਇਤਿਹਾਸਕਾਰ) ਨੇ ਇਸ ਨੂੰ ਇਸਲਾਮ ਤੋਂ ਵੀ ਵਖਰੇ ਹੋਣ ਦਾ ਐਲਾਨ ਕੀਤਾ।

੨. ਪ੍ਰਸ਼ਨ—ਕੀ ਤੁਸੀਂ ਥੋੜ੍ਹੇ ਸ਼ਬਦਾਂ ਵਿਚ ਸਿਖ ਮੱਤ ਨੂੰ ਬਿਆਨ ਕਰ ਸਕਦੇ ਹੋ ?

ਉੱਤਰ—ਹਾਂ, ਇਹ ਸਤਿਗੁਰੂ ਦੀ ਅਗਵਾਈ ਹੇਠ ਸੰਸਾਰ ਨੂੰ ਉੱਚਾ ਚੁੱਕਣ ਲਈ ਇਕ ਅਮਲੀ ਯਤਨ ਹੈ, ਤਾਂ ਜੁ ਸਭ ਨੂੰ ਅਕਾਲ ਪੁਰਖ ਦੀ ਪ੍ਰਾਪਤੀ ਹੋ ਸਕੇ। ਇਹ ਮਨੁੱਖੀ ਸਮਾਨਤਾ ਉੱਤੇ ਜ਼ੋਰ ਦੇਂਦਾ ਹੈ, ਜ਼ਾਤ-ਪਾਤ, ਨਸਲ ਤਅੱਸਬ, ਮੂਰਤੀ-ਪੂਜਾ, ਪਖੰਡ, ਕਰਮ-ਕਾਂਡ ਦਾ ਖੰਡਨ ਕਰਦਾ ਅਤੇ ਪ੍ਰਭੂ-ਪਿਆਰ ਲਈ ਅੰਦਰੋਂ ਬਾਹਰੋਂ ਸੱਚੇ ਸੁੱਚੇ ਹੋਣ ਲਈ ਜ਼ੋਰ ਦਿੰਦਾ ਹੈ।]

੧੪.

Both Granths (Adi Guru Granth and Dasam Granth) aimed to free their people from Hindu practices especially from the tentacles of caste. Success or failure here is crucial for the future of Sikh Democracy......In view of the fact,then,that Sikhism started as a protest against the Caste System, it should be instructive to inquire as to the extent that the Sikhs have been able to free themselves from its shackles. (The Granth of Guru Gobind Singh & the Khalsa Brotherhood, Page 10-11 by C. H. Loehlin.)

[ਉਲਥਾ—ਦੋਵੇਂ ਗ੍ਰੰਥ (ਆਦਿ ਗੁਰੂ ਗ੍ਰੰਥ ਅਤੇ ਦਸਮ-ਗ੍ਰੰਥ) ਦਾ

ਟੀਕਾ ਤੇ ਮਹੱਤਵ ਆਪਣਿਆਂ ਲੋਕਾਂ ਨੂੰ ਹਿੰਦੂ ਰੀਤਾਂ-ਰਿਵਾਜਾਂ, ਖ਼ਾਸ ਕਰਕੇ ਜਾਤ-ਪਾਤ ਦੀ ਪਕੜ ਤੋਂ ਸੁਤੰਤਰ ਕਰਨਾ ਸੀ। ਇਸ ਕੰਮ ਵਿਚ ਸਫਲਤਾ ਜਾਂ ਅਸਫਲਤਾ ਉੱਤੇ ਸਿਖ ਸੰਗਤ ਦੇ ਭਵਿਖ ਦਾ ਨਿਰਭਰ ਸੀ। ਇਸ ਹਕੀਕਤ ਨੂੰ ਸਾਹਮਣੇ ਰਖਦਿਆਂ ਕਿ ਸਿੱਖੀ ਦਾ ਮੁਢ, ਹਿੰਦੂਆਂ ਦੀ ਜਾਤ-ਪਾਤ ਵਿਰੁਧ ਰੋਸ ਵਜੋਂ ਬੱਝਿਆ ਸੀ, ਇਹ ਗੱਲ ਵੇਖਣ ਵਾਲੀ ਹੈ ਕਿ ਸਿੱਖ ਹਿੰਦੂ ਬੰਧਨਾਂ ਤੋਂ ਕਿਥੋਂ ਤਕ ਖਲਾਸੀ ਪਾਉਣ ਵਿਚ ਸਫਲ [ਸੀ. ਐਚ. ਲੋਇਹਲਨ ਹੋਏ ਹਨ।]

੧੫.

ਸ੍ਰੀ ਦਸਮੇਸ਼ ਪਿਤਾ ਨੇ ਜਦੋਂ ਸੰਮਤ ੧੭੫੬ ਦੀ ਸ੍ਰੀ ਵੈਸਾਖੀ ਉੱਤੇ ਸਿੱਖਾਂ ਨੂੰ ਇਕੋ ਬਾਟੇ ਖੰਡੇ ਦੀ ਪਾਹੁਲ ਪਾਨ ਕਰਾ ਕੇ, ਸਭ ਨੂੰ ਇਕ ਵਰਨ ਵਾਲੀ—ਖ਼ਾਲਸਾ ਕੁਲ ਵੰਤਰੀ—ਬਣਾ ਦਿੱਤਾ। ਸ੍ਰੀ ਦਸਮੇਸ਼ ਜੀ ਦੇ ਉਪਰੋਕਤ ਦੀ, ਉਸ ਸਮੇਂ ਜੋ ਰੀਪੋਰਟ ਔਰੰਗਜ਼ੇਬ ਬਾਦਸ਼ਾਹ ਨੂੰ ਉਸ ਦੇ ਰੀਪੋਰਟਰ ਨੇ ਭੇਜੀ, ਉਹ ਮੁਨਸ਼ੀ ਗ਼ੁਲਾਮ ਮਹੀਉੱਦੀਨ ਅਨੁਸਾਰ ਇਸ ਪ੍ਰਕਾਰ ਹੈ:

"...ਹਮਾ ਦਰ ਯਕ ਮਜ਼ਹਬ ਦਰ ਆਯੰਦ ਕਿ ਦੂਈ ਅਜ਼ ਮਿਆਂ ਬਰਖ਼ੇਜ਼ਦ, ਵ ਚਹਾਰ ਵਰਨ ਕਿ ਕੌਮ ਹਨੂਦ ਅਜ਼ ਬ੍ਰਹਮਨ ਵ ਛਤ੍ਰੀ ਵ ਸੂਦਰ ਵ ਵੈਸ਼ ਕਿ ਹਰ ਯੱਕ ਰਾ ਦਰਮ-ਧਰਮ ਜੁਦਾਗਾਨਾ ਦੀਨੇ ਅਲਹਿਦਾ ਮੁਕੱਰਰ ਅਸਤ, ਆਂ ਰਾ ਤਰਕ ਦਾਦਹ ਵ ਬਰ ਯਕ ਤਰੀਕ ਮਸਲੂਕ ਨੁਮਾਯਿੰਦ। ਵ ਹਮਾ ਬਰਾਬਰ ਅੰਦ ਵ ਪਾਹੁਲ ਮਨ ਕਿਤਰਫ ਮਕਦਮਿ ਹਰ ਚਹਾਰ ਵਰਨ ਬ-ਯਕ ਜਾ ਖ਼ੁਰਦ ਮਿ-ਖ਼ੁਰੰਦ।"

[ਭਾਵ—ਸਾਰੇ ਇਕ ਧਰਮ ਵਾਲੇ ਹੋ ਜਾਣ ਤੇ ਦੁਜਾਇਗੀ ਵਿਚੋਂ ਕਢ ਦੇਣ। ਚਾਰੇ ਵਰਨ-ਵਿਤਕਰੇ ਮਿਟਾ ਕੇ ਇਕ ਮਰਯਾਦਾ ਧਾਰਨ ਕਰਨ। ਮੇਰੀ ਉਸ (ਦਸਮੇਸ਼ ਜੀ ਦੀ) ਅੰਮ੍ਰਿਤ ਦੀ ਪਾਹੁਲ ਇਕੋ ਬਰਤਨ ਵਿਚ ਲੈਣ ਅਤੇ ਇਕੋ ਬਰਤਨ ਵਿਚ ਇਕੱਠੇ ਖਾਣ।]

੧੬.

ਸੁਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ ਜੀ ਇਤਿਹਾਸਕਾਰ ਆਪਣੀ

ਪੁਸਤਕ 'ਪੂਰਨ ਮਨੁੱਖ' (ਖਾਲਸਾ) ਦੇ ਪੰਨਾ ੧੭ ਉੱਤੇ ਵਰਣ ਆਸ਼ਰਮ ਦੀਆਂ ਬੁਰਾਈਆਂ ਆਦਿ ਦਾ ਵਰਣਨ ਕਰਦੇ ਲਿਖਦੇ ਹਨ :—

"ਜਿਥੇ ਨਿਰਾਸ਼ਾਵਾਦ ਦੇ ਕਾਰਨ ਚੰਗੇ ਮਨੁੱਖਾਂ ਦੇ ਸੰਨਿਆਸ ਲੈ, ਜੰਗਲਾਂ ਨੂੰ ਚਲੇ ਜਾਣ ਕਰਕੇ ਸਮਾਜ ਪਹਿਲਾਂ ਹੀ ਰਸ ਨਿਕਲੀਆਂ ਪੱਛੀਆਂ ਵਾਂਗ ਫਿੱਕਾ ਪੈ ਗਿਆ ਸੀ ਉਥੇ ਵਰਣ-ਆਸ਼ਰਮ ਦੀਆਂ ਵੰਡਾਂ ਤੇ ਜਾਤ-ਪਾਤ ਦਿਆਂ ਝਮੇਲਿਆਂ ਨੇ ਜੀਵਨ ਹੋਰ ਵੀ ਤਲਖ ਕਰ ਦਿਤਾ ਸੀ। ਸੰਤਾਂ (ਭਗਤਾਂ) ਨੇ ਇਹਨਾਂ ਖਰਾਬੀਆਂ ਦੇ ਖਿਲਾਫ਼ ਆਵਾਜ਼ ਉਠਾਈ, ਉਨ੍ਹਾਂ ਨੇ ਬ੍ਰਾਹਮਣ ਨੂੰ ਵੰਗਾਰ ਕੇ ਆਖਿਆ—'ਮਨੁੱਖ ਜਾਤੀ ਦੀ ਜਨਮ ਤੋਂ ਜਾਤ ਬਿਅਰਥ ਹੈ, ਬ੍ਰਾਹਮਣ ਤੇ ਸ਼ੂਦਰ ਦੇ ਵਿਤਕਰੇ ਵਾਧੂ ਹਨ, ਜੇ ਇਨ੍ਹਾਂ ਦੀ ਕੋਈ ਅਸਲੀਅਤ ਹੁੰਦੀ ਤਾਂ ਸਾਰਿਆਂ ਮਨੁੱਖਾਂ ਦੀਆਂ ਰਗਾਂ ਵਿਚ ਇਕੋ ਜਿਹਾ ਖੂਨ ਨ ਹੁੰਦਾ। ਸਗੋਂ, ਕਿਧਰੇ ਦੁੱਧ ਹੁੰਦਾ ਤੇ ਕਿਧਰੇ ਲਹੂ।' ਗੱਲ ਕੀ, ਭਗਤਾਂ ਨੇ ਬ੍ਰਾਹਮਣ ਦੇ ਪੁਰਾਣੇ ਨਿਜ਼ਾਮ ਦੇ ਖਿਲਾਫ਼ ਆਵਾਜ਼ ਉਠਾਈ ਤੇ ਨਵੇਂ ਨਿਜ਼ਾਮ (ਗੁਰਮਤਿ) ਦੀ ਉਡੀਕ ਕਰਨ ਲਗੇ।"

੧੭.

ਪ੍ਰੋਫੈਸਰ ਕਰਤਾਰ ਸਿੰਘ ਜੀ "Sikh Gurus and Untouchability" ਨਾਮ ਦੇ ਟਰੈਕਟ ਦੇ ਸਫ਼ਾ ਸੱਤ ਉੱਤੇ ਲਿਖਦੇ ਹਨ :—

"His (Guru Nanak's) heart went out to the lowly and the despised. He vowed to emancipate them. He took with him a Muslim and a Hindu, both of low origin, called them 'Bhais' or 'Brothers' and laid the foundation of His fellowship. To all and sundry he carried the joyful tidings.—'Despise no man, God dwells in every heart. The Divine spark, the Immortal Soul, inspires every human form. All are equally the sons of the Father above. Birth in

this or that family cannot exalt or degrade a man, it is actions that do so. A good pious man of humble birth is far more dear to God and men of God than a high born rascal. Doors of the Father's mansion are open to all. Live well in the world, love & serve your fellow creatures, remember your Creator, and all of you irrespective of your birth, will win a seat of honour in the 'darbar' (court) of the Almighty Father ......all prejudices of birth or family, will have to be laid off.' ......Thus it was that Guru Nanak founded the Holy Fellowship, where the lowest is equal with the highest, in race as in Creed ......"

[ਭਾਵਾਰਥ—ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਿਲ ਨੀਵਿਆਂ ਤੇ ਸਮਾਜ ਵਲੋਂ ਠੁਕਰਾਏ ਹੋਏ ਲੋਕਾਂ ਲਈ ਪਸੀਜਦਾ ਸੀ। ਸਤਿਗੁਰਾਂ ਨੇ ਉਨ੍ਹਾਂ ਨੂੰ ਉੱਚੇ ਚੁੱਕਣ ਦਾ ਬੀੜਾ ਚੁੱਕਿਆ। ਉਨ੍ਹਾਂ ਨੇ ਆਪਣੇ ਨਾਲ ਇਕ ਮੁਸਲਿਮ ਤੇ ਇਕ ਹਿੰਦੂ (ਦੋਵੇਂ ਨੀਵੀਆਂ ਜਾਤਾਂ 'ਚੋਂ) ਨੂੰ ਆਪਣਾ ਸਾਥੀ ਬਣਾਇਆ ਅਤੇ ਉਨ੍ਹਾਂ ਨੂੰ 'ਭਾਈ' ਕਹ ਕੇ ਪੁਕਾਰਿਆ ਤੇ ਇਸ ਤਰ੍ਹਾਂ ਆਪਣੀ 'ਸੰਗਤਿ' ਦੀ ਨੀਂਹ ਰੱਖੀ। ਉਨ੍ਹਾਂ ਨੇ ਸਭ ਲੁਕਾਈ ਨੂੰ ਇਕ-ਸਮਾਨ ਆਪਣਾ ਇਹ ਸੁਨੇਹਾ ਦਿੱਤਾ—'ਕਿਸੇ ਨਾਲ ਘਿਰਣਾ ਨ ਕਰੋ, ਵਾਹਿਗੁਰੂ ਸਭ ਵਿਚ ਵਸਦਾ ਹੈ। ਸਾਰਿਆਂ ਵਿਚ ਉਸ ਦੀ ਆਤਮ ਜੋਤ ਹੈ। ਸਾਰੇ ਇਕ-ਸਮਾਨ ਵਾਹਿਗੁਰੂ ਦੇ ਬੱਚੇ ਹਨ। ਦੇਸ ਜਾਂ ਕਿਸ ਘਰਾਣੇ ਵਿਚ ਜਨਮ ਲੈਣ ਨਾਲ ਨਾ ਕੋਈ ਉੱਚਾ ਹੁੰਦਾ ਹੈ, ਨਾ ਨੀਵਾਂ। ਕਿਸੇ ਦੇ ਮੰਦੇ ਜਾਂ ਚੰਗੇ ਕਰਮ ਹੀ ਉਸ ਨੂੰ ਉੱਚਾ ਜਾਂ ਨੀਵਾਂ ਦਰਸਾ ਦੇਂਦੇ ਹਨ। ਇਕ ਉੱਚੀ ਜਾਤ ਵਾਲੇ ਮੰਦ-ਕਰਮੀ ਨਾਲੋਂ ਇਕ (ਅਖੌਤੀ) ਨੀਵੀਂ ਜਾਤ ਵਾਲਾ ਸ਼ੁਭ-ਕਰਮੀ, ਪ੍ਰਭੂ ਨੂੰ ਕਿਤੇ ਵਧ ਪਿਆਰਾ ਹੈ।

ਦੁਨੀਆਂ ਵਿਚ ਚੰਗੇ ਕੀਤੇ ਕੰਮ ਹੀ ਦਰਗਾਹ ਵਿਚ ਪ੍ਰਭੂ ਨਾਲ ਸਮੀਪਤਾ ਦਾ ਕਾਰਨ ਬਣਦੇ ਹਨ। ਜਾਤ ਜਨਮ ਦਾ ਅਭਿਮਾਨ ਤਿਆਗਣਾ ਹੋਵੇਗਾ।' ......ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬੀ-ਸਾਂਝ ਦੀ ਨੀਂਹ ਰੱਖੀ, ਜਿਸ ਵਿਚ ਪ੍ਰਾਣੀ ਮਾਤਰ ਦਾ ਸਮਾਨ-ਦਰਜਾ ਹੈ।]

੧੮.

ਸ. ਰਘਬੀਰ ਸਿੰਘ "ਬੀਰ" ਸੰਚਾਲਿਤ 'ਆਤਮ ਸਾਹਿਤ ਟਰੱਸਟ' ਵਲੋਂ ਜਗਰਾਓਂ ਵਿਖੇ ੨੧ ਤੇ ੨੨ ਸਤੰਬਰ, ੧੯੬੮ ਨੂੰ ਸਿਖ ਨਿਸਚਿਆਂ ਦੇ ਅਖ਼ਬਾਰਾਂ ਤੇ ਰਸਾਲਿਆਂ ਦੇ ਸੰਪਾਦਕਾਂ ਦੇ ਬੁਲਾਏ ਸੰਮੇਲਨ ਵਿਚ ਪਰਵਾਨ ਹੋਏ ਮਤੇ ਦੀ ਨਕਲ:—

(ੳ) ਇਹ ਸਮੇਲਨ ਅਨੁਭਵ ਕਰਦਾ ਹੈ ਕਿ ਸਿੱਖ ਧਰਮ ਤੇ ਸਿੱਖ ਸਮਾਜ, ਜਿਸ ਦੀ ਬੁਨਿਆਦ ਜਾਤ-ਪਾਤ ਤੇ ਛੂਤ-ਛਾਤ ਤੋਂ ਨਾ ਸਿਰਫ ਉੱਚੀ ਹੀ ਹੈ, ਬਲਕਿ ਇਨ੍ਹਾਂ ਬੀਮਾਰੀਆਂ ਨੂੰ ਖ਼ਤਮ ਕਰਨ ਲਈ ਰੱਖੀ ਗਈ ਸੀ, ਅੱਜ ਦਾ ਸਿੱਖ ਸਮਾਜ ਇਸ ਅਸੂਲ ਨੂੰ ਭੁਲ ਕੇ ਫੇਰ ਉਨ੍ਹਾਂ ਹੀ ਬੀਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਇਹ ਸਮੇਲਨ ਸਮੂਹ ਸਿੱਖ ਸੰਸਥਾਵਾਂ, ਪੰਥਕ ਵਿਅਕਤੀਆਂ, ਸਿੱਖ ਪ੍ਰਚਾਰਕਾਂ ਤੇ ਪੱਤ੍ਰਕਾਰਾਂ ਦਾ ਧਿਆਨ ਪੰਥ ਨੂੰ ਘੁਣ ਵਾਂਗ ਖਾ ਰਹੇ ਇਸ ਰੋਗ ਵਲ ਦਿਵਾ ਕੇ ਸੁਝਾਓ ਦਿੰਦਾ ਹੈ ਕਿ ਕਿਸੇ ਵੀ ਚੋਣ ਵੇਲੇ ਜਾਤ-ਪਾਤ ਤੇ ਛੂਤ-ਛਾਤ ਦਾ ਵਿਤਕਰਾ ਨਾ ਰਖਿਆ ਜਾਇਆ ਕਰੇ। ਅਤੇ ਜਿਥੋਂ ਤਕ ਹੋ ਸਕੇ, ਕਿਸੇ ਵਿਅਕਤੀ ਦੇ ਨਾਮ ਨਾਲ ਉਸ ਦੀ ਜਾਤ-ਗੋਤ ਦੇ ਨਾਮ ਦੀ ਵਰਤੋਂ ਨਾ ਕੀਤੀ ਜਾਇਆ ਕਰੇ।

(ਅ) ਭਾਰਤ ਸਰਕਾਰ ਜਿਸ ਦਾ ਕਿ ਧਰਮ-ਨਿਰਪੱਖ ਤੇ ਜਾਤ-ਪਾਤ ਰਹਿਤ ਸਮਾਜ ਸਥਾਪਤ ਕਰਨਾ ਵਿਧਾਨਕ ਆਦਰਸ਼ ਹੈ, ਪਾਸ ਵੀ ਬੇਨਤੀ ਕੀਤੀ ਜਾਵੇ ਕਿ ਉਹ ਸਰਕਾਰੀ ਕਾਗਜ਼ਾਂ, ਅਦਾਲਤਾਂ, ਸੰਸਥਾਵਾਂ, ਰੇਡੀਓ ਬਰਾਡਕਾਸਟਾਂ ਆਦਿ ਕਿਸੇ ਥਾਂ ਵੀ ਕਿਸੇ ਵਿਅਕਤੀ ਦੇ ਨਾਮ ਨਾਲ ਜਾਤ-ਗੋਤ ਦੀ ਵਰਤੋਂ ਕਰਨੀ ਸਖ਼ਤੀ ਨਾਲ ਵਿਵਰਜਤ ਕਰਾਰ ਦੇਣ ਲਈ ਅਮਲੀ ਕਦਮ ਉਠਾਵੇ।

੧੯

ਪ੍ਰੋ: ਸਾਹਿਬ ਸਿੰਘ ਜੀ 'ਗੁਰਮਤਿ ਪ੍ਰਕਾਸ਼' ਦੇ 'ਗੁਰੂ ਨਾਨਕ ਅੰਕ' ਮਹੀਨਾ ਅਕਤੂਬਰ-ਨਵੰਬਰ ੧੯੬੯ ਵਿਚ 'ਸਾਡੇ ਗੁਰੂ ਨਾਨਕ ਦਾ ਸਿੱਧਾ ਪੱਧਰਾ ਜੀਵਨ-ਰਾਹ' ਦੇ ਸਿਰਲੇਖ ਹੇਠ ਛਪੇ ਲੇਖ ਵਿਚ ਲਿਖਦੇ ਹਨ :—

"ਗੁਰੂ ਨਾਨਕ ਦੇਵ ਜੀ ਨੇ ਸਾਡੇ ਗੁਰਦੁਆਰਿਆਂ ਦੀ ਨੀਂਹ ਰੱਖੀ। ਜਿਥੇ ਕਿਧਰੇ ਵੀ ਗਏ ਧਰਮਸਾਲਾਂ ਬਣਵਾਈਆਂ, ਕੀਰਤਨ ਤੇ ਲੰਗਰ ਦਾ ਹੁਕਮ ਕੀਤਾ ਹੈ। ਸਤਿਗੁਰੂ ਜੀ ਨੇ ਲੋਕਾਂ ਨੂੰ ਮਿਲ-ਬੈਠਣ ਦਾ ਢੰਗ ਦਸਿਆ, ਕੌੜਾ ਮਜ਼੍ਹਬੀ ਤੁਅੱਸਬ ਦੂਰ ਕੀਤਾ, ਨਾ ਜਾਤਿ ਰਹਿਣ ਦਿਤੀ ਨਾ ਕੌਮਾਂ ਦੇ ਭੇਦ ਰਹਿਣ ਦਿਤੇ। ਹਰੇਕ ਵਰਣ ਦਾ ਬੰਦਾ ਬਾਣੀ ਪੜ੍ਹ ਸਕਦਾ ਹੈ, ਲੰਗਰ ਦੀ ਇਕੋ ਪਾਲ ਵਿਚ ਵੱਡੇ ਤੋਂ ਵੱਡੇ ਤੇ ਨੀਵੇਂ ਤੋਂ ਨੀਵੇਂ ਮਨੁੱਖ ਬੈਠ ਕੇ ਪ੍ਰਸ਼ਾਦ ਛੱਕ ਸਕਦੇ ਹਨ। ਕੋਈ ਭਰਮ ਨਹੀਂ, ਕੋਈ ਭ੍ਰਿਸ਼ਟਤਾ ਨਹੀਂ, ਚੌਂਕੇ ਦੀ ਲਕੀਰ ਨਹੀਂ, ਮਲੇਛ ਦਾ ਪਰਛਾਵਾਂ ਨਹੀਂ ਅਤੇ ਸੁੱਚ ਦੀ ਹੌਂਦ ਨਹੀਂ।"

੨੦.

ਅਖ਼ੀਰ ਵਿਚ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਲੋਂ ਜਾਰੀ ਕੀਤੇ ਇਕ ਹੁਕਮਨਾਮੇ ਦੀ ਨਕਲ ਦਿੰਦੇ ਹਾਂ, ਜਿਸ ਦੀ ਹੋਂਦ ਵਿਚ ਕੋਈ ਮੁਤਵਾਨ, ਈਮਾਨਦਾਰ, ਹੱਕ-ਗੋ ਤੇ ਨਿਰਪੱਖ ਖੋਜੀ, ਗੁਰਸਿਖ ਜਾਂ ਅੰਨਮਤੀ ਵਿਦਵਾਨ ਇਹ ਨਹੀਂ ਕਹਿ ਸਕਦਾ ਕਿ ਸਿੱਖਾਂ ਅੰਦਰ ਜਾਤ-ਪਾਤ ਹੈ ਅਤੇ ਸਿਖ ਸਤਿਗੁਰਾਂ ਨੇ ਵਰਣ-ਆਸ਼ਰਮ ਧਰਮ ਨੂੰ ਕਾਇਮ ਰਖਿਆ ਹੈ :—

ੴ ਵਾਹਿਗੁਰੂ ਜੀ ਕੀ ਫ਼ਤਹ ॥

ਸਤਿ ਸ੍ਰੀ ਅਕਾਲ   ਸਤਿ ਸ੍ਰੀ ਅਕਾਲ

ਸ੍ਰੀ ਅਕਾਲ ਜੀ ਸਹਾਇ ॥

ਹੁਕਮਨਾਮਾ

ਸ੍ਰਬੱਤ ਖ਼ਾਲਸਾ ਅਤੇ ਗੁਰਦੁਆਰਿਆਂ ਦੇ ਸੇਵਾਦਾਰਾਂ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਹੈ ਜੋ ਅੰਮ੍ਰਿਤਧਾਰੀ ਪ੍ਰਾਣੀ ਮਾਤ੍ਰ ਨਾਲ ਸੰਗਤ ਪੰਗਤ ਵਿਚ ਇਕੋ ਜਿਹਾ ਵਿਹਾਰ ਕਰਨਾ, ਪਿਛਲੀ ਜਾਤ ਨਹੀਂ ਪੁਛਣੀ, ਭਰਮ ਨਹੀਂ ਕਰਨਾ। ਇਹੋ ਹੀ ਗੁਰੂ ਘਰ ਦੀ ਆਗਿਆ ਹੈ। ਜੋ ਸਿਰ ਨਿਵਾਏਗਾ, ਗੁਰੂ ਜੀ ਉਸ ਦੀ ਬਹੁੜੀ ਕਰਨਗੇ।

(ਮੋਹਰ)   ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ

ਦੇਗ ਤੇਗ ਫ਼ਤਹ ਨੁਸਰਤ ਬੇਦਰੰਗ   ਮਿਤੀ ੩੨ ਜੇਠ ਸੰ: ੪੬੭ ਨਾ:

(ਸ੍ਰੀ ਅਕਾਲ ਜੀ ਸਹਾਇ)   ਮਿਤੀ ੧੭ ਜੂਨ ਸੰ: ੧੯੩੬

ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ਸੋ, ਜਗਤ-ਹਿਤਾਂ ਲਈ ਉਚਿਤ ਇਹੀ ਹੈ ਕਿ ਰਹਿਣ ਦਿਤਾ ਜਾਵੇ ਇਨ੍ਹਾਂ ਨਾਮ ਰੱਤਿਆਂ, ਮਸਤਾਨਿਆਂ, ਬਾਹਰੋਂ ਭੋਲੇ ਤੇ ਅੰਦਰੋਂ ਸਿਆਣੇ, ਗੁਰੂ ਨਾਨਕ ਦੇਵ ਜੀ ਦੇ 'ਸਾਚੀ ਰਾਹ' ਦੇ ਪੰਧਾਊ ਸਿੱਖਾਂ ਨੂੰ, ਵਰਣਾਂ ਤੇ ਊਚ-ਨੀਚ ਦੇ ਘਿਰਣਤ ਬੰਧਨਾਂ ਤੋਂ ਉਚੇਰੇ। ਹਾਂ ਜੀ, ਗਾਉਣ ਦਿਉ ਲਹਿਰਾਂ ਕੇ, 'ਰੱਬੀ-ਏਕੇ' ਦੀ ਅਗੰਮੀ ਮਸਤੀ ਵਿਚ ਅਲਬੇਲੇ ਪੰਥ ਨੂੰ ਕੁਝ ਇਸ ਤਰ੍ਹਾਂ ਦੇ ਅਰਸ਼ੀ ਤੇ ਫ਼ਰਸ਼ੀ ਗੀਤ :—

ਅਰਸ਼ੀ ਗੀਤ :—

(੧) ਨਾਨਕ ਸਤਿਗੁਰੁ ਐਸਾ ਜਾਣੀਐ, ਜੋ ਸਭਸੈ ਲਏ ਮਿਲਾਇ ਜੀਉ।੧੦।

[ਸਿਰੀਰਾਗੁ ਮ: ੧, ਪੰਨਾ ੭੨

(੨) ਜਾਤੀ ਦੈ ਕਿਆ ਹਥਿ, ਸਚੁ ਪਰਖੀਐ ॥੧੦॥

[ਮਾਝ ਕੀ ਵਾਰ, ਮ: ੧, ਪੰਨਾ ੧੪੨

(੩) ਜੇਤੇ ਜੀਅ ਤੇਤੇ ਸਭਿ ਤੇਰੇ, ਵਿਣੁ ਸੇਵਾ ਫਲੁ ਕਿਸੈ ਨਾਹੀ ॥੪॥

[ਆਸਾ ਮ: ੧, ਪੰਨਾ ੩੫੪

ਫਰਸ਼ੀ ਗੀਤ—

(੪) ਬੁਲਬੁਲ ਕੋ ਗੁਲ ਮੁਬਾਰਿਕ, ਗੁਲ ਕੋ ਚਮਨ ਮੁਬਾਰਿਕ।
ਨਾਨਕ ਕੇ ਆਸ਼ਕੋਂ ਕੋ, ਖ਼ਾਕਿ ਗੁਰੂ ਮੁਬਾਰਿਕ।

[ਹਰਿਭਜਨ ਸਿੰਘ

ਕੀ ਐਸੇ ਅੰਕਟ ਸਬੂਤਾਂ, ਗੁਰ-ਫੁਰਮਾਨਾਂ, ਹੁਕਮਨਾਮਿਆਂ ਤੇ ਮਹਾਨ ਕੋਸ਼ਾਂ ਆਦਿ ਦੇ ਹਵਾਲਿਆਂ ਦੇ ਹੁੰਦਿਆਂ ਸੁੰਦਿਆਂ ਕੋਈ ਈਮਾਨਦਾਰ ਸਿਖ ਕਿਸੇ ਸ਼ਕਲ ਵਿਚ ਵੀ ਸਿਖੀ ਵਿਚ ਜ਼ਾਤਪਾਤ ਦੇ ਵਿਤਕਰੇ ਸਵੀਕਾਰ ਕਰ ਸਕਦਾ ਹੈ ? ਅਤੇ ਜੋ ਸਤਿਗੁਰਾਂ ਦੇ ਆਦੇਸ਼ ਤੋਂ ਕਿਸੇ ਤਰ੍ਹਾਂ ਵੀ, ਨਾਬਰ ਹੁੰਦਾ ਹੈ, ਕੀ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਤਨਖਾਹੀਆ ਨਹੀਂ ? ਕੀ ਐਸੇ ਕਿਸੇ ਸਿਖ ਨੂੰ ਸਿਖ ਕੌਮ ਵਿਚ ਕਿਸੇ ਤਰ੍ਹਾਂ ਦੀ ਪ੍ਰਤਿਨਿਧਤਾ ਪ੍ਰਾਪਤ ਹੋ ਸਕਦੀ ਹੈ ? ਨਹੀਂ, ਕਦਾਚਿਤ ਨਹੀਂ। ਪਰ, ਐ ਗੈਰਤਮੰਦ ਖਾਲਸਾ ਜੀ, ਇਹ ਸਭ ਅਨੁਚਿਤ ਤੇ ਠੱਗੀ-ਭਰਪੂਰ ਗੱਲਾਂ ਤੇਰੇ ਨਾਲ ਹੋ ਰਹੀਆਂ ਹਨ। ਜਾਗ, ਤੇ ਆਪਣਾ ਵਿਰਸਾ ਸੰਭਾਲ !

ਰੱਬ ਦੀ ਗੱਲ

੧

ਰੱਬ ਦੀ ਹੋਂਦ ਜਾਂ ਅਣਹੋਂਦ ਨੂੰ ਕੇਵਲ ਮੰਤਕ, ਤਰਕ, ਦਲੀਲ ਜਾਂ ਲਾਜਿਕ (Logic) ਦੁਆਰਾ ਸਿੱਧ ਕਰਨਾ ਅਸੰਭਵ ਹੈ। ਸ਼ਾਇਦ, ਇਸੇ ਲਈ ਉਪਨਿਸ਼ਦਾਂ ਨੇ "ਈਸ਼੍ਵਰਾਸਿੱਧੇ" (ਈਸ਼ਵਰ ਸਿੱਧ ਨਹੀਂ ਕੀਤਾ ਜਾ ਸਕਦਾ) ਆਖ ਕੇ ਹੀ ਗੱਲ ਨਿਬੇੜ ਛੱਡੀ ਹੈ। ਤਰਕ ਜਾਂ ਮੰਤਕ ਦੀ ਥਾਂ ਈਸ਼ਵਰ, ਵਧੇਰੇ ਕਰਕੇ, ਅਨੁਭਵ ਦਾ ਵਿਸ਼ਾ ਹੈ। ਅਤੇ ਅਨੁਭਵ ਹਰੇਕ ਵਿਅਕਤੀ ਦਾ ਆਪਣਾ ਆਪਣਾ ਹੈ। ਸਾਧਾਰਨ ਆਦਮੀ ਦੀ ਗੱਲ ਤਾਂ ਇਕ ਪਾਸੇ ਰਹੀ, ਵੱਖ ਵੱਖ ਮੱਤਾਂ ਦੇ ਚਾਲਕਾਂ ਅਤੇ ਰੂਹਾਨੀ ਰਹਿਬਰਾਂ ਦਾ ਰੱਬ ਬਾਰੇ ਅਨੁਭਵ ਵੀ ਆਪਸ ਵਿਚਦੀ ਮੇਲ ਨਹੀਂ ਖਾਂਦਾ। ਇਹੀ ਕਾਰਨ ਹੈ ਕਿ ਸ਼ਾਇਰ ਇਸ ਹਕੀਕਤ ਨੂੰ, ਸੰਖੇਪ ਵਿੱਚ, ਇਵੇਂ ਕਹਿਣ ਉੱਤੇ ਮਜਬੂਰ ਹੋਇਆ ਹੈ :—

ਤੂਰ ਪਰ ਕੋਈ, ਕੋਈ ਅਰਸ਼ਿ ਬਰੀਂ ਪਰ ਪਹੁੰਚਾ,
ਜਹਾਂ ਤੱਕ ਜਿਸ ਕੀ ਪ੍ਰਵਾਜ਼ ਥੀ, ਵੁਹ ਵਹਾਂ ਤੱਕ ਪਹੁੰਚਾ।

ਫਿਰ ਵੀ, ਇਨਸਾਨ ਦੀ, ਮੱਛੀ ਦੇ ਮਹਾਂਸਾਗਰ ਨੂੰ ਜਾਨਣ ਦੀ ਖੋਜ ਸਮਾਨ, ਸਦਾ ਇਹ ਪ੍ਰਬਲ ਰੁਚੀ ਰਹੀ ਹੈ ਕਿ ਉਹ ਕੁਦਰਤ ਦੇ ਕਾਦਰ, ਰੱਬ ਨੂੰ, ਪਰਮ ਸਤਿ ਅਥਵਾ ਪਰਮਾਤਮਾ ਨੂੰ ਜਾਣੇ, ਬੁੱਝੇ ਤੇ ਵੇਖੇ। ਪਰ, ਇਹ ਹੋਵੇ ਕਿਵੇਂ ? ਸੰਖੇਪ ਵਿੱਚ, ਕੁਛ ਇਵੇਂ, ਅਤੇ ਕੁੱਛ ਅਨ-ਸਾਧਨਾ ਦੁਆਰਾ ਵੀ, ਆਓ, ਵੀਚਾਰ ਕਰੀਏ :

ਜਦ ਅਸੀਂ ਆਪਣੇ ਆਲੇ ਦੁਆਲੇ ਵਲ ਨਿਗਾਹ ਮਾਰਦੇ ਹਾਂ, ਤਾਂ ਵੇਖਦੇ ਹਾਂ ਕਿ ਬੇਅੰਤ ਵੰਨ-ਸੁਵੰਨੇ ਜੀਵ ਇਸ ਧਰਤੀ ਉੱਤੇ ਵਿਚਰਦੇ ਹਨ। ਹਰ ਛਿਨ, ਜੀਵਨ ਬਣਦਾ ਤੇ ਬਿਨਸਦਾ ਹੈ, ਪਰ

ਕੁਦਰਤ ਦੇ ਬੱਝਵੇਂ ਨੇਮਾਂ ਵਿੱਚ। ਇਹ, ਅਤੇ ਕੁਦਰਤ ਵਿੱਚ ਵਰਤ ਰਹੇ ਹੋਰ ਕ੍ਰਿਸ਼ਮੇ ਵੇਖਦਿਆਂ ਸਾਰ ਹੀ ਸਾਨੂੰ ਖ਼ਿਆਲ ਆਉਂਦਾ ਹੈ ਕਿ ਇਹਨਾਂ ਅਦਭੁਤ ਨੇਮਾਂ ਦੇ ਪਿੱਛੇ ਜ਼ਰੂਰ ਕੋਈ ਕਾਰਨ ਜਾਂ ਸ਼ਕਤੀ ਹੈ, ਅਤੇ ਇਹ ਸ਼ਕਤੀ, ਜਿਸ ਨੇ ਪਹਿਲਾਂ ਇਹਨਾਂ ਨੇਮਾਂ ਨੂੰ ਬੰਧਾ, ਤੇ ਜੁਗਾਂ ਤੋਂ ਚਲਾ ਰਹੀ ਹੈ, ਅਵੱਸ਼ ਇਕ ਮਹਾਂ ਪ੍ਰਬਲ ਤੇ ਅਮਿਟ ਸ਼ਕਤੀ ਹੋਵੇਗੀ। ਹਾਂ ਜੀ, ਪਉਣ, ਪਾਣੀ ਤੇ ਧਰਤੀ ਪੈਦਾ ਕਰ ਕੇ, ਜਲ ਤੇ ਅਗਨੀ ਨੂੰ ਇੱਕ ਥਾਂ ਇਕੱਠਿਆਂ ਰੱਖ ਸਕਣ ਵਾਲੀ ਇਹ ਜ਼ਰੂਰ ਕੋਈ ਵਚਿੱਤਰ, ਪ੍ਰਬਲ ਤੇ ਅਭੇਦ ਚੇਤੰਨ-ਸੱਤਾ ਹੈ। ਨਿਰੰਕਾਰੀ ਸਤਿਗੁਰੂ ਦਾ ਨਿਰਣਾ ਹੈ :—

"ਪਉਣੁ ਉਪਾਇ ਧਰੀ ਸਭ ਧਰਤੀ,
ਜਲ ਅਗਨੀ ਕਾ ਬੰਧੁ ਕੀਆ ॥" (ਪੰ: ੩੫੦)

ਫਿਰ ਅਸੀਂ ਧਰਤੀ ਵੱਲੋਂ ਹਟ ਕੇ ਆਕਾਸ਼ ਵਲ ਤਕਦੇ ਹਾਂ। ਅਸੀਂ ਸੂਰਜ ਦੇ ਨੇਮ ਅਨੁਸਾਰ ਚਾਨਣ ਕਰਨ, ਨਿੱਘ ਦੇਣ ਤੇ ਜੀਵਨ ਨੂੰ ਕਾਇਮ ਰੱਖਣ ਦੇ ਗੁਣਾਂ ਤੋਂ ਜਾਣੂ ਹਾਂ। ਇਸ ਤੋਂ ਜ਼ਰਾ ਹੋਰ ਅਗੇਰੇ, ਅਸੀਂ ਤਾਰਾ-ਮੰਡਲ ਨੂੰ ਇਕ ਬੱਝਵੇਂ ਹਿਸਾਬ ਵਿਚ ਘੁੰਮਦਾ ਵੇਖਦੇ ਹਾਂ। ਹੁਣ ਇਹ ਕਿਆਸ ਦੀ ਗੱਲ ਹੀ ਨਹੀਂ ਰਹੀ, ਸਗੋਂ ਵਰਤਮਾਨ ਵਿਗਿਆਨਕ ਖੋਜ ਨੇ ਸਿਧ ਕਰ ਦਿੱਤਾ ਹੈ ਕਿ ਧਰਮ ਸਤਿਗੁਰੂ ਨਾਨਕ ਦੇਵ ਜੀ ਦਾ "ਧਰਤੀ ਹੋਰੁ, ਪਰੈ ਹੋਰੁ ਹੋਰੁ ॥" (ਜਪੁ) ਅਤੇ "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ" (ਜਪੁ) ਵਿਚ ਆਖਿਆ ਸੱਚ, ਕਿਤਨਾ ਯਥਾਰਥ ਹੈ। ਅਜੋਕੇ ਵਿਗਿਆਨ ਨੇ ਇਹ ਬਾਕਾਇਦਾ ਸਿੱਧ ਕਰ ਵਿਖਾਇਆ ਹੈ ਕਿ ਨਾ ਤਾਂ ਕੋਈ ਧਰਤੀਆਂ, ਤੇ ਸੂਰਜ-ਮੰਡਲਾਂ ਦਾ ਹੀ ਅੰਤ ਹੈ ਅਤੇ ਨ ਹੀ ਬ੍ਰਹਮੰਡਾਂ ਦਾ। ਕੇਵਲ ਲੋਕ ਤੇ ਪ੍ਰਲੋਕ (ਇਹ ਤੇ ਅਗਲੀ ਦੁਨੀਆਂ) ਵਾਲੀ ਮਨੌਤ ਬਹੁਤ ਪੁਰਾਣੀ, ਬੋਸੀਦਾ ਤੇ ਗਲਤ ਹੋ ਚੁੱਕੀ ਹੈ। ਹੁਣ ਤੱਕ ਸਾਇੰਸ ਡੇਢ ਦੋ ਅਰਬ ਬ੍ਰਹਮੰਡਾਂ ਦਾ ਪਤਾ ਲਾ ਚੁੱਕੀ

ਹੈ। ਇਕ ਬ੍ਰਹਮੰਡ ਕਿਤਨਾ ਵਿਸ਼ਾਲ ਹੈ ?—ਸੁਣੋ : ਜੇ ਸੂਰਜ ਦੀ ਰੋਸ਼ਨੀ, ਜੋ ਇਕ ਸੈਕੰਡ ਵਿਚ ੧੮੬੦੦੦ ਮੀਲ ਦੇ ਕਰੀਬ ਚਲਦੀ ਹੈ, ਬ੍ਰਹਮੰਡ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਲਗਾਤਾਰ ਚਲਦੀ ਜਾਵੇ, ਤਾਂ ਉਸ ਨੂੰ ਇਸ ਸਫ਼ਰ ਵਿੱਚ ੬੦ ਹਜ਼ਾਰ ਰੋਸ਼ਨੀ ਸਾਲ ਲੱਗ ਜਾਣਗੇ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਕਥਨ ਉਹਨਾਂ ਦੇ ਸਮੇਂ ਪ੍ਰਚੱਲਤ ਮਨੌਤਾਂ ਵਿਰੁੱਧ ਕਿੱਡਾ ਵੱਡਾ ਵਿਦਰੋਹ ਸੀ, ਅਤੇ ਅੱਜ ਇਹ ਕਿੱਡੀ ਵਡੀ ਸਚਾਈ ਤੇ ਦੂਰ-ਦ੍ਰਿਸ਼ਟਤਾ ਹੈ, ਜ਼ਮਾਨਾ ਕਦ ਜਾਗੇ ਤੇ ਜਾਣੇਗਾ, ਸਤਿਗੁਰਾਂ ਦੀ ਅਦੁੱਤੀ ਅਜ਼ਮਤ ਨੂੰ ?

"ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ,
ਸਰਬ ਜੀਆ ਕਾ ਦਾਤਾ ਰੇ ॥" (ਪੰ: ੬੧੨)

ਇਹ ਤੇ ਇਹੋ ਜਿਹੇ ਹੋਰ ਕੁਦਰਤੀ ਚਮਤਕਾਰ ਸਾਨੂੰ ਨਿਸਚਾ ਦਿਵਾਉਂਦੇ ਹਨ ਕਿ ਅਜਿਹੇ ਬੱਝਵੇਂ ਨੇਮਾਂ ਨੂੰ ਘੜਨ ਤੇ ਚਲਾਉਣ ਵਾਲੀ ਕੋਈ ਪਰਮ ਸੱਤਾ ਹੈ, ਜਿਸਨੂੰ ਅਸੀਂ ਵਾਹਿਗੁਰੂ, ਰੱਬ ਜਾਂ ਪਰਮ-ਸਤਿ ਆਖਦੇ ਹਾਂ।

੨

ਹੁਣ, ਅਸੀਂ ਮਨੁੱਖ ਦੀ ਆਪਣੀ ਬਣਤਰ ਵਲ ਆਉਂਦੇ ਹਾਂ। ਇਸ ਦਾ ਇੱਕ ਜੀਉਂਦਾ ਸਰੀਰ ਹੈ, ਜੋ ਬਾਕੀ ਵਸਤਾਂ ਵਾਂਗ ਹੀ, ਕੁਦਰਤੀ ਨੇਮਾਂ ਅਧੀਨ ਬਣਦਾ, ਬਿਨਸਦਾ ਤੇ ਤੁਰਦਾ ਹੈ। ਸਰੀਰ ਵਿੱਚ ਦਿਮਾਗ਼ ਹੈ, ਜੋ ਸਰੀਰ ਤੇ ਇਸ ਦੀਆਂ ਰੁੱਚੀਆਂ ਨੂੰ ਵੱਸ ਵਿੱਚ ਤੋਰਨ ਦੀ ਸ਼ਕਤੀ ਰਖਦਾ ਹੈ। ਅਸਲ ਵਿੱਚ, ਇਹ ਦਿਮਾਗ਼ੀ ਚਿੰਤਨ-ਸ਼ਕਤੀ ਹੀ ਮਨੁੱਖ ਨੂੰ ਬਾਕੀ ਜੂਨੀਆਂ ਦਾ ਸਰਦਾਰ ਥਾਪਦੀ ਹੈ। ਦਰੁਸਤ ਹੈ ਕਿ ਮਨੁੱਖ ਨੂੰ ਬਾਕੀ ਜੀਵਾਂ ਨਾਲੋਂ ਇਕ ਹੀ ਵਸਤੂ ਨਿਖੇੜਦੀ ਤੇ ਸ਼੍ਰੋਮਣੀ ਕਰਾਰ ਦਿੰਦੀ ਹੈ, ਅਤੇ ਉਹ ਹੈ ਇਸ ਦੇ ਅੰਦਰ ਪ੍ਰਮਾਤਮਾ ਦੀ ਹੋਂਦ ਦੀ ਅਨੁਭਵਤਾ ਤੇ ਇਸ ਦਾ ਵਿਕਾਸ। ਵੇਖੋ, ਪਸ਼ੂ ਪੰਛੀ ਸਭ

ਆਪਣੀ ਮੁਢਲੀ ਚੇਤਨ-ਸੱਤਾ ਉੱਤੇ ਹੀ ਖੜੇ ਹਨ। ਬੈਲ, ਬਕਰੀ, ਘੋੜਾ ਆਦਿ ਤੇ ਇਸ ਸੰਬੰਧ ਵਿੱਚ ਕੋਈ ਦਿਮਾਗੀ ਪ੍ਰਗਤੀ ਨਹੀਂ ਕੀਤੀ, ਜਦ ਕਿ ਮਨੁੱਖ ਚੰਦ ਤੇ ਸਿਤਾਰਿਆਂ ਤੱਕ ਪਹੁੰਚ ਗਿਆ ਹੈ।

ਇਨਸਾਨ ਦਾ ਮੁੱਢਲਾ ਇਤਿਹਾਸ ਦਸਦਾ ਹੈ ਕਿ ਇਹ ਇੱਕ ਜਾਂ ਦੂਜੀ ਸ਼ਕਲ ਵਿੱਚ ਰੱਬ ਦਾ ਉਪਾਸ਼ਕ ਰਿਹਾ ਹੈ। ਇਸ ਵਿੱਚ ਇਹ ਕੁਦਰਤੀ ਅਕੀਦਾ ਮੁਤਾਬਕ ਅਨੁਭਵਤਾ ਤੇ ਪ੍ਰਕਿਰਤੀ ਪੈਦਾ ਕਰਨ ਵਾਲਾ, ਹਰੀ ਆਪ ਹੀ ਹੋ ਸਕਦਾ ਹੈ। ਭਲਾ, ਪ੍ਰਭੂ ਨੇ ਮਨੁੱਖ ਅੰਦਰ ਆਪਣੀ ਸਰਬ-ਸ਼ਕਤੀਮਾਨਤਾ ਦਾ ਸਹਿਜ ਗਿਆਨ ਰੱਖਿਆ ਹੀ ਕਿਉਂ ? ਇਸ ਪ੍ਰਸ਼ਨ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਅਸੀਂ ਇਸ ਗੱਲ ਉੱਤੇ ਵੀਚਾਰ ਕਰੀਏ ਕਿ ਸਾਡੇ ਅੰਦਰ ਪ੍ਰਭੂ ਬਾਰੇ ਕਿਸ ਤਰ੍ਹਾਂ ਦੇ ਵੀਚਾਰ ਹਨ :

ਸਾਡਾ ਨਿਸਚਾ ਹੈ ਕਿ ਵਾਹਿਗੁਰੂ ਸਾਡਾ ਰਚਣਹਾਰ ਹੈ, ਕਰਤਾ ਹੈ। ਇਸ ਲਈ ਅਸੀਂ ਆਪਣੇ ਅੰਦਰ ਕੋਈ ਵਸਤੂ ਰੱਖ ਜਾਂ ਪੈਦਾ ਨਹੀਂ ਕਰ ਸਕਦੇ, ਜੋ ਰੱਬੀ ਨ ਹੋਵੇ। ਹਰੇਕ ਪ੍ਰਾਣੀ ਅੰਦਰ ਨਿਆਂ ਤੇ ਨੇਕੀ ਦੇ ਭਾਵ ਹਨ। ਹਰੇਕ ਸਾਹਮਣੇ ਉਨਤੀ ਕਰਨ ਤੇ ਉਚੇਰਾ ਉਠਣ ਦੀ ਤਾਂਘ ਹੈ। ਐਸੇ ਭਾਵ ਰੱਬ ਹੀ ਪੈਦਾ ਕਰਨ ਦੇ ਸਮਰੱਥ ਹੈ, ਕਿਉਂਕਿ ਉਹ ਐਸੇ ਸਾਰੇ ਗੁਣਾਂ ਦਾ ਸੋਮਾ ਜਾਣਿਆ ਜਾਂਦਾ ਹੈ। ਗੁਰਬਾਣੀ ਵਿਚ ਉਸ ਨੂੰ "ਗੁਣ-ਨਿਧਾਨ" (ਗੁਣਾਂ ਦਾ ਖਜ਼ਾਨਾ) ਕਰਕੇ ਮੰਨਿਆ ਗਿਆ ਹੈ। ਸਾਡੇ ਪਾਸ ਅਗਲੀ ਦੁਨੀਆ ਦਾ ਕੋਈ ਪ੍ਰਤੱਖ ਪ੍ਰਮਾਣ ਨਹੀਂ; ਪ੍ਰੰਤੂ, ਵਿਗਿਆਨੀਆਂ ਦੀ ਖੋਜ ਦਾ ਸਿੱਟਾ ਹੈ ਕਿ ਕਿਸੇ ਪਦਾਰਥ ਦਾ ਵੀ ਪੂਰਨ ਤੌਰ ਉੱਤੇ ਵਿਨਾਸ਼ ਨਹੀਂ ਹੁੰਦਾ, ਕੇਵਲ ਪਹਿਲੇ ਰੂਪ ਵਿੱਚ ਤਬਦੀਲੀ ਹੁੰਦੀ ਹੈ। ਜਦ ਮਾਦੀ ਵਸਤਾਂ ਦੀ ਸੂਰਤ ਵਿੱਚ ਇਹ ਸੱਚ ਹੈ ਤਾਂ ਆਤਮਾ ਦੀ ਹਾਲਤ ਵਿੱਚ ਕਿਉਂ ਨਹੀਂ ? ਨਿਰਸੰਦੇਹ, ਸਾਡੀ ਆਤਮਾ ਮੌਤ ਉਪਰੰਤ ਨਾਸ਼ ਨਹੀਂ ਹੁੰਦੀ ਅਤੇ ਸਾਡੇ ਅਸਥੂਲ ਸਰੀਰ ਦਾ ਪ੍ਰਮਾਣੂ ਵੀ ਕਾਇਮ ਰਹਿੰਦਾ ਹੈ। ਰੂਹ ਦੇ ਆਵਾ ਗਵਣ (Transmigration of soul) ਦੀ ਪੁਸ਼ਟੀ ਵਿੱਚ ਸ੍ਰੀ ਗੁਰੂ ਅਰਜਨ ਦੇਵ

ਜੀ ਦਾ ਸਪਸ਼ਟ ਫੁਰਮਾਨ ਹੈ :—

ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥
ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥
(ਪੰਨਾ ੧੭੬)

(ਕੀਟ—ਕੀੜੇ। ਗਜ—ਹਾਥੀ। ਮੀਨ—ਮੱਛੀ। ਹੈਵਰ—ਘੋੜੇ। ਬ੍ਰਿਖ—ਰੁੱਖ। ਬਰੀਆ = ਵਾਰੀ। ਜੋਇਓ—ਜੁੱਤਾ ਗਿਆ। ਚਿਰੰਕਾਲ—ਚਿਰਾਂ ਬਾਅਦ। ਸੰਜਰੀਆ—ਮਿਲੀ ਜੋੜੀ ਗਈ।)

੩

ਸਵਾਲ ਪੈਦਾ ਹੁੰਦਾ ਹੈ ਕਿ ਜਦ ਰੱਬ ਦੀ ਹੋਂਦ ਦਾ ਕੋਈ ਪਰਤੱਖ ਸਬੂਤ ਸਾਡੇ ਪਾਸ ਨਹੀਂ, ਤਾਂ ਉਸ ਨੇ ਅਗਲੀ ਜ਼ਿੰਦਗੀ ਦਾ ਖ਼ਿਆਲ ਸਾਡੇ ਅੰਦਰ ਪਾਇਆ ਹੀ ਕਿਉਂ ? ਇਹਨਾਂ ਭਾਵਾਂ ਤੇ ਸੋਚਾਂ ਅੰਦਰ ਹੀ ਅਸੀਂ ਅਨੁਭਵ ਕਰਦੇ ਹਾਂ ਕਿ ਸਾਡੇ ਅੰਦਰ ਗੁਪਤ ਤੌਰ ਉੱਤੇ ਇਕ ਆਤਮਕ ਆਵਾਜ਼ ਕੰਮ ਕਰਦੀ ਹੈ, ਜੋ ਸਾਨੂੰ ਮੰਦੇ ਕੰਮਾਂ ਵੱਲੋਂ ਰੋਕਦੀ ਅਤੇ ਟੋਕ ਕੇ ਇਹ ਆਖਦੀ ਰਹਿੰਦੀ ਹੈ : ''ਐ ਬੰਦੇ ! ਤੇਰਾ ਅਸਲਾ ਉੱਚਾ ਹੈ; ਤੂੰ ਜੋਤਿ ਸਰੂਪ ਹੈਂ; ਤੂੰ ਨਾਰੀ ਨਹੀਂ, ਨੂਰੀ ਹੈਂ; ਤੂੰ ਫਰਸ਼ੀ ਨਹੀਂ, ਅਰਸ਼ੀ ਹੈਂ'', ਇਸ ਅੰਦਰਲੀ ਆਵਾਜ਼ ਵਿੱਚ ਹੀ ਉਤਲੇ ਪ੍ਰਸ਼ਨ ਦਾ ਉੱਤਰ ਹੈ।

ਜਦ ਅਸੀਂ ਇਸ ਧਰਤੀ ਉੱਤੇ ਵਿਚਰਦੇ ਹਾਂ, ਤਾਂ ਵਾਹਿਗੁਰੂ ਅਥਵਾ ਆਤਮਾ ਦੀ ਇਹ ਆਵਾਜ਼ ਸਦਾ ਸਾਨੂੰ ਕੁਝ ਕਰਨ, ਤੇ ਕੁਝ ਨ ਕਰਨ ਲਈ ਆਖਦੀ ਰਹਿੰਦੀ ਹੈ, ਪ੍ਰੇਰਦੀ ਹੈ। ਇਸ ਤਰ੍ਹਾਂ ਸਾਡੀ ਆਤਮਾ ਉੱਨਤੀ ਹਿਤ ਸਦਾ ਇਕ ਪ੍ਰੀਖਿਆ ਵਿਚ ਦੀ ਲੰਘਦੀ ਰਹਿੰਦੀ ਹੈ। ਇਹ ਰੱਬੀ ਆਵਾਜ਼ ਹੋਵੇ ਜਾਂ ਅੱਗੇ ਵਿਚਰਨ ਲਈ ਸਾਡੀ ਆਤਮਾ ਲਈ ਯੋਗਤਾ ਦੀ ਕਸਵਟੀ ਹੋਵੇਗੀ । ਵਾਹਿਗੁਰੂ ਸੰਬੰਧੀ

ਪਰਤੱਖ ਪ੍ਰਮਾਣਾਂ ਦੇ ਹੁੰਦਿਆਂ ਸੁੰਦਿਆਂ ਅਜਿਹੀ ਪ੍ਰੀਖਿਆ ਦਾ ਹੋਣਾ ਅਸੰਭਵ ਸੀ।

ਅਸੀਂ ਜਾਣਦੇ ਹਾਂ ਕਿ ਅਸਥੂਲ ਵਸਤਾਂ ਪਿਛਲੇ ਹਜ਼ਾਰਾਂ ਸਾਲਾਂ ਵਿਚ ਕੁਦਰਤ ਦੇ ਨੇਮਾਂ ਅਧੀਨ ਵਧੀਆਂ ਫੁੱਲੀਆਂ ਹਨ। ਇਸ ਨੂੰ ਵਿਗਿਆਨਕ ਬੋਲੀ ਵਿਚ ਪ੍ਰਮਾਣੂਵਾਦ ਆਖੋ ਜਾਂ ਕੁਝ ਹੋਰ। ਵਸਤ ਇਹ ਸਭ ਕੁਝ ਰੱਬੀ ਨੇਮਾਂ ਅਧੀਨ ਹੀ ਰਿਹਾ ਹੈ। ਫੇਰ, ਆਤਮਾ ਜਾਂ ਆਤਮਵਾਦ ਨੂੰ ਕਿਸੇ ਗਿਣੀ ਮਿਥੀ ਵਿਉਂਤ ਅਧੀਨ ਨ ਮੰਨਣਾ, ਸਿਵਾਏ ਹੱਠ ਤੇ ਸਚਾਈ ਵੱਲੋਂ ਮੂੰਹ ਫੇਰਨ ਦੇ ਹੋਰ ਕੀ ਹੋ ਸਕਦਾ ਹੈ? ਵਿਗਿਆਨ ਕੇਵਲ ਕੁਦਰਤੀ ਨੇਮਾਂ ਨੂੰ ਲਭਦਾ ਹੈ, ਆਪੋਂ ਕੋਈ ਨੇਮ ਨਹੀਂ ਘੜ ਸਕਦਾ।

ਹਰੇਕ ਜੀਵ ਆਪਣੇ ਆਪ ਨੂੰ ਜਿੰਨਾ ਰੱਬੀ-ਰੌ ਨਾਲ ਇਕ-ਸੁਰਤਾ ਵਿੱਚ ਤੋਰਦਾ ਹੈ, ਉੱਨਾ ਹੀ ਵਧੇਰੇ ਉਹ ਪ੍ਰਭੂ-ਆਗਿਆ ਵਿੱਚ ਤੁਰਦਾ ਹੈ। ਸਨੇ ਸਨੇ, ਉਸ ਦੀ ਆਤਮਕ ਨੇਮਾਂ ਬਾਰੇ ਸੂਝ ਬੂਝ ਵਧਦੀ ਜਾਂਦੀ ਹੈ। ਇਸ ਤਰ੍ਹਾਂ ਉਹ ਇਹਨਾਂ ਕੁਦਰਤੀ ਨੇਮਾਂ ਉੱਤੇ ਤੁਰ ਕੇ ਪ੍ਰਭੂ ਦਾ ਨਿਕਟ-ਵਰਤੀ ਹੋ ਜਾਂਦਾ, ਅਤੇ ਆਖਰ, ਗੁਣਾਂ ਕਰਕੇ, ਉਸੇ ਦਾ ਹੀ ਰੂਪ ਬੀ ਵੇਖਦਾ ਹੈ। ਸ਼ਰਤ ਇਹ ਹੈ ਕਿ ਉਹ ਇਸ ਪਾਸੇ ਅਮਲੀ ਤੋਰ ਉੱਤੇ ਪੈਰ ਪੁੱਟੇ। ਕਦੀ ਕੋਈ ਮੁਸਾਫ਼ਿਰ ਮੰਜ਼ਲ ਵੇਖ ਕੇ ਘਰੋਂ ਨਹੀਂ ਨਿਕਲਦਾ। ਇਹ ਸਦਾ ਘੁੱਟ ਕੇ ਪੱਲੇ ਬੰਨ੍ਹਣ ਵਾਲੀ ਸਿਖਿਆ ਹੈ ਕਿ—

(1) Go as far as you can, see. When you reach there, you will see further.

(ਅਰਥ—ਜਿੱਥੋਂ ਤੱਕ ਵੇਖ ਸਕਦੇ ਹੋ, ਜਾਓ। ਜਦ ਤੁਸੀਂ ਓਥੇ ਪਹੁੰਚੋਗੇ, ਤੁਸੀਂ ਹੋਰ ਅੱਗੇ ਵੇਖ ਸਕੋਗੇ।)

(2) A thousand mile journey is just begun with one step. (ਅਰਥ—ਹਜ਼ਾਰਾਂ ਮੀਲਾਂ ਦਾ ਸਫ਼ਰ, ਸਦਾ ਇਕ ਕਦਮ ਨਾਲ ਹੀ ਸ਼ੁਰੂ ਕੀਤਾ ਜਾਂਦਾ ਹੈ।)

੪

ਵਾਹਿਗੁਰੂ ਆਪਣੇ ਆਪ ਨੂੰ, ਮਨੁੱਖਾਂ ਉੱਤੇ ਦੋ ਤਰ੍ਹਾਂ ਪ੍ਰਗਟ ਕਰਦਾ ਹੈ—ਸੂਖਮ ਤੇ ਅਸਥੂਲ ਵਸੀਲਿਆਂ ਰਾਹੀਂ। ਸਦੀਆਂ ਤੋਂ ਮਨੁਖ ਵਿਗਿਆਨਕ ਢੰਗਾਂ ਰਾਹੀਂ ਮਾਦੇ (ਅਸਥੂਲ) ਦੀ ਖੋਜ ਵਿਚ ਜੁੱਟਿਆ ਹੋਇਆ ਹੈ। ਉਪਰੋਂ ਉਪਰੋਂ ਜਾਪਦਾ ਹੈ, ਜਿਵੇਂ ਇਸ ਨੇ ਕਾਫੀ ਪੈਂਡਾ ਮੁਕਾ ਲਿਆ ਹੋਵੇ। ਪਰੰਤੂ ਹਕੀਕਤ ਇਹ ਹੈ ਕਿ ਇਸ ਦੇ ਖੋਜੇ ਤੇ ਜਾਣੇ ਨਾਲੋਂ, ਕਿਤੇ ਵੱਧ ਅਣਜਾਣਿਆ ਅਜੇ ਬਾਕੀ ਹੈ। ਚਤੁਰ ਤੇ ਵਿਗਿਆਨੀ ਦੀ ਵਰਤਮਾਨ ਦਸ਼ਾ ਕੁਝ ਇਉਂ ਨਿਰੂਪਨ ਕੀਤੀ ਜਾ ਸਕਦੀ ਹੈ :—

ਹਮ ਨੇ ਯਿਹ ਜਾਨਾ ਥਾ: ਕਿ ਇਲਮ ਸੇ ਕੁੱਛ ਜਾਨੇਂਗੇ।
ਜਾਨਾ ਤੋ ਯਿਹ ਜਾਨਾ, ਕਿ ਨ ਜਾਨਾ ਕੁੱਛ ਭੀ।

ਆਸਤਕ ਤੇ ਸਰਧਾ-ਬਿਰਤੀ ਨਾਲ ਅਸੀਂ ਜਿਤਨਾ ਵਧੇਰੇ ਕੁਦਰਤ ਦੇ ਗੁੱਝੇ ਭੇਤਾਂ ਤੋਂ ਜਾਣੂ ਹੋਵਾਂਗੇ, ਉਤਨਾ ਹੀ ਵੱਧ ਵਾਹਿਗੁਰੂ ਦੇ ਜਾਨਣ ਵਿੱਚ ਸਫਲ ਥੀਵਾਂਗੇ। ਆਖਰ, ਉਹ ਆਪਣੀ ਕੁਦਰਤ ਵਿੱਚ ਹੀ ਵੱਸ ਅਤੇ ਵਿਗਸ ਰਿਹਾ ਹੈ—

ਦੂਜੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ ॥੧॥
(ਗੁਰੂ ਨਾਨਕ—ਵਾਰ ਆਸਾ)

ਆਤਮਾ ਤੋਂ ਬਿਨਾਂ ਮਨੁਖ ਕੀ ਹੋਵੇਗਾ : ਇੱਕ ਪਸ਼ੂ, ਤੇ ਇਸ ਵਿਚ ਹੋਰ ਜੀਵਾਂ ਨਾਲੋਂ ਮਾਨਸਕ ਸ਼ਕਤੀਆਂ ਦੀ ਕੁਝ ਬਹੁਲਤਾ। ਅਸੀਂ ਆਤਮਾ-ਹੀਨ ਮਨੁੱਖ ਦਾ ਅਨੁਭਵ, ਉਹਨਾਂ ਬੰਦਿਆਂ ਦੀਆਂ ਕਾਲੀਆਂ ਕਰਤੂਤਾਂ ਤੋਂ ਹੀ ਕਰ ਸਕਦੇ ਹਾਂ, ਜਿਨ੍ਹਾਂ ਦੇ ਕੰਮਾਂ ਵਿੱਚ ਪਸ਼ੂ ਬਿਰਤੀ ਪਰਧਾਨ ਹੈ। ਮਨੁਖ ਬਾਕੀ ਜੀਵਾਂ ਨਾਲੋਂ ਵਧੇਰੇ ਚਤੁਰ ਤੇ ਸਾਧਨ-ਸੰਯੁਕਤ ਹੋਣ ਕਰਕੇ, ਆਤਮ-ਹੀਨ ਹੋਣ ਦੀ ਸੂਰਤ ਵਿੱਚ ਕਿਤੇ ਖ਼ਤਰਨਾਕ ਤੇ ਮਾਰੂ ਸਿਧ ਹੁੰਦਾ ਹੈ। ਜਿਵੇਂ, ਸਿਆਣਿਆਂ ਦਾ

ਕਥਨ ਹੈ ਕਿ ਪੜ੍ਹਿਆ ਹੋਇਆ ਮੂਰਖ, ਅਨਪੜ੍ਹ ਮੂਰਖ ਨਾਲੋਂ ਸੰਸਾਰ ਲਈ ਕਿਤੇ ਵੱਧ ਖ਼ਤਰਨਾਕ ਹੈ। ਵਰਤਮਾਨ ਜੁੱਗ ਵਿਚ ਆਤਮ-ਹੀਨ ਚਤੁਰ, ਲੋਭੀ, ਕ੍ਰਿਸਨਾਲੂ ਤੇ ਹੰਕਾਰੀ ਮਨੁੱਖਾਂ ਅਤੇ ਕੌਮਾਂ ਨੇ ਮਜ਼ਹਬ, ਕੌਮ ਜਾਂ ਦੇਸ਼ ਦੇ ਨਾਂ ਉਤੇ ਉਹ ਉਹ ਮਾਰੂ ਤੇ ਘਿਰਣਤ ਕਾਰੇ ਕੀਤੇ ਹਨ, ਕਿ ਹੱਕ-ਪ੍ਰਸਤ ਲੋਕਾਂ ਦਾ ਸਿਰ, ਸ਼ਰਮ ਨਾਲ ਝੁਕ ਜਾਂਦਾ ਹੈ।

ਵਿਗਿਆਨਕ ਸਿਧਾਂਤ, ਅਸਲ ਵਿਚ ਕਿਸੇ ਤਰ੍ਹਾਂ ਵੀ, ਕਿਸੇ ਸਰਲ, ਸੱਚੇ, ਸਦੀਵੀ ਤੇ ਸਾਇੰਟਿਫਿਕ ਧਰਮ ਦੀ ਵਿਰੋਧਤਾ ਨਹੀਂ ਕਰਦੇ। ਅਤੇ ਜੋ ਧਰਮ (ਮਜ਼ਹਬ) ਸੰਪ੍ਰਦਾਇਕ ਅਨ-ਵਿਗਿਆਨਕ, ਮਿਥਿਹਾਸਕ ਅਤੇ ਕਪੋਲ-ਕਲਪਨਾਵਾਂ ਉੱਤੇ ਆਧਾਰਤ ਹੈ, ਉਹ ਇਕ ਵੱਖਰੀ ਸੰਪ੍ਰਦਾਇ ਤਾਂ ਅਖਵਾ ਸਕਦਾ ਹੈ, ਪਰ ਸੱਚ ਜਾਂ ਨਾਮ-ਧਰਮ ਅਤੇ ਸਰਬ-ਦੇਸੀ ਤੇ ਸਰਬ-ਕਾਲੀ (Universal) ਮੱਤ ਨਹੀਂ ਅਖਵਾ ਸਕਦਾ, ਅਤੇ ਨਾ ਹੀ ਸਹਿਵਾਸ (Co-existense) ਤੇ ਭਾਵਕ-ਏਕਤਾ (Eemotional Inter-nasion) ਜਿਹੇ ਕਲਿਆਣਕਾਰੀ ਗੁਣਾਂ ਨਾਲ ਸੰਜੁਗਤ ਹੋਣ ਦਾ ਮਾਣ ਪ੍ਰਾਪਤ ਕਰ ਸਕਦਾ ਹੈ।

ਕਈ ਅਧਾਤਮ-ਵਾਦੀ ਮੱਤ ਨਵੇਂ ਨਵੇਂ ਵਿਗਿਆਨਕ ਸਿਧਾਂਤਾਂ ਤੋਂ ਘਬਰਾਉਂਦੇ ਹਨ, ਖਾਸ ਕਰਕੇ ਡਾਰਵਿਨ ਦੀ ਵਿਕਾਸ-ਥਿਊਰੀ ਤੋਂ। ਇਸ ਵਿਚ ਘਬਰਾਉਣ ਵਾਲੀ ਕਿਹੜੀ ਗੱਲ ਹੈ ? ਕੀ ਇਸ ਸਾਰੇ ਕੁਝ ਦਾ, ਕੇਵਲ ਇਤਨਾ ਕੁ ਉੱਤਰ ਹੀ ਕਾਫ਼ੀ ਨਹੀਂ ਕਿ ਅੱਜ ਮਨੁੱਖ ਅੰਦਰ ਆਤਮਾ ਹੈ—ਵਾਹਿਗੁਰੂ ਦੀ ਅੰਸ਼ ਹੈ ?

ਹੋ ਸਕਦਾ ਹੈ ਕਿ ਅਸੀਂ ਕਦੀ ਵੀ ਇਹ ਨ ਜਾਣ ਸਕੀਏ ਕਿ ਰੱਬ ਨੇ ਕਦ ਪਹਿਲਾ ਮਨੁੱਖਾਂ ਅੰਦਰ ਆਤਮਕ ਜੀਵਨ ਪਾਇਆ; ਪ੍ਰੰਤੂ, ਇਸ ਗੱਲ ਵਿਚ ਕਿੰਤੂ ਨਹੀਂ ਕੀਤਾ ਜਾ ਸਕਦਾ ਕਿ ਉਸ ਨੇ ਅਜਿਹਾ ਕਰਨ ਸਮੇਂ, ਜੀਵਾਂ ਦੀ ਸਭ ਤੋਂ ਉੱਤਮ ਸ਼੍ਰੇਣੀ—ਮਨੁੱਖ—ਨੂੰ ਹੀ ਚੁਣਿਆ। ਸੰਭਵ ਹੈ ਕਿ ਕਿਸੇ ਸਮੇਂ ਸਾਇੰਸ (ਵਿਗਿਆਨ) ਵੀ ਏਸੇ ਸਿੱਟੇ ਉੱਤੇ ਹੀ ਪੁੱਜੇ।

ਧਰਮ ਅਤੇ ਸਾਇੰਸ ਦੀ ਮਨੌਤ ਤੇ ਵਿਧੀ ਵਿੱਚ ਕੇਵਲ ਇਤਨਾ ਕੁ ਅੰਤਰ ਹੈ ਕਿ ਸਾਇੰਸ ਤੋੜ ਤੋੜ ਕੇ ਐਟਮ (ਇਲੈਕਟਰਾਨ) ਦੀ ਇਕਾਈ ਉੱਤੇ ਪਹੁੰਚਦੀ ਹੈ, ਜਦ ਕਿ ਧਰਮ ਜੋੜ ਜੋੜ ਕੇ–ਜੋਗ ਦੁਆਰਾ। ਸਾਇੰਸ ਅੱਜ ਤੱਕ ਇਹ ਸਾਬਤ ਨਹੀਂ ਕਰ ਸਕੀ ਕਿ ਮਨੁਖ ਅੰਦਰ ਆਤਮਾ ਹੈ, ਜਾਂ ਨਹੀਂ ਹੈ। ਆਤਮਾ, ਚੂੰਕਿ ਪਰਮਾਤਮਾ ਦੀ ਅੰਸ਼ ਤੇ ਸੂਖਮ ਹੈ, ਇਸ ਲਈ ਸੰਸਾ ਹੈ ਕਿ ਪਦਾਰਥ (ਅਸਥੂਲ) ਦੀ ਖੋਜ ਕਰਨ ਵਾਲਾ ਵਿਗਿਆਨ ਕਦੀ ਵੀ ਇਸ ਮਸਲੇ ਨੂੰ ਹਲ ਨਹੀਂ ਕਰ ਸਕੇਗਾ। ਆਤਮਕ ਮੰਡਲ ਦੀ ਖੋਜ ਇਸ ਦੀ ਪ੍ਰਯੋਗਸ਼ਾਲਾਵਾਂ ਦੇ ਘੇਰੇ ਤੋਂ ਪਰੇ ਦੀ ਦੁਨੀਆਂ ਹੈ।

੫

ਹਰੇਕ ਮਨੁੱਖ ਦਾ ਜੀਵਨ ਢਾਲਣ ਲਈ, ਮੋਟੇ ਤੌਰ ਉੱਤੇ ਹੇਠ ਲਿਖੀਆਂ ਤਿੰਨ ਸ਼ਕਤੀਆਂ ਕੁਦਰਤੀ ਨਿਯਮਾਂ ਦੇ ਅਧੀਨ ਕੰਮ ਕਰਦੀਆਂ ਹਨ : ਵਿਰਸਾ, ਆਲਾ ਦੁਆਲਾ ਤੇ ਇੱਛਾ-ਸ਼ਕਤੀ। ਇਹਨਾਂ ਤਿੰਨਾਂ ਦੇ ਪ੍ਰਭਾਵ ਤੇ ਆਪਸ ਵਿਚਲੇ ਸੰਬੰਧਾਂ ਨੂੰ ਸਮਝਣਾ ਜ਼ਰੂਰੀ ਹੈ।

ਪਹਿਲੀ : ਵਿਰਸਾ-ਸ਼ਕਤੀ ਮਾਪਿਆਂ ਵਲੋਂ ਪ੍ਰਾਪਤ ਹੋਇਆ ਸਰੀਰਕ ਜਾਂ ਮਾਨਸਕ ਗੁਣ ਤੇ ਸੁਭਾਵ ਹੈ। ਇਹ ਗੁਣ ਜਾਂ ਸੁਭਾਵ ਖ਼ਾਸ ਹਾਲਾਤ ਤੇ ਸਾਧਨਾਂ ਨਾਲ ਵਧਾਇਆ ਘਟਾਇਆ ਜਾ ਸਕਦਾ ਹੈ।

ਦੂਜੀ : ਬੱਚੇ ਦੇ ਜਨਮ ਲੈਂਦਿਆਂ ਸਾਰ ਉਸ ਦਾ ਆਲਾ-ਦੁਆਲਾ ਉਸ ਉੱਤੇ ਪ੍ਰਭਾਵ ਪਾਉਣਾ ਆਰੰਭ ਦਿੰਦਾ ਹੈ। ਇਸ ਪ੍ਰਭਾਵ ਦੇ ਜ਼ੁਮੇਵਾਰ ਬੱਚੇ ਦੇ ਮਾਤਾ ਪਿਤਾ ਜਾਂ ਪਾਲਣਾ ਕਰਨ ਵਾਲੇ ਹੁੰਦੇ ਹਨ।

ਤੀਜੀ : ਇੱਛਾ ਜਾਂ ਸੰਕਲਪ-ਸ਼ਕਤੀ ਮਨ ਦਾ ਉਹ ਭਾਗ ਹੈ, ਜਿਸ ਰਾਹੀਂ ਮਨੁੱਖ ਚੋਣ ਕਰਦਾ ਹੈ। ਇਹ ਸ਼ਕਤੀ ਛੋਟੀ ਉਮਰ ਤੋਂ ਆਪਣਾ ਕੰਮ ਆਰੰਭ ਦਿੰਦੀ ਹੈ; ਪਰੰਤੂ, ਬਾਲਪੁਣੇ ਵਿਚ ਇਸ

ਦੇ ਪ੍ਰਭਾਵ ਦਾ ਨਿਰਭਰ ਵਿਰਸੇ ਅਤੇ ਆਲੇ ਦੁਆਲੇ ਉੱਤੇ ਹੀ ਹੁੰਦਾ ਹੈ। ਮਾਪਿਆਂ, ਮਿੱਤਰਾਂ, ਅਧਿਆਪਕਾਂ ਤੇ ਭੌਤਕ ਆਲੇ ਦੁਆਲੇ ਦੇ ਪ੍ਰਭਾਵ ਬੱਚੇ ਨੂੰ ਗੱਭਰੂ ਹੋ ਕੇ ਸੰਸਾਰਕ ਜ਼ਿੰਮੇਵਾਰੀਆਂ ਸੰਭਾਲਣ ਲਈ ਤਿਆਰ ਕਰਨ ਲਈ ਅਤੀ ਜ਼ਰੂਰੀ ਹਨ।

ਇਹਨਾਂ ਤਿੰਨਾਂ ਤਾਕਤਾਂ ਦੇ ਨਾਲ ਨਾਲ ਆਤਮਕ ਸ਼ਕਤੀ ਵੀ ਕੰਮ ਕਰਦੀ ਹੈ, ਅਤੇ ਇੱਛਾ-ਸ਼ਕਤੀ ਨੂੰ ਤੋੜਨ ਤੇ ਮੋੜਨ ਲਈ ਆਪਣਾ ਬਲ ਲਾਉਂਦੀ ਹੈ।

ਬਾਲਕ, ਜਵਾਨ ਹੋ ਕੇ ਫ਼ੈਸਲੇ ਕਰਨ ਵੇਲੇ ਆਪਣੇ ਆਲੇ ਦੁਆਲੇ ਦੀ ਬਹੁਤੀ ਪਰਵਾਹ ਨਹੀਂ ਕਰਦਾ। ਉਹ ਇੱਛਾ ਅਨੁਸਾਰ ਆਪਣੇ ਅੱਗੇ ਸੰਬੰਧੀ ਫ਼ੈਸਲੇ ਕਰਨ ਦਾ ਹੱਕ ਵਰਤਦਾ ਹੈ। ਆਪਣੀ ਸ਼ਕਤੀ ਰਾਹੀਂ ਉਸ ਨੂੰ ਇਹ ਫ਼ੈਸਲਾ ਕਰਨ ਦੀ ਖੁਲ੍ਹ ਹੈ ਕਿ ਵਿਰਸੇ ਵਿੱਚ ਪ੍ਰਾਪਤ ਹੋਈਆਂ ਮਾਨਸਕ ਤੇ ਸਰੀਰਕ ਰੁਚੀਆਂ ਨੂੰ ਚੰਗੇਰਾ ਤੇ ਬਲਵਾਨ ਬਣਾ ਸਕੇ। ਪਰੰਤੂ, ਅਜਿਹੇ ਫ਼ੈਸਲੇ ਕਰਨ ਦੀ ਸਮਰੱਥਾ, ਇੱਛਾ-ਸ਼ਕਤੀ ਉੱਤੇ ਇਕ ਖ਼ਾਸ ਜ਼ਿੰਮੇਵਾਰੀ ਪਾਉਂਦੀ ਹੈ ਕਿ ਉਹ ਦੂਰ-ਦ੍ਰਿਸ਼ਟੀ ਦੁਆਰਾ ਫ਼ੈਸਲੇ ਕਰੇ। ਇੱਛਾ-ਸ਼ਕਤੀ ਜਿਵੇਂ ਚਾਹੇ, ਅੰਦਰਲੀ ਆਤਮਕ ਆਵਾਜ਼ ਨੂੰ ਸਵੀਕਾਰ ਜਾਂ ਰਦ ਕਰ ਸਕਦੀ ਹੈ। ਜਵਾਨ ਹੋਣ ਉੱਤੇ ਇੱਛਾ-ਸ਼ਕਤੀ ਪ੍ਰਧਾਨ ਹੁੰਦੀ ਹੈ। ਇਸ ਦੇ ਨਾਲ ਨਾਲ ਈਸ਼ਵਰੀ ਇੱਛਾ ਦੀ ਪ੍ਰੇਰਕ ਸ਼ਕਤੀ ਰਾਹੀਂ ਆਪਣਾ ਕੰਮ ਜਾਰੀ ਰਖਦੀ ਹੈ। ਮਨੁਖ ਦੀ ਜਿੰਨੀ ਹਉਮੈ ਘਟੇਗੀ, ਮੈਂ ਦਾ ਅਭਾਵ ਹੋਵੇਗਾ, ਉਤਨੀ ਉਤਨੀ ਹੀ ਪ੍ਰਭੂ-ਇੱਛਾ ਪ੍ਰਬਲ ਹੋਵੇਗੀ। ਭਾਈ ਨੰਦ ਲਾਲ ਜੀ ਦਾ ਸਾਰਥਕ ਕਥਨ ਹੈ ਕਿ ਇਨਸਾਨ ਦੀ ਖ਼ੁਦ-ਨੁਮਾਈ (ਹਉਮੈ, ਹੰਕਾਰ) ਤੋਂ ਰੱਬ ਦੂਰ ਹੀ ਨਹੀਂ ਰਹਿੰਦਾ, ਦੂਰ-ਤਰ ਰਹਿੰਦਾ ਹੈ। ਜਦ ਅਸੀਂ ਹਉਮੈ ਦੇ ਪੜਦੇ ਵਿਚ ਹੋਵਾਂਗੇ ਤਾਂ ਬਾਹਰ-ਮੁਖੀ (ਮਹਲਕਾਂ) ਪ੍ਰਭੂ ਮਿੱਤਰ ਕੀ ਕਰੇਗਾ? ਕਿਵੇਂ ਦੀਦਾਰ ਦੇਵੇਗਾ? ਹਾਂ, ਅੰਦਰਮੁਖੀ ਹੋਣ ਨਾਲ ਇਸ ਖ਼ੁਦੀ (ਅਹੰ-ਭਾਵ) ਤੋਂ ਖ਼ਲਾਸ ਹੋਇਆ ਜਾ ਸਕਦਾ ਹੈ। ਭਾਵ-

ਪ੍ਰੂਰਤ ਕਥਨ ਹਨ :—

ਚੋਂ ਖ਼ੁਦ-ਨੁਮਾਈਇ ਤੌ, ਖ਼ੁਦਾ ਹਸਤ ਦੂਰ ਤਰ ।
ਬੀਨੀ ਦਰੂਨਿ ਖ਼ੇਸ਼, ਵ ਸਵੀ ਅਜ਼ ਖ਼ੁਦੀ ਖ਼ਲਾਸ ।
ਨਕਾ–ਜਮਾਲਿ ਊ, ਹਮਾ ਜਾ ਬੇ ਹਜਾਬ ਜਲਵਾਗਰ ਅਸਤ ।
ਤੂ ਕਿ ਦਰ ਹਜਾਬਿ ਖ਼ੁਦੀ, ਤਾਂਹਿ ਮਹਲਕਾ ਚਿਹ ਕੁਨੰਦ ?

(ਪ੍ਰੀਤ ਰੀਤਿ)

੬

ਇਸ ਤਰ੍ਹਾਂ ਅਸੀਂ ਜੀਵਨ ਦੇ ਇਕ ਐਸੇ ਫ਼ਲਸਫ਼ੇ, ਤਤ੍ਵ-ਗਿਆਨ ਉੱਤੇ ਪੁੱਜ ਜਾਂਦੇ ਹਾਂ ਜਿਸ ਦੀ ਵਿਸ਼ਾਲ ਗਲਵਕੜੀ ਵਿੱਚ ਹਰੇਕ ਮਨੁੱਖ, ਚਾਹੇ ਉਹ ਕਿਸੇ ਵੀ ਰੰਗ ਰੂਪ, ਨਸਲ ਜਾਂ ਮੱਤ ਦਾ ਹੋਵੇ, ਆ ਜਾਂਦਾ ਹੈ। ਫ਼ਲਸਫ਼ਾ ਇਹ ਹੈ :

ਜਿਸ ਹਦ ਤੱਕ ਅਸੀਂ ਆਪਣੀ ਅੰਦਰਲੀ ਆਤਮਕ ਆਵਾਜ਼ ਮੂਜਬ ਈਸ਼ਵਰੀ ਹੋਂਦ ਉੱਤੇ ਵਿਸ਼ਵਾਸ ਕਰਦੇ ਹਾਂ, ਉਸ ਹਦ ਤੱਕ ਅਸੀਂ ਈਸ਼ਵਰੀ ਇੱਛਾ ਅਨੁਸਾਰ ਤੁਰਦੇ ਅਤੇ ਆਪਣੇ ਆਪ ਨੂੰ ਛੱਕ ਪ੍ਰਲੋਕ ਵਿੱਚ ਜੀਉਣ ਦੇ ਯੋਗ ਬਣਾਉਂਦੇ ਹਾਂ। ਹਰੇਕ ਮਨੁਖ ਦਾ ਵਿਰਸਾ ਤੇ ਆਲਾ-ਦੁਆਲਾ ਤਾਂ ਭਿੰਨ ਭਿੰਨ ਹੋ ਸਕਦਾ ਹੈ; ਪਰ, ਇੱਛਾ-ਸ਼ਕਤੀ, ਜਿਸਨੇ ਨਿਰਣਾ ਤੇ ਫ਼ੈਸਲਾ ਕਰਨਾ ਹੈ, ਸਭ ਨੂੰ ਧੁਰ-ਦਰਗਾਹੋਂ ਸਮਾਨ ਪ੍ਰਾਪਤ ਹੈ। ਇਹੋ ਹਾਲ ਆਤਮਾ (ਜ਼ਮੀਰ) ਦੀ ਆਵਾਜ਼ ਦਾ ਹੈ। ਇਸ ਲਈ ਜੀਵਨ-ਪ੍ਰੀਖਿਆ ਸਭ ਤੇ ਇੱਕੋ ਜਿਹੀ ਘਟਦੀ ਹੈ।

ਕਿਸੇ ਹਸਤੀ ਜਾਂ ਗੱਲ ਨੂੰ ਸਿੱਧ ਕਰਨ ਲਈ ਮੋਟੇ ਤੌਰ ਉੱਤੇ ਤਰਕ-ਸ਼ਾਸਤਰ ਚਾਰ ਤਰ੍ਹਾਂ ਦੇ ਪ੍ਰਮਾਣ ਵਰਤਦਾ ਹੈ : ਪਰਤੱਖ, ਅਨੁਮਾਨ, ਉਪਮਾ, ਅਤੇ ਸਾਖੀ ਪ੍ਰਮਾਣ। ਈਸ਼ਵਰ, ਪਹਿਲੇ ਤਿੰਨਾਂ ਪ੍ਰਮਾਣਾਂ ਦੁਆਰਾ ਪੂਰਨ ਤੌਰ ਤੇ ਸਿੱਧ ਨਹੀਂ ਕੀਤਾ ਜਾ ਸਕਦਾ। ਹਾਂ, ਸਾਖੀ ਜਾਂ ਸ਼ਬਦ ਪ੍ਰਮਾਣ ਹੀ ਇੱਕ ਐਸਾ ਵਸੀਲਾ ਹੈ, ਜਿਸ ਰਾਹੀਂ ਅਸੀਂ ਉਸ ਦੀ ਹੋਂਦ ਤੇ ਹੁਕਮ ਉੱਤੇ ਵਿਸ਼ਵਾਸ ਕਰ ਸਕਦੇ ਹਾਂ। ਪਰ, ਸ਼ਰਤ ਇਹ

ਹੈ ਕਿ ਸਾਖੀ (ਗਵਾਹੀ) ਭਰਨ ਵਾਲਾ ਵਿਅਕਤੀ ਪ੍ਰਭੂ ਨਾਲ ਇਕ-ਮਿਕ ਹੋਵੇ ਅਤੇ ਉਸ ਦਾ ਹਰੀ ਬਾਰੇ ਅਨੁਭਵ ਹੋਵੇ; ਸੱਚੋ ਸੱਚ। ਗੁਰਬਾਣੀ ਵਿੱਚ ਸਤਿਵਾਦੀ ਸਿਖ ਸਤਿਗੁਰੂ, ਕਾਮਲ ਮੁਰਸ਼ਦ, ਪਰਮ ਤਿਆਗੀ, ਪਰ-ਉਪਕਾਰੀ, ਪਰਮ ਨਮ੍ਰ ਅਤੇ ਲੁਕਾਈ ਦੀ ਪੀੜਾ ਹਰਨ ਲਈ ਬੇਤਾਬ, ਬਾਰ ਬਾਰ ਇਹ ਵਿਸ਼ਵਾਸ ਦਿਵਾਉਂਦੇ ਹਨ ਕਿ–

(ੳ) ਸੱਚ ਕੀ ਬਾਣੀ ਨਾਨਕੁ ਆਖੈ,
ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥ (ਮ: ੧, ਪੰਨਾ ੭੨੩)

(ਅ) ਤਾਂ ਮੈ ਕਹਿਆ ਕਹਣੁ,
ਜਾ ਤੁਝੈ ਕਹਾਇਆ ॥ (ਮ: ੧, ਪੰ: ੫੬੬)

(ੲ) ਧੁਰ ਕੀ ਬਾਣੀ ਆਈ ॥
ਤਿਨਿ ਸਗਲੀ ਚਿੰਤ ਮਿਟਾਈ ॥ (ਮ: ੫, ਪੰ: ੬੨੮)

ਚੰਗੀ ਗੱਲ, ਉੱਪਰ ਦਿੱਤੇ ਗੁਰ-ਵਾਕ ਇਹ ਨਿਸਚਾ ਕਰਾਉਂਦੇ ਹਨ ਕਿ ਸਤਿਗੁਰੂ ਜੀ ਆਪਣੇ ਤਜਰਬੇ ਦੀ ਗੱਲ ਸੰਸਾਰ ਨਾਲ ਸਾਂਝੀ ਕਰਦੇ ਹਨ, ਅਤੇ ਉਹ ਆਪਣੀ ਗੱਲ ਸ਼ੁਰੂ ਹੀ "੧ ੳ ਸਤਿ" ਤੋਂ ਕਰਦੇ ਹਨ। ਫੇਰ, ਰੱਬ ਦੀ ਹਸਤੀ, ਹੋਂਦ ਉੱਤੇ ਸ਼ੰਕਾ ਕਿਉਂ? ਅਸਾਂ ਰੱਬ ਨਹੀਂ ਵੇਖਿਆ; ਪਰ, ਰੱਬ ਦਾ ਰੂਪ, ਗੋਬਿੰਦ ਰੂਪ ਗੁਰੂ ਨਾਨਕ ਜੀ ਤਾਂ ਵੇਖੇ ਹਨ। ਉਹ ਪੌਰਾਣਿਕ ਨਹੀਂ, ਇਤਿਹਾਸਕ ਵਿਅਕਤੀ ਹਨ, ਜੋ ਸਾਡੇ ਵਾਂਗ ਇਸ ਧਰਤੀ ਉੱਤੇ ਵਿਚਰੇ। ਉਹ ਪੈਗੰਬਰ ਸਨ। ਬਸ ਜੀਅ-ਦਾਨ ਦੇਣ ਵਾਲੇ ਉਪਕਾਰੀ ਹੀ ਉਪਕਾਰੀ। ਉਹ ਰੱਬ ਦੇ ਨਿਰਗੁਣ ਤੇ ਸਰਗੁਣ ਸਰੂਪ ਦੀ ਗੱਲ ਕਰਦੇ ਹਨ। ਨਿਰਗੁਣੀ ਰੰਗ ਉੱਤੇ ਉਹ ਰੂਪ ਰੇਖ, ਰੰਗ ਤੇ ਆਕਾਰ ਰਹਿਤ ਹੈ, ਅਤੇ ਸਰਗੁਣ ਸਰੂਪ ਵਿੱਚ ਉਹ ਆਪਣੀ ਕੁਦਰਤ, ਸਾਰੀ ਰਚਨਾ ਵਿਚ ਸਮਾਇਆ ਹੋਇਆ ਹੈ। ਪਹਿਲੀ ਪਾਤਸ਼ਾਹੀ ਦੇ ਸੰਕਲਪ ਵਿਚ ਅੰਮ੍ਰਿਤ ਇਹ ਸ਼ਬਦ, ਇਸ ਰਾਜ਼ ਤੇ ਰਹੱਸ ਨੂੰ ਸਮਝਣ ਲਈ ਬੇਹੱਦ ਸਹਾਇਕ ਹੈ :–

ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ,
ਸਹਸ ਮੂਰਤਿ, ਨਨਾ ਏਕ ਤੋਹੀ ॥
ਸਹਸ ਪਦ ਬਿਮਲ, ਨਨ ਏਕ ਪਦ,
ਗੰਧ ਬਿਨੁ, ਸਹਸ ਤਵ ਗੰਧ,
ਇਵ ਚਲਤ ਮੋਹੀ ॥੨॥ (ਧਨਾਸਰੀ, ਪੰ: ੬੬੩)

[ਭਾਵ—ਹੇ ਵਾਹਿਗੁਰੂ! ਤੇਰੇ ਹਜ਼ਾਰਾਂ (ਬੇਅੰਤ) ਹੀ ਨੇਤਰ ਹਨ, ਤੇਰਾ ਕੋਈ ਭੀ ਨੇਤਰ ਨਹੀਂ। ਤੇਰੇ ਰਚੇ ਸਾਰੇ ਜੀਵ ਤੇਰੇ ਵਲੋਂ ਬਖਸ਼ੀ ਜੋਤਿ ਦੁਆਰਾ ਵੇਖਦੇ ਹਨ। ਤੇਰੀ ਰਚੀ ਸਾਰੀ ਕੁਦਰਤ ਤੇਰੀ ਹੀ ਮੂਰਤ, ਆਕਾਰ, ਵੈਰਾਟ ਰੂਪ ਹੈ, ਪਰ ਨਿਰਗੁਣ ਸਰੂਪ ਵਿਚ ਤੇਰੀ ਕੋਈ ਮੂਰਤ ਨਹੀਂ। ਏਸੇ ਤਰ੍ਹਾਂ ਸਾਰੇ ਚਰਨ ਤੇ ਨੱਕ ਤੇਰੇ ਹੀ ਹਨ, ਪਰ ਤੇਰਾ ਕੋਈ ਚਰਨ ਤੇ ਨੱਕ ਨਹੀਂ। ਹੇ ਪ੍ਰਭੂ! ਤੇਰਿਆਂ ਇਹਨਾਂ ਕੌਤਕਾਂ ਨੇ ਮੈਨੂੰ ਮੋਹ ਲਿਆ ਹੈ।]

ਪੰਜਵੇਂ ਗੁਰਦੇਵ ਬੜੀ ਦ੍ਰਿੜ੍ਹਤਾ ਨਾਲ ਐਲਾਨ ਕਰਦੇ ਹਨ :—

ਬੇਦ ਕਤੇਬ ਸੰਸਾਰ ਹਭਾਹੂ ਬਾਹਰਾ ॥
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥੪॥੩॥
(ਆਸਾ, ਪੰ: ੩੯੭)

ਤਥਾ—ਹੈ ਤੂ ਹੈ ਤੂ ਹੋਵਨਹਾਰ ॥ (ਹੇ ਵਾਹਿਗੁਰੂ, ਤੂੰ ਹੁਣ (ਵਰਤਮਾਨ) ਵਿਚ ਵੀ ਹੈਂ ਅਤੇ ਅੱਗੇ ਨੂੰ ਸਦਾ ਹੋਵੇਂਗਾ।) (ਪੰਨਾ ੧੨੪੪)

ਵੇਖੋ! ਸ੍ਰੋਮਣੀ ਭਗਤ ਕਬੀਰ ਜੀ ਕਿਸ ਦ੍ਰਿੜ੍ਹਤਾ ਤੇ ਪੁਖਤਾ-ਯਕੀਨੀ ਨਾਲ ਹਰੀ-ਹੋਂਦ ਦੀ ਗਵਾਹੀ ਭਰਦੇ ਹਨ :—

ਹਾਹਾ, ਹੋਤ ਹੋਇ ਨਹੀ ਜਾਨਾ ॥
ਜਬ ਹੀ ਹੋਇ, ਤਬਹਿ ਮਨੁ ਮਾਨਾ ॥
ਹੈ ਤਉ ਸਹੀ, ਲਖੈ ਜਉ ਕੋਈ ॥
ਤਬ ਓਹੀ ਉਹੁ, ਏਹੁ ਨ ਹੋਈ ॥੪੩॥ (ਪੰ: ੩੪੨)

(ਭਾਵ—ਬਾਵਨ ਅਖਰੀ ਬਾਣੀ ਵਿਚ, ਹਾਹਾ ਅੱਖਰ ਦੁਆਰਾ, ਉਪਦੇਸ਼ ਕਰਦੇ ਹਨ ਕਿ : "ਜਿਸ ਸੰਸਾਰ ਵਿੱਚ ਪੈਦਾ ਹੋ ਕੇ ਉਸ ਪ੍ਰਭੂ

ਦੀ ਹੋਂਦ ਨਹੀਂ ਜਾਣੀ। ਜਦ ਹੋਂਦ ਦਾ ਯਕੀਨ ਹੋ ਗਿਆ ਤਾਂ ਮਨ ਨੂੰ ਸ਼ਾਂਤੀ ਹੋਈ। ਫੇਰ ਹਰ ਥਾਂ ਉਹ ਵਾਹਿਗੁਰੂ ਹੀ ਵਾਹਿਗੁਰੂ ਨਜ਼ਰੀ ਆਇਆ ਅਤੇ ਇਹ ਜੀਵ ਉਸ ਤੋਂ ਵਖਰਾ ਨ ਦਿਸਿਆ। ਵਾਹਿਗੁਰੂ ਹੈ, ਪਰ ਸ਼ਰਤ ਇਹ ਹੈ ਕਿ ਉਸਨੂੰ ਜਾਨਣ ਲਈ ਜੀਵ ਅੰਦਰ ਸਾਰੀ ਸ਼ਿੱਦਤ ਤੇ ਸਮਗਰਤਾ ਨਾਲ ਪਿਆਸ ਹੋਵੇ।)

ਬੜੀ ਦਿਲਚਸਪ ਤੇ ਭਾਵ-ਪੂਰਤ ਸਾਖੀ ਹੈ ਕਿ ਕਬੀਰ ਜੀ ਪਾਸ ਇਕ ਜਗਿਆਸੂ ਆਇਆ, ਤੇ ਰੱਬ ਦੇ ਦਰਸ਼ਨ ਕਰਾਉਣ ਲਈ ਬੇਨਤੀ ਕੀਤੀ। ਭਗਤ ਜੀ ਨੇ ਉਸ ਪ੍ਰਤੀ ਇਹ ਭਾਵ-ਪੂਰਤ ਸ਼ਬਦ ਉਚਾਰਨ ਕੀਤਾ :—

ਓਇ ਜੁ ਦੀਸਹਿ ਅੰਬਰਿ ਤਾਰੇ ॥
ਕਿਨਿ ਓਇ ਚੀਤੇ ਚੀਤਨਹਾਰੇ ? ॥੧॥
ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ ? ॥
ਬੂਝੈ ਬੂਝਨਹਾਰੁ ਸਭਾਗਾ ॥੧॥ ਰਹਾਉ॥
ਸੂਰਜ ਚੰਦੁ ਕਰਹਿ ਉਜੀਆਰਾ ॥
ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥੨॥
ਕਹੁ ਕਬੀਰ ਜਾਨੈਗਾ ਸੋਇ ॥ (ਸ਼ਰਤ ਇਹ ਹੈ ਕਿ—)
ਹਿਰਦੈ ਰਾਮੁ ਮੁਖਿ ਰਾਮੈ ਹੋਇ ॥੩॥੨੯॥

(ਗਉੜੀ, ਪੰ: ੩੨੯)

ਅੰਤ ਵਿੱਚ : ਇਸ ਵਿਖਮ ਸਮੱਸਿਆ ਦਾ ਸਰਲ ਜਿਹੇ ਢੰਗ ਤੇ ਵੀਚਾਰ ਨਾਲ ਇਊਂ ਭੀ ਨਿਰਣਾ ਹੋ ਸਕਦਾ ਹੈ :—

ਦੋ ਵਿਅਕਤੀ ਹਨ, ਇਕ ਰੱਬ ਨੂੰ ਮੰਨਦਾ ਹੈ, ਆਸਤਕ ਹੈ; ਦੂਜਾ ਨਾਸਤਕ ਹੈ, ਨਹੀਂ ਮੰਨਦਾ। ਆਸਤਕ ਵਾਹਿਗੁਰੂ ਦੇ ਨਿਰਮਲ ਭਉ ਅੰਦਰ ਸਤਿ, ਸੰਤੋਖ, ਸਬਰ, ਸਹਿਜ, ਸੇਵਾ, ਤਿਆਗ ਤੇ ਧਰਮ ਦਾ ਜੀਵਨ ਬਤੀਤ ਕਰਦਾ ਹੈ; ਪ੍ਰੰਤੂ, ਨਾਸਤਕ; ਲਬ, ਲੋਭ, ਸੁਆਰਥ, ਹੰਕਾਰ, ਜ਼ੋਰ, ਜ਼ੁਲਮ, ਲੁੱਟ ਖਸੁੱਟ ਤੇ ਐਸ਼-ਪ੍ਰਸਤੀ ਦਾ। ਦੋਵੇਂ ਸੌ ਸਾਲ ਬਾਅਦ ਮਰ ਕੇ ਇਕੋ ਜਿਹੇ ਹੋ ਜਾਂਦੇ ਹਨ। ਪਰ, ਜੇ ਵਾਹਿਗੁਰੂ ਹੈ

ਅਤੇ ਕੀਤੇ ਕਰਮਾਂ ਦਾ ਲੇਖਾ ਦੇਣਾ ਪੈਂਦਾ ਹੈ ਤਾਂ ਆਸਤਕ ਅਵੱਸ਼ ਲਾਹੇ ਵਿੱਚ ਰਿਹਾ ਅਤੇ ਨਾਸਤਕ ਫੱਸ ਗਿਆ। ਜੇ, ਫਰਜ਼ ਕਰੋ, ਲੇਖਾ ਮੰਗਣ ਵਾਲਾ ਕੋਈ ਰੱਬ ਨਹੀਂ ਤਾਂ ਦੋਵੇਂ ਖ਼ਤਮ ਹੋ ਕੇ ਸਮਾਨ ਹੋ ਗਏ। ਨਾਸਤਕ ਨੂੰ ਚੰਗੇ ਭੋਗਾਂ ਦਾ ਕੋਈ ਧਰਵਾਸ ਨਹੀਂ ਅਤੇ ਆਸਤਕ ਨੂੰ ਘਾਟਾ ਜਾਂ ਪਛਤਾਵਾ ਨਹੀਂ। ਸੋ, ਰੱਬੀ ਹੋਂਦ ਨੂੰ ਇਉਂ ਮੰਨਣਾ ਕਿ ਰੱਬ ਇੱਕ ਹੈ, ਸਤਿ ਚਿਤ ਤੇ ਅਨੰਦ ਹੈ, ਸਭ ਦਾ ਸਾਂਝਾ ਪਿਤਾ ਤੇ ਕਰਤਾ ਹਰਤਾ ਹੈ, ਜੇ ਗ਼ਲਤ ਵੀ ਹੈ ਤਾਂ ਇੱਕ ਚੰਗੀ ਗਲਤੀ ਅਥਵਾ ਵਧੀਆ ਭੁਲ ਹੈ। ਇਸ ਨੂੰ ਅੰਗ੍ਰੇਜ਼ੀ ਵਿੱਚ : **Erring on the right side** (ਚੰਗੇ ਪਾਸੇ ਭੁਲ ਕਰਨਾ) ਆਖਦੇ ਹਨ।

ਹਾਂ, ਇਸ ਮਨੌਤ ਲਈ ਵਡੀ ਸ਼ਰਤ ਇਹ ਹੈ ਕਿ ਜਿਸ ਰੱਬ ਨੂੰ, ਪਰਮ ਸਤਿ ਨੂੰ ਤੁਸੀਂ ਮੰਨਦੇ ਹੋ, ਉਹ ਸਭ ਦਾ ਸਾਂਝਾ, ਸਭ ਦਾ ਕਰਤਾ, ਬੇਅੰਤ ਅਤੇ ਇਕ ਤੇ ਕੇਵਲ ਇਕ ਹੋਵੇ। ਆਪਣੇ ਬੰਦਿਆਂ ਨੂੰ ਸੰਪ੍ਰਦਾਵਾਂ ਵਿੱਚ ਵੰਡਣ ਵਾਲਾ ਰੱਬ ੧ਓਂਕਾਰੀ ਜਾਂ ਰਬੁੱਲ ਆਲਮੀਨ ਨਹੀਂ ਹੋ ਸਕਦਾ। ਹਾਂ ਜੀ, ਐਸੇ ਈਰਖਾਲੂ, ਪਖੰਡ-ਬਾਜ਼, ਵੰਡਾਂ-ਪਾਊ, ਸੰਪ੍ਰਦਾਈ ਝਗੜੇ ਤੇ ਛੁਰੇ-ਬਾਜ਼ੀ ਕਰਾਊ ਸ਼ੈਤਾਨ ਤੇ ਨਿਰਦਈ ਰੱਬ ਦਾ ਨ ਹੋਣਾ ਜਾਂ ਮਰ ਜਾਣਾ ਹੀ ਉਚਿੱਤ ਹੈ। ਉਸ ਦੀ ਗੱਲ ਹੀ ਨਾ ਕਰੋ।

ਹਾਂ, ਗੱਲ ਕਰਨ ਜੋਗ ਰੱਬ ਦੀ ਗੁਣੀ-ਨੁਹਾਰ, ਗੁਰੂ ਸਾਹਿਬਾਨ ਕੁੱਝ ਇਵੇਂ ਚਿਤਰਦੇ ਹਨ :—

(੧) ੧ ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ।

(੨) ਆਦਿ ਸਚੁ, ਜੁਗਾਦਿ ਸਚੁ ॥ ਹੈ ਭੀ ਸਚੁ, ਨਾਨਕ, ਹੋਸੀ ਭੀ ਸਚੁ ॥ (ਜਪੁ)

(੩) ਮਿਠਬੋਲੜਾ ਜੀ, ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ, ਓਹੁ ਕਦੇ ਨ ਬੋਲੈ ਕਉਰਾ ॥
ਕਉੜਾ ਬੋਲਿ ਨ ਜਾਨੈ, ਪੂਰਨ ਭਗਵਾਨੈ, ਅਉਗੁਣ ਕੋ ਨ ਚਿਤਾਰੇ।

ਪਤਿਤ ਪਾਵਨੁ ਹਰਿ ਬਿਰਦੁ ਸਦਾਏ, ਇਕੁ ਤਿਲੁ ਨਹੀ ਭੰਨੈ ਘਾਲੇ ॥
ਘਟ ਘਟ ਵਾਸੀ, ਸਰਬ-ਨਿਵਾਸੀ, ਨੇਰੈ ਹੀ ਤੇ ਨੇਰਾ ॥
ਨਾਨਕ, ਦਾਸੁ ਸਦਾ ਸਰਣਾਗਤਿ, ਹਰਿ ਅੰਮ੍ਰਿਤ ਸਜਣੁ ਮੇਰਾ ॥੧॥
(ਮ: ੫, ਪੰ: ੭੮੩

(੪) ਮਿਹਰਵਾਨੁ ਸਾਹਿਬੁ ਮਿਹਰਵਾਨੁ ॥ ਸਾਹਿਬੁ ਮੇਰਾ ਮਿਹਰਵਾਨੁ ॥
(ਮ: ੫, ਪੰ: ੭੨੪

(੫) ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ, ਸਰਬ ਜੀਆ ਕਾ ਦਾਤਾ ਰੇ ॥
(ਮ: ੫, ਪੰਨਾ ੬੧੨

(੬) ਤੂੰ ਮੇਰਾ ਪਿਤਾ, ਤੂੰ ਹੈ ਮੇਰਾ ਮਾਤਾ ॥
ਤੂੰ ਮੇਰਾ ਬੰਧਪੁ, ਤੂੰ ਮੇਰਾ ਭ੍ਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈ, ਤਾ ਭਉ ਕੇਹਾ ਕਾੜਾ ਜੀਉ ॥੧॥
(ਮਾਝ ਮ: ੫, ਪੰਨਾ ੧੦੩

(੭) ਚਕ੍ਰ ਚਿਹਨ, ਅਰੁ ਬਰਨ ਜਾਤਿ, ਅਰ ਪਾਤਿ ਨਹਿਨ ਜਿਹ ॥੧॥
(ਜਾਪੁ, ਸ੍ਰੀ ਦਸਮੇਸ਼ ਜੀ)

(੮) ਹਭ ਸਮਾਣੀ ਜੋਤਿ, ਜਿਉ ਜਲ ਘਟਾਊ ਚੰਦ੍ਰਮਾ ॥
(ਮ: ੫, ਪੰਨਾ ੧੦੯੯)

(੯) ਫਰੀਦਾ ਖਾਲਕੁ ਖਲਕ ਮਹਿ, ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ, ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥
(ਮ: ੫, ਪੰਨਾ ੧੩੮੧)

(੧੦) ਨਿਰਗੁਨੁ ਆਪਿ, ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥੮॥੧੯॥
(ਸੁਖਮਨੀ, ਪੰਨਾ ੨੮੭)

ਸੋ, ਕੁਝ ਐਸਾ ਹੈ ਰੱਬ, ਗੁਰੂ ਸਾਹਿਬਾਨ ਦੇ ਅਨੁਭਵ ਦਾ, ਜਿਸ ਦੀ ਜਿੰਨੀ ਵੀ ਗੱਲ ਕਰੋ, ਥੋੜੀ ਹੈ। ਐਸੀ ਗੱਲ-ਕੱਥ ਰਾਹੀਂ ਉਪਜੀ "ਭਾਵਕ-ਏਕਤਾ" ਤੇ "ਸਹਿਵਾਸ" ਦੀ ਭਾਵਨਾ ਹੀ ਸਰਵਾਸ਼ ਦੇ ਦਹਾਨੇ ਉੱਤੇ ਖੜੀ ਮਾਨਵਤਾ ਨੂੰ ਬਚਾਅ ਸਕਦੀ ਹੈ।

"੧ ੴ ਸਤਿ"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਦੇ ਅਰੰਭ ਵਿਚ—

"੧ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ"

ਦਾ ਉਚਾਰਨ ਕੀਤਾ ਹੈ। ਇਹ ਜਪੁਜੀ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਦਿ ਦਾ ਮੰਗਲ ਹੈ। ਇਸ ਵਿਚ ਅਕਾਲ ਪੁਰਖ ਵਾਹਿਗੁਰੂ ਦੇ ਅਨੁਭਵੀ ਸਰੂਪ ਦਾ ਅਤਿ ਸੰਖੇਪ, ਸਰਲ ਅਤੇ ਭਾਵ-ਪੂਰਤ ਵਰਣਨ ਹੈ। ਇਹ ਸਿੱਖ ਧਰਮ ਦਾ ਮੂਲ ਸਿਧਾਂਤ ਹੈ, ਇਸ ਲਈ ਇਸ ਨੂੰ ਮੂਲ-ਮੰਤ੍ਰ ਕਰਕੇ ਵੀ ਮੰਨਿਆ ਗਿਆ ਹੈ। ਜਪੁਜੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ, ਇਕ ਤਰ੍ਹਾਂ ਨਾਲ, ਇਸੇ ਮੰਗਲਾਚਾਰ ਅਥਵਾ ਮੂਲ-ਮੰਤ੍ਰ ਦੀ ਹੀ ਵਿਆਖਿਆ, ਵਿਸਥਾਰ ਤੇ ਸਿਫ਼ਤ ਸਲਾਹ ਹੈ।

ਭਾਈ ਮਨੀ ਸਿੰਘ ਜੀ, ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਟੀਕਾ ਕਰਦੇ ਹੋਏ, ਇਸ ਮੰਗਲ ਦੀ ਵਿਆਖਿਆ ਇਉਂ ਕਰਦੇ ਹਨ—

"ਨਾਮ ਸਭ ਦੇਵਾਂ ਦਾ ਦੇਵ ਹੈ। ਕੋਈ ਦੇਵੀ ਨੂੰ ਮਨਾਂਵਦਾ ਹੈ, ਕੋਈ ਸਿਵਾਂ ਨੂੰ, ਕੋਈ ਗਣੇਸ਼ ਨੂੰ, ਕੋਈ ਹੋਰ ਦੇਵਤਿਆਂ ਨੂੰ, ਗੁਰੂ ਕੇ ਸਿਖ 'ਸਤਿਨਾਮ' ਨੂੰ ਆਰਾਧਦੇ ਹੈਨ, ਜਿਸ ਕਰਕੇ ਸਭ ਵਿਘਨ ਨਾਸ਼ ਹੋਂਦੇ ਹਨ, ਤਾਂਤੇ ਸਤਿਨਾਮ ਦਾ ਮੰਗਲਾਚਾਰ ਆਦਿ ਰਖਿਆ ਗਿਆ ਹੈ।"

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਮੰਗਲ ਸੰਖੇਪ ਜਾਂ ਸੰਪੂਰਨ ਰੂਪ ਵਿੱਚ ਇਕ ਬਝਵੇਂ ਨੇਮ ਅਨੁਸਾਰ, ਕੁਲ ੫੬੭ ਵੇਰ ਵਰਤਿਆ ਗਿਆ ਹੈ। ਇਸ ਗਿਣਤੀ ਦਾ ਵੇਰਵਾ ਇਸ ਪ੍ਰਕਾਰ ਹੈ :

[੧] ੧ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ (ਸੰਪੂਰਨ ਰੂਪ ਵਿਚ) = ੩੩ ਵੇਰ

[੨] ੧ ਓ ਸਤਿ ਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥ = ੮ ਵੇਰ

[੩] ੧ ਓ ਸਤਿ ਨਾਮੁ ਗੁਰਪ੍ਰਸਾਦਿ ॥ = ੨ ਵੇਰ

[੪] ੧ ਓ ਸਤਿ ਗੁਰਪ੍ਰਸਾਦਿ ॥ = ੫੨੩ ਵੇਰ

[੫] ੧ ਓ = ੧ ਵੇਰ

ਮੰਗਲਾਂ ਦੀ ਉਪਰ ਦਿਤੀ* ਗਿਣਤੀ ਤੋਂ ਸਪੱਸ਼ਟ ਹੈ ਕਿ ਸਭ ਤੋਂ ਵਧ ਵੇਰ '੧ਓ ਸਤਿ ਗੁਰਪ੍ਰਸਾਦਿ' ਨੂੰ ਮੰਗਲ ਦੇ ਤੌਰ ਉਤੇ ਵਰਤਿਆ ਗਿਆ ਹੈ। ਇਸ ਸੰਖੇਪ ਮੰਗਲ ਵਿਚ ਪਦ 'ਸਤਿ' ਦੇ ਅਸਥਾਨ ਤੇ ਸੰਬੰਧ ਨੂੰ ਚੰਗਾ ਤਰ੍ਹਾਂ ਨਾਲ ਵਾਚਣ ਦੀ ਲੋੜ ਹੈ। ਇਥੇ ਇਸ ਦਾ ਸੰਬੰਧ ੧ਓ ਨਾਲ ਹੈ, ਸਿੱਧਾ 'ਗੁਰਪ੍ਰਸਾਦਿ' ਨਾਲ ਨਹੀਂ। ਇਸ ਨੂੰ ਨਿਖੇੜ ਕੇ ਇਉਂ ਲਿਖਾਂਗੇ: ੧ਓ ਸਤਿ, ਗੁਰਪ੍ਰਸਾਦਿ। ਵੇਖੋ, ਇਹ ਗੱਲ ਉਤੇ ਦਿਤੇ ਨੰਬਰ ੧, ੨, ਤੇ ੩ ਸੰਪੂਰਨ ਤੇ ਸੰਖੇਪ ਮੰਗਲਾਂ ਤੋਂ ਵੀ ਸਾਫ਼ ਸਿਧ

---

*ਨੋਟ—੧. ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨੇ ਵੀ 'ਗੁਰਮਤਿ ਮਾਰਤੰਡ' ਦੇ ਪੰਨਾ ੫੯੬ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਮੰਗਲ ਨੂੰ ਪੰਜ ਪ੍ਰਕਾਰ ਦਾ ਹੀ ਲਿਖਿਆ ਹੈ। ਸ੍ਰੀ ਦਸਮ ਗ੍ਰੰਥ ਵਿਚ ਸਭ ਪ੍ਰਕਾਰ ਦਾ ਮੰਗਲ ਆਇਆ ਹੈ।

੨. ੧ਓ ਦਾ ਮੰਗਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੫੩ ਉਤੇ 'ਪੜ੍ਹਿ ਪੁਸਤਕ ਸੰਧਿਆ ਬਾਦੰ' ਸਲੋਕ ਤੋਂ ਪਹਿਲਾਂ ਆਇਆ ਹੈ। ਮੰਗਲਾਂ ਦੇ ਲਿਖਣ-ਢੰਗ ਅਨੁਸਾਰ ਇਹ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਵਿੱਤਰ ਬੀੜ ਵਿਚ ਇਥੇ ਇਸ ਲਈ ਸਪੱਸ਼ਟ ਅੰਕਿਤ ਹੈ ਕਿ ਅਗਲੇ ਤਿੰਨਾਂ ਸਲੋਕਾਂ ਦਾ ਮੰਗਲ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। '੧ਓ' ਦੇ ਸੰਖੇਪ ਮੰਗਲ ਦੀ ਵਰਤੋਂ ਸ੍ਰੀ ਦਸਮ ਗ੍ਰੰਥ ਜੀ ਵਿਚ ਵੀ ਕੀਤੀ ਗਈ ਹੈ।

ਹੁੰਦੀ ਹੈ। ਇਨ੍ਹਾਂ ਵਿਚ 'ਗੁਰਪ੍ਰਸਾਦਿ' ਅਖੀਰ ਉਤੇ ਆਇਆ ਹੈ ਅਤੇ ਇਸ ਤੋਂ ਪਹਿਲਾ ਪਦ 'ਸਤਿ' ਨਹੀਂ; ਸਗੋਂ ਅੰਕ ੧ ਵਿਚ 'ਸੈਭੰ', ਅੰਕ ੨ ਵਿਚ 'ਪੁਰਖੁ' ਤੇ ਅੰਕ ੩ ਵਿਚ 'ਸਤਿ ਨਾਮੁ' ਹੈ। ਜੇ 'ਸਤਿ' ਅਤੇ 'ਗੁਰਪ੍ਰਸਾਦਿ' ਦਾ ਆਪਸ ਵਿਚਲੀ ਅਤੁੱਟ ਸੰਬੰਧ ਰਖਿਆ ਗਿਆ ਹੁੰਦਾ ਤਾਂ ਅੰਕ ੧, ੨ ਅਤੇ ੩ ਦੇ ਸਮੂਹ ਮੰਗਲਾਂ ਵਿਚ ਵੀ ਪਦ 'ਸਤਿ' ਨੂੰ '੧ਓ ਦੇ' ਨਾਲ ਲਿਖਣ ਦੀ ਥਾਂ 'ਗੁਰ ਪ੍ਰਸਾਦਿ' ਤੋਂ ਪਹਿਲਾਂ ਅੰਕਿਤ ਕੀਤਾ ਜਾਂਦਾ।

ਉਪਰਲੀ ਸੰਖੇਪ ਜਿਹੀ ਵੀਚਾਰ ਤੋਂ ਸੁਜਾਨ ਪਾਠਕ ਇਸ ਨੁਕਤੇ ਨੂੰ ਭਲੀ ਭਾਂਤ ਸਮਝ ਗਏ ਹੋਣਗੇ ਕਿ ਮੰਗਲਾਂ ਵਿਚ ਸਪੱਸ਼ਟ ਤੌਰ ਉਤੇ ਸਤਿ ਦਾ ਸੰਬੰਧ ੧ਓ ਨਾਲ ਹੈ। ਵਾਸਤਵ ਵਿਚ ਇਥੇ ੧, ਓ ਤੇ 'ਸਤਿ' ਤਿੰਨੇ ਪਦ, ਸਮਾਨ ਅਰਥ ਰਖਦੇ ਤੇ ਇੱਕੋ ਹਸਤੀ ਦੇ ਲਖਾਇਕ ਹਨ; ਤੇ ਆਪਣੀ ਜ਼ਾਤ ਵਿਚ ਸੁਤੰਤ੍ਰ ਵੀ ਹਨ। ਇਥੇ '੧' ਤੇ 'ਸਤਿ' ਅਕਾਲ ਪੁਰਖ (ਓ) ਦੇ ਵਾਚਕ ਹਨ, ਪਰੰਤੂ ਬਾਣੀ ਵਿਚ ਕਈ ਵੇਰ ਬਤੌਰ ਵਿਸ਼ੇਸ਼ਣ ਵੀ ਵਰਤੇ ਗਏ ਹਨ। ਇਨ੍ਹਾਂ ਤਿੰਨਾ ਤੋਂ ਤੌਹੀਦ-ਪ੍ਰਸਤ ਗੁਰੂ ਨਾਨਕ ਜੀ ਦਾ ਭਾਵ, ਉਸ 'ਪਾਤਸ਼ਾਹ' ਤੋਂ ਹੈ ਜੋ ਬੇਦਾਂ (ਰਿਗ ਵੇਦ, ਸਾਮ ਵੇਦ ਆਦਿ) ਤੇ ਕਤੇਬਾਂ (ਕੁਰਾਨ, ਇੰਜੀਲ, ਜ਼ੰਬੂਰ, ਆਦਿ) ਤੋਂ ਤਾਂ ਪਰੇ ਹੈ, ਪਰੰਤੂ ਗੁਰੂ ਜੀ ਨੂੰ 'ਕੁਦਰਤਿ ਦਾ ਕਾਦਿਰੁ' ਤੇ *'ਵਣਿ ਤ੍ਰਿਣਿ ਰਵਤਾ ਨਾਰਾਇਣਾ' ਵਿਆਪਕ ਤੇ ਪ੍ਰਗਟ ਹੋ ਦਿਖਾਈ ਦੇ ਰਿਹਾ ਹੈ† ।

ਜਿਵੇਂ 'ਮੂਲ ਮੰਤ੍ਰ' ਜਪੁਜੀ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੁੱਢ ਹੈ, ਏਸੇ ਤਰ੍ਹਾਂ '੧ਓ, ਸਤਿ ਤੇ ਨਾਮੁ ਦਾ ਸਮੁਦਾਇ ਵੀ ਮੂਲ

---

* ਜੇ ਕੋ ਮੂੰ ਉਪਦੇਸੁ ਕਰਤੁ ਹੈ ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ ॥੫॥੨॥
[ਸਿਰੀ ਰਾਗੁ ਤ੍ਰਿਲੋਚਨ ਜੀ, ਪੰਨਾ ੯੨

† ਵੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥੪॥੩॥੧੦੫॥ [ਆਸਾ ਮ: ੫, ਪੰਨਾ ੩੯੭

ਮੰਤ੍ਰ ਦਾ ਮੁੱਢ ਹੈ। ਇਨ੍ਹਾਂ ਦਾ ਅਸਥਾਨ ਮੂਲ ਮੰਤ੍ਰ ਵਿਚ ਉਸੇ ਤਰ੍ਹਾਂ ਵਿਸ਼ੇਸ਼ ਹੈ ਜਿਵੇਂ ਮੂਲ ਮੰਤ੍ਰ ਦਾ ਬਾਕੀ ਗੁਰਬਾਣੀ ਵਿਚ। ਆਉ, ਹੁਣ ਇਨ੍ਹਾਂ ਵਿਚੋਂ ਖ਼ਾਸ ਕਰਕੇ 'ੴ' ਤੇ 'ਸਤਿ' ਨੂੰ ਜ਼ਰਾ ਵਿਸਥਾਰ ਨਾਲ ਵੀਚਾਰੀਏ।

(ੳ) '੧' (ਇਕ, ਏਕ):–

ਅੰਕ '੧' ਨੂੰ ਏਥੇ ਅਕਾਲ ਪੁਰਖ ਦਾ ਵਾਚਕ ਕਰਕੇ ਵਰਤਿਆ ਗਿਆ ਹੈ, ਸੰਖਿਅਕ ਵਿਸ਼ੇਸ਼ਣ ਦੇ ਰੂਪ ਵਿਚ ਨਹੀਂ। ਹੋਰਥੇ ਵੀ ਗੁਰਦੇਵ ਨੇ ਬੜੇ ਜ਼ੋਰਦਾਰ ਤੇ ਸਪੱਸ਼ਟ ਸ਼ਬਦਾਂ ਵਿਚ ਇਸ ਦੀ ਇਵੇਂ ਹੀ ਵਰਤੋਂ ਕੀਤੀ ਹੈ–

ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ਰਹਾਉ॥
[ਆਸਾ ਮ: ੧, ਪੰਨਾ ੩੫੦

ਅਸਲ ਵਿਚ ਵਾਹਿਗੁਰੂ ਦੀ ਵਚਿੱਤਰ ਰਚਨਾ ਤੇ ਲੀਲ੍ਹਾ ਦਾ ਭੇਦ ਉਸ ਦੀ 'ਏਕਤਾ ਵਿਚ ਅਨੇਕਤਾ' (Diversity in Unity) ਅਤੇ 'ਅਨੇਕਤਾ ਵਿਚ ਏਕਤਾ' (Unity in Diversity) ਵਿਚ ਬੰਦ ਹੈ। ਆਕਾਸ਼ਾਂ, ਪਾਤਾਲਾਂ, ਧਰਤੀਆਂ, ਖੰਡਾਂ, ਸੂਰਜ-ਮੰਡਲਾਂ ਤੇ ਬ੍ਰਹਿਮੰਡਾਂ ਦਾ ਸਾਰਾ ਪਸਾਰਾ 'ਇਕ' ਤੋਂ ਹੈ ਅਤੇ ਮਾਲਾ ਦੇ ਧਾਗੇ ਵਾਂਗ ਇਸ ਸਾਰੇ ਪਸਾਰੇ ਦੇ ਸਮੂਹ ਮਣਕਿਆਂ ਵਿਚ ਉਹੀ "ਇਕ" ਸੂਤ੍ਰਧਾਰੀ* ਹੈ।

ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਇਸ 'ਏਕੋ' ਦੀ ਵਿਆਖਿਆ ਕਰਦੇ ਲਿਖਦੇ ਹਨ–

"ਇਸ (ਇੱਕ) ਦਾ ਅਰਥ ਗੁਰੂ ਜੀ ਨੇ ਆਪ ਐਉਂ ਕੀਤਾ ਹੈ:–

ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥
[ਬਿਲਾਵਲੁ ਮ: ੧, ਥਿਤੀ, ਪੰਨਾ ੮੩੮

ਅਰਥ ਭਾਵ–ਏਕਮ (ਥਿਤ ਦੁਆਰਾ ਉਪਦੇਸ਼ ਕਰਦੇ ਹਨ ਕਿ)

---

* ਸਗਲ ਸਮਗ੍ਰੀ, ਤੁਮਰੈ ਸੂਤ੍ਰਿ ਧਾਰੀ ॥ [ਸੁਖਮਨੀ

ਅਕਾਲ ਪੁਰਖ (ਜੋ ਹੈ ਸੋ) ਇੱਕ ਹੈ। ਸਭ ਤੋਂ ਅਛਿਪਤ ਹੈ। ਉਹ ਮ੍ਰਿਤ ਤੇ ਜਨਮ ਤੋਂ ਰਹਿਤ ਹੈ, ਉਸ ਦੀ ਕੋਈ ਜਾਤ ਕਿਸਮ ਨਹੀਂ।"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਮਕਲੀ ਤੇ ਬਿਲਾਵਲ ਰਾਗਾਂ ਵਿਚ ਅੰਕ '੧' ਦੇ 'ਅਕਾਲ ਪੁਰਖ ਵਾਚਕ' ਹੋਣ ਦੇ ਸਿਧਾਂਤ ਨੂੰ ਇਉਂ ਹੋਰ ਸਪੱਸ਼ਟ ਕੀਤਾ ਹੈ—

ਇਸੁ ਏਕੇ ਕਾ ਜਾਣੈ ਭੇਉ ॥੮॥ [ਰਾਮਕਲੀ, ਪੰਨਾ ੯੩੦

ਤੇ—ਏਕੰਕਾਰੁ ਅਵਰੁ ਨਹੀ ਦੂਜਾ, ਨਾਨਕ ਏਕੁ ਸਮਾਈ ॥੫॥
[ਰਾਮਕਲੀ ਦਖਣੀ ਓਅੰਕਾਰ, ਪੰਨਾ ੯੩੦

ਤਥਾ—ਏਕੇ ਕਉ ਨਾਹੀ ਭਉ ਕੋਇ ॥੩॥ ਬਿਲਾਵਲੁ ਮ: ੧, ਪੰਨਾ ੭੯੬

ਉਪਰੋਕਤ ਤਿੰਨਾਂ ਤੁਕਾਂ ਵਿਚ 'ਏਕਾ', 'ਏਕੰਕਾਰੁ' ਸ਼ਬਦ ਵਿਸ਼ੇਸ਼ਣ ਨਹੀਂ, ਸਗੋਂ ਸੰਗਿਆ ਹਨ।

ਗੁਰਦੇਵ 'ਏਕੇ' ਦੇ ਇਸ ਬ੍ਰਿਤਾਂਤ ਨੂੰ ਇਤਨਾ ਕੁ ਬਿਆਨ ਕਰ ਕੇ, ਉਥੇ ਹੀ ਸਮਾਪਤ ਨਹੀਂ ਕਰ ਦਿੰਦੇ ਕਿ ਉਹ ਅਕਾਲ ਪੁਰਖੁ ਇਕ ਹੈ ਜਾਂ 'ਇਕ' ਹੀ ਅਕਾਲ ਪੁਰਖ ਹੈ, ਸਗੋਂ ਉਸ ਦੇ ਪ੍ਰਾਪਤ ਕਰਨ ਦੀ ਵਿਧੀ ਵੀ ਨਾਲ ਹੀ ਸਮਝਾ ਦਿੰਦੇ ਹਨ—ਅਤੇ ਕੇਵਲ ਕਥਨੀ ਮਾਤਰ ਤੋਂ ਕਰਨੀ ਵਲ ਵਧਣ ਲਈ ਇਉਂ ਪ੍ਰੇਰਨਾ ਤੇ ਸੇਧ ਦਿੰਦੇ ਹਨ—

ਏਕੋ ਏਕੁ ਕਹੈ ਸਭੁ ਕੋਈ, (ਪਰੰਤੂ) ਹਉਮੈ ਗਰਬੁ ਵਿਆਪੈ ॥
ਅੰਤਰਿ ਬਾਹਰਿ ਏਕੁ ਪਛਾਣੈ, ਇਉ ਘਰੁ ਮਹਲੁ ਸਿਞਾਪੈ ॥
ਪ੍ਰਭੁ ਨੇੜੈ, ਹਰਿ ਦੂਰਿ ਨ ਜਾਣਹੁ, ਏਕੋ ਸ੍ਰਿਸਟਿ ਸਬਾਈ ॥
ਏਕੰਕਾਰੁ ਅਵਰੁ ਨਹੀ ਦੂਜਾ, ਨਾਨਕ ਏਕੁ ਸਮਾਈ ॥੫॥
[ਰਾਮਕਲੀ ਦਖਣੀ ਓਅੰਕਾਰ, ਪੰਨਾ ੯੩੦

ਦਸਮ ਪਾਤਸ਼ਾਹ ਜੀ ਦਾ ਇਹ ਮਹਾਂਵਾਕ—

ਪ੍ਰਣਵੋ ਆਦਿ ਏਕੰਕਾਰਾ ॥ ਜਲ ਥਲ ਮਹੀਅਲ ਕੀਓ ਪਸਾਰਾ ॥
ਆਦਿ ਪੁਰਖ ਅਬਿਗਤ ਅਬਿਨਾਸੀ॥ਲੋਕ ਚੱਤ੍ਰਦਸ ਜੋਤਿ ਪ੍ਰਕਾਸੀ॥੧॥

ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੂਲ ਮੰਤ੍ਰ ਦੇ ਮੁਢ ਵਿਚ ਰੱਖੇ '੧'

ਦੀ ਵਿਆਖਿਆ ਵਿਚ ਗੁਰਮਤਿ ਦੇ ਇਸ 'ਅਦ੍ਵੈਤੀ' ਸਿਧਾਂਤ ਨੂੰ ਹੀ ਪ੍ਰਪੱਕ ਤੇ ਉਜਾਗਰ ਕਰਦਾ ਹੈ ਕਿ 'ਅਨੇਕਤਾ', 'ਨਾਨਤ੍ਵ' ਅਥਵਾ ਸ੍ਰਿਸ਼ਟੀ ਦਾ ਮੂਲ '੦' ਸੁੰਨ ਜਾਂ ਅਣਹੋਂਦ ਨਹੀਂ, ਸਗੋਂ ਹੋਂਦ ਹੈ; ਜਿਸ ਨੂੰ '੧' ਲਿਖ ਕੇ ਪ੍ਰਗਟ ਕੀਤਾ ਗਿਆ ਹੈ। ਇਹ 'ਆਦਿ ਪੁਰਖ' ਵੀ ਹੈ ਅਤੇ ਅਦ੍ਵੈ [ਅਦ੍ਵੈਤੀ, ਲਾਸਾਨੀ] ਤੇ 'ਅਬਿਨਾਸੀ' ਭੀ।

ਭਾਈ ਨੰਦ ਲਾਲ ਜੀ ਉਸ ਦੀ ਇਕਾਈ ਇਉਂ ਬਿਆਨ ਕਰਦੇ ਹਨ :—

"ਦੀਗਰੇ ਰਾ ਅਜ਼ ਕੁਜਾ ਆਰੇਮ ਮਾ।
ਸ਼ੋਰ ਦਰ ਆਲਮ ਯਕੇ ਅਫ਼ਗੰਦਾ ਅਸਤ।"

[ਭਾਵ—ਅਸੀਂ ਦੂਜੇ ਨੂੰ (ਵਾਹਿਗੁਰੂ ਤੋਂ ਬਿਨਾ, ਕਿਸੇ ਹੋਰ ਨੂੰ) ਕਿਵੇਂ ਲਿਆਈਏ। ਸੰਸਾਰ ਵਿਚ ਇਕ ਉਸੇ ਦੀ ਹੀ ਚਰਚਾ ਹੈ।]

ਉਪਰੋਕਤ ਸੰਖੇਪ ਜਿਹੀ ਵੀਚਾਰ ਦਾ ਸਿੱਟਾ ਇਹ ਨਿਕਲਿਆ ਕਿ ਇਹ ਸਾਰਾ ਪਸਾਰਾ 'ਇਕ' ਤੋਂ ਹੈ ਅਤੇ ਉਹੀ ਇਸ ਨੂੰ ਧਾਰ ਰਿਹਾ ਹੈ। ਉਸ ਦੀ ਵੱਡੀ ਸਿਫ਼ਤ ਹੈ ਹੀ ਇਹੀ ਕਿ ਉਹ ਅਦ੍ਵੈਤੀ ਹੈ, ਲਾਸਾਨੀ ਹੈ:—

ਗੁਣ ਏਹੋ, ਹੋਰੁ ਨਾਹੀ ਕੋਇ ॥ ਨਾ ਕੋ ਹੋਆ, ਨਾ ਕੋ ਹੋਇ ॥
ਆਸਾ ਮ: ੧

ਮਨੁੱਖ ਨੂੰ ਇਸ 'ਏਕੇ' ਅਥਵਾ ਏਕਤ੍ਵ ਤੋਂ ਉਖੇੜ ਕੇ ਇੰਤਸ਼ਾਰ ਤੇ ਅਨੇਕਤਾ ਦੀ ਡੂੰਘੀ ਖੱਡ ਵਿਚ ਸੁੱਟਣ ਵਾਲਾ ਦੀਰਘ ਰੋਗ* ਹੈ: ਹਉਮੈ, ਖ਼ੁਦੀ।

* (ੳ) ਹਉਮੈ ਦੀਰਘ ਰੋਗੁ ਹੈ, ਦਾਰੂ ਭੀ ਇਸੁ ਮਾਹਿ। [ਆਸਾ ਕੀ ਵਾਰ
(ਅ) ਈਂ ਖ਼ੁਦ ਨੁਮਾਈਏਂ ਤੋ, ਖ਼ੁਦਾ ਹਸਤ ਦੂਰ ਤਰ।
ਬੀਨੀ ਦਰੂੰਨਿ ਖ਼ੇਸ਼, ਸ਼ਵੀ ਅਜ਼ ਖ਼ੁਦੀ ਖ਼ਲਾਸ।
[ਭਾਈ ਨੰਦ ਲਾਲ ਜੀ

[ਭਾਵ—ਤੇਰੇ ਹਉਮੈ-ਭਾਵ ਤੋਂ ਰੱਬ ਬਹੁਤ ਦੂਰ ਹੈ, ਜੇ ਤੂੰ ਆਪਣੇ ਅੰਦਰ ਆਪਣੇ ਆਪੇ (ਅਸਲੇ ਵਲ) ਝਾਤੀ ਮਾਰੇਂ ਤਾਂ ਹਉਮੈ ਤੋਂ ਖ਼ਲਾਸੀ ਪਾ ਲਵੇਂ।]

ਇਸ ਹਉਮੈ ਦਾ ਇਲਾਜ 'ਏਕ' ਤੇ 'ਆਪੇ' ਦੇ ਸਿਧਾਂਤ ਨੂੰ ਸਮਝਣ ਵਿਚ ਹੈ :—

ਏਕੇ ਕਉ ਸਚੁ ਏਕਾ ਜਾਣੈ, ਹਉਮੈ ਦੂਜਾ ਦੂਰਿ ਕੀਆ ॥

[ਦਖਣੀ ਓਅੰਕਾਰ ਮ: ੧, ਪੰਨਾ ੯੪੦

ਜਦ ਕੋਈ ਹਉਮੈ-ਰੂਪੀ ਦਵੈਤ ਨੂੰ ਦੂਰ ਕਰ ਲਵੇਗਾ ਤਦ 'ਇਕੋ ਇਕ' ਨੂੰ ਸੱਚ-ਮੁੱਚ 'ਇਕ' ਜਾਣ ਲਵੇਗਾ ਅਤੇ ਜਦ "ਇਕ" ਨੂੰ ਜਾਣ ਲਵੇਗਾ ਤਾਂ ਹਉਮੈ ਸੁਤੇ ਸਿਧ ਦੂਰ ਹੋ ਜਾਵੇਗੀ। ਪਰੰਤੂ, ਇਸ 'ਇਕਾਈ' ਤੋਂ ਖੁੰਝਿਆ ਮਨੁੱਖ ਵਿਗਿਆਨ ਤੇ ਸਪੇਸ ਦੇ ਜੁੱਗ ਵਿਚ ਵੀ ਪਹਿਲੇ ਨਾਲੋਂ ਨ ਕੇਵਲ ਵਧੇਰੇ ਅਸ਼ਾਂਤ, ਇਕੱਲਾ ਤੇ ਬੇ-ਜ਼ੂਰਤ ਹੈ, ਸਗੋਂ ਵਧੇਰੇ ਚਿੰਤਾਤੁਰ ਤੇ ਦੁਖੀ ਵੀ। ਇਤਨੇ ਸਰੀਰਕ ਤੇ ਮਾਨਸਕ ਸੁਖਾਂ ਤੇ ਲਭਤਾਂ ਦੇ ਹੁੰਦਿਆਂ ਹੋਇਆਂ ਵੀ ਇਹ ਉਸ ਅਭਾਗੇ ਮੁਸਾਫ਼ਿਰ ਸਮਾਨ ਹੈ, ਜਿਸ ਨੂੰ ਮੰਜ਼ਲ ਉਤੇ ਪੁੱਜ ਕੇ ਵੀ ਆਪਣੀ ਮੰਜ਼ਲ ਨਾ ਦਿੱਸੇ।

ਸਵਾਲ ਪੈਦਾ ਹੁੰਦਾ ਹੈ ਕਿ ਐਸੀ ਬਹੁਤਾਤ ਵਿਚ ਇਹ ਕਮੀ ਕਿਉਂ? ਵਿਗਿਆਨ ਦੇ ਪ੍ਰਕਾਸ਼ ਵਿਚ ਇਸ ਘੁੱਪ ਅੱਧੇਰੇ ਦਾ ਕਾਰਨ ਕੀ? ਕਿਤੇ ਕਸਰ ਹੈ, ਕੋਈ ਉਕਾਈ ਹੈ, ਕਿਤਿਓਂ ਖੁੰਝਿਆ ਹੈ ਇਸ ਨਵੇਂ ਯੁੱਗ ਦਾ ਪ੍ਰਬੀਨ ਘੜਨਹਾਰਾ। ਨਹੀਂ ਤਾਂ, ਸੁਖ, ਸ਼ਾਂਤੀ, ਵਿਸ਼ਵਾਸ, ਪਰਸੁਆਰਥ, ਭਰਾਤ੍ਰੀ-ਭਾਵ, ਸੱਚੇ ਸੁੱਚੇ ਆਚਾਰ, ਪਦਾਰਥਾਂ ਦੀ ਬਹੁਲਤਾ ਤੇ ਵਿਗਿਆਨਕ ਖੋਜ ਦੇ ਫਲ-ਸਰੂਪ ਸੰਸਾਰ ਹਰ ਪੱਖੋਂ ਮਾਲਾ ਮਾਲ, ਰਮਣੀਕ, ਸੁਹਾਵਣਾ ਤੇ "ਬੇਗ਼ਮ ਪੁਰਾ" ਦਿਸ ਆਉਣਾ ਚਾਹੀਦਾ ਸੀ।

ਜਿਵੇਂ ਸੰਸਾਰ ਦੀ ਪਦਾਰਥਕ (ਪ੍ਰਕ੍ਰਿਤਿਕ) ਰਚਨਾ ਵਿਚ ਇਸ ਦੇ ਰਚਨਹਾਰ ਨੇ—

ਪਉਣੁ ਉਪਾਇ ਧਰੀ ਸਭ ਧਰਤੀ, ਜਲ ਅਗਨੀ ਕਾ ਬੰਧੁ ਕੀਆ ॥੧॥

[ਆਸਾ ਮ: ੧, ਪੰਨਾ ੩੫੦

ਵਾਲੀ ਵਚਿੱਤਰ ਖੇਡ ਵਰਤਾ ਛੱਡੀ ਹੈ, ਉਸੇ ਤਰ੍ਹਾਂ ਮਨੁੱਖ ਦੀ ਮਾਨਸਕ ਜਾਂ ਮਨੋ-ਵਿਗਿਆਨਕ ਬਣਤਰ ਵਿਚ ਵੀ ਕਈ ਪ੍ਰਕਾਰ ਦੇ ਵਿਰੋਧੀ ਭਾਵ

ਇਕੱਠੇ ਕਰ ਰੱਖੇ ਹਨ । ਵੈਸੇ, ਮਨੁੱਖ ਭਾਈਚਾਰਕ ਜੀਵ (Social being) ਵੀ ਹੈ, ਪਰੰਤੂ ਨਾਲ ਹੀ ਹਉਮੈ ਤੇ ਖੁਦ-ਪਸੰਦੀ ਅਧੀਨ ਹੋਇਆ ਸਮਝੀ ਬੈਠਾ ਹੈ ਕਿ—

'ਹਮ ਚੂ ਮਨ, ਦੀਗਰੇ ਨੇਸਤ'

[ਭਾਵ—ਮੇਰੇ ਵਰਗਾ ਦੂਸਰਾ ਕੋਈ ਨਹੀਂ ।]

ਇਸ ਨੂੰ 'ਏਕੇ' ਤੋਂ ਉਖੇੜਨ ਲਈ ਹਉਮੈ ਤੇ ਕੂੜ ਦੀਆਂ ਅਸੁਰੀ ਸ਼ਕਤੀਆਂ—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਦਵੈਖ, ਸੁਆਰਥ, ਜਬਰ, ਠੱਗੀ ਆਦਿ ਦਾ ਇਕ ਵੱਡਾ ਲਾਓ ਲਸ਼ਕਰ ਹਰ ਵੇਲੇ ਘਾਤ ਲਾਈ ਰਖਦਾ ਤੇ ਇਸ ਨੂੰ ''ਏਕੇ'' ਨਾਲ ਜੁੜ ਕੇ 'ਆਪੇ' 'ਚੋਂ ਸੌਖੀ ਨਹੀਂ ਪੈਣ ਦੇਂਦਾ ।

ਸਵਾਲ ਪੈਦਾ ਹੁੰਦਾ ਹੈ ਕਿ ਫਿਰ ਮਨੁੱਖ ਦੀ ਇਹ ਸਮੱਸਿਆ ਹੱਲ ਕਿਵੇਂ ਹੋਵੇ ? ਇਹ ਕਿਵੇਂ ਭਗਤ ਰਵਿਦਾਸ ਜੀ ਵਲੋਂ ਉਲੀਕੇ 'ਬੇਗਮਪੁਰੇ'* ਦਾ ਵਾਸੀ ਹੋਵੇ ? ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਲੇਮੀ ਰਾਜ** ਦਾ ਇਹਦਾ ਸੁਨਹਿਰੀ ਸੁਪਨਾ ਕਿਵੇਂ ਸਾਕਾਰ ਹੋਵੇ ?

ਇਨ੍ਹਾਂ ਪ੍ਰਸ਼ਨਾਂ ਦਾ ਉੱਤਰ '੧ ਓ ਸਤਿ' ਦੇ 'ਏਕੇ' ਵਿਚੋਂ ਮਿਲਦਾ

---

* ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ, ਖਿਰਾਜੁ ਨ ਮਾਲੁ ॥ ਖਉਫੁ ਨ ਖਤਾ, ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ, ਸਦਾ ਮੇਰੇ ਭਾਈ ॥ ੧॥ਰਹਾਉ॥

ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥
[ਗਉੜੀ ਰਵਿਦਾਸ ਜੀ, ਪੰਨਾ ੩੪੫

**ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥
ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ, ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥
[ਸਿਰੀ ਰਾਗੁ ਮ: ੫, ਪੰਨਾ ੭੪

ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਇਸ ਦੇਸ਼ ਅਥਵਾ ਸੰਸਾਰ ਵਿਚ ਸਭ ਕੁਝ ਸੀ, ਪਰੰਤੂ 'ਏਕੇ' ਦਾ ਅਭਾਵ ਸੀ । ਮਜ਼ਹਬੀ ਆਗੂ ਸਚ-ਰੂਪੀ ਏਕੇ ਨੂੰ ਕਿਨਾਰੇ ਰੱਖ ਕੇ ਆਪਸ ਵਿਚ ਖਹਿ ਖਹਿ ਮਰ ਰਹੇ ਸਨ। ਖੁਦੀ, ਬਖੀਲੀ, ਤਕੱਬਰੀ, ਖਿਚੋਤਾਣ ਤੇ ਸੀਨਾ-ਜ਼ੋਰੀ ਸਿਖਰਾਂ ਉਤੇ ਸੀ।† ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਗਟੇ। ਉਨ੍ਹਾਂ ਭੁਲੀ ਭਟਕੀ ਲੋਕਾਈ ਨੂੰ ਇਕ ਵਾਹਿਗੁਰੂ ਦੇ ਲੜ ਲਾਇਆ ਤੇ ਤਾਲੋਂ ਘੁੱਥੇ ਮਨੁੱਖ ਨੂੰ ਪਿਆਰ-ਰੂਪੀ 'ਏਕਤਾ' ਦੀ ਸਮ੍ਹਾ ਜਗਾਉਣ ਦੀ ਜੁਗਤੀ ਦੱਸੀ । ਸਮਝਾਇਆ ਕਿ ਉਸਦੇ ਸਾਰੇ ਦੁੱਖਾਂ ਦਾ ਕਾਰਨ ਉਸ ਦੀ ਖਿੰਡਾਓ-ਭਰਪੂਰ ਬਾਹਰ-ਮੁਖੀ ਬਿਰਤੀ ਹੈ; ਸੁਖ ਏਕਤਾ ਵਾਲੀ ਅੰਤਰ-ਮੁਖੀ ਰੁਚੀ ਧਾਰਨ ਵਿਚ ਹੈ । ਹਰੀ-ਮਰਕਜ਼ (ਕੇਂਦਰ) ਅਥਵਾ 'ਏਕੇ ਦੀ ਇਕਾਈ' ਨਾਲ ਜੁੜਨ ਵਿਚ ਸਦ-ਜੀਵਨ ਹੈ ਅਤੇ ਵਿਛੜੇ ਵਿਚ ਮੌਤ, ਜੀਉਂਦੇ-ਜੀ ਮੌਤ ਤੇ ਚਉਰਾਸੀ ਦਾ ਗੇੜ ।* ਸੁ-ਵੈਦ ਸਤਿਗੁਰੂ ਨੇ ਮਨੁੱਖ ਤੋਂ ਮਨੁੱਖ ਨੂੰ ਪਾੜਨ ਵਾਲੇ ਸਭ ਆਈਨ ਮਨਸੂਖ ਕਰ ਦਿਤੇ । ਏਕੇ ਦੇ ਆਸ਼ਕ ਤੇ 'ਇਕ' ਦੇ ਉਪਾਸ਼ਕ ਸਤਿਗੁਰੂ ਨੇ ਐਲਾਨ ਕੀਤਾ ਕਿ ਹੁਣ ਇਕੋ ਰੱਬ ਦੇ ਬੰਦਿਆਂ ਤੇ ਖਾਲਕਾਂ ਦੇ ਦੇਹੁਰੇ, ਇਸ਼ਟ ਦੇਵ, ਰੀਤਾਂ-ਰਸਮਾਂ, ਜਾਤਾਂ-ਪਾਤਾਂ, ਰੋਟੀ-ਪਾਣੀ, ਤੁਰਨ-ਫਿਰਨ ਵਾਲੇ ਰਸਤੇ ਅਤੇ ਸੰਗਤਾਂ-ਪੰਗਤਾਂ ਵੱਖ ਵੱਖ ਨਹੀਂ ਹੋਣਗੀਆਂ । ਇਸ ਤਰ੍ਹਾਂ ਗੁਰਦੇਵ ਨੇ ਖਾਲਕ ਦੀ ਕੁਲ ਮਖਲੂਕ ਨੂੰ ਏਕੇ ਉਤੇ ਕੇਂਦਰਤ ਕਰਨ ਦਾ

---

† ਚਾਰਿ ਵਰਨ ਚਾਰਿ ਮਜਹਬਾ ਜਗ ਵਿਚਿ ਹਿੰਦੂ ਮੁਸਲਮਾਣੇ ॥
ਖੁਦੀ ਬਖੀਲਿ ਤਕੱਬਰੀ ਖਿੱਚੋਤਾਣ ਕਰੇਨਿ ਧਿਙਾਣੇ ॥ ... ...
ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ ॥੨੧॥
[ਭਾਈ ਗੁਰਦਾਸ ਜੀ, ਵਾਰ ੧

*(ੳ) ਕੌਮੋਂ ਕੇ ਲੀਏ ਮੌਤ ਹੈ, 'ਮਰਕਜ਼' ਸੇ ਜੁਦਾਈ ।
ਹੋ ਸਾਹਿਬਿ ਮਰਕਜ਼, ਤੋ ਖੁਦੀ ਕਿਆ ਹੈ ? ਖੁਦਾਈ । [ਇਕਬਾਲ

(ਅ) ਦੋਇ ਪੁੜ ਚਕੀ ਜੋੜਿ ਕੇ, ਪੀਸਣ ਆਇ ਬਹਿਠੁ ॥
ਜੋ ਦਰਿ ਰਹੇ ਸੁ ਉਬਰੇ, ਨਾਨਕ ਅਜਬੁ ਡਿਠੁ ॥੧॥੧੧॥
ਸਲੋਕੁ ਮ: ੧, ਵਾਰ ਮਾਝ ਕੀ, ਪੰਨਾ ੧੪੨

ਰਚੀ, ਬੇਮਿਸਾਲ ਓ ਤੇ ਇਨਕਲਾਬੀ ਪ੍ਰੋਗਰਾਮ ਉਲੀਕਿਆ ਅਤੇ ਇਸ ਦਾ ਅਰੰਭ 'ਓ ਸਤਿ' ਦੇ ਮੂਹਰੇ '੧' ਅੰਗ ਅੰਕਿਤ ਕਰ ਕੇ ਕੀਤਾ। ਏਸੇ ਵਿਚ ਹੀ ਬਾਬੇ ਦੀ ਅਦੁੱਤੀ ਉੱਚਤਾ ਤੇ ਸਫ਼ਲਤਾ ਦਾ ਭੇਦ ਸੀ। ਇਸੇ 'ਏਕੇ' ਦੇ ਫਲ ਵਜੋਂ ਹੀ ਬਾਬਾ ਇਹ ਆਖ ਕੇ ਸਗਲੀ ਧਰਤੀ ਸੋਧਣ ਚੜ੍ਹਿਆ ਸੀ ਕਿ 'ਨਾ ਕੋਈ ਹਿੰਦੂ ਨ ਮੁਸਲਮਾਨ।'

(ਅ) ਓ:–

ਸੰਸਕ੍ਰਿਤ ਦੇ ਸ਼ਬਦ 'ਓਮ' ਨੂੰ ਇਹ 'ਓ' ਵਾਲਾ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਿੱਤਾ ਹੈ। 'ਗੁਰ ਸ਼ਬਦ ਰਤਨਾਕਰ' ਅਨੁਸਾਰ 'ਓਮ' ਦਾ ਮੂਲ, 'ਅਵ' ਧਾਤੂ ਹੈ। ਇਸ ਦਾ ਅਰਥ ਹੈ—ਰੱਖਿਆ ਕਰਨਾ, ਬਚਾਉਣਾ, ਤ੍ਰਿਪਤ ਹੋਣਾ, ਫੈਲਣਾ, ਆਦਿ। 'ਓਅੰ ਸ਼ਬਦ ਸਭ ਦੀ ਰੱਖਿਆ ਕਰਨ ਵਾਲੇ ਕਰਤਾਰ ਦਾ ਬੋਧਕ ਵੀ ਹੈ।' ਓਅੰਕਾਰ ਸ਼ਬਦ ਦਾ ਅਰਥ ਹੈ—'ਓਅੰ ਧੁਨਿ'। ਇਹ ਪ੍ਰਭੂ-ਪਸਾਰੇ ਅਥਵਾ ਪ੍ਰਭੂ-ਆਸਰਤ੍ਵ ਦੀ ਧੁਨੀ ਹੈ। ਸੰਸਕ੍ਰਿਤ ਦੇ ਵਿਦਵਾਨਾਂ ਨੇ ਓ-ਅ-ਮ ਤਿੰਨਾਂ ਅੱਖਰਾਂ ਨੂੰ ਬ੍ਰਹਮਾ, ਬਿਸਨ, ਸ਼ਿਵ ਮੰਨ ਕੇ 'ਓਮ' ਨੂੰ ਤ੍ਰਿਦੇਵ ਰੂਪ ਕਰਕੇ ਕਲਪਿਆ ਹੈ, ਪਰੰਤੂ ਗੁਰਮਤਿ ਵਿਚ ਓਅੰ ਦੇ ਮੁਢ ਏਕਾ ਅੰਗ ਲਿਖ ਕੇ ਸਿੱਧ ਕੀਤਾ ਗਿਆ ਹੈ ਕਿ ਕਰਤਾਰ ਇੱਕ ਹੈ। (ਇਸ ਨੂੰ ਤਿੰਨਾਂ ਦੇਵਤਿਆਂ ਵਿਚ ਵੰਡਣਾ ਗੁਰਮਤਿ ਅਨੁਕੂਲ ਨਹੀਂ)।"

ਏਕਾ ਏਕੰਕਾਰੁ ਲਿਖਿ ਦੇਖਾਲਿਆ ॥
ਊੜਾ ਓਅੰਕਾਰੁ ਪਾਸਿ ਬਹਾਲਿਆ ॥ [ਭਾਈ ਗੁਰਦਾਸ ਜੀ

ਇਸ ਤੋਂ ਛੁਟ 'ਓਮ' ਦੇ ਅਰਥ—ਹਾਂ, ਅੱਛਾ ਜਾਂ ਤਥਾ-ਅਸਤੁ (ਐਸਾ ਹੀ ਹੋਵੇ) ਵੀ ਕੀਤੇ ਜਾਂਦੇ ਹਨ। 'ਓਮ' ਉਸ ਹਸਤੀ ਦਾ ਲਖਾਇਕ ਵੀ ਹੈ ਜੋ ਓ ਇਕ ਰੱਸ ਰਹੇ।

'ਓ ਸਤਿ' ਤੋਂ ਪਹਿਲਾਂ ਗੁਰੂ ਜੀ ਨੇ '੧' ਅੰਗ ਲਿਖ ਕੇ ਇਹ

ਪ੍ਰਗਟ ਕੀਤਾ ਹੈ ਕਿ 'ਸਾਚਾ ਨਿਰੰਕਾਰੁ ਨਿਜ ਥਾਇ।' ਭਾਵ–(੧) 'ਅਪਰੰਪਰ ਪਾਰਬ੍ਰਹਮ' ਨਿਜ ਸਰੂਪ ਵਿਚ ਇਸਥਿਤ ਹੈ, ਪਰੰਤੂ ਉਹ ਇਕੋ ਸਮੇਂ ਨਿੱਜ-ਸਰੂਪ ਵਿਚ ਇਸਥਿਤ ਹੁੰਦਾ ਹੋਇਆ (੨) 'ਵਿਆਪਕ' ਵੀ ਹੈ–

੧. ਏਕੰਕਾਰੁ ਨਿਰੰਜਨੁ ਨਿਰਭਉ (੧) ਅਪਰੰਪਰ ਪਾਰਬ੍ਰਹਮ
੨. ਸਭ ਜਲਿ ਥਲਿ ਰਹਿਆ ਸਮਾਈ ॥੨੦॥ (੨) ਵਿਆਪਕ

[ਰਾਮਕਲੀ ਮ: ੫, ਪੰਨਾ ੯੧੬

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਵੀਚਾਰ ਅਨੁਸਾਰ "ਗੁਰੂ ਜੀ ਨੇ 'ਓ' ਅੱਖਰ ਨੂੰ ਪਹਿਲਾ ਥਾਂ ਦਿਤਾ ਹੈ। ਰਾਗਾਂ ਸੁਰਾਂ ਵਿਚ 'ਓ' ਨੂੰ ਸਰੋਮਣੀ ਸੁਰ ਥਾਪਿਆ ਹੈ। ਇਸ ਕਰਕੇ ਇਸ ਦਾ 'ਓ' ਰੂਪ ਬਣਾ ਕੇ ਆਪਣੇ ਅਗਮ ਅਗੋਚਰ ਤੇ ਨਿਰਾਲੇ ਏਕੰਕਾਰ ਨੂੰ ਘੱਟ ਘੱਟ ਦਾ ਵਾਸੀ ਤੇ ਸਾਰੀ ਰਚਨਾ ਦਾ ਮੁਢ, ਮੂਲ ਅਤੇ ਫੇਰ ਸਾਰੇ ਪਸਾਰੇ ਵਿਚ ਵਿਆਪਕ ਕਰਤਾ ਦਸਣ ਲਈ '੧' ਦੇ ਨਾਲ ਲਾ ਦਿਤਾ।"

[ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ

ਉਪਰੋਕਤ ਵੀਚਾਰ ਦੀ ਪੁਸ਼ਟੀ ਵਿਚ ਭਾਈ ਸਾਹਿਬ ਨੇ ਇਹ ਢੁਕਵੇਂ ਪ੍ਰਮਾਣ ਦਿਤੇ ਹਨ :–

੧. ਆਪੀਨ੍ਹੈ ਆਪੁ ਸਾਜਿਓ, '੧'
ਆਪੀਨ੍ਹੈ ਰਚਿਓ ਨਾਉ ॥ 'ਓ'
੨. ਦੁਯੀ ਕੁਦਰਤਿ ਸਾਜੀਐ 'ਸ੍ਰਿਸ਼ਟੀ'
ਕਰਿ ਆਸਣੁ ਡਿਠੋ ਚਾਉ ॥ 'ਦ੍ਰਿਸ਼ਟਾ'

ਭਾਈ ਗੁਰਦਾਸ ਜੀ ਅਨੁਸਾਰ–

੧. ਗੁਰਮੁਖਿ ਏਕੰਕਾਰੁ ਆਪਿ ਉਪਾਇਆ ॥ '੧'
੨. ਓਅੰਕਾਰਿ ਅਕਾਰੁ ਪਰਗਟੀ ਆਇਆ ॥ 'ਓ'
੩. ਪੰਜ ਤਤ ਵਿਸਥਾਰੁ ਚਲਤੁ ਰਚਾਇਆ ॥) 'ਸ੍ਰਿਸ਼ਟੀ'
ਖਾਣੀ ਬਾਣੀ ਚਾਰਿ ਜਗਤੁ ਉਪਾਇਆ ॥)

ਸ੍ਰੀ ਗੁਰੂ ਨਾਨਕ ਦੇਵ ਜੀ 'ੴ' ਨੂੰ ਸਾਰੀ ਰਚਨਾ ਦਾ ਰਚਨਹਾਰ ਅਥਵਾ ਕਰਤਾ ਮੰਨਦੇ ਹਨ। ਗੁਰਵਾਕ ਹਨ—

ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ* ॥
ਓਅੰਕਾਰਿ ਸੈਲ** ਜੁਗ| ਭਏ ॥ ਓਅੰਕਾਰਿ ਬੇਦ ਨਿਰਮਏ‡ ॥
ਓਅੰਕਾਰਿ ਸਬਦਿ() ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥
ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ ॥੧॥
[ਰਾਮਕਲੀ ਮ: ੧, ਪੰਨਾ ੯੨੯-੩੦

(ਨੋਟ—ਓਅੰਕਾਰਿ—ਪ੍ਰਭੂ ਦੁਆਰਾ; ਓਅੰਕਾਰੁ—ਪ੍ਰਭੂ ਨੇ; ਦੋਹਾਂ ਦੇ ਜੋੜਾਂ ਨੂੰ ਵੇਖੋ। ਦੋਵੇਂ ਨਾਂਵ ਹਨ, ਪਰ ਪਹਿਲਾ "ਕਰਣ ਕਾਰਕ" ਵਿਚ ਹੈ, ਜਦ ਕਿ ਦੂਜਾ "ਕਰਮ ਕਾਰਕ" ਵਿਚ।)

ਏਸੇ ਸਬੰਧ ਵਿਚ ਤੀਜੇ, ਪੰਜਵੇਂ ਤੇ ਦਸਵੇਂ ਗੁਰੂ ਜੀ ਦੇ ਇਹ ਵਾਕ ਵੀ ਇਸ ਹਕੀਕਤ ਦੀ ਪੁਸ਼ਟੀ ਕਰਦੇ ਹਨ ਕਿ ੴ ਹੀ ਸਭ ਦਾ ਕਰਤਾ ਅਥਵਾ ਆਦਿ ਹੈ—

੧. ਓਅੰਕਾਰਿ ਸਭ ਸ੍ਰਿਸਟਿ ਉਪਾਈ ॥੨॥ [ਮਾਰੂ ਮ: ੩, ਪੰ: ੧੦੬੧

੨. ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥੧॥
[ਮਾਰੂ ਮ: ੫, ਘਰੁ ੪, ਪੰਨਾ ੧੦੦੩

੩. ਓਅੰਕਾਰ ਆਦਿ ॥ ਕਥਨੀ ਅਨਾਦਿ ॥੧੬੬॥ [ਜਾਪੁ ਸਾਹਿਬ

੪. ਪ੍ਰਿਥਮ ਕਾਲ ਜਬ ਕਰਾ ਪਸਾਰਾ ॥
ਓਅੰਕਾਰ ਤੇ ਸ੍ਰਿਸਟ ਉਪਾਰਾ ॥੧੦॥ (੨) [ਬਚਿਤ੍ਰ ਨਾਟਕ

ਉਪਰੋਕਤ ਪ੍ਰਮਾਣਾਂ ਤੋਂ ਇਹ ਗੱਲ ਵੀ ਸਪੱਸ਼ਟ ਹੋ ਜਾਂਦੀ ਹੈ ਕਿ 'ੴ' ਦਾ ਉਚਾਰਨ 'ਓਅੰਕਾਰ' ਹੈ। ਪਰੰਤੂ 'ਓਅੰ' ਨਾਲ ਉਚਾਰਨ ਕੀਤੀ ਜਾਂਦੀ 'ਕਾਰ' ਦਾ ਅਰਥ ਜਿਵੇਂ ਭਾਈ ਸਾਹਿਬ ਡਾ: ਕਾਨ੍ਹ

---

*ਚੇਤਨ ਸ੍ਰਿਸ਼ਟੀ। **ਦੇਸ਼। |ਵਿਖੇ। ‡ਰਚੇ ਗਏ।
()ਸ਼ਬਦ ਦੇ ਸਿਮਰਨ ਰਾਹੀਂ।

ਸਿੰਘ ਜੀ 'ਪੂਰੀ' ਕਰਦੇ ਹਨ, ਉਥੇ ਭਾਈ ਸਾਹਿਬ ਡਾ: ਵੀਰ ਸਿੰਘ ਜੀ ਨੇ ਸੰਪ੍ਰਦਾਈ ਵਿਦਵਾਨਾਂ ਅਨੁਸਾਰ ਇਸ ਦੇ ਅਰਥ 'ਕੇਵਲ' ਕੀਤੇ ਹਨ। ਭਾਵ ਹੈ—'ਕੇਵਲ ਓਅੰ'। ਪਹਿਲੇ ਅਰਥ ਵਧੇਰੇ ਉਪਯੋਗ ਹਨ।

(ੲ) 'ਸਤਿ' :—

'ੴ' ਜੋ ਮੂਲ ਮੰਤਰ ਦੇ ਮੁਢ ਵਿਚ ਹੈ, ਦੀ ਸੰਖੇਪ ਜਿਹੀ ਵਿਆਖਿਆ ਉਪਰ ਆ ਚੁਕੀ ਹੈ। ਗੁਰੂ ਜੀ ਨੇ 'ਓ' ਦੇ ਮੁਢ ਵਿਚ '੧' ਰਖ ਕੇ ਇਸ ਨੂੰ ਨਵਾਂ ਤੇ ਸੰਪੂਰਨ ਰੂਪ ਦਿਤਾ, ਜੋ ਸਿਖ-ਜਗਤ ਵਿਚ 'ਬੀਜ ਮੰਤਰ' ਜਾਣਿਆ ਤੇ ਮੂਲ ਮੰਤਰ ਦੇ ਮੁਢ ਵਿਚ ਹੋਣ ਕਰਕੇ ਆਪਣੇ ਆਪ ਹੀ ਜਪਿਆ ਜਾਣ ਲਗਾ। ਹੁਣ ਲਵੋ, ਪਦ 'ਸਤਿ' ਨੂੰ।

'ੴ' ਉਪਰੰਤ ਜੋ ਪਹਿਲਾ ਪਦ ਮੂਲ ਮੰਤਰ ਵਿਚ ਆਇਆ ਹੈ, ਉਹ 'ਸਤਿ' ਹੈ। 'ਸਤਿ' ਜਾਂ 'ਸੱਚ' ਮਨੁੱਖ ਦੀ ਜੀਵਨ-ਨਈਆ ਨੂੰ ਸੰਸਾਰ-ਸਾਗਰ ਵਿਚੋਂ, ਜਿਸ ਵਿਚ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੀਆਂ ਛੱਲਾਂ ਅਤੇ ਈਰਖਾ, ਦਵੈਖ ਤੇ ਕੂੜ-ਕੁਸੱਤ ਦੇ ਥੱਪੜ ਪੈ ਰਹੇ ਹਨ, ਪਾਰ ਲਾਉਣ ਲਈ ਓਵੇਂ ਹੀ ਜ਼ਰੂਰੀ ਵਸਤੂ ਹੈ, ਜਿਵੇਂ ਸਮੁੰਦਰੀ ਜਹਾਜ਼ਾਂ ਲਈ ਅੰਨ੍ਹੇਰੇ ਤੂਫ਼ਾਨਾਂ ਵਿਚਦੀ ਲੰਘ ਕੇ ਮਿਥੀ ਮੰਜ਼ਲ ਉਤੇ ਪੁੱਜਣ ਲਈ 'ਕੰਪਾਸ'। ਏਸੇ ਲਈ 'ਸਤਿ' ਪਦ ਨੂੰ 'ੴ' ਤੋਂ ਬਾਅਦ ਮੂਲ ਮੰਤਰ ਵਿਚ ਉਹ ਅਸਥਾਨ ਪ੍ਰਾਪਤ ਹੈ ਜੋ ਅਕਾਲ ਪੁਰਖ ਨਾਲ ਸੰਬੰਧਤ ਹੋਰ ਕਿਸੇ ਪਦ ਨੂੰ ਨਹੀਂ।

'ਸਤਿ' ਪਦ ਅਸਲ ਵਿਚ '੧' ਦਾ ਟੀਕਾ ਅਥਵਾ ''ਅਕਾਲ ਪੁਰਖ'' ਦਾ ਹੀ ਦੂਜਾ ਨਾਂ ਹੈ। ਗੁਰੂ ਜੀ ਮੂਲ ਮੰਤਰ ਉਚਾਰਨ ਉਪਰੰਤ ਜੋ ਕਿਸੇ ਸ਼ਬਦ ਰਾਹੀਂ ਅਕਾਲ ਪੁਰਖ ਦੀ ਵਿਆਖਿਆ ਅਥਵਾ ਪਰਿਭਾਸ਼ਾ ਕਰਦੇ ਹਨ ਤਾਂ ਉਹ 'ਸਤਿ' ਜਾਂ 'ਸਚ' ਹੀ ਹੈ—

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ, ਨਾਨਕ, ਹੋਸੀ ਭੀ ਸਚੁ ॥ [ਜਪੁਜੀ

ਉਪਰੋਕਤ ਸਿਫ਼ਤ ਵਾਲੀ ਹਸਤੀ ਇੱਕ, ਕੇਵਲ ਇੱਕ ਹੈ, ਜਿਸ ਨੂੰ ਗੁਰਦੇਵ ਨੇ ਆਦਿ ਵਿਚ '੧ਓ' ਕਰ ਕੇ ਲਖਾਇਆ ਹੈ। ਇਸ ਤਰ੍ਹਾਂ '੧ਓ' ਤੇ 'ਸਤਿ' ਅਭੇਦ ਹਨ।

ਗੁਰੂ ਜੀ ਨੇ ਅਕਾਲ ਪੁਰਖ, ਵਾਹਿਗੁਰੂ, ਹਰੀ ਆਦਿ ਸਮਾਨ-ਅਰਥਕ ਸ਼ਬਦਾਂ ਤੋਂ ਬਾਅਦ ਜਿਤਨਾ ਜ਼ੋਰ 'ਸੱਚ' ਉਤੇ ਦਿਤਾ ਅਤੇ ਇਸ ਪਦ ਦੀ ਵਰਤੋਂ ਕੀਤੀ ਹੈ, ਉਤਨੀ ਹੋਰ ਕਿਸੇ ਪਦ ਦੀ ਨਹੀਂ। ਸੱਚ ਦੀ ਅਣਹੋਂਦ ਦਾ ਨਾਂ ਹੀ ਕੂੜ ਹੈ. ਸਚ ਦੇ ਅਭਾਵ ਉਤੇ ਕੂੜ ਕੀ ਕੀ ਕਾਰੇ ਵਰਤਾਉਂਦਾ ਹੈ, ਜ਼ਰਾ ਗੁਰੂ-ਬਾਬੇ ਦੇ ਆਪਣੇ ਸ਼ਬਦਾਂ ਵਿਚ ਵੀ ਵਾਚੋ :—

[ੳ] ਮਾਣਸ ਖਾਣੇ ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥
ਉਨ੍ਹਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥
ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥
ਨਾਨਕ ਕੂੜੁ ਰਹਿਆ ਭਰਪੂਰਿ ॥
[ਆਸਾ ਦੀ ਵਾਰ, ਪੰਨਾ ੪੭੧

[ਅ] ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ, ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥
[ਮ: ੧, ਵਾਰ ਮਾਝ, ਪੰਨਾ ੧੪੫

[ੲ] ਕਾਦੀ ਕੂੜੁ ਬੋਲਿ ਮਲੁ ਖਾਇ ॥
ਬ੍ਰਾਹਮਣੁ ਨਾਵੈ ਜੀਆ ਘਾਇ ॥

ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥੨॥੭॥

[ਧਨਾਸਰੀ ਮ: ੧, ਪੰਨਾ ੬੬੨

[ਜ] ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥
ਨਾਨਕੁ ਵਖਾਣੈ ਬੇਨਤੀ, ਤੁਧੁ ਬਾਝੁ ਕੂੜੋ ਕੂੜੁ ॥੧॥

[ਆਸਾ ਦੀ ਵਾਰ, ੪੬੮

[ਝ] ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚੁ ਬਿਨਾ ॥

[ਧਨਾਸਰੀ ਮ: ੧ ਛੰਤ, ਪੰਨਾ ੬੮੭

(ਵੇਖੋ, ਏਥੇ 'ਨਾਮੁ' ਤੇ 'ਸਚੁ' ਪਦ ਕਿਵੇਂ ਸਮਾਨ ਅਰਥਾਂ ਵਿਚ ਵਰਤੇ ਗਏ ਹਨ।)

[ਟ] ਸਰਮੁ ਧਰਮੁ ਦੁਇ ਛਪਿ ਖਲੋਏ,
ਕੂੜੁ ਫਿਰੈ ਪਰਧਾਨੁ ਵੇ ਲਾਲੋ ॥

[ਤਿਲੰਗ ਮ: ੧, ਪੰਨਾ : ੭੨੨

ਬਾਬੇ ਦੀ ਬਾਣੀ ਵਿਚੋਂ ਲਏ ਕੁਝ ਕੁ ਉਪਰੋਕਤ ਪਰਮਾਣਾਂ ਨੂੰ ਗਹੁ ਨਾਲ ਘੋਖਣ ਤੋਂ ਸਾਫ਼ ਪਤਾ ਲਗਦਾ ਹੈ ਕਿ ਸੱਚ ਦੇ ਅਭਾਵ ਅਥਵਾ ਕੂੜ ਦੀ ਪ੍ਰਧਾਨਤਾ ਵਿਚ ਮਨੁੱਖੀ ਸਮਾਜ ਦੀ ਖਿੱਚੀ ਤਸਵੀਰ ਕਿਤਨੀ ਘਿਣਾਉਣੀ ਅਤੇ ਦਿਲ-ਕੰਬਾਊ ਹੈ। ਨਿਰੰਕਾਰੀ ਬਾਬੇ ਦੇ ਆਗਮਨ ਸਮੇਂ ਸੱਚ ਨੂੰ ਕਿਨਾਰੇ ਰਖ ਕੇ ਮਨੁੱਖ ਨੂੰ ਅਗਵਾਈ ਤੇ ਪ੍ਰਕਾਸ਼ ਦੇਣ ਦੇ ਦਾਅਵੇਦਾਰ—ਬ੍ਰਾਹਮਣ ਤੇ ਕਾਜ਼ੀ—ਆਪਸ ਵਿਚਦੀ ਸੁਕੇ ਕਖਾਂ ਵਾਂਗ ਖਹਿ ਖਹਿ ਦਗਧ ਹੋ ਰਹੇ ਸਨ। ਇਸ ਦਾ ਵਾਹਿਦ ਇਲਾਜ ਸੀ—ਸੱਚ ਦਾ ਬੋਲ-ਬਾਲਾ ਕਰਨਾ। ਸੋ ਕੁਲ ਮਖਲੂਕ ਲਈ ਦਰਦ-ਮੰਦ ਦਿਲ ਰਖਣ ਵਾਲੇ ਨਿਰੰਕਾਰੀ ਗੁਰੂ ਨਾਨਕ ਨੇ '੧ਓ' ਦੀ ਪੂਜਾ, ਸੱਚ ਦੀ ਪ੍ਰਾਪਤੀ ਤੇ ਸੱਚੇ-ਸੁੱਚੇ ਚਲਣ ਉਤੇ ਜ਼ੋਰ ਦਿਤਾ ਤੇ ਫ਼ੁਰਮਾਇਆ :—

ਮਨ ਹਠ ਬੁਧੀ ਕੇਤੀਆ, ਕੇਤੇ ਬੇਦ ਬੀਚਾਰ ॥
ਕੇਤੇ ਬੰਧਨ ਜੀਅ ਕੇ, ਗੁਰਮੁਖਿ ਮੋਖ ਦੁਆਰ ॥
ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ ॥੫॥
[ਸਿਰੀ ਰਾਗੁ ਮ: ੧, ਪੰਨਾ ੬੨

ਹੋਰ ਫੁਰਮਾਇਆ :—

ਹਿਰਦੈ ਸਚੁ, ਏਹ ਕਰਣੀ ਸਾਰੁ ॥
ਹੋਰੁ, ਸਭੁ ਪਾਖੰਡੁ, ਪੂਜ ਖੁਆਰੁ ॥੬॥
[ਪ੍ਰਭਾਤੀ ਮ: ੧, ਪੰਨਾ ੧੩੪੪

ਜਿਵੇਂ '੧ਓ' ਕਦੀ ਪੁਰਾਣਾ ਨਹੀਂ ਹੁੰਦਾ ਤਿਵੇਂ 'ਸਤਿ' ਜੋ ਉਸੇ ਦਾ ਸਰੂਪ ਤੇ ਵਾਚਕ ਹੈ, ਕਦੀ ਪੁਰਾਣਾ ਨਹੀਂ ਥੀਂਦਾ। ਇਸ ਹਕੀਕਤ ਨੂੰ ਗੁਰੂ ਜੀ ਨੇ ਇਉਂ ਦਰਸਾਇਆ ਹੈ :—

ਸਚੁ ਪੁਰਾਣਾ ਹੋਵੈ ਨਾਹੀ, ਸੀਤਾ ਕਦੇ ਨ ਪਾਟੈ ॥
ਨਾਨਕ, ਸਾਹਿਬੁ ਸਚੋ ਸਚਾ, ਤਿਚਰੁ ਜਾਪੀ ਜਾਪੈ ॥੧॥
[ਸਲੋਕ ਮ: ੧, ਰਾਮਕਲੀ ਕੀ ਵਾਰ, ੯੫੫-੫੬

ਸੱਚਾਈ ਕਿਉਂਕਿ ਦੇਸ਼-ਕਾਲ ਦੀ ਹੱਦ ਤੋਂ ਉਪਰ ਹੈ, ਇਸ ਲਈ '੧ਓ' ਦੀ ਲੋਅ ਵਿਚ ਤੁਰਨ ਵਾਲੇ ਬੰਦਿਆਂ ਦੇ ਵੀਚਾਰ, ਸਦੀਵੀ ਸਿਧਾਂਤਾਂ ਬਾਰੇ, ਕੋਈ ਅੰਤਰ ਨਹੀਂ ਰਖਦੇ। 'ਸੌ ਸਿਆਣਿਆਂ ਇਕ ਮਤ' ਵਾਲੀ ਗੱਲ ਹੁੰਦੀ ਹੈ। ਇਹੀ ਕਾਰਨ ਹੈ ਕਿ ਇੰਗਲੈਂਡ ਦਾ ਨੇਤਰ-ਹੀਣ ਪ੍ਰਸਿਧ ਕਵੀ ਮਿਲਟਨ ਵੀ ਇਸ ਸਚਾਈ ਨੂੰ ਇਉਂ ਹੀ ਬਿਆਨ ਕਰਦਾ ਹੈ :—

Truth is as impossible to be soiled by an outward touch as the sun-beam.

[ਭਾਵ—ਸੱਚ ਨੂੰ ਕਿਸੇ ਵੀ ਬਾਹਰੀ ਵਸਤੂ ਨਾਲ ਮੈਲਾ ਕਰਨ ਉਸੇ ਤਰ੍ਹਾਂ ਅਸੰਭਵ ਹੈ ਜਿਵੇਂ ਕਿ ਸੂਰਜ ਦੀ ਕਿਰਨ ਨੂੰ।]

ਸ਼ੇਕਸਪੀਅਰ, ਸੰਸਾਰ ਪ੍ਰਸਿਧ ਮਨੋ-ਵਿਗਿਆਨੀ ਤੇ ਮਹਾਨ

ਨਾਟਕ-ਕਾਰ ਵੀ, ਇਸ ਹਕੀਕਤ ਨੂੰ ਇਉਂ ਹੀ ਪੇਸ਼ ਕਰਦਾ ਹੈ—

Truth is truth to the end of reckoning.

[ਭਾਵ—ਸੱਚ ਪਰਲੋ ਤਕ ਸੱਚ ਹੀ ਰਹੇਗਾ।]

ਰੱਬ ਦਾ ਜ਼ਾਤੀ ਨਾਮੁ :

ਵਾਹਿਗੁਰੂ ਜੀ ਦੇ ਦੋ ਪ੍ਰਕਾਰ ਦੇ ਨਾਮ ਹਨ—ਇਕ ਜ਼ਾਤੀ ਤੇ ਦੂਜੇ ਸਿਫ਼ਾਤੀ ਜਾਂ ਕਿਰਤਮ ਨਾਮ। ਗੁਣ ਜਾਂ ਕਰਮ ਕਰਕੇ ਪਏ ਨਾਵਾਂ ਨੂੰ ਕਿਰਤਮ ਜਾਂ ਕਰਮ ਨਾਮ ਕਰਕੇ ਦਸਿਆ ਗਿਆ ਹੈ। ਉਦਾਹਰਣ ਵਜੋਂ—ਰਹੀਮ, ਕਰੀਮ, ਅਜੋਲ, ਅਗਮ, ਅਗੋਚਰ, ਅਭੰਜ, ਅਨੂਪ, ਪ੍ਰਤਿਪਾਲ, ਗਹਿਰ, ਗੰਭੀਰ ਤੇ ਬਖਸ਼ਿੰਦ ਆਦਿ ਸਭ ਕਰਮ ਨਾਮ ਹਨ। ਇਸ ਤੋਂ ਸੁਤੇ ਹੀ ਇਹ ਭਾਵ ਵੀ ਨਿਕਲਦਾ ਹੈ ਕਿ ਪ੍ਰਭੂ ਦਾ ਕੋਈ ਅਕਰਮ ਜਾਂ ਅਕਿਰਤਮ ਨਾਮ ਵੀ ਅਵੱਸ਼ ਹੋਵੇਗਾ। ਇਸ ਅਕਿਰਤਮ ਨਾਮ ਨੂੰ ਉਸ ਦਾ ਜ਼ਾਤੀ ਨਾਮ ਕਿਹਾ ਜਾ ਸਕਦਾ ਹੈ। ਗੁਰਦੇਵ ਨੇ ਪ੍ਰਭੂ ਦਾ ਜ਼ਾਤੀ ਨਾਮ ਹੋਣ ਦਾ ਇਹ ਆਲ੍ਹਾ ਤੇ ਅਦੁੱਤੀ ਰੁਤਬਾ ਵੀ 'ਸਤਿ' ਨੂੰ ਦਿਤਾ ਹੈ। ਫ਼ੁਰਮਾਨ ਹੈ :—

ਕਿਰਤਮ ਨਾਮ ਕਥੇ ਤੇਰੇ ਜਿਹਬਾ ॥
*ਸਤਿ ਨਾਮੁ ਤੇਰਾ ਪਰਾ ਪੂਰਬਲਾ** ॥ [ਪੰਨਾ ੧੦੮੩

---

*ਸਭ ਤੋਂ ਸ਼੍ਰੇਸ਼ਟ ਤੇ ਮੁਢਲਾ।

**ਗੁਰਬਾਣੀ ਵਿਚ ਆਏ ਪਰਤ ਮੰਗਲਾਂ ਵਿਚ ਪਦ 'ਨਾਮੁ' ਦੀ ਵਰਤੋਂ ਨਹੀਂ, ਪਰੰਤੂ ਬਾਕੀ ਦੇ ੩੩ ਸੰਪੂਰਨ ਮੰਗਲਾਂ, ਅਥਵਾ ਮੂਲ ਮੰਤਰਾਂ ਅਤੇ ਦਸਾਂ ਸੰਖੇਪ ਮੰਗਲਾਂ ਵਿਚ '੧ਓ ਸਤਿ' ਦੇ ਨਾਲ 'ਨਾਮੁ' ਪਦ ਦੀ ਵਰਤੋਂ ਕੀਤੀ ਗਈ ਹੈ। ਵਾਸਤਵ ਵਿਚ ੧ ਓ, ਸਤਿ, ਨਾਮੁ ਚਾਰੇ ਪਦ ਹੀ 'ਅਕਾਲ ਪੁਰਖ ਵਾਹਿਗੁਰੂ' ਦੇ ਸਰੂਪ ਦੇ ਲਖਾਇਕ ਹਨ ਅਤੇ ਬਾਅਦ ਵਿਚ ਵਰਤੇ 'ਕਰਤਾ, ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ, ਸੈਭੰ' ਪਦ ਉਸ ਦੇ ਲੱਛਣ ਅਥਵਾ ਗੁਣ ਹਨ। ਇਸ ਤੋਂ ਅਗੇ 'ਗੁਰ

(ਬਾਕੀ ਫੁਟਨੋਟ ਦੇਖੋ ਸਫ਼ਾ ੩੯੬)

ਸੋ ਇਹ ਕੁਝ ਕੁ ਅਨੁਮਾਨ ਤੇ ਝਲਕ ਹੈ ਉਸ ਤਸੱਵਰ ਤੇ ਤਖ਼ੱਯਲ ਦੀ, ਜੋ 'ਸਤਿ' ਅਥਵਾ 'ਸੱਚ' ਬਾਰੇ ਨਿਰੰਕਾਰੀ ਬਾਬੇ ਜੀ ਦੇ ਧੁਰ ਅੰਦਰ ਵਸਦੇ ਸਨ। ਜਦ ਬਾਬਾ ਜੀ ਨੇ ਜਪੁਜੀ ਵਿਚ ਵੀ ਪ੍ਰਭੂ ਦੇ ਸਦੀਵੀ ਤੇ ਮੁਢਲੇ ਗੁਣਾਂ ਦਾ ਵਿਵਰਾ ਦਿਤਾ ਹੈ ਤਾਂ ਉਸ ਨੂੰ 'ਸਤਿ,

---

(ਸਫ਼ਾ ੩੪੬ ਦੇ ਫ਼ੁਟਨੋਟ ਦੀ ਬਾਕੀ)

ਪ੍ਰਸਾਦਿ' ਹੈ। 'ਗੁਰ ਪ੍ਰਸਾਦਿ' ਦੇ ਮਤਲਬ 'ਗੁਰੂ ਦੀ ਕਿਰਪਾ ਦੁਆਰਾ' ਸੁਧ ਹਨ। 'ਗੁਰ' ਦਾ 'ਰ' ਸੰਬੰਧਕੀ ਰੂਪ ਹੋਣ ਕਰਕੇ ਮੁਕਤਾ ਅੰਤ ਹੈ ਅਤੇ 'ਪ੍ਰਸਾਦਿ' ਕਰਣ ਕਾਰਕ ਵਿਚ ਹੋਣ ਕਰਕੇ ਅਰਥ ਹਨ—ਕਿਰਪਾ ਦੁਆਰਾ। ਇਸ ਵਿਚਾਰ ਦੀ ਪ੍ਰੋੜ੍ਹਤਾ ਤੇ ਵਿਆਖਿਆ ਕਰਦੇ ਅਸੀਂ ਸੁਯੋਗ ਪਾਠਕ ਜੀ ਦਾ ਧਿਆਨ ਸੁਖਮਨੀ ਸਾਹਿਬ ਦੇ ਛੇਵੇਂ ਸਲੋਕ ਤੇ ਅਸਟਪਦੀ ਵਿਚ ਆਏ ਪਦ 'ਪ੍ਰਸਾਦੁ' ਤੇ 'ਪ੍ਰਸਾਦਿ' ਵਲ ਦਿਵਾਉਂਦੇ ਹਾਂ। ਸਲੋਕ ਵਿਚ ਇਸ ਦਾ ਰੂਪ 'ਪ੍ਰਸਾਦੁ' ਹੈ ਤੇ ਅਸਟਪਦੀ ਵਿਚ ਸਾਰੀ ਥਾਈਂ 'ਪ੍ਰਸਾਦਿ'।

ਗੁਰਬਾਣੀ ਵਿਚ ਨਾਮ ਕੇਵਲ ਸੰਗਿਆ ਦੇ ਰੂਪ ਵਿਚ ਨਹੀਂ ਵਰਤਿਆ ਗਿਆ ਹੈ। ਨਾਮ, ਨਾਮੀ—ਵਾਹਿਗੁਰੂ—ਦਾ ਹੋਣ ਕਰਕੇ ਉਸ ਨਾਲ ਅਭੇਦ ਹੈ। ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਪੁਸਤਕ 'ਗਰਬ ਗੰਜਨੀ' ਵਿਚ ਲਿਖਦੇ ਹਨ ਕਿ 'ਨਾਮ ਅਰ ਨਾਮੀ ਅਭਿਆਸ ਕਰਕੇ ਏਕ ਰੂਪ ਹੋ ਕਰ ਫੁਰਤੇ ਹੈਂ। ਗਿਆਨ ਭਏ ਤੇ ਨਾਮ ਨਾਮੀ ਏਕ ਹੀ ਹੋ ਜਾਤੇ ਹੈਂ'।

ਡਾਕਟਰ ਭਾਈ ਵੀਰ ਸਿੰਘ ਜੀ ਅਨੁਸਾਰ—ਗੁਰਬਾਣੀ ਅਨੁਸਾਰ 'ਨਾਮ' ਇਕ ਕ੍ਰਿਆ ਹੈ ਜੋ ਜਗਿਆਸੂ ਦੀ ਈਸ਼ਵਰ-ਪ੍ਰਾਪਤੀ ਦੀ ਅਰਾਧਨਾ ਤੋਂ ਲੈ ਕੇ, ਜਪ ਤੋਂ ਆਰੰਭ ਹੋ ਕੇ ਸਾਈਂ-ਮਿਲਾਪ ਤਕ ਲੈ ਜਾਂਦੀ ਹੈ।

[ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ

ਡਾਕਟਰ ਭਾਈ ਜੋਧ ਸਿੰਘ ਜੀ 'ਗੁਰਮਤਿ ਨਿਰਣਯ' ਵਿਚ ਲਿਖਦੇ ਹਨ— ਨਾਮ ਪਦ ਇਕ ਸਰਬ-ਵਿਆਪਕ ਤਾਕਤ ਹੈ, ਜੋ ਹਰ ਥਾਂ ਭਰਪੂਰ ਹੋ ਕੇ ਘਟ ਘਟ ਨੂੰ ਧਾਰ ਰਹੀ ਹੈ। ... ... ਨਾਮ ਦਾ ਸਿਮਰਨ ਨਿਰੰਕਾਰ ਦੀ ਪੂਜਾ ਹੈ। ਗੁਰਵਾਕ ਹਨ :—

(ਬਾਕੀ ਫੁਟਨੋਟ ਵੇਖੋ ਸਫ਼ਾ ੩੪੭ ਦੇ ਹੇਠ)

ਸੁਹਾਵਣ ਸਦਾ ਮਨਿ ਚਾਉ' ਕਰਕੇ ਹੀ ਦਰਸਾਇਆ ਹੈ। ਭਾਵ ਉਹ ਸਤਿ ਹੈ, ਸੁੰਦਰ ਹੈ ਤੇ ਚੇਤੰਨ ਹੈ, ਸਤਿ ਚਿਤ, ਅਨੰਦ ਹੈ। ਸ੍ਰੀ ਦਸਮੇਸ਼ ਜੀ ਵੀ ਜਾਪੁ ਸਾਹਿਬ ਵਿਚ ਜਿਥੇ ਵਾਹਿਗੁਰੂ ਦੇ ਹੋਰ ਅਨੇਕ ਕਰਮ-ਨਾਮ ਉਚਾਰਦੇ ਹਨ, ਉਥੇ ਉਸ ਨੂੰ ਜ਼ਾਤੀ (ਅਕਰਮ) ਨਾਮ ਦੇਣ ਵੇਲੇ ਸਦਾ 'ਸਚਦਾ-ਨੰਦ' ਕਰਕੇ ਸਲਾਮਦੇ ਹਨ।

ਆਸਤਕ ਜਗਤ ਦੇ ਸਮੂਹ ਮਤ-ਸੰਚਾਲਕਾਂ ਤੇ ਦਾਨਿਆਂ ਪੁਰਸ਼ਾਂ ਦਾ ਅਕਾਲ ਪੁਰਖ ਬਾਰੇ ਹੋਰ ਕਿਸੇ ਨੁਕਤੇ ਉਤੇ ਭਾਵੇਂ ਮਤਭੇਦ ਹੋਵੇ,

---

(ਸਫ਼ਾ ੧੭੬ ਦੇ ਫੁਟਨੋਟ ਦੀ ਬਾਕੀ)

(ੳ) ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥੫॥੧੬॥ [ਗਉੜੀ ਸੁਖਮਨੀ ਮ: ੫

(ਅ) ਬਿਨੁ ਨਾਵੈ ਹੋਰ ਪੂਜ ਨ ਹੋਵੀ,
ਭਰਮਿ ਭੁਲੀ ਲੋਕਾਈ ॥੭॥ [ਰਾਮਕਲੀ ਮ: ੩, ਪੰ: ੯੧੦

ਗੁਰਬਾਣੀ ਵਿਚ 'ਸਤਿ' ਅਤੇ 'ਨਾਮੁ' ਨੂੰ ਇਕੱਠਾ ਕਰਕੇ ਵੀ ਲਿਖਿਆ ਹੈ, ਅਤੇ ਇਸ ਦੇ ਜਪਣ ਦੀ ਆਗਿਆ ਕੀਤੀ ਗਈ ਹੈ —

(ੳ) ਜਪਿ ਮਨ ਸਤਿਨਾਮੁ ਸਦਾ ਸਤਿਨਾਮੁ ॥
[ਧਨਾਸਰੀ ਮ: ੪, ਪੰਨਾ ੬੭੦

(ਅ) ਸਤਿ ਰੂਪੁ ਸਤਿਨਾਮੁ ਕਰਿ, ਸਤਿਗੁਰ ਨਾਨਕ ਦੇਵ ਜਪਾਇਆ ।੧।
[ਭਾ: ਗੁਰਦਾਸ ਜੀ, ਵਾਰ ੨੪

ਭਾਈ ਸਾਹਿਬ ਭਾ: ਕਾਹਨ ਸਿੰਘ ਜੀ 'ਸਤਿ ਨਾਮੁ' ਦੀ ਵਿਆਖਿਆ ਕਰਦੇ ਲਿਖਦੇ ਹਨ—ਸਤਿ (ਸੱਤ੍ਯ) ਇਹ ਨਾਮ, ਅਥਵਾ ਸਤ੍ਯ ਹੈ ਜਿਸ ਅਕਾਲ ਪੁਰਖ ਦਾ ਨਾਮ। ਉਹ ਸਿਖਾਂ ਦਾ ਉਪਾਸ੍ਯ ਦੇਵ ਹੈ, ਇਸ ਭਾਵ ਅਨੁਸਾਰ ਸਤਿਨਾਮੁ ਦਾ ਉਪਦੇਸ਼ ਹੈ। ਚਿੰਤਨ ਅਤੇ ਜਪ ਸਮੇਂ, 'ਸਤਿ ਨਾਮੁ' ਸ਼ਬਦ ਦਾ ਅਭਿਆਸ ਨਹੀਂ ਹੋਂਦਾ, ਕੇਵਲ 'ਸਤਿ' ਦਾ ਹੋਇਆ ਕਰਦਾ ਹੈ। ਨਾਮ ਸ਼ਬਦ ਇਕੱਠਾ (ਅਖੰਡ) ਬੋਧਕ ਹੈ, ਜਿਵੇਂ ਹਰਿਨਾਮ, ਰਾਮ ਨਾਮ ਆਦਿਕ ਵਿਚ ਨਾਮ ਸ਼ਬਦ ਵੇਖੀਦਾ ਹੈ।

[ਗੁਰਮਤਿ ਮਾਰਤੰਡ—ਪੰਨਾ ੧੨੯

ਪਰੰਤੂ ਇਸ ਗੱਲ ਉੱਤੇ ਸਾਰੇ ਸਹਿਮਤ ਹਨ ਕਿ ਉਹ 'ਸਤਿ' ਹੈ, Existent ਅਥਵਾ ਹੋਂਦ ਵਾਲਾ ਹੈ।

ਜਿੱਥੇ ਗੁਰੂ ਨਾਨਕ ਦੇਵ ਜੀ, ਨਾ ਕੇਵਲ 'ਸੱਚ' ਨੂੰ ਇਤਨਾ ਬੁਲੰਦ ਰੁਤਬਾ ਹੀ ਦਿੰਦੇ ਹਨ; ਸਗੋਂ, ਹਰ ਹਾਲਤ ਵਿੱਚ 'ਸੱਚ' ਬੋਲਣ ਵਾਲਿਆਂ ਤੋਂ ਬਲ-ਬਲ, ਸਦ-ਵਾਰਨੇ ਵੀ ਜਾਂਦੇ ਹਨ, ਬਲਿਹਾਰਨੀਏ ਹੁੰਦੇ ਹਨ। ਆਪ ਜੀ ਦਾ ਵਾਕ ਹੈ—

ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ ਸਚੁ ਲਵੇ ॥੨੧॥

[ਵਾਰ ਗਉੜੀ ਮ: ੪ ਪੰਨਾ ੩੧੨

ਪਰੰਤੂ, ਸੱਚ ਹਿਰਦਿਉਂ ਬੋਲਣਾ ਹੈ, ਦਿਨ ਰਾਤ ਬੋਲਣਾ ਹੈ ਹਰ ਔਖੀ ਸੌਖੀ ਵੇਲੇ ਬੋਲਣਾ ਹੈ। ਆਦਿ ਗੁਰੂ ਜੀ ਸ੍ਰੀ "ਆਸਾ ਦੀ ਵਾਰ" ਵਿਚ ਕੁਝ ਨਿਸ਼ਾਨੀਆਂ, ਕੁਝ ਥਹੁ-ਪਤੇ, ਕੁਝ ਅਲਾਮਤਾਂ ਦਾ ਵੇਰਵਾ ਵੀ ਦਿੰਦੇ ਹਨ, ਜੋ ਸੱਚ ਬੋਲਣ ਵਾਲਿਆਂ ਵਿਚ ਵਾਪਰਦੀਆਂ ਅਥਵਾ ਆ ਪਰਵੇਸ਼ ਕਰਦੀਆਂ ਹਨ। ਜੇ ਇਹ ਨਿਸ਼ਾਨੀਆਂ ਮਨੁੱਖ ਵਿਚ ਪ੍ਰਗਟ ਨ ਹੋਣ ਤਾਂ ਸਮਝ ਲਵੋ ਕਿ ਉਹ ਅਜੇ ਮਨ, ਬਚਨ, ਕਰਮ ਕਰਕੇ 'ਸੱਚ' ਦਾ ਪ੍ਰਸਤਾਰ (ਉਪਾਸਕ) ਨਹੀਂ ਬਣਿਆ, ਕੂੜ ਨੂੰ ਸੱਚ-ਰੂਪੀ ਮਿੱਠੇ ਵਿਚ ਗਲੇਫ ਕੇ ਪੇਸ਼ ਕਰਨ ਦੀ ਚਤੁਰਾਈ ਦੁਆਰਾ ਠੱਗੀ ਮਾਰ ਰਿਹਾ ਹੈ। ਪਰੰਤੂ ਅਸੀਂ ਹਾਂ, ਕਿ ਸਾਨੂੰ ਕਦੀ ਇਨ੍ਹਾਂ ਸਚਾਈਆਂ ਵਲ ਪੂਰਾ ਰਹੁ ਕਰਨ, ਇਨ੍ਹਾਂ ਨੂੰ ਪੇਖਣ ਤੇ ਧਾਰਨ ਕਰਨ ਦੀ *ਫੁਰਸਤ ਹੀ ਨਹੀਂ ਮਿਲਦੀ, ਵਰਨਾ, ਇਹ ਕਿਵੇਂ ਹੋ ਸਕਦਾ ਹੈ ਕਿ ਅਸੀਂ 'ਬਾਬੇ' ਵਾਂਗ 'ਸੀਨੇ ਖਿਚ ਖਾ', ਦੀਵਾਨੇ ਹੋ, ਜਗ ਰਹੇ ਸੰਸਾਰ ਨੂੰ ਸੋਧਣ ਦਾ ਬੀੜਾ ਨ ਚੱਕੀਏ ? ਚੈਨ, ਆਰਾਮ ਤੇ ਅਲਪ ਸੁਖ ਹਰਾਮ ਨਾ ਹੋਣ ਸਾਡੇ ਉਤੇ,

---

*ਬਗ਼ੈਰ ਬਸੈਰ-ਏ ਇਸਾਰ, ਕੈ ਰਸੀ ਬਾ ਦੋਸਤ।
ਬਗ਼ੈਰ ਜਜ਼ਬਾ-ਏ ਸ਼ੌਕ ਤੋ ਰਹਨੁਮਾ ਚਿ ਬੁਵਦ॥
ਭਾਵ—ਰਾਹ ਵਿਖਾਉਣ ਵਾਲੇ ਤੋਂ ਬਿਨਾ ਮਿਤਰ (ਵਾਹਿਗੁਰੂ) ਪਾਸ ਕਿਵੇਂ ਪਹੁੰਚੇਂਗਾ ? (ਭਾਵ—ਨਹੀਂ ਪਹੁੰਚ ਸਕੇਂਗਾ)। ਪਰੰਤੂ ਤੇਰੇ ਉਤਸ਼ਾਹ ਤੇ ਸ਼ੌਕ ਤੋਂ ਬਿਨਾ (ਕਾਮਲ) ਆਗੂ ਵੀ ਕੀ ਕਰੇਗਾ ?

ਅਤੇ ਚੀਰ ਨ ਜਾਂਦੀਏ ਅਸੀਂ ਖਾਰੇ ਸਾਗਰ, ਪਰਬਤ ਤੇ ਜੰਗਲ ਬੇਲੇ '੧ਓ ਸਤਿ' ਦਾ ਛਿੱਟਾ ਦੇ ਕੇ ਠੰਢਾਂ ਵਰਤਾਉਣ ਹਿਤ ?

ਵੇਖੋ, ਜਗਤ-ਬਾਬੇ ਨੇ ਤਾਂ ਸਾਨੂੰ ਸਮਝਾਉਣ, ਬੁਝਾਉਣ ਤੇ ਜੀਵਨ-ਜੁਗਤੀ ਦੱਸਣ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ; ਪਰੰਤੂ, ਅਸੀਂ ਹਾਂ ਕਿ ਅੰਮ੍ਰਿਤ-ਬਚਨਾਂ ਦੀ ਛਹਿਬਰ ਹੇਠ ਹੁੰਦੇ ਹੋਏ ਵੀ ਵਿਰਵੇ ਹਾਂ, ਤਿਹਾਏ ਹਾਂ, ਦੁਖੀ ਹਾਂ।† ਮੰਜ਼ਲ ਵਲ ਵਧਣ ਲਈ ਪੁੱਗੇ ਹੋਏ ਮਹਾਂ-ਪੁਰਸ਼ਾਂ ਦੀ, ਧੁਰ ਕੀ ਗੁਰਬਾਣੀ ਦੇ ਰੂਪ ਵਿਚ ਅਤੁੱਲ ਰਹਨੁਮਾ ਪ੍ਰਾਪਤ ਹੈ, ਪਰੰਤੂ ਉਧਰ ਪੈਰ ਪੁੱਟਣ ਦੀ ਥਾਂ ਅਸੀਂ ਦੰਭੀ ਗੁਰਾਂ ਦੇ ਪੈਰ ਫੜੀ ਬੈਠੇ ਹਾਂ। ਸੁਣੋ, ਬਾਬੇ ਦੀ ਸਾਫ਼ਗੋਈ ਤੇ ਸਪੱਸ਼ਟ ਭੇਦ, ਜੋ ਉਹ ਤੁੱਠ ਕੇ ਬਖਸ਼ਣ ਦੀ ਮਿਹਰੰਮਤ ਕਰ ਰਹੇ ਹਨ :—

੧. ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥

੨. ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥

੩. ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥

੪. ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥

੫. ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥

---

†ਤੂਰਾ ਕਿ ਪਾਏ ਖ਼ੁਦਸ਼ ਲੰਗ, ਰਹਨੁਮਾ ਚਿ: ਕੁਨੱਦ।

[ਭਾਈ ਨੰਦ ਲਾਲ ਜੀ

ਭਾਵ —ਤੂੰ ਜੋ ਆਪ ਹੀ ਪੈਰੋਂ ਲੰਙਾ ਹੈਂ, ਰਾਹ ਦਸਣ ਵਾਲਾ ਕੀ ਕਰੇਗਾ ?

੬. ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥੧੦॥

[ਆਸਾ ਦੀ ਵਾਰ, ਪੰਨਾ ੪੬੮

ਇਹੋ ਜਿਹਾ ਹੈ ਬਾਬੇ ਦਾ ਦਰਸਾਇਆ 'ਸਤਿ' ਜੋ ਸਗਲੇ-ਜਗਤ ਦੀ ਸਦੀਵੀ ਅਗਵਾਈ ਲਈ, ਉਨ੍ਹਾਂ ਨੇ, '੧ਓ' ਨਾਲ ਜੋੜਕੇ ਅੰਕਿਤ ਕੀਤਾ ਹੈ। ਅੱਜ ਦਾ ਸਿੱਖ ਨੂੰ ਭਾਵੇਂ ਕਿਹਾ ਵਿਗਿਆਨੀ ਚਾਹੇ ਚੰਦ ਤੇ ਪਹੁੰਚ ਜਾਏ, ਚਾਹੇ ਮੰਗਲ ਤੇ, ਚਾਹੇ ਇਕ ਅਰਬ ਬ੍ਰਹਿਮੰਡਾਂ (ਜਿਸ ਬ੍ਰਹਿਮੰਡ ਦਾ ਸਾਡਾ ਸੂਰਜ-ਮੰਡਲ ਇਕ ਨਮੂਨਾ ਜਿਹਾ ਹਿੱਸਾ ਹੈ, ਉਸ ਵਿਚ ਇਕ ਅਰਬ ਪੰਜਾਹ ਕਰੋੜ ਦੇ ਲਗ ਪਗ ਸੂਰਜ-ਮੰਡਲ ਹਨ) ਦੀ ਥਾਂ ਹੋਰ ਅਰਬਾਂ ਬ੍ਰਹਿਮੰਡਾਂ ਦਾ ਵੀ ਪਤਾ ਲਾ ਲਵੇ, ਉਸ ਨੂੰ ਸ਼ਾਂਤੀ ਨਿਰੰਕਾਰੀ ਸਤਿਗੁਰੂ ਦੇ '੧ਓ ਸਤਿ' ਮੂਲ-ਮੰਤਰ ਤੇ ਇਸ ਦੀ ਵਿਆਖਿਆ—ਗੁਰਬਾਣੀ ਵਿਚ ਦਰਸਾਈਆਂ ਅਕਦੀ (ਅਮਰ) ਸੱਚਾਈਆਂ ਨੂੰ ਸਮਝਣ ਤੇ ਜ਼ਿੰਦਗੀ ਅਪਣਾਉਣ ਵਿਚ ਹੀ ਪ੍ਰਾਪਤ ਹੋਵੇਗੀ। ਸਦੀਵੀ ਅਨੰਦ— 'ਬਾਹਰਿ ਢੂੰਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ' ਦਾ ਭੇਦ ਸਮਝਣ ਵਿਚ ਹੀ ਮਿਲੇਗਾ। ਸੁਖ ਦਾ ਨਿਰਭਰ ਮਨ ਦੀ ਅਵਸਥਾ ਉਤੇ ਹੈ, ਬਾਹਰ ਦੇ ਪਦਾਰਥਾਂ ਤੇ ਸਾਧਨਾਂ ਉਤੇ ਨਹੀਂ। ਅਜਿਹੀ ਅਵਸਥਾ '੧ਓ ਸਤਿ' ਨਾਲ ਜੁੜਿਆਂ ਪ੍ਰਾਪਤ ਹੁੰਦੀ ਹੈ; ਹਜ਼ੂਰੀ ਵਿਚੋਂ ਮਿਲਦੀ ਹੈ, ਦੂਰੀ ਵਿਚੋਂ ਨਹੀਂ।

ਨਿਰੰਕਾਰੀ ਤੇ ਕ੍ਰਾਂਤੀਕਾਰੀ ਸਤਿਗੁਰੂ ਦਾ ਇਹ ਪੈਗਾਮ ਸਮੁੱਚੇ ਸੰਸਾਰ ਦੀਆਂ ਅਸ਼ਾਂਤ ਤੇ ਧਰਮ-ਭੁੱਖੀਆਂ ਰੂਹਾਂ ਨੂੰ ਦੇਣ ਦੀ ਜ਼ਿੰਮੇਵਾਰੀ ਉਸ ਦੇ ਨਾਮ-ਲੇਵਾ (ਨਾਮ ਦੇ ਪਾਂਧੀ) ਸਿੱਖਾਂ ਉਤੇ ਹੈ। ਜੇ ਅਸੀਂ ਬਾਬੇ ਦੀ ਹਜ਼ੂਰੀ, ਬਾਬੇ ਦੇ ਦਰਬਾਰ, ਬਾਹਰ ਲੁਕਾਉਂਦੇ ਤੇ ਸੁਰਖਰੂ ਹੋ ਕੇ ਜਾਣਾ ਲੋਚਦੇ ਹਾਂ, ਉਸਦੇ ਚਰਨਾਂ ਅਥਵਾ ਗੋਦੀ ਦੀ ਛੁਹ ਦਾ 'ਘਰ ਤੇ ਸਦੀਵੀ ਅਨੰਦ' ਮਾਣਨਾ ਚਾਹੁੰਦੇ ਹਾਂ, ਤਾਂ ਆਓ, ਅੱਜ, ਹੁਣੇ ਹੀ, ਤੋੜ-ਵਿਛੋੜ ਪ੍ਰਤਿਗਿਆ ਤੇ ਪ੍ਰਣ ਕਰੀਏ ਕਿ ਅਸਾਂ ਗੁਰਦੇਵ, ਬਾਬੇ ਦੀ 'ਸਿਖ ਮਤ' ਪਹਿਲਾਂ ਆਪ

ਰਿਦਿਓਂ ਧਾਰਨੀ ਹੈ, ਆਪ ਸਚਿਆਰੇ ਬਣਨਾ ਹੈ ਤੇ ਫੇਰ ਸੋਜ਼-ਭਰੇ ਦਿਲ ਤੇ ਪਵਿੱਤਰ ਨਿਗਾਹ ਨਾਲ 'ਨਿਰਭਉ' ਹੋ ਕੇ ਸੰਸਾਰ ਦੇ ਕੋਨੇ ਕੋਨੇ ਤਕ '੧ਓ ਸਤਿ' ਉਤੇ ਆਸ਼੍ਰਤ 'ਨਾਮ ਜਪਣ', 'ਧਰਮ ਦੀ ਕਿਰਤ ਕਰਨ' ਤੇ 'ਵੰਡ ਕੇ ਛਕਣ' ਦਾ ਤ੍ਰੈ-ਪਖਾ ਪੈਗਾਮ ਤੇ ਪ੍ਰੋਗਰਾਮ ਪਹੁੰਚਾਣਾ ਅਤੇ ਬਾਬੇ ਦੇ ਮਣਾਂ-ਮੂੰਹੀਂ ਰਿਣ ਵਿਚੋਂ ਇਕ ਕਿਣਕਾ ਅਦਾ ਕਰਨ ਦਾ ਨਿਮਾਣਾ ਜਿਹਾ ਜਤਨ ਕਰਨਾ ਹੈ।

ਗੁਰਦੇਵ ਆਪਣੇ ਬਿਰਦ ਦੀ ਲਾਜ ਰਖਦੇ ਹੋਏ ਅਵੱਸ਼ ਬਹੁੜੀ ਕਰਨਗੇ। ਵੇਖੋ, ਗੁਰੂ ਕੇ ਅਨਿੰਨ ਸਿਖ ਭਾਈ ਗੁਰਦਾਸ ਜੀ ਕਿਵੇਂ ਆਪਣੇ ਮਖ਼ਸੂਸ ਅੰਦਾਜ਼ ਤੇ ਪੁਖ਼ਤਾ ਵਿਸ਼ਵਾਸ ਨਾਲ ਸਾਨੂੰ ਗੁਰੂ-ਦੀਖਿਆ ਵਲ ਅਗੇ ਵਧਣ ਤੇ ਸਮੱਸਤ ਸੰਸਾਰ ਨੂੰ ਪ੍ਰਬੋਧਣ ਲਈ ਪੂਰ ਤੇ ਉਤਸ਼ਾਹਤ ਕਰ ਰਹੇ ਹਨ :—

(ੳ) ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,
ਸਤਿਗੁਰੂ ਕੋਟ ਪੈਂਡਾ ਆਗੇ ਹੋਇ ਲੇਤ ਹੈ।
ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,
ਸਿਮਰਨ ਤਾਹਿ ਬਾਰੰ ਬਾਰ ਗੁਰੁ ਹੇਤ ਹੈ।
ਭਾਵਨੀ ਭਗਤਿ ਭਾਇ ਕਉਡੀ ਅਗ੍ਰਭਾਗ ਰਾਖੈ,
ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ।
ਸਤਿਗੁਰੁ ਦਯਾ ਨਿਧਿ ਮਹਿਮਾ ਅਗਾਧਿ ਬੋਧ,
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ ॥੧੧੧॥

(ਅ) ਗੁਰਮੁਖਿ ਪੰਡਿਤੁ ਹੋਇ, ਜਗ ਪਰਬੋਧੀਐ ॥
ਗੁਰਮੁਖਿ ਆਪੁ ਗਵਾਇ, ਅੰਦਰੁ ਸੋਧੀਐ ॥
ਗੁਰਮੁਖਿ ਸਤੁ ਸੰਤੋਖੁ, ਨ ਕਾਮੁ ਕਰੋਧੀਐ ॥
ਗੁਰਮੁਖਿ ਹੈ ਨਿਰਵੈਰੁ, ਨ ਵੈਰ ਵਿਰੋਧੀਐ ॥

ਚਹੁ ਵਰਨਾ ਉਪਦੇਸੁ, ਸਹਜਿ ਸਮੇਪੀਐ ॥
ਧੰਨੁ ਜਣੇਂਦੀ ਮਾਇ ਜੋਧਾ ਜੇਪੀਐ ॥੧੮॥

[ਭਾਈ ਗੁਰਦਾਸ ਜੀ, ਵਾਰ ੧੯

ਬੋਲੇ ਸੋ ਨਿਹਾਲ—ਗੁਰਬਰ ਅਕਾਲ !

—o—

ਸ਼ੁੱਧੀ-ਪੱਤਰ

ਪੰਨਾ	ਸਤਰ	ਅਸ਼ੁੱਧ	ਸ਼ੁੱਧ
੯੮	੨੩	ਪਰਥਰਦਗਾਰ	ਪਰਵਰਦਗਾਰ
੧੧੨	੧੦	ਕਤਾ	ਕੀਤਾ
੧੩੨	੧੩	ਹਾਰੈ	ਹਮਾਰੈ
੧੬੮	੬	posifive	positive
੧੬੮	੨੧	ਸ਼ਮ	ਸ਼ਾਮ
੩੦੬	੧੫	ਦਹਾਰ	ਪਹਾਰ